

Sri Satguru Jagjit Singh Ji eLibrary NamdhariElibrary@gmail.com

Rajinder Singh

86 Durand Road

Ambala Cantt:

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤਵਾਰੀਖ ਗੁਰੂ ਖਾਲਸਾ

ਹਿੱਸਾ ਦੂਜਾ

ਅਰਥਾਤ

ਸ਼ਮਸ਼ੇਰ ਖਾਲਸਾ

ਭਾਗ ਪੈਹਲਾ ਤੇ ਦੂਜਾ ਮੁਕੱਮਲ

ਜਿਸ ਵਿਚ ਸਿੰਘਾਂ ਦੀਆਂ ਤੇ ਮੁਸਲਮਾਨਾਂ ਦੀਆਂ ਲੜਾਈਆਂ
ਅਤੇ ਸਿੱਖਾਂ ਦੀਆਂ ਸ਼ਹੀਦੀਆਂ ਦਾ ਵਰਨਨ ਹੈ।

ਕ੍ਰਿਤ

ਭਾਈ ਗਿਆਨ ਸਿੰਘ ਜੀ ਗਿਆਨੀ

ਕਰਤਾ—ਪੰਥ ਪ੍ਰਕਾਸ਼ ਆਦਿਕ।

ਜਿਸਨੂੰ

ਖਾਲਸਾ ਟ੍ਰੈਕਟ ਸੁਸਾਇਟੀ ਤੋਂ

ਇਕ ਵੇਰ ਦੀ ਆਗਜਾ ਲੈਕੇ

ਭਾਈ ਤਾਰਾ ਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ

ਸ੍ਰੀ ਅੰਮ੍ਰਿਤਸਰ ਜੀ ਨੇ

ਕਬੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ
ਤੇ ਪ੍ਰਿੰਟਰ ਦੇ ਯਤਨ ਨਾਲ ਛਪਾਇਆ।

ਤਾਦਾਦ ੧੦੦੦ [ਨਵੰਬਰ ੧੯੨੩] ਭੇਟਾ. ਦੋਵੇਂ ਭਾਗ ਮੁਕੰਮਲ ਮੁਜਿਲਦ ੪॥)

Sri Satguru Jagjit Singh Ji eLibrary NamdhariElibrary@gmail.com

ਤਤਕਰਾ

ਨੰ: ਸ਼ਮਸ਼ੇਰ ਖਾਲਸਾ ਭਾਗ ਪੈਹਲਾ

੧ ਬੰਦੇ ਦੀ ਪੈਦਾਇਸ਼ ਤੇ ਸਾਧੂ ਹੋਣ ਦਾ ਕਾਰਨ
੩ ਸਚੇ ਸਿਧ ਦਾ ਮਿਲਾਪ
੪ ਬੰਦੇ ਦਾ ਪੰਜਾਬ ਨੂੰ ਆਉਨਾ
੫ ਬੰਦੇ ਦੀ ਪ੍ਰੀਖਜਾ
੬ ਬੰਦੇਦੀ ਅਜਮਤ ਤੇ ਧਾੜਵੀ ਜਿਤਨੇ
੬ ਤੁਰਕਾਂ ਦੇ ਜੁਲਮ ਤੇ ਹਿੰਦੂ ਤੁਰਕਾਂ ਦਾ ਵਜਨ
੮ ਧਾੜਵੀ ਮਾਰੇ ਪਿੰਡ ਬਚਾਨਾ ਤੇ ਬੰਦੇ ਦਾ ਪਰਤਾਪ
੯ ਬਾਬਾ ਬੰਦਾ ਸੋਹਰਖੰਡੇ ਪਿੰਡ ਆਇਆ ਤੇ ਸਿੰਘਾਂ ਨੂੰ ਸੱਦਨਾ
੧੦ ਮਲਵਈ ਸਿਖਾਂ ਦਾ ਆਵਨਾ
੧੨ ਸਲੌਦੀ ਵਾਲੇ ਸਿੰਘ ਆਏ
੧੩ ਬੰਦੇ ਨੇ ਖਜਾਨਾ ਲੁੱਟਨਾ
੧੫ ਬੰਦੇ ਨੇ ਸਮਾਨੇ ਦਾ ਮਾਰਨਾ
੧੮ ਚੁਗਲ ਫੜੇ
੧੯ ਮਝੈਲਾਂ ਦੀ ਰੁਕਾਵਟ
੨੦ ਲਸ਼ਕਰ ਦੇਖਨਾ ਤੇ ਘੁੜਾਮ ਮਾਰਨੀ
੨੧ ਠਸਕੇ ਦੀ ਲੁਟ ਮਾਰ ਕਰਨੀ ਸ਼ਾਹ ਬਾਦ ਮਾਰਨਾ
੩੦ ਛਤ ਬਨੂੜ ਮਾਰਨਾ
੩੧ ਜੰਗ ਮਝੈਲਾਂ ਦਾ ਰੋਪੜ
੩੨ ਮਝੈਲਾਂ ਸਿੰਘਾਂ ਦੀ ਦੂਜੀ ਲੜਾਈ
੩੫ ਸਰਹੰਦ ਪਰ ਤਿਆਰੀ ਤੇ ਬਾਬੇ ਬੰਦੇ ਤੇ ਵਜੀਦ ਖਾਂ ਦੀਆਂ ਗਲਾਂ
੩੭ ਸਰਹੰਦ ਦਾ ਜੰਗ ਤੇ ਲੁਟ
੪੧ ਮਸੰਦਾਂ ਦੀ ਸ਼ਾਮਤ ਤੇ ਪਾਇਲ ਘੜਾਮ ਸਹਾਰਨਪੁਰ ਆਦਿਕ ਮਾਰਨਾ
੫੩ ਕਿਲੇ ਲੋਹਗੜ ਦੀ ਕਾਇਮੀ
੫੪ ਦਿਲੀ ਤੋਂ ਫੌਜ ਆਉਨੀ ਸਿੰਘਾਂ ਤੋਂ ਸਰਹੰਦ ਛੁਡਾਨੀ ਤੇ ਸਿੰਘਾਂ ਨੇ ਫੇਰ ਕਬਜਾ ਕਰਨਾ
੫੫ ਲਸ਼ਕਰ ਦੀ ਵੰਡ ਤੇ ਮੁਰੰਡਾ ਮਾਰਨਾ
੬੨ ਜਲਾਲਖਾਂ ਤੇ ਬੰਦੇ ਦਾ ਸੰਬਾਦ ਤੇ

ਨੰ: ਸ਼ਮਸ਼ੇਰ ਖਾਲਸਾ ਭਾਗ ਪੈਹਲਾ

੬੪ ਅੰਬੋਟੇ ਤੇ ਨਨੋਤੇ ਨੂੰ ਮਾਰਨਾ
੬੪ ਸਿੰਘਾਂ ਦਾ ਪਿਛੇ ਹਟਨਾ ਤੇ ਔਕੜਾਂ ਦੇਖਨੀਆਂ
੭੨ ਸਰਹੰਦ ਪਰ ਫੇਰ ਲੜਾਈ
੭੩ ਮੁੜ ਸਰਹੰਦ ਲੈਨੀ
੭੪ ਪਰਬਤੀ ਰਾਜਿਆਂ ਨੂੰ ਈਨ ਮਨਾਣੀ
੭੪ ਦੁਆਬੇ ਦਾ ਪਰਸੰਗ ਬੰਦੇ ਦੀ ਦੁਆਬੇ ਪਰ ਚੜਾਈ
੭੬ ਫਲੌਰ ਤੇ ਫਗਵਾੜਾ ਮਾਰਨਾ
੭੭ ਰਾਹੋਂ ਆਦਿਕ ਮਾਰਨੇ
੮੧ ਮਾਝੇ ਦਾ ਫਿਕਰ
੮੧ ਤਿਆਰੇ ਤੇ ਵਿਚਾਰ ਕਰਨੇ
੮੨ ਲਾਹੌਰ ਦੇ ਗਿਰਦੇ ਤੇ ਪਠਾਨ ਕੋਟ ਦੀ ਸੋਧ
੮੩ ਬਹਾਦਰਸ਼ਾਹ ਦੇ ਮਰਿਆਂ ਜਹਾਂਦਾਰ ਤਖਤ ਤੇ ਬੈਠਾ ਤੇ ਉਸਦਾ ਫਿਕਰ
੮੫ ਬੰਦੇ ਨੇ ਕਲਾ ਨੌਰ ਤੇ ਵਟਾਲੇ ਦਾ ਇਲਾਕਾ ਸੋਧਨਾ
੮੬ ਸ਼ਾਹੀ ਫੌਜ ਦੀ ਚੜਾਈ
੮੭ ਕਲਾਨੌਰ ਮਾਰਨਾ
੮੮ ਵਟਾਲਾ ਮਾਰਨਾ
੮੯ ਭਾਈਆਂ ਬਚਾਈਆਂ
੮੯ ਕੋਹੀ ਰਾਜੇ ਤੇ ਪ੍ਰਗਨਾ ਗੁਰਦਾਸਪੁਰ ਸੋਧਨਾ
੯੨ ਪਹਾੜੀ ਆਂ ਦੇ ਕਿਲੇ ਫਤੇ ਕਰਨੇ
੯੪ ਬੰਦੇ ਦਾ ਚੰਬੇ ਜਾਨਾ
੯੭ ਜਲਾਲ ਖਾਂ ਪਰ ਖਾਲਸੇ ਦੀ ਪਰੋਪਕਾਰ ਹਿਤ ਲੜਾਈ
੧੦੧ ਜਲਾ ਬਾਦ ਲੁਹਾਰੀ ਮਾਰਨਾ
੧੦੨ ਜੰਗ ਤਿਰਾਵੜੀ
੧੦੫ ਜੰਗ ਅਮੀਨ ਗੜ
੧੦੭ ਜੰਗ ਸਰਹੰਦ
੧੦੯ ਸਹਾਰਨ ਦੇ ਪਰਗਨੇ ਦੀ ਸੋਧ
੧੧੦ ਦੂਜਾ ਸੰਗ੍ਰਾਮ ਲੋਹ ਗੜ ਦਾ
੧੨੧ ਜਿਕਰ ਮੇਮਨਾਂ ਦੀ ਖੁਸ਼ੀਦਾ

Sri Satguru Jagjit Singh Ji eLibrary NamdhariElibrary@gmail.com

ਨੰ:	ਸ਼ਮਸ਼ੇਰ ਖਾਲਸਾ ਹਿੱਸਾ ਪੈਹਲਾ	ਨੰ:	ਸ਼ਮਸ਼ੇਰ ਖਾਲਸਾ ਹਿੱਸਾ ਪੈਹਲਾ
੧੨੪	ਸਿੰਘਾਂ ਨੇ ਜੰਗ ਜਿਤਨਾ	੧੩੯	ਬੰਦੇ ਦਾ ਦੌਰਾ ਸਿੰਧ ਤਕ
੧੨੫	ਛੋਕੜਲਾ ਲੋਹ ਗੜ ਦਾ ਜੰਗ	੧੩੯	ਪੋਥੀ ਦੀ ਮਹਿਮਾਂ
੧੨੬	ਜੰਗ ਢਕੋ ਤੇ ਥਮੀਆਂ ਦਾ	੧੪੦	ਲਾਹੌਰ ਪਰ ਚੜਾਈ
੧੨੭	ਜੰਗ ਦੁਆਬਾ	੧੪੧	ਬੰਦੇ ਦਾ ਦੀਪ ਮਾਲਾ ਪਰ ਆਉਨਾ
੧੨੮	ਵਜੀਰ ਖਾਂ ਦਾ ਮਾਰੇ ਜਾਨਾ	੧੪੨	ਜੰਗ ਨੈਣੇ ਦੇ ਕੋਟ
੧੨੯	ਦੁਆਬੇ ਦਾ ਜੰਗ ਜਿਤਨਾ	੧੪੪	ਬੰਦੇ ਨੇ ਕਿਲਾ ਥਨੌਣਾ
੧੨੯	ਕੰਡੀ ਵਿਚ ਜੰਗ	੧੪੫	ਫਰੁਖਸੀਅਰ ਨੂੰ ਖਬਰ ਹੋਨੀ
੧੩੦	ਸ਼ੰਮਸ਼ ਖਾਂ ਕੁਤਬ ਦੀਨ ਖਾਂ ਕਸੂਰੀਏ ਦਾ ਮਰਨਾ	੧੪੬	ਜੰਗ ਗੁਰਦਾਸ ਪੁਰ
੧੩੧	ਸਿੰਘਾਂ ਦੀ ਜਿੱਤ	੧੪੭	ਕਹੀ ਕਰਨ ਗਿਆਂ ਜੰਗ ਹੋਣਾ
੧੩੨	ਸ਼ਾਹੀ ਦਰਬਾਰ ਦਾ ਮਸ਼ਵਰਾ ਤੇ ਸਿੰਘਾਂ ਦੇ ਪੰਥ ਵਿਚ ਫੋਟਕ ਪਾਉਨਾ	੧੪੯	ਬਾਬੇ ਬੰਦੇ ਨੇ ਫੜੇ ਜਾਨਾ
੧੩੩	ਮਾਤਾ ਸੁੰਦ੍ਰੀ ਜੀ ਦਾ ਹੁਕਮ ਨਾਮਾ	੧੫੦	ਬੰਦੇ ਦੀ ਕੈਦ ਦਾ ਹਾਲ
੧੩੪	ਪੰਥ ਨੇ ਹੁਕਮ ਨਾਮਾ ਮਾਤਾ ਜੀ ਦਾ ਮੰਨਣਾ	੧੫੮	ਬੰਦੇ ਤੋਂ ਕਸ਼ਟ ਦੀ ਦਸ਼ਾ ਵਿਚ ਵਜੀਰ ਨੇ ਮੌਤ ਪੁਛਨੀ
੧੩੫	ਸਿੰਘਾਂ ਨੇ ਬੰਦੇ ਨਾਲ ਵਿਗੜਨਾ	੧੬੧	ਬੰਦੇ ਦਾ ਮਰਕੇ ਜੀਉਣਾ
੧੩੫	ਬਾਦਸ਼ਾਹ ਨੇ ਪੰਥ ਨਾਲ ਮੇਲ ਕਰਨਾ	੧੬੧	ਫਰਖਸੀਅਰ ਦਾ ਮਰਨਾ
੧੩੬	ਜਗੀਰ ਤੇ ਵਜੀਫਾ ਮਿਲਨਾ	੧੬੨	ਬੰਦੇ ਦੇ ਸੇਵਕ ਮਿਲੇ
੧੩੬	ਅਕਰਾਰ ਨਾਮਾ	੧੭੬	ਸਿੰਘਾਂ ਤੇ ਬੰਦੇ ਦੀ ਬਹਾਦ੍ਰੀ ਬਾਬਤ ਤਵਾਰੀਖ ਮਹੱਯਤ ਆਜ਼ਮ ਦੀ ਗਵਾਹੀ
੧੩੭	ਕਲਾ ਨੌਰ ਮਾਰਨੀ		

ਤਤਕਰਾ

ਨੰ:	ਸ਼ਮਸ਼ੇਰ ਖਾਲਸਾ ਹਿੱਸਾ ਦੂਜਾ	ਨੰ:	ਸ਼ਮਸ਼ੇਰ ਖਾਲਸਾ ਹਿੱਸਾ ਦੂਜਾ
੧	ਤਤ ਖਾਲਸੇ ਦਾ ਪਰਸੰਗ		ਦੇ ਚੌਧਰੀ ਦਾ ਜ਼ੁਲਮ ਤੇ ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ
੨	ਤੁਰਕਾਂ ਨੇ ਧੋਖਾ ਦੇਕੇ ਸਿੰਘਾਂ ਦੇ ਘੇਰੇ ਤੋੜਨੇ	੧੩	ਸਰਕਾਰੀ ਮਾਮਲਾ ਤੇ ਮੁਜਤਜਾ ਖਾਂ ਸੌਦਾਗਰ ਆਦਿਕਾਂ ਨੂੰ ਸੋਧਨਾ
੩	ਸਿੰਘਾਂ ਉੱਤੇ ਘੋਰ ਜ਼ੁਲਮ	੧੫	ਚੁਵਿੰਡੇ ਪਿੰਡ ਦਾ ਜੰਗ
੪	ਸਿੰਘ ਰਾਜ ਪੁਤਾਨਿਓਂ ਆਏ ਤੇ ਵੈਰੀਆਂ ਤੋਂ ਬਦਲੇ ਲਏ	੧੫	ਗਦਰ ਦਾ ਰਵਾਨ ਸਾਰੇ ਦੇਸ ਵਿਚ
੬	ਜ਼ਿਕਰੀਏ ਖਾਂ ਦਾ ਸੂਬਾ ਹੋਨਾ	੧੮	ਸਿੰਘਾਂ ਪਰ ਜ਼ੁਲਮ ਹੋਣੇ
੭	ਤਤ ਖਾਲਸੇ ਦਾ ਤੇ ਬੰਦਈ ਸਿਖਾਂ ਦਾ ਝਗੜਾ ਤੇ ਜੰਗ	੧੯	ਦਿਲੀ ਦੇ ਟਗਿਆਂ ਲਈ ਅਫੜਾ ਦਫੜੀ ਤੇ ਸਿੱਖਾਂ ਤੋਂ ਖਜਾਨਾ ਲੁਟਨਾਂ
੮	ਗਸ਼ਤੀ ਫੌਜ ਦੀ ਚੜਾਈ ਤੇ ਨੌਸ਼ੈਹਰੇ		

Sri Satguru Jagjit Singh Ji eLibrary NamdhariElibrary@gmail.com

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

੨੧ ਸੂਬੇ ਨੇ ਦਿਲੀਓਂ ਫੌਜ ਮੰਗਾਈ ਤੇ ਸਿੰਘਾਂ ਨੇ ਛਾਪੇ ਮਾਰਕੇ ਫੌਜ ਨੂੰ ਤੰਗ ਕਰਨਾ
੨੩ ਸਿੰਘਾਂ ਨੇ ਦੇਸ ਛਡਨਾ
੨੩ ਸਿੰਘਾਂ ਨੇ ਮੁੜ ਆਨਕੇ ਮੁਸਲਮਾਨਾਂ ਦੀ ਖਬਰ ਲੈਣੀ ਤੇ ਪਤਤ ਸ਼ੁੱਧ ਕਰਨੇ
੨੪ ਮੁਲਾਹਿਆਂ ਦਾ ਉਭਾਰ ਤੇ ਹੈਦਰੀ ਝੰਡਾ ਤੇ ਕਾਹਨੂੰਵਾਨ ਦਾ ਜੁੱਧ
੨੯ ਛੀਲੰਵਾਲ ਦੀ ਕਟਾਵਢ
੨੯ ਨਾਜ਼ਮ ਲਾਹੌਰ ਨੇ ਦਿਲੀ ਅਰਜੀ ਭੇਜਨੀ
੩੧ ਸਿਖਾਂ ਦੀ ਨਕਲ ਬਾਦਸ਼ਾਹ ਨੇ ਵੇਖਨੀ
੩੭ ਸਿੰਘਾਂ ਨੂੰ ਜਗੀਰ ਤੇ ਨਵਾਬੀ ਕਪੂਰ ਸਿੰਘ ਜੀ ਨੂੰ ਮਿਲਨੀ
੩੮ ਖਾਲਸੇ ਦੀ ਵਰਤੋਂ
੩੯ ਮੁਖੀਏ ਸਿੰਘਾਂ ਦੀ ਗਿਣਤੀ
੪੦ ਤਰਨਾ ਦਲ ਬੁਢਾ ਦਲ ਦੋ ਨਾਮ ਹੋਣੇ
੪੧ ਪੰਥ ਦੇ ਪੰਜ ਜਥੇ ਹੋਣੇ
੪੨ ਜਾਗੀਰ ਜਥਤੀਤੋਂ ਮਾਰੋ ਮਾਰ ਸ਼ੁਰੂ
੪੩ ਲਖਪਤ ਰਾਇ ਮੁਖਲਸਖਾਂਦੀਚੜਾਈ
੪੪ ਚੁਹਨੀਆਂ ਦਾ ਜੰਗ
੪੪ ਤਰਨੇ ਦਲ ਨੇ ਮੰਜਕੀ ਨੂੰ ਸੋਧਨਾ
੪੫ ਸ਼ਾਬੇ ਆਲੇ ਸਿੰਘ ਨੇ ਸਿੰਘ ਸਜਨਾ
੪੬ ਮਾਝੇ ਰਿਹਾੜਕੀ ਦਾ ਗਦਰ
੪੭ ਮੁਸਲਮਾਨਾਂ ਦੇ ਅਮ੍ਰਿਤਸਰ ਪਹਿਰ ਬੈਠਨੇ
੪੮ ਭਾਈ ਮਨੀ ਸਿੰਘ ਜੀ ਦੀ ਯੋਗਤਾ
੪੯ ਮੇਲਾ ਦੀਪਮਾਲਾ ਪਰ ਕਰਨਾ ਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ
੫੪ ਭਾਈ ਮਨੀ ਸਿੰਘ ਜੀ ਦਾ ਵੇਰ ਲੈਣਾ
੫੫ ਸਿੰਘਾਂ ਦੇ ਬਦਲੇ ਇਨਾਮ
੫੫ ਚਰਖੀ ਦਾਦਰੀ ਨੂੰ ਸੋਧਨਾ
੫੬ ਮੁਲਕ ਦੀ ਬੇ ਚੈਨੀ
੫੭ ਬੋਤਾ ਸਿੰਘ ਦਾ ਪ੍ਰਸੰਗ

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

੫੯ ਸਿਆਲ ਕੋਟ ਦੇ ਸੂਬੇ ਨੂੰ ਮਲਵਈਆਂ ਨੇ ਸੋਧਨਾ
੬੦ ਕਰਤਾਰ ਪੁਰ ਬੰਮ੍ਹ ਸਾਹਿਬ ਤੇ ਕੁਤਬ ਦੀਨ ਦਾ ਸੜਨਾ
੬੧ ਬਾਘ ਸਿੰਘ ਨੇ ਘੋੜੇ ਖੋਹੇ
੬੧ ਮੱਸੇ ਰੰਗੜ ਨੂੰ ਮਾਰਨਾ
੬੩ ਜੰਗ ਮੀਰਾਂ ਪੁਰ ਦਾ
੬੫ ਸਿੰਘਾਂ ਤੇ ਅਤਿਅੰਤ ਬਿਪਤਾ
੬੭ ਨਾਦਰ ਸ਼ਾਹ ਦੀ ਚੜਾਈ
੬੯ ਸਿੰਘਾਂ ਨੇ ਨਾਦਰਸ਼ਾਹ ਨੂੰ ਸੋਧਨਾ
੭੨ ਨਾਦਰ ਨੇ ਸੂਬੇ ਤੋਂ ਸਿੰਘਾਂ ਦਾ ਹਾਲ ਪੁਛਨਾ
੭੪ ਖਾਨ ਬਹਾਦਰ ਤੇ ਸਿੰਘਾਂ ਦਾ ਸੰਬਾਦ
੭੫ ਜੰਡਿਆਲੀਏ ਨੇ ਤਾਰੂ ਸਿੰਘ ਫੜਾਨਾ
੭੭ ਤਾਰੂ ਸਿੰਘ ਤੇ ਨਵਾਬ ਦਾ ਸੰਬਾਦ ਅਤੇ ਸ਼ਹੀਦੀ
੭੯ ਤਾਰੂ ਸਿੰਘ ਦੀ ਖੋਪਰੀ ਉਤਰਨੀ
੮੦ ਸਿਖਾਂ ਨੇ ਸੇਵਾ ਕਰਨੀ
੮੨ ਮਕਤੂਲ ਸਿੰਘਾਂ ਦੇਨਾਂ
੮੪ ਭਾਈ ਸਬੇਗ ਸਿੰਘ ਦਾ ਕੁਟਵਾਲ ਬਨਣਾ, ਕੈਦ ਹੋਣਾ ਤੇ ਸ਼ਾਹਬਾਜ ਸਿੰਘ ਦਾ ਪ੍ਰਸੰਗ
੯੦ ਹਕੀਕਤ ਰਾਇ ਦੀ ਕਥਾ
੯੪ ਸਤਾਬ ਸਿੰਘ ਮੀਰਾਂਕੋਟਏ ਦਾ ਪ੍ਰਸੰਗ
੯੬ ਅਹਿਮਦ ਸ਼ਾਹ ਦੁਰਾਨੀ ਦਾ ਪਹਿਲਾ ਹੱਲਾ
੯੭ ਸਿੰਘਾਂ ਨੇ ਪੈਂਚਾਂ ਤੋਂ ਬਦਲੇ ਲੈਣੇ
੯੯ ਜਸਪਤ ਰਾਇਨੂੰ ਮਾਰਨਾ ਤੇ ਏਮਨਾਵਾਦ ਸੋਧਨਾ
੧੦੦ ਲਖੂ ਭਸੂ ਦੀ ਅਨੀਤੀ
੧੦੨ ਕਾਹਨੂੰਆਨ ਦਾ ਜੰਗ
੧੦੫ ਸਿੰਘਾਂ ਨੇ ਛਾਪਾ ਮਾਰਨਾ
੧੦੬ ਦੁਆਬੇ ਤੇ ਮਾਲਵੇ ਦਾ ਪ੍ਰਸੰਗ
੧੦੭ ਸ਼ਾਹ ਨਿਵਾਜ ਤੇ ਅਹੀਏ ਖਾਂ ਦਾ ਵੈਰ
੧੦੮ ਅਹਿਮਦਸ਼ਾਹ ਦਾ ਦੂਜੀ ਵਾਰੀ

Sri Satguru Jagjit Singh Ji eLibrary NamdhariElibrary@gmail.com

ਨੰ:	ਸ਼ਮਸ਼ੇਰ ਖਾਲਸਾ ਹਿੱਸਾ ਦੂਜਾ
	ਆਵਨਾ
੧੦੯	ਸ਼ਾਹਦਰੇ ਜੰਗ
੧੧੦	ਜੰਗ ਸਰਹੰਦ ਮੁਗ਼ਲਾਂ ਤੇਂ ਪਠਾਨਹਾਰੇ
੧੧੨	ਰਾਮਗੜ੍ਹ ਦਾ ਕਿਲਾ ਬਨਾਉਣਾ ਤੇ ਓਥੇ ਜੁਧ ਹੋਣਾ
੧੧੪	ਅਹਿਮਦਸ਼ਾਹ ਦਾ ਤੀਜਾ ਹੱਲਾ
੧੧੫	ਸੂਬੇ ਦੀ ਸਿੰਘਾਂ ਨਾਲ ਸੁਲਾ ਸਫਾਈ ਤੇ ਸਿੰਘਾਂ ਦੀ ਮਦਦ ਨਾਲ ਮੁਲਤਾਨ ਫਤੇ ਕਰਨਾ
੧੧੬	ਸ਼ਾਹ ਨਿਵਾਜ ਦਾ ਮਰਨਾ
੧੧੭	ਸ੍ਰੀ ਅੰਮ੍ਰਿਤਸਰ ਜੀ ਦਾ ਸਰੋਵਰ ਫਿਰ ਬਨਣਾ ਤੇ ਸਿੰਘਾਂ ਨੂੰ ਜਗੀਰ ਦਾ ਗੁਜਾਰ ਹੋਣੀ
੫੧੮	ਅਹਿਮਦ ਸ਼ਾਹ ਅਬਦਾਲੀ ਦਾ ਚੌਥਾ ਹੱਲਾ ਤੇ ਪੰਜਾਬ ਫਤੇ ਕਰਨੀ
੧੨੦	ਮੀਰ ਮੰਨੂ ਨੂੰ ਮੁਆਫੀ ਤੇ ਪੰਜਾਬ ਮੁੜ ਮਿਲਨੀ
੧੨੧	ਅਹਿਮਦਸ਼ਾਹ ਦਾ ਕਸ਼ਮੀਰ ਪਰ ਦਖਲ ਕਰ ਲੈਣਾ
੧੨੨	ਸਿੰਘਾਂ ਨਾਲ ਵਿਗਾੜ ਤੇ ਕੋਟ ਬੁਢੇ ਦਾ ਜੰਗ
੧੨੫	ਸਿੰਘਾਂ ਪਰ ਬਿਪਤਾ
੧੨੬	ਮੀਰ ਮੰਨੂੰ ਦਾ ਮਰਨਾ
੧੨੭	ਮੁਰਾਦ ਬੇਗਮ ਦੀ ਹਕੂਮਤ
੧੨੮	ਮੀਰ ਮੋਮਨਖਾਂ ਦਾ ਮਰਨਾ
੧੨੯	ਬੇਗਮ ਨੇ ਵਜੀਰ ਹੱਥਾਂ ਹੇਠ ਕਰਨਾ
੧੩੦	ਅਹਿਮਦ ਸ਼ਾਹ ਦਾ ਪੰਜਵਾਂ ਹੱਲਾ
੧੩੧	ਅਹਿਮਦ ਸ਼ਾਹ ਨੇ ਥਨੇਸਰ ਤੇ ਦਿੱਲੀ ਲੁੱਟਨੇ
੧੩੨	ਪਰਵਾਨੇ ਪਟੇ ਬਦਲਨੇ
੧੩੩	ਨਾਦਰਅਲੀ ਨੇ ਕਰਤਾਰਪੁਰ ਮਾਰਨਾ ਤੇ ਸਿੰਘਾਂ ਦਾ ਹਰਿਆਨੇ ਜੁੱਧ
੧੩੫	ਅਦੀਨਾ ਬੇਗ ਤੇ ਪੰਥ ਦਾ ਮੇਲ ਤੇ ਜਲੰਧਰ ਪਰ ਧਾਵਾ
੧੩੬	ਨਾਸਰਅਲੀ ਨੂੰ ਮਾਰਕੇ ਜਲੰਧਰ

ਨੰ:	ਸ਼ਮਸ਼ੇਰ ਖਾਲਸਾ ਹਿੱਸਾ ਦੂਜਾ
	ਸੋਧਨਾ ਤੇ ਤੁਰਕਨੀਆਂ ਸੁੱਧ ਕਰਨਾ
੧੩੮	ਭੀਮਾਂ ਦੀ ਜਾਤ ਨਹੀਂ
੧੩੯	ਖਾਲਸੇ ਨੇ ਦੁਆਬਾ ਸੋਧਨਾ
੧੪੦	ਦਿੱਲੀ ਦਾ ਆਪਸ ਵਿਚ ਬਖੇੜਾ ਤੇ ਨਾਦਰਸ਼ਾਹ ਦਾ ਪੰਜਵਾਂ ਹਮਲਾ
੧੪੧	ਮਰਹੱਟਿਆਂ ਨੇ ਗਾਜੀ ਦੀਨ ਦੀ ਸਹਾਇਤਾ ਕਰਨੀ
੧੪੨	ਦੀਨਾ ਬੇਗ ਨੇ ਮਰਹੱਟੇ ਸੱਦਨੇ
੧੪੨	ਮਰਹੱਟਿਆਂ ਦਾ ਸਰਹੰਦ ਪਰ ਜੰਗ ਤੇ ਸਿੰਘਾਂ ਨੇ ਸਰਹੰਦ ਫਤੇ ਕਰਨੀ
੧੪੪	ਮਰਹੱਟਿਆਂ ਨੇ ਉਡੀਸਾ ਲੈਕੇ ਅਟਕ ਤੱਕ ਜਾਨਾ
੧੪੫	ਸਿੰਘਾਂ ਨੇ ਦੁਆਬੇ ਨੂੰ ਸੋਧਨਾ
੧੪੬	ਸਿੰਘਾਂ ਨੇ ਜੰਗ ਸੰਘੋਲ ਸਜਾਲਬੇ ਤੇ ਹੋਲਾ ਅਨੰਦਪੁਰ ਕਰਨਾ
੧੪੭	ਨਾਦਰ ਸ਼ਾਹ ਦਾ ਛੀਵਾਂ ਹਮਲਾ ਮਰਹੱਟੇ ਤੇ ਦੁਰਾਨੀਆਂ ਦਾ ਜੁੱਧ
੧੪੯	ਸ਼ਾਹ ਦੁਰਾਨੀ ਨੇ ਮੁਲਕ ਲੁੱਟਨਾ
੧੫੦	ਆਲਾ ਸਿੰਘ ਨੂੰ ਗਾਜਗੀ ਦਾ ਖਿਤਾਬ
੧੫੦	ਸਿੰਘਾਂ ਨੇ ਦੁਰਾਨੀ ਲੁੱਟਨੇ ਤੇ ਹਾਠੂ ਸਿੰਘ ਦਾ ਹਾਥੀ ਨਾਲ ਜੁੱਧ
੧੫੨	ਹਾਠੂ ਸਿੰਘ ਤੇ ਬਾਘੜ ਸਿੰਘ ਲੜੇ
੧੫੩	ਪੰਥ ਨੇ ਬੀਕਾਨੇਰੀਏ ਦੀ ਮਦਦ ਪਰ ਜਾਨਾ ਤੇ ਫਤੇ ਦਵਾਉਨੀ
੧੫੪	ਭਵਾਨੀ ਸ਼ਹਿਰ ਨੂੰ ਸੋਧਨਾ
੧੫੪	ਕਸਾਈ ਮਾਰਨੇ ਹਿਸਾਰ ਸੋਧਨਾ ਤੇ ਫਾਮਸਨ ਨਾਲ ਜੁੱਧ
੧੫੭	ਜੈ ਪੁਰ ਤੇਂ ਬਲ ਲਈ
੧੫੭	ਝੰਜਰ ਵਾਲੇ ਨਾਲ ਮੁਕਾਬਲਾ
੧੫੮	ਸਰਧਨੇ ਲੁਹਾਰੂ ਦਾ ਜੰਗ
੧੫੯	ਸਿੰਘਾਂ ਨੇ ਜੰਗ ਕਰਨਾ ਲਹੌਰ ਜਾਂਦੇ ਸਿੰਘਾਂ ਦੇ ਸੀਸ ਸਿੰਘਾਂ ਨੇ ਖੋਹਕੇ ਸਸਕਾਰਨੇ
੧੬੧	ਸਰਹੰਦ ਲੁੱਟਨੀ
੧੬੨	ਸਿੰਘਾਂ ਨੇ ਮੁਲਕ ਮਲਨਾ

Sri Satguru Jagjit Singh Ji eLibrary NamdhariElibrary@gmail.com

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

੧੬੩ ਅਹਿਮਦ ਸ਼ਾਹ ਦਾ ਸੱਤਵਾਂ ਹੱਲਾ
੧੬੪ ਦੁਰਾਨੀ ਮਰਹੱਟਿਆਂ ਦਾ ਜੁੱਧ
੧੬੮ ਮਰਹੱਟਿਆਂ ਦਾ ਸਾਮਾਨ ਲੁਟੀਣਾ
੧੬੯ ਸੂਬੇ ਦੁਰਾਨੀ ਦੇ ਜੰਗ ਵਿਚ ਰੁੜਨ ਕਰਕੇ ਸਿੰਘਾਂ ਨੇ ਲਾਹੌਰ ਆਦਿਕ ਸੋਧਨਾ
੧੭੦ ਸਿੰਘਾਂ ਨੇ ਬੰਦੀ ਛੁੜਾਏ
੧੭੧ ਜੰਗ ਗੁਜਰਾਤ ਤੇ ਸਿਆਲਕੋਟ ਤੇ ਨੂਰ ਦੀਨ ਦੀ ਹਾਰ
੧੭੩ ਅੰਮ੍ਰਿਤਸਰ ਦੀ ਬੇਅਦਬੀ
੧੭੪ ਧਰਮ ਜੁੱਧ
੧੭੫ ਅੰਮ੍ਰਿਤਸਰ ਦਾ ਤਲਾਬ ਬਨਾਣਾ
੧੭੭ ਸਿੰਘਾਂ ਦੇ ਹਿੰਦੂਆਂ ਪਰ ਉਪਕਾਰ
੧੭੯ ਕਸੂਰ ਦੇ ਬ੍ਰਾਹਮਨ ਦਾ ਵਿਰਲਾਪ ਤੇ ਸਿੰਘਾਂ ਨੇ ਕਸੂਰ ਸੋਧਨਾ
੧੮੩ ਜਾਫਰ ਬੇਗ ਮਾਰਕੇ ਮੁਲਕ ਮੱਲਣਾ
੧੮੪ ਜੱਸਾ ਸਿੰਘ ਨੇ ਲਾਹੌਰ ਲੈਨਾ
੧੮੫ ਜੰਡਜਾਲੀਆਂ ਦੀ ਬੇਈਮਾਨੀ
੧੮੬ ਅਹਿਮਦ ਸ਼ਾਹ ਦਾ ਅੱਠਵਾਂ ਹਮਲਾ
੧੮੬ ਵਡਾ ਘਲੂਘਾਰਾ ਤੇ ਕੁਤਬਾ ਬਾਮਨੀ ਦਾ ਜੰਗ
੧੯੦ ਦਰਬਾਰ ਸਾਹਿਬ ਨੂੰ ਬਾਰੂਦ ਧਰਕੇ ਉਡਾਉਨਾ
੧੯੦ ਕਸ਼ਮੀਰ ਦੁਰਾਨੀ ਨੇ ਲੈਨਾ
੧੯੧ ਸ਼ਾਹ ਗਏ ਪਿਛੇ ਹਿੰਦੂਆਂ ਪਰ ਜ਼ੁਲਮ
੧੯੧ ਸਿੰਘਾਂ ਨੇ ਨਵਾਬਾਂ ਤੋਂ ਬਦਲੇ ਲੈਣੇ
੧੯੩ ਜਾਲਾਪੁਰ ਮੋਰਿੰਡਾ ਲੁੱਟਨਾ
੧੯੪ ਸਰਹੰਦ ਤੇ ਮੋਰਿੰਡਾ
੧੯੪ ਜੈਨਖਾਂਨ ਸੂਬੇ ਦੀ ਸਰਹੰਦ ਪਰ ਛਤੇ

ਨੰ: ਸ਼ਮਸ਼ੇਰ ਖਾਲਸਾ ਹਿੱਸਾ ਦੂਜਾ

੧੯੫ ਮਹਾਰਾਜੇ ਆਲਾ ਸਿੰਘ ਨੇ ਸਰਹੰਦ ਮੱਲਨੀ
੧੯੬ ਸਰਹੰਦ ਦੀਆਂ ਜੜਾਂ ਪੁਟਨੀਆਂ
੧੯੭ ਕਸਾਈਆਂ ਦੇ ਨੱਕ ਵੱਢਣੇ
੧੯੮ ਅਹਿਮਦ ਸ਼ਾਹ ਦਾ ਨੌਵਾਂ ਹੱਲਾ
੧੯੮ ਖਾਲਸੇ ਨੇ ਪੁਰਖ ਸੋਧਨਾ
੧੯੯ ਜਲਾਲਾਬਾਦ ਲੁਹਾਰੀ ਮਾਰਨਾ
੨੦੦ ਦਰਬਾਰ ਸਾਹਿਬ ਦੀ ਸੇਵਾ
੨੦੧ ਸਿੰਘਾਂ ਨੇ ਰਾਜ ਮੱਲਨਾ
੨੦੧ ਅਹਿਮਦ ਸ਼ਾਹ ਦਾ ਦਸਵਾਂ ਹੱਲਾ
੨੦੨ ਸਿੰਘਾਂ ਨੇ ਫੇਰ ਮੁਲਕ ਰੋਕਨਾ ਤੇ ਲਾਹੌਰ ਲੈਨਾ
੨੦੩ ਰਾਜੇ ਭਰਤ ਪੁਰੀਏ ਸਿੰਘਾਂ ਨੂੰ ਬੁਲਾਇਆ
੨੦੪ ਅਹਿਮਦ ਸ਼ਾਹ ਦਾ ਯਾਰਵਾਂ ਹੱਲਾ
੨੦੬ ਪਟਿਆਲੇ ਦੇ ਰਾਜਾ ਨੂੰ ਮਹਾਰਾਜਾ ਦਾ ਖਿਤਾਬ ਮਿਲਨਾ
੨੦੭ ਦੁਰਾਨੀ ਤੇ ਸਿੰਘਾਂ ਦੀ ਮਾੜ ਵਿੱਚ ਲੜਾਈ
੨੧੦ ਸਿੰਘਾਂ ਨੇ ਲਾਹੌਰ ਮਲਨਾ
੨੧੦ ਸਰਫ਼ ਲੋਕ ਖਾਂਨੂੰ ਕੈਦ ਕਰਕੇਛੱਡਨਾਂ
੨੧੨ ਤਹਿਮੂਰ ਸ਼ਾਹ ਦਾ ਪਹਿਲਾ ਹੱਲਾ
੨੧੭ ਸਿੰਘਾਂ ਨੇ ਫਿਰ ਮਾਰੇ ਰਾਜ ਕਾਇਮ ਕਰਨਾ
੨੧੯ ਤਹਿਮੂਰ ਸ਼ਾਹ ਦਾ ਦੂਜਾ ਹੱਲਾ
੨੧੯ ਜਮਾਨ ਸ਼ਾਹ ਦੀ ਚੜ੍ਹਾਈ
੨੨੩ ਦੂਜੇ ਹਿੱਸੇ ਸ਼ਮਸ਼ੇਰ ਖਾਲਸੇ ਦੀ ਸਮਾਪਤੀ

Sri Satguru Jagjit Singh Ji eLibrary NamdhariElibrary@gmail.com

੧ ੴ ਸਤਿਗੁਰਪ੍ਰਸਾਦਿ ॥

ਤਵਾਰੀਖ ਗੁਰੂ ਖਾਲਸਾ

ਅਰਥਾਤ

ਸ਼ਮਸ਼ੇਰ ਖਾਲਸਾ

[ਹਿੱਸਾ ੨–ਨੰਬਰ ੧]

ਏਸ ਹਿਸੇ ਵਿਚ ਬਾਬੇ ਬੰਦੇ ਦੀਆਂ ਬਹਾਦਰੀਆਂ ਤੇ ਲੜਾਈਆਂ ਅਤੇ ਪੰਥ ਖਾਲਸੇ ਨੇ ਇਕੱਠੇ ਰਹਿਕੇ ਹਿੰਦੂ ਧਰਮ ਤੇ ਆਪਣੇ ਪੰਥ ਦੀ ਰਖਜਾ ਵਾਸਤੇ ਜੋਹੜੇ ੨ ਕੰਮ ਕੀਤੇ ਹਨ,ਓਹ ਲਿਖੇ ਜਾਂਦੇ ਹਨ। ਤੇ ਹੁਣ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮੇਂ ਪਾਤਸ਼ਾਹ ਪ੍ਰਯੰਤ ਦਸੋਂ ਗੁਰੂ ਸਾਹਿਬਾਂ ਦੇ ਤੇ ਪੰਥ ਖਾਲਸੇਦੇ ਪਰੋਪਕਾਰ ਦਾ ਧੰਨਜਵਾਦ ਕਰਕੇ ਦੂਸਰੇ ਹਿੱਸੇ ਦਾ ਆਰੰਭ ਕਰਦਾ ਹਾਂ ॥

ਬੰਦੇ ਦੀ ਪੈਦਾਇਸ਼ ਤੇ ਸਾਧੂ ਹੋਨ ਦਾ ਕਾਰਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਨੇ ਤੋਂ ਪਹਿਲੇ ਬੰਦੇ ਬਹਾਦਰ ਦੀ ਕਥਾ ਇਕ ਪੁਰਾਣੀ ਪੋਥੀ ਵਿਚ ਏਸ ਤਰਾਂ ਲਿਖੀ ਹੈ ਕਿ ਏਹ ਬੰਦਾ ਪਹਿਲੇ ਕਸਬੇ ਰਜੌਰੀ, ਪਰਗਨੇ ਪੁਣਛ ਦਾ ਰਾਜਪੂਤ ਸੀ। ਸੰਮਤ ੧੭੨੭ ਬਿਃ ਕਤਕ ਸੁਦੀ ੧੩ ਨੂੰ ਰਾਮ ਦੇਵ ਛੱਤ੍ਰੀ ਦੇ ਘਰ ਪੈਦਾ ਹੋਯਾ, ਜੋ ਜੋ ਤਿੰਨ ਪਿੰਡ ਦਾ ਮਾਲਕ ਸੀ, ਨਾਮ ਏਸਦਾ ਲੱਛਮਨ ਦੇਵ ਰੱਖਯਾ। ਏਹ ਛੋਟੀ ਉਮਰ ਵਿਚ ਹੀ ਬਹੁਤ ਤੇਜ਼ ਸੁਭਾਵ, ਤੇ ਤਾਕਤ ਵਰ

Sri Satguru Jagjit Singh Ji eLibrary NamdhariElibrary@gmail.com

ਸੀ। ਸ਼ਸਤ੍ਰ ਵਿਦਯਾ ਭਾਵੇਂ ਹਰਪ੍ਰਕਾਰ ਦੀ ਜੈਸੀਕੁ ਰਾਜਪੁਤ੍ਰਾਂ ਵਿਚ ਚਾਹੀਦੀ ਹੈ, ਸਭ ਸਿਖ ਲੀਤੀ, ਪਰ ਸ਼ਿਕਾਰ ਖੇਲਣ ਦਾ ਬੜਾ ਭਾਰੀ ਸ਼ੌਕ ਸੀ। ਇਕ ਦਿਨ ਏਸਨੇ ਸ਼ਿਕਾਰ ਵਿਚ ਇਕ ਹਰਨੀ ਮਾਰੀ, ਓਸਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਜੋ ਥੋੜੀ ਦੇਰ ਪਿਛੋਂ ਤੜਫ਼ ਕੇ ਮਰਗਏ। ਓਥੋਂ ਲਛਮਨਦੇਵਨੂੰ ਐਸੀ ਗੈਰਤ ਆਈ ਜਿਸਤੋਂ ਵੈਰਾਗ ਹੋਗਯਾ। ਸਭ ਕੰਮਕਾਰ, ਜੀਵ ਹਿੰਸਾ ਆਦਿਕ ਛੱਡਕੇ ਜਾਨਕੀ ਪਰਸ਼ਾਦ ਵੈਰਾਗੀ ਫਕੀਰ ਜੋ ਰਜੌਰੀ ਰਿਹਾ ਕਰਦਾ ਸੀ, ਓਸਦੀ ਸੰਗਤ ਤੇ ਭਜਨ ਭਗਤੀ ਕਰਨ ਲਗ ਪਿਆ, ਫੇਰਭੀ ਓਸਦੀ ਸੰਗਤ ਜਾਦੂ ਦਾ ਅਸਰ ਕਰ ਗਈ, ਓਸ ਸੰਤ ਦਾ ਗੁਰਦ੍ਵਾਰਾ ਰਾਮਥੱਮਨ ਨਾਮੀ ਕਸਬੇ ਕਸੂਰ ਦੇ ਪਾਸ ਸੀ। ਇਕ ਵਾਰੀ ਸੰਃ ੧੭੪੬ ਨੂੰ ਲਛਮਨ ਦੇਵ ਜਾਨਕੀ ਪ੍ਰਸ਼ਾਦ ਦੇ ਨਾਲ ਕਾਫੇ ਰਾਮਥੰਮਨ ਦਾ ਮੇਲਾ ਜੋ ਵੈਸਾਖੀ ਨੂੰ ਭਰਦਾ ਹੈ, ਦੇਖਣ ਵਾਸਤੇ ਗਿਆ ਤਾਂ ਓਥੋਂ ਦੇ ਮਹੰਤ ਹਰੀ ਦਾਸ ਦਾ ਚੇਲਾ ਇਕ ਰਾਮਦਾਸ ਵੱਡਾ ਥਰਕਣ ਵਾਲਾ ਮਸ਼ਹੂਰ ਦਰਸ਼ਨੀ ਸੰਤ ਸੀ। ਲਛਮਨ ਦੇਵ ਭੀ ਓਸਦਾ ਚੇਲਾ ਬਣ ਗਿਆ। ਤਦੋਂ ਏਸਦਾ ਨਾਮ ਨਰੈਣਦਾਸ ਰੱਖਯਾ ਗਿਆ। ਵੈਰਾਗੀ ਸਾਧੂ ਨਵੀਨ ਖਾਕੀ ਸੰਤ ਨੂੰ ਬਾਲਾ ਜੀ ਆਖਯਾ ਕਰਦੇ ਹਨ, ਏਸ ਕਰਕੇ ਏਸਨੂੰ ਲਛਮਨ ਬਾਲਾ ਆਖਣ ਲਗ ਪਏ। ਫੇਰ ਏਹ ਵੈਰਾਗੀ ਸਾਧਾਂ ਦੀ ਜਮਾਤ ਨਾਲ ਰਲਕੇ ਤੀਰਥ ਜਾਤ੍ਰਾ, ਏਸ਼ਨਾਂ ਦੇ ਮੇਲ, ਭਜਨ ਪਾਠ ਕਰਦਾ ਫਿਰਿਆ। ਓਸ ਸਮੇਂ ਵੈਰਾਗੀਆਂ ਸੰਨ-ਯਾਸੀਆਂ ਦੀਆਂ ਜਮਾਤਾਂ ਵਿਚ ਪਟੇਬਾਜ਼ੀ ਤੀਰੰਦਾਜੀ ਹਰ ਪ੍ਰਕਾਰ ਦੀ ਸ਼ਸਤ੍ਰ ਵਿੱਦਯਾ ਸਿੱਖਣੇ ਸਿਖਾਉਣੇ ਦਾ ਬਹੁਤ ਅਭਯਾਸ ਰਹਿੰਦਾ ਸੀ। ਬਲਵੇ ਛੋਟੀਆਂ ਤੋਪਾਂ, ਜੰਬੂਰੇ,

Sri Satguru Jagjit Singh Ji eLibrary NamdhariElibrary@gmail.com

ਬੰਦੂਕਾਂ, ਤੀਰਕਮਾਨ, ਹਾਥੀ, ਘੋੜੇ ਜਮਾਤਾਂ ਨਾਲ ਰਿਹਾ ਕਰਦੇ ਸੇ। ਏਸੇ ਕਰਕੇ ਹਰਿਦਵਾਰ ਆਦਿਕ ਤੀਰਥਾਂ ਦੇ ਮੇਲੇ ਛੁੰਭ ਪਰ ਵੈਰਾਗੀ, ਸੰਨਜਾਸੀ ਉਦਾਸੀ ਫਕੀਰਾਂ ਦੀ ਆਪਸ ਵਿੱਚ ਲੜਾਈ ਲੱਗੀ ਰਹਿੰਦੀ ਸੀ, ਤੇ ਹਜਾਰਾਂ ਸਾਧੂ ਦੋਹਾਂ ਤਰਫਾਂ ਤੋਂ ਮਾਰੇ ਜਾਂਦੇ ਸਨ ॥

ਸਚੇ ਸਿੱਧ ਦਾ ਮਿਲਾਪ

ਜਦ ਨਾਰਾਯਣ ਦਾਸ ਤੀਰਥ ਕਰਦਾ ਹੋਯਾ ਦੱਖਣ ਦੇਸ ਵਿਚ ਕਾਸਕ ਸ਼ਹਿਰ ਗੋਦਾਵਰੀ ਗੰਗਾ ਕਿਨਾਰੇ ਪੰਚ ਬਟੀ ਪਹੁੰਚਾ ਤਾਂ ਏਹ ਸੁੰਦਰ ਜਗਾ ਦੇਖ ਕੇ ਓਥੇ ਹੀ ਤਪੱਸਜਾ ਕਰਨ ਲਗ ਪਿਆ। ਏਥੇ ਹੀ ਲਛਮਣ ਜੀ ਨੇ ਸੂਪ ਨਖਾਂ ਦਾ ਨੱਕ ਛੱਟਜਾ ਸੀ ਤੇ ਹੁਣ ਭੀ ਜਪੀ ਤਪੀ ਸੰਤ ਏਥੇ ਬਹੁਤ ਰਹਿੰਦੇ ਹਨ। ਏਸੇ ਥਾਂ ਇੱਕ ਔਘੜ ਨਾਥ ਜੋਗੀ ਲੁਣੀਏ ਸਿੱਧ ਦਾ ਚੇਲਾ ਰਿਹਾ ਕਰਦਾ ਸੀ। ਏਸੇ ਲੁਣੀਏ ਸਿੱਧ ਦੇ ਬਣਾਏ ਹੋਏ ਜੰਤ੍ਰ, ਮੰਤ੍ਰ ਲੋਕਾਂ ਵਿੱਚ ਹੁਣ ਤਕ ਬਹੁਤ ਪ੍ਰਸਿੱਧ ਹਨ। ਔਘੜ ਨਾਥ ਜੋਗੀ ਸਿੱਧ ਦੀ ਟਹਿਲ ਨਰੈਣਦਾਸ ਨੇ ਬਹੁਤ ਚੰਗੀ ਕੀਤੀ, ਜਿਸਤੋਂ ਖੁਸ਼ੀ ਹੋਕੇ ਓਸਨੇ ਆਪਣੇ ਅੰਤ ਦੇ ਸਮੇਂ ਸੰਃ ੧੭੪੮ ਬਿਃ ਨੂੰ ਓਹ ਪੋਥੀ ਜਿਸਵਿੱਚ ਚੌਸਠ ਵਿੱਦਯਾ ਸਿੱਖਣੇ ਦੇ ਪ੍ਰਕਾਰ ਤੇ ਪ੍ਰਤਯਾਏ ਹੋਏ ਮੰਤਰ, ਜੰਤਰ ਲਿਖੇ ਹੋਏ ਸੇ, ਏਸਨੂੰ ਬਖਸ਼ ਦਿੱਤੀ ਤੇ ਓਨ੍ਹਾਂ ਦੇ ਕਮਾਉਣਦਾ ਭੇਤ, ਰਸਾਇਨ ਦੇ ਬਨਾਵਣ ਦੀ ਬੂਟੀ ਆਦਿਕ ਗੁਣ ਭੀ ਸਭ ਏਸਨੂੰ ਦੱਸ ਦਿੱਤੇ, ਫੇਰ ਤਾਂ ਏਹ ਵਿੱਦਜਾ ਨੂੰ ਸਿੱਖ ਕੇ ਪਰਸਿੱਧ ਸਿੱਧ ਹੋ ਗਿਆ। ਦੱਖਣ ਦੇਸ ਸੈਲ ਕਰਦਾ ਹੋਯਾ ਨਦੇੜ ਸ਼ਹਿਰ ਜੋ ਹੰਗੋਲੀ ਤੋਂ ੧੮ ਕੋਸ ਹੈ, ਗੋਦਾਵਰੀ

Sri Satguru Jagjit Singh Ji eLibrary NamdhariElibrary@gmail.com

ਰੀਗਾ ਕਿਨਾਰੇ ਇਕ ਬਗੀਚਾ ਬਣਾਕੇ ਰਹਿਣ ਲਗ ਪਿਆ (ਰਿਧਿ ਸਿਧਿ ਨਾਵੈ ਕੀ ਦਾਸੀ) ਤਪ,ਜਪ, ਜਤ, ਸਤ ਦੇ ਪ੍ਰਤਾਪ ਨਾਲ ਕਰਾਮਾਤੀ ਮਸ਼ਹੂਰ ਹੋਗਿਆ, ਕਰਾਮਾਤਾਂ ਅਜਮਾ ਕੇ ਬਹੁਤ ਲੋਗ ਏਸਦੀ ਪੂਜਾ ਕਰਨ ਲਗ ਪਏ, ਏਸਦੀ ਕਰਣੀ ਦੀ ਚਰਚਾ ਦੂਰ ਦੂਰ ਤੱਕ ਫੈਲ ਗਈ, ਪੋਥੀਆਂ ਵਿੱਚ ਲਿਖਿਆ ਹੈ ਚਾਰ ਮਵੱਕਲ ਬੀਰ ਹੋਰ ਅਨੇਕ ਭੂਤ ਪਰੇਤ ਬੰਦੇ ਦੇ ਤਾਬੇ ਹਨ ਜੋ ਬਿਨਾ ਬੈਲ ਹਰਟ ਚਲਾਕੇ ਬਗੀਚੇ ਨੂੰ ਸਿੰਜਦੇ ਹੋਏ ਹੋਰਭੀ ਅਨੇਕ ਕੰਮ ਕਰ ਰਹੇ ਹਨ ਨਾਲੇ ਇੱਕ ਪਲੰਘ ਸਜਾ ਤਜਾ਼ਕੇ ਫਕੀਰਾਂ ਦੀ ਪ੍ਰੀਖਿਆ ਵਾਸਤੇ ਰਖ ਛੱਡਜਾ ਹੈ ਜੋ ਕੋਈ ਸੰਤ ਆਉਂਦਾ ਹੈ, ਪਲੰਘ ਉਤੇ ਬਠਾਕੇ ਬੀਰਾਂ ਤੋਂ ਉਲਟਾ ਕਰਵਾ ਦੇਂਦਾ ਹੈ, ਫੇਰ ਹਸਦੇ ਸਾਧੂ ਨੂੰ ਸ਼ਰਮਿੰਦਾ ਕਰਦਾ ਹੈ। ਏਹੋ ਜੇਹੀ ਮਹਿਮਾ ਸੁਣਕੇ ਗੁਰੂ ਸਾਹਿਬ ਨੇ ਜਾ ਉਸਨੂੰ ਆਪਣਾ ਸੇਵਕ ਬਨਾਇਆ, ਪੰਜ ਤੀਰ ਅਪਨੇ ਭੱਥੇ ਵਿੱਚੋਂ ਬਖਸ਼ਕੇ ਬੀਸ ਪਰੀਫ਼ ਸਿੰਘਾਂ ਸਮੇਤ ਜਿਸ ਪਰਕਾਰ ਉਸਨੂੰ ਸਿਖਜਾ ਦੇਕੇ ਤੋਰਿਆ ਹੈ, ਓਹ ਕਥਾ ਦਸਮੇਂ ਗੁਰੂ ਦੇ ਅੰਤਮ ਪਰਸੰਗ ਵਿੱਚ ਲਿਖ ਆਏ ਹਾਂ, ਏਸ ਕਰਕੇ ਏਥੇ ਨਹੀਂ ਲਿਖਦੇ।

ਬੰਦੇ ਦਾ ਪੰਜਾਬ ਨੂੰ ਮੋੜਾਂ

ਜਦ ਬਾਬਾ ਬੰਦਾ ਬਹਾਦਰ ਸਾਉਣ ਮਹੀਨੇ ਸੰਃ ੧੭੬੪ ਬਿਃ ਗੁਰੂ ਸਾਹਿਬ ਪਾਸੋਂ ਵਿਦਾ ਹੋਕੇ ਸਿੰਘਾਂ ਸਮੇਤ ਮੁਲਕ ਤਿਲੰਗ, ਰੋਡ, ਮਹਾਰਾਸ਼ਟਰ, ਲੰਘ ਕੇ ਬੰਦੇਲ ਖੰਡ ਵਿੱਚ ਪੁਜਿਆ,ਰਾਹ ਵਿੱਚ ਗੁਰੂ ਸਾਹਿਬ ਦੇ ਉਪਕਾਰ ਜੀਵਨ ਚਰਿਤਰ ਪਰਮ ਪਵਿੱਤ੍ਰ ਅੌਰ ਕਰਾਮਾਤਾਂ ਦੇ ਜੜਾਂ ਨਾਲਜੜੇ ਹੋਏ ਧਰਮ ਸੰਬੰਧੀ ਉਪਦੇਸ਼

Sri Satguru Jagjit Singh Ji eLibrary NamdhariElibrary@gmail.com

ਤੁਰਕਾਂ ਦੇ ਜ਼ੁਲਮ ਪਹਾੜੀ ਰਾਜਿਆਂ ਦੇ ਛਲ ਜਿਉਂ ਜਿਉਂ ਸੁਣਾਉਂਦੇ ਆਏ ਤਿਉਂ ਤਿਉਂ ਦਾ ਬਹਾਦਰ ਜ਼ੋਹਰੀ ਸੱਪ ਵਾਂਗੂੰ ਵਿਹੁ ਘੋਲਦਾ ਹੋਯਾ ਮੁਸਲਮਾਨਾਂ ਉਤੇ ਕ੍ਰੋਧ ਨਾਲ ਲਾਲੋ ਲਾਲ ਹੋ ਰਹਿਆ ਸੀ,ਤੇ ਘੜੀ ਮੁੜੀ ਕਦੇ ਮੁਛ ਪਰ ਕਦੇ ਸ਼ਮਸ਼ੇਰ ਤੇ ਹੱਥ ਧਰਦਾ ਸੀ, ਹੋਰ ਜੋ ਹਿੰਦੂਆਂ ਉਤੇ ਜੋ ਕੈਹਰ ਗੁਜ਼ਰਦੇ ਸਨ ਓਹ ਬੀ ਸੂਲਾਂ ਵਾਂਗੂੰ ਬੰਦੇ ਦੇ ਦਿਲ ਵਿੱਚ ਰੜਕਦੇ ਸੇ ॥

ਬੰਦੇ ਦੀ ਪ੍ਰੀਖਜਾ

ਇਕ ਦਿਨ ਐਨ ਜੰਗਲ ਵਿਚ ਰਸਤੇ ਆਉਂਦਿਆਂ ਸਿਖਾਂ ਨੇ ਏਸਦੀ ਪ੍ਰੀਖਜਾ ਕਰਨ ਵਾਸਤੇ ਖਰਚ ਮੰਗਿਆ। ਬੰਦੇ ਨੇ ਸਿੰਘਾਂ ਦਾ ਹਠ ਦੇਖਕੇ ਓਥੇ ਹੀ ਇਕ ਕੱਚੇ ਤਲਾ ਪਰ ਡੇਰਾ ਕਰ ਦਿਤਾ। ਕੁਦਰਤ ਨਾਲ ਗੁਰੂ ਕੇ ਪ੍ਰੇਰੇ ਹੋਏ ਲਬਾਣੇ ਸਿਖਾਂ ਦਾ ਟਾਂਡਾ ਆ ਪੁਜਿਆ ੫੦੦) ਪੰਜ ਸੌ ਰੁਪਜਾ ਜੋ ਓਨਾਂ ਪਾਸ ਗੁਰੂਕੇ ਦਸਵੰਧ ਦਾ ਸੀ, ਬੰਦੇ ਨੂੰ ਗੁਰੂ ਕਾ ਸਿਖ ਸਮਝਕੇ ਦੇ ਦਿਤਾ। ਬੰਦੇ ਨੇ ਭੀ ਓਸੇ ਵਕਤ ਸਿਖਾਂ ਨੂੰ ਵਰਤਾ ਦਿਤਾ ਆਪ ਕੁਛ ਨਾ ਰਖਿਆ। ਫੇਰ ਤਾਂ ਸਿੰਘਾਂ ਨੂੰ ਬੰਦੇ ਪਰ ਬਹੁਤ ਭਰੋਸਾ ਹੋ ਗਿਆ, ਅਨੇਕ ਪਿੰਡਾਂ ਨੂੰ ਲੁਟਦੇ ਖਸੋਟਦੇ ਬੁੰਦੇਲ ਪਿੰਡ ਵਿੱਚ ਪੁਜੇ ਤਾਂ ਸਿੰਘਾਂ ਨੇ ਆਖਿਆ, ਅਸੀ ਘਰਾਂ ਨੂੰ ਚਲੇ ਹਾਂ ਕੁਛ ਖਰਚ ਮਿਲ ਜਾਵੇ ਜੋ ਬਾਲ ਬੱਚਿਆਂ ਨੂੰ ਦੇ ਆਈਏ ? ਬੰਦੇਨੇ ਭੀ ਗੁਰੂ ਦੇ ਬਚਨ ਅਜ਼ਮਾਉਨ ਵਾਸਤੇ ਜੋ ਉਨਾਂਨੇ ਆਗਜਾ ਕਰੀ ਸੀ ਕੇ ਜਦ ਕੋਈ ਔਕੜ ਬਨੇ ਤਾਂ ਪੰਜਾਂ ਸਿੰਘਾਂ ਤੋਂ ਅਰਦਾਸ ਕਰਾਕੇ ਕੰਮ ਕਰਨਾਂ, ਗੁਰੂ ਸਹਾਯਾ ਕਰੇਗਾ, ਛੇਰ ਖੀਸਾ ਸਾਡਾ ਤੇ ਹੱਥ ਤੁਹਾਡਾ ਸਾਹ ਨੀਤ ਨਾਲ ਵਰਤੋਗੇ ਮੁਕੇਗਾ ਨਹੀਂ,

Sri Satguru Jagjit Singh Ji eLibrary NamdhariElibrary@gmail.com

ਏਹੋ ਕੰਮ ਕੀਤਾ। ਅਰਦਾਸਾ ਸੁਧਾਕੇ ਬੰਦਾ ਦੇਗ ਚੜ੍ਹਾਉਨ ਲਈ ਚੁੱਲਾ ਪੁਟਨ ਲਗਾ ਤਾਂ ਅਸ਼ਰਫੀਆਂ ਦੀ ਗਾਗਰ ਨਿਕਲ ਆਈ ਮੁਠੀ ਭਰ ਭਰਕੇ ਹਰ ਇਕ ਸਿਖ ਨੂੰ ਵੰਡ ਦਿਤੀਆਂ, ਫੇਰ ਤਾਂ ਸਿੰਘ ਬੀ ਓਸ ਉਤੇ ਕੁਰਬਾਨ ਹੋ ਗਏ ਅਰ ਓਸਤੋਂ ਅਪਨੀ ਫਤੇ ਦਾ ਭੀ ਪੱਕਾ ਭਰੋਸਾ ਹੋਗਿਆ॥

ਬੰਦੇ ਦੀ ਅਜ਼ਮਤ ਤੇ ਧਾੜਵੀ ਜੁੱਤਨੇ

ਓਸ ਜਮਾਨੇ ਵਿਚ ਬਾਦਸ਼ਾਹੀ ਗਦਰ ਪੈ ਰਿਹਾ ਸੀ, ਇਕ ਪਿੰਡ ਦੂਜੇ ਨੂੰ ਲੁਟਨ ਮਾਰਨ ਉਤੇ ਲੱਕ ਬੰਨ੍ਹ ਰਿਹਾ ਸੀ, ਧਾੜਵੀ ਲੋਗ ਸ਼ਾਹੂਕਾਰਾਂ ਨੂੰ ਲੁਟਦੇ ਸੇ ਕੋਈ ਅਮਨ ਦੇਨ ਵਾਲਾ ਨਹੀਂ ਸੀ। ਇਕ ਦਿਨ ਜਿਸ ਪਿੰਡ ਆਕੇ ਉਤਰੇ ਉਸਨੂੰ ਲੁਟਨ ਵਾਸਤੇ ਹੋਰ ਕਈ ਪਿੰਡਾਂ ਦੇ ਧਾੜਵੀ ਆ ਰਹੇ ਸਨ, ਪਿੰਡ ਵਾਲੇ ਭਾਜੜਾਂ ਪਾ ਰਹੇ ਸਨ। ਬਾਬੇ ਬੰਦੇ ਨੇ ਓਨਾਂਨੂੰ ਬਹੁਤ ਧੀਰਜ ਦਿਤਾ ਅਰ ਆਖਿਆ, ਅਸੀ ਤੁਹਾਡੇ ਸਾਥ ਹਾਂ, ਪਰ ਓਹਨਾਂਨੂੰ ਭਰੋਸਾ ਨਾ ਹੋਇਆ ਤਦੋਂਨੂੰ ਧਾੜਵੀ ਆ ਪਹੁੰਚੇ। ਬੰਦੇ ਨੇ ਸਿਖਾਂ ਨੂੰ ਵੰਗਾਰਿਆ ਅਤੇ ਆਪ ਤੀਰਾਂ ਦੀ ਬੁਛਾੜ ਐਸੀ ਮਾਰੀ ਜੋ ਕਈ ਘੋੜੇ ਜੁਆਨ ਮੈਦਾਨ ਵਿੱਚ ਗਿਰਾਏ ਅਰ ਓਹ ਪਿੱਠ ਦਿਖਾ ਪਤਾ ਤੋੜ ਗਏ। ਸਿੰਘ ਭੀ ਤਲਵਾਰਾਂ ਖਿੱਚਕੇ ਓਨਾਂ ਦੇ ਪਿੱਛੇ ਐਸੇ ਪਏ ਕਿ ਅਨੇਕਾਂ ਨੂੰ ਮਾਰਕੇ ਓਹਨਾਂਦੇ ਘੋੜੇ ਖੋਹ ਲਜਾਂਦੇ।ਏਸ ਪ੍ਰਤਜਾਵੇ ਤੋਂ ਸਿੰਘਾਂ ਨੂੰ ਬੰਦੇ ਪਰ ਪੱਕਾ ਭਰੋਸਾ ਹੋਗਿਆ ਕਿ ਹੁਨ ਅਸੀ ਜਰੂਰ ਫਤੇ ਪਾਵਾਂਗੇ॥

ਤੁਰਕਾਂ ਦੇ ਜ਼ੁਲਮ ਤੇ ਹਿੰਦੂ ਤੁਰਕਾਂ ਦਾ ਵਜ਼ਨ

ਹੁਣ ਜਿਉਂ ਜਿਉਂ ਪੰਜਾਬ ਵੰਨੀ ਵਧਕੇ ਆਏ ਤਿਉਂ

Sri Satguru Jagjit Singh Ji eLibrary NamdhariElibrary@gmail.com

ਕਿਉਂ ਅਨੇਕ ਲੋਕ ਧਾੜਵੀ ਬਹਾਦਰ ਬੰਦੇ ਦੀਆਂ ਅਜਮਤਾਂ ਸਿੱਖਾਂ ਤੋਂ ਸੁਣ ਸੁਣਕੇ ਏਕਾਂਦੇ ਸਾਥੀ ਹੁੰਦੇ ਗਏ ਅਤੇ ਬਾਬੇ ਬੰਦੇ ਨੇ ਭੀ ਏਹ ਬਾਤ ਨਿਸਚੇ ਕਰ ਲੀਤੀ ਸੀ ਕਿ ਐਸਾ ਨੌਣ ਹੈ ਜੋ ਸਹਾਇਤਾ ਪਾਕੇ ਅਪਨੇ ਵੈਰੀ ਤੋਂ ਵੈਰ ਨਾ ਲਵੇ? ਮੁਸਲਮਾਨਾਂ ਦੇ ਜ਼ੁਲਮ ਕਿਸ ਹਿੰਦੂ ਨੂੰ ਕੰਡੇ ਵਾਗੂੰ ਨਹੀਂ ਰੜਕਦੇ? ਜਦ ਜ਼ਾਲਮਾਂ ਤੁਰਕਾਂ ਨੇ ਕਿਸੇ ਹਿੰਦੂ ਦੀ ਭੀ ਇਜ਼ਤ ਨਹੀਂ ਛਡੀ ਅਤੇ ਕਿਸੇ ਦੀ ਬਹੂ ਬੇਟੀ ਅਛੂਤ ਨਹੀਂ ਛਡੀ ਓਹ ਕੌਨ ਹੈ ਜੋ ਐਸੀ ਬੇਈਮਾਨ ਕੌਮ ਉਤੇ ਘ੍ਰਿਣਾ ਕਰਕੇ ਬਦਲਾ ਲੈਣਾ ਨਹੀਂ ਚਾਹੁੰਦਾ? ਕਾਈ ਸਿਖੋ! ਜਦ ਅਸੀ ਛੇੜ ਛੇੜੀ ਤਾਂ ਜਰੂਰ ਹਿੰਦੂਆਂ ਦੇ ਭੀ ਦਿਲ ਵਿਚਲਾਗੇ ਵੀ ਅੱਗੇ ਜਰੂਰ ਭੜਕ ਉਠੇਗੀ, ਕੁਛ ਲੁਟਦਾ ਲਾਲਚ ਹੋਊ, ਕੁਝ ਵੈਰੀਆਂ ਤੋਂ ਵੈਰ ਲੈਣ ਨੂੰ ਸਾਡੇ ਵੰਗਾਰੇ ਹੋਏ ਹਿੰਦੂ ਸੂਰਬੀਰ ਭਾਈ ਕਿਉਂ ਨਾ ਜ਼ਾਲਮਾਂ ਦੇ ਜ਼ੁਲਮ ਦਾ ਬਦਲਾ ਲੈਨਗੇ? ਸਾਨੂੰ ਯਕੀਨ ਹੈ ਕਿ ਜਰੂਰ ਉਛਲ ਪੈਨਗੇ। ਜਿਨਾਂ ਦੁਸ਼ਟਾਂ ਨੇ ਸਤਵੰਤੀਆਂ ਦੇ ਸਤ ਤੋੜੇ ਹਨ, ਚੂੜੀਆਂ ਮੁੰਡੇ ਫੜਕੇ ਗੁਲਾਮ ਬਨਾ ਰਖੇ ਹਨ, ਅਤੇ ਹਿੰਦੂਆਂ ਨੂੰ ਭੇਡਾਂ ਬੱਕਰੀਆਂ ਦੀ ਤਰਾਂ ਕੋਹਿਆ ਹੈ ਤੇ ਬੜੇ ਬੜੇ ਜੇਜੀਏ ਹਿੰਦੂਆਂ ਪਰ ਲਾ ਰਖੇ ਹਨ, ਸੁਆਦਲੀ ਚੀਜ ਖਾਣੀ ਨਹੀਂ ਮਿਲਦੀ, ਜਿਨਾਂ ਦੇ ਲਹੂ ਨਾਲ ਤੁਰਕ ਨਹਾ ਰਹੇ ਹਨ ਕਿਆਉਹ ਬਹਾਦਰ ਹਿੰਦੂ ਮਨ ਵਿਚ ਵਿਹੁ ਨਹੀਂ ਘੋਲਦੇ ਹੋਨਗੇ? ਬੇਸ਼ਕ! ਵੈਰੀਆਂ ਦੇ ਲਹੂ ਪੀਨ ਦਾ ਅਵਸਰ ਵੇਖਦੇ ਹਨ, ਮੌਕਾ ਪਾਕੇ ਜਰੂਰ ਅਪਨੇ ਹਥ ਦਿਖਾਉਨਗੇ। ਜਿਨਾਂ ਨੂੰ ਲੁਟ ਪੁਟਕੇ ਮੁਸਲਮਾਨਾਂ ਨੇ ਟੁਕੜੇ ਤੋਂ ਲਾਚਾਰ ਕਰ ਛਡਿਆ ਹੈ ਤੇ ਮਿਟੀ ਦੇ ਭਾਂਡੇ ਬਿਨਾਂ ਹੋਰ ਕੁਛ ਨਹੀਂ ਰੈਹਣ ਦਿਤਾ, ਕੀ ਓਹ ਹਿੰਦੂ ਤੁਰਕਾਂ

Sri Satguru Jagjit Singh Ji eLibrary NamdhariElibrary@gmail.com

ਦੇ ਘਰ ਲੁਟਨ ਨੂੰ ਖੜੇ ਨਾ ਹੋਨਗੇ। ਜਿਨਾਂ ਦੇ ਬੜੇਬੜੇ ਕੀਮਤੀ ਮੰਦਰ ਤੋੜਕੇ ਮੂਰਤਾਂ ਫੋੜ ਫੋੜ ਫਰਸ਼ ਕਰਾਕੇ ਓਨਾਂ ਉਤੇ ਹਰ ਰੋਜ ਹਿੰਦੂ ਕਤਲ ਕੀਤੇ ਜਾਕਰ ਕੁੱਤਿਆਂ ਨੂੰ ਖਵਾਏ ਜਾਂਦੇ ਹਨ, ਕੀ ਓਹ ਵੈਰੀਆਂ ਦੇ ਪੁੱਤਾਂ ਪੋਤ੍ਰਿਆਂ ਤੋਂ ਬਦਲਾ ਲੈਣ ਨੂੰ ਨਾਂ ਖੜੇ ਹੋਨਗੇ ? ਐਸੀਆਂ ਐਸੀਆਂ ਨਸੀਹਤਾਂ ਉਪਦੇਸ਼ ਬੰਦਾ ਬਹਾਦਰ ਹਿੰਦੂਆਂ ਤੇ ਸਿੰਘਾਂ ਨੂੰ ਦੇਕਰ ਸੂਰਬੀਰਤਾ ਦਾ ਕ੍ਰੋਧ ਚੜ੍ਹਾ ਰਿਹਾ ਸੀ ਅਤੇ ਜੋ ਆਉਂਦਾ ਸੀ ਓਸੇ ਨੂੰ ਬੜੇ ਪ੍ਰੇਮ ਨਾਲ ਮਿਲਾਈ ਜਾਂਦਾ ਸੀ, ਨਾਲੇ ਓਸ ਵੇਲੇ ਨੁਰੰਗੇ ਦੇ ਮਰਨੇ ਕਰ ਓਸਦੇ ਪੁਤ੍ਰਾਂ ਵਿਚ ਲੜਾਈ ਵੈਰ ਬਹੁਤ ਵਧ ਰਹੇ ਸਨ। ਮੁਲਕ ਵਿਚ ਰਾਜ ਰੌਲਾ ਪੈਨੇ ਕਰ ਹਾਕਮ ਆਪਨੇ ਆਪਨੇ ਠਿਕਾਨੇ ਕੇਵਲ ਆਪਨੀ ਜਾਨ ਮਾਲਦੇ ਬਚਾਓ ਵਿਚ ਰੁਕੇ ਹੋਏ ਸੇ, ਇਕ ਤਾਂ ਏਸ ਭਾਂਤ ਥੀ ਬੰਦੋਬਸਤ ਟੁਟ ਰਿਹਾ ਸੀ, ਦੂਸਰੇ ਬੰਦੇ ਦੀਆਂ ਕਰਾਮਾਤਾਂ ਸੁਨ ਸੁਨਕੇ ਮੁਸਲਮਾਨ ਕੋਈ ਮੁਕਾਬਲੇ ਤੇ ਨਹੀਂ ਆ ਸਕਦਾ ਸੀ; ਏਸੇ ਕਰਕੇ ਵਡੇ ਪਿੰਡਾਂ ਵਾਲੇ ਛੱਟੇ ਪਿੰਡਾਂ ਦੀ ਤੇ ਧਨੀ ਲੋਭਾਂ ਦੀ ਲੁਟ ਖਸੋਟ ਕਰ ਰਹੇ ਸੇ ॥

ਧਾੜਵੀ ਮਾਰੇ ਪਿੰਡ ਬਚਾਨਾ ਤੇ ਬੰਦੇ ਦਾ ਪ੍ਰਤਾਪ

ਹੁਣ ਏਹ ਭੀ ਲੁਟਦੇ ਖਸੋਟਦੇ ਹੋਏ ਜਦ ਮਥਰਾ ਦੇ ਇਲਾਕੇ ਆਕੇ ਇਕ ਪਿੰਡ ਉਜੜੇ ਅਗੇ ਓਹ ਬਿਆਕੁਲ ਹੋਕੇ ਉਜੜੇ ਜਾ ਰਹੇ ਸੇ, ਏਨਾਂ ਨੇ ਓਨਾਂ ਨੂੰ ਦੁਖੀਏ ਦੇਖਕੇ ਧੀਰਜ ਦਿਤਾ ਅਤੇ ਸਹਾਇਤਾ ਕਰਨੇ ਦਾ ਵਾਇਦਾ ਕੀਤਾ, ਤਾਂ ਭੀ ਓਹ ਧੀਰਜੀ ਨਾ ਹੋਏ, ਪਰ ਧਰਵਾਸ ਏਨਾਂ ਦਾ ਓਨਾਂ ਨੂੰ ਹੋ ਗਿਆ, ਤਦੋਂ ਨੂੰ ਸੰਝ ਪਈ, ਇਕ ਵਡਾ ਭਾਰੀ ਲਸ਼ਕਰ ਲੁਟੇਰਿਆਂ ਦਾ ਆ ਪੁਜਿਆ। ਬੰਦੇ ਬਹਾਦਰ ਨੇ ਸਿੰਘਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਸਾਥ ਲੈ ਅਗੋਂ ਹੋਕੇ ਤੀਰਾਂ ਬੰਦੂਕਾਂ ਦੀ ਐਸੀ ਝਾੜ ਝਾੜੀ ਕਿ ਬਹੁਤ ਸਾਰੇ ਮਾਰੇ ਗਏ ਬਾਕੀ ਦੇ ਨਸ ਉਠੇ। ਸਚ ਹੈ ਲੈਣੇ ਦੇ ਦੇਣੇ ਆ ਗਏ। ਸਿੰਘਾਂ ਨੇ ਓਨਾਂ ਦੇ ਘੋੜੇ ਸਾਂਭ ਲਏ ਫੇਰ ਤਾਂ ਸਾਰਾ ਹੀ ਪਿੰਡ ਬੰਦੇ ਦਾ ਸੇਵਕ ਬਨ ਗਿਆ ਅਤੇ ਕਈ ਦਿਨ ਇਨਾਂ ਨੂੰ ਠਹਰਾਕੇ ਸੇਵਾ ਕੀਤੀ, ਸੇਲੇ, ਤਲਵਾਰਾਂ, ਤੋੜੇ ਦਾਰਾਂ ਤੇ ਛਵੀਆਂ ਲੈਕੇ ਸਾਥ ਬੰਦੇ ਦੇ ਹੋਗਏ ॥

ਬਾਬਾ ਬੰਦਾ ਸੋਹਰ ਖੰਡੇ ਪਿੰਡ ਆਇਆ ਤੇ ਸਿੰਘਾਂ ਨੂੰ ਸੱਦਨਾ

ਏਸੇ ਭਾਂਤ ਸੈਲ ਸ਼ਿਕਾਰ ਕਰਦੇ ਹੋਏ ਪਰਗਨੇ ਖਰਖੋਡ ਸ਼ੈਹਰ ਖੱਡੇ ਪਿੰਡ ਦਿੱਲੀ ਤੋਂ ਬੀਸ ਮੀਲ ਬੰਦੇ ਨੇ ਆ ਡੇਰਾ ਜਮਾਇਆ। ਬਾਬਾ ਬਿਨੋਦ ਸਿੰਘ ਤਿਹਨ ਬਾਬਾ ਕਾਹਨ ਸਿੰਘ ਭੁੱਲਾ ਭਾਈ ਬਾਜ ਸਿੰਘ ਰਾਮ ਸਿੰਘ ਬਲ ਜਿਮੀਂਦਾਰ ਮੀਰਪੁਰ ਪੱਟੀ ਦੇ ਰੈਹਨ ਵਾਲੇ ਮਝੈਲ ਔਰ ਤਖਤਾ ਸਿੰਘ, ਝਖਤਾ ਸਿੰਘ ਵਗੈਰੇ ਕੈਥੇਂ ਵਾਲੀਏ ਮਲਵਈ ਏਨਾਂ ਨਾਲ ਗੁਰਮਤਾ ਕਰਕੇ ਬਾਬੇ ਬੰਦੇ ਮਾਝੇ ਦੁਆਬੇ ਦੜਪ ਮਾਲਵੇ ਦੇਸ ਵਿੱਚ ਚਿੱਠੀਆਂ ਹੁਕਮ ਨਾਮੇਂ ਸਿਖਾਂ ਨੂੰ ਭੇਜ ਦਿੱਤੇ; ਇਹ ਲਿਖਿਆ ॥ ਚੌਪਈ ॥ "ਲਿਖੇ ਪਤ੍ਰ ਸਿੰਘਨ ਕੋ ਬੰਦੇ। ਸੋਹਰ ਖੰਡਿਓਂ ਬੈਠ ਸੁ ਛੰਦੇ।ਪੈਹਲੇ ਮਾਨੋ ਫਤੇ ਬਸੇਸ। ਫੇਰ ਪੜ੍ਹੋ ਪੱਤ੍ਰ ਭਲ ਏਸ। ਗੁਰ ਸਿੱਖ ਆਵੈ ਦੇਰ ਨਾ ਲਾਵੈ। ਤੁਰਕਨ ਕੀ ਜੜ ਮੂਲ ਉਠਾਵੈ। ਮੈਨੂੰ ਭੇਜਿਓ ਕਾਰਜ ਏਸ। ਜਗਤ ਗੁਰੂ ਸਾਹਿਬ ਦਸਮੇਸ। ਸਾਹਿਬ ਜ਼ਾਦਿਓਂ ਕਾ ਲੇਹੁ ਬੈਰ। ਹਤੇ ਵਜ਼ੀਦੇ ਕੋ ਕਰ ਜੈਰਾਫੇਰ ਗਿਰੋਸਨ ਕੋ ਮੈਂ ਜੀਤ।

Sri Satguru Jagjit Singh Ji eLibrary NamdhariElibrary@gmail.com

ਰਾਜ ਸਿੰਘਨ ਕਾ ਠਟੋਂ ਅਭੀਤ। ਹਾਲ ਕਰੋਂ ਵੈਰਨ ਕਾ ਮੰਦਾ। ਤਬੈ ਪਛਾਨਿਓਂ ਮਹੁ ਰੁਰ ਬੰਦਾ। ਇਸ ਮੈਂ ਜਨਾ ਕ੍ਰੂਰ ਨਾ ਥੈਹੈ। ਮਿਲੋ ਆਇ ਹਮ ਸੰਗ ਅਥੈਹੈ। ਇਤਕ ਵਾਰਤਾ ਲਿਖ ਕੇ ਬੰਦੇ। ਔਰ ਹੁਕਮ ਨਾਮੇ ਗੁਰ ਸੰਦੇ। ਜੋ ਨਦੇੜ ਤੋਂ ਥੇ ਗੁਰ ਦੀਏ। ਸੋ ਸਭ ਤਬੈ ਰਵਾਨੇ ਕੀਏ।ਦੇਸ ਦੇਸ ਪਿੰਡ ਸੋ ਗਏ। ਗੁਰਕੇ ਸਿੱਖੋਂ ਨੇ ਮੰਨ ਲਏ। ਭਏ ਤਿਆਰ ਆਵਨ ਕੇ ਤਾਈਂ। ਲਏ ਸੰਭਾਰ ਹਥਯਾਰ ਬਨਾਈਂ। ਗਉਂ ਕ੍ਰੋਂਸ ਘਰ ਵੇਚ ਜਮੀਨ। ਬਹੁ ਸਿੰਘੋਂ ਨੇ ਘੋੜੇ ਲੀਨ। ਬੰਦੇ ਕੀ ਦਿਸ ਜਬ ਮਿਲ ਚਾਲੇ। ਤੁਰਕਨ ਪਾ ਏਹੁ ਖਬਰ ਬਸਾਲੇ। ਪਤਨ ਰੋਕ ਲਏ ਦਰਿਆਵਨ। ਸੜਕਾਂ ਪਰ ਭੀ ਮਿਲੈ ਨਾ ਜਾਵਨ। ਤਬ ਮਾਝੇ ਦੇ ਸਿੰਘਨ ਐਸ। ਕਰੋ ਬਚਾਰ ਜਾਓ ਹਮ ਕੈਸ।ਸਿਦਕੀ ਰਾਤ ਬਰਾਤੇ ਮਿਲਕੈ। ਗਏ ਪਹਾੜਨ ਕੀ ਦਿਸ ਹਿਲਕੈ। ਲੁਕ ਛਿਪਕੈ ਸੋ ਪੁਰ ਆਨੰਦ। ਪਹੁੰਚੇ ਕੀਰਤ ਪੁਰਹਿ ਸੁਛੰਦ"

ਮਲਵਈ ਸਿਖਾਂ ਦਾ ਆਵਨਾ

ਏਂਦੇ ਬਹਾਦਰ ਦੇ ਹੁਕਮ ਨਾਮਿਆਂ ਦੇ ਆਉਂਦਿਆਂ ਹੀ ਮਾਲਵੇ ਦੇ ਸਿਦਕੀ ਸਿਖ ਘੋੜੇ ਹਥਿਆਰ ਔਰ ਖਰਚ ਲੈਕੇ ਬੰਦੇ ਦੀ ਤਰਫ ਚਲ ਪਏ। ਸਭਤੋਂ ਪੈਹਲੇ ਭਾਈ ਭਗਤੂ ਦਾ ਪੋਤਾ ਫਤੇ ਸਿੰਘ ਵੀਹ ਅਸਵਾਰ ਲੈਕੇ ਹਾਜਰ ਜਾ ਹੋਇਆ। ਭਾਈ ਰੂਪੇਕੇ ਪੋਤ੍ਰੇ ਕਰਮ ਸਿੰਘ, ਧਰਮ ਸਿੰਘ ਭੀ ਅਪਨੇ ਸਾਥੀਆਂ ਸਮੇਤ ਜਾ ਪੁਜੇ, ਫੂਲਕੇ ਰਾਮ ਸਿੰਘ, ਤਲੋਕ ਸਿੰਘ, ਭਾਵੇਂ ਆਪ ਨੂੰ ਨਾ ਗਏ, ਪਰ ਅਪਨੇ ਆਦਮੀ ਨੌਕਰ ਰਖਕੇ ਕੁਛ ਮਾਲ ਸਮੈਤ ਖਰਚ ਦੇਕੇ ਤੋਰ ਦਿਤੇ, ਕਯੋਂਕਿ ਏਹ ਸਭ ਤੋਂ ਵਡੇ ਚੌਧਰੀ ਫੂਲ ਦੀ ਸੰਤਾਨ ਮਸ਼ਹੂਰ ਸ਼ਾਹੀ ਦਰਬਾਰ ਵਿਚ

Sri Satguru Jagjit Singh Ji eLibrary NamdhariElibrary@gmail.com

ਮੰਨੇ ਦੰਨੇ ਹੋਏ ਇਜ਼ਤ ਵਾਲੇ ਸੇ, ਏਹੋ ਰਾਜ ਰੌਲੇ ਵਿਚ ਜੈਸੇ ਅੰਨ੍ਹੇਰੀ ਦੇ ਵਡੇ ਬ੍ਰਿਛਾਂ ਨੂੰ ਤੋੜਨ ਵਾਲੀ ਜਿਤਨਾ ਨੁਕਸਾਨ ਵਡੇ ੨ ਆਦਮੀਆਂ ਨੂੰ ਹੁੰਦਾ ਹੈ, ਹੋਰਨਾਂ ਨੂੰ ਨਹੀਂ ਹੁੰਦਾ। ਅਤੇ ਲਾਭ ਭੀ ਵਡੇ ਹੀ ਉਠਾਉਂਦੇ ਹਨ, ਰਾਮ ਸਿੰਘ ਤਲੋਕ ਸਿੰਘ ਸੋਚਦੇ ਸਨ ਕਿ ਜੇ ਕਦੇ ਏਹ ਪੁਰਸ਼ਾਰਥ ਸਿੰਘਾਂ ਨੂੰ ਪੁੱਠਾ ਪੈ ਗਿਆ ਤਾਂ ਹੋਰਨਾਂ ਦਾ ਤਾਂ ਕੁਝ ਨਹੀਂ ਖੁਸਣਾ ਬਹੁਤ ਹੋਊ ਤਾਂ ਵਸੋਂਦਾ ਪਿੰਡ ਛਡਕੇ ਦੂਜੇ ਕਿਸੇ ਹੋਰ ਪਿੰਡ ਜਾ ਬੈਠਣਗੇ, ਸਾਡੀ ਪੀੜੀਆਂ ਦੀ ਚੌਧਰ ਇਤ ਮਾਨ ਵਡਾਈ ਸਭ ਜਾਂਦੀ ਰਹੂ, ਏਸ ਕਰਕੇ ਏਹ ਦੋਵੇਂ ਭਾਈ ਨਾ ਗਏ। ਤਦੋਂ ਹੋਰ ਭੀ ਜਿਤਨੇ ਸਿਖ ਏਸ ਧਰਮ ਜੁਧ ਵਿਚ ਆਏ ਸਨ, ਓਨਾਂ ਵਿਚੋਂ ਐਸੀ ਦਲੀਲ ਪੱਕੀ ਕਿਸੇ ੨ ਦੀ ਸੀ ਕਿ ਅਸੀ ਧਰਮ ਜੰਗ ਵਿਚ ਵੈਰੀਆਂ ਨੂੰ ਮਾਰਕੇ ਸ਼ਹੀਦ ਹੋਣ ਆਏ ਹਾਂ। ਲੁਟਦਾ ਧਨ ਲੈਣਾ ਸਭ ਚਾਹੁੰਦੇ ਸਨ। ਦੌਲਤ ਵਾਸਤੇ ਹੀ ਮਰਾਝਕੇ ਬਹੁਤ ਆਦਮੀ ਆਏ ਸਨ, ਪਰ ਤਾਂ ਥੀ ਮਾਲਵੇ ਦੇ ਨਾਮੀ ੨ ਧਾੜਵੀ ਬਹਾਦਰ ਬਹੁਤ ਲੋਗ ਬੰਦੇ ਪਾਸ ਆ ਪੁਜੇ ਸੇ। ਇਕ ਕੋਟ ਕਪੂਰੇ ਵਾਲਾ ਕਪੂਰਾ ਨਹੀਂ ਆਯਾ ਸੀ, ਓਸਨੇ ਤਾਂ ਗੁਰੂ ਜੀ ਨੂੰ ਭੀ ਮੰਗੀ ਗਾਡ੍ਹੀ ਨਹੀਂ ਦਿਤੀ ਸੀ, ਓਹ ਕਿਉਂ ਆਉਂਦਾ, ਦੂਸਰਾ ਕਪੂਰੇ ਨੂੰ ਆਪਣੇ ਗਵਾਂਢੀ ਦੁਸ਼ਮਣ ਈਸੇ ਖਾਂ ਦਾ ਭੀ ਡਰ ਸੀ ਜੋ ਹਮੇਸ਼ ਏਸ ਨਾਲ ਲੜਦਾ ਰੈਂਹਦਾ ਸੀ, ਤੀਸਰੇ ਓਸਨੂੰ ਸਿੰਘਾਂ ਦੀ ਜਿਤ ਹੋਣ ਦਾ ਥੀ ਪੱਕਾ ਭਰੋਸਾ ਨਹੀਂ ਸੀ ਹੋਰ ਬੈਠਾੜ ਸੈਂਕੜੇ ਆਗਏ, ਜਿਨਾਂ ਨੂੰ ਭਰੋਸਾ ਸੀ ਓਹ ਆਲਾ ਸਿੰਘ ਹਮੀਰ ਸਿੰਘ, ਗੁਰਦਿਤ ਸਿੰਘ ਸੁਖਚੈਨ ਸਿੰਘ ਵਗੈਰੇ ਨਾਮੀ ਲੋਕਾਂ ਨੇ ਭੀ ਅਪਨੇ ਅਪਨੇ ਆਦਮੀ ਨੌਕਰ ਭੇਜਕੇ ਮਨ ਤਨ ਧਨ ਕਰਕੇ ਬਹੁਤ ਸੇਵਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸਹਾਇਤਾ ਕੀਤੀ ਆਪ ਤਾਂ ਨਾ ਗਏ ਏਸ ਮੁਲਕ ਦੇ ਮੁਖੀਏ ਚੌਧਰੀ ਇਜ਼ਤ ਵਾਲੇ ਸੇ, ਏਸੇ ਭਾਂਤ ਭਾਈ ਬੈਲੋ ਕੇ ਦੇਸ ਰਾਜ ਵਰਗੇ ਗਰੇਵਾਲ, ਧਧਾਲੀ ਵਾਲ, ਚਾਹਿਲ, ਭੁਲਰ, ਮਾਹਿਲ, ਬੈਰਾੜ, ਸੂਦਾ, ਬੀਰ ਜੋ ਬੜੇ ਮਸ਼ਹੂਰ ਧਾੜਵੀ ਸੇ ਅਨੇਕਾਂ ਨੂੰ ਲੈਕੇ ਚਲੇ ਆਏ। ਜੀਉਨ ਸਿੰਘ ਰੰਧਾਵਾ, ਨਗਾਹਾ ਸਿੰਘ, ਚੂਹੜ ਸਿੰਘ ਦੁਲਟ, ਗਰਜ਼ ਕੀ ਜੋ ਬਹਾਦਰ ਆਦਮੀ ਮਾਲਵੇ ਦੇ ਸਨ, ਸਭ ਬੰਦੇ ਪਾਸ ਪਹੁੰਚ ਗਏ।

ਸਲੌਦੀ ਵਾਲੇ ਸਿੰਘ ਆਏ

ਓਸੇ ਸਮੇਂ ਆਲੀ ਸਿੰਘ, ਮਾਲੀ ਸਿੰਘ, ਗੁਰਦਿਆਲ ਸਿੰਘ, ਸੂਬਾ ਸਿੰਘ ਆਦਿਕ ਮਾਨਸਾਹੀਏ ਜ਼ਿਮੀਂਦਾਰ ਜੋ ਸੂਬੇ ਸਰਹੰਦ ਦੇ ਪਾਸ ਨੌਕਰ ਸੇ, ਜਿਨਾਂ ਦੀ ਸੰਤਾਨ ਹੁਣ ਪਰਗਨੇ ਖੰਨੇ ਸਲੌਦੀ ਪਿੰਡ ਵਿਚ ਹੈ, ਜਦ ਓਹ ਬੰਦੇ ਦੀਆਂ ਬਾਤਾਂ ਕਰਦੇ ਵਜ਼ੀਦ ਖਾਂ ਨੇ ਸੁਨੇ ਤਾਂ ਆਖਿਆ ਹੁਨ ਤੁਮਾਰਾ ਗੁਰੂ ਇਕ ਬੰਦਾ ਨਾਮ ਦਸਮੇ ਗੁਰੂ ਦੇ ਪੁਤ੍ਰਾਂ ਦਾ ਵੈਰ ਲੈਨ ਆਇਆ ਹੈ, ਅਸਾਂ ਓਸਨੂੰ ਤਾਂ ਦੇਸੋਂ ਕਢਿਆ ਹੈ ਏਸਨੂੰ ਦੀਨ ਦੁਨੀਆਂ ਦੇਹਾਂ ਤੋਂ ਕੱਢਾਂਗੇ, ਤੁਸੀਂ ਜਾਣਾ ਹੈ ਤਾਂ ਜਾਓ ਤੇ ਓਸਨੂੰ ਲੈ ਆਓ। ਸਿੰਘਾਂ ਨੇ ਆਖਿਆ ਸਾਡੀ ਤਨਖਾਹ ਮਿਲ ਜਾਵੇ ? ਸੂਬੇ ਨੇ ਉਲਟਾ ਕੈਦ ਕਰ ਦਿਤੇ, ਸਿਖਾਂ ਨੇ ਮੰਨਤ ਕੀਤੀ ਕਿ ਜੇ ਤੂੰ ਗੁਰੂ ਕਾ ਬੰਦਾ ਸੱਚਾ ਹੈਂ ਤਾਂ ਸਾਨੂੰ ਏਥੋਂ ਕੱਢ ਲੈ। ਲਿਖਿਆ ਹੈ ਕਿ ਓਨਾਂ ਦੀਆਂ ਬੇੜੀਆਂ ਓਸੇ ਵਕਤ ਝੜ ਗਈਆਂ, ਪੈਹਰੂ ਸੌਂ ਗਏ, ਦਰਵਾਜਾ ਖੁਲ੍ਹ ਗਿਆ, ਸਿਖ ਬੰਦੇ ਨੂੰ ਜ਼ਾਹਰਾ ਪੀਰ ਸਮਝਕੇ ਓਧਰੇ ਤੁਰ ਪਏ। ਓਸ ਸਮੇਂ ਸਰਕਾਰੀ ਬੰਦੇਬਸਤ

Sri Satguru Jagjit Singh Ji eLibrary NamdhariElibrary@gmail.com

ਜੇਲਖਾਨੇ ਦਾ ਹੁਨ ਜੇਹਾ ਨਹੀਂ ਸੀ ਕਈ ਦਰੋਗੇ ਨਾਲ ਮਿਲਕੇ ਕੁਛ ਦੇਕੇ ਔਰ ਕਈ ਬੇੜੀਆਂ ਕਟਕੇ ਨਿਕਲ ਜਾਇਆ ਕਰਦੇ ਸਨ, ਬਲਕੇ ਹੁਨ ਭੀ ਨਿਕਲ ਜਾਂਦੇ ਹਨ, ਜਾਂ ਦਿਨ ਚੜੇ ਰਪੋਟ ਹੋਈ, ਵਜੀਦਖਾਂ ਨੇ ਅਸਵਾਰ ਦੁੜਾਏ, ਪਰ ਓਹ ਸਿੰਘ ਦੂਰ ਨਿਕਲ ਗਏ, ਹਥ ਨਾ ਆਏ, ਏਸ ਬਾਤ ਨੂੰ ਕਰਾਮਾਤ ਮੰਨਕੇ ਏਹੋ ਸਿਖ ਪਹਲੇ ਬੰਦਈ ਹੋਏ ਹਨ ਤਾਂਹੀ ਓਨਾਂ ਦੀ ਸੰਤਾਨ ਹੁਨ ਤਕ ਬੰਦੇ ਨੂੰ ਮੰਨਦੀ ਹੈ। ਜਦ ਚਾਰਕ ਸੋ ਸਿੰਘ ਸੂਰਬੀਰ ਬੰਦੇ ਪਾਸ ਬਾਂਗਰ ਦੇਸ ਵਿਚ ਜਾ ਕੱਠਾ ਹੋਯਾ, ਤਾਂ ਬੰਦੇ ਸਾਹਿਬ ਦਾ ਭੀ ਹੌਸਲਾ ਵਧ ਗਿਆ।

ਬੰਦੇ ਨੇ ਖਜ਼ਾਨਾ ਲੁਟਨਾ

ਓਸੇ ਸਮੇਂ ਓਸ ਦੇਸ ਦੇ ਸਭ ਧਾੜਵੀਆਂ ਨੂੰ ਖਬਰ ਕਰ ਦਿਤੀ ਕਿ ਜਿਸ ਨੇ ਸਮਾਣੇ ਨੂੰ ਲੁਟਣਾ ਹੋਵੇ ਸੋ ਫਗਨ ਵਦੀ ਪੰਚਮੀ ਨੂੰ ਉਥੇ ਪਹੁੰਚ ਜਾਵੇ। ਏਹ ਆਵਾਜ਼ਾ ਦੇਕੇ ਬੰਦਾ ਓਥੇਂ ਚੜ ਬੈਠਾ ਤੇ ਰਸਤੇ ਵਿਚ ਮੁਸਲਮਾਨਾਂ ਦੇ ਅਨੇਕ ਪਿੰਡ ਲੁਟਦਾ ਹੋਇਆ ਕੈਂਥਲ ਦੇ ਪਾਸ ਪੁਜਿਆ ਖਬਰ ਲਗੀ ਕਿ ਬਾਦਸ਼ਾਹੀ ਖਜਾਨਾ ਮਾਲਵੇ ਦੇਸ ਦਾ ਉਗਰਾਹੀ ਹੋਕਰ ਦਿਲੀ ਨੂੰ ਜਾਂਦਾ ਹੈ, ਅਜ ਬਹੁਨੇ ਪਿੰਡ ਠੈਹਰੇਗਾ। ਓਸੇ ਵਕਤ ਸਿੰਘਾਂ ਨੇ ਛੜ ਵਾਗਾਂ ਲਈਆਂ, ਖਜਾਨੇ ਉਤੇ ਛਾਪਾ ਮਾਰਕੇ ਰਖਵਾਲੇ ਵਢ ਟੁਕ ਕੇ ਭਜਾ ਦਿਤੇ, ਖਜਾਨਾ ਲੁਟ ਲਿਆ ਅਤੇ ਬੰਦੇ ਅਗੇ ਲਿਆ ਰਖਿਆ ਜੋ ਉਸਨੇ ਇਕੋ ਜਿਹਾ ਸਭ ਨੂੰ ਵਰਤਾ ਦਿਤਾ, ਆਪ ਕੁਛ ਨ ਰਖਿਆ ਏਸ ਗੱਲੋਂ ਸਿਖ ਅਰ ਧਾੜਵੀ ਖੁਸ਼ ਹੋਕੇ ਮਰਨ ਮਾਰਨ ਨੂੰ ਤਿਆਰ ਹੋ ਬੈਠੇ, ਸਗਨ ਚੰਗਾ

Sri Satguru Jagjit Singh Ji eLibrary NamdhariElibrary@gmail.com

ਹੋਇਆ ਪਹਲੇ ਰਤੇ ਪਾਣੀ ਸਿੱਖਾਂ ਦੇ ਦਿਲ ਵੱਧ ਗਏ।

ਭਾਵੇਂ ਕੈਂਥਲ ਦੇ ਹਾਕਮ ਨੇ ਪਿੱਛਾ ਤਾਂ ਕੀਤਾ, ਪਰ ਕੁਛ ਪੇਸ਼ ਨਾ ਗਈ, ਸਗੋਂ ਕਈ ਘੋੜੇ ਤੇ ਆਦਮੀ ਦੇ ਆਇਆ। ਉਸ ਸਮੇਂ ਕੈਂਥਲ, ਪਨਾਮ, ਪਿਸ਼ਾਰ, ਸ਼ਾਹਬਾਦ ਆਦਿਕ ਨਗਰਾਂ ਵਿੱਚ ਆਮਲ ਜਿਹਾ ਕਰਦੇ ਸੇ ਜੋ ਅਜ ਕਲ ਦੇ ਕਮਿਸ਼ਨਰਾਂ ਦੇ ਬਰਾਬਰ ਤਾਕਤ ਰਖਦੇ ਸੇ ਔਰ ਸੂਬੇ ਦੇ ਤਾਬੇ ਹੁੰਦੇ ਸੇ। ਓਨਾਂ ਦੇ ਹੇਠਾਂ ਇਕ ਇਕ ਫੌਜਦਾਰ ਤੇ ਆਮਲ ਹੁੰਦਾ ਉਸਦੇ ਤਾਬੇ ਕਈ ਕਈ ਚੌਧਰੀ ਥਾਪੇ ਹੋਏ ਸੇ। ਓਹੋ ਆਮਲਾ ਉਗਰਾ-ਹੁੰਦੇ ਚੋਰਾਂ ਧਾੜਵੀਆਂ ਤੇ ਰਾਹ ਦਰੋਹੀ ਪੁਰਖਾਂ ਦਾ ਬੰਦੋਬਸਤ ਕਰਦੇ ਰਹਿੰਦੇ। ਭਾਵੇਂ ਸੂਬੇ ਸਰਹੰਦ ਦੇ ਪਾਸ ਬੰਦੇ ਦੀ ਆਮਦ ਦੇ ਹਾਲ ਦੀਆਂ ਚੀਪੋਟਾਂ ਭੀ ਪਹੁੰਚ ਚੁਕੀਆਂ ਸਨ, ਪਰ ਸੂਬੇ ਨੇ ਕਛ ਨਾ ਗਉਲੀ। ਏਧਰ ਜਦ ਚੌਧਰੀਆਂ ਨੇ ਕੈਂਥਲ ਦੇ ਹਾਕਮ ਪਾਸ ਖਜ਼ਾਨਾਂ ਲੁਟੇ ਜਾਣ ਦੀ ਰਪੋਟ ਕੀਤੀ ਓਹ ਆਪਣੇ ਇਲਾਕੇਦੇ ਪਿੰਡਾਂ ਵਿਚੋਂ ਘਰ ਦਾ ਇਕ ਇਕ ਆਦਮੀ ਗਾਂਹ ਵੀਂ ਫੌਜ ਬਣਾਕੇ ਬੰਦੇ ਨੂੰ ਸਜ਼ਾ ਦੇਣ ਵਾਸਤੇ ਕੈਂਥਲੋਂ ਚੜ੍ਹਿਆ। ਅਗੋਂ ਸਿੰਘ ਤੇ ਬੰਦਾ ਹੋਰ ਧਾੜਵੀ ਬਹਾਦਰ ਜਿਹੜੇ ਮੌਤ ਜਹੇ ਏਸ ਜੰਗ ਦਰਿਆ ਦੇ ਮੱਛ ਕਛੂੰ ਝਿੰਮੀ ਖਾਂਦੇ ਸੇ, ਮੈਦਾਨ ਵਿਚ ਮੁਕਾਬਲਾ ਕਰਕੇ ਜਦ ਓਹਾਂ ਦੀ ਗਿਣਤੀ ਤੇ ਹਿੰਮਤ ਅਧਕ ਦੇਖੀ ਤਾਂ ਪਾਸ ਹੀ ਜੋ ਸੰਘਣਾਂ ਬਣ ਸੀ, ਸਿੰਘਾਂ ਨੂੰ ਲੈਕੇ ਓਸ ਵਿਚ ਬੰਦਾ ਵੜ ਗਿਆ। ਸਿੰਘ ਤਾਂ ਪੈਦਲ ਬਣ ਵਿਚ ਚੰਗੇ ਲੜਦੇ ਰਹੇ, ਸ਼ਾਹੀ ਸਾਰੀ ਫੌਜਬਣ ਵਿਚ ਘੁਸ ਨਾ ਸੱਕੀ। ਜਦ ਓਹ ਬੀ ਪੈਦਲ ਹੋਕੇ ਓਸੇ ਵਿਚ ਵੜੇ ਤਾਂ ਸਿੰਘਾਂ ਨੇ ਹੱਲਾ ਕਰ ਕੇ ਪੰਜਾਹਕੁ ਨੂੰ ਮੁਕਤੀ ਦਾ ਫਲ ਖੁਵਾਕੇ ਸੁਲਾ ਦਿਤਾ ਤੇ ਘੋੜੇ ਆਪ ਸਾਂਭ ਲੀਤੇ ਫੇਰ ਤਾਂ ਐਡੇ ਹੌਸਲੇ ਵਧੇ ਕਿ ਆਮਲ ਨੂੰ

Sri Satguru Jagjit Singh Ji eLibrary NamdhariElibrary@gmail.com

ਤੁਛ ਸਮਝਕੇ ਉਸ ਦੇ ਗਲ ਜਾ ਪਏ,ਉਹ ਬੀ ਜਾਨ ਲੈਕੇ ਹਰਨ ਸਿੰਘ ਹੋਗਿਆ। ਗਾਂਹ ਨੀਂ ਧਾੜ ਤਾਂ ਓਸੇ ਘੜੀ ਆਪਣੇ ੨ ਘਰਾਂ ਨੂੰ ਨੱਠ ਗਈ ਫਤੇ ਬੰਦੇ ਦੀ ਹੋ ਗਈ।

ਬੰਦੇ ਨੇ ਸਮਾਣੇ ਦਾ ਮਾਰਨਾ

ਏਧਰ ਜੱਥਾ ਦਿਨ ਦੂਣਾ ਰਾਤ ਚੌਗੁਨਾ ਵੱਧਦਾ ਗਿਆ ਅਤੇ ਤੁਰਕਾਂ ਦਾ ਤੇਜ ਦਬਾ ਦਬ ਘੱਟਦਾ ਗਿਆ। ਸਿੰਘਾਂ ਨੇ ਬੰਦੇ ਸਾਥ ਹੋਕੇ ਅਨੇਕ ਪਿੰਡ ਮੁਸਲਮਾਨਾਂ ਦੇ ਲੁਟ ਪੁਟਕੇ ਆਪਨੀ ਤਾਕਤ ਵਧਾ ਲੀਤੀ ਸੀ। ਸਾਰੇ ਪੰਜਾਬੀ ਸ਼ਹਿਰਾਂ ਦੇ ਸਿਰੋਮਨੀ ਧਨ ਵਾਲੇ ਸ਼ੈਹਰ ਸਮਾਣੇ ਨੂੰ ਲੁਟਨ ਲਈ ਉੱਛਲ ਰਹੇ ਸਨ ਬਲਕਿ ਕਚੀਚੀਆਂ ਲੈ ਲੈ ਆਖਦੇ ਸੇ,ਭੈਂਸ ਦਾ ਮੂੰਹ ਡੈਹਰ ਤੋਂ ਲੁਟੇਰੇ ਦਾ ਸ਼ਹਰ ਤੋਂ ਡਰਦਾ ਹੈ, ਫੇਰ ਏਸੇ ਸ਼ੈਹਰ ਜੇਡਾ ਧਨੀ ਹੋਰ ਕੋਈ ਉਦੋਂ ਸ਼ੈਹਰ ਨਹੀਂ ਸੀ ਕਜੋਂਕਿ ਏਥੋਂ ਦੇ ਬੜੇ ਬੜੇ ਅਮੀਰ ਉਮਰਾਉ ਬਾਦਸ਼ਾਹੀ ਹੋ ਚੁਕੇ ਸੇ, ਜਿਨ੍ਹਾਂ ਨੂੰ ਬਾਦਸ਼ਾਹ ਨੇ ਪਾਲਕੀ ਵਿਚ ਚੜ੍ਹਕੇ ਕਚੈਹਰੀ ਵਿਚ ਆਉਣ ਦਾ ਹੁਕਮ ਦਿਤਾ ਹੋਇਆ ਸੀ,ਓਹ ਬਾਈ ਅਮੀਰ ਏਥੇ ਵਸਦੇ ਸੀ।ਬੜੇ ੨ ਮੈਹਲ ਬਾਦਸ਼ਾਹ ਜੈਸੇ ਓਨਾਂ ਦੇ ਸੇ ਨਾਲੇ ਇਹ ਸਮਾਣਾ ਚਾਰ ਦਸਤੂਰਾਂ ਵਿਚੋਂ ਸੀ:-ਹਵੇਲੀ (੧) ਤਿਹਾੜ (੨) ਥਨੇਸਰ (੩) ਸਮਾਣਾ (੪) ਫੇਰ ਇਕ ਇਕ ਦਸਤੂਰ ਦੇ ਤਾਬੇ ਨੌਂ ਨੌਂ ਪਰਗਨੇ ਸੇ ਸਭ ਦੀ ਦੌਲਤ ਏਸੇ ਥਾਂ ਆਇਆ ਕਰਦੀ ਸੀ। ਪਿੰਡਾਂ ਵਿਚ ਤਾਂ ਮੁਸਲਮਾਨਾਂ ਨੇ ਉਦੋਂ ਮਿੱਟੀ ਦੇ ਤਵੇ ਚੜ੍ਹਾ ਛਡੇ ਸੇ। ਆਮਲਾਂ ਦੀਆਂ ਸਖਤੀ ਆਂ ਕਾਨੂਗੋਆਂਦੀ ਰਿਸ਼ਵਤਾਂ ਧਾੜਵੀਆਂ ਦੀਆਂ ਲੁਟਾਂ ਪੁਟਾਂ ਜਿਮੀਂਦਾਰਾਂ ਪਰ ਹਮੇਸ਼ ਬਲੀਆਂ ਰੈਂਹਦੀਆਂ ਸਨ, ਜਿਸਤੋਂ ਓਹ ਵਿਚਾਰੇ ਹਰ ਵੇਲੇ ਰੋਂਦੇ ਹੋਏ ਏਹੋ ਆਖਦੇ

Sri Satguru Jagjit Singh Ji eLibrary NamdhariElibrary@gmail.com

ਰੰਹਦੇ ਸੇ ਹੇ ਪ੍ਰਮੇਸ਼੍ਵਰ ਏਨਾਂ ਜਾਲਮਾਂ ਮੁਸਲਮਾਨਾਂਦਾ ਨਾਸ ਕਰ। ਭਾਵੇਂ ਮੁਸਲਮਾਨਾਂ ਨੇ ਬੰਦੇ ਦਾ ਛਿਮਛਾਣਾਂ ਸੁਣ ਬੀ ਰੱਖਿਆ ਸੀ, ਪਰ ਹੰਕਾਰ ਨੇ ਕੁਛ ਨਾ ਸੋਚਣ ਦਿਤਾ ਆਪਣੇ ਸ਼ਹਰ ਦੀ ਵਡਾਈ ਤਕੜਾਈ ਦੇ ਭਰੋਸੇ ਆਕੜੇ ਰਹੇ ਕੋਈ ਬਚਾਉ ਨਾਂ ਕੀਤਾ ਸਿਖਾਂ ਨੂੰ ਤੇ ਡਾਕੈਤਾਂ ਨੂੰ ਤੁਛ ਹੀ ਮਨੀ ਰਖਿਆ (ਜੁਲਾਹੇ ਦੇ ਗੋਲੀ ਲਗਣ ਵਾਂਗੂੰ) ਬੰਦੇ ਦੇ ਹੱਲੇ ਨੂੰ ਝੂਠ ਹੀ ਸਮਝਦੇ ਰਹੇ ਤਦੇ ਹੀ ਅਖਾਂ ਖੁਲ੍ਹੀਆਂ ਜਦ ਅਨੇਕ ਪਿੰਡਾਂ ਨੂੰ ਲੁਟ ਪੁਟ ਕੇ ਦਸ਼ ਕੋਹ ਤੋਂ ਧਾਵੇ ਕਰਕੇ ਸੰਕੇਤੀ ਦਿਨ ਦੇ ਵਡੇ ਤੜਕੇ ਸਮਾਣੇ ਦੇ ਟਿਬਿਆਂ ਪਰ ਲਸ਼ਕਰ ਨੇ ਆ ਦਖਾਲੀ ਦਿਤੀ ਤੇ ਹੱਲਾ ਕਰਕੇ ਸਿੰਘਾਂ ਧਾੜਵੀਆਂ ਨੇ ਅੰਧਾ ਧੁੰਦ ਅਚਨਚੇਤ ਬਿਜਲੀ ਵਾਂਗ ਸ਼ੈਹਰ ਵਿਚ ਆ ਧਸੇ। ਗਲੀ ਗਲੀ ਘਰ ਘਰ ਵਿਚ ਤੋਬਾ ਤੋਬਾ ਹਾਏ ਹਾਏ ਦੀ ਪੁਕਾਰ ਪੈਗਈ ਘਟਾ ਘਟ ਤਲਵਾਰਾਂ ਨੇਜੇ ਬਰਛੀਆਂ ਤੀਰ ਬੰਦੂਕਾਂ ਨੇ ਮਾਰ ਮਾਰ ਕੇ ਲੋਥਾਂ ਦੇ ਅੰਬਾਰ ਲਾ ਦਿਤੇ, ਲਹੂ ਦੇ ਝਲਾਕ ਵਗ ਤੁਰੇ ਜੋ ਕੋਈ ਘਰ ਬਾਰ ਧਨ ਛਡਕੇ ਨਸ ਗਯਾ ਯਾ ਬੋਦੀ ਜਨੇਊ ਦਖਾ ਕੇ ਪੈਰੀ ਡਿਗ ਪਿਆ ਉਸ ਦੀ ਜਾਨ ਬਚੀ ਬਾਕੀ ਸਭ ਮੌਤ ਦੇ ਸਕੰਜੇ ਚੜ੍ਹਾਏ ਗਏ, ਤਲਵਾਰਾਂ ਕਟਾਰਾਂ ਦੀਆਂ ਚੋਕਾਂ ਦੇ ਦੇ ਲੁਟੇਰਿਆਂ ਨੇ ਦੌਲਤ ਕਢਾ ਲਈ ਭਾਜੜਾਂ ਪੈ ਗਈਆਂ,ਜਿਧਰ ਕਿਸੇ ਦਾ ਮੂੰਹ ਹੋਇਆ ਦੌੜ ਗਿਆ। ਸੂਰਜ ਚੜੇ ਫੇਰ ਜਿਉਂ ਜਿਉਂ ਪਿੰਡਾਂ ਵਿਚ ਖਬਰਾਂ ਪੁਜੀਆਂ, ਲੁਟੇਰੇ ਲੋਗ ਪਿੰਡਾਂ ਵਿਚੋਂ ਬੇਸ਼ੁਮਾਰ ਆਗਏ, ਬੜੇ ਬੜੇ ਅਮੀਰ ਜੋ ਅਪਣੇ ੨ ਮੈਹਲਾਂ ਵਿਚ ਆਕੀ ਹੋ ਰਹੇ ਸੇ, ਪਲੋ ਪਲੀ ਵਿਚ ਲੁਟੇਰਿਆਂ ਨੇ ਹਵੇਲੀਆਂ ਨੂੰ ਅਗ ਲਗਾ ਦਿਤੀ ਜਿਨ ਕਰਕੇ ਉਨਾਂ ਨੂੰ ਭੀ ਨੱਠਣਾਂ ਪਿਆ ਅਰ ਅਨੇਕ ਤਾਂ ਮੂੰਹ ਵਿਚ ਘਾਹ ਲੈਕੇ ਸਿਖਾਂ

Sri Satguru Jagjit Singh Ji eLibrary NamdhariElibrary@gmail.com

ਦੇ ਪੈਰੀਂ ਆ ਪਏ ਸੋ ਬਚੇ ॥

ਓਸ ਅਤੀ ਬਿਪਤਾ ਵਿਚ ਸੈਂਕੜੇ ਇਸਤ੍ਰੀਆਂ ਖੂਹਾਂ ਵਿਚ ਹਵੇਲੀਆਂ ਉਤੋਂ ਡਿੱਗ ੨ ਕੇ ਯਾ ਕਟਾਰੀਆਂ ਖਾਕੇ ਮਰ ਗਈਆਂ, ਬਹੁਤੀਆਂ ਜਾਨ ਦੇ ਬਚਾਉ ਵਾਸਤੇ ਦੌੜ ਗਈਆਂ ਯਥਾ(ਪੰਥਪ੍ਰਕਾਸ਼ੇ)ਹੀਕਲ ਛੰਦ ॥"ਸਯਦਾਨੀ ਤੇ ਮੁਗਲਾਨੀ। ਸੇਖਾਨੀ ਔਰ ਬਨਿਆਨੀ । ਬ੍ਰਹਿਮਾਨੀ ਬਹੁ ਖਤਰਾਨੀ। ਹਿੰਦੁਵਾਨੀ ਅਧਕ ਪਠਾਨੀ । ਜਿਨ ਦੁਤੀ ਪੁਰਖ ਨਾ ਹੇਰਾ। ਪੜਦੇ ਮੈਂ ਪਲੀ ਬਧੇਰਾ । ਪਗ ਧਰ ਪਰ ਕਦੇ ਨ ਲਾਯਾ। ਗਾਵੈਲਾ ਪਲੰਘ ਹੰਢਾਯਾ । ਤਨ ਫੂਲ ਗੁਲਾਬ ਸਮਾਨੈ । ਅਤਿ ਕੋਮ ਕੰਜ ਦਿਖਾਨੈ । ਨਿਜ ਘਰ ਦਰ ਲੌ ਨਹਿਚਾਲੀ। ਸੋ ਭਾਗੀ ਜਾਤ ਨਿਕਾਲੀ। ਪਗ ਸਿਰ ਤੈ ਨੰਗੀ ਜੈਹੈ । ਨਿਜ ਜਾਨ ਬਚਾਵਨ ਚੈਹੈ। ਇਕਲੀ ਬਨ ਮੈਂ ਬਿਲਲਾਤੀ। ਬੌਰੀ ਸੀ ਦੌਰੀ ਜਾਤੀ। ਜਬ ਹਲ ਹਲ ਡੋਰੀ ਲਾਗੇ।ਵਹਿ ਚੌਕ ਚੌਕ ਬਹੁ ਭਾਗੇ। ਸਸਿ ਬਦਨੀ ਗਤ ਮਦ ਕਦਨੀ। ਅਦਨੀ ਸੀ ਭਜਤ ਬਿਹਦਨੀ ॥

ਮ੍ਰਿਗਨੈਨੀ ਸੁਕ ਪਿਕ ਬੈਨੀ। ਗਜ ਗਾਮਨਿ ਭਾਮਨਿ ਐਨੀ। ਬਾਰਨ ਕੇ ਭਾਰਨ ਤੈਹੈ । ਲਕ ਲਚਕਤ ਮਚਕਤ ਜੈਹੈ। ਜੋ ਮਿਹਰੀ ਦਿਹਰੀ ਚਢਤੀ। ਤਿਹਰੀ ਹੈ ਚੌਹਰੀ ਪਡਤੀ। ਨਵ ਜੋਬਨਿ ਜੋਬਨ ਜੋਬਨ। ਰੋਵਨ ਸੰਗ ਹੋਵਨ ਕੋਵਨ। ਰੰਭਾ ਸੀ ਨਾਰਿ ਹਜਾਰੈਂ। ਬਹੁ ਏਕਲਿ ਫਿਰਤ ਉਜਾਰੈਂ। ਘਰ ਤਜਕੇ ਲੋਗ ਲੁਗਾਈ। ਤਿਤ ਭਾਗੇ ਜਿਤ ਮਨ ਆਈ । ਨਹਿ ਤੀਆ ਪੀਆ ਪਾਈ। ਨਹਿ ਪੂਤ ਉਠਾਯੋ ਮਾਈ। ਇਮ ਸਿੰਘਨ ਕੇ ਡਰ ਤੈਹੈ। ਸਭ ਜਨ ਬਨ ਭਾਗੇ ਜੈਹੈ। ਸਿਰ ਤੁਰਕਨ ਕਹਿਰ ਬਿਤਾਨਾ। ਜਬ ਲੂਟਿਓ ਸ਼ਹਿਰ ਸ਼ਮਾਨਾ । ਬਹੁ ਲੂਟ ਕਤਲ

Sri Satguru Jagjit Singh Ji eLibrary NamdhariElibrary@gmail.com

ਅਸ ਹੋਈ। ਦਿਨ ਤੀਨ ਬਰਿਤੈ ਨਹਿ ਕੋਈ। ਲੋਥਨ ਪਰ ਲੋਥ ਚਢਾਈ। ਬੀਥਨ ਮੈ ਪਰੀ ਰਹਾਈ। ਦਜ ਕੈਹਰ ਕੈਹਰ ਸਾਨੀ। ਸਭ ਗਈ ਭਾਗ ਤੁਰਕਾਨੀ ॥"

ਦੋਹਿਰਾ ॥ ਬਿਨ ਲੂਟੇ ਕੋ ਤੁਜਯੋ ਨਹਿ ਬਜਯੋ ਸਾਥ ਸੈ ਸਾਰ। ਬਾਬੇ ਬੰਦੇ ਸਿੰਘਨ ਇਮ ਲਜੋ ਸਮਾਣਾ ਮਾਰ ॥

ਕਜੋਂ ਨਾ ਐਸੀ ਦੁਰਦਸ਼ਾ ਸਮਾਣੇ ਦੇ ਵਸਨੀਕਾਂ ਦੀ ਹੋਵੇ, ਜਿਨ੍ਹਾਂ ਮਦ ਮੱਤੇ ਕੁਪੱਤੇ ਮੁਸਲਜਾਂ ਨੇ ਸਾਰੇ ਦੇਸ ਵਿਚ ਕਿਸ ਹਿੰਦੂ ਦੀ ਬਹੂ ਬੇਟੀ ਦਾ ਸਤ ਤੋੜੇ ਬਿਨਾ ਨਹੀਂ ਛਡਿਆ ਸੀ, ਅਤੇ ਹਿੰਦੂਆਂ ਉਤੇ ਜੁਲਮ ਅਤੁਲਮ ਤਾਂ ਕਰ ਹੀ ਰਹੇ ਸੇ, ਸ੍ਰੀ ਗੁਰੂ ਤੇਗ ਬਹਾਦਰ ਜੈਸੇ ਜਗਤ ਗੁਰੂ ਸ਼ਾਂਤਿਮਈ ਬੇਗੁਨਾਹਾਂ ਉਤੇ ਏਸੇ ਸ਼ਹਿਰ ਦੇ ਸੱਯਦ ਜਲਾਲਦੀਨ ਨੇ ਤੇਗ ਵਾਹੀ ਸੀ?

ਸਮਾਣੇ ਦਾ ਮਾਰਨਾ ਸੁਣ ੨ ਕੇ ਵੀਹ ੨ ਤੀਹ ੨ ਕੋਹ ਤੋਂ ਲੁਟੇਰੀ ਖਲਕਤ ਚਲੀ ਆਈ, ਬੜੀ ਬੇਤਰਸੀ ਨਾਲ ਮਾਰ ਕੁਟਕੇ ਪੁਸ਼ਤਾਂ ਦੇ ਪ੍ਰਸ਼ਾਦੇ ਲੈ ਗਏ । ਮੜਲ ਗੋਤੇ ਮੁਗਲਾਂ ਜੈਸੇ ਬੜੇ ੨ ਅੰਮੀਰ ਭਾਵੇਂ ਆਪੇ ਆਪਣੀਆਂ ਹਵੇਲੀਆਂ ਤੇ ਗਾਡ੍ਹੀਆਂ ਵਿਚ ਆਕੀ ਹੋ ਬੈਠੇ ਸੇ; ਪਰ ਕੋਈ ਅਛੂਤ ਨਾ ਰੈਹਣਾ ਪਾਇਆ, ਜਿਨ੍ਹਾਂ ਜਿਨ੍ਹਾਂ ਸਰਦਾਰਾਂ ਫੌਜਦਾਰਾਂ ਵਕੀਲਾਂ ਨੇ ਦਸਮੇਂ ਗੁਰੂ ਜੀ ਨਾਲ ਅਨੰਦਪੁਰ ਛੁਡਾਉਣ ਵੇਲੇ ਛਲ ਵਲ ਕੀਤੇ ਸੇ ਓਨਾਂ ਦੇ ਟੱਬਰਾਂ ਦਾ ਤਾਂ ਸਿੰਘਾਂ ਨੇ ਭੇਤੀਆਂ ਤੋਂ ਭੇਤ ਲੈਕੇ ਖੁਰਾ ਖੋਜ ਨਾ ਛਡਯਾ। ਓਸੇ ਸਾਲ ਦੇ ਉਜੜੇ ਹੋਏ ਸਮਾਣੇ ਦੇ ਹੁਣ ਤਕ ਖੋਲੇ ਪਏ ਹਨ ॥

ਚੁਰਾਲ ਫੜੇ

ਤਿੰਨ ਦਿਨ ਪਿਛੋਂ ਬਾਬੇ ਬੰਦੇਨੇ ਲੁਟ ਮਾਰ ਬੰਦ ਕਰਾਕੇ

Sri Satguru Jagjit Singh Ji eLibrary NamdhariElibrary@gmail.com

ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਪਾਸ ਜਾ ਡੇਰਾ ਕੀਤਾ, ਤੰਬੂ ਕਨਾਤਾਂ ਦਰੀਆਂ ਵਗੈਰਾ ਸਾਮਾਨ ਬੇਸ਼ੁਮਾਰ ਓਥੇ ਦੇਖਕੇ ਚੰਗਾ ੨ ਸਾਥ ਲੈਜਾਣ ਵਾਸਤੇ ਗੱਡੇ ਲਦਾ ਲੀਤੇ। ਦਾਰੂ ਸਿੱਕਾ ਹਥਯਾਰ ਹਰ ਪ੍ਰਕਾਰ ਦੇ ਅਮੀਰਾਂ ਦੇ ਘਰਾਂ ਵਿਚੋਂ ਮਨ ਭਾਉਂਦੇ ਸਿੰਘਾਂ ਤੇ ਧਾੜਵੀਆਂ ਨੇ ਉਠਾ ਲੀਤੇ। ਏਸ ਸਮੇ ਵਜੀਦ ਖਾਂ ਸੂਬੇ ਦੇ ਚਾਰ ਚੁਗਲ ਭੇਤ ਲੈਣ ਆਏ ਫੜੇ ਹੋਏ ਆਏ, ਨੀਤਿ ਨਿਪੁਨ ਬੰਦੇ ਨੇ ਓਨਾਂ ਨੂੰ ਛਿੜਾਂ ਦੀ ਮਾਰ ਕਰਾਕੇ ਦੋ ਇਕ ਚਲਾਕਾਂ ਦੇ ਨੱਕ ਕੰਨ ਕਟਾਕੇ ਛਡ ਦਿਤੇ ਅਤੇ ਸਨੇਹਾ ਦਿਤਾ ਵਜੀਦੇ ਨੂੰ ਕੈਹਣਾ ਖਾਲਸੇ ਦੀ ਸ਼ਰਨ ਲੈ ਲਵੇ ਨਹੀਂ ਤਾਂ ਏਹੋ ਹਾਲ ਯਾ ਏਦੂੰ ਭੀ ਅਧਕ ਸਰਹੰਦ ਦਾ ਹੋਵੇਗਾ।

ਹੁਣ ਸਮਾਣੇ ਨੂੰ ਸਰ ਕਰ ਅਠ ਦਿਨ ਓਸੇ ਥਾਂ ਮੁਕਾਮ ਰਖਜਾ ਮਨਭਾਂਦੇ ਗੀਤ ਗਾਏ, ਗੁਰਦੁਆਰੇ ਪ੍ਰਸ਼ਾਦ ਕਰਾਏ, ਧਾੜਵੀ ਲੋਕਾਂ ਦੌਲਤ ਜੋ ਲੁਟੀ ਸੀ, ਅਪਣੇ ੨ ਘਰੀਂ ਛਡਣ ਚਲੇ ਗਏ ਮੁੜ ਪੰਜ ਪੰਜ ਸਤ ਸਤ ਜੁਵਾਨਾਂ ਨੂੰ ਸਾਥ ਲੈ ਆਏ, ਜਿਸ ਕਰਕੇ ਫੇਰ ਤਾਂ ਬੰਦੇ ਨਾਲ ਬੜਾ ਭਾਰੀ ਛਿੰਮਛਾਲਾ ਹੋਗਿਆ, ਜਿਸਨੂੰ ਦੇਖ ਦੇਖ ਸਿੰਘ ਤੇ ਬਾਬਾ ਬੰਦਾ ਬਹੁਤ ਖੁਸ਼ੀ ਹੋ ਰਹੇ ਸਨ। ਚੁਗਲਾਂ ਨੇ ਸਰਹੰਦ ਪੁਜਕੇ ਜਦ ਸਾਰਾ ਹਾਲ ਸਮਾਣੇ ਦਾ ਤੇ ਲੁਟੇਰੇ ਲਸ਼ਕਰ ਦਾ ਵਜੀਦ ਖਾਂ ਨੂੰ ਸੁਣਾਯਾ ਤਾਂ ਬਹੁਤ ਤੜਫਿਆ, ਮਨ ਵਿਚ ਬਹੁਤ ਝੁਰਿਆ॥

ਮਝੈਲਾਂ ਦੀ ਰੁਕਾਵਟ

ਓਧਰ ਮਝੈਲ ਸਿੰਘ ਜੋ ਵਸ਼ੇਸ਼ ਕਲੇਸ਼ ਝੱਲਕੇ ਤੁਰਕਾਂ ਤੋਂ ਚੋਰੀ ਛਪੇ ਪਹਾੜਾਂ ਦੇ ਰਸਤੇ ਹੁਟੇ ਹੋਏ ਕੀਰਤਪੁਰ ਠੈਹਰ ਰਹੇ ਸ, ਓਨਾਂ ਦੇ ਰੋਸ਼ਣ ਵਾਸਤੇ ਚਪੜਾਏ, ਬਾਹਲੇਲ

Sri Satguru Jagjit Singh Ji eLibrary NamdhariElibrary@gmail.com

ਪੁਰੀਏ, ਕੋਟ ਦੇ ਬਸੀਆਂ ਦੇ, ਜਾਗੀਰਦਾਰਾਂ ਚੌਧਰੀਆਂ ਨੂੰ ਹੁਕਮ ਲਿਖ ਭੇਜਜਾ ਕਿ ਤੁਸੀ ਏਨਾਂ ਸਿੰਘਾਂ ਨੂੰ ਜੋ ਕੀਰਤ ਪੁਰ ਕੱਠੇ ਹੋ ਰਹੇ ਹਨ, ਬੰਦੇ ਵੰਨੀ ਨਾ ਆਉਨ ਦੇਲਾਂ ਓਧਰੇ ਮਾਰ ਮੁਕਾਓ। ਏਸੇ ਹੁਕਮ ਅਨੁਸਾਰ ਓਨਾਂ ਨੇ ਆਪਣੇ ੨ ਪਰਗਣੇ ਦੇ ਮੁਸਲਮਾਨ ਬਹੁਤ ਸਾਰੇ ਕੱਠੇ ਕਰ ਕੇ ਮਝੈਲਾਂ ਦੇ ਰਾਹ ਰੋਕ ਛਡੇ ਸਨ, ਭਾਵੇਂ ਓਨਾਂ ਸਿੰਘਾਂ ਦੇ ਖਾਨ ਪਾਨ ਦੀ ਸੇਵਾ ਕੀਰਤਪੁਰੀਏ ਅਰੋੜੇ ਸਿੰਘ ਕਸ਼ੋਰਾ ਸਿੰਘ ਪਸ਼ੌਰਾ ਸਿੰਘ, ਰਾਮ ਸਿੰਘ ਵਰੈਤੇ ਜੋ ਕਈ ਟਾਂਡਿਆਂ ਦੇ ਨਾਇਕ ਧਨੀ ਸੇ;ਕਰਦੇ ਰਹੇ,ਪਰ ਸਮਾਣੇ ਦੀ ਲੁਟ ਮਝੈਲਾਂ ਦੀ ਛਾਤੀ ਵਿਚ ਰੜਕਦੀ ਸੀ।

ਲਸ਼ਕਰ ਦੇਖਨਾ ਤੇ ਘੁੜਾਮ ਮਾਰਨੀ

ਏਧਰ ਬਾਬੇ ਬੰਦੇ ਨੇ ਪ੍ਰਧਾਨ ਮਲ ਜਿੱਤਣ ਵਾਂਗੂੰ ਜਦ ਸਮਾਨਾ ਜੋ ਕਦੀ ਕਿਸੇ ਨੇ ਲੁਟਿਆ ਮਾਰਿਆ ਨਹੀਂ ਸੀ,ਲੁਟ ਮਾਰ ਲੀਤਾ ਤੇ ਸਿੰਘ ਜੋ ਦੌਲਤ ਲੁਟ ਦੀ ਘਰੀਂ ਛੱਡਨ ਗਏ ਸਨ, ਓਹ ਬੀ ਮੁੜਕੇ ਆ ਗਏ ਤਾਂ ਬੰਦੇ ਨੇ ਆਪਣਾ ਫੌਜ਼ਨ ਬਦਲਕੇ ਸਾਰੇ ਲਸ਼ਕਰ ਦਾ ਅਲੀਮਾ ਲੀਤਾ, ਅਤੇ ਆਪ ਜਿਰਾ ਬਖਤ੍ਰ ਜਿਗਾ ਕਲਗੀ ਬਾਦਸ਼ਾਹੀ ਲਿਬਾਸ ਪੈਹਨਕੇ ਇਕ ਉੱਚੀ ਜਗਾ ਬੈਠਾ ਦੇਖਦਾ ਰਿਹਾ। ਜਦ ਦੇਖਿਆ ਕਿ ਮੇਰਾ ਲਸ਼ਕਰ ਠੀਕ ਮੇਰੇ ਮਨ ਦੀ ਇੱਛਜਾ ਅਨੁਸਾਰ ਕੰਮ ਕਰਨੇ ਨੂੰ ਤਿਆਰ ਹੈ ਤਾਂ ਬੰਦੇ ਨੇ ਘੁੜਾਮ ਵੰਨੀ ਰੁਖ ਕੀਤਾ,ਸਾਰਾ ਲਸ਼ਕਰ ਪਿਛੇ ਲੱਗ ਤੁਰਿਆ, ਪਲੋਂਪਲੀ ਵਿੱਚ ਓਥੋਂ ਦੇ ਪਠਾਣਾਂ ਨੇ ਸੁਣਕੇ ਮੁਕਾਬਲੇ ਦੀ ਤਿਆਰੀ ਕਰ ਲੀਤੀ, ਭਾਵੇਂ ਘੁੜਾਮ ਦੇ ਪਠਾਣ ਬੜੇ ਭਾਰੇ ਸੂਰਬੀਰ ਉਜਾਗਰ ਸਨ, ਬਾਹਰ ਨਿਕਲਕੇ ਅੱਗੋਂ

Sri Satguru Jagjit Singh Ji eLibrary NamdhariElibrary@gmail.com

ਠੁਹਠਾਹ ਬੀ ਕੀਤੀ, ਪਰ ਸਿੰਘਾਂ ਦਾ ਹੱਲਾ ਅੱਲਾ ਦਾ ਕੈਹਰ ਕੌਣ ਝੱਲੇ ਵੀਹਕ ਆਦਮੀਆਂ ਨੂੰ ਮਰਵਾਕੇ ਨੱਠ ਉਠੇ, ਫੇਰ ਤਾਂ ਘਰਾਂ ਵਿਚੋਂ ਵੀ ਸਿੰਘਾਂ ਨੇ ਜਾ ਫੜੇ ਬਾਂਛਿਤ ਸ਼ਿਕਾਰ ਮਾਰ ਲੀਤਾ, ਚੰਗੇ ਘੋੜੇ ਘੋੜੀਆਂ ਸਿੰਘਾਂ ਨੇ, ਤੇ ਭੈਂਸਾਂ ਗਊਆਂ ਲੁਟੇਰਿਆਂ ਨੇ ਹੱਕ ਲਈਆਂ। ਗਊ ਮਹੀਆਂ ਬੰਦੇ ਨੇ ਮੁੜਾਇ ਦਿੱਤੀਆਂ ਹੋਰ ਲੁੱਟ ਦਾ ਮਾਲ ਰੈਹਣ ਦਿਤਾ ॥

ਠਸਕੇਦੀ ਲੁਟ ਮਾਫ ਕਰਨੀਤੇ ਸ਼ਾਹਬਾਦਮਾਰਨਾ

ਘੁੜਾਮ ਤੁੰ ਵਾਰ ਉਠਾਕੇ ਸਨੌਰ ਦਾ ਚਪੌਲ ਖੇਡਦੇ ਹੀ ਠਸਕਾ ਜਾ ਘੇਰਿਆ, ਮੁਸਲਮਾਨਾਂ ਨੂੰ ਠਸਕੇ ਵਾਲੇ ਪੀਰਾਂ ਉੱਤੇ ਡਾਢੀ ਡਰੋਸਾ ਸੀ ਕਿ ਓਹ ਬੰਦੇ ਨੂੰ ਅਜਮਤ ਦਿਖਾ ਕੇ ਸਤੁਰ ਗੰਦਾ ਕਰਨਗੇ, ਪਰ ਬਾਬਾ ਬੰਦਾ ਤੁੰ ਪੈਹਲੇ ਹੀ ਜ਼ੈਹਰੀ ਸਪੋਲੀਆ ਸੀ, ਦਸ਼ਮੇਸ ਗੁਰੂ ਜੀ ਦੀ ਬਖਸ਼ੀਸ਼ ਦੇ ਵਸ਼ੇਸ਼ ਡੰਗ ਲੱਗ ਪਏ, ਹੁਣ ਉਡ ਉਡਕੇ ਮਾਰ ਰਿਹਾ ਸੀ, ਬਾਕੀ ਸਿੰਘਾਂ ਦੀ ਤੇਗਅੱਗੇ ਪੀਰੀ ਛਕੀਰੀ ਸਭ ਛੁਰ ਹੋ ਗਈ, ਪੀਰ ਜਾਫਰ ਅਲੀ ਖਾਂ ਖੁਦ ਥਰਥਰ ਕੰਬਦਾ ਹੋਇਆ ਬੰਦੇ ਅੱਗੇ ਮੂੰਹ ਵਿਚ ਘਾਹ ਲੈਕੇ ਖਲੋਤਾ। ਬੰਦੇ ਨੇ ਪੀਰ ਸੈਦ ਭੀਖ ਦੇ ਮਿਲਾਪ ਦਾ ਪ੍ਰਸੰਗ ਜੋ ਦਸਮੇ ਗੁਰੂ ਜੀ ਪਾਸ ਮਿਠਾਈ ਦੀਆਂ ਤਿੰਨ ਘੜੀਆਂ ਲੈਕੇ ਆਯਾ ਸੀ, ਸੁਣ ਹੀ ਰਖਿਆ ਸੀ ਇਕ ਤਾਂ ਰਿਸ ਕਰਕੇ ਦੂਜੇ ਸ਼ਰਨ ਆਏ ਦੀ ਲਾਜ ਰਖਣ ਵਾਸਤੇ ਬਾਬੇ ਬੰਦੇਨੇ ਠਸਕੇ ਦੀ ਲੁਟ ਮਾਰ ਮਾਫ ਕਰ ਦਿੱਤੀ ॥

ਹੁਣ ਵਾਰੀ ਤਾਂ ਭਾਵੇਂ ਥਨੇਸਰ ਦੀ ਸੀ, ਪਰ ਬੰਦਾ ਬੈਰਾਗੀ ਤੀਰਥਾਂ ਨੂੰ ਮੰਨਿਆਂ ਕਰਦਾ ਸੀ, ਏਸ ਕਰਕੇ ਸ਼ਾਹਬਾਦ ਜਿੱਥੇ ਕਿਲੇ ਵਰਗੀ ਸ਼ਾਹੀ ਸਰਾਂ ਵਿੱਚ ਆਮਲ ਫੌਜਦਾਰ ਤੇ

Sri Satguru Jagjit Singh Ji eLibrary NamdhariElibrary@gmail.com

ਸ਼ਹਿਰ ਵਿੱਚ ਸ਼ੇਖ ਸੱਯਦ, ਮੁਗ਼ਲ, ਪਠਾਣ, ਵਡੇ ੨ ਅਮੀਰ ਧਨੀ ਰਿਹਾ ਕਰਦੇ ਸਨ। ਭਾਵੇਂ ਉਹ ਵਡੇ ਗਿਣਤੀ ਦੇ ਜੋਧੇ ਲੜਾਕੇ ਸਨ, ਪਰ ਸਮਾਣੇ ਦੀ ਦੁਰਦਸ਼ਾ ਹੋਈ ਸੁਣਕੇ ਸਭ ਥਰ ੨ ਪਏ ਕੰਬਦੇ ਸਨ ਘਰੋਂ ਬਾਹਰ ਹੋਕੇ ਕਿਸੇ ਨੇ ਬੀ ਦੋ ਹੱਥ ਨਾ ਕੀਤੇ ਅੰਦਰ ਬੈਠੇ ਹੀ ਸਿੰਘਾਂ ਨੇ ਜਾ ਨੱਪੇ, ਜਿਸਨੇ ਹੱਥ ਉਠਾਯਾ ਸੋ ਦੇ ਧੜ ਬਨਾਯਾ, ਬਾਕੀ ਦੌਲਤ ਸਭਦੇ ਘਰਾਂ ਤੋਂ ਕਢਾ ਲੀਤੀ, ਫੌਜਦਾਰ ਜੋ ਸਮਾਣੇ ਦਾ ਹਾਲ ਸੁਣਕੇ ਗਿਬਨ ਕਰਦਾ ਸੀ ਪਲੀਤਾ ਭੀ ਨਾ ਦਾਗਜਾ ਟੱਬਰ ਸਮੇਤ ਦਿੱਲੀ ਵੰਨੀ ਨੱਠਗਿਆ। ਸਿੰਘਾਂ ਨੇ ਜੋ ਕੁਛ ਹੱਥ ਲੱਗਾ ਸੋ ਲੈਕੇ ਕੁੰਜਪੁਰੇ ਵੰਨੀ ਜੋ ਵਜ਼ੀਦ ਖਾਂ ਸੂਬੇ ਦਾ ਖਾਸ ਪਿੰਡ ਸੀ, ਓਧਰ ਨੂੰ ਵਾਗ ਉਠਾ ਲੀਤੀ, ਰਸਤੇ ਵਿੱਚ ਅਨੇਕ ਪਿੰਡ ਮਹੰਮਦੀਆਂ ਦੇ ਲੁਟ ਖਸੋਟ ਕੇ ਕੁੰਜ ਪੁਰੇ ਜਾ ਗੱਜੇ, ਓਧਰੋਂ ਵਜ਼ੀਦ ਖਾਂ ਨੇ ਆਪਣੇ ਪਿੰਡ ਦੀ ਸਹਾਇਤਾ ਲਈ ਪੰਜਸੌ ਸੁਵਾਰ ਪਜਾਦੇ ਦੇ ਤੋਪਾਂ ਦੇਕੇ ਜੋ ਭੇਜੇ ਸਨ, ਓਨਾਂ ਦੇ ਪਹੁੰਚਣ ਤੋਂ ਪੈਹਲਾਂ ਹੀ ਸਿੰਘਾਂ ਨੇ ਕੁੰਜਪੁਰੇ ਨੂੰ ਮੁੰਜ ਦੀ ਤਰਾਂ ਕੁਟਕੇ ਸੁੰਦ ਬਣਾ ਦਿਤਾ ਸੀ। ਜਦ ਸੁਣਿਆਂ ਕਿ ਸਰਹੰਦ ਤੋਂ ਮਦਤ ਦੇ ਤੋਪਾਂ ਲੈਕੇ ਫੌਜ ਆ ਰਹੀ ਹੈ ਤਾਂ ਸਿੰਘਾਂ ਨੇ ਓਧਰੇ ਧਾਵਾ ਕਰ ਦਿਤਾ, ਮੁਸਤਫਾਬਾਦ ਦੇ ਨਜੀਕਹੀ ਜਾ ਹੱਥ ਦਿਖਾਏ। ਸਿੰਘਾਂ ਦੀ ਤੇਗ ਦੀ ਤਾਬ ਨਾ ਲਿਆਕੇ ਓਹ ਸਰਦਾਰ ਸਿਪਾਹੀ ਭੱਜ ਗਏ, ਤੋਪਾਂ ਵਗੈਰਾ ਸਾਮਾਨ ਸਿੰਘਾਂ ਦੇ ਹੱਥ ਆਗਿਆ, ਓਸ ਦਿਨ ਓਥੇ ਹੀ ਡੇਰਾ ਲਾ ਦਿਤਾ ॥

ਓਥੋਂ ਨੇੜੇ ਹੀ ਇਕ ਵੈਹਾ ਪਿੰਡ ਸੀ ਸੈਹਜ ਭਾਵ ਪੰਜ ਸਤ ਸਿੰਘ ਸੈਲ ਕਰਦੇ ਹੋਏ ਕੁਦਰਤ ਨਾਲ ਸਦ ਵੈਹੇ ਪਿੰਡ ਗਏ ਤਾਂ ਅਗੇ ਬਹੁਤ ਸਾਰੇ ਮੁਸਲਮਾਨ ਬਕਰਈਦ

Sri Satguru Jagjit Singh Ji eLibrary NamdhariElibrary@gmail.com

ਮੰਨਾਣ ਵਾਸਤੇ ਗਾਡ੍ਹਿਆਂ ਨੂੰ ਘੇਰ ਰਹੇ ਸਨ, ਸਿੰਘ ਦੇਖਕੇ ਰਹਿ ਨ ਸਕੇ ਭਰੋਸੇ ਖਿਚਕੇ ਜਾ ਪਏ ਕਈ ਵੈਰੀ ਵੱਢ ਸੁਟੇ ਗਡ੍ਹਿਆਂ ਛੁਡਾਕੇ ਭਜਾ ਦਿਤੀਆਂ, ਮੁਸਲਮਾਨ ਬਹੁਤ ਸਨ ਏਸ ਕਰਕੇ ਦੋ ਸਿੰਘ ਤਾਂ ਮਾਰੇ ਗਏ ਤੇ ਹੋਰ ਇਕ ਕੋਠੇ ਵਿਚ ਘੇਰੇ ਗਏ। ਜਦ ਲਸ਼ਕਰ ਵਿਚ ਖਬਰ ਹੋਈ ਤਾਂ ਹੱਲਾ ਹੋ ਗਿਆ, ਫੇਰ ਤਾਂ ਜੋ ਹੱਥ ਆਯਾ ਬੇਦੀ ਜਨੇਊ ਵਾਲੇ ਬਿਨਾਂ ਸਭ ਤੇਗ ਦੇ ਘਾਟ ਉਤਾਰਿਆ ਗਿਆ ਜੋ ਵੰਨ ਗਿਆ ਸੋ ਬਚਿਆ। ਜਦ ਹਿੰਦੂਆਂ ਨੇ ਦੇਖਿਆ ਕਿ ਸਿੰਘ ਸਾਡੇ ਧਰਮ ਦੀ ਰਖਜਾ ਕਰਦੇ ਹਨ ਤਦ ਬਹੁਤ ਹਿੰਦੂ ਖਾਲਸੇ ਦੇ ਸਾਥੀ ਹੋ ਗਏ, ਜਿੱਥੇ ੨ ਤੁਰਕ ਲੋ ਬਧ ਕਰਦੇ ਸਨ ਓਥੇ ੨ ਸਿੰਘਾਂ ਨੂੰ ਲੈ ਜਾਕੇ ਤੁਰਕਾਂ ਦੇ ਪਾਪ ਦਾ ਫਲ ਓਨ੍ਹਾਂ ਨੂੰ ਬਹੁਤ ਭੁਗਾਯਾ। ਓਸੇ ਸਮੇਂ ਕਸਬੇ ਸ਼ਹੌਰੇ ਦੇ ਬਹੁਤ ਬਣੀਏ ਬ੍ਰਹਮਣਾਂ ਨੇ ਬੰਦੇ ਸਾਹਿਬ ਪਾਸ ਫਰਯਾਦ ਕੀਤੀ ਕਿ ਸਾਡੇ ਨੁਵਾਬ ਉਸਮਾਨ ਖਾਨ ਆਦਿਕ ਐਸੇ ਅੰਨਜਾਈ ਤੇ ਜ਼ਿੱਦੀ ਬਾਦੀ ਹਨ; ਇਕ ਤਾਂ ਮੁਸਲਮਾਨਾਂ ਨਾਲੋਂ ਹਿੰਦੂਆਂ ਪਾਸੋਂ ਚੌਗੁਣਾ ਮਾਮਲਾ ਲੈਂਦੇ ਹਨ, ਦੂਜਾ ਸਾਡੇ ਗਲੀਆਂ ਕੂਚਜਾਂ ਘਰਾਂ ਅੱਗੇ ਗਾਡ੍ਹਿਆਂ ਮਾਰ ਕੇ ਰੰਦ ਮੰਦ ਖਿਲਾਰ ਜਾਂਦੇ ਹਨ, ਤੀਜੇ ਹਿੰਦੂਆਂਦੀ ਬਹੂ ਬੇਟੀ ਘਰ ਨਹੀਂ ਰਹਣੀ ਮਿਲਦੀ, ਮੱਲੋ ਮੱਲੀ ਮੁਸਲਮਾਨ ਫੜ ਲੈ ਜਾਂਦੇ ਹਨ, ਚੌਥੇ ਹਿੰਦੂਆਂ ਨੂੰ ਆਪਣੇ ਧਰਮ ਦੀ ਰਸਮ ਭੋਈ ਨਹੀਂ ਕਰਨ ਦਿੰਦੇ ਤੇ ਮੁਰਦੇ ਨੂੰ ਭੀ ਸਾੜਨ ਨਹੀਂ ਦਿੰਦੇ, ਪੰਜਵੇਂ ਪੀਰ ਬੁਧੂਸ਼ਾਹ ਨੂੰ ਸਿਰਫ ਏਸੇ ਗਲ ਬਦਲੇ ਏਨ੍ਹਾਂ ਨੇ ਕਤਲ ਕਰਾ ਦਿੱਤਾ ਜੋ ਓਸਨੇ ਭੰਗਾਣੀ ਦੇ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮਦਤ ਕੀਤੀ ਸੀ। ਏਹੋ ਜੇਹੇ ਅਨੇਕ ਜ਼ੁਲਮਾਂ ਦੇ ਬ੍ਰਿਤਾਂਤ ਸੁਣਕੇ ਓਸੇ ਸਮੇਂ ਲਸ਼ਕਰ ਖਾਲਸੇ ਦੇ ਸਮੇਤ

Sri Satguru Jagjit Singh Ji eLibrary NamdhariElibrary@gmail.com

ਬਾਬੇ ਬੰਦੇ ਨੇ ਸਢੌਰੇ ਦੀ ਤਰਫ ਲਾਲੇ ਲਾਲ ਹੋਕੇ ਕੂਚ ਕਰ ਦਿਤਾ ॥ ੨੧ ਚੇਤ ਸੰਃ ੧੭੬੫ ਬਿਃ ਨੂੰ ਸਢੌਰੇ ਤੋਂ ਚਾਰ ਕੋਹ ਉਤੇ ਲੁਬਾਣਿਆਂ ਦੇ ਪਿੰਡ ਲੰਡੌਰੇ ਪਾਸ ਜਾ ਉਤਰੇ। ਬੰਦੇ ਦੀਆਂ ਕਰਾਮਾਤਾਂ ਤੇ ਬਹਾਦਰੀਆਂ ਦੀ ਐਡੀ ਧਾਂਕ ਪੈ ਰਹੀ ਸੀ ਕਿ ਜੋ ਚਾਹੇ ਸੋ ਕਰ ਦਿਖਾਉਂਦਾ ਹੈ, ਕੋਈ ਓਸ ਦੇ ਸਾਮਣੇ ਨਹੀਂ ਹੁੰਦਾ,ਜੋ ਹੁੰਦਾ ਹੈ ਓਸਨੂੰ ਦੂਰੋਂ ਹੀ ਮਵੱਕਲਾਂ ਤੋਂ ਮਰਵਾ ਦਿੰਦਾ ਹੈ, ਯਾ ਕੋਈ ਅਸਾਧ ਰੋਗ ਲਾ ਦਿੰਦਾ ਹੈ, ਬੰਦਾ ਚਲਦੇ ਦਰਿਆ ਉਤੋਂ ਦੀ ਤੁਰਕੇ ਲੰਘ ਜਾਂਦਾ ਹੈ, ਮੁਰਦਿਆਂ ਨੂੰ ਜਿਵਾ ਦਿੰਦਾ ਹੈ, ਅਨੰਤ ਰੂਪ ਧਾਰ ਲੈਂਦਾ ਹੈ,ਕਿਤੇ ਗੁਪਤ ਕਿਤੇ ਪ੍ਰਗਟ ਹੋ ਜਾਂਦਾ ਹੈ, ਸਾਰੇ ਫਰੇਸ਼ਤੇ ਮਵੱਕਲ ਭੂਤ ਪ੍ਰੇਤ ਚੁੜੈਲਾਂ ਏਸ ਦਾ ਹੁਕਮ ਮੰਨਦੇ ਹਨ, ਜਿਸਨੂੰ ਚਾਹੁੰਦਾ ਹੈ ਓਸੇ ਨੂੰ ਚਮੇੜ ਦਿੰਦਾ ਹੈ, ਜਿਤਨੇ ਪੀਰ ਫਕੀਰ ਹੁਣ ਹਨ ਅਤੇ ਹੋ ਚੁਕੇ ਹਨ, ਸਭ ਏਸੇ ਦਾ ਪਾਣੀ ਭਰਦੇ ਹਨ, ਰਸਾਇਣ ਬਣਾ ਲੈਂਦਾ ਹੈ, ਪਾਰਸ ਦੀ ਵੱਟੀ ਏਸ ਪਾਸ ਹੈ, ਲੋਹੇ ਤੋਂ ਸੋਇਨਾ ਬਨਾ ਕਢਦਾ ਹੈ ਏਹੋ ਜੇਹੀਆਂ ਬੇਅੰਤ ਕਰਾਮਾਤਾਂ ਬੰਦੇ ਦੀਆਂ ਹਿੰਦੂ ਮੁਸਲਮਾਨ ਸਭ ਮੰਨੀ ਬੈਠੇ ਸਨ ਤਾਂਹੀ ਏਸਦੇ ਮੁਕਾਬਲੇ ਪਰ ਕੋਈ ਖੜਾ ਨਹੀਂ ਹੁੰਦਾ ਸੀ ॥

ਹੁਣ ਜਦ ਬੰਦੇ ਬਹਾਦਰ ਨੇ ਲੁਬਾਣੇ ਸਿਖਾਂ ਦੀ ਸਲਾਹ ਤੇ ਹਿੰਦੂਆਂ ਦੇ ਕੁਰਲਾਟ ਸੁਣਕੇ ਸਢੌਰੇ ਨੂੰ ਜਾ ਘੇਰਿਆ, ਏਹ ਸਢੌਰਾ ਸਰਹੰਦ ਦੇ ਥਾਣੀ ਪਰਗਣਿਆਂ ਵਿਚੋਂ ਇਕ ਵਡਾ ਪਰਗਣਾ ਧਨ ਉਪਜਾਊ ਮਸ਼ਹੂਰ ਤੂਸੀ ਪਠਾਣਾਂ ਦੀ ਬਸਤੀ ਸੀ। ਸੱਯਦ ਨਜਾਮਦੀਨ ਨੇ ਸਜੰਗ ਉਨਾਂ ਨੂੰ ਏਥੋਂ ਕੱਢਕੇ ਅਪਣੀ ਮਲਕੀਯਤ ਕਰ ਲੀਤੀ ਸੀ, ਸੱਯਦ ਖਿਜਰ ਖਾਂ ਨੇ

Sri Satguru Jagjit Singh Ji eLibrary NamdhariElibrary@gmail.com

ਦਿੱਲੀ ਦੇ ਤਖਤ ਪਰ ਬੈਠਦੇ ਹੀ ਸੱਠ ਹਜ਼ਾਰ ਦੀ ਜਾਗੀਰ ਨਜ਼ਾਮਦੀਨ ਨੂੰ ਦਿਤੀ, ਤੈਸੇ ਨਜ਼ਾਮਦੀਨ ਤੋਂ ਕਈ ਪੁਸ਼ਤ ਪਿਛੋਂ(ਸੱਯਦ ਬਦਰ ਦੀਨ ਸ਼ਾਹ)ਮਸ਼ਹੂਰ ਬੁਧੂਸ਼ਾਹ ਥੀਂ ਜਿਸਨੇ ਭੰਗਾਣੀ ਦੇ ਜੰਗ ਵਿਚ ਦਸਮੇ ਗੁਰੂ ਜੀ ਦੀ ਮਦਤ ਕੀਤੀ ਸੀ ਏਹ ਸਾਹਿਬਾਨੀ ਸੱਯਦ ਸਨ ਦੂਜੇ ਕਾਜੀ ਤੇ ਸ਼ੇਖ ਜਾਗੀਰ ਦੇ ਹਿਸੇਦਾਰ ਸਨ ਓਨਾਂ ਸ਼ੇਖਾਂ ਤੇ ਕਾਜੀਆਂ ਵਿਚੋਂ ਨੁਵਾਬ ਉਸਮਾਂਨ ਖਾਂ ਤੇ ਸ਼ਾਹ ਕੁਮੈਤ ਵਗੈਰੇ ਬੜੇ ਭਾਰੇ ਜਾਲਮ ਸਨ, ਜਿਨਾਂ ਦੇ ਦੁਖਾਏ ਹੋਏ ਹਿੰਦੂ ਬੰਦੇ ਨੂੰ ਲੈ ਆਏ ॥

ਹੁਣ ਸਿੰਘਾਂ ਨੇ ਆਕੇ ਇਕ ਪੰਜਾਵੇ ਉਤੇ ਦੋਵੇਂ ਤੋਪਾਂ ਚੜ੍ਹਾਕੇ ਗੋਲੇ ਬਰਸਾਏ। ਓਧਰ ਨੁਵਾਬਾਂ ਨੇ ਭੀ ਅਪਨੇ ਗਿਰਦ-ਨਵਾਹੀ ਦੇ ਬੇਸੁਮਾਰ ਮੁਸਲਮਾਨ ਕੱਠੇ ਕਰ ਰੱਖੇ ਸਨ, ਤਿੰਨ ਪੈਹਰ ਤੀਰ ਗੋਲੀ ਦੀ ਲੜਾਈ ਚੰਗੀਤਰਾਂ ਪੈਰ ਗਾਡਵੀਂ ਹੁੰਦੀ ਰਹੀ। ਦੋਹਾਂ ਤਰਫਾਂ ਦੇ ਬਹੁਤ ਆਦਮੀ ਘੋੜੇ ਮਾਰੇ ਗਏ ਪਰ ਸਫੋਰੇ ਦਾ ਛੋਟ ਕਿਸੇ ਤਰਫੋਂ ਨਾ ਟੁਟਿਆ, ਆਖਰ ਭਾਈ ਭਗਤੂ ਦੇ ਛਤੇ ਸਿੰਘ ਨੇ ਜਿਸਨੂੰ ਬੰਦੇ ਨੇ ਆਪਣੇ ਲਸ਼ਕਰ ਦਾ ਸਰਦਾਰ ਬਣਾਕੇ ਨਵਾਬ ਦਾ ਖਿਤਾਬ ਦੇ ਰਖਯਾ ਸੀ, ਬੰਦੇ ਪਾਸ ਜਾਕੇ ਜਿੱਥੇ ਓਹ ਦੂਰ ਬੈਠਾ ਭੋਜਨ ਕਰ ਰਿਹਾ ਸੀ, ਆਖਿਆ ਕਿ ਜਦ ਤਕ ਤੁਸੀ ਜੰਗ ਵਿਚ ਨਾ ਚਲੋਗੇ ਤਦ ਤਕ ਛਤੇ ਹੋਣੀ ਮੁਸ਼ਕਲ ਹੈ। ਬਾਬੇ ਬੰਦੇ ਨੇ ਓਸਦੇ ਨਾਲ ਆਕਰ ਪੰਜਾਵੇ ਉਤੇਖੜੇ ਹੋਕੇ ਇਕਤੀਰ ਉਨਾਂ ਤੀਰਾਂ ਵਿਚੋਂਜੋ ਤੁਰਜੀ ਨੇ ਬਖਸ਼ੇ ਸਨ। ਮੰਤ੍ਰ ਪੜ੍ਹ ਕਰ ਚਲਾਯਾ, ਜਿਸਦੇ ਚਲਦੇ ਹੀ ਪਲੋ ਪਲੀ ਵਿਚ ਅੰਧੇਰੀ ਤੇ ਮੀਂਹ ਐਸੇ ਆਏ ਜਿਸਤੋਂ ਫੌਜ ਤਿਤਰ ਬਿੱਤਰ ਹੋਕੇ ਵਿਚਲ ਗਈ। ਬੰਦੇ ਨੇ ਅਪਣੀ ਫੌਜ ਦਾ ਹੱਲਾ ਕਰਾ ਦਿਤਾ ਸਿੰਘਾਂ ਨੇ ਕੋਟ ਉਤੋਂ ਦੀ ਟੱਪਕੇ ਸ਼ਹਿਰ ਦੇ

Sri Satguru Jagjit Singh Ji eLibrary NamdhariElibrary@gmail.com

ਸਥ ਦਰ ਢਾਹੇ ਖੋਲ੍ਹ ਦਿਤੇ ਜਿਥੋਂ ਦੀ ਬੇਸ਼ੁਮਾਰ ਲੁਟੇਰੀ ਖਲਕਤ ਨੇ ਸ਼ਹਿਰ ਵਿਚ ਧਸਕੇ ਲੁਟ ਖਸੋਟ ਕਤਲ ਸ਼ੁਰੂ ਕਰ ਦਿਤੀ, ਜੋ ਅੜਿਆ ਸੋ ਝੜਿਆ। ਬੇਦੀ ਜਨੇਊ ਵਾਲੇ ਤੋਂ ਬਿਨਾ ਹੋਰ ਬੇਅੰਤ ਆਦਮੀ ਤੇਗ ਦੇ ਘਾਟ ਥੋਕ ਹੀ ਉਤਰ ਗਏ। ਮੁਸਲਮਾਨੀ ਫੌਜ ਭੱਜ ਨਿਕਲੀ ਨਵਾਬ ਸਭ ਥਾਉਂ ਥਾਈਂ ਲੁਕ ਗਏ, ਸਾਰੀ ਰਾਤ ਸ਼ਹਿਰ ਲੁਟੀਂਦਾ ਰਿਹਾ। ਦੂਸਰੇ ਦਿਨ ਬਾਬੇ ਬੰਦੇ ਨੇ ਮੁਸਲਮਾਨਾਂ ਦੀਆਂ ਲੋਥਾਂ ਅੱਗ ਵਿਚ ਸਾੜ ਦਿਤੀਆਂ ਤੇ ਉਨਾਂ ਦੇ ਵਡੇ ੨ ਮਸ਼ਹੂਰ ੨ ਪੀਰ ਦਹਾਵਲ ਚੱਕ ਬਹੀਆਸਰ ਕੁਤਬਦੀਨ ਸ਼ਾਹ ਕੁਮੈਤ ਆਦਿਕਾਂ ਦੀਆਂ ਕਬਰਾਂ ਪੁਟਾ ਕੇ ਉਨਾਂ ਦੀਆਂ ਹੱਡੀਆਂ ਕਢਵਾਕੇ ਫੂਕਾ ਸੁਟੀਆਂ। ਏਹ ਹਾਲ ਦੇਖਕੇ ਤਾਂ ਮੁਸਲਮਾਨਾਂ ਵਿਚ ਥਰਥੱਲੀ ਪੈ ਗਈ ਸਥ ਕੰਬ ਉਠੇ। ਫੇਰ ਬੰਦੇ ਬਹਾਦਰ ਨੇ ਉਚੇ ਦੇ ਹਾਕਮ ਨਵਾਬ ਉਸਮਾਨ ਖਾਂ ਨੂੰ ਪਕੜਕੇ ਦਰਖਤ ਨਾਲ ਪੁਠਾ ਲਟਕਾ ਕਰ ਕਾਗਾਂ ਚੀਲਾਂ ਨੂੰ ਖੁਵਾਇ ਦਿਤਾ ਤੇ ਉਸਦੇ ਮਾਲ ਅਸਬਾਬ ਸਮੇਤ ਕਿਲੇ ਪਰ ਅਪਣਾ ਕਬਜਾ ਕਰ ਲੀਤਾ। ਦੂਸਰੇ ਦਿਨ ਸਵੇਰੇ ਦੇ ਸਥ ਸਰਦਾਰ ਬੰਦੇ ਦੇ ਪਾਸ ਆਏ ਤੇ ਲਿਖਤ ਪਾ ਦਿਤੀ ਕਿ ਅਸੀ ਖਾਲਸੇ ਨਾਲ ਕਦੀ ਬੁਰਾਈ ਨਾ ਕਰਾਂਗੇ।

ਏਧਰ ਤਾਂ ਲਿਖਤ ਪਾਈ ਤੇ ਉਧਰ ਵਜੀਦ ਖਾਨ ਸੂਬੇ ਸਰਹੰਦ ਨੂੰ ਲਿਖ ਭੇਜਿਆ ਕਿ ਗੁਰੂ ਬੰਦੇ ਨੂੰ ਅਸਾਂ ਆਪਣੇ ਪੇਚ ਵਿਚ ਫਸਾ ਲੀਤਾ ਹੈ, ਤੁਸੀ ਸ਼ੀਘਰ ਹੀ ਫੌਜ ਲੈਕੇ ਆ ਜਾਓ। ਅਸੀਂ ਏਸ ਨੂੰ ਪਕੜਵਾ ਦੇਵਾਂਗੇ। ਇਹ ਚਿੱਠੀ ਇੱਕ ਪੋਲੇ ਵਾਂਸ ਵਿੱਚ ਬੰਦ ਕਰਕੇ ਆਦਮੀ ਦੇ ਹੱਥ ਸਰਹੰਦ ਨੂੰ ਤੋਰੀ। ਏਹ ਹਲਕਾਰਾ ਓਸ ਰਸਤੇ ਜਾਂਦਾ ਸੀ ਜਿੱਥੇ ਬਾਬੇ ਬੰਦੇ ਦਾ ਸਰਵਾਨ ਉਠ ਚਾਰ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

ਦਰੋਦਾਰ ਪਾਪੀ ਤੁਰਕਾਂ ਦਾ ਪਾਪ ਦੇਖੋ ਕੈਸੇ ਢੰਗ ਨਾਲ ਪ੍ਰਗਟ ਹੋਗਿਆ ਸਚ ਹੈ,(ਅੰਦਰ ਏਹੜੇ ਪਾਪ ਕਮਾਵੇ ਸੋ ਚਹੁੰਕੰਟੀ ਜਾਨੀਏ) ਇਕ ਊਠ ਖੇਤ ਵਿਚ ਜਾ ਵੜਿਆ ਚਰਵਾਹੇ ਨੇ ਜਲਦੀ ਨਾਲ ਓਸ ਹਲਕਾਰੇ ਤੋਂ ਓਹੋ ਪੋਲਾ ਵਾਂਸ ਖੋਹਕੇ ਊਠ ਦੇ ਮਾਰਿਆ ਤਾਂ ਵਾਂਸ ਟੁਟ ਗਿਆ, ਕਾਗਜ ਵਿਚੋਂ ਭਿੱਜ ਪਿਆ। ਚਰਵਾਹੇ ਨੇ ਹਲਕਾਰੇ ਨੂੰ ਤੇ ਕਾਗਜ ਨੂੰ ਬਾਬੇ ਬੰਦੇ ਪਾਸ ਲੈ ਆਂਦਾ ਬੰਦੇ ਨੇ ਓਸਨੂੰ ਕੈਦ ਰਖਕੇ ਸਭਨਾਂ ਮੁਸਲਮਾਨਾਂ ਨੂੰ ਸਭਾ ਵਿਚ ਬੁਲਾਕੇ ਪੁਛਿਆ ਕਿ ਜੇ ਕੋਈ ਮਿੱਤ੍ਰ ਥਣ ਨੇਮ ਧਰਮ ਕਰਕੇ ਲਿਖਤ ਪਾਕੇ ਦਗਾ ਕਰੇ ਓਸ ਵਾਸਤੇ ਤੁਹਾਡੀ ਸ਼ਰਾ ਵਿਚ ਕੀ ਸਜ਼ਾ ਲਿਖੀ ਹੈ? ਓਨਾਂਨੇ ਏਖਥਰੀ ਵਿਚ ਆਖ ਦਿਤਾ ਕਿ ਓਹ ਕਤਲ ਦੀ ਲਾਇਕ ਹੁੰਦਾ ਹੈ। ਫੇਰ ਤਾਂ ਓਹੋ ਖਤ ਬਾਬੇ ਬੰਦੇ ਨੇ ਓਹਨਾਂ ਅੱਗੇ ਰਖ ਦਿਤਾ ਜਿਸ ਉਤੇ ਉਹਨਾਂ ਦੇ ਦਸਤਖਤ ਤੇ ਮੁਹਰਾਂ ਲਗੀਆਂ ਹੋਈਆਂ ਸਨ। ਫੇਰ ਤਾਂ ਓਹਨਾਂ ਦੇ ਸਿਰ ਪਰ ਅਸਮਾਨ ਪੈ ਗਿਆ ਤੇ ਸ਼ੋਕ ਦੇ ਸਮੁੰਦਰ ਵਿਚ ਡੁਬ ਗਏ। ਬਾਬੇ ਬੰਦੇ ਨੇ ਕਤਲਾਮ ਦਾ ਹੁਕਮ ਦੇ ਦਿਤਾ, ਸਿੰਘਾਂ ਨੇ ਓਸੇ ਵਕਤ ਸ਼ਹਰ ਦੇ ਦਰਵਾਜ਼ੇ ਬੰਦ ਕਰਕੇ ਸਭ ਨੂੰ ਘੇਰ ਲਿਆ। ਤਦ ਉਹਨਾਂ ਨੇ ਮਾਫੀ ਮੰਗੀ ਤਾਂ ਬੰਦੇ ਨੇ ਆਖਯਾ ਜੋ ਕੋਈ ਬੁਧੂ ਸ਼ਾਹ ਵਾਲੀ ਗੜੀ (ਹਵੇਲੀ) ਵਿਚ ਜਾ ਵੜੇਗਾ ਤੇ ਬੁਧੂ ਸ਼ਾਹ ਦਾ ਮੁਰੀਦ ਸਦਾਵੇਗਾ ਉਸ ਦੀ ਜਾਨ ਬਚ ਜਾਏਗੀ, ਏਹ ਖਬਰ ਪਲੋ ਪਲੀ ਵਿਚ ਘਰ ਘਰ ਫਿਰ ਗਈ ਬੜੇ ਬੜੇ ਅਮੀਰ ਜੋਰਾਵਰ ਓਸ ਗੜੀ ਵਿਚ ਦੌੜ ਦੌੜ ਕੇ ਜਾ ਵੜੇ, ਕੀੜਜਾਂ ਦੀ ਤਰਾਂ ਹਵੇਲੀ ਭਰ ਗਈ, ਗ਼ਰੀਬ ਕਮਜ਼ੋਰ ਕੋਈ ਨਾ ਵੜਨਾ ਪਾਯਾ, ਜਦ ਹੇਠੋਂ ਉਪਰੋਂ ਚੁਨ ਚੁਨ ਕੇ ਦੋਵੇਂ ਛੱਤਾਂ ਭਰ ਗਈਆਂ ਤਾਂ ਬੰਦੇ ਨੇ ਸਭ ਕਤਲ

Sri Satguru Jagjit Singh Ji eLibrary NamdhariElibrary@gmail.com

ਕਰਾ ਸੁਟੇ ਓਹ ਕਤਲ ਗੜੀ ਹੁਣ ਤਕ ਸਹਵਾਨੀ ਸਯਦਾਂ ਦੇ ਮਹਲੇ ਮਸ਼ਹੂਰ ਹੈ। ਏਸ ਕਤਲ ਪਿਛੋਂ ਸਢੌਰੇ ਨੂੰ ਤੇ ਗ਼ਿਦ-ਨਢਾਈ ਦੇ ਪਿੰਡਾਂ ਨੂੰ ਸਿੰਘਾਂ ਨੇ ਤੇ ਧਾੜਵੀਆਂ ਨੇ ਲੁਟ ਕੇ ਹਥ ਰੰਗ ਲੀਤੇ ॥

ਸਢੌਰੇ ਤੋਂ ਚਾਰ ਕੋਸ ਇਕ ਕਪੂਰੀ ਪਿੰਡ ਹੈ ਜਿਥੇ ਹੁਣ ਕਈ ਘਰ ਸਿਖਾਂ ਦੇ ਹਨ, ਏਥੋਂ ਦਾ ਬਾਸ਼ਿੰਦਾ ਇਕ ਸਯਦ (ਅਮਾਨਉਲਾ) ਨੁਰੰਗੇ ਦੇ ਵੇਲੇ ਦਖਣ ਦੇਸ ਗੁਜਰਾਤ ਦਾ ਸੂਬਾ ਹੋਇਆ ਸੀ, ਉਸਨੇ ਅਪਣੇ ਪਿੰਡ ਵਿੱਚ ਬੇਓੜਕੀ ਦੌਲਤ ਪੁਰਾਣੇ ਬਹਿਸ਼ਤ ਦਾ ਨਮੂਨਾ ਬਣਾ ਰਖਿਆ ਸੀ, ਜਿਤਨਾ ਓਹ ਲੋਭੀ ਸੀ ਓਤੂੰ ਸੌਗੁਣਾ ਬਦਮਾਸ਼ ਬੀ ਸੀ, ਸੈਂਕੜੇ ਹਿੰਦੂ ਬੇਗੁਨਾਹ ਫੜ ਫੜ ਕੇ ਉਸ ਨੇ ਮਾਰੇ ਕਿ ਹਿੰਦੂਨੂੰ ਮਾਰਕੇ ਬਹਿਸ਼ਤ ਹਮੇਸ਼ ਵਾਸਤੇਮਿਲਦੀ ਹੈ। ਏਹ ਬਾਤ ਕਾਜ਼ੀਆਂ ਤੋਂ ਸੁਨਕੇ ਐਡੀ ਘੁਟਕੇ ਪੱਲੇ ਬੰਨ ਰਖੀ ਸੀ ਕਦੇ ਇਕ ਦਿਨ ਭੀ ਖਾਲੀ ਨਾ ਜਾਣ ਦਿਤਾ, ਬੇਅੰਤ ਹਿੰਦੂ ਲੁਟੇ ਮਾਰੇ, ਬਹੂ ਬੇਟੀ ਤਾਂ ਕਿਸੇ ਦੀ ਭੀ ਬਜਾਹੀ ਆਈ ਸਾਹੁਰੇ ਘਰ ਜਾਣ ਤੋਂ ਪਹਿਲਾਂ ਦੋ ਚਾਰ ਰਾਤਾਂ ਆਪ ਰਖੇ ਬਿਨਾਂ ਨਹੀਂ ਜਾਣ ਦਿੰਦਾ ਸੀ, ਫੇਰ ਉਸ ਦਾ ਪੁਤ੍ਰ ਕੁਦਮ ਦੀਨ ਓਸ ਤੋਂ ਭੀ ਚਾਰ ਚੰਦੇ ਐਸਾ ਖੋਟਾ ਪੈਦਾ ਹੋਯਾ ਚੋਰ ਯਾਰ ਧਾੜਵੀ ਬਦਮਾਸ਼ ਜ਼ਾਲਮ ਮਸ਼ਹੂਰ ਹੋਗਿਆ, ਏਸ ਨੇ ਬਾਪ ਨਾਲੋਂ ਬੀਹ ਗਣੇ ਜੁਲਮ ਕੀਤੇ, ਜਿਥੇ ਕਿਤੇ ਸੁੰਦਰ ਇਸਤ੍ਰੀ ਸੁਣੀ ਭਾਵੇਂ ਕੈਸੀ ਪਤਵੰਤੀ ਸਤਵੰਤੀ ਹੋਵੇ, ਦੌਲਤ ਦੇ ਕੇ, ਯਾ ਜੋਰ ਜੋਰੀ ਸਥ ਨੂੰ ਕਲੰਕਤ ਕਰ ਛਡਿਆ, ਏਹੋ ਜੇਹੀਆਂ ਕੁਰਿਆਈਆਂ ਤੇ ਦੌਲਤ ਬਹੁਤੀ ਸੁਟਕੇ ਵੰਦੇ ਨੇ ਸਿੰਘਾਂ ਦਾ ਇਕ ਜਥਾ

Sri Satguru Jagjit Singh Ji eLibrary NamdhariElibrary@gmail.com

ਤਖਤਾ ਸਿੰਘ ਦੁਲਟ ਦੇ ਜੋਰ ਕਮਾਨ ਭੇਜ ਦਿਤਾ। ਇਨ੍ਹਾਂ ਨੇ ਸੁੱਤੇ ਪਿਆਂ ਨੂੰ ਹੀ ਜਾ ਨੱਪਜਾ, ਮੁਸ਼ਕਾਂ ਦੇਕੇ ਓਸ ਦੇ ਸਬੰਧੀ ਸਭ ਛਿਕ ਕੋਠੜੀ ਵਿਚ ਥੁਨਕੇ ਪਾ ਦਿੱਤੇ, ਜੋ ਕੁਛ ਉਸਦੇ ਘਰੋਂ ਹਥ ਲਗਾ ਸਭ ਲੁਟ ਲਜਾਏ, ਲਖਾਂ ਰੁਪਏ ਦੀ ਸਾਮਗ੍ਰੀ ਸਾਮਾਨ, ਜੇਵਰ ਨਕਦੀ, ਬਾਬੇ ਬੰਦੇ ਅੱਗੇ ਲਿਆ ਰਖੀ ਸੋ ਜਥਾ ਜੋਗ ਓਸਨੇ ਸਿਖਾਂ ਨੂੰ ਵੰਡ ਦਿਤੀ, ਕਦਮ ਦੀਨ ਦੇ ਘਰ ਪੈਹਰਾ ਬੈਠਾ ਆਏ ਸੇ, ਤਿੰਨ ਦਿਨ ਤਿੰਨ ਰਾਤਾਂ ਓਹ ਓਸੇ ਕੋਠੜੀ ਵਿਚ ਬੰਦ ਰਹਿਕੇ ਤੜਫਦਾ ਹੋਯਾ ਅਪਣੇ ਕਰਮਾਂ ਦਾ ਫਲ ਭੋਗਣ ਲਈ ਦੋਜ਼ਖ ਵਿਚ ਜਾ ਪਿਆ। ਏਵੇਂ ਸਿੰਘਾਂ ਦਾ ਦਬਦਬਾ ਦੇਸ ਵਿਚ ਬਹੁਤ ਪੈ ਗਿਆ, ਨਾਲ ਏਸ ਸਮੇਂ ਔਰੰਗਜ਼ੇਬ ਦੇ ਮਰੇ ਤੋਂ ਸ਼ਾਹਜ਼ਾਦਿਆਂ ਵਿਚ ਲੜਾਈ ਹੋਨੇ ਕਰ ਬਾਦਸ਼ਾਹੀ ਬੰਦੋਬਸਤ ਟੁੱਟ ਰਿਹਾ ਸੀ, ਸੂਬੇ ਆਪਣੇ ਆਪਣੇ ਇਲਾਕੇ ਦੇ ਆਪਨੂੰ ਹੀ ਖੁਦ ਮੁਖਤਾਰ ਮੰਨਕੇ ਆਪਣੀ ੨ ਫੜਫ ਤਲਾਵਾਂ ਖਿਚ ਰਹੇ ਸੇ, ਪਰਜਾਂ ਦੀ ਰੱਖਿਆ ਵਿਚ ਕੋਈ ਤਨ ਨਹੀਂ ਦੇਂਦਾ ਸੀ। ਏਸੇ ਕਰਕੇ ਲੁੱਟ ਮਾਰ ਚੋਰੀ ਧਾੜਾ ਮੁਲਕ ਵਿਚ ਆਮ ਹੋ ਰਿਹਾ ਸੀ ਤੇ ਬੰਦੇ ਬਹਾਦਰ ਨੂੰ ਬੀ ਰੋਕਣ ਵਾਲਾ ਕੋਈ ਨਾ ਖੜਾ ਹੋਯਾ, "ਮਨ ਭਾਏ ਦਾਮ ਚਲਾਏ।" ਬਾਬੇ ਬੰਦੇ ਨੇ ਜਦ ਬੜੇ ੨ ਪੀਰਾਂ ਦੀਆਂ ਕਬਰਾਂ ਪੁਟਵਾਕੇ ਹੱਡੀਆਂ ਫੁਕਵਾ ਦਿਤੀਆਂ। ਤਾਂ ਸਾਰੇ ਦੇਸ ਵਿਚ ਧਾਂਕ ਪੈ ਗਈ। ਹਿੰਦੂ ਕਲਗੀ ਅਵਤਾਰ ਤੇ ਮੁਸਲਮਾਨ ਸੈਂਹਦੀ ਆਖਣ ਲਗ ਪਏ, ਕੋਈ ਆਖਦਾ ਏਸਦੇ ਕਾਬੇ ਬੀਰ ਹਨ, ਕੋਈ ਆਖਦਾ ਦੇਉ ਹਨ। ਜਿਤਨੇ ਮੂੰਹ ਓਤਨੀ ਭਾਖਾ, ਤਾਹੀਂ ਕੋਈ ਹਾਕਮ ਬੰਦੇ ਦੇ ਸਾਹਮਣੇ ਨਹੀਂ ਹੁੰਦਾ ਸੀ॥

Sri Satguru Jagjit Singh Ji eLibrary NamdhariElibrary@gmail.com

ਛਤਬਨੂੜ ਮਾਰਨਾ

ਕਸਬੇ ਛਤਬਨੂੜ ਦੇ ਖੱਤ੍ਰੀ ਬ੍ਰਹਮਣਾਂ ਨੇ ਬੰਦੇ ਪਾਸ ਫਰਯਾਦੀ ਹੋਕੇ ਮੁਸਲਮਾਨਾਂ ਦੇ ਜ਼ੁਲਮ ਬਹੁਤ ਬੁਰੇ ਸੁਣਾਏ ਤੇ ਆਖਿਆ ਮਹਾਰਾਜ! ਸਾਡੀ ਬਹੁ ਬੇਟੀ ਨੂੰ ਜੋਰ ਨਾਲ ਮੁਸਲਮਾਨ ਵਿਗਾੜ ਦਿੰਦੇ ਹਨ ਤੇ ਏਸੇ ਗਲੋਂ ਬਹੁਤ ਡਰਦੀਆਂ ਮਾਰੀਆਂ ਮਰ ਜਾਂਦੀਆਂ ਹਨ। ਫੇਰ ਜਦ ਕਿਸੇ ਹਿੰਦੂ ਦੇ ਘਰ ਕੋਈ ਗਊ, ਬੈਲ ਬੀਮਾਰ ਹੁੰਦੀ ਹੈ ਤਾਂ ਕਾਜ਼ੀ ਆਕੇ ਉਸਨੂੰ ਹਲਾਲ ਕਰਦੇ ਹਨ ਤੇ ਉਸਦੀ ਮਿਟੀ ਘਰ ਵਾਲਜਾਂ ਦੇ ਸਿਰ ਉਤੇ ਉਠਵਾਇ ਕਰ ਮਸੀਤ ਵਿਚ ਲੈਜਾਕੇ ਮੁਸਲਮਾਨਾਂ ਨੂੰ ਵੰਝ ਦਿੰਦੇ ਹਨ। ਜੇਕਰ ਮਰਣ ਲਗੇ ਪਸ਼ੂ ਦੀ ਖਬਰ ਨਾ ਕਰੀਏ ਤਾਂ ਕਾਜ਼ੀ ਆਖਦੇ ਹਨ ਕਿ ਹਰਾਮ ਕਿਉਂ ਮਰਣ ਦਿੱਤਾ, ਏਸਤਰਾਂ ਬਹੁਤ ਸਜਾਇ ਦਿਵਾਉਂਦੇ ਹਨ, ਤੇ ਆਖਦੇ ਹਨ ਕਿ ਹਿੰਦੂਆਂ ਨੂੰ ਖੁਦਾ ਨੇ ਮੁਸਲਮਾਨਾਂ ਦੀ ਗੁਲਾਮੀ ਵਾਸਤੇ ਹੀ ਬਨਾਇਆ ਹੈ। ਜਿਤਨਾਂ ਏਨਾਂ ਹਿੰਦੂਆਂ ਨੂੰ ਦੁਖ ਦੇਈਏ ਉਤਨਾਂ ਹੀ ਪੁੰਨ ਹੈ। ਏਸੇ ਤਰਾਂ ਆਪਣੇ ਦੀਨ ਵਿਚ ਲਜਾਉਣ ਵਾਸਤੇ ਅਨੇਕ ਪ੍ਰਕਾਰ ਦੇ ਦੁਖ ਦਿੰਦੇ ਰੰਹਦੇ ਹਨ ਕਿਸੇ ਤਰਾਂ ਭੀ ਚੈਨ ਨਹੀਂ ਲੈਣ ਦਿੰਦੇ। ਹੁਣ ਜੇਕਰ ਤੁਸੀ ਸਾਡੀ ਸਹਾਇਤਾ ਕਰੋ ਤਾਂ ਬਚਦੇ ਹਾਂ। ਇਸ ਪ੍ਰਕਾਰ ਦੇ ਜ਼ੁਲਮ ਓਨਾਂ ਤੋਂ ਸੁਣਕੇ ਬੰਦੇ ਸਾਹਿਬ ਨੇ ਪਹਿਲੇ ਕਸਬੇ ਬਾਨੂੜ ਉਤੇ ਖਾਲਸੇ ਦਾ ਹੱਲਾ ਕਰਵਾ ਦਿਤਾ। ਤਲਵਾਰਾਂ ਸੂਤ ਸੂਤ ਕੇ ਸਿੰਘ ਨਗਰਾਂ ਵਿਚ ਜਾ ਵੜੇ ਤੇ ਲੁੱਟ ਮਾਰ ਮਚਾ ਦਿੱਤੀ, ਜਿਸਨੇ ਅਗੋਂ ਹਥ ਉਠਾਇਆ ਓਹੋ ਤੇਗ ਨੂੰ ਛਕਾਯਾ

Sri Satguru Jagjit Singh Ji eLibrary NamdhariElibrary@gmail.com

ਜਿਸਨੇ ਬੋਦੀ ਦਿਖਾਈ ਉਸੇ ਨੇ ਜਾਣ ਬਚਾਈ, ਚਾਰ ਘੜੀ ਵਿਚ ਕਜਾਮੜ ਦਿਖਾਈ ਦੇ ਗਈ, ਮੁਸਲਮਾਨੀ ਤੋਬਾ ਤੋਬਾ ਕਰਦੀ ਨੱਠ ਨਿਕਲੀ, ਕਿਸੇ ਨੇ ਕਿਸੇ ਨੂੰ ਨਾ ਸੰਭਾਲਜਾ, ਅਨੇਕ ਮੁਸਲਮਾਨ ਬੜੇ ਬੜੇ ਨਾਮੀ ਹਿੰਦੂਆਂ ਨੂੰ ਬਾਪੂ ਕਹਿ ਕਹਿ ਕਰ ਸਾਥ ਲੈਕੇ ਬੰਦੇ ਬਹਾਦਰ ਦੇ ਚਰਨਾਂ ਵਿਚ ਆ ਗਿਰੇ, ਬਖਸ਼ਾਉਣ ਵਾਸਤੇ ਬੇਨਤੀ ਕੀਤੀ । ਬੰਦੇ ਸਾਹਿਬ ਨੇ ਬਹੁਤਸਾਰੀ ਦੌਲਤ ਜੁਰਮਾਨਾ ਲੈ ਕਰ ਅਮਨ ਦਿਤਾ । ਏਸੇ ਛਾਂਤ ਛਤ ਨੂੰ ਬਿਪੱਤ ਕਰਕੇ ਚੰਗੀ ਤਰਾਂ ਭੁਗਤ ਸਵਾਰ ਕੇ ਬੰਦੇ ਬਹਾਦਰ ਨੇ ਹੁਣ ਉਨਾਂ ਮਝੈਲ ਸਿੰਘਾਂ ਨੂੰ ਮਿਲਾ ਲੈਣ ਵਾਸਤੇ ਉਸੇ ਥਾਂ ਡੇਰਾ ਲਾ ਦਿਤਾ।

ਜੈਂਗ ਮਝੈਲਾਂ ਦਾ ਰੋਪੜ

ਹੁਣ ਬੰਦੇ ਨੇ ਸਢੌਰੇ ਤੇ ਕਪੂਰੀ ਛਤ ਬਨੂੜ ਨੂੰ ਫਤੇ ਕਰਕੇ ਮਝੈਲ ਸਿੰਘ ਜੋ ਕੀਰਤ ਪੁਰ ਤੁਰਤਾਂ ਦੇ ਰੋਕੇ ਹੋਏ ਬੈਠੇ ਹਰ ਵੇਲੇ ਬੰਦੇ ਬਹਾਦਰ ਨਾਲ ਮਿਲਣ ਲਈ ਉਮੰਗ ਵਧਾ ਰਹੇ ਸਨ, ਓਨਾਂ ਪਾਸ ਆਦਮੀ ਭੇਜਿਆ ਕਿ ਤੁਸੀ ਖਰੜ ਪਿੰਡ ਵੰਨੀ ਆਓ, ਅਸੀ ਛਤ ਬਨੂੜ ਵੱਲ ਆਉਨੇ ਹਾਂ। ਏਹ ਸੁਨੇਹਾ ਤਾਂ ਮਝੈਲਾਂ ਵਿੱਚ ਜਾਨ ਪਾ ਗਿਆ, ਫੌਰਨ ਅਰਦਾਸੇ ਸੋਧਕੇ ਰੋਪੜ ਵਲ ਚਲ ਪਏ, ਵਜੀਦਖਾਂ ਨੇ ਤਾਂ ਪੈਹਲੇ ਹੀ ਓਨਾਂ ਸਿੰਘਾਂ ਦੀ ਟੋਕ ਵਾਸਤੇ ਰੋਪੜੀਏ ਵਗੈਰੇ ਪਿੰਡਾਂ ਦੇ ਜਾਗੀਰਦਾਰਾਂ ਨੂੰ ਉਧਤ ਕਰ ਰਖਜਾ ਸੀ ਅਤੇ ਆਪ ਭੀ ਏਹ ਖਬਰ ਸੁਣਦੇ ਸਾਰ ਮਲੇਰ ਕੋਟਲੇ ਦੇ ਪਠਾਣ ਸ਼ੇਰ ਮਹੰਮਦ ਖਾਂ ਨੂੰ ਇਕ ਦਸਤਾ ਫੌਜ ਦੇਕੇ ਹੁਕਮ ਦਿਤਾ ਓਹ ਬੰਦੇ ਨੂੰ ਮਿਲਨੇ ਨਾ ਪਾਉਣ, ਓਧਰੇ ਬਜੋਤੇ ਜਾਣ ਤਾਂ

Sri Satguru Jagjit Singh Ji eLibrary NamdhariElibrary@gmail.com

ਚੰਗਾ ਹੈ ਸ਼ੇਰ ਮਹੰਮਦ ਖਾਂ ਦੇ ਵਡੇ ਸਰਦਾਰ ਦੀਨ ਨੇ ਮਲੇਰ ਪਿੰਡ ਵਸਾਯਾ ਸੀ, ਓਸਦੇ ਪੜੋਤੇ ਵਜੀਦ ਖਾਂ ਨੇ ਕੋਟਲਾ ਵਸਾਕੇ ਰਾਜਧਾਨੀ ਹਾਸਲ ਕਰ ਲੀਤੀ। ਇਕ ਵਾਰੀ ਬਹਾਦਰ ਸ਼ਾਹ ਦੇ ਹੁਕਮ ਨਾਲ ਬਦਾਊ ਵਾਲੇ ਰੁਹੇਲੇ ਪਠਾਣ ਨੂੰ ਜੋ ਆਕੀ ਬਦਬਰ ਹੋਰਹੇ ਸਨ, ਏਹ ਫਤੇ ਕਰਕੇ ਛੜ ਕਰ ਲੈ ਆਯਾ ਸੀ, ਏਹ ਕੰਮ ਕਰਨ ਤੋਂ ਖੁਸ਼ੀ ਹੋਕੇ ਬਾਦਸ਼ਾਹ ਨੇ ਧੌਂਸਾ ਝੰਡਾ, ਸਰਥ ਲਾਉਣੀ ਜੋ ਰਈਸ ਦੀ ਪੱਕੀ ਨਿਸ਼ਾਨੀ ਹੈ, ਬਖਸ਼ੀ॥

ਹੁਣ ਨੁਵਾਬ ਸ਼ੇਰ ਮਹੰਮਦ ਖਾਂ ਤੇ ਦਿਲਾਵਰ ਖਾਂ ਫੌਜਦਾਰ ਫੌਜ ਲੈਕੇ ਜਦ ਪੁਜੇ ਤਾਂ ਸਿੰਘਾਂ ਨੇ ਬੀ ਓਸ ਸਮੇਂ ਪਿਛੇ ਹਟਣਾ ਚੰਗਾ ਨਾ ਸਮਝਕੇ ਏਹੋ ਗੁਰੂ ਕਾ ਬਚਨ ਮੰਨ ਲੀਤਾ, ਯਥਾ (ਅਗਾਹਾਂ ਕੂੰਮ੍ਹਾਂ ਪਿਛਾ ਫੇਰ ਨਮੁਹਡੜਾ) ਓਹ ਸਾਰੀ ਫੌਜ ਨਾਲ ਰੋਪੜੀਏ, ਖਿੜੀ, ਬੈਲੇਲਪੁਰਾ ਬਸੀਆਂ ਵਾਲੇ ਵਗੈਰੇ ਮੁਸਲਮਾਨਾਂ ਨੇ ਘੇਰ ਲਏ, ਰੋਪੜ ਪਾਸ ਜੰਗ ਹੋਣ ਲਗਾ, ਸਿੰਘਾਂ ਨੇ ਜਾਨਾਂ ਤੋੜਕੇ ਐਸੀ ਮੁਠ ਭੇੜ ਕੀਤੀ, ਪੈਰ ਜਮਾਈ ਰਖੇ, ਸਾਰਾ ਦਿਨ ਲੜਦੇ ਰਹੇ। ਕਿਸੇ ਸਿੰਘ ਦੀ ਗੋਲੀ ਐਸੀ ਨਿਸ਼ਾਨੇ ਬੈਠੀ ਨਸਰੂ ਖਾ ਮਲੇਰੀਆ ਮਾਰਿਆ ਗਿਆ, ਕੁਛ ਓਸ ਕਰਕੇ ਤੇ ਕੁਛ ਬਾਕੀ ਦਿਨ ਛਿਪ ਜਾਨ ਕਰਕੇ ਲੜਾਈ ਬੰਦ ਹੋ ਗਈ, ਸ਼ਾਹੀ ਫੌਜ ਤਾਂ ਖੁਸ਼ੀ ਵਿਚ ਸੀ ਕਿ ਸਵੇਰੇ ਸਿੰਘਾਂ ਨੂੰ ਮਾਰ ਲਵਾਂਗੇ, ਦਾਰੂ ਸਿੱਕਾ ਬੀ ਏਨਾਂ ਕੋਲ ਨਹੀਂ ਹੋਣਾ ਮਾਲੂਮ ਹੁੰਦਾ ਹੈ। ਸ਼ੇਰ ਮਹੰਮਦ ਖਾਂਨ ਸਰਦਾਰ ਨਸਰੂ ਖਾਂ ਦੀ ਲੋਥ ਚੁਕਣ ਨੂੰ ਕਈ ਹੱਲੇ ਕੀਤੇ, ਪਰ ਸਿੰਘਾਂਨੇ ਚੁਕਣ ਨਾ ਦਿਤੀ। ਦਿਨ ਚੜ੍ਹੂ ਤੋਂ ਪੈਹਲੇ ਹੀ ਅਨੰਦਪੁਰ ਗਿਰਦੇ ਜੋ ਪਹਾੜੀਆਂ

Sri Satguru Jagjit Singh Ji eLibrary NamdhariElibrary@gmail.com

ਵਿਚ ਲੁਕੇ ਛਿਪੇ ਸਿੰਘ ਰੈਂਹਦੇ ਸਨ ਓਹਥੀ ਜੰਗੀ ਸਾਮਾਨ ਲੈਕੇ ਰਣਭੂਮੀ ਵਿਚ ਸਿੰਘਾਂ ਨਾਲ ਆ ਮਿਲੇ, ਦਾਰੂ ਸਿੱਕਾ ਓਨਾਂ ਨੇ ਬਹੁਤ ਵਰਤਾ ਦਿਤਾ ॥

ਹੁਣ ਦਿਨ ਦਾ ਮਾਲਕ ਸੁਹੈਟ ਪ੍ਰਸ਼ਾਕੀ ਜਗਮਗ ਕਰਦੀ ਹੋਈ ਧੁਪ ਵਰਗੀ ਪੈਹਨਕੇ ਜਦ ਅਸਮਾਨ ਦੇ ਤਖਤ ਪਰ ਆ ਬੈਠਾ ਤੇ ਸਿੰਘ ਦਾਤਣਾਂ ਕੁਰਲੇ ਕਰ ਸੁਚੇਤੇ ਤਾੜਕੇ ਜੰਗ ਨੂੰ ਤਿਆਰ ਹੋਏ ਤਾਂ ਦੁਵੱਲੇਂ ਤੀਰ ਗੋਲੀ ਮੀਂਹ ਵਰਸਨੇ ਲਗਾ। ਭਾਵੇਂ ਸ਼ੇਰ ਮਹੰਮਦ ਖਾਂ ਨੇ ਅਪਨੇ ਚਚੇਰੇ ਭਰਾਦੀ ਲੋਥ ਨਾ ਚੁਕਣ ਦੇਣ ਬਦਲੇ ਸਿੰਘਾਂ ਉਤੇ ਭਾਰੀ ਕ੍ਰੋਧ ਨਾਲ ਹੱਲਾ ਕਰਾ ਦਿਤਾ, ਜਿਸ ਵਿਚ ਵਲੀ ਮਹੰਮਦ ਖਾਂ ਨਾਹਰ ਖਾਂ ਦਾ ਭਾਈ ਤੇ ਦਿਲਾਵਰ ਖਾਂ ਫੌਜਦਾਰ ਮਾਰੇ ਗਏ, ਸ਼ੇਰ ਮਹੰਮਦ ਖਾਂ ਫਟਿਆ ਗਿਆ, ਬੜੀ ਔਖਾਈ ਨਾਲ ਭਰਾਵਾਂ ਦੀਆਂ ਲੋਥਾਂ ਲੈਕੇ ਸਰਹੰਦ ਦੇ ਰਾਹ ਪਿਆ। ਸਰਦਾਰਾਂ ਬਿਨਾ ਫੌਜ ਕਿਵੇਂ ਲੜੇ? ਤਿੜ ਬਿੱੜ ਹੋ ਗਈ ਪਿਛਾਂ ਵਾਲੇ ਦਸ ਦਸ ਵੀਹ ੨ ਆਦਮੀ ਮਰਵਾਕੇ ਰੁਸੀ ਹੋਈ ਨਾਇਕ ਵਾਂਙੂ ਘਰੀਂ ਜਾ ਬੈਠੇ, ਬਿਜੈਈ ਸਿੰਘ ਵਰੀ ਦੀ ਫੌਜ ਦਾ ਸਮਾਨ ਘੋੜੇ ਹੱਥਯਾਰ ਲੈਕੇ (ਸਤਿਗੁਰ ਮੇਰੀ ਰਾਖ ਲਈ) ਏਹੋ ਜੇਹੇ ਸ਼ਬਦ ਗਾਉਂਦੇ ਹੋਏ ਚਮਕੌਰ ਗੁਰਦ੍ਵਾਰੇ ਪ੍ਰਸ਼ਾਦ ਕਰਾ ਛੱਕ ਛਕਾ ਅੱਗੇ ਨੂੰ ਵਧ ਆਏ ॥

ਮਝੈਲਾਂ ਦੀ ਦੂਜੀ ਲੜਾਈ

ਜਦ ਵਜੀਦ ਖਾਂ ਨੇ ਅਪਣਾ ਫੌਜ ਦੀ ਹਾਰ ਤੇ ਸਰਦਾਰਾਂ ਦਾ ਮਰਨਾਂ ਸੁਣਿਆਂ ਤਾਂ ਜਮਾਲ ਖਾਂ ਬੈਲਲ ਪੁਰੀਏ, ਸ਼ਮਸ਼ ਖਿੜੀ ਵਾਲੇ ਨੂੰ ਤੇ ਖਿਜਰ ਖਾਂ ਮਲੇਰੀਏ ਨੁਵਾਬ ਨੂੰ ਬਹੁਤ

Sri Satguru Jagjit Singh Ji eLibrary NamdhariElibrary@gmail.com

ਸ਼ਾਰੀ ਲੜਾਕੀ ਫੌਜ ਚਾਰ ਤੋਪਾਂ ਦੇਕੇ ਬੜੇ ਜ਼ੋਰ ਸ਼ੋਰਨਾਲ ਅੱਗੇ ਭੇਜਿਆ ਤੇ ਏਸ ਸ਼ਾਹੀ ਫੌਜ ਨੇ ਸੰਘੋਲ ਪਿੰਡ ਪਾਸ ਜਿਸਦਾ ਹੁਣ ਬੇਹ ਖਮਾਣੋ ਪਿੰਡ ਦੇ ਨੇੜੇ ਹੈ, ਓਥੇ ਸਿੰਘਾਂ ਨੂੰ ਜਾ ਘੇਰਿਆ ਅਤੇ ਗੱਜ ਵੱਜਕੇ ਖਿਜਰ ਖਾਂ ਨੇ ਆਖਿਆ, ਹੋ ਮਰਦੂਦ ਸਿਖੋ! ਮੈਂ ਓਹੋ ਖ਼ਾਨਾ ਖਿਜਰ ਖਾਂ ਹਾਂ, ਜਿਸਨੇ ਚਮਕੌਰ ਦੇ ਜੰਗ ਵਿੱਚ ਤੁਸਾਡੇ ਗੁਰੂ ਨੂੰ ਚਣੇ ਚਬਾਕੇ ਦੇਸ ਨਿਕਾਲਾ ਦੇ ਛੱਡਜਾ, ਅਤੇ ਓਸਦੇ ਪੁਤ੍ਰਾਂ ਸਮੇਤ ਬਹੁਤ ਸਾਰੇ ਸਿਖਾਂ ਨੂੰ ਤੇਗ ਦੇ ਘਾਟ ਬੇਗ ਹੀ ਉਤਾਰਿਆ ਸੀ,ਹੁਣ ਤੁਸੀਂ ਫੇਰ ਮੇਰੇ ਭਾਈ ਨਸਰੂ ਖਾਂ, ਵਲੀ ਮਹੰਮਦ ਖਾਂ ਨੂੰ ਮਾਰਕੇ ਮੇਰੀ ਕ੍ਰੋਧ ਦੀ ਅੱਗ ਭੜਕਾ ਦਿੱਤੀ ਹੈ, ਏਸ ਨੂੰ ਤੁਸਾਡੇ ਲਹੂ ਪੀਕੇ ਬੁਝਾ ਕਰ ਕਲੇਜਾ ਠੰਢਾ ਕਰਾਂਗਾ, ਅਜੇ ਥੀ ਸਮਝੋ ਕਿਉਂ ਬਿਨਾਂ ਆਈ ਮਰਦੇ ਹੋ ? ਪਤੰਗਾਂ ਦੀ ਤਰਾਂ ਸਾਡੀ ਤੇਗ ਦੀ ਲਾਟ ਵਿੱਚ ਸੜਦੇ ਹੋ, ਗਿੱਦੜ ਦੀ ਮੌਤ ਥਾਉਂ ਹੀਏ, ਸਾਂਹਮੀਆਂ ਪਾਸ ਲੈ ਆਉਂਦੀ ਹੈ,ਇਸ ਤਰਾਂ ਤੁਸਾਡੀ ਮੌਤ ਸਾਡੇ ਪਾਸ ਲੈ ਆਈ ਹੈ, ਫੇਰ ਥੀ ਮੈਂ ਤਰਸ ਕਰਕੇ ਤੁਸਾਨੂੰ ਛੱਡਦਾ ਹਾਂ, ਜੀਉਣਾ ਹੈ ਤਾਂ ਹੱਥਜਾਰ ਸਿੱਟਕੇ ਚਲੇ ਜਾਓ ॥

ਏਹ ਉਪਦੇਸ਼ ਨਾਲਾਇਕ ਦਾ ਕਲੇਸ਼ ਦਾਇਕ ਸੁਣਕੇ ਦੇਵਾ ਸਿੰਘ ਜਲੰਧਰੀ, ਬਹਾਦਰ ਸਿੰਘ ਖੇਮਕਰਨੀ, ਵਜੀਰ ਸਿੰਘ ਖੱਖੜੀ, ਰਤਨ ਸਿੰਘ ਮਾਹਿਲ ਵਰੀਚੇ ਸਿੰਘਾਂ ਦੇ ਜੱਥੇਦਾਰਾਂ ਨੇ ਬੱਦਲ ਵਾਂਗੂੰ ਗੱਜਕੇ ਜਵਾਬ ਦਿੱਤਾ ਕਿ ਓਇ ਪਠਾਣ ਬੇਈਮਾਨ, ਕਾਇਰ ਬੁੱਢੇ ਨੀਚ ਚਮਕੌਰ ਵਿੱਚੋਂ ਤਾਂ ਤੂੰ ਨੱਠ ਕੇ ਕੰਧ ਦੇ ਓਲੇ ਹੋਕੇ ਜਾਨ ਬਚਾਈ ਸੀ, ਹੁਣ ਝੂਠੇ ਗਪੌੜੇ ਮਾਰਕੇ ਆਪਣਾ ਦਬਾਓ ਸਾਡੇ ਉਤੇ ਪਾਉਨਾ ਹੈਂ? ਦੇਖ! ਹੁਣ ਨਸਰੂ ਖਾਂ ਨਾਲ ਹੀ ਤੈਨੂੰ ਤੋਰਦੇ ਹਾਂ, ਫੇਰ ਤਾਂ ਖਿਝਕੇ ਓਸਨੇ ਬੰਦੂਕਾਂ

Sri Satguru Jagjit Singh Ji eLibrary NamdhariElibrary@gmail.com

ਤੋਪਾਂਦੇ ਫੈਰ ਕਰਾ ਦਿੱਤੇ, ਤੀਰ ਗੋਲੀ ਬਰਸਨ ਲਗੀ, ਮਾਰ ਮਾਰਦੀ ਪੁਕਾਰ ਪੈ ਗਈ, ਖਟਾਖਟ ਤਲਵਾਰ ਚਲ ਪਈ, ਅਲੀ ੨ ਅਕਾਲ ੨ ਦੀ ਅਵਾਜ ਨੇ ਅਕਾਸ਼ ਭਰ ਦਿੱਤਾ, ਇਕ ਪੈਹਰ ਚੰਗੀ ਤੁਲਮੀ ਲੜਾਈ ਹੁੰਦੀ ਰਹੀ, ਸਿੰਘ ਭਾਂ ਇਕ ਕੱਚੀ ਹਵੇਲੀ ਪੈਹਲੇ ਹੀ ਮੱਲੀ ਬੈਠੇ ਸਨ, ਤੁਰਕ ਪਿੱਛੇ ਆਏ ਮੈਦਾਨ ਵਿੱਚ ਰਹੇ, ਪਿੰਡ ਵਿੱਚ ਸਿੰਘਾਂ ਨੇ ਵੜਨ ਨਾ ਦਿੱਤੇ,ਏਸ ਕਰਕੇ ਮਾਸ ਮਿਟੀ ਦਾ ਟਾਕਰਾ ਹੁੰਦਾ ਰਿਹਾ ਓੜਕ ਹੰਕਾਰ ਦਾ ਸਿਰ ਨੀਵਾਂ ਹੁੰਦਾ ਹੈ ਖਿਜਰ ਖਾਂ ਅਨੇਕ ਸਾਥੀ ਸੂਰਬੀਰਾਂ ਸਮੇਤ ਖੇਤ ਦੇ ਰੇਤ ਵਿੱਚ ਹੀ ਰਲ ਗਿਆ, ਓਸਦੇ ਡਿੱਗਣਾਂ ਹੀ ਤੁਰਕੀ ਫੌਜ ਨੂੰ ਨੱਠਣ ਦਾ ਸਨੇਹਾ ਦੇ ਗਿਆ। ਤੁਰਕਾਂ ਨੇ ਬੇਦਿਲ ਹੋਕੇ ਜੰਗਬੰਦ ਕਰ ਦਿੱਤਾ ਸਿੰਘ ਏਥੋਂ ਜਿਤ ਨੂੰ ਗਨੀਮਤ ਸਮਝਕੇ ਬੰਦੇ ਵੰਨੀ ਚਲ ਪਏ। ਬੰਦੇ ਨੇ ਅਗੋਂ ਪੇਸ਼ਵਾਈ ਕਰਕੇ ਬੜੇ ਗਾਜੇ ਵਾਜੇ ਨਾਲ ਮਝੈਲਾਂ ਨੂੰ ਲੈ ਆਂਦਾ ਅਤੇ ਖੜੀਕਾਰੀ ਖੁਸ਼ੀ ਮਨਾਈ, ਸ਼ਰਫੀਆਂ ਇਨਾਮ ਵੰਡੀਆਂ ॥

ਸਰਹੰਦ ਪਰ ਤਜਾਈ ਤੇ ਬਾਬੇ ਬੰਦੇ ਵਜੀਦ ਖਾਂ ਦੀਆਂ ਗਾਲਾਂ

ਹੁਣ ਜਦ ਬਾਬੇ ਬੰਦੇ ਬਹਾਦਰ ਨੇ ਸਰਹੰਦ ਉਤੇ ਹੱਲਾ ਕਰਨ ਦੀ ਲੋਂਡੀ ਫਿਰਾਕੇ ਓਧਰ ਨੂੰ ਕੂਚ ਕੀਤਾ ਤਦੋਂ ਹੀ ਦੇਸ਼ ਵਿਚ ਹਲ ਚਲੀ ਪੈ ਗਈ, ਕਈ ਹਜ਼ਾਰ ਲੁਟੇਰੇ ਸਰਹੰਦ ਨੂੰ ਲੁੱਟਣ ਵਾਸਤੇ ਘੋੜੇ ਖੱਚਰਾਂ, ਸੋਲੇ ਤਲਵਾਰਾਂ, ਤੀਰ ਕਮਾਨਾਂ, ਬਰਛੀਆਂ, ਛਵੀਆਂ ਲੈਕੇ ਬੰਦੇ ਦੇ ਸਾਥੀ ਹੋਣ ਲਈ ਆਣ ਮਿਲ ਪਏ, ਓਧਰੋਂ ਵਜੀਦ ਖਾਂ ਨੇ ਬੰਦੇ ਨੂੰ ਲਿਖ ਭੇਜਿਆ ਐਤਨਾ ਮੁਲਕ ਲੁਟਕੇ ਅਜੇ

Sri Satguru Jagjit Singh Ji eLibrary NamdhariElibrary@gmail.com

ਤੇਰੀ ਭੁਖ ਨਹੀਂ ਗਈ ਤੂੰ ਮੁੰਹ ਚੁਕੀ ਐਧਰ ਆ ਰਿਹਾ ਹੈਂ ਮੇਰੀ ਤਾਕਤ ਨੂੰ ਜਾਨਦਾ ਨਹੀਂ ? ਜਾਹ ਹੁਨ ਮੁੜ ਜਾਹ ਦਹੀਂ ਦੇ ਧੋਖੇ ਕੁਪਾਹ ਨਾ ਖਾ ਜਾਈਂ । ਅਨਾਰ ਦੇ ਭੁਲੇਖੇ ਤੋਤੇ ਨੇ ਨਾਲੀਏਰ ਨੂੰ ਜਾ ਮੁੰਹ ਪਾਇਆ ਵਿਚੇ ਚੁੰਜ ਫਸ ਗਈ ਲਟਕਦਾ ਹੋਯਾ ਸੁਕਕੇ ਮਰ ਗਿਆ । ਮੈਂ ਓਹੋ ਵਜ਼ੀਦ ਖਾਂ ਹਾਂ ਜਿਸਨੇ ਤੁਸਾਡੇ ਗੁਰੂ ਨੂੰ ਦੇਸ ਤੋਂ ਕਢਿਆ ਹੈ ਹੁਣ ਲੈ ਤੈਨੂੰ ਦੀਨ ਦੁਨੀਆਂ ਦੋਹਾਂ ਤੋਂ ਕੱਢਾਂਗਾ, ਅਜੇ ਭੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੈਨੂੰ ਬੈਰਾਗੀ ਫਕੀਰ ਮੰਗਤਾ ਜਾਣਕੇ ਛਡਦਾ ਹਾਂ, ਫਕੀਰਾਂ ਦਾ ਕੰਮ ਨਹੀਂ ਬਾਦਸ਼ਾਹਾਂ ਨਾਲ ਆਢੇ ਲਾਉਣੇ, ਤੈਂ ਜੋ ਰੰਜੀ ਗੁਟਾਰ ਟੀਸੀ ਆਲ੍ਹਣੇ ਵਾਲੀ ਚਾਲ ਫੜ ਰਖੀ ਹੈ, ਫੰਗ ਖੁਸ਼ਾਕੇ ਜਾਏਂਗਾ । ਬੰਦੇਨੇ ਜਵਾਬ ਦਿਤਾ: ਮਾਯਾ ਕਿਸੇ ਦੀ ਨਹੀਂ, ਏਹ ਕਿਸੇ ਨੇ ਨਹੀਂ ਭੋਗੀ ਏਸ ਨੇ ਰਾਵ ਰੰਕ ਪੀਰ ਫਕੀਰ ਸਭ ਭੋਗ ਲੀਤੇ ਮੈਂ ਏਸ ਲੁਟ ਦੀ ਝੂਠੀ ਮਾਯਾ ਵਾਸਤੇ ਨਹੀਂ ਆਇਆ, ਜਿਸ ਕੰਮ ਨੂੰ ਆਇਆ ਹਾਂ ਓਹ ਕਰੇ ਬਿਨਾ ਨਹੀਂ ਹਟਦਾ ਅਤੇ ਨਾ ਕਿਸੇ ਦਾ ਮਾਰਿਆ ਮਰਾਂਗਾ, ਹੋਵੇਗਾ ਬੀ ਓਹੋ ਜੋ ਮੇਰੇ ਗੁਰੂ ਦਾ ਭਾਣਾ ਹੈ, ਮੈਂ ਤੈਨੂੰ ਨਹੀਂ ਮਾਰਣਾ ਤੇਰੇ ਪਾਪ ਤੈਨੂੰ ਮਾਰਨਗੇ, ਮੀਆਂ (ਤੇਰੇ ਮਾਰਨੇ ਕੋ ਤੇਰੋ ਪਾਪ ਮਹਾਂਬਲੀ ਹੈ) ਅਸੀ ਤਾਂ ਡਰੀਏ ਤਾਂ ਜੇ ਪਾਪ ਕਰੀਏ, ਸਾਨੂੰ ਹੁਕਮ ਹੈ ਜੋ ਲੋਗ ਜਾਲਮ ਜਥਚੀਆਂ ਜੁਲਮ ਕਰਨ ਵਾਲੇ ਹਨ, ਓਨਾਂ ਨੂੰ ਓਨਾਂ ਦੇ ਕਰਮ ਦਾ ਫਲ ਦਿਓ । ਏਹੋ ਸਾਢ ਇਨਸਾਫ ਕਰਨ ਵਾਸਤੇ ਮੈਨੂੰ ਗੁਰੂ ਜੀ ਨੇ ਭੇਜਿਆ ਹੈ ਤੈਨੂੰ ਕਿਸੇ ਭਾਂਤ ਨਹੀਂ ਛਡਾਂਗਾ, ਹੁਣ ਕਾਇਤ ਨਾ ਬਣ ਸਾਹਮਣੇ ਹੋਕੇ ਲੜ ਯਾ ਗੁਰੂ ਦਾ ਲੜ ਫੜ ਸਿੰਘ ਸਜ ॥

Sri Satguru Jagjit Singh Ji eLibrary NamdhariElibrary@gmail.com

ਏਨ੍ਹਾਂ ਬਾਤਾਂ ਤੋਂ ਬੰਦੇ ਦਾ ਦ੍ਰਿੜ ਬਿਸ੍ਵਾਸ ਗੁਰੂ ਦੇ ਹੁਕਮ ਅਨੁਸਾਰ ਜੰਗ ਕਰਨ ਦਾ ਵੇਖਕੇ ਸਭ ਸਿੰਘ ਜਾਨਾਂ ਤੋੜਕੇ ਲੜਨ ਨੂੰ ਤਿਆਰ ਹੋ ਗਏ। ਛਾਵੇਂ ਵਜ਼ੀਦੇ ਨੇ ਆਪਣੀ ਦੂਰ ਬੀਨੀ ਨਾਲ ਲੜਾਈ ਦਾ ਸਾਮਾਨ ਤਾਂ ਪੈਹਲੇਹੀ ਚੰਗੇ ਰੰਗ ਢੰਗ ਦਾ ਕਰ ਰਖਿਆ ਸੀ, ਕਿਉਂਕਿ ਉਹ ਨਿਸਚੇ ਕਰ ਬੈਠਾ ਸੀ ਜੋ ਏਹ ਬੰਦਈ ਦੰਗਈ ਲੁਟੇਰੇ ਦਲ ਦੀ ਅੰਧੇਰੀ ਉਲਰੀ ਆਉਂਦੀ ਹੈ। ਇਕ ਦਿਨ ਜਰੂਰ ਮੇਰੇ ਉਤੇ ਝੁਲਕੇ ਡਾਲ੍ਹੀਆਂ ਡਾਲ੍ਹੇ ਪਰਵਾਰ ਤਾਂ ਕਿਤੇ ਰਿਹਾ ਮੇਰੀ ਜੜ ਉਖਾੜੇ ਬਿਨਾਂ ਕਦੀ ਨਾ ਹਟੇਗੀ ॥

ਸਰਹੰਦ ਦਾ ਜੰਗ ਤੇ ਲੁਟ ਮਾਰ

ਹੁਣ ਏਸ ਤੁਫਾਨ ਨੂੰ ਹਲਕਾ ਕਰਨ ਲਈ ਇਕ ਚਾਲ ਤਾਂ ਓਸਨੇ ਛਲ ਦੀ ਏਹ ਚਲੀ ਕਿ ਇਕ ਹਿੰਦੂ ਖਤ੍ਰੀ ਰੰਗਾ ਮੱਲ ਨੂੰ ਜੋ ਸੁਚਾਨੰਦ ਦੀਵਾਨ ਦਾ ਭਤੀਜਾ ਫੌਜ ਦਾਰ ਛਕ੍ਹੀਆ ਸੀ, ਸਿਖਾਕੇ ਏਦੇ ਪਾਸ ਭੇਜ ਦਿਤਾ। ਪੈਹਲੇ ਤਾਂ ਓਹ ਅਪਣੇ ਪੰਜ ਸੌ ਸਵਾਰ ਸਮੇਤ ਜਾਹਰਾ ਵਜ਼ੀਦ ਖਾਂ ਨਾਲ ਤਨਖਾਹ ਬਦਲੇ ਲੜ ਬੋਲਕੇ ਦਿੱਲੀ ਵੰਨੀ ਤੁਰ ਪਿਆ, ਕਈ ਪਿੰਡਾਂ ਨੂੰ ਲੁਟ ਖਸੋਟਕੇ ਫੇਰ ਯਕਾ ਯਕੀ ਬੰਦੇ ਪਾਸ ਆਕੇ ਵਜ਼ੀਦ ਖਾਂ ਦੀਆਂ ਬੁਰਿਆਈਆਂ ਅਪਣੀਆਂ ਨੇਕੀਆਂ ਤੇ ਸਿੰਘਾਂ ਦੇ ਗੁਣ, ਗੁਰੂ ਸਾਹਿਬਾਂ ਦੀ ਮਹਿਮਾਂ, ਸਾਹਿਬਜ਼ਾਦਿਆਂ ਦੇ ਸਿਦਕ ਭਰੋਸੇ ਹੌਸ਼ਲੇ ਟਪਕਾ ੨ ਦਸਦਾ ਰਿਹਾ, ਫੇਰ ਬੋਲਿਆ ਏਹ ਮਲੇਛ ਕੌਮ ਮੁਸਲਮਾਂ ਦੀ ਬੜੀ ਭਾਰੀ ਕ੍ਰਿਤਘਨ ਹੈ, ਮੇਰੇ ਬਾਪ ਦਾਦੇ ਨਾਲ ਤੇ ਖਾਸ ਮੇਰੇ ਨਾਲ ਇਸ ਦੁਸ਼ਟ ਵਜ਼ੀਦੇ ਨੇ ਬੜੇ ਬੜੇ ਜ਼ੋਰ ਜ਼ੁਲਮ

Sri Satguru Jagjit Singh Ji eLibrary NamdhariElibrary@gmail.com

ਕੀਤੇ ਹਨ, ਜੇ ਤੁਸੀ ਮੈਨੂੰ ਅਪਣਾ ਦਾਸ ਗੁਰੂ ਕਾ ਪੱਕਾ ਸਿਖ ਸਮਝਕੇ ਆਪਣੇ ਸਾਥ ਰਖੋ ਤਾਂ ਤੁਰਕਾਂ ਦੇ ਭੇਤ ਸਾਰੇ ਦੇਂਦਾ ਰਹਾਂਗਾ, ਦੂਜੇ ਵਜੀਦੇ ਨੂੰ ਮੈਂ ਖੁਦ ਮਾਰ ਕੇ ਬਾਪ ਦਾ ਵੈਰ ਲਵਾਂਗਾ, ਤੀਜੇ ਓਸਦੇ ਖਜਾਨੇ ਤੁਸਾਂ ਨੂੰ ਦੱਸਾਂਗਾ। ਭਾਵੇਂ ਬੰਦੇ ਬਹਾਦਰ ਨੇ ਆਪਣੀ ਅੰਤ੍ਰਯਾਮਤਾ ਨਾਲ ਓਸਨੂੰ ਫਰੇਬੀ ਦਗੇਬਾਜ਼ ਜਾਣ ਲੀਤਾ ਸੀ, ਪਰ (ਤਾਂ ਬੀ ਜੋ ਕਰੇਗਾ ਸੋ ਭਰੇਗਾ) ਏਹ ਕੈਹਕੇ ਓਸਨੂੰ ਸ਼ਰਨ ਆਏ ਦੀ ਲਾਜ ਪਾਲਣ ਲਈ ਆਪਣੇ ਪਾਸ ਰਖ ਲੀਤਾ॥

ਹੁਣ ਦੋਹਾਂ ਪਾਸਿਆਂ ਤੋਂ ਜੰਗ ਦੀ ਤਿਆਰੀ ਹੋ ਗਈ, ਵਜੀਦ ਖਾਂ ਨੇ ਇਕ ਆਮ ਦਰਬਾਰ ਕਰਕੇ ਅਪਣੇ ਤਾਬੇਦਾਰਾਂ ਮਲੇਰੀਏ ਵਰਗਿਆਂ ਜਾਗੀਰਦਾਰਾਂ ਨੂੰ ਹੁਕਮ ਦਿਤਾ ਆਪਣੀ ੨ ਫੌਜ ਜੰਗੀ ਸਾਮਾਨ ਲੈਕੇ ਸਬ ਮੋਰਚਿਆਂ ਵਿਚ ਪੱਕੇ ਹੋਕੇ ਲੜੋ, ਜਿਸ ਵਲੋਂ ਕੁਛ ਖਰਾਬੀ ਹੋਵੇਗੀ ਓਸਦੀ ਜਾਗੀਰ ਜਬਤੀ ਤੋਂ ਬਿਨਾਂ ਹੋਰ ਬਹੁਤ ਸਜਾ ਦਿਤੀ ਜਾਊ। ਕਿ ਆਪਣੀ ਫੌਜ ਨੂੰ ਦਾਰੂ ਸਿੱਕਾ ਵਰਤਾਕੇ ਫੌਜ ਦਾ ਅਲੀਮਾ ਲੀਤਾ ਮੋਰਚੇ ਵੰਡ ਦਿਤੇ, ਵਡਾਲੀ ਤੇ ਨਨਹੇੜੀ ਆਦਿਕ ਪਿੰਡਾਂ ਦੇ ਪਾਸ ਸਰਹੰਦੋਂ ਛੀ ਕੋਸ ਪਰ ਮੋਰਚੇ ਬੰਦੀ ਹੋ ਗਈ ਤਦੋਂ ਨੂੰ ਮੁਲਾਣਿਆਂ ਦੇ ਪ੍ਰੇਰੇ ਹੋਏ ਕਈ ਹਜ਼ਾਰ ਗਾਨੇ ਬੰਨ੍ਹਕੇ ਝੰਡੀਆਂ ਹੱਥਾਂ ਵਿਚ ਆਟੇਦੇ ਖਲਤੂ ਲੈਕੇ ਗਾਜੀ ਬਣਕੇ ਓਹ ਲੋਕ ਵੈਹਸ਼ੀ ਆ ਕੱਠੇ ਹੋਏ ਜੋ ਕੇਵਲ ਕਾਫਰਾਂ ਨਾਲ ਲੜਕੇ ਸ਼ਹੀਦ ਹੋਣਾ ਹੀ ਬਹਿਸ਼ਤ ਵਿਚ ਜਾਣਾ ਮੰਨੀ ਬੈਠੇ ਸਨ॥

ਭਾਵੇਂ ਵਜੀਦ ਖਾਂ ਅਤੇ ਓਸ ਦੇ ਸਰਦਾਰ ਐਹਲਕਾਰ ਜਰਨੈਲ ਕਰਨੈਲ ਅਪਣੇ ੨ ਸਾਮਾਨ ਜੰਗ ਨੂੰ ਦੇਖਕੇ ਜਾਹਰੀ ਤਾਂ ਏਹ ਆਖਦੇ ਸਨ ਕਿ ਬੰਦੇ ਦੀ ਗਾਂਢਵੀਂ ਧਾੜ ਸਾਡੀ

Sri Satguru Jagjit Singh Ji eLibrary NamdhariElibrary@gmail.com

ਸਿੱਖੀ ਹੋਈ ਫੌਜ ਅਗੇ ਕਦ ਠੈਹਰ ਸਕਦੀ ਹੈ ? ਲੁਟੇਰੇ ਲੋਕ ਤਾਂ ਚਿੜੀਆਂ ਵਾਂਙ ਤੋਪਾਂ ਦਾ ਖੜਾਕ ਸੁਣਦੇ ਹੀ ਉਡ ਜਾਣਗੇ ਹੋਰ ਬੁਲਾਏ ਆਏ ਹੋਏ ਸਿਖ ਬੀਲੁਟਦੇ ਲੋਭੀ ਭੰਗੇਰੇ ਫਸਲੀ ਬਟੇਰੇ ਹਨ ਘੇਰੇ ਹੋਏ ਭਾਵੇਂ ਲੜਨ ਨਹੀਂ ਤਾਂ ਡੇਰੇ ਛਡਕੇ ਅਗੇਰੇ ਹੋਣਗੇ, ਬਾਕੀ ਰਿਹਾ ਤਤ ਖਾਲਸਾ ਓਹ ਭਾਵੇਂ ਸਾਨਾਂ ਤੋੜਕੇ ਲੜਨਗੇ, ਪਰ ਬਿਨਾ ਸਾਮਾਨ ਜੰਞ ਕਿੱਥੋਂ ਤਾਈਂ ਠੈਹਰਨਗੇ ? ਘੜੀ ਦੋ ਘੜੀ ਠੂ ਠਾ ਕਰਕੇ ਓਹ ਬੀ ਉਜਬ ਹਾਤ ਲੈ ਨੱਠ ਜਾਣਗੇ । ਇਸਲਾਮ ਦਾ ਮੁਕਾਬਲਾ ਅਜ ਕੌਣ ਕਰ ਸਕਦਾ ਹੈ ? ਬੰਦੇ ਦਾ ਕੋਈ ਘਰ ਘਾਟ ਹੀ ਨਹੀਂ, ਜਿਥੇ ਜਾਊ। ਫੜਕੇ ਜਿਸਤਰਾਂ ਚਾਹਾਂਗੇ ਮਾਰਾਂਗੇ । ਭਾਵੇਂ ਵਜ਼ੀਰ ਖਾਂ ਆਪਣੇ ਅਮਲੇ ਸਮੇਤ ਉਪਰਲੇ ਦਿਲੋਂ ਲੋਭਾਂ ਦੇ ਦਿਲ ਵਧਾਉਂਣ ਵਾਸਤੇ ਏਹੋ ਜੇਹੇ ਬੋਥੇ ਦਮਗਜੇ ਮਾਰਦਾ ਸੀ, ਪਰ ਅੰਦਰੋਂ ਸਭਦੇ ਦਿਲ ਥਰ ਥਰ ਪਏ ਕੰਬਦੇ ਸਨ, ਸਭ ਨੂੰ ਏਹੋ ਜਿਸਦਾ ਸੀ ਬੰਦੇ ਦੇ ਤਾਬੇ (ਮੁਕੱਬਲ) ਬੀਚ ਹਨ ਜੇਹੜਾ ਸਰਦਾਰ ਅਗੇ ਵਧੂ ਓਸੇ ਨੂੰ ਓਨਾਂ ਤੋਂ ਓਹ ਮਰਵਾ ਦੇਊ, ਯਾ ਕੂਤ ਪੈਤ ਰਮੇੜਕੇ ਪਕਲੇ ਕਰ ਦੇਊ ॥

ਸਰਦਾਰ ਆਪਸ ਵਿਚ ਕੈਹ ਰਹੇ ਸਨ ਭਾਈ ਏਸ ਪਾਪੀ ਵਜ਼ੀਰੇ ਨੇ ਗੁਰੂ ਦੇ ਮਾਸੂਮ ਸੱਚੇ ਬੇਗੁਨਾਹ ਕਤਲ ਕਰਾਏ ਤਾਂਹੀ ਏਹ ਉਪੱਦ੍ਰਵ ਉਠ ਰਹੇ ਹਨ, ਰੱਬ ਏਸ ਪਾਪੀ ਦਾ ਨਾਸ ਕਰੇ ।

ਜਜੋਂ ਜਜੋਂ ਬੰਦੇ ਦਾ ਦਲ ਹੜਦੇ ਪਾਣੀ ਵਾਙੂੰ ਧੀਰੇ ੨ ਸਰਹੰਦ ਵੰਨੀ ਵਧ ਰਿਹਾ ਸੀ, ਸਰਹੰਦੀ ਲੋਭ ਟੋਏ ਪੁਟ ਪੁਟ ਕੇ ਅਪਣਾ ਧਨ ਦਬ ਰਹੇ ਸਨ, ਤੇ ਭੱਜਨ ਲਈ ਤਿਆਰ

Sri Satguru Jagjit Singh Ji eLibrary NamdhariElibrary@gmail.com

ਸਨ, ਬਲਕਿ ਬਹੁਤ ਤਾਂ ਦੂਰ ਨੇੜੇ ਆਪਣੇ ਸਾਕਾਂ ਸੰਬੰਧਾਂ ਵਿਚ ਇਸਤ੍ਰੀਆਂ ਸਮੇਤ ਚਲੇ ਥੀ ਗਏ ॥

ਓਸ ਸਮੇਂ ਤੋਪਾਂ ਦੇ ਚਲਵੱਜੇ ਤਾਂ ਭਾਵੇਂ ਬਹੁਤ ਘਟ ਸਨ, ਪਰ ਤਾਂ ਥੀ ਤੋਪਾਂ ਦਾ ਖੜਾਕ ਹੀ ਗਨੀਮਤ ਸਮਝਕੇ ਵਜੀਦੇ ਨੇ ਫੌਜ ਦੇ ਅਗੇ ਕੰਧ ਦੀ ਕੰਧਬੀੜਦਿਤੀ,ਇਕ ਪੰਗਤ ਲੰਮੇ ੨ ਦੰਦਾਂ ਨਾਲੇ ਕਾਲੇ ਬਦਲਾਂ ਵਰਗੇ ਫੁਲਾਦੀ ਝੂਲ ਪਾਏ ਹੋਏ ਸਿਖੇ ਹੋਏ ਜੰਗੀ ਹਾਥੀਆਂ ਦੀ ਫਸੀਲ ਖੜੀ ਕਰ ਦਿਤੀ। ਤੀਜੀ ਤਰਫ ਨੁਵਾਬਾਂ ਜਾਗੀਰਦਾਰਾਂ ਦੀ ਸੈਨਾਂ ਚੌਥੇ ਪਾਸੇ ਅਪਣੀ ਫੌਜ ਵਿਚ ਜੰਬੂਰੇ ਰੈਹਕਲੇ ਗੁਬਾਰੇ ਬੀੜ ਕੇ ਆਪ ਗਾਜੀਆਂ ਦੇ ਵਿਚਕਾਰ ਵੱਡੇ ਉਚੇ ਹਾਥੀ ਪਰ ਦਿਦਾਰ ਵਾਸਤੇ ਸਵਾਰ ਹੋ ਬੈਠਾ।

ਹੁਣ ਉਧਰੋਂ ਬੰਦਾ ਥੀ ਆਪਣੀ ਜੱਥਾ ਜੋਗ ਤਿਆਰੀ ਕਰਕੇ ਨਨਹੇੜੇ ਦੇ ਨੇੜੇ ਇਕ ਬੜੇ ਭਾਰੇ ਕਿਕਰਾਂ ਤੇ ਅੰਬਾਂ ਦੇ ਅੰਘਣੇ ਜੰਗਲ ਨੂੰ ਅੱਗੇ ਰਖਕੇ ਲਾਂਗੋ ਟੋਰ ਲਸ਼ਕਰ ਸਮੇਤ ਆ ਠਹਰਿਆ, ਚਾਰ ਜੱਥੇ ਬਣਾਕੇ ਮਾਲਵੇ ਦੇ ਲੋਗ ਤਾਂ ਸੌ ਸੌ ਕਰਕੇ ਫਤੇ ਸਿੰਘ ਕਰਮ ਸਿੰਘ ਧਰਮ ਸਿੰਘ ਨਗਾਹਾ ਸਿੰਘ ਤਖਤਾ ਸਿੰਘ ਆਲੀ ਸਿੰਘ ਮਾਲੀ ਸਿੰਘ ਵਗੈਰਾ ਨੂੰ ਸੌਂਪ ਕੇ ਇਕ ਮੋਰਚੇ ਪਰ ਖੜੇ ਕਰ ਦਿੱਤੇ, ਦੂਜੇ ਮਝੈਲ ਸਿੰਘ ਬਾਬੇ ਬਿਨੋਦ ਸਿੰਘ ਤੋਹਣ ਦੇ ਔਰ ਬਾਜ ਸਿੰਘ ਰਾਮ ਸਿੰਘ ਮੀਰ ਪੁਰ ਪੱਟੀ ਵਾਲੇ ਬੱਲ ਜੱਟਾਂ ਦੇ ਤੀਜਾ ਜੱਥਾ ਬਾਬੇ ਕਾਹਨ ਸਿੰਘ ਮੀਰੀ ਸਿੰਘ ਹੋਰ ਨਾਮੀ ਨਾਮੀ ਧਾੜਵੀਆਂ ਸੌਂਪ ਕੇ ਤੇ ਚੌਥਾ ਜੱਥਾ ਆਪ ਰਖਜਾ, ਲੜਾਈ ਦਾ ਹੁਕਮ ਦੇਕੇ ਆਪ ਇਕ ਉਚੇ ਥਾਂ ਜਾ ਬੈਠਾ ॥

ਹੁਣ ਜਦ ਦੋਵੇਂਦਲ ਮੁਕਾਬਲੇ ਪਰ ਆਡੱਟੇ ਤਾਂ ਵਜੀਦ ਖਾਂ

Sri Satguru Jagjit Singh Ji eLibrary NamdhariElibrary@gmail.com

ਨੇ ਤੋਪਾਂ ਦੀ ਸਲਾਮੀ ਬਾਰ ਝਾੜੀ, ਕਈ ਗੋਲੇ ਬੰਦੇ ਦੇ ਦਲ ਵਿਚ ਆ ਡਿਗੇ,ਫੇਰ ਤਾਂ ਜੰਜੀਰੀ ਗੋਲੇ ਐਤਨੇ ਬਰਸਾਏ ਤੋਪਾਂ ਨੇ ਧਰਤੀ ਕੰਬਾ ਦਿੱਤੀ, ਪਰ ਜੰਜੀਰੀ ਗੋਲੇ ਬਹੁਤੇ ਦਰਖਤਾਂ ਵਿੱਚ ਹੀ ਅਟਕਏ ਰਹੇ, ਸਿਖਾਂ ਨੂੰ ਥੋੜੀ ਮਾਰ ਕੀਤੀ, ਹੁਣ ਏਨਾਂ ਪਾਸ ਤਾਂ ਤੋਪਾਂ ਗੁਬਾਰੇ ਜੰਡੂਰੇ ਬਹੁਤ ਥੋੜ੍ਹੇ ਸਨ। ਭਾਵੇਂ ਤੋਪਦਾ ਜਵਾਬ ਤੋਪ ਨਾ ਦੇ ਸਕੇ, ਪਰ(ਜੇ ਕਰਤਾ ਕੁਛ ਕਰਿਆ ਚਾਹੇ । ਲਾਖ ਸਬਬ ਬਨਾਇ ਨਿਬਾਹੇ) ਬੰਦੇ ਦੇ ਦਲ ਵਿੱਚ ਜੋ ਚਾਰ ਪੰਜ ਛੋਟੀਆਂ ੨ ਤੋਪਾਂ ਸਨ ਓਨਾਂਦੇ ਚਲਵੱਜੇ ਦੋ ਰਾਜਪੂਤ ਬੁੰਦੇਲ ਖੰਡੀ ਬੰਦੇਨੇ ਬੜੇ ਆਦਰ ਨਾਲ ਰੱਖੇ ਹੋਏ ਸਨ,ਓਨਾਂਨੇ ਐਸੇ ਤੱਕ ਤੱਕ ਕੇ ਵੈਰੀਆਂ ਦੀਆਂ ਤੋਪਾਂ ਦੇ ਮੂੰਹਾਂ ਵਿੱਚ ਗੋਲੇ ਮਾਰੇ ਕਈ ਤੋਪਾਂ ਨਿਕੰਮੀਆਂ ਕਰ ਦਿੱਤੀਆਂ, ਅਤੇ ਆਪਣੀਆਂ ਤੋਪਾਂ ਨੂੰ ਹਲਕੀਆਂ ਹੋਣ ਕਰ ਸਿੰਘ ਅੱਗੇ ੨ ਰੋੜਦੇ ਹੋਏ ਚਲਾਉਂਦੇ ਤੇ ਵਧਦੇ ਗਏ,ਸਿੰਘਾਂ ਦਾ ਵਧਣਾ ਦੇਖ ਕੇ ਬਹੁਤੇ ਤੁਰਕਾਂ ਨੂੰ ਤਾਂ ਏਹੋ ਸੁਝੀ ਕਿ ਬੰਦੇ ਨੇ ਜਾਦੂ ਨਾਲ ਸਾਡੇ ਸ਼ਸਤਰ ਬੰਨ ਰਖੇ ਹਨ ਜੋ ਸਿਖਾਂ ਨੂੰ ਨਹੀਂ ਲੱਗਦੇ ਏਹ ਵਧ ਰਹੇ ਹਨ ਬਲਕੇ ਏਹੋ ਦ੍ਰਿੜ ਖਜਾਲ ਮੁਸਲਮਾਨ ਸਰਦਾਰਾਂ ਫੌਜਦਾਰਾਂ ਨੂੰ ਕੰਪਾਏਮਾਨ ਭੈ ਭੀਤ ਕਰ ਰਿਹਾ ਸੀ ਜੋ ਕੰਬ ਜਾਂਦਾ ਹੈ ਰਣ ਵਿੱਚੋਂ ਸੋਈ ਹਾਰਦਾ ਹੈ, ਕਈ ਤੁਰਕੀ ਤੋਪਾਂ ਦੇ ਮੂੰਹ ਤਾਂ ਸਿਖਾਂ ਦੇ ਗੋਲਿਆਂ ਨੇ ਬੰਦ ਕੀਤੇ ਸੇ ਖਰ ਓਨਾਂ ਨੇ ਏਹ ਥੀ ਜਾਦੂ ਹੀ ਸਮਝ ਰਖਣਾ ਸੀ, ਜਿਸ ਕਰਕੇ ਓਧਰ ਦੀ ਸਪਾਹ ਤਾਂ ਸਾਰੀ ਓਦਰੀ ਹੋਈ ਥਾ ਚੱਟੀ ਭਰਨ ਵਾਲਾ ਨੰਗਾ ਕੱਢ ਚਹੀ ਸੀ, ਤੇ ਜਿੱਧ ਮਾਨਾਂ ਹੀਲਕੇ ਸ਼ਹੀਦ ਹੋਣ ਲਈ ਹੰਮਕੇ ਵਧਾਹੀ ਵਧਦੇ ਗਏ ॥

ਏਸ ਹਾਲ ਨੂੰ ਦੇਖਕੇ ਵਜੀਦ ਖਾਂ ਤੇ ਮਲੇਰੀਏ ਵਗੈਰੇ

Sri Satguru Jagjit Singh Ji eLibrary NamdhariElibrary@gmail.com

ਨੁਫਾਬਾਂ ਫੌਜਦਾਰਾਂ ਨੇ ਫੌਜ ਨੂੰ ਵੰਗਾਰ ੨ ਕੇ ਤੇ ਤੋਪਾਂ ਨੂੰ ਫੇਰ ਫੇਰਕੇ ਜਹਿਕਲੇ ਜੰਬੂਰਜਾਂ ਦੇ ਗੋਲੇ ਬੰਦੂਕਾਂ ਦੀਆਂ ਗੋਲੀਆਂ ਤੇ ਤੀਰਾਂ ਦੇ ਰਾਬੇ ਛੱਡ ਕੇ ਇਕੋ ਵਾਰੀ ਸਾਰਦਾ ਮੀਂਹ ਬਰਸਵਾ ਦਿੱਤਾ, ਜਿਸਤੋਂ ਸਿੱਖਾਂ ਦਾ ਬਹੁਤ ਨੁਕਸਾਨ ਹੋਯਾ ਤਦੋਂ ਹੀ ਐਨ ਸਮਾਂ ਵੇਖਕੇ ਓਸ ਛਲੀਏ ਗੀਡੇ ਖਤ੍ਰੀਨੇ ਅਪਣੇ ਪੰਜ ਸੌ ਸਵਾਰ ਨੂੰ ਨਾਲ ਲੈਕੇ ਭਜਾ ਪਾ ਦਿੱਤੀ, ਬੰਦੇ ਨੇ ਪਹਿਲੇ ਹੀ ਓਸ ਬਾਬਤ ਬਾਜ ਸਿੰਘ ਫਤੇ ਸਿੰਘ ਨੂੰ ਨਿਗਰਾਨ ਰਖਣਾ ਹੋਯਾ ਸੀ, ਓਨਾਂ ਨੇ ਓਸੇ ਥਾਂ ਨਪਕੇ ਬਜੇਂਤ ਲਈ ਆਪ ਖੱਤਰੀ ਘੋੜੇ ਉਤੋਂ ਡਿਗ ਪਿਆ ਸਿੰਘਾਂ ਨੇ ਫੜ ਲੀਤਾ ਜੋ ਬੁਰੀ ਤਰਾਂ ਮਾਰਕੇ ਦੋਜ਼ਕ ਵਿੱਚ ਪਾਯਾ ਦਰੋਦਾ ਫਲ ਭੁਗਤਾਯਾ ਗਿਆ। ਵੰਗਾਰੀ ਹੋਈ ਫੌਜ ਨੇ ਸਿੰਘਾਂ ਨੂੰ ਮਾਰ ਮਾਰ ਕੇ ਭਾਵੇਂ ਬਜਾਲੁਛ ਤਾਂ ਕਰ ਦਿੱਤਾ, ਪਰ ਸਿੱਖ ਪਿਛੇ ਨਾ ਹਟੇ ਓਸ ਔਕੜ ਬਲੀ ਨੂੰ ਫਤੇ ਸਿੰਘ ਭਾਈ ਕਾ ਤੇ ਬਾਜ ਸਿੰਘ ਨੇ ਰਣ ਦੀ ਭਠੀ ਵਿਚ ਧਾਨਾ ਵਾਂਗ ਭੁਜਣਾ ਰੰਗਾ ਨਾ ਸਮਝਕੇ ਬੰਦੇ ਨੂੰ ਰਣ ਵਿਚ ਲੈ ਆਂਦਾ (ਜਿਥੇ ਓਹ ਫੌਜ ਦੇ ਪਿਛੇ ਥਿਰ ਉਚੇ ਥਾਂ ਖੜਾ ਜੰਗਦਾ ਰੰਗ ਵੇਖ ਰਿਹਾ ਸੀ) ਏਹ ਆ ਪੁਗਾਨੇ ਕਿ ਆਪ ਏਥੇ ਬੇਫਿਕਰ ਬੈਠੇ ਹੋ ਸਿੰਘਾਂ ਨੂੰ ਤੁਰਕਾਂ ਨੇ ਬਹੁਤ ਹਲਚਲੀ ਪਾ ਰਖੀ ਹੈ ਜੇ ਘੜੀਕ ਹੋਰ ਏਹੋ ਹਾਲ ਰਿਹਾ ਤਾਂ ਮੁੜ ਪੈਰ ਜੰਮਣੇ ਔਖੇ ਹੋਣਗੇ। ਬੰਦਾ ਭੀ ਏਸ ਮਾਮਲੇ ਨੂੰ ਚੰਗੀ ਤਰਾਂ ਜਾਣਦਾ ਸੀ ਫੌਰਨ ਸਵਾਰ ਹੋਕੇ ਰਣਭੂਮੀ ਵਿਚ ਆ ਗੱਜਿਆ, ਖਿਲਵਾਰ ੨ ਵੰਗਾਰ ੨ ਸਤਕਾਰ ੨ ਸਿੰਘਾਂ ਦੇ ਹੌਸਲੇ ਵਧਾ ਕਰ ਤੀਰਾਂ ਤੁਫੰਗਾਂ ਦੀ ਝੜੀ ਲਾ ਦਿਤੀ।

ਬੰਦੇ ਦਾ ਆਉਣਾ ਹੀ ਸਿੰਘਾਂ ਦੇ ਮੁਰਝਾਏ ਦਿਲਾਂ ਵਿਚ ਬਿਜਲੀ ਦਾ ਸੰਚਰ ਕਰ ਗਿਆ, ਇਕੋ ਵਾਰੀ ਗੱਜ ਖਾਕੇ

Sri Satguru Jagjit Singh Ji eLibrary NamdhariElibrary@gmail.com

ਤੁਰਕਾਂ ਉਤੇ ਜਾ ਪਏ, ਕਜੋਂਕਿ ਲੜਾਈ ਦੇ ਢਾਈ ਫੱਟ ਜਾਂ ਸਾਡੇ ਤਿੰਨ ਹਨ ਇਕ ਤਾਂ ਵੈਰੀ ਨੂੰ ਮਿਲਕੇ ਸਮੇਂ ਸਿਰ ਢੇਰ ਮਾਰ ਲੈਣਾ, ਯਾ ਲੋਕ ਲੀ ਮੱਦਾ ਪਿਲਾਕੇ ਕਮਲੇ ਕਰ ਫੜ ਲੈਨਾਂ, ਦੂਜਾ ਨੱਠਕੇ ਜਾਨ ਬਚਾ ਲੈਣੀ ਸਿਰ ਕਾਇਮ ਜੰਗ ਦਾਇਮ, ਅੱਧਾ ਇਹਹੈ ਵੈਰੀ ਦੇ ਟੱਲਾ ਕਰਨ ਤੋਂ ਪੈਹਲੇ ਹੱਲਾ ਕਰਕੇ ਗਲ ਜਾ ਪੈਣਾ, ਮਾਰ ਲਿਆ ਯਾ ਮਰ ਗਏ । ਹੁਣ ਜਿਨ੍ਹਾਂ ਸਿੰਘਾਂ ਨੇ ਮਨ ਵਿਚ ਸਰਹੰਦ ਨੂੰ ਮਾਰ ਲੈਣਾ ਯਾ ਸ਼ਹੀਦ ਹੋਣਾ ਦ੍ਰਿੜ੍ਹ ਥਾਪ ਰਖਿਆ ਸੀ ਹੋਰ ਉਪਾਇ ਦਾ ਸਮਾਂ ਨਾ ਵੇਖਕੇ ਤੁਰਕਾਂ ਦੇ ਗਲ ਪੈਣਾ ਹੀ ਚੰਗਾ ਸਮਝਿਆ, ਇਕੋ ਵਾਰ ਸਤ ਸ੍ਰੀ ਅਕਾਲ ਗਜਾਕੇ ਢੁਏ ਹੋਏ ਸ਼ੇਰ ਵੈਰੀ ਦੇ ਲਸ਼ਕਰ ਵਿਚ ਜਾ ਧਸੇ। ਬਾਜ ਸਿੰਘ ਦੇ ਜੱਥੇ ਨੇ ਜਾਂਨ ਹੀਲਕੇ ਤੋਪਾਂ ਦੇ ਸਹਾਇਕਾਂ ਨੂੰ ਵੱਢ ਟੁਕ ਪਲੀਤਿਆਂ ਵਿਚ ਖਿਲ ਠੋਕ ਦਿਤੇ, ਤਲਵਾਰਾਂ ਖਿਚ ਲਈਆਂ, ਫਤੇ ਸਿੰਘ ਦੇ ਜਥੇ ਨੇ ਪੈਂਦੇ ਹਥ ਮਲੇਰੀਆਂ ਦਾ ਮੋਰਚਾ ਜਾ ਤੋੜਿਆ, ਭਾਵੇਂ ਮਲੇਰੀ ਫੌਜ ਬਥੇਰੀ ਲੜੀ, ਪਰ ਓਨਾਂ ਦੇ ਨੇਤ੍ਰਾਂ ਅਗੇ ਸਿੰਘ ਹੀ ਸਿੰਘ ਨਜਰ ਆਉਣੇ ਕਰ ਐਸਾ ਡਰ ਬੈਠਾ ਕਿ ਬੇਦਿਲ ਹੋਕੇ ਕੰਬਨ ਲਗ ਪਏ, ਓਸੇ ਮੁਠ ਭੇੜ ਵਿਚ ਸ਼ੇਰ ਮੁਹੰਮਦ ਖਾਂ ਤੇ ਖ੍ਵਾਜਾ ਅਲੀ ਮਹੰਮਦ ਜਦ ਦੋਵੇਂ ਮਾਰੇ ਗਏ, ਫੌਜ ਨੇ ਪਿਠ ਦਿਖਾਈ ॥

ਸਾਰੇ ਮੁਸਲਮਾਨੀ ਫੌਜ ਵਿਚ ਮਲੇਰੀਆਂ ਦਾ ਮੋਰਚਾ ਬਹਾਦਰੀ ਵਿਚ ਅਡੀਅਲ ਗਿਣਿਆਂ ਹੋਇਆ ਸੀ, ਓਸਦਾ ਟੁਟਣਾਂ ਹੀ ਸਾਰੇ ਤੁਰਕਾਂ ਦੇ ਲੱਕ ਤੋੜ ਗਿਆ, ਮਰਜੀ ਰੱਬਦੀ ਮਲੇਰੀਆਂ ਦੇ ਟੱਬਰ ਦੀ ਜਾਂਨ ਸਿੰਘਾਂ ਦੇ ਹੱਥੋਂ ਹੀ ਲਿਖੀ ਸੀ, ਕੁਛ ਰਮਕੌਰ ਕੁਛ ਰੋਪੜ ਸੰਘੋਲ ਬਾਕੀ ਸਰਹੰਦ ਆਕੇ ਮਰ ਗਏ, ਮਲੇਰੀਆਂ ਦੇ ਮਰਦੇ ਹੀ ਸਿੰਘਾਂ ਦੇ ਦਿਲ ਵਧ ਗਏ।

Sri Satguru Jagjit Singh Ji eLibrary NamdhariElibrary@gmail.com

ਭਾਵੇਂ ਵਜ਼ੀਦ ਖਾਂ ਅਪਣੀ ਫੌਜ ਵਿਚ ਘੋੜਾ ਦੌੜਾ ੨ ਬਥੇਰੇ ਹੀ ਹੌਸਲੇ ਦਿਖਾਮਦੇ ਦੇ ਰਿਹਾ ਸੀ, ਪਰ ਇਕ ਤਾਂ ਬੰਦੇ ਦੇ ਜਾਦੂ ਦਾ ਵਾਹੁ ਡਰ ਓਨਾਂ ਦੇ ਦਿਲ ਕੰਬਾ ਰਿਹਾ ਸੀ, ਦੂਜੇ ਤਿੰਨ ਪੈਹਰ ਦੇ ਲੜਦੇ ਹੋਏ ਭੁਖੇ ਤਿਹਾਏ ਜੇਠ ਦੀ ਧੁਪ ਤੇ ਲੋ ਨੇ ਹੋਸ਼ ਮਾਰ ਛਡੀ ਸੀ, ਕਜੋਂਕਿ ਓਹ ਮੁਗਲ, ਪਠਾਣ, ਸ਼ੇਖ, ਸੱਯਦ ਬਹੁਤ ਸੁਖਜਾਰੇ ਕੋਮਲ ਬਦਨ ਮਾਗਣ੍ਹੂਆਂ ਵਾਂਗੂੰ ਤੜਫ ਰਹੇ ਹਨ, ਏਧਰ ਬਹੁਤੇ ਜੱਟ ਸਿੰਘ ਹੀ ਸਨ ਜਿਨਾਂਨੇ ਸਾਰੀ ਉਮਰ ਧੁਪਾਂ ਲੋਆਂ ਭੁਖਾਂ ਤ੍ਰਿਖਾਂ ਦੀ ਖੇਚਲਾਂ ਦੇ ਕਸ਼ਟ ਸਹਾਰੇ ਹੋਏ ਸਨ, ਸਗੋਂ ਓਨਾਂ ਉਤੇ ਚੜ੍ਹਦੇ ਗਏ। ਭਾਵੇਂ ਪੈਹਲੇ ਤਾਂ ਸਿੰਘਾਂ ਦੀ ਜਿਤ ਦੀ ਖੇਤੀ ਕੁਮਲਾ ਰਹੀ ਸੀ, ਹੁਣ ਬੰਦੇ ਦਾ ਆਉਣਾ ਬੱਦਲ ਛਾਂਗਾ ਵਰਸ ਗਿਆ ਤੇ ਮਲੌਰੀਆਂ ਦੇ ਮਰਣੇਦੀਬਿਜਲੀ ਨੇ ਚਾਨਣਾ ਕਰ ਦਿਖਾਇਆ, ਜਿਤ ਦੀ ਆਸਾ ਦਾ ਖੇਤ ਫੇਰ ਫਲ ਪਿਆ, ਦੁਵੱਲੇਂ ਜੋਧੇ ਤੀਰਾਂ ਤਲਵਾਰਾਂ ਨਾਲ ਜੂਝ ਰਹੇ ਸਨ, ਬਬੇ ਅਖਰ ਦੁਹਾਂ ਦਲਾਂ ਦੇ ਦਿਲ ਢਹਾ ਰਹੇ ਸਨ, ਲੜਾਈ ਤੁਲੀ ਖੜੀ ਸੀ, ਝੁਕ ਵਜਦੀ ਨਾ ਦੇਖਕੇ ਬੰਦੇ ਨੇ ਓਨਾਂ ਪੰਜਾਂ ਤੀਰਾਂ ਵਿਚੋਂ ਜੋ ਗੁਰੂ ਜੀ ਨੇ ਬਖਸ਼ੇ ਸਨ, ਇਕ ਸਰਹੰਦ ਵੰਨੀ ਚਲਾ ਦਿਤਾ, ਜਿਸਦੇ ਛੁਟਦੇ ਹੀ ਐਡੀ ਕੈਹਰ ਦੀ ਅੰਧੇਰੀ ਛੁਟੀ ਕੰਕਰੀਆਂ ਧੂੜ ਨੇ ਸਤ ਬਜਾਕੁਲ ਕਰ ਸਿੱਟੇ, ਦੂਜਾ ਸਿੰਘਾਂ ਦਾ ਹੱਲਾ ਅੱਲਾ ਦਾ ਕੈਹਰ ਸਮਝੋ, ਤੀਜੇ ਅਚਾਣਕ ਕਿਸੇ ਸਿੰਘ ਦਾ ਤੀਰ ਵਜ਼ੀਦੇ ਦੇ ਸਰੀਰ ਨੂੰ ਚੀਰਕੇ ਘੋੜੇ ਉਤੋਂ ਦੜ ਜਮੀਨ ਪਰ ਸਿਟ ਗਿਆ, ਮਾਲਕ ਮਰੇ ਤੇਂ ਮਾਤੈਹਤ ਐਸੇ ਡਰਪੋਕ ਹੋਕੇ ਨੱਠ ਤੁਰੇ, ਜੋ ਓਸਦੀ ਲੋਥ ਭੀ ਨਾ ਚੁਕ ਸਕੇ, ਬਲਕਿ ਮਰੇ ਸੈਹਕਦੇ ਦਾ ਪਤਾ ਥੀ ਨਾ ਲੀਤਾ, ਭਾਈ ਫਤੇ ਸਿੰਘ

Sri Satguru Jagjit Singh Ji eLibrary NamdhariElibrary@gmail.com

ਓਸਦੇ ਨਜੀਕ ਹੀ ਜਥੇ ਨੂੰ ਲੜਾ ਰਿਹਾ ਸੀ, ਹਲਚਲੀ ਮਾਲੂਮ ਕਰਕੇ ਮਾਰ ਮਾਰ ਪੁਕਾਰਦਾ ਹੋਇਆ ਸ਼ੀਘਰ ਜਾ ਪੁਜਿਆ ਸੋਹਣੇ ਹੀ ਸ਼ਤ੍ਰੂ ਨੂੰ ਚੁਕਾਕੇ ਬੰਦੇ ਪਾਸ ਲੈ ਆਂਦਾ। ਹੁਣ ਕੀ ਸੀ? ਤੁਰਕਾਨੀ ਪੱਲੇ ਪਲੀ ਵਿਚ ਮੈਦਾਨ ਖਾਲੀ ਕਰ ਤੁਰੀ, ਸਿੰਘਾਂ ਦੀ ਬਣ ਆਈ ਤੇਰੇ ਸੂਤਕੇ ਓਨਾਂ ਦੀ ਪਿੱਠ ਉਤੇ ਚੜ੍ਹ ਗਏ, ਛੀ ਸਣ ਕੋਹ ਵਿਚ ਲੋਥਾਂ ਉਤੇ ਲੋਥਾਂ ਚੜ੍ਹਾ ਛੱਡੀਆਂ, ਧਰਤੀ ਨੂੰ ਸੁਹੀ ਪੁਸ਼ਾਕ ਪੈਹਨਾਕੇ ਸੁਹਾਗ ਵੰਤੀ ਕਰ ਦਿਤਾ, ਇਸਲਾਮੀ ਝੰਡਾ ਡਿੱਗਪਿਆ, ਸਿੰਘਾਈ ਨਿਸ਼ਾਨ ਲੈਹਰਾਨੇ ਲਗਾ, ਵਜੀਦ ਖਾਂ ਦੇ ਪੈਰੀਂ ਰੱਸਾ ਪਾ ਵੈਹੜਕਿਆਂ ਮਗਰ ਬੰਨ੍ਹਕੇ ਸਾਰੇ ਬਜਾਰਾਂ ਵਿਚ ਘਸੀਟ ਕਰਾਈ, ਓੜਕ ਕਚੈਹਰੀ ਦਰਵਾਜੇ ਦਰੱਖਤ ਨਾਲ ਪੁਠਾ ਟੰਗੇ ਹੋਏ ਦਾ ਮਾਸ ਚੀਲਾਂ ਕਾਗਾਂ ਨੂੰ ਖੁਲਾ ਛਡਿਆ, ਕੋਈ ਲਿਖਦੇ ਹਨ ਜੋ ਸਾੜ ਦਿਤਾ, ਬੇਟਾ ਓਸਦਾ ਸਮੁੰਦ ਖਾਂ ਦੱਬਰ ਨੂੰ ਲੈਕੇ ਪੈਹਲੇ ਹੀ ਦਿੱਲੀ ਵੈਨੀ ਦੌੜ ਗਿਆ ਸੀ। ਹੋਰ ਸਬੰਧੀ ਕਾਰਦਾਰ ਫੜ ਫੜ ਸਿੰਘਾਂ ਨੇ ਕੋਠੜੀਆਂ ਵਿਚ ਅੜਾ ਦਿਤੇ, ਸ਼ਾਹੀਖਜਾਨੇ ਤੋਪ ਖਾਨੇ ਕਿਲੇ ਵਰਗੇ ਮਕਾਨਾਂ ਪਰ ਕਬਜਾ ਕਰਕੇ ਬੰਦੇ ਦੀ ਮਰਜੀ ਤਾਂ ਨਹੀਂ ਸੀ, ਪਰ ਸਿੰਘਾਂ ਨੇ ਕੈਹਣੇ ਤਿੰਨ ਦਿਨ ਲੁਟ ਲੈਣ ਦਾ ਹੁਕਮ ਲੈ ਲੀਤਾ, ਫੇਰ ਤਾਂ ਆਪੋ ਧਾਪ ਹੱਲਾ ਬੋਲਕੇ ਗਲੀਆਂ ਘਰਾਂ ਵਿਚ ਸਿੰਘ ਜਾ ਵੜੇ, ਬਲਕਿ ਜੋ ਲੁਟੇਰੇ ਲੋਗ ਜੰਗ ਵਿਚੋਂ ਨੱਠਕੇ ਪਿੰਡਾਂ ਵਿਚ ਕਈ ਹਜਾਰ ਬੈਠਾ ਸੀ, ਓਤੇ ਸੁਣਕੇ ਲੁਟਦੇ ਸਾਥੀ ਹੋ ਗਏ;ਲੁਟਨ ਲਈ ਸ਼ੈਹਰਉਤੇਟੁਟਪਏ, ਸਗੋਂ ਦਸ ੨ ਵੀਹ ੨ ਕੋਹ ਰਹਦੇ ਚਲਦੇ ਪੁਰਜੇ ਭੀ ਪੁਸ਼ਤਾਂ ਦੇ ਪ੍ਰਸ਼ਾਦੇ ਲੈ ਗਏ, ਸ਼ੈਹਰੀ ਬਦਮਾਸ਼ਾਂ ਨੇ ਆਪਣੇ ਤੇ ਆਪਣੇ

Sri Satguru Jagjit Singh Ji eLibrary NamdhariElibrary@gmail.com

ਸਾਕਾਂ ਸੰਬੰਧਾਂ ਦੇ ਨਵੇਂ ਪੁਰਾਣੇ ਬਦਲੇ ਲੈਣ ਵਾਸਤੇ ਸਿੰਘਾਂ ਨੂੰ ਕੁਝ ਦੱਸ ਦੱਸ ਕੇ ਸਿੰਘਾਂ ਨਾਲੋਂ ਬੀ ਬਹੁਤਾ ਹਿੱਸਾ ਲੁਟ ਮਾਰ ਦਾ ਲੀਤਾ, ਕਿਉਂਕਿ ਓਹ ਸ਼ਹਿਰ* ਦੇ ਭੇਤੀ ਸੇ ।

*ਏਹ ਸ਼ਹਿਰ ਭਾਵੇਂ ਪੁਰਾਣਾਂ ਸੀ,ਪਰ ਉੱਘਾ ਫੀਰੋਜ਼ਾ ਸ਼ਾਹ ਦੇ ਵੇਲੇ ਹੋਯਾ ਹੈ। ਪਹਿਲੇ ਨਜਾਮਤ ਗਾਹ ਸਮਾਣਸੀ ਏਸ ਨੂੰ ਸ਼ਾਹੀ ਸੜਕ ਉਤੇ ਜੋ ਦਿਲੀ ਲਾਹੌਰਦੀ ਸੀ ਦੇਖ ਕੇ ਏਥੇ ਸੂਬੇ ਨੂੰ ਰਹਿਣ ਦਾ ਹੁਕਮ ਦੇਕੇ ਸਾਰੇ ਪ੍ਰਗਣੇ ਏਸ ਸਰਹੰਦ ਦੀ ਬਾਉਨੀ ਨਾਲ ਲਾ ਦਿਤੇ । ਏਹੋ ਬਵੈਜਾ ਲਖ ਦੀ ਬਾਉਨੀ ਕਰ ਦਿਤੀ ਓਦੋਂ ਹਰੇਕ ਬਾਦਸ਼ਾਹ ਗਰਮੀਆਂ ਕਟਣ ਕਸ਼ਮੀਰ ਜਾਇਆ ਕਰਦਾ ਸੀ, ਏਹੋ ਪੜਾਉ ਸਰਕਾਰੀ ਬਣ ਗਿਆ ਫੇਰ ਤਾਂ ਉਚੇ ੨ ਸੋਹਣੇ ੨ ਮੈਹਲ ਮੰਦਰ ਮਕਬਰੇ ਮਸੀਤਾਂ ਮਕਾਨ ਬਣ ਗਏ । ਭਾਵੇਂ ਮਕਬਰੇ ਹੋਰ ਭੀ ਬਹੁਤ ਹਨ ਪਰ ਐਹਮਦ ਮੁਦਦ ਅਲਫ ਸਾਨੀ ਦੀ ਖਾਨਖਾਹ ਜੋ ਬਹਾਦਰਸ਼ਾਹ ਬਾਦਸ਼ਾਹ ਦੀ ਬੇਟੀ ਨੇ ਲੱਖਾਂ ਰੁਪਏ ਖਰਚ ਕੇ ਕੀਮਤੀ ਪੱਥਰਾਂ ਨਾਲ ਸਜਾਕੇ ਬਨਵਾਈ ਹੋਈ ਹੈ, ਐਸਾ ਸਜਿਆ ਹੋਇਆ ਜਾਗੀਰ ਦਾਰ ਅਜ ਕਲ ਭੀ ਓਥੇ ਹੋਰ ਕੋਈ ਮਕਾਨ ਨਹੀਂ। ਟੋਡਰ ਮਲ ਦੀਵਾਨ ਵਰਗੇ ਬੇਅੰਤ ਅਮੀਰ ਏਥੇ ਵਸ ਪਏ, ਜਿਸ ਕਰਕੇ ਬਾਗ ਭੁਲਾਉ ਬਾਗਾਂ ਕੂਏ ਲਗ ਗਏ । ਦਿਲੀ ਲਹੌਰ ਦੇ ਵਿਚਕਾਰ ਭਾਰੀ ਰੌਣਕ ਵਾਲੀ ਏਸੇ ਸ਼ਹਿਰ ਦੀ ਛਬ ਰੰਗੇ ਢਬ ਦੀ ਸੀ, ਬਲਕੇ ਲਾਹੌਰ ਭੀ ਏਸ ਅੱਗੇ ਫਿਕਾ ਸੀ, ਕਿਉਂਕਿ ਹਰ ਪ੍ਰਕਾਰ ਦੇ ਹੁਨਰਾਂ ਵਾਲੇ ਕਾਰੀਗਰ, ਸ਼ਾਹੂਕਾਰ ਏਥੇ ਬਾਦਸ਼ਾਹ ਨੇ ਵਸਾ ਰਖੇ ਸਨ । ਅਕਬਰ ਤੋਂ ਲੈਕੇ ਅੰਤਮ ਬਹਾਦਰਸ਼ਾਹ ਬਾਦਸ਼ਾਹ ਤਕ ਏਸਨੂੰ ਕਦੇ ਕਿਸੇ ਨੇ ਲੁਟ ਮਾਰ ਕੇ ਤਤੀ ਵਾਉ ਨਹੀਂ ਲਾਈ ਸੀ, ਪਰ ਕੋਈ ਕੀ ਜਾਣਦਾ ਸੀ ਕਿ ਏਸ ਫਲੇ ਫੁਲੇ ਫਲੇ ਫਬੇ ਹੋਏ ਬਾਗ ਨੂੰ ਵਸੀਦੇ ਮਾਲੀ ਬੇਈਮਾਨ ਦੀ ਜੁਲਮੀ ਨੇ ਭੁਖ ਬੇਸ਼ੁਮਾਰ ਉੰਠਾਂ ਦੀ ਕਤਾਰ ਤੋਂ ਬਰਬਾਦ ਕਰਾ ਦੇਣਾ ਹੈ?ਏਹ ਗਲ ਸਚ ਹੈ ਕਿ ਇਕ ਪਾਪੀ ਪੁਰਖ ਬੇੜੀ ਦੇ ਪੂਰ ਨੂੰ ਡੋਬ ਛਡਦਾ ਹੈ, ਖੇਤੀ ਦੇ ਮਾਲਕ ਦੀ ਬਦਨੀਤ ਨਾਲ ਖੇਤੀ ਉਜੜ ਜਾਂਦੀ ਹੈ । (ਰਵਾਇਤ ਹੈ) ਇਕ ਵਾਰੀ ਜਹਾਂਗੀਰ ਬਾਦਸ਼ਾਹ ਕਸ਼ਮੀਰ ਗਿਆ ਸ਼ਿਕਾਰ ਵਿਚ ਪਿਆਸ ਲਗੀ, ਇਕ ਬਾਗਵਾਨ ਤੋਂ ਇਕ ਅਨਾਰ ਮੰਗਕੇ ਲੀਤਾ ਨੱਪਜਾ ਤਾਂ ਰਸ ਦਾ ਪਿਆਲਾ ਭਰ ਗਿਆ ਪੀਕੇ ਬਹੁਤ ਖੁਸ਼ੀ ਹੋਇਆ, ਮਾਲੀ ਤੋਂ ਬਾਗ ਦਾ ਮਾਮਲਾ ਸ਼ਾਹੀ ਖਜ਼ਾਨੇ ਵਿਚ ਦੇਣਾ ਬਹੁਤ ਥੋੜਾ, ਆਮਦਨੀ ਬਹੁਤੀ ਸੁਣਕੇ ਚਲਾ ਗਿਆ, ਮਨ ਹੀ ਮਨ ਮੈਂ ਮਾਮਲਾ ਹਾਲਾ ਪੈਹਲੇ ਤੋਂ ਚੌਗੁਣਾਂ ਲੈਣਾਂ ਥਾਪ ਲੀਤਾ, ਮੁੜਕੇ ਉਸੇ ਰਸਤੇ ਸੰਝ ਨੂੰ ਆਇਆ ਕਈ ਅਨਾਰ ਤੁੜਾਏ ਨਪੇ ਤੇ ਪਜਾਲਾ ਨਾ ਭਰਿਆ ਬਾਦਸ਼ਾਹਨੇ ਏਹ ਕਾਰਨ ਮਾਲੀ ਤੋਂ ਪੁਛਿਆਤਾਂ ਓਨ ਆਖਜਾ ਜੀ ਸਾਡੇ ਬਾਦਸ਼ਾਹ ਦੀ ਨੀਤ ਵਿਚ ਫਰਕ ਪੈ ਗਿਆ ਹੈ ਤਾਂ ਰਸ ਸੁਕ ਗਿਆ ਹੈ। ਬਾਦਸ਼ਾਹ ਨੇ ਵਜੂ ਕਰ ਨਿਮਾਜ ਪੜਕੇ ਅਪਨੀ ਭੁਲ ਬਖਸ਼ਾਈ ਦੂਜੇ ਦਿਨ ਫੇਰ ਉਸੇ ਤਰਾਂ ਇਕੋ ਫਲ ਵਿਚੋਂ ਰਸ ਦਾ ਪਜਾਲਾ ਭਰ ਗਿਆ । ਸ਼ਾਹੂਕਾਰ ਦੀ ਬਦਨੀਤ ਹੋਵੇ ਤਾਂ ਪੂੰਜੀ ਮਾਰੀ ਜਾਂਦੀ ਹੈ, ਵਪਾਰੀ ਦੀ ਨੀਤ ਵਿਚ ਫਰਕ ਆਵੇ ਤਾਂ ਘਾਟਾ ਪੈਂਦਾ ਹੈ । ਏਹ ਪ੍ਰੀਖਜਾ ਕੀਤੀ ਹੋਈ ਹੈ, ਸੋ ਵਜੀਦ ਖਾਂ ਦੀ ਬਦਨੀਤ ਨੇ ਸਰਹੰਦ ਸ਼ਹਿਰ ਪਰ ਕੈਹਰ ਪਾਕੇ ਉਜਾੜ ਕਰ ਕੱਢਿਆ ।।

Sri Satguru Jagjit Singh Ji eLibrary NamdhariElibrary@gmail.com

੧੪ ਜੇਠ ਸੰਃ ੧੭੬੫ ਨੂੰ ਸਿੰਘ ਤੇ ਲੁਟੇਰੇ ਲੋਕਾਂ ਨੇ ਸ਼ਹਿਰ ਵਿਚ ਘੁਸ ਕੇ ਜਥਾ ਜੋਗ ਸਾਮਾਨ ਜੋਵਤ ਨਾਲ ਦੀ ਬਹੁਤੇ ਹਥ ਮਾਰੇ ਜਿੰਦੇ ਤਖਤੇ ਜੋੜ ਸੁਟੇ, ਜਿਸਨੇ ਅਗੋਂ ਹਥ ਉਠਾਇਆ ਸੋਈ ਮਾਰ ਗਵਾਯਾ । ਧਾੜਵੀ ਜਾਲਮ ਨੇਤਾਂ ਭਾਰੀ ਬੇਤਰਸੀ ਨਾਲ ਕਟਾਤਾਂ ਤਲਵਾਰਾਂ ਦੀਆਂ ਰੋਕਾਂ ਦੇਦੇ ਲਹੂ ਲੁਹਾਣ ਕਰ ੨ ਦੌਲਤ ਕਢਾਈ । ਅਨੇਕ ਔਰਤਾਂ ਦੇ ਨਕ ਕੰਨ ਹੱਥ ਚੂੰਡੇ ਗੈਹਣਿਆਂ ਨੇ ਕਟਵਾ ਦਿਤੇ। ਚੌਂਕਾਂ ਤੇ ਬੁਜਜਾਂ ਵਿਚ ਲੋਥਾਂ ਦੇ ਢੇਰ ਲਗ ਗਏ। ਨਾਲੀਆਂ ਵਿਚ ਲਹੂ ਵਗ ਕੇ ਸੜਕਾਂ ਪਰ ਛਿੜਕਿਆ ਗਿਆ । ਲੋਕ ਸ਼ਹਿਰ ਛਡਕੇ ਭਜ ਗਏ, ਵਿਚਾਰੀਆਂ ਮੁਗਲਾਣੀਆਂ ਪਠਾਣੀਆਂ ਖਤਰਾਣੀਆਂ ਬਨਿਆਣੀਆਂ ਜਿਨਾਂ ਨੇ ਦੂਜੇ ਆਦਮੀ ਦੀ ਕਦੇ ਸ਼ਕਲ ਨਹੀਂ ਦੇਖੀ ਸੀ, ਜਾਨਾਂ ਲੈਕੇ ਘਰਾਂ ਤੋਂ ਨਿਕਲ ਦੌੜੀਆਂ, ਨੰਗੇ ਪੈਰੀਂ ਜੇਠ ਦੀ ਧੁਪ ਉਤੋਂ ਸੂਰਜ ਸਾਡੇ ਹੇਠੋਂ ਭੱਠ ਦੀ ਤਰਾਂ ਰੇਤਾ ਤਪਿਆ ਹੋਇਆ ਤੜਫਾ ਰਿਹਾ ਸੀ ਭੁਖੀਆਂ ਤਿਹਾਈਆਂ ਤੋਬਾ ੨ ਹਾਇ ੨ ਪੁਕਾਰਦੀਆਂ ਜੰਗਲ ਵਿੱਚ ਹੈਰਾਨ ਪਰੇਸ਼ਾਨ ਭੌਕਦੀਆਂ ਸਨ, ਰਾਹ ਕੋਈ ਲੱਭੇ ਨਹੀਂ, ਓਛਲੀਆਂ ਘਾੜ ੨ ਪੈਰਾਂ ਨੂੰ ਬੰਨ੍ਹਣ, ਕਦੇ ਕਿਸੇ ਬ੍ਰਿਛ ਨੂੰ ਤੱਕਣ, ਓਸ ਸਮੇਂ ਦੇ ਕਸ਼ਟ ਨੂੰ ਓਹੋ ਅਨਭਵ ਕਰ ਸਕਦਾ ਹੈ, ਜਿਸਨੇ ਕਦੇ ਅਜੇਹੀ ਬਿਪਤਾ ਭੋਗੀ ਹੋਵੇ, ਅਜੇਹੀ ਅਫੜਾ ਦਫੜੀ ਪਈ ਭੈਣ ਨੂੰ ਭਜਾਂਦੀ, ਪੁਤ੍ਰ ਨੂੰ ਮਾਈ, ਸੱਸ ਨੂੰ ਜਵਾਈ, ਮਾਈ ਨੂੰ ਜਾਈ, ਕੋਈ ਕਿਸੇ ਨੂੰ ਮਿਲਦੀ ਨਾ ਪਾਈ, ਜਿਧਰ ਜਿਸਦਾ ਰਾਹ ਲਗਾ ਦੌੜ ਗਿਆ, ਸਬਨੂੰ ਅਪਣੀ ੨ ਜਾਂਨ ਦੀ ਬਣ ਗਈ, ਜੋ ਘੇਰੀਆਂ ਗਈਆਂ ਅਨੇਕ ਖੁਦ ਹੀ

Sri Satguru Jagjit Singh Ji eLibrary NamdhariElibrary@gmail.com

ਕਟਾਰੀਆਂ ਖਾਕੇ ਯਾ ਖੂਹਾਂ ਵਿਚ ਡਿੱਗਕੇ ਜਾਨਾਂ ਦੇਗਈਆਂ ਅਨੇਕਾਂ ਪਤਿਵੰਤੀਆਂ ਦੇ ਪਤਿ ਸਤ ਟੁਟਗਏ, ਐਸਾ ਕੈਹਰ ਦਾ ਭੁਜਾਨਕ ਸਮਾਂ ਬੀਤਿਆਂ ਜੋ ਲਿਖਦੀ ਹੋਈ ਕਲਮ ਕੰਬਦੀ ਹੈ, ਤਿੰਨ ਦਿਨ ਏਹੋ ਕਰਾਲ ਹਾਲ ਬੀਤਿਆ ਰੋਟੀ ਨਾ ਪਾਣੀ ਨੀਂਦ ਉਨੀਦਿਆ ਬਹਾਣੀ । ਸਰਹੰਦ ਸ਼ੈਹਰ ਜੋ ਪੰਦ੍ਰਾਂ ਸੋਲ੍ਹਾਂ ਕੋਸ ਦੇ ਗੇੜ ਵਿਚ ਵਸਦਾ ਸੀ, ਏਸ ਲੁਟ ਮਾਰ ਦੇ ਗਰਮ ਬਜਾਰ ਨੇ ਬਿਗਾੜਕੇ ਉਜਾੜ ਕਰ ਛਡਿਆ। ਲੁਟੇਰੇ ਲੋਭ ਪੁਸ਼ਤਾਂ ਦੀ ਦੌਲਤ ਲੈ ਗਏ, ਸੈਂਕੜੇ ਸੇਠ, ਨੁਵਾਬ ਅੰਮੀਰ ਕੀਰ ਹੋ ਗਏ, ਬੇਅੰਤ ਰੰਕ ਰਾਵ ਬਣ ਬੈਠੇ। ਸਰਹੰਦ ਦੇ ਵਸਨੀਕ ਚਾਲਾਕ ਬਦਮਾਸ਼ ਹੱਥ ਰੰਗ ਬੈਠੇ, ਸਿਖ ਤਾਂ ਗੁਰੂ ਦੇ ਹੁਕਮ ਨੂੰ ਮੰਨਦੇ ਹੋਏ ਨਿਰੇ ਪੁਰੇ ਸਰਹੰਦ ਦੇ ਉਜਾੜਨ ਵਿਚ ਹੀ ਸਨ, ਓਥੋਂ ਦੇ ਜੰਮੇ ਜਾਏ ਭੇਤੀਆਂ ਨੇ ਜਿਤਨਾਂ ਨੁਕਸਾਨ ਕੀਤਾ ਓਤਨਾਂ ਸਿੰਘਾਂ ਤੋਂ ਨਹੀਂ ਹੋਇਆ ॥

ਹੁਣ ਜਦ ਬੰਦੇ ਦੇ ਹੁਕਮ ਨਾਲ ਜੋ ਲੁਟ ਮਾਰ ਬੰਦ ਕਰਕੇ ਅਨੇਕ ਅਮੀਰ ਕਾਰਦਾਰ ਹਿੰਦੂ ਮੁਸਲਮਾਨ ਨਾਮੀ ੨ ਸਿੰਘਾਂ ਨੇ ਫੜ ੨ ਕੋਠੀਆਂ ਵਿਚ ਅੜਾ ਰਖੇ ਸਨ, ਓਹ ਕਢਾਏ। ਅਨੇਕਤਾਂ ਓਸ ਅਸਹਿ ਕਸ਼ਟ ਵਿਚ ਤੜਫਕੇ ਮਰ ਹੀ ਗਏ ਸਨ, ਬਾਕੀ ਜੋ ਜੀਉਂਦੇ ਨਿਕਲੇ ਓਨਾਂ ਵਿਚੋਂ ਸੁਚਾਨੰਦ ਜੇਹੇ ਦੁਸ਼ਟ ਵਖਤੇ ਕੈਦ ਕੀਤੇ ਗਏ, ਬਾਕੀ ਛਡ ਦਿਤੇ। ਕੈਦੀਆਂ ਨੂੰ ਜਥਾ ਜੋਗ ਸਜਾ ਮਾਰ ਕੁਟ ਦੀ ਯਾ ਜੁਰਮਾਨੇ ਦੀ ਦੇਕੇ ਰਿਹਾ ਕੀਤਾ, ਸੁਚਾਨੰਦ ਸੂਬੇ ਦਾ ਪੇਸ਼ਕਾਰ ਦੀਵਾਨ ਸੀ, ਉਸਦੇ ਨੱਕ ਵਿਚ ਨਕੇਲ ਪਵਾ ਕਰ ਰਿੱਛ ਵਾਂਗੂੰ ਟਪਾਉਂਦੇ ਹੋਏ ਓਸ ਦੇਸਾਮ੍ਹਣੇਓਸਦੇ ਸਬ ਸੰਬੰਧੀ ਔਰਤਾਂ

Sri Satguru Jagjit Singh Ji eLibrary NamdhariElibrary@gmail.com

ਮਰਦਾਂ ਨੂੰ ਭਾਰੀ ਬੇਦਰਦੀ ਨਾਲ ਜਿਨ੍ਹੇ ਓਸਨੇ ਸਾਹਿਬਜ਼ਾਦੇ
ਨੀਂਹਾਂ ਵਿਚ ਚੁਨਵਾਏ ਕਤਲ ਕਰਾਏ ਸਨ, ਓਹੋ
[ਦਹਿ ਦਨੀਆਂ ਸੱਤ੍ਰ ਆਖਰ] ਵਾਲੇ ਨਿਸ਼ਾਬ ਸੈਂ
ਕੋਰੜਿਆਂ ਅੱਘੀਆਂ ਦੀ ਮਾਰ ਨਾਲ ਰਮੜੀਆਂ ਉਦੇੜ ੨
ਨੰਗੇ ਕਰਕੇ ਮਜ਼ਬੀ ਸਿਖਾਂ ਦੇ ਹੱਥ ਦੇਕੇ ਸਾਰੇ ਸ਼ਹਿਰ ਦੇ
ਘਰ ਘਰ ਵਿਚੋਂ ਇਕ ਇਕ ਛੱਤੀ ਮੰਗਾ ਦਿਵਾਨ ਨੂੰ ਦੇਖਾ ੨
ਕਤਲ ਕਰ ਛਡਿਆ, ਅੰਤਤਾਂ ਨੀਲਾਂਮ ਕਰ ਵਢੀਆਂ,
ਸੁਚਾਨੰਦ ਜੀਉਂਦਾ ਬੰਨ੍ਹਵੇ ਸਾੜਿਆ ਗਿਆ, ਕਜੋਂਕਿ ਗੁਰੂ
ਦੇ ਮਾਸੂਮ ਬੇਗੁਨਾਹ ਬਚਿਆਂ ਨੂੰ ਕਸ਼ਟ ਦੇਕੇ ਕਤਲ
ਕਰਾਏ ਜਾਣਦੇ ਅਤੀ ਘੋਰ ਪਾਪ ਦਾ ਕਾਰਨ ਬਣੇ ਸੀ,
ਦੌਲਤ ਜੋ ਓਸਨੇ ਗਰੀਬਾਂ ਦੇ ਲਾਲ ਘੁਟ ਘੁਟ ਕੇ ਕੱਠੀ
ਕੀਤੀ ਸੀ, ਓਸੇ ਨੇ ਓਸਨੂੰ ਏਡਾ ਸਖਤ ਦੰਡ ਦੇਵਾਇਆ,
ਸਚ [ਪਾਪਾ ਬਾਝੁ ਹੋਵੈ ਨਾਹੀ ਮੁਖਿਆ ਸਾਖ ਨ ਜਾਈ]
ਭਾਈ ਹੱਕ ਬੇਹੱਕ ਦੀ ਕਮਾਈ ਸੁਖਦਾਈ ਦੁਖਦਾਈ ਹੈ,
ਹੁਣ ਦੇ ਕਾਨੂਨੀ ਏਸ ਪਰਬੰਧ ਨੂੰ ਪੜ੍ਹ ਸੁਣਕੇ ਏਸਨੂੰ
ਬੇਹੱਦ ਵਰਜੇ ਦਾ ਜੁਲਮ ਹੋਇਆ ਦੱਸਣਗੇ, ਪਰ ਜਦੋਂ
ਪਲਕਾਂ ਝੁਕਦੇ ਜਦ ਓਸ ਸਮੇਂ ਦੇ ਹਾਲਮਾਂ ਦੇ ਜੁਲਮ ਤੇ
ਹੁਣ ਦੇ ਕੰਮ ਹਾਜ਼ਨਗੇ ਤਾਂ ਆਪੇ ਕੈਹਣਗੇ ਏਹ ਸਜ਼ਾ ਕੁਛ
ਭਾਰੀ ਨਹੀਂ ਹੋਈ, ਜਿਨਾਂ ਪਤਵੰਤੇ ਪੁਤਖਾਂ ਦੇ ਸਾਮ੍ਹਣੇ
ਓਨਾਂ ਦੀਆਂ ਨੂੰਹਾਂ ਧੀਆਂ ਦੇ ਡੋਲੇ ਘਰ ਲਿਆਉਣ ਤੋਂ
ਪੈਹਲੇਹੀ ਓਦੇਂ ਦੇ ਹਾਕਮ ਜੋਰੋਜੋਰੀ ਅਪਣੇ ਘਰ ਲੈ ਜਾਂਦੇ
ਕਈ ਕਈ ਰਾਤਾਂ ਰਖਦੇ ਓਨਾਂ ਦੀਆਂ ਬਿਟੀਆਂ ਚਾਦਰਾਂ
ਨੂੰ ਦਾਗੀ ਕਰ ਦੇਂਦੇ ਸਨ ਅਤੇ ਸੁਦਰ ਸੁਰਤ ਹਿੰਦੂਆਂ ਦੇ
ਬੁਢੀਆਂ ਮੂੰਹੇ ਹੜਦੇ ਮੁਸਲਮਾਨ ਗੁਲਾਮ ਬਨਾ ਰਖਦੇ ਸਨ,

Sri Satguru Jagjit Singh Ji eLibrary NamdhariElibrary@gmail.com

ਫੇਰ ਕੇਵਲ ਕਲਮਾਂ ਪੜ੍ਹਾਕੇ ਦੀਨ ਮਨਾਉਂਣ ਬਦਲੇ ਚਰਖੀਆਂ ਪਰ ਚੜ੍ਹਾਕੇ ਯਾ ਤਸਮੇ ਕਸੀਸੇ ਯਾ ਬੰਦ ੨ ਛੁਡਾਕੇ ਯਾ ਸਾਰੇ ਸਰੀਰ ਵਿਚ ਕਿਲ ਠੁਕਾਕੇ ਯਾ ਕੁੱਤਿਆਂ ਤੋਂ ਦੁੜਵਾਕੇ ਮਾਰੇ ਜਾਣੇ ਦੇ ਓਨਾਂ ਪਹਾੜ ਜੇਡੇ ਜੁਲਮਾਂ ਅਗੇ ਤਾਂ ਏਹ ਜੁਲਮ ਰਾਈ ਦੇ ਦਾਣੇ ਜਿਤਨਾ ਭੀ ਨਹੀਂ ਹੋਇਆ, ਸਗੋਂ ਇਨਸਾਫ ਹੋਇਆ ਸਮਝੋ।

ਫੇਰ ਅਮਨ ਦਾ ਝੰਡੇਲਾ ਫਿਰਾਕੇ ਬੰਦੇ ਨੇ ਖਾਲਸਈ ਨਿਸ਼ਾਨ ਕਿਲੇ ਪਰ ਝੁਲਾ ਦਿੱਤਾ। ਬਾਜੇ ਸਿੰਘਾਂ ਨੂੰ ਓਥੋਂ ਦਾ ਸੁਬਾ ਕੀਤਾ (ਕੁਸ਼ਾਲ ਚੰਦ ਨੇ ਬਖਤ ਸਿੰਘ ਸੁਨਾਮੀ ਲਿਖਾ ਹੈ ਸੋ ਭੁਲ ਹੈ) ਮਾਲੀ ਸਿੰਘ ਨੂੰ ਨਾਇਬ ਨਾਜ਼ਮ ਛਤੇ ਸਿੰਘ ਨੂੰ ਨਵਾਬੀ ਖਿਤਾਬ ਦੇਕੇ ਸਮਾਣੇ ਦਾ ਹਾਕਮ ਕਰਕੇ ਮਲਵਈ ਸਿੰਘ ਸਬ ਓਸੇ ਦੇ ਮਾਤਬੇ ਕਰ ਦਿੱਤੇ, ਬਲਕਿ ਨੂਰੀਏ ਨੇ ਜਿਥੇ ਕਿਤੇ ਹਿੰਦੂਆਂ ਨੂੰ ਹਟਾਕੇ ਮੁਸਲਮਾਨ ਠਾਣੇਦਾਰ ਤਸੀਲਦਾਰ ਕਾਨੂਗੋ ਫੌਜਦਾਰ ਬਨਾਏ ਸਨ ਓਨਾਂ ਸਬਨੀਂ ਥਾਈਂ ਬੰਦੇ ਨੇ ਸਿਖ ਯਾ ਹਿੰਦੂ ਹਾਕਮ ਕਰ ਦਿੱਤੇ। ਪਰਗਨੇ ਸਨਾਮ ਤੇ ਮਨਸੂਰ ਪੁਰ ਦੇ ਹਾਕਮ ਰੰਘੜ ਆਕੀ ਬੈਠੇ ਸਨ। ਫੌਜ ਭੇਜਕੇ ਓਨਾਂ ਦੀ ਚੰਗੀ ਭੰਗ ਝਾੜ ਝਾੜ ਉਨਾਂ ਸ਼ਹਿਰਾਂ ਨੂੰ ਲੁਟ ਮਾਰ ਕਮਜੋਰ ਕਰਕੇ ਸਿਖ ਹਾਕਮ ਕਾਇਮ ਕਰ ਦਿੱਤੇ। ਬਾਬੇ ਬਿਨੋਦ ਸਿੰਘ ਰਾਮ ਸਿੰਘ ਨੂੰ ਪਰਗਨੇ ਕਰਨਾਲ ਵਿਚ ਤਿਰਾਵੜੀ ਵਗੈਰੇ ਦੇ ਹਾਕਮ ਕੀਤਾ ਗਿਆ। ਏਧਰ ਦਸ ਪੰਦ੍ਰਾਂ ਦਿਨ ਤਕ ਸਿਖਾਂ ੨ ਬਦ-ਮਾਸ਼ਾਂ ਨੇ ਗੁਰੂ ਕੇ ਸਿਖਾਂ ਨਾਲ ਯਾ ਸਾਹਿਬਜ਼ਾਦਿਆਂ ਨਾਲ ਕੁਛ ਬੀ ਬੁਰਾਈ ਕੀਤੀ ਸੀ, ਮੁਖਬਰਾਂ ਦੇ ਜਰੀਏ ਓਨਾਂ ਨੂੰ ਛਡ ਛਡਨਬਾ ਜੋਗਾ ਸਜ਼ਾ ਦੇਕਰ ਸਿੰਘ ਅਪਣਾ ਦਬਾਓ ਪਾਉਂਦੇ ਰਹੇ।

ਹੁਣ ਜਾਣਨਾ ਸੀ ਕਿ ਸਰਹੰਦ ਦੀ ਸੁਬੇਦਾਰੀ ਬਾਬਤ ਲਖ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਰੁਪਏ ਆਂਮਦਨੀ ਦੀ ਮਾਲਕੀ ਬਾਜ ਸਿੰਘ ਜੱਟ ਨੂੰ ਮਿਲ ਜਾਊ। ਓਹੋ ਮੇਜਾ ਵਿਛਵਾਕੇ ਏਨ੍ਹਾਂ ਸ਼ੀਸ਼ ਮੈਹਲਾਂ ਵਿਚ ਸਵੇਂਗਾ ਤੇ ਹੁਕਮ ਚਲਾਏਗਾ ? ਏਹ ਸਬ ਹੈ ਤਾਂ ਗੁਰੂ ਦੀ ਦਾਤ, ਪਰ ਹਿੰਮਤ ਦਾ ਛਲ ਸਹੀ ਹੈ। ਹੁਣ ਓੜਕ ਜਦ ਮੁਸਲਮਾਨ ਨ੍ਹਿ ਨ੍ਹਿ ਕਰਕੇ ਬੰਦੇ ਦੀ ਸਰਨੀ ਆ ਪਏ ਤਾਬੇਦਾਰੀ ਮਨਜੂਰ ਕਰ ਲਈ; ਕਹਾਵਤ ਹੈ (ਕਦੇ ਖੁਰਗੀਨ ਕਾਠੀ ਉੱਤੇ, ਕਦੇ ਕਾਠੀ ਖੁਰਗੀਨ ਉੱਤੇ) ਪੈਹਲੇ ਮੁਸਲਮਾਨਾਂ ਨੇ ਬੰਦੇ ਨਾਲੋਂ ਭੀ ਲੱਖ ਗੁਣੇ ਜੁਲਮ ਹਿੰਦੂਆਂ ਉੱਤੇ ਕੀਤੇ ਸਨ ਜੋ ਏਸੇ ਪੁਸਤਕ ਦੇ ਆਰੰਭ ਵਿਚ ਦਿਖਾਏ ਗਏ, ਓਨ੍ਹਾਂ ਪਾਪ ਦਾ ਛਲ ਮੁਹੰਮਦੀਆਂ ਨੂੰ ਪਰਮੇਸ਼ੁਰ ਨੇ ਬੰਦੇ ਦੇ ਹੱਥੋਂ ਦਿਵਾਯਾ। ਬਾਬੇ ਬੰਦੇ ਨੇ ੫੨੦੦੦੦੦ ਬਾਵੰਜਾ ਲੱਖ ਰੁਪਏ ਦਾ ਮੁਲਕ ਬਾਵਨੀ ਸਰਹੰਦ ਉੱਤੇ ਕਬਜਾ ਕਰਕੇ ਸਬ ਸਿੰਘਾਂ ਨੂੰ ਸੌਂਪ ਦਿਤਾ, ਆਪ ਫਕੀਰ ਦਾ ਫਕੀਰ ਬਣਿਆਂ ਰਿਹਾ, ਸਰਹੰਦ ਮਾਰੀ ਤੋਂ ਬਾਦ ਬੰਦੇ ਬਹਾਦਰ ਦਾ ਦਬਦਬਾ ਸਿਕੰਦਰ ਜੈਸਾ ਮੰਨਕੇ ਇਲਾਕੇ ਸਰਹੰਦ ਦੇ ਰਈਸ, ਚੌਧਰੀ, ਤਅੱਲਕੇਦਾਰ ਸਬ ਆਪੇ ਆਪ ਆ ਮਿਲੇ । ਸਾਰੀ ਖਲਕਤ ਏਸਤੋਂ ਡਰਦੀ ਥਰਥਰ ਕੰਬਦੀ ਸੀ, ਤੇ ਖਾਲਸੇ ਦੀ ਚੜ੍ਹਦੀ ਕਲਾ ਤੇ ਰਾਜ ਹੁੰਦਾ ਦੇਖਕੇ ਸੈਂਕੜੇ ਲੋਗ ਹਰ ਰੋਜ ਸਿੰਘ ਸਜ ਰਹੇ ਸਨ ॥

ਮਸੰਦਾਂ ਦੀ ਸ਼ਾਮਤ ਤੇ ਪਾਇਲ ਪੁੜਾਮ

ਸਹਾਰਨ ਪੁਰ ਆਦਿਕ ਮਾਰਨਾ

ਏਸੇ ਸਮੇਂ ਵਿਚ ਬੁਲਾਕੀ ਸਿੰਘ ਮਸ਼ਹੂਰ ਰਾਗੀ ਸਿੰਘ ਨੇ ਬੰਦੇ ਪਾਸ ਸਿੰਘਾਂ ਦੇ ਦੀਵਾਨ ਵਿਚ ਆਕੇ ਫਰਯਾਦ ਕੀਤੀ

Sri Satguru Jagjit Singh Ji eLibrary NamdhariElibrary@gmail.com

ਤਲਵੇ ਪਾਇਲ ਘੁੜਾਣੀ ਪਿੰਡ ਵਿਚ ਠੈਹਰਕੇਜਦ ਮੈਂਰਹੁਰਾਸ ਪੜ੍ਹਦੇ ਹੋਏ ਨੇ ਦਸਮ ਗੁਰੂ ਜੀ ਦੀ ਚੌਪਈ ਪੜ੍ਹੀ ਤਾਂ ਓਥੋਂ ਦੇ ਰਾਮਰਈਏ ਲੋਕਾਂ ਨੇ ਦਸਮੇਂ ਗੁਰੂ ਜੀਦੀ ਬਾਣੀ ਪੜ੍ਹਨਬਦਲੇ ਗੁਰੂ ਨੂੰ ਭੀ ਗਾਲੀਆਂ ਦਿਤੀਆਂ ਤੇ ਮੈਨੂੰਭੀ ਮਾਰਿਆ ਅਤੇ ਮੇਰਾ ਸਰੰਦਾ ਭੀ ਭੰਨ ਦਿਤਾ, ਓਨਾਂ ਨੂੰ ਸਿਖਯਾ ਦੇਣੀ ਚਾਹੀਦੀ ਹੈ? ਏਹ ਬ੍ਰਿਤਾਂਤ ਸੁਣਕੇ ਸਿੰਘਾਂ ਨੇ ਬੰਦੇ ਨੂੰ ਨਾਲ ਲੈਕਰ ਪਾਇਲ ਪਰ ਚੜ੍ਹਾਈ ਕਰ ਦਿੱਤੀ, ਪਾਇਲ ਨੂੰ ਲੁਟਮਾਰ ਕੇ ਰਾਮਰਈਆਂ ਨੂੰ ਬਹੁਤ ਸਜਾਇ ਦਿੱਤੀ ਤੇ ਬੁਲਾਕਾ ਸਿੰਘ ਨੂੰ ਓਥਾਂ ਦਾ ਠਾਣੇਦਾਰ ਕਰਕੇ ਆਪ ਇਕ ਵਸਤਾ ਫੌਜ ਕੁਛ ਤੋਪਾਂ ਲੈਕੇ ਮਲੇਰ ਕੋਟਲੇ ਦੀ ਤਰਫ਼ ਕੂਚ ਕਰ ਦਿੱਤਾ। ਘੁੜਾਣੀ ਘੜੈਲੀ ਧਮੋਟ ਆਦਿਕ ਅਨੇਕ ਪਿੰਡਾਂ ਤੋਂ ਨਜ਼ਰਾਨੇ ਲੈਂਦੇ ਹੋਏ ਅੱਗੇ ਵਧੇ ਤਾਂ ਨਵਾਬ ਗੁਲਸ਼ੇਰ ਮਹੰਮਦ ਖਾਂ ਕੋਟਲੇ ਵਾਲਾ ਜੋ ਆਨੰਦ ਪੁਰ ਦੀ ਅਫੜਾ ਤਫੜੀ ਵਿੱਚੋਂ ਗੁਰੂ ਸਾਹਿਬ ਦੀ ਟੈਹਲਣ ਅਨੂਪ ਕੌਰ ਨੂੰ ਫੜਕੇ ਲੈ ਆਇਆ ਸੀ, ਓਸਨੂੰ ਮੁਸਲਮਾਨੀ ਕਰਨਾ ਚਾਹਿਆ, ਪਰ ਓਹ ਮੁਸਲਮਾਨੀ ਨਾ ਹੋਈ, ਕਟਾਰੀ ਖਾਕੇ ਮਰ ਗਈ, ਨਵਾਬ ਨੇ ਓਸਨੂੰ ਦਫਨਾਕੇ ਕਬਰ ਬਣਾ ਰਖੀ ਸੀ। ਏਹ ਖਬਰ ਸੁਣਕੇ ਬਾਬੇ ਬੰਦੇ ਨੇ ਮਲੇਰ ਕੋਟਲੇ ਨੂੰ ਜਾ ਘੇਰਿਆ, ਮੁਸਲਮਾਨ ਡਰਦੇ ਮਾਰੇ ਘਰ ਛੱਡ ਛੱਡ ਕੇ ਬਹੁਤ ਭੱਜ ਗਏ। ਬੰਦੇ ਦੇ ਇਕ ਸ਼ਾਹੂਕਾਰ ਦੇ ਘਰ ਕਿਸੇ ਸਮੇਂ ਬੰਦਾ ਲੈਣ ਗਿਆ ਸੀ ਤੇ ਓਸਨੇ ਟੈਹਲ ਬਹੁਤ ਕੀਤੀ ਸੀ, ਓਸਨੇ ਬੰਦੇ ਨੂੰ ਪੈਹਚਾਨ ਲਿਆ, ਏਸ ਕਰਕੇ ਸ਼ਾਹੂਕਾਰਾਂ ਤੋਂ ੪੦੦੦ ਚਾਰ ਹਜਾਰ ਰੁਪਯਾ ਕੱਠਾ ਕਰ ਲਿਆ ਤੇ ਇਕ

Sri Satguru Jagjit Singh Ji eLibrary NamdhariElibrary@gmail.com

ਘੋੜਾ ਨਜ਼ਰ ਵਾਸਤੇ ਲੈਕੇ ਬਾਵੇ* ਆਤਮਾ ਰਾਮ ਸਮੇਤ ਸ਼ਹਿਰ ਦੀ ਪੰਚਾਇਤ ਨੂੰ ਨਾਲ ਲੈਕੇ ਬੰਦੇ ਨੂੰ ਜਾ ਮਿਲਿਆ ਬਾਬੇ ਬੰਦੇ ਨੇ ਨਜਰ ਲੈਕੇ ਓਸਦੇ ਲਿਹਾਜ ਨੂੰ ਸ਼ਹਿਰ ਦੀ ਲੁੱਟ ਮਾਰ ਮਾਫ ਕਰ ਦਿੱਤੀ ਤੇ ਨਵਾਬ ਸ਼ੁਲਸ਼ੇਰ ਮਹੰਮਦ ਖਾਂ ਤੋਂ ੧੦੦੦੦ ਦਸ ਹਜ਼ਾਰ ਰੁਪਯਾ ਨਜਰਾਨਾ ਦੰਡ ਲੈਕੇ ਗੁਰੂ ਜੀ ਦੀ ਪੈਹਲਣ ਦੀਆਂ ਹੱਡੀਆਂ ਕਬਰ ਵਿੱਚੋਂ ਕਢਵਾਕੇ ਰੁੜਾਇ ਦਿੱਤੀਆਂ, ਫੇਰ ਲਾਹਿ ਕੋਟ ਦੀ ਤਰਫ ਕੂਚ ਕਰ ਦਿੱਤਾ। ਰਾਇ ਕੱਲੇ ਨੇ ੫੦੦੦ਪੰਜ ਹਜਾਰ ਨਕਦ, ਪੰਜ ਘੋੜੇ ਨਜਰ ਦੇਕਰ ਆਪਨਾ ਮੁਲਕ ਗੁਰੂ ਦੀ ਬਖਸ਼ਸ਼ ਕੈਹਕੇ ਬਚਾ ਲੀਤਾ, ਏਸ ਵੇਲੇ ਸਰਹੰਦ ਦੇ ਅਠਾਈ ਪਰਗਨੇ ਸਿੰਘਾਂ ਅੱਗੇ ਸਿਰ ਝੁਕਾਈ ਖੜੇ ਸਨ, ਬੰਦੇ ਦੀ ਐਡੀ ਧਾਂਕ ਪੈ ਰਹੀ ਸੀ ਕਿ ਜਿੱਧਰ ਨੂੰ ਪੈਰ ਚੁਕਦਾ ਓਧਰੋਂ ਅੱਗੇ ਹੀ ਨਜ਼ਰਾਂ ਲੈਕੇ ਲੋਗ ਆ ਮਿਲਦੇ ਸਨ ॥

ਕਿਲੇ ਲੋਹਗੜ ਦੀ ਕਾਇਮੀ

ਹੁਣ ਬੰਦੇ ਬਹਾਦਰ ਨੇ ਓਹ ਸਮਾਂ ਖਾਲੀ ਨਹੀਂ ਗਵਾਇਆ, ਜੋਂਕਿ ਓਹ ਚੰਗੀ ਤਰਾਂ ਜਾਣਦਾ ਸੀ ਜੋ ਔਕੜ ਦੇ ਵੇਲੇ ਕਿਲੇ ਕੋਟ ਹੀ ਕੰਮ ਦਿਆਂ ਕਰਦੇ ਹਨ, ਏਸੇ ਵਾਸਤੇ ਓਸਨੇ ਕਿਲੇ ਮੁਖਲਸ ਗੜ੍ਹ ਦੀ ਮੁਰੰਮਤ ਕਰਾਣੀ ਸ਼ੁਰੂ ਕਰਕੇ ਓਸਦਾ ਨਾਮ ਲੋਹ ਗੜ੍ਹ ਰੱਖਿਆ, ਬਹੁਤ ਸਾਮਾਨ ਜੰਗ ਦਾ ਓਥੇ ਜਮਾ ਕੀਤਾ। ਏਹ ਕਿਲਾ ਮੁਖਲਸ ਖਾਂ ਸੂਬੇ ਸਰਹੰਦ ਨੇ ਸ਼ਵੇਰੇ ਤੋਂ ਵੀਹ ਕੋਹ ਪਹਾੜ ਵਿੱਚ ਬਹਤ ਪੁਖਤਾ

*ਆਤਮਾ ਰਾਮ ਵੈਰਾਗੀ ਸਾਧੂ ਬੜਾ ਮਸ਼ਹੂਰ ਕਰਾਮਾਤੀ ਹੋਇਆ ਹੈ, ਹੁਣ ਭੀ ਓਸਦੇ ਨਾਮ ਦਾ ਮੇਲਾ ਨਿਮਾਣੀ ਕਾਦਸੀ ਨੂੰ ਭਰਦਾ ਹੈ ਬੇਸ਼ੁਮਾਰ ਸੇਵਕ ਓਨਾਂ ਦੇ ਆ ਕਰਕੇ ਦੀਲਤ ਚੜਾਉਂਦੇ ਹਨ ॥

Sri Satguru Jagjit Singh Ji eLibrary NamdhariElibrary@gmail.com

ਬਣਾ ਰੱਖਿਆ ਸੀ, ਸਰਹੰਦ ਮਾਰਨ ਤੋਂ ਪਿੱਛੋਂ ਓਸੇ ਸਮੇਂ ਬੰਦੇ ਨੇ ਬਨਵਾਨਾ ਅਰੰਭ ਦਿੱਤਾ। ਜਦ ਏਸ ਦੇਸ ਵਿੱਚ ਬੰਦੇ ਦੇ ਮੁਕਾਬਲੇ ਦਾ ਕੋਈ ਨਾ ਰਿਹਾ ਤਾਂ ਬਾਬੇ ਬਿਨੋਦ ਸਿੰਘ ਤੇ ਕਾਮ ਸਿੰਘ ਹਜ਼ੂਰੀ ਨੂੰ ੪੦੦੦ ਚਾਰ ਹਜ਼ਾਰ ਅਸਵਾਰ ਸਮੇਤ ਪਾਨੀਪਤ, ਤਿਰਾਵੜੀ ਵਿੱਚ ਉਤਾਰ ਦਿੱਤਾ ਤੇ ਭਾਈ ਫਤੇ ਸਿੰਘ, ਗੁਰਬਖਸ਼ ਸਿੰਘ ਭਾਈ ਭਗਤੂ ਕੇ ਰਾਮ ਸਿੰਘ ਤਿਲੋਕ ਸਿੰਘ ਫੂਲਕੇ, ਪ੍ਰੇਮ ਸਿੰਘ, ਧਰਮ ਸਿੰਘ ਭਾਈ ਰੂਪੇ ਕੇ ਏਨ੍ਹਾਂ ਸਭਨਾਂ ਨੂੰ ਮੁਲਕ ਮਾਲਵਾ ਸਪੁਰਦ ਕਰਕੇ ਆਪ ਚਿੱਲਾ ਬੰਦਗੀ ਕਰਨ ਵਾਸਤੇ ਜੋਹੜ ਸਰ ਦੇ ਪਹਾੜਾਂ ਵਿੱਚ ਠੰਢੀ ਜਗਾ ਚਲਾ ਗਿਆ ॥

ਦਿੱਲੀ ਤੋਂ ਫੌਜ ਆਉਣੀ ਸਿੰਘਾਂ ਤੋਂ ਸਰਹੰਦ ਛੁਡਾਣੀ ਤੇ ਸਿੰਘਾਂ ਨੇ ਫੇਰ ਕਬਜਾ ਕਰਨਾ

ਜਦ ਇਹ ਖਬਰ ਦਿੱਲੀ ਪਹੁੰਚੀ ਤਾਂ ਓਥੋਂ ਹਾਜੀ ਮਹੰਮਦ ਯਾਰ ਬੇਗ ਖਾਂ, ਸ਼ਾਹ ਅਨਾਯਤੁਲਾ, ਮੁਨੀਰ ਮੁਹੰਮਦ ਖਾਂ ਆਦਿਕ ਫੌਜਦਾਰਾਂ ਨੂੰ ੫੦੦੦ ਪੰਜ ਹਜਾਰ ਅਸਵਾਰ ਤੇ ਏਤਨਾਹੀ ਪਜਾਦਾ ਦੇਕੇ ਸਿੱਖਾਂ ਦੇ ਪਿਛੇ ਦਿੱਲੀ ਤੋਂ ਰਵਾਨੇ ਕੀਤਾ। ਤਿਰਾਵੜੀ ਪਾਸ ਬਾਬੇ ਬਿਨੋਦ ਸਿੰਘ ਨੇ ਮੁਕਾਬਲਾਤਾਂਕੀਤਾਪਰ ਓੜਕਹਾਰ ਖਾਕੇ ਸਰਹੰਦ ਵਿਚ ਸਿੰਘਾਂ ਨਾਲ ਆਮਿਲਿਆ। ਓਧਰ ਲਾਹੌਰ ਤੋਂ ਹੋਰ ਥੀ ਬਹੁਤ ਫੌਜ ਆ ਗਈ ਤੇ ਅਸੂ ਸੰਃ ੧੭੬੫ ਬਿਃ ਨੂੰ ਪਰਗਨੇ ਸਰਹੰਦ ਛਤਰਵੈਤ ਰਾਇ ਕਾਨੂੰ ਗੋ ਦੇ ਕਿਲੇ ਵਿਚ ਸਿੰਘਾਂ ਨੇ ਲੜਾਈ ਤਾਂ ਮਾਰੀ, ਪਰ ਸ਼ਕਿਸਤ ਖਾਕੇ ਕਿਲੇ ਲੋਹਗੜ ਦੀ ਤਰਫ ਚਲ ਪਏ, ਦੂਜੀ ਲੜਾਈ ਕਸਬੇ ਖਰੜ ਦੇ ਪਾਸ ਹੋਈ,

Sri Satguru Jagjit Singh Ji eLibrary NamdhariElibrary@gmail.com

ਫੇਰ ਬੀ ਖਾਲਸਾ ਹੀ ਹਰਨ ਹੋਇਆ। ਤੁਰਕੀ ਮਹੰਮਦ ਖਾਂ ਤੇ ਮਹੰਮਦ ਜਾਨ ਖਾਂ ਕਸੂਰੀ ਪਠਾਣਾਂਨੇ ਬੜੈਲ ਪਿੰਡ ਪਾਸ ਜਦ ਫੇਰ ਸਿੰਘ ਆ ਘੇਰੇ ਜੰਗ ਹੋਣ ਲੱਗਾ ਤਦੋਂਹੀ ਕੁਦਰਤ ਨਾਲ ਪਹਾੜਾਂ ਵਿਚੋਂ ਬਾਬਾ ਬੰਦਾ ਆ ਗਿਆ ਫੇਰ ਤਾਂ ਇਕ2 ਸਿੰਘ ਦਸਾਂ ੨ ਜੇਹਾ ਹੋ ਗਿਆ, ਤੁਰਕਾਂ ਨੂੰ ਚਿੰਤਾ ਬਜਾਪ ਗਈ, ਕਜੋਂਕਿ ਓਨਾਂ ਨੂੰ ਏਹੋ ਨਿਸਚੇ ਹੋ ਰਿਹਾਸੀ ਕਿ ਬੰਦਾ ਅਜਮਤੀ ਹੈ, ਜਿਸਨੇ ਕਿਸੇ ਪੀਰ ਫਕੀਰ ਦੀ ਕਬਰ ਜਗਾਏ ਬਿਨਾਂ ਨਹੀਂ ਛਡੀ, ਓਹ ਸਾਨੂੰ ਕਦ ਛੱਡੇਗਾ ? ਕੋਈ ਕੈਂਹਦਾ ਸੀ ਏਸਦੇ ਪਾਸ [ਮਹਾਂਬੀਰ] ਸੁਦਰਸ਼ਨ ਹਨ ਜਿਸਨੂੰ ਚਾਹੁੰਦਾ ਹੈ ਓਨਾਂ ਤੋਂ ਮਰਵਾ ਦਿੰਦਾ ਹੈ ।ਏਹੋ ਜੇਹੇ ਖਜਾਲ ਮੁਸਲਮਾਨਾਂ ਦੇ ਦਿਲ ਵਿਚ ਬੈਠਰਹੇ ਸਨ ਏਸੇ ਕਾਰਨ ਡਰ ਡਰਕੇ ਆਪੇ ਭੱਜ ਨਿਕਲਦੇ ਸਨ । ਬੁੜੈਲ ਦੇ ਜੰਗ ਵਿਚ ਤਾਂ ਤੁਰਕ ਐਸੇ ਪਾਣੀ ਹੋਏ ਜੋ ਥੋੜੀ ਜੇਹੀ ਲੜਾਈ ਕਰਕੇ ਦੌੜ ਗਏ, ਦਸ ਕੋਸ ਤਕ ਸਿੰਘਾਂ ਨੇ ਪਿੱਛਾ ਕੀਤਾ, ਬੇਸ਼ੁਮਾਰ ਤਲਵਾਰ ਦੇ ਘਾਟ ਉਤਾਰੇ ਗਏ । ਤਕੀ ਮਹੰਦ ਖਾਂ, ਮੁਨੀਰ ਮਹੰਮਦ ਖਾਂ, ਅਨਾਯਤੁਲਾ ਆਦਿਕ ਬਹੁਤ ਸਰਦਾਰ ਮਾਰੇ ਗਏ, ਬਾਬੇ ਬੰਦੇ ਨੇ ਫੇਰ ਸਰਹੰਦ ਦੇ ਇਲਾਕੇ ਪਰ ਸਿੰਘਾਂ ਦਾ ਦਖਲ ਕਰਾ ਦਿੱਤਾ ॥

ਲਸ਼ਕਰ ਦੀ ਵੰਡ ਤੇ ਮੁਰਿੰਡਾ ਮਾਰਨ

ਵੈਸਾਖ ਸੰਃ ੧੭੬੬ ਬਿਃ ਵਿਚ ਬੰਦੇ ਬਹਾਦਰ ਨੇ ਆਪਣੇ ਲਸ਼ਕਰ ਦੇ ਚਾਰ ਹਿੱਸੇ ਕੀਤੇ ਅਤੇ ਇਕ ਨੂੰ ਪਰਘਟੇ ਪਾਨੀਪਤ ਵਿਚ ਉਤਾਰ ਦਿੱਤਾ, ਦੂਸਰਾ ਸਰਹੰਦ ਵਿਚ, ਤੀਸਰਾ ਖਿਲੇ ਲੋਹ ਗੜ੍ਹ, ਚੌਥਾ ਅੜੇ ੨ ਮਸ਼ਹੂਰ ਬਹਾਦਰਾਂ

Sri Satguru Jagjit Singh Ji eLibrary NamdhariElibrary@gmail.com

ਦਾ ਝੁੰਡ ਆਪਣੇ ਪਾਸ ਰਖਿਆ । ਸਰਹੰਦ ਤੋਂ ਕੂਚ ਕਰਕੇ ਪਹਲੇ ਕਸਬੇ ਮੋਰੰਡੇ ਬਾਗਾਂ ਵਾਲੇ ਦੇ ਰੰਘੜਾਂ ਨੂੰ (ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਪੁਤ ਵਡੀ ਮਾਈ ਸਮੇਤ ਖੇੜੀ ਪਿੰਡ ਤੋਂ ਫੜਕੇ ਸਰਹੰਦ ਲੈ ਜਾਕਰ ਕਤਲ ਕਰਾਕੇ ਇਨਾਮ ਪਾਏ ਸਨ)ਜਾ ਘੇਰਿਆ ਓਹ ਆਖਿਆ ਕਰਦੇ ਸਨ, ਕਿ ਸਿਖੋ ! ਜਦੋਂ ਤਕ ਅਸੀ ਤੁਸਾਡੇ ਵਾਲਾਂ ਦੇ ਰੱਸੇ ਬਣਾਕੇ ਘੋੜਿਆਂ ਨੂੰ ਨਹੀਂ ਬਨ੍ਹਦੇ ਤਦੋਂ ਤਕ ਸਾਨੂੰ ਖਾਨਾ ਖਾਣਾ ਹਰਾਮ ਹੈ.ਓਹੋ ਬੋਲਕੁ ਬੋਲ ਤੇ ਜੁਲਮ ਕਰਨਦੇ ਬਦਲੇ ਬੰਦੇ ਨੇ ਜਾ ਛੱਡੇ, ਲੁਟ ਪਾਰਕਰ ਬਰਬਾਦ ਕਰ ਦਿੱਤੇ,ਆਪੇ ਹਰਾਮ ਖਾਣ ਬਗੈਰ ਮਰ ਗਏ ।

ਅਪਣੀ ਤਵਾਰੀਖ ਦੇ ੧੦੯ ਸਫੇ· ਪਰ ਖਾਫੀਖਾਂ ਲਿਖਦਾ ਹੈ ਕਿ ਜਦ ਬੰਦਾ ਮੁਸਲਮਾਨਾਂ ਦੇ ਪਿੰਡਾਂ ਨੂੰ ਲੁਟਦਾ ਮਾਰਦਾ ਹੋਇਆ ਸਹਾਰਨਪੁਰ ਦੀ ਤਰਫ ਝੁਕਿਆ ਤਾਂ ਓਥੇ ਥੀ ਸਰਹੰਦ ਵਾਂਗੂੰ ਨਜਾਮਤ ਸਰਾਂਤ ਸੀ, ਜਿਸਦੇ ਤਾਬੇ ੨੮ ਪਰਗਨੇ ਨਨੌਤਾ, ਦੇਬਨ, ਰਾਮ ਪੁਰ, ਥੱਲ ਭੁਵਨ, ਵਗੈਰੇ ਸਨ, ਪਰਮਣਾ ਜਲਾਲਾ ਬਾਦ ਹਸਾਰ ਖਾਂ ਨੇ ਜਲਾਲਾਬਾਦੀਏ ਮਨਿਹਾਲ ਰਾਜ ਪੁਤ ਨੂੰ ਜੋ ਅਹੁਤੇ ਆਕੜ ਕੰਨੇ ਮਸਾਂ ਮਸਾਂ ਸਿੱਧੇ ਕਰਕੇ ਮੀਰ ਸ਼ਿਕਾਰ ਖਾਂ ਥਨਾ ਭਵਨ ਵਾਲੇ ਦੇ ਕਬਜ਼ੇ ਕਰਾਇਆ ਸੀ, ਕਜਾਂਕਿ ਓਸਨੂੰ ਨੁਰੰਗੇ ਵੱਲੋਂ ਜਾਗੀਰ ਮਿਲਿਆ ਸੀ, ਮੀਰ ਸ਼ਿਕਾਰ ਖਾਂ ਦੇ ਮਰੇਤੋਂ ਓਸਦੇ ਬੇਟੇ ਜਲਾਲ ਖਾਂ ਨੇ ਦਗੇ ਨਾਲ ਖੋਜੇ ਮਨਿਹਾਲ ਦੇ ਰਾਜਪੁਤ ਭੀਖਨ ਸਿੰਘ ਆਦਿਕ ਬਹੁਤੇ ਸੂਰਬੀਰ ਕਤਲ ਕਰ ਛੱਡੇ ਔਰ ਲੁਹਾਰੀ ਪਿੰਡ ਵਸਾ ਲੀਤਾ, ਤਦੋਂ ਦਾ ਜਲਾਲਾ ਬਾਦ ਲੁਹਾਰੀ ਉਘੇ ਹੋ ਗਏ ।

Sri Satguru Jagjit Singh Ji eLibrary NamdhariElibrary@gmail.com

ਏਥੋਂ ਦੇ ਸੂਬੇ ਹਜ਼ਾਰ ਖਾਂ ਨੇ ਅਪਣੇ ਪਰਗਣਿਆਂ ਦੇ ਮੁਸਲਮਾਨਾਂ ਨੂੰ ਬੁਲਾਕੇ ਬੰਦੇ ਬਹਾਦਰ ਦੇ ਜ਼ੁਲਮ ਸੁਣਾ ਕਰ ਐਸਾ ਜੋਸ਼ ਦਿਵਾਇਆ ਜੋ ਇਕ ਲੱਖ ਆਦਮੀ ਦੇ ਲਗ ਭਗ ਮੁਸਲਮਾਨ ਜੁੱਠਾ ਹੋ ਗਿਆ, ਤੇ ਹੋਰ ਬੇਸ਼ੁਮਾਰ ਮੁਸਲਮਾਨ ਉਸ ਦੇਸ਼ ਦੇ ਹੱਥਾਂ ਨੂੰ ਮੈਂਹਦੀ ਲਾ ਲਾ ਜਾਨੇ ਤੁ ਹੱਥਜਾਰ ਬੰਨ੍ਹ ਬੰਨ੍ਹ ਸ਼ਹੀਦ ਹੋਣ ਲਈ ਸਹਾਰਨ ਪੁਰ ਵਿੱਚ ਆ ਕੱਠੇ ਹੋਏ। ਪਰ ਜਦ ਏਧਰੋਂ ਬਾਬੇ ਬੰਦੇ ਦਾ ਲਸ਼ਕਰ ਹੜ ਦੇ ਜਲ ਦੀ ਤਰਾਂ ਲੁਟਦਾ ਮਾਰਦਾ ਬਰਬਾਦ ਕਰਦਾ ਹੋਇਆ ਸਹਾਰਨ ਪੁਰ ਪਹੁੰਚਿਆ, ~~ਤੇ~~ ਅਲੀ ਮਹੰਮਦ ਖਾਂ ਬਿਨਾ ਹੀ ਜੰਗ ਕੀਤੇ ~~ਫ~~, ਕਰ ਸੰਬੰਧੀਆਂ ਸਮੇਤ ਰਾਤ ਨੂੰ ਦਿੱਲੀ ਦੀ ਤਰ~~ਫ~~ ਨੱਠ ਗਿਆ; ਬਾਕੀ ਹਜ਼ਾਰ ਖਾਂ ਪਾਸ ਮੁਸਲਮਾਨ ਜੋ ਜਾਨੇ ਬੰਨ੍ਹ ੨ ਆਏ ਸਨ ਓਨਾਂ ਨੂੰ ਨਵਾਬ ਹਸਮਤ ਖਾਂ ਤੇ ਮੌਲਵੀ ਸਮਾਲ ਦੀਨ ਖਾਂ ਆਦਿਕ ਰਈਸਾਂ ਨੇ ਦਿਲਾਸੇ ਦੇ ਦੇ ਦੀਨਮਜ਼ਬ ਦਾ ਜੰਗ ਸ਼ੁਰੂ ਕਰਾ ਦਿੱਤਾ। ਮੁਸਲਮਾਨ ਅਲੀ ੨ ਬੋਲਕੇ ਸ਼ੇਹਰੋਂ ਨਿਕਲ ੨ ਤਿੰਨ ਦਿਨ ਬੜੀ ਅੰਧਾ ਧੁੰਧ ਦੀ ਲੜਾਈ ਕਰਦੇ ਰਹੇ, ਲੋਥਾਂ ਦੇ ਢੇਰ ਲੱਗ ਗਏ, ਲਹੂ ਦੇ ਨਾਲੇ ਵੱਗ ਤੁਰੇ, ਓੜਕ ੧੪ ਸ਼ਿਵਾਲ ਸੰਃ ੧੧੨੨ ਹਿਜਰੀ ਤੇ ਸੰਃ ੧੭੬੬ ਬਿਃ ਨੂੰ ਸਿੰਘ ਹੱਲਾ ਕਰਕੇ ਸ਼ੇਹਰ ਵਿੱਚ ਜਾ ਵੜੇ ਤੇ ਹੋਰ ਭੀ ਲੁਟੇਰੀ ਖਲਕਤ ਬਹੁਤ ਆ ਗਈ, ਇਕ ਨੇ ਦੂਸਰੇ ਨੂੰ ਲੁਟਿਆ, ਸ਼ੇਹਰ ਵੈਰਾਨ ਕਰ ਸੁੱਟਿਆ, ਜਿਸਨੇ ਹੱਥ ਉਠਾਇਆ ਓਹੋ ਪਾਰ ਬੁਲਾਇਆ, ਹੋਰ ਭੀ ਸੈਂਕੜੇ ਮੁਸਲਮਾਨ ਮੁਖਬਰਾਂ ਵਾਰੇ ਫੜੇ ਹੋਏ ਭੜਾਂ ਥੱਰਾਂ ਵਾਂਗੂੰ ਕਤਲ ਕੀਤੇ ਗਏ। ਜਿਸਤਰਾਂ ਮੁਸਲਮਾਨ ਲੋਗ ਹਿੰਦੂਆਂ ਦਾ

Sri Satguru Jagjit Singh Ji eLibrary NamdhariElibrary@gmail.com

ਬੁਰਾ ਹਾਲ ਕਰਦੇ ਰਹੇ ਸਨ ਓਹੇ ਸ੍ਵਾਦ ਮੁਸਲਮਾਨਾਂ ਨੂੰ ਚੱਖਣਾ ਪਿਆ, ਸੱਚ ਹੈ (ਅਹਿੰਕਰ ਕਰੇ ਸੋ ਅਹਿਕਰ ਪਾਏ) ਫੇਰ ਬੰਦੇ ਸਾਹਿਬ ਨੇ ਜਲਾਲਾ ਬਾਦੀਏ ਜਲਾਲ ਖਾਂ ਨਵਾਬ ਨੂੰ ਤੇ ਸ਼ਾਹਨਿਵਾਜ਼ ਖਾਂ ਨਜੀਬਾ ਵਾਦੀਏ ਆਦਿਕ ਰਈਸਾਂ ਨੂੰ ਲਿਖ ਭੇਜਿਆ ਕਿ ਤੁਸੀਂ ਭੀ ਲੜਾਈ ਵਾਸਤੇ ਤਿਆਰ ਹੋ ਜਾਓ, ਦੋ ਮਹੀਨੇ ਨੂੰ ਤੁਹਾਡੀ ਵੱਲ ਆਵਾਂਗੇ। ਜਦਪਿ ਏਸ ਇਸ਼ਤਿਹਾਰ ਨੂੰ ਸੁਣਕੇ ਲੋਕਾਂ ਨੇ ਤਕੜਾਈ ਕੀਤੀ, ਪਰ ਜਦ ਖਾਲਸਾ ਜੀ ਦਾ ਦਲ ਓਸ ਦੇਸ ਦੇ ਨਵਾਬਾਂ ਨੂੰ ਲੁੱਟਦਾ ਪੁੱਟਦਾ ਹੋਇਆ ਹਰਿਦਵਾਰ ਇਸ਼ਨਾਨ ਕਰਕੇ ਨਜ਼ੀਬਾ ਬਾਦ ਪਹੁੰਚਿਆ ਤਾਂ ਓਥੋਂ ਦੇ ਨਵਾਬ ਦੂਦੇ ਖਾਂ ਨੇ ਨਜ਼ਰਾਂ ਦੇਕੇ ਆਪਣਾ ਸ਼ਹਿਰ ਲੁੱਟਣ ਥੀਂ ਬਚਾ ਲੀਤਾ। ਖਾਫੀ ਖਾਂ ਲਿਖਦਾ ਹੈ ਕਿ ਹਰ ਰੋਜ਼ ਪੰਜਾਹ ਸੱਠ ਮੁਸਲਮਾਨਾਂ ਦੇ ਮਾਰੇ ਬਿਨਾਂ ਬੰਦਾ ਅੰਨ ਜਲ ਨਹੀਂ ਕਰਦਾ ਸੀ, ਏਸੇ ਕਰਕੇ ਓਸਤੋਂ ਡਰਦੇ ਮੁਹੰਮਦੀ ਥਰ ਥਰ ਪਏ ਕੰਬਦੇ ਸੇ। ਏਸ ਦੇਸ ਨੂੰ ਲੁਟ ਪੁੱਟ ਕੇ ਕੱਤਕ ਮਹੀਨੇ ਜਲਾਲਾ ਬਾਦ ਜਾ ਘੇਰਿਆ। ਜਲਾਬਾਦੀਏ ਨੇ ਭੀ ਰੁਹੇਲੇ, ਪਠਾਣ ਬਹੁਤ ਕੱਠੇ ਕਰ ਰੱਖੇ ਸੇ ਓਹ ਦੋ ਮਹੀਨੇ ਜਾਨ ਤੋੜ ੨ ਕੇ ਲੜਦੇ ਰਹੇ, ਦੋਹਾਂ ਪਾਸਿਆਂ ਦੇ ਬਹੁਤ ਆਦਮੀ ਮਾਰੇ ਗਏ। ਕਈ ਵਾਰੀ ਇਹ ਜਿੱਤੇ ਕਈ ਵਾਰੀ ਓਹ। ਇਕਵਾਰੀ ਸਿਖ ਦੁਸ਼ਮਨ ਦਾ ਜ਼ੋਰ ਦੇਖਕੇ ਦੌੜਨ ਲਗੇ ਤਾਂ ਦੇਖਣ ਪਾਸੋਂ ਦੰਵਾਬਹਾਦਰ ਫੇਰ ਮੋੜਕੇ ਲੈ ਗਿਆ ਤੇ ਮੁਲਕ ਮਾਲਵੇ ਮਾਝੇ ਦੇ ਹੋਰ ਸਿੰਘ ਬਹੁਤ ਦੁਲਾ ਲਏ ਫੇਰ ਤਾਂ ਬੰਦੇ ਬਹਾਦਰ ਦੇ ਲਲਕਾਰੇ ਹੋਏ ਸਿੱਖ ਭੁਖੇ ਬਾਜਾਂ ਦੀ ਤਰਾਂ ਟੁਟ ਕੇ ਜਾ ਪਏ, ਬੜੀ ਭਾਰੀ ਲੜਾਈ ਹੋਈ। ਆਖਰ ਪੌੜੀਆਂ ਲਾਕੇ

Sri Satguru Jagjit Singh Ji eLibrary NamdhariElibrary@gmail.com

ਕਿਲੇ ਉਪਰ ਚੜ ਗਏ ਓਹੋ ਕੁਸ਼ਾਲਚੰਦ ਲਿਖਦਾ ਹੈ ਕਿ ਸਿੰਘ ਜਾਨ ਪਿਆਰੀ ਨਹੀਂ ਕਰਦੇ ਸਨ ਫਤੇ ਪਿਆਰੀ ਸਮਝਦੇ ਸਨ ਬੇਸ਼ੁਮਾਰ ਸਿੱਖਾਂ ਨੂੰ ਰੁਹੇਲਿਆਂ ਨੇ ਸੀੜੀਆਂ ਉਤੋਂ ਮਾਰ ਮਾਰ ਗਿਰਾਇਆ, ਪਰ ਇਕ ਡਿਗਦਾ ਸੀ ਤਾਂ ਦੋ ਹੋਰ ਉਸੇ ਡੰਡੇ ਉਤੇ ਜਾ ਖੜੇ ਹੁੰਦੇ, ਆਖਰ ਬਸੰਤ ਪੰਚਮੀ ਦੇ ਦਿਨ ਸਿੰਘਾਂ ਨੇ ਕਿਲੇ ਵਿਚ ਧਸਕੇ ਐਸੀ ਸ਼ਮਸ਼ੇਰ ਚਲਾਈ ਜੋ ਰੁਹੇਲੇ ਤੋਬਾ ਤੋਬ ਕਰ ਉਠੇ। ਬਹੁਤ ਤਾਂ ਮਾਰੇ ਗਏ ਬਾਕੀ ਨਵਾਬ ਜਲਾਲਦੀਨਖਾਂ ਸਮੇਤ ਬੜੀ ਮੁਸ਼ਕਲ ਨਾਲ ਦੌੜਕੇ ਦੂਸਰੇ ਕਿਲੇ ਵਿਚ ਜੋ ਉਥੋਂ ਚਾਰ ਕੋਹ ਪਰ ਸਾ, ਜਾ ਵੜੇ। ਹਾਥੀ, ਘੋੜੇ ਹਥਯਾਰ, ਖ਼ਜ਼ਾਨੇ, ਤੋਪਾਂ ਜੰਬੂਰੇ ਸਭ ਸਿੰਘਾਂ ਦੇ ਹਥ ਆਏ। ਸਿੰਘ ਅਲਾਲਾਬਾਦ ਦੀ ਲੁਟ ਦਾ ਸਾਮਾਨ ਲੈਕੇ ਕਿਲੇ ਲੋਹਗੜ ਵਿਚ ਚਲੇ ਆਏ। ਓਥੇਂ ਹੀ ਬਹੁਤ ਸਿੰਘ ਬੰਦੇ ਦੀ ਆਗਿਆ ਲੈਕੇ ਮਾਲ ਦੌਲਤ ਦੇ ਘੋੜੇ ਲੱਦੇ ਹੋਏ ਝੁੰਡ ਝੁੰਡ ਮਿਲਕੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਤੇ ਬਾਬਾ ਬੰਦਾ ਭੀ ਇਕ ਹਜ਼ਾਰ ਸਿੰਘਾਂ ਨੂੰ ਕਿਲ੍ਹੇ ਵਿਚ ਛਡ ਕੇ ਪਹਾੜੀਂ ਜਾ ਵੜਿਆ। ਏਸ ਹਲੇ ਵਿਚ ੧੦ ਹਜਾਰ ਨਵੀਨ ਸਿੰਘ ਥਾਨੇ ਭਵਨ ਦੇ ਪ੍ਰਗਣੇ ਦਾ ਸਜਨਾ ਸੀ। ਜਿਨਾਂ ਵਿਚ ਉਨਾਰਸਾ ਨਗਰ ਦੇ ਰਾਜਪੂਤ ਤਾਂ ਕੰਢੇ ਵਾਰ ਸਿੰਘ ਸਜ ਗਏ ਸਨ। ਭਾਵੇਂ ਸਿਖ ਤਾਂ ਪੈਹਲੇ ਥੀ ਸਨ, ਪਰ ਸਿੰਘਾਂ ਦੀਆਂ ਜਿੱਤਾਂ ਨੇ ਉਨਾਂ ਦੇ ਉਤਸ਼ਾਹ ਬਹੁਤ ਬੁਲੰਦ ਕਰ ਦਿਤੇ ਸਨ, ਜਲਾਲ ਖਾਂ ਨੇ ਏਹ ਗੱਲ ਸੁਣਕੇ ਐਸਾ ਕ੍ਰੋਧ ਵਧਾਇਆ ਕਿ ਉਨਾਰਸੇ ਦੇ ਸਾਰੇ ਰਾਜਪੂਤ ਫੜ ਮੰਗਾਏ, ਉਨਾਂ ਵਿਚ ਇਕ ਕਪੂਰ ਸਿੰਘ ਪੜ੍ਹਿਆ ਹੋਇਆ ਸੀ ਓਸਨੇ ਬੰਦੇ ਪਾਸ ਸਾਰਾ ਹਾਲ ਲਿਖਕੇ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਭੇਜ ਦਿੱਤਾ । ਏਹ ਖਬਰ ਸੁਣਦੇ ਹੀ ਭਾਵੇਂ ਪਹਿਲੇ ਮੈਣਦਾਬ ਤੇ ਦੁਆਬਾ ਮਾਰਨਾ ਬੰਦੇ ਨੇ ਮਥ ਛਡਿਆ ਸੀ, ਪਰ ਉਨ੍ਹਾਂ ਸਿੰਘਾਂ ਦੇ ਪੈਰੇ ਹੋਏ ਨੇ ਪੰਜਕੁ ਹਜਾਰ ਸਿੰਘ ਤੇ ਦੋ ਤੋਪਾਂ ਨਾਲ ਲੈਕੇ ਓਧਰ ਨੂੰ ਕੂਚ ਕਰਕੇ ਸਹਾਰਨ ਪੁਰ ਦੇ ਨਾਜ਼ਮ ਸੱਯਦ ਅਲੀ ਮਹੰਮਦ ਖਾਂ ਨੂੰ ਜੋ ਹਜਾਰ ਖਾਂ ਮਕੇ ਤੋਂ ਸੂਬਾ ਹੋਇਆ ਸੀ, ਲਿਖ ਭੇਜਿਆ ਕਿ ਤਕੜਾ ਹੋ ਖਾਲਸਈ ਦਲ ਆਇਆ, ਤਯਾਰੀ ਮੰਨ ਯਾ ਲੜ । ਓਹ ਤਾਂ ਏਸ ਖਬਰ ਨੂੰ ਮੰਜੇ ਪਾ ਦਿਤਾ, ਜਦ ਸਿੰਘਾਂ ਦਾ ਦਲ ਜਮਨਾ ਦਾ ਰਾਜ ਘਾਟ ਲੰਘਣਾ ਓਸਦੀਆਂ ਤਾਂ ਸਤੇ ਸੁਧਾਂ "ਧੀਰਜ ਬੁਧਿ, ਬਵੇਕ, ਬਲ, ਗ.ਮਿਤ ਔਸਰ ਬਾਤ, ਬਿਪਤ ਪਰੀ ਤੇ ਰੀ ਸਖੀ ਭੂਲ ਜਾਤ ਸੁਪ ਸਾਤ" ਭੁਲ ਗਈਆਂ, ਫੇਰ ਤਾਂ ਰਹੀ ਸਹੀ ਆਸ ਵੀ ਓਸਦੀ ਟੋਟੇ ਹੋ ਗਈ, ਭੱਜਨ ਨੂੰ ਤਿਆਰ ਹੋ ਬੈਠਾ, ਸ਼ੈਹਰ ਦੇ ਰਈਸ ਚੌਧਰੀ ਬਹੁਤ ਧੀਰਜ ਦੇ ਰਹੇ, ਪਰ ਕਿੱਥੋਂ ਦਿਲ ਟਿਕੇ? ਏਹੋ ਕਹੇ ਬੰਦੇਦੇ ਮੁਵੱਕਲ ਮੈਨੂੰ ਨਹੀਂ ਛੱਡਨਗੇ । ਆਖਰ ਅਪਣੇ ਟਬਰ ਕਬੀਲੇ ਨੂੰ ਲੈਕੇ ਰਾਤੋ ਰਾਤ ਦਿੱਲੀ ਵੰਨੀ ਦੌੜ ਗਿਆ, ਫੇਰ ਤਾਂ ਸਿੰਘਾਂ ਨੇ ਬਿਨਾ ਗੋਲੀ ਦਾਰੂ ਸਹਾਰਨ ਪੁਰ ਸ਼ੈਹਰ ਨਿਖਸਮਾਂ ਪਿਆ ਜਾਮੱਲਿਆ । ਸ਼ੈਹਰ ਵਾਲਿਆਂ ਨੇ ਟਾਕਰਾ ਕੀਤਾ, ਪਰ ਕੁਛ ਪੇਸ਼ ਨ ਗਈ । ਸਿਖਾਂ ਨੇ ਲੁਟੇਰੇ ਲੋਕਾਂ ਨੇ ਸਾਰਾ ਸ਼ੈਹਰ ਲੁਟਣ ਲਈ ਜਗਾ ਅੱਗ ਭੀ ਲਾ ਦਿਤੀ, ਓਸ ਗੱਭੇ ਬਾਢ ਵਿਚ ਹਜਾਰਾਂ ਆਦਮੀ ਮਾਰੇ ਗਏ, ਅਤੇ ਭਾਜੜ ਪੈਗਈ ॥

ਏਹ ਸ਼ੈਹਰ ਭਾਵੇਂ ਆਲਮਾਂ ਫਾਜ਼ਲਾਂ ਤੇ ਹੁਨਰਾਂ ਦਾ ਘਰ ਸੀ, ਪਰ ਕਿਸੇ ਦੀ ਪੇਸ਼ ਨਾ ਗਈ, ਸਰਹੰਦ ਜੈਸੀ ਦੁਰਦਸ਼ਾ ਕਰਕੇ ਸਿੰਘੀ ਦਲ ਨੇ ਬਾਹਰ ਜਾ ਡੇਰਾ ਲਾਯਾ।

Sri Satguru Jagjit Singh Ji eLibrary NamdhariElibrary@gmail.com

ਖਬਰ ਲਗੀ ਕਿ ਬੇਹੁਟੇ ਪਿੰਡ ਦੇ ਪੀਰਜਾਦੇ ਜਿਨ੍ਹੂੰ ਪੀਰੀ ਮੁਰੀਦੀ ਦੇ ਕਾਰਨ ਉਘੇ ਹਨ ਓਦੇਂ ਦੂਣੇ ਗਰੂ ਬਧ ਕਰਨ ਤੇ ਜਨਾਹੀ ਵਿਚ ਭੀ ਮਸ਼ਹੂਰ ਧਨੀ ਜਾਗੀਰਦਾਰ ਹਨ। ਬੰਦੇ ਨੇ ਓਸ ਘੜੀ ਇਕ ਦਸਤਾ ਫੌਜ ਸਿੱਖਾਂ ਦਾ ਭੇਜ ਦਿੱਤਾ, ਏਨ੍ਹਾਂ ਨੇ ਹੱਲਾ ਕਰਕੇ ਓਨਾਂ ਦੀ ਹਵੇਲੀ ਖੁਲ੍ਹੇ ਦਰਵਾਜੇ ਜਾ ਰੋਕੀ, ਲੋਕੀ ਜੋ ਅੱਕੀ ਹੋਈਸੀ, ਹੱਕੀ ਬੱਕੀ ਰੈਹਗਈ, ਜੇਹੜੇ ਲੋਕ ਓਨਾਂ ਤੋਂ ਸਤੇ ਹੋਏ ਸਨ, ਅੱਖ ਬਚਾਕੇ ਸਾਰਾ ਭੇਤ ਸਿੰਘਾਂ ਨ੍ਹੂੰ ਦਸ ਗਏ, ਫੇਰ ਤਾਂ ਸਿੰਘਾਂ ਨੇ ਹੱਥੋ ਹੱਥੀ ਮਰਦ ਸਭ ਫੜ ਲੀਤੇ, ਸਰਦਾਰ ਬੁਖਤਾ ਸਿੰਘ ਬਾਬਾ ਸਿੰਘ ਕੈਥ ਵਾਲੀਏ ਦੁਲਟ ਜਿਮੀਂਦਾਰਾਂ ਨੇ ਓਨ੍ਹਾਂ ਦੇ ਦੋਸੀਆਂ ਦੇ ਦੋਸਾਂ ਤੇ ਵਿਚਾਰ ਕਰਨੀ ਸ਼ੁਰੂ ਕੀਤੀ। ਫੇਰ ਤਾਂ ਓਸ ਪਰਗਨੇ ਦੇ ਲੋਗਾਂ ਨੇ ਆਕੇ ਜਦ ਓਨਾਂ ਦੇ ਭਾਰੇ ੨ ਕਾਰੇ ਕੀਤੇ ਹੋਏ ਸਿੰਘਾਂ ਨ੍ਹੂੰ ਸੁਣਾਏ ਤਾਂ ਸਿੰਘਾਂ ਦੇ ਨੇਤ੍ਰਾਂ ਤੋਂ ਖੂਨ ਟਪਕ ਆਏ, ਅਤੀ ਘੋਰ ਜੁਲਮ ਓਨਾਂ ਦੇ ਸਾਬਤ ਕਰ ਕਰ ਐਸੀ ਸਜਾ ਦਿੱਤੀ ਜੋ ਫੇਰ ਕੋਈ ਐਸਾ ਕੰਮ ਨਾ ਕਰੇ, ਜਿੰਨੇ ਜਿੰਨੇ ਕਿਸੇ ਨੇ ਮਹਾਂ ਉਪਦ੍ਰਵ ਕੀਤੇ ਸਨ ਓਨਾਂ ਦੇ ਪਾਪਾਂ ਅਨੁਸਾਰ ਦੰਡ ਦਿੱਤਾ ਜਾਣ ਲੱਗਾ। ਕੋਈ ਕੁਤਿਆਂ ਤੋਂ ਪੜਵਾਏ, ਕੋਈ ਕੋਰੜਿਆਂ ਨਾਲ ਮਰਵਾਏ, ਬਾਕੀ ਤੁਲਵਾਰ ਦੀ ਧਾਰ ਅਗੇ ਬਹਾ ਛਡੇ, ਕਈ ਮੁਸਲਮਾਨ ਤੀਵੀਂਆਂ ਨੇ ਸਿੰਘਾਂ ਨਾਲ ਅਨੰਦ ਪੜ੍ਹਾਣ ਦੀ ਇੱਛਾ ਪ੍ਰਗਟ ਕੀਤੀ, ਖਾਲਸੇ ਨੇ ਅੰਮ੍ਰਤ ਛਕਾ ਸਿੰਘਣੀਆਂ ਸਜਾ ਸਜਾ ਅਨੰਦ ਪੜ੍ਹਾ ਲੀਤੇ।

Sri Satguru Jagjit Singh Ji eLibrary NamdhariElibrary@gmail.com

ਜਲਾਲ ਖਾਂ ਤੇ ਬੰਦੇ ਦਾ ਸੰਵਾਦ ਤੇ ਅੰਬੇਟੇ ਤੇ ਨਨੋਤੇ ਨੂੰ ਮਾਰਨਾ

ਹੁਣ ਬੰਦੇ ਨੇ ਜਲਾਲ ਖਾਂ ਨੂੰ ਲਿਖਿਆ ਕਿ ਤੁਸੀ ਉਲਾਰਸੇ ਵਾਲਿਆਂ ਸਿੱਖਾਂ ਨੂੰ ਛਡ ਦੇਓ ਨਹੀਂ ਤਾਂ ਜੰਗ ਮੰਗੋ, ਓਸਦੇ ਪਾਸ ਬਹੁਤ ਸਾਰੇ ਪਠਾਣ ਬੇਬਰੀ ਸਨ ਓਨਾਂ ਦੇ ਗੁਮਾਨ ਵਿਚ ਆਕੇ ਜਵਾਬ ਦਿਤਾ, ਤੂੰ ਫਕੀਰ ਗਾਂਢਵੀਂ ਧਾੜ ਦੇ ਭਰੋਸੇ ਮੈਨੂੰ ਕੀ ਸਮਝਦਾ ਹੈਂ ? ਮੈਂ ਕੋਈ ਸਵੌਰੇ,ਸਰਹੰਦ, ਸਹਾਰਨ ਫ ਹਾਕਮਾ ਜਾ ਨਹੀਂ ਜੋ ਧਮਕੀ ਸੁਣਦੇ ਹੀ ਪ੍ਰਾਣ ਛੱਲੇ ਛਡਕੇ ਮੁਰਦੇ ਹੋ ਜਾਣਗੇ, ਮੈਂ ਓਹ ਬਹਾਦਰ ਹਾਂ ਜਿਸਨੇ ਔਰੰਗਜ਼ੇਬ ਜੇਹੇ ਹਾਕਮਾ ਦੇ ਰੋਬਰੋ ਅਨੇਕ ਜੰਗ ਜਿਤਕੇ ਨਜਾਮ ਤੁੰਨੇ ਸ਼ਾਹ ਹੈਦਰਾਬਾਦ ਅਤੇ ਹੁਸੰਗਾ ਬਾਦੀਏ ਤੇ ਸਤਾਰੇ ਦੇ ਮੂੰਹਿਟੇ ਫਤੇ ਕੀਤੇ ਹਨ, ਤੂੰ ਨਿਸ਼ੰਗ ਚਲਾ ਆ ਅਪਣੀ ਹੌਸ ਪੂਰੀ ਕਰ ਲੈ ।

ਅਜੇ ਏਹ ਜੁਵਾਬ ਲੈਰੇ ਬੰਦੇ ਪਾਸ ਆਦਮੀ ਪੁਜਨਾ ਹੀ ਨਹੀਂ ਸੀ ਸਿੰਘ ਪੈਹਲੇ ਹੀ ਓਧਰ ਨੂੰ ਸਿਰਕਦੇ ਜਾ ਰਹੇ ਸਨ, ਜਲਾਲਖਾਂ ਦਾ ਜਵਾਬ ਸੁਣਕੇ ਬੰਦਾ ਭੀ ਅੱਗ ਭੱਬੂਲਾ ਹੋਗਿਆ ਫੌਰਨ ਅੰਬੇਟੇ ਦੇ ਪਠਾਣਾਂ ਨੂੰ ਜਾ ਘੇਰਿਆ, ਸਿੰਘਾਂ ਦੀ ਤੇਗ ਤਾਬ ਨਾ ਝੱਲਕੇ ਓਹ ਤਾਂ ਕੁੱਜ ਨਿਕਲੇ, ਅੰਬੇਟੇ ਨੂੰ ਲੁਟ ਮਾਰ ਸੁਧਾਰਕੇ ਸਿੰਘ ਨਨੋਤੇ ਵਲ ਵਧਦੇ ਚਲੇ ਗਏ ।

ਏਥੇ ਛਾਵੇਂ ਧਨੀ ਸ਼ੇਖ ਤੇ ਗੁਜਰ ਪਠਾਣ ਸੱਯਦ ਭੀ ਬਹੁਤ ਸਨ, ਪਰ ਇਕ ਜੈਦ ਨਾਮੀ ਸੱਯਦ ਨੂੰ ਕ੍ਰੋੜ ਪਤੀ ਆਖਦੇ ਸਨ, ਧਨਾਢ ਮਸ਼ਹੂਰ ਸਨ, ਫਸੀਲ ਬੀ ਸ਼ੈਹਰ ਦਾ ਵੱਖਣ ਹੁੰਦੀ ਹੈ ਜੋ ਆਪਸ ਮੇਂ ਸ਼ੇਖਾਂ ਸੱਯਦਾਂ ਨੇ ਮਿਲਕੇ ਨਾ

Sri Satguru Jagjit Singh Ji eLibrary NamdhariElibrary@gmail.com

ਬਨਾਈ ਨਾਂ ਕਿਸੇ ਇਕ ਨੂੰ ਬਨਾਉਲ ਦਿੱਤੀ, ਖੁਲ੍ਹੇ ਦਰਵਾਜੀਂ ਸਿਖ ਸ਼ਹਿਰ ਵਿੱਚ ਆ ਧਸੇ, ਭਾਵੇਂ ਸੱਯਦਾਂ ਸ਼ੇਖਾਂ ਦੇ ਪਿੰਡ ਏਥੇ ਬਣੀ ਸਨ, ਪਰ ਤੱਪੇ ਦੇ ਮਾਲਕ ਗੁੱਜਰ ਸਨ, ਜਿਨਾਂ ਨੂੰ ਸ਼ੇਖਾਂ ਸੱਯਦਾਂ ਨੇ ਟਟੋਲ ਰਖਿਆ ਸੀ, ਏਸ ਕਰਕੇ ਸੈਂਕੜੇ ਗੁਜਰ ਝੀ ਦਲ ਦੇ ਸਾਥੀ ਹੋ ਗਏ, ਅਤੇ ਆਪ ਨੂੰ ਗੁਰੂ ਕੇ ਸਹਿਜ ਧਾਰੀ ਸਿਖ ਜਾਹਿਰ ਕੀਤਾ, ਜਿਸਤੋਂ ਹੋਰ ਭੀ ਓਨਾਂ ਦਾ ਅਧਬ ਮਾਨ ਹੋ ਗਿਆ, ਹੁਣ ਲਤੋਤੇ ਦੀ ਲੁਟ ਵਿਚ ਸ਼ਾਮਲ ਹੋਕੇ ਦੌਲਤ ਅੱਤ ਅਪਣੇ ਪੁਰਾਣੇ ਬਦਲੇ ਭੀ ਸ਼ੇਖਾਂ ਸੱਯਦਾਂ ਤੋਂ ਗੁਜਰਾਂ ਨੇ ਖੁਭ ਲੀਤੇ ॥

ਏਥੋਂ ਦੇ ਸੇਖ ਸੱਯਦ ਤੀਰ ਕਮਾਨ ਦੇ ਚਲਵੱਜੇ ਬਹੁਤ ਮਸ਼ਹੂਰ ਸਨ ਬਾਦਸ਼ਾਹੀ ਫੌਜ ਵਿਚ ਭੀ ਏਨਾਂ ਦੀ ਅੱਵਲ ਦਰਜੇ ਦੀ ਗਿਣਤੀ ਸੀ। ਭਾਵੇਂ ਸਾਰਾ ਜੋਰ ਲਾਕੇ ਏਸ ਮਾਰ ਦੇ ਵਿਚ ਓਹ ਸਿੰਘਾਂ ਨਾਲ ਲੜੇ, ਪਰ ਉਨਾਂ ਦੇ ਪੜੋਸੀ ਭੇਤੀ ਗੁਜਰਾਂ ਨੇ ਉਨਾਂ ਦੀ ਕੁਛ ਪੇਸ਼ ਨਾ ਜਾਣ ਦਿਤੀ, ਸਿੰਘਾਂ ਦੀ ਤਲਵਾਰ ਨੇ ਸਥਰ ਲਾਹ ਦਿਤੇ । ਏਸ ਜੰਗ ਦਾ ਹਾਲ ਮਹੰਮਦ ਜ਼ਫਰ ਦੀਨ ਨੇ ਬਹੁਤ ਖੋਲ੍ਹਕੇ ਲਿਖਿਆ ਹੈ। ਦੇਗ ਦੇ ਦਾਣੇ ਵਾਂਗੂੰ ਇਕ ਬਾਤ ਓਹ ਐਉਂ ਲਿਖਦਾ ਹੈ ਕਿ ਸ਼ੇਖ ਮਹੰਮਦ ਅਫਜ਼ਲ ਦੇ ਚੌਂਕ ਵਿਚ ਇਕਸੌਭਾਂ ਸ਼ੇਖਜਾਦਾ ਮਰਿਆ ਪਿਆ ਮੈਂ ਅਖੀਂ ਵੇਖਜਾ ਹੈ। ਸਿਖਾਂ ਨੇ ਏਸ ਸ਼ਹਿਰ ਦੀ ਇਟ ਨਾਲ ਇਟ ਖਿੜਾਛਡੀ, ਕੋਈ ਘਰ ਲੁਟੇ ਮਾਰੇ ਬਿਨਾਂ ਨਹੀਂ ਬਚਜਾ, ਐਸੀ ਦੁਰਦਸ਼ਾ ਸ਼ਹਿਰ ਦੀ ਕੀਤੀ ਗਈ, ਓਸੇ ਸਮੇਂ ਤੋਂ ਇਸਦਾ ਨਾਮ ਫੂਲਾ ਸ਼ਹਿਰ ਮਸ਼ਹੂਰ ਹੋਗਿਆ। ਏਹ ਮਾਰਕਾ ਸਾਉਣ ਸੰਃ ੧੭੬੭ ਬਿਃ ਨੂੰ ਹੋਯਾ ਸੀ, ਜਲਾਲ ਬਾਦ ਓਥੋਂ ਪੰਜਕੋਹਤੇ ਸਹਾਰਨੋਂ

Sri Satguru Jagjit Singh Ji eLibrary NamdhariElibrary@gmail.com

ਵੀਹ ਕੋਹ ਸੀ, ਸਾਰੀਆਂ ਖਬਰਾਂ ਓਥੇ ਜਲਾਲ ਖਾਂ ਨਵਾਬ ਨੂੰ ਪਹੁੰਚ ਰਹੀਆਂ ਸਨ ॥

ਸਿੰਘਾਂ ਦਾ ਪਿਛੇ ਹਟਨਾਂ ਤੇ ਔਕੜਾਂ ਦੇਖਣੀਆਂ

ਨਨੌਤੇ ਨੂੰ ਫਤੇ ਕਰਕੇ ਜਦ ਸਿੰਘ ਅਗੇ ਵਧੇ ਰਾਹ ਵਿਚ ਇਕ ਤਾਂ ਬਹੁਤ ਸਿੰਘਣੇ ਢੱਕਾਂ ਦਾ ਜੰਗਲ ਸੀ, ਦੂਜੇ ਹਰ ਰੋਜ ਬਰਖਾ ਹੋਣ ਕਰਕੇ ਸਾਰੇ ਜਲ ਹੀ ਜਲ ਨਜਰ ਆਉਂਦਾ ਸੀ, ਤੀਜੇ ਮਛਨੇ ਜੋ ਮਖੀ ਤੋਂ ਘਟ ਕਦ ਵਾਲਾ ਨਹੀਂ ਸੀ ਘੋੜਿਆਂ ਤੇ ਸਿੰਘਾਂ ਨੂੰ ਲੜ ਲੜ ਕੇ ਤੜਫਾ ਛਡਿਆ ਸੀ, ਚੌਥੇ ਓਥੇ ਪਹਾੜ ਨੇੜੇ ਹੋਨੇ ਕਰ ਪਾਣੀ ਦੇ ਹੜ ਕਿਤੇ ਬੈਠਣ ਖੜੇਨ ਨਹੀਂ ਦਿੰਦੇ ਸੇ, ਪੰਜਵੇਂ ਜਲਾਲ ਖਾਂ ਨੇ ਦੇਸੀ ਤੇ ਅਰਬੀ ਖੈਬਰੀ ਰੁਹੇਲੇ ਵਰੋਰਾ ਕੌਮ ਦੇ ਮੁਸਲਮਾਂਨ ਬੇਸ਼ੁਮਾਰ ਕੱਠੇ ਕਰ ਰਖੇ ਸਨ। ਭਾਵੇਂ ਬੰਦੇ ਨਾਲ ਭੀ ਓਸ ਵੇਲੇ ਬਾਈ ਚੌਥੀ ਹਜ਼ਾਰ ਤੋਂ ਘਟ ਲਸ਼ਕਰ ਦਾ ਸ਼ੁਮਾਰ ਨਹੀਂ ਸੀ ਅਤੇ ਭਰੋਸਾ ਭੀ ਸਰਾ ਸੀ ਕਿ ਜਲਾਲਾਂ ਬਾਦ ਜਰੂਰ ਫਤੇ ਹੋ ਜਾਊ, ਪਰ ਉਪਰਲੀਆਂ ਔਕੜਾਂ ਨੇ ਸਿੰਘਾਂ ਨੂੰ ਲਚਾਰੀ ਵਿਚ ਪਿਛੇ ਮੁੜਨੇ ਪਰ ਹੀ ਮਜਬੂਰ ਕੀਤਾ ਜਿਸ ਤੋਂ ਏਹ ਤੁਕ ਪੜਕੇ (ਅਰੋ ਬਾਘ ਡਰਾਵਣੇ ਪਾਛੇ ਹਰਿਓ ਅੰਗੂਰ) ਪਿਛੇ ਨੂੰ ਮੁੜਨਾ ਹੀ ਪਿਆ, ਹੁਣ ਏਸ ਮੁਹਿੰਮ ਨੂੰ ਛਡੇ ਕਰਨਾ ਅਸੂ ਮਹੀਨੇ ਪਰ ਛਡਕੇ ਸਿੰਘਾਂਨੇ ਵਾਰਾਂ ਮੋੜਲਈਆਂ, ਅਤੇ ਜਲਾਲ ਖਾਂ ਨੂੰ ਭੀ ਲਿਖਕੇ ਦੇ ਆਏ ਕਿ ਅਸੀ ਤੁਹੋਂ ਡਰਦੇ ਨਹੀਂ ਕੇਵਲ ਏਨਾਂ ਔਕੜਾਂ ਦੇ ਸਬੱਬ ਮੁੜ ਜਾਂਦੇ ਹਾਂ, ਬਾਕੀ ਦੌਲਤ ਜੋ ਸਾਡੇ ਪਾਸ ਖੁਰਜੀਆਂ ਭਰੀਆਂ ਪਈਆਂ

Sri Satguru Jagjit Singh Ji eLibrary NamdhariElibrary@gmail.com

ਹਨ*ਇਹ ਲੋੜਵੰਦਾਂ ਵਿਚ ਵੰਡ ਆਵਾਂਗੇ,ਤੁੰਡਲੜਾ ਹੋਲੈ ਮੁੜਕੇ ਤੈਨੂੰ ਜਰੂਰ ਫੜੇ ਅਰੇ ਖਿਨਾਂ ਨਹੀਂ ਛਡਾਂਗੇ। ਏਹੋ ਗੁਰਮਤਾ ਪਕ ਪਕਾਕੇ ਬਾਬੇ ਬੰਦੇ ਸਮੇਤ ਪਿਛੇ ਨੂੰ ਮੁੜ ਪਏ, ਓਸ ਦੇਸਦੇ ਲੋਗ ਤਾਂ ਆਪੋ ਆਪਣੇ ਪਿੰਡਾਂ ਨੂੰ ਚਲੇ ਗਏ, ਸਿੰਘ ਪੰਜਾਬੀ ਮਲਵਈ ਸਿੰਘ ਜਮਨਾ ਟਪ ਕੇ ਕਰਨਾਲ ਗਿਰਦੇ ਆ ਫਿਰੇ। ਏਥੋਂ ਦਾ ਫੌਜਦਾਰ ਜੋ ਪਾਨੀਪਤ ਵਿਚ ਰਿਹਾ ਕਰਦਾ ਸਿੰਘਾਂ ਤੋਂ ਡਰਦਾ ਹੋਯਾ ਦਿਲੀ ਵੰਨੀ ਦੌੜ ਗਿਆ। ਬਾਬੇ ਬੰਦੇ ਨੇ ਖਿਨਾਂ ਗੋਲੀ ਦਾਗੇ ਪਾਨੀਪਤ ਕਰਨਾਲ ਦੇ ਪਰਗਨੇ ਰੋਕੜੇ ਸਿੰਘਾਂ ਨੂੰ ਸੌਂਪ ਦਿਤੇ। ਓਸ ਵੇਲੇ ਸਿੰਘ ਸੂਬੇ ਦਿਲੀ ਦੇ ਪਰਗਨਾ ।੬੦ ਫਿਰ ਰਹੇ ਸੇ, ਜਦ ਸੁਬਾ ਹੀ ਇਨਾਂ ਦੇ ਮੁੱਠਲੇ ਤੋਂ ਕੜਕਾਂਦਾ ਸੀ ਤਾਂ ਫੌਜਦਾਰਾਂ ਆਮਲਾਂ ਦੀ ਕੀ ਵਟਤ ਸੀ ਜੋ ਬੰਦਈ ਲਸ਼ਕਰ ਦਾ ਮੁਕਾਬਲਾ ਕਰੇ ? ਮੁਸਲਮਾਨ ਇਤਹਾਸਕਾਰ ਲਿਖਦੇ ਹਨ ਕਿ ਜਦ ਆਸਫ ਦੌਲਾ, ਅਸਦ ਖਾਂ, ਇਰਾਦਤ ਖਾਂ, ਖਾਫੀ ਖਾਂ, ਤਾਜ ਦੀਨ ਵਗੈਰੇ ਵਜੀਰ ਭੀ ਡਰਦੇ ਘਰ ਵੜ ਰਹੇ ਸਨ ਹੋਰ ਕੋਈ ਕੀ ਕਰ ਸਕਦਾ ਸੀ? ਪਰ ਸਾਧੂ ਦੇ ਦਿਲ ਵਿਚ ਚੀਜ ਚੋਰ ਦੀ ਤੇ ਚੋਰ ਦੇ ਮਨ ਮੈਂ ਵਸਤ ਸਾਧੂ ਦੀ ਮੰਨੀ ਜਾਣੇ ਕਰ ਕੋਈ ਥੀ ਹਥ ਨਾ ਪਾ ਸਕਿਆ, ਨਹੀਂ ਤਾਂ ਜੇ ਕਦੇ ਓਸ ਵੇਲੇ ਵੰਦਾ ਬਹਾਦਰ ਸਿੰਘਾਂ ਦੇ ਦਲ ਨੂੰ ਲੈਕੇ ਦਿਲੀ ਵਿਚ ਜਾ ਵੜਦਾ ਫੇਰ ਕੌਣ ਕਢ ਸਕਦਾ ਸੀ ? ਕਹਣ ਵਾਲੇ ਤਾਂ ਭੁਜ ਜਾਣ ਨੂੰ ਤਿਆਰ ਬੈਠੇ ਸੇ, ਨਹੀਂ ਮਾਲੂਮ ਬੰਦੇ

*ਓਸ ਸਮੇਂ ਸਿੰਘਾਂ ਦ ਲਸ਼ਕਰ ਵਿਚ ਐਸਾ ਸਤਜੁਗ ਵਰਤ ਰਿਹਾ ਸੀ ਕਿ ਬਚੇ ਤੋ ਡਰਦਾ ਕੋਈ ਕਿਸੇ ਦੀ ਚੀਜ ਨਹੀਂ ਛੇੜਦਾ ਸੀ, ਖਲਕੇ ਝੂਠ ਬੋਲਣ ਦਾ, ਪਰ ਇਸਤ੍ਰੀ ਭੋਗਣ ਦਾ, ਚੋਰੀ, ਨਿੰਦਾ ਚੁਗਲੀ, ਬਖੀਲੀ, ਆਪਸ ਮੇਂ ਇਕ ਦੀ ਦੂਜ ਨੇ ਬੁਰਾਈ ਕਰਨੀ, ਛਕਣ ਵਾਲੀ ਚੀਜ ਕੱਲੇ ਨੇ ਛਕਣੀ, ਇਤਯਾਦਿਕ ਬੁਰੀਆਂ ਆਦਤਾਂ ਕਤਈ ਭਰ ਭੀ ਓਦੇਂ ਦੇ ਸਿੰਘਾਂ ਵਿਚ ਨਹੀਂ ਸਨ, ਭਾਵੇਂ ਕਿਸੇ ਸਿੰਘ ਦੀ ਖੁਰਲੀ ਵਿਚ ਕੁਛ ਥੀ ਹੋਵੇ ਚੁਰਾਉਂਦਾ ਕੋਈ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com

ਨੇ ਕਿਉਂ ਨਾਂ ਓਧਰ ਸਿੰਘਾਂ ਨੂੰ ਪੈ੍ਰਿਆ। ਫੌਜ ਤਾਂ ਫਤੇ ਹੋਯਾ ਪਿਆ ਸੀ, ਕਿਉਂਕਿ ਓਸ ਵੇਲੇ ਬੰਦੇ ਤੇ ਸਿੰਘਾਂ ਦਾ ਨਾਮ ਮੁਸਲਮਾਨਾਂ ਦੇ ਦਿਲ ਘਰ ਪੱਕੀ ਤਰਾਂ ਹਊਏ ਦਾ ਅਸਰ ਰਖਦਾ ਸੀ। ਤਾਂਹੀਓਂ ਦਿਲੀ ਤੋਂ ਮੁਲਤਾਨ, ਲਹੌਰ ਤਕ ਪਿੰਡ ੨ ਘਰ ੨ ਬੰਦੇ ਦੇ ਨਾਮ ਦਾ ਰਾਮ ਰੌਲਾ ਪੈ ਰਿਹਾ ਸੀ, ਐਸੇ ਪ੍ਰਤਾਪ ਦੇ ਹੁੰਦਿਆਂ ਜਦ ਪਾਣੀਪਤ ਕਰਨਾਲ ਤੋਂ ਦਿਲੀ ਤਕ ਸਾਫ਼ ਮੈਦਾਨ ਖਾਲੀ ਪਿਆ ਸੀ, ਕੋਈ ਰੋਕਣ ਵਾਲਾ ਨਹੀਂ ਸੀ, ਪਰ ਆਪਣੇ ਸੁਖ ਦੇ ਲਈ ਰੱਬ ਓਹਨਾਂ ਦੇ ਸਾਹਮਣੇ ਪਏ ਸੰਨ, ਜਿੰਨਾਂ ਕਿਨਾਂ ਨੂੰ ਪਿੱਛੇ ਮੋੜ ਆਂਦਾ।

ਜਦ ਏਸ ਗਦਰ ਦੀ ਅਖਰ ਬਹਾਦਰ ਸ਼ਾਹ ਬਾਦਸ਼ਾਹ ਨੂੰ ਦੱਖਣ ਵਿਚ ਪਹੁੰਚੀ ਤਾਂ ਓਸ ਨੇ ਬੜੇ ਗੁੱਸੇ ਨਾਲ ਅੱਗੇਗਲਖਾਂ ਤੂਰਾਨੀ ਛੋਟੇ ਵਜ਼ੀਰ ਨੂੰ ਲਿਖਿਆ ਕਿ ਤੁਸੀ ਬਾਰਾਂ ਹਜਾਰ ਅਸਵਾਰ ਤੇ ਫੌਜਦਾਰ ਨੂੰ ਨਾਲ ਲੈਕੇ ਜਾਓ ਤੇ ਸਿੰਘਾਂ ਦਾ ਨਾਮ ਨਿਸ਼ਾਨ ਦੂਰ ਕਰੋ ਅਤੇ ਬੰਦੇ ਬੈਰਾਗੀ ਨੂੰ ਪਕੜ ਕੇ ਮੇਰੇ ਪਾਸ ਭੇਜ ਦਿਓ। ਏਸ ਹੁਕਮ ਨੂੰ ਸੁਣਦਾ ਹੀ ਅੱਗੇਗਲਖਾਂ ਬੜਾ ਭਾਰੀ ਲਸ਼ਕਰ ਲੈਕੇ ਚੜ੍ਹ ਆਯਾ ਤੇ ਹੋਰ ਭੀ ਬੇਸ਼ੁਮਾਰ ਦੇਸੀ ਮੁਸਲਮਾਨ ਸਿੰਘਾਂ ਦੇ ਮਾਰਣ ਲਈ ਓਸਦੇ ਨਾਲ ਸ਼ਾਮਲ ਹੋਗਏ। ਏਧਰ ਭਾਈ ਫਤੇ ਸਿੰਘ, ਭਾਈ ਆਲਾ ਸਿੰਘ, ਗੁਰਬਖਸ਼ ਸਿੰਘ ਆਦਿਕ ਮਲਵਈ ਤੇ ਬੁਢਾ ਸਿੰਘ ਦੇਸੀ, ਭੋਮਾ ਸਿੰਘ, ਧਾਰਾ ਸਿੰਘ, ਸ਼ਾਮ ਸਿੰਘ ਆਦਿਕ ਮਝੈਲ ਸਰਦਾਰ ਬਹੁਤ ਸਿੰਘਾਂ ਨੂੰ ਨਾਲ ਲੈਕੇ ਬਾਬੇ ਬਿਨੋਦ ਸਿੰਘ ਰਾਮ ਸਿੰਘ ਦੀ ਫੌਜ ਨਾਲ ਥਨੇਸਰ ਪਾਸ ਜਾ ਮਿਲੇ। ਜੇਠ ਸੰਃ ੧੭੬੭ ਵਿਃ ਨੂੰ ਜੱਦਪਿ ਸਿੰਘਾਂ ਨੇ ਕਸਬੇ ਲਾਡੂਵੇ ਪਾਸ ਜੰਗ ਕੀਤਾ, ਪਰ ਫੌਜੀ ਦੀ ਪ੍ਰਬਲ ਸ਼ਕਤੀ ਵੇਖ ਸਰਹੰਦ ਦੀ ਤਰਫ ਚਲੇ ਆਏ।

Sri Satguru Jagjit Singh Ji eLibrary NamdhariElibrary@gmail.com

ਦੂਸਰੀ ਲੜਾਈ ਸ਼ਾਹਬਾਦ ਪਾਸ ਹੋਈ, ਉਥੇ ਭੀ ਪਹਲੇ ਵਾਂਗੂ ਹੀ ਹਾਲ ਰਿਹਾ ਤੇ ਇਸ ਕਰਕੇ ਪਹਾੜਾਂ ਵਿਚ ਜਾ ਵੜੇ। ਅਖਗਤ ਖਾਂ ਨੇ ਅਪਣੇ ਚਚੇਰੇ ਭਾਈ ਵਜੀਰ ਖਾਂ ਤੁਰਾਨੀ ਨੂੰ ਸਰਹੰਦ ਸਪੁਰਦ ਕਰਕੇ ਸਿੰਘਾਂ ਦੇ ਫੜਨ ਲਈ ਫ਼ੌਜ ਦੇਸ ਵਿਚ ਫੈਲਾ ਦਿਤੀ, ਓਹਨਾਂ ਮੁਸਲਮਾਨਾਂ ਨੇ ਜਗਾਂ ਜਗਾਂ ਹਿੰਦੂਆਂ ਪਰ ਜੁਲਮ ਕਰਨੇ ਸ਼ੁਰੂ ਕਰ ਦਿਤੇ । ਖੂਆਂ ਤਲਾਵਾਂ ਵਿਚ ਗਊਆਂ ਦੇ ਹੱਡ ਸਿਟਵਾ ਦਿਤੇ । ਜੇਹੜੇ ਹਿੰਦੂਆਂ ਨੇ ਬੰਦੇ ਦੀ ਕਿਸੇ ਤਰਾਂ ਭੀ ਮਦਤ ਕੀਤੀ ਸੀ, ਓਹ ਸਭ ਪਕੜ ਪਕੜ ਕਤਲ ਕੀਤੇ ਗਏ । ਏਸ ਜੁਲਮ ਦੀ ਖਬਰ ਜਦ ਲੋਹਗੜ੍ਹ ਵਾਲੇ ਸਿੰਘਾਂ ਨੇ ਬਾਬੇ ਬੰਦੇ ਨੂੰ ਦਿਤੀ ਤਾਂ ਭਾਦੋਂ ਸੰਃ ੧੭੬੭ ਵਿਃ ਨੂੰ ਸ਼ਪਾ ਸ਼ਪ ਬੰਦਾ ਬਹਾਦਰ ਪਹਾੜਾਂ ਵਿਚੋਂ ਸਿੰਘਾਂ ਨੂੰ ਇਕਠੇ ਕਰਕੇ ਸਰਹੰਦ ਦੀ ਤਰਫ ਬੇਧੜਕ ਚਲਾ ਆਇਆ। ਬੰਦੇ ਦਾ ਨਾਮ ਸੁਣਦਿਆਂ ਹੀ ਮੁਸਲਮਾਨ ਦਹਲ ਉਠੇ, ਪਰ ਹਿੰਦੂਆਂ ਨੂੰ ਖੁਸ਼ੀ ਦੀ ਆਬ ਚੜ ਗਈ। ਸਾਰੇ ਦੇਸ ਵਿਚ "ਬੰਦਾ ਆਯਾ ਬੰਦਾ ਆਯਾ" ਏਹੋ ਧੁਮ ਮਚ ਗਈ, ਆਪ ਤੋਂ ਆਪ ਮੁਸਲਮਾਨ ਨੱਠ ਤੁਰੇ। ਵਜੀਰ ਖਾਂ ਹਾਕਮ ਸਰਹੰਦੀ ਭੀ ਰੋਪੜ ਦੇ ਪਾਸ ਥੋੜੀ ਜੇਹੀ ਲੜਾਈ ਕਰਕੇ ਦਿੱਲੀ ਦੀ ਤਰਫ ਦੌੜ ਗਿਆ। ਬੰਦੇਨੇ ਫੇਰ ਓਥੋਂ ਤਕ ਹੀ ਸਿੰਘਾਂ ਦਾ ਕਬਜਾ ਮੁਲਕ ਉੱਤੇ ਕਰਾ ਦਿਤਾ ਜਿਥੋਂ ਤਕ ਪੈਹਲੇਸੀ ।

ਓਸੇਸਮੇਂਬਹਾਦਰਸ਼ਾਹਬਾਦਸ਼ਾਹ ਦੱਖਣ ਤੋਂਮੁੜਕੇ ਅਜਮੇਰ ਆ ਪੁਹੰਚਿਆ ਸੀ, ਜੇਹੜੇ ਮੁਸਲਮਾਨ ਸਰਹੰਦ, ਸਹਾਰਨ ਪੁਰ ਆਦਿਕ ਪਰਗਣਿਆਂ ਦੇ ਸਿੰਘਾਂ ਤੋਂ ਡਰਦੇ ਘਰ ਛੱਡ ੨ ਕੇ ਥਿਪਤਾ ਦੇ ਮਾਰੇ ਏਧਰ ਓਧਰ ਫਿਰ ਰਹੇ ਸਨ,

Sri Satguru Jagjit Singh Ji eLibrary NamdhariElibrary@gmail.com

ਓਨਾਂ ਨੇ ਅਜਮੇਰ ਪਹੁੰਚਕੇ ਸੈਂਕੜੇ ਅਰਜ਼ੀਆਂ ਦੇਕੇ ਬਾਦਸ਼ਾਹ ਦੇ ਪਾਸ ਹਾਲ ਦੁਹਾਈ ਮਚਾ ਦਿੱਤੀ। ਸ਼ਾਹ ਨੇ ਓਨਾਂ ਨੂੰ ਧੀਰਜ ਦੇ ਕੇ ਕੁਛ ਆਪਣੀ ਫੌਜ ਤੇ ਕੁਛ ਰਾਜਿਆਂ ਦੀ ਫੌਜ ਮਿਲਾ ਕਰਕੇ ਓਸੇ ਥਾਓਂ ਰਵਾਨਾ ਕਰ ਦਿੱਤੀ ਤੇ ਬਾਕੀ ਦਿੱਲੀ ਪਹੁੰਚਕੇ ਮਹੰਮਦ ਅਮੀਨ ਖਾਂ ਆਦਿਕ ਫੌਜ ਦਾਰਾਂ ਨੂੰ ਚਾਰ ਹਜ਼ਾਰ ਜੰਗੀਫੌਜ ਦੇਕੇ, ਸਿਖਾਂ ਦੇ ਮਾਰਨ ਵਾਸ਼ਤੇ ਰਵਾਨੇ ਕੀਤਾ, ਜਿਨਾਂ ਨੇ ੫ ਦਸੰਬਰ ਸੰਃ ੧੭੦੯ ਈਃ ਤੇ ਮੱਘਰ ਸੰਮਤ ੧੭੬੭ ਬਿਃ ਨੂੰ ਸ਼ਾਹਬਾਦ ਦੇ ਨਜ਼ਦੀਕ ਮੁਕਾਬਲਾ ਕੀਤਾ, ਓਸ ਸਮੇਂ ਚਾਲੀ ਹਜ਼ਾਰ ਤੋਂ ਅਧਿਕ ਅਸਵਾਰ ਪਜਾਦਾ ਫੌਜ ਦੇ ਨਾਲ ਜੰਗ ਵਾਸਤੇ ਓਥੇ ਇਕੱਠਾ ਹੋ ਚਿਹਾ ਸੀ, ਸੈਂਕੜੇ ਢੋਲ ਨਗਾਰੇ ਵੱਜ ਰਹੇ ਸਨ, ਸਿੰਘ ਤੁਲਵਾਰਾਂ ਖਿੱਚ ਖਿੱਚ ਅਕਾਲ ੨ ਬੋਲਦੇ ਹੋਏ ਮਹੰਮਦੀਆਂ ਉਤੇ ਜਾ ਪਏ। ਬਾਬਾ ਬੰਦਾ ਭੀ ਫਕੀਰੀ ਲਿਬਾਸ ਵਿਚ ਤੀਰ ਕਮਾਨ ਧਾਰੇ ਹੋਏ ਹਰ ਇਕ ਸਿੰਘ ਨੂੰ ਦਲੇਰੀ ਦਿੰਦਾ ਹੋਯਾ ਜੰਗ ਵਿਚ ਫਿਰ ਰਿਹਾ ਸੀ, ਲਿਖਜਾ ਹੈ ਕਿ ਓਸ ਸਮੇਂ ਬੰਦੇ ਨੇ ਐਸੀ ਕਲਾ ਵਰਤਾਈ ਕਿ ਹਰ ਇਕ ਸਿੱਖ ਬੰਦੇ ਨੂੰ ਆਪਣੇ ਪਾਸ ਹੀ ਖੜਾ ਦੇਖਦਾ ਸੀ। ਏਸ ਕਰਕੇ ਸਿੰਘਾਂ ਨੇ ਭੀ ਬੜੀ ਬਹਾਦਰੀ ਤੇ ਹਿੰਮਤ ਨਾਲ, ਜਾਨਾਂ ਹੀਲਕੇ ਐਸੀ ਤੇਗ ਚਲਾਈ ਕਿ ਮਾਨੋ ਕੇਲਜਾਂਦੇ ਬਨ ਵਿਚ ਵਾਢੀ ਵੜੇ ਹੋਏ ਹਨ। ਮੁਹੱਮਦੀ ਤੋਬਾ ੨ ਕਰਕੇ ਕਰਨਾਲ ਦੀ ਤਰਫ ਉਠ ਤੁਰੇ, ਮੈਦਾਨ ਖਾਲਸੇ ਦੇ ਹੱਥ ਆਯਾ। ਏਸ ਫਤੇ ਹੋਈ ਪਿਛੋਂ ਬੰਦਾ ਜਾਂ ਲੋਹਗੜ ਵਿਚ ਜਾ ਰਿਹਾ ਸਿੰਘਾਂਦੇ ਜਥੇ ਅਜੇ ਏਥੇਹੀ ਸੇ ਤਦੋਂ ਨੂੰ ਪੰਜਵੇਂ ਰੁ ਦਿਨ ਜਦ ਰਾਜਪੂਤਾਨੇ ਵਾਲੀ ਫੌਜ ਤੇ ਕੁਛ ਲਾਹੌਰੋਂ ਫੌਜ ਸ਼ਾਹੀ ਲਸ਼ਕਰ ਨਾਲ ਆਨ

Sri Satguru Jagjit Singh Ji eLibrary NamdhariElibrary@gmail.com

ਮਿਲਜਾ ਤਾਂ ਰੰਕੇ ਤੇ ਸੀਕਰੀ ਪਿੰਡ ਦੇ ਇਰਦ ਗਿਰਦ ਫੇਰ ਭਾਰੀ ਜੰਗ ਹੋਯਾ, ਤੇ ਦੋਨੋਂ ਤਰਫਾਂ ਦੇ ਬਹੁਤ ਆਦਮੀ ਮਾਰੇ ਗਏ। ਤੀਸਰਾ ਜੰਗ ਫੇਰ ਲਾਹੂਏ ਪਾਸ ਹੋਣ ਲੱਗਾ ਪਰ ਬਰਖਾ ਉਤਰ ਪਈ, ਪੰਦ੍ਰਾਂ ਦਿਨ ਝੜੀ ਲੱਗੀ ਰਹੀ। ਪੋਹ ਦੇ ਮਹੀਨੇ ਪੌਣ ਪਾਣੀ ਦੀ ਸਰਦੀ ਤੇ ਭੁੱਖ ਦੇ ਮਾਰੇ ਸ਼ਾਹੀ ਫੌਜ ਦੇ ਬਹੁਤ ਆਦਮੀ ਘੋੜੇ ਮਰ ਗਏ, ਏਸੇ ਕਾਰਣ ਸ਼ਾਹੀ ਫੌਜ ਲਚਾਰ ਹੋਕੇ ਖਿਧਰੇ ੨ ਖਿੰਡ ਗਈ ਤੇ ਬੰਦਾ ਬੀ ਸਿੰਘਾਂ ਸਮੇਤ ਕੁਛ ਦਿਨ ਥਾਨੇਸਰ ਠੈਹਰ ਕੇ ਲੋਹਗੜ੍ਹ ਦੀ ਤਰਫ ਚਲਾ ਗਿਆ। ਏਨ੍ਹਾਂ ਜੰਗਾਂ ਵਿਚ ਸੱਯਦ ਐਹਮਦ ਖਾਂ ਫੌਜਦਾਰ ਹੁਸੈਨ ਖਾਂ ਕੈਮ ਖਾਂ, ਵਜ਼ੀਦ ਖਾਂ ਆਦਿਕ ਬੜੇ ੨ ਨਾਮੀ ਸਰਦਾਰ ਮਾਰੇ ਗਏ, ਫੇਰ ਬਹਾਦਰ ਸ਼ਾਹ ਨੇ ਖਾਨ ਖਾਨਾਂ ਦੇ ਬੇਟੇ ਅਸਦ ਖਾਂ ਨਾਯਬ ਬਖਸ਼ੀ ਨੂੰ ਤੇ ਸ਼ਹਾਬੁੱਦੀਨ ਫੌਜਦਾਰ ਨੂੰ ਖਾਸ ਅਪਣੇ ਸ਼ਾਹਜ਼ਾਦੇ ਰਫੀਉਲ ਮੁਅੱਜਮ ਦੇ ਨਾਲ ਬਹੁਤ ਸਾਰੀ ਫੌਜ ਦੇਕੇ ਸਿੱਖਾਂ ਦੀ ਤਰਫ ਰਵਾਨਾ ਕੀਤਾ।ਸਹਾਰਨਪੁਰ ਬੁੜੀਏ ਦੇ ਪਾਸ ਸਖਤ ਲੜਾਈ ਹੋਈ,ਏਥੋਂ ਫੂਲ ਸਿੰਘ ਤਾਂ ਸਤਮੌਰ ਦੇ ਪਹਾੜ ਵਿਚ ਬੁਸੈਹਿਰ ਤਕ ਚਲੇ ਗਏ ਤੇ ਕੁਛ ਬੰਦੇ ਸਮੇਤ ਕਿਲੇ ਲੋਹਗੜ੍ਹ ਵਿਚਜਾ ਠੈਹਰੇ, ਪਰੰਤੂ ਮੁਸਲਮਾਨਾਂ ਨੇ ਕਿਲੇ ਲੋਹਗੜ੍ਹ ਨੂੰ ਜਾ ਘੇਰਿਆ, ਕਈ ਦਿਨ ਤੋਪ, ਤੁਪਕ, ਤੀਰ ਦਾ ਮੀਂਹ ਬਰਸਦਾ ਰਿਹਾ, ਦਾਰੂ, ਸਿੱਕਾ ਤੇ ਰਸਦ ਸਿੱਖਾਂ ਪਾਸ ਨਾ ਰਿਹਾ, ਭੁੱਜਣ ਹੀ ਲੱਗੇ ਸੇ ਜੋ ਏਤਨੇ ਨੂੰ ਗੁਰੂ ਦੇ ਭੇਜੇ ਹੋਏ ਹੋਰ ਬਹੁਤ ਸਿੰਘ ਰਸਤ ਆਦਿਕ ਸਮਾਨ ਲੈਕੇ ਆ ਗਏ, ਅਤੇ ਦੀਵਾਨ ਹਰਦਯਾਲ ਜੋ ਸ਼ਾਹੀ ਲਸ਼ਕਰ ਵਿਚ ਬੜਾ ਧਰਮੀ ਆਗਰੇ ਦਾ ਰੈਹਣ ਵਾਲਾ ਮਸ਼ਹੂਰ ਸੀ, ਓਹ ਬੰਦੇ ਨੂੰ ਹਿੰਦ ਧਰਮ ਦੀ ਰੱਖਜਾ ਵਾਸਤੇ

Sri Satguru Jagjit Singh Ji eLibrary NamdhariElibrary@gmail.com

ਲੜਦਾ ਦੇਖਕੇ ਸਿੰਘਾਂ ਨੂੰ ਬਹੁਤ ਮਦਦ ਤੇ ਸ਼ਾਹੀ ਫੌਜ ਦਾ ਭੇਤ ਦੇਣ ਲੱਗ ਪਿਆ, ਓੜਕ ਜਦ ਭੇਤ ਖੁਲ੍ਹਣ ਵਾਲਾ ਹੋਇਆ ਤਾਂ ਉਹ ਖੁਦ ਹੀ ਆਪਣੇ ਸਾਥੀਆਂ ਸਮੇਤ ਮੈਖਜ਼ੀਨ ਰਸਦ ਆਦਿਕ ਬਹੁਤ ਸਾਮਾਨ ਲੈਕੇ ਸਿੰਘਾਂ ਨਾਲ ਆ ਮਿਲਿਆ, ਸ਼ਾਹੀ ਫੌਜ ਨਾਲ ਲੜਦਾ ਰਿਹਾ। ਫੇਰ ਇਕ ਦਿਨ ਬਾਬੇ ਬੰਦੇ ਨੇ ਸਿੰਘਾਂਨੂੰ ਆਖਿਆ ਅੱਜ ਓਹ ਦਿਨ ਹੈ ਜਿਸ ਦਿਨ ਚਮਕੌਰ ਵਿਚ ਦਸਮੇ ਪਾਤਸ਼ਾਹ ਦੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋਏ ਸੇ, ਜੋ ਕੋਈ ਅੱਜ ਸ਼ਹੀਦ ਹੋਵੇਗਾ ਸੋ ਨਿਸਚੇ ਸੱਚਖੰਡ ਵਿੱਚ ਸਾਹਿਬਜ਼ਾਦਿਆਂ ਦੇ ਪਾਸ ਜਾਏਗਾ। ਏਹ ਬਚਨ ਮੰਨਕੇ ਸਵਾ ਪੈਹਰ ਦੇ ਤੜਕੇ ਬੰਦੇ ਸਮੇਤ ਸ਼ਹੀਦ ਹੋਣ ਵਾਸਤੇ ਸਭ ਸਿੰਘ ਹੱਲਾ ਕਰਕੇ ਸ਼ਾਹੀ ਫੌਜ ਵਿਚ ਜਾ ਵੜੇ, ਓਸ ਸਮੇਂ ਦੀ ਤਲਵਾਰ ਨੂੰ ਖਾਫੀ ਖਾਂ ਮਲਕੁਲ ਮੌਤ ਲਿਖਦਾ ਹੈ, ਐਸਾ ਸਮਾਂ ਬੀਤਿਆ, ਲੋਥਾਂ ਦੇ ਢੇਰ ਲੱਗ ਗਏ, ਲਹੂ ਦੇ ਨਾਲੇ ਵਗ ਤੁਰੇ, ਓੜਕ ਮੁਸਲਮਾਨਾਂ ਦੇ ਪੈਰ ਹਿੱਲ ਗਏ ਭਾਜ ਪੈ ਗਈ, ਮੋਰਚੇ ਛੱਡਕੇ ਅੱਠ ਕੋਹ ਪਰੇ ਜਾ ਉਤਰੇ, ਏਹ ਲੰਝਣਾ ਮੇਟਣ ਲਈ ਅਸਦਖਾਂ ਤੇ ਸ਼ਾਹਜ਼ਾਦੇ ਨੇ ਪੰਦ੍ਰਾਂ ਦਿਨਾਂ ਵਿਚ ਦੇਸੀ ਮੁਸਲਮਾਨ ਤੇ ਫੌਜੀ ਕੱਠੇ ਕਰਕੇ ਸਭਨਾਂ ਤੋਂ ਕੁਰਾਨ ਉੱਪਰ ਹੱਥ ਰਖਵਾ ਰਖਵਾਕੇ ਐਸਾ ਹੱਲਾ ਕਰਾਇਆ ਜੋ ਕਿਲੇ ਲੋਹ-ਗੜ੍ਹ ਨੂੰ ਪੌੜੀਆਂ ਜਾ ਲਾਈਆਂ। ਭਾਵੇਂ ਸਿੱਖਾਂ ਨੇ ਦੁਸ਼ਮਨਾਂ ਨੂੰ ਬਹੁਤ ਰੋਕਿਆ ਤੇ ਮਾਰ ਮਾਰ ਹੇਠਾਂ ਭੀ ਸਿੱਟਿਆ, ਪਰ ਓਸ ਸਮੇਂ ਸਿੱਖਾਂ ਪਾਸ ਰਸਦ ਦਾਰੂ, ਸਿੱਕਾ, ਤੀਰ, ਗੋਲੀ ਕੁਛ ਨਹੀਂ ਰਿਹਾ ਸੀ, ਕਈ ਦਿਨ ਭੁਖ ਕੁਖੇ ਤਿਹਾਏ ਲੜਦੇ ਰਹੇ, ਆਖਰ ਬੰਦੇ ਨੇ ਆਪਣੀ ਸ਼ਕਲ ਜੈਸੀ ਸ਼ਕਲ ਵਾਲੇ ਭਾਗੂ ਦਾ ਗੁਲਾਬੂ ਸਿੰਘ ਨੂੰ ਆਪਣਾ ਲਿਬਾਸ ਪੈਹਨਾਕੇ ਕੁਛ ਸਿੱਖਾਂ

Sri Satguru Jagjit Singh Ji eLibrary NamdhariElibrary@gmail.com

ਸਮੇਤ ਕਿਲੇ ਵਿੱਚ ਛੱਡਕੇ ਆਖਿਆ, ਜਦ ਤੁਰਕ ਕਿਲੇ ਵਿਚ ਆਉਣ ਤਾਂ ਤੁਸੀਂ ਮੋਰੀ ਦੇ ਰਸਤੇ ਭੱਜ ਆਉਣਾ, ਹੋਰ ਸਿੰਘਾਂ ਨੂੰ ਨਾਲ ਲੈਕੇ ਮੋਰੀ ਦੇ ਰਸਤੇ ਜੋ ਬੰਦੇ ਨੇ ਗੁਪਤ ਰਸਤਾ ਬਨਾ ਰਖਿਆ ਸੀ, ਨਿਕਲਕੇ ਪਹਾੜਾਂ ਵਿਚ ਜਾ ਵੜਿਆ। ਏਧਰ ਨਜ਼ਾਮ ਦੀਨ ਫੌਜਦਾਰ ਕਿਲੇ ਵਿੱਚ ਵੜਕੇ ਗੁਲਾਬੁ ਸਿੰਘ ਆਦਿਕ ਅਨੇਕ ਸਿੰਘਾਂ ਨੂੰ ਫੜਕੇ ਅਸਦਖਾਂ ਪਾਸ ਲੈ ਗਿਆ, ਭਾਵੇਂ ਉਸਨੇ ਤਾਂ ਬਾਦਸ਼ਾਹ ਪਾਸ ਪਹੁੰਚਾਕੇ ਨੇਕਨਾਮੀ ਦਾ ਖਿਲਤ ਖਿਤਾਬ ਪਾਇਆ, ਨਜ਼ਾਮਦੀਨ ਨੂੰ ਇਨਾਮ ਦਿਵਾਇਆ, ਪਰ ਫੇਰ ਜਦ ਬਾਦਸ਼ਾਹ ਨੂੰ ਏਹ ਨਿਸਚਾ ਹੋ ਗਿਆ ਕਿ ਗੁਲਾਬੁ ਸਿੰਘ, ਸ਼ੇਰ ਦੇ ਭੁਲੇਖੇ ਗਿੱਦੜ ਮਾਰਿਆ ਗਿਆ ਹੈ, ਏਹ ਅਸਲ ਬੰਦਾ ਨਹੀਂ, ਤਾਂ ਖਾਨ ਖਾਨਾਂ ਵਗੈਰੇ ਫੌਜੀ ਅਫਸਰਾਂ ਨੂੰ ਬਹੁਤ ਮਲਾਮਤ ਕਰਕੇ ਲਿਖਿਆ ਕਿ ਤੁਸੀਂ ਮੈਨੂੰ ਧੋਖਾ ਦਿੱਤਾ, ਹੁਣ ਅਸਲ ਬੰਦੇ ਨੂੰ ਫੜਕੇ ਜਾਂ ਮਾਰੇ ਬਗੈਰ ਮੈਨੂੰ ਮੂੰਹ ਨਾਂ ਦਿਖਾਉਣਾ, ਏਸੇ ਕਰਕੇ ਅਸਦਖਾਂ ਨੇ ਲੋਹਗੜ੍ਹ ਦੇ ਕਿਲੇ ਵਿੱਚ ਤਿੰਨ ਮਹੀਨੇ ਰਹਕੇ ਸਿੱਖਾਂ ਦੇ ਤੇ ਬੰਦੇ ਦੇ ਫੜਨ ਵਾਸਤੇ ਆਪਣੀ ਸਾਸ਼ਤੀ ਫੌਜ ਸਭ ਜਗ੍ਹਾ ਭੇਜ ਕੇ ਭਾਵੇਂ ਬਹੁਤ ਟਟੋਲ ਭਾਲ ਕੀਤੀ, ਸਿੰਘ ਤਾਂ ਅਨੇਕ ਫੜੇ, ਪਰ ਬੰਦਾ ਹੱਥ ਨਾ ਆਇਆ, ਓਸਦੇ ਫੜਨ ਵਾਸਤੇ ਜਾਸਾ ਕੀਰਤ ਪ੍ਰਕਾਸ਼ ਨਾਹਣ ਵਾਲੇ ਤੇ ਗਜੈ ਸਿੰਘ ਹੰਡੂਰੀ ਆਦਿਕਾਂ ਨੂੰ ਬਹੁਤ ਤੰਗ ਕੀਤਾ ਗਿਆ। ਜਦ ਖਾਨ ਖਾਨਾਂ ਨੇ ਕੈਦੀ ਸਿੰਘਾਂ ਨੂੰ ਧਰਮ ਦੇ ਵਿਰੁਧ ਕਸ਼ਟ ਦੇਣੇ ਚਾਹੇ, ਤਦ ਬਹੁਤ ਸਿੰਘਾਂ ਨੇ ਜਾਨਾਂ ਦੇ ਦਿੱਤੀਆਂ। ਏਹ ਹੱਠ ਦੇਖਕੇ ਅਸਦਖਾਂਨੇ ਬਸ ਕਰ ਦਿੱਤੀ, ਓਨਾਂ ਸਿੰਘਾਂ ਦਾ ਉਕਤ ਹਾਲ ਸੁਣਕੇ ਬਾਹਰ ਦੇ ਸਿੰਘਾਂ ਨੇ ਓਸਦੀ ਫੌਜ ਨੂੰ ਛਾਪੇ ਮਾਰ ਮਾਰ

Sri Satguru Jagjit Singh Ji eLibrary NamdhariElibrary@gmail.com

ਐਸੀ ਜਰਜਰੀ ਕੀਤਾ ਜੋ ਹਾਰਕੇ ਚਲੀਆਈ,ਆਖਰ ਅਸਦਖਾਂ ਭੀ ਸਿੱਖਾਂ ਤੇਂ ਤੰਗ ਆਕਰ ਰੁਸਤਮ ਦਿਲ ਖਾਂ ਫੌਜਦਾਰ ਨੂੰ ਕਿਲੇ ਲੋਹਗੜ੍ਹ ਵਿੱਚ ਛੱਡਕੇ ਆਪ ਆਪਣੇ ਘਰ ਨੂੰ ਚਲਾ ਗਿਆ। ਏਹ ਖਬਰ ਸੁਣਕੇ ਬੰਦੇ ਨੇ ਸਿੰਘਾਂ ਸਮੇਤ ਪਹਾੜਾਂ ਵਿਚੋਂ ਨਿਕਲ ਕਰ ਫਿਰ ਸਰਹੰਦ ਆ ਛੁੜਾਈ ਤੇ ਬੇਸ਼ੁਮਾਰ ਮੁਸਲਮਾਨ ਮਾਰੇ ਲੁਟੇ ॥

ਸਰਹੰਦ ਪਰ ਫੇਰ ਲੜਾਈ

ਏਹ ਹਾਲ ਸੁਣ ਕੇ ਅੱਸੂ ਸੰਃ ੧੭੬੯ ਬਿਃ ਨੂੰ ਬਾਦਸ਼ਾਹ ਆਪ ਚੜ੍ਹ ਆਇਆ, ਜਿਸਦੀ ਆਮਦ ਸੁਣਕੇ ਬੰਦਾ ਤਾਂ ਫੇਰ ਪਹਾੜੀਂ ਜਾ ਵੜਿਆ, ਤੇ ਬਾਦਸ਼ਾਹ ਮੁਹੰਮਦ ਅਮੀਨ ਖਾਂ ਤੇ ਅਮੀਰ ਮਹਾਵਤ ਖਾਂ ਮੇਰਬਤੀ ਨੂੰ ਬਹੁਤ ਸਾਰੀ ਫੌਜ ਦੇਕੇ ਬੰਦੇ ਦੀ ਗ੍ਰਿਫਤਾਰੀ ਵਾਸਤੇ ਸਰਹੰਦ ਵਿੱਚ ਛੱਡਕੇ ਆਪ ਲਾਹੌਰ ਜਾ ਠਹਰਿਆ। ਸ਼ਾਹੀ ਫੌਜ ਨੇ ਤਿੰਨ ਮਹੀਨੇ ਸਿੱਖਾਂ ਦੇ ਪਿੱਛੇ ਪਹਾੜਾਂ ਝਾੜਾਂ ਦਾ ਘੱਟਾ ਛਾਣਿਆਂ, ਅਨੇਕ ਵਾਰੀ ਲੜੇ, ਪਰ ਬੰਦਾ ਬਹਾਦਰ ਕਿਸੇ ਦੇ ਹੱਥ ਨਾ ਆਇਆ, ਓੜਕ ਬਾਦਸ਼ਾਹੀ ਫੌਜ ਸਰਹੰਦ ਵਿੱਚ ਜਾ ਬੈਠੀ ॥

ਏਸੇ ਸਮੇਂ ਜਦ ਗਾਜੀ ਦੀਨ ਖਾਂ ਹਾਕਮ ਗੁਜਰਾਤ ਦਾ ਮਰ ਗਿਆ, ਤਦ ਸਿੱਖਾਂ ਨੂੰ ਨਾਲ ਲੈਕੇ ਬੰਦੇ ਬਹਾਦਰ ਨੇ ਪਹਾੜੋ ਪਹਾੜ ਓਸ ਦੇਸ਼ ਵਿੱਚ ਜਾ ਸਿਰ ਕਢਿਆ, ਬੇਅੰਤ ਸ਼ਹਿਰ, ਕਸਬੇ ਪਿੰਡਾਂ ਨੂੰ ਲੁੱਟਦਾ ਖਸੋਟਦਾ ਕੋਟ ਮਿਠਣ ਤਕ ਚਲਾ ਗਿਆ, ਜਿਸਦੀ ਸਾਮ੍ਹੂੰਹਾ ਨੇ ਸਿੰਧ ਮੁਲਕ ਵਿੱਚ ਵੀ ਸੈਂਕੜੇ ਲੋਭ ਸਿੰਘ ਸਜਾ ਦਿੱਤੇ,ਜੋ ਹੁਣ ਤਕ ਬੰਦਈ ਸਿੱਖ ਉੱਥੇ ਹਨ॥

ਖਾਫੀ ਖਾਂ ਲਿਖਦਾ ਹੈ ਕਿ ਬਹਾਦਰ ਸ਼ਾਹ ਨੇ ਸਿੰਘਾਂ

Sri Satguru Jagjit Singh Ji eLibrary NamdhariElibrary@gmail.com

ਨਾਲ ਮੇਲ ਰੱਖਣ ਦੇ ਸ਼ੁਭੇ ਵਿੱਚ ਸੈਂਕੜੇ ਲੋਗ ਹਿੰਦੂ ਬੇਗੁਨਾਹ ਮਰਵਾ ਸਿੱਟੇ, ਤੇ ਸਿੱਖ ਤਾਂ ਕਿਸੇ ਪਿੰਡ ਵਿੱਚ ਇਕਥੀ ਨਾ ਛੱਡਿਆ, ਬਲਕਿ ਦਰਯਾ ਕਨਾਰੇ ਜੋ ਫਕੀਰਾਂ ਦੇ ਟੰਡੇ ਬੈਠੇ ਸੇ ਓਹ ਥੀ ਤੇ ਕੁਤੇ, ਗਧੇ ਚੁਣ ਚੁਣਕੇ ਮਰਵਾ ਦਿੱਤੇ, ਸਿੰਘ ਥੀ ਜੰਗਲਾਂ ਵਿੱਚ ਜੋ ਲੁੱਕੇ ਹੋਏ ਸਨ, ਭੇਸ ਬਦਲ ੨ ਰਾਵੀ ਨੂੰ ਤਰ ੨ ਵਕਤ ਬੇਵਕਤ ਲਾਹੌਰ ਦੇ ਬਜਾਰਾਂ ਨੂੰਹੱਥ ਮਾਰ ਜਾਂਦੇ ਰਹੇ, ਏਨਾਂ ਦਾ ਕੁਛ ਬੰਦੋਬਸਤ ਬਾਦਸ਼ਾਹ ਤੋਂ ਨਾ ਹੋਯਾ ਗਦ੍ਰ ਹੀ ਮਚਿਆ ਰਿਹਾ ॥



ਮੁੜ ਸ੍ਰਹੰਦ ਲੈਲੇ

ਆਖਰ ੧੯ ਮੁਹੱਰਮ ਸੰ: ੧੧੨੪ ਹਿਜਰੀ ਮੁਤਾਬਕ ਸੰਮਤ ੧੭੬੯ ਵਿਃ ਨੂੰ ਬਹਾਦਰਸ਼ਾਹ ਬਾਦਸ਼ਾਹ ਨੇ ਤਾਂ ਦੁਨੀਆਂ ਤੋਂ ਕੂਚ ਕੀਤਾ, ਤੇ ਓਸਦੇ ਸ਼ਾਹਜਾਦਿਆਂ ਵਿੱਚ ਤਖਤ ਮੱਲਣ ਬਦਲੇ ਲੜਾਈਆਂ ਝਗੜੇ ਛਿੜ ਪਏ, ਏਸ ਕਰਕੇ ਸਿੱਖਾਂ ਦਾ ਪਿੱਛਾ ਛੱਡਕੇ ਸ਼ਾਹੀ ਹਾਕਮ ਤੇ ਲਸ਼ਕਰ ਤਿੱਤ੍ਰ ਬਿੱਤ੍ਰ ਹੋਗਏ। ਨਾਜਮਾਂ ਨੂੰ ਅਪਣੇ ੨ ਸੁਤੰਤ੍ਰ ਹੋਣ ਦੀ ਅਹੜਾ ਦਹੜੀ ਪੈ ਗਈ, ਦੱਖਣ ਵਿੱਚ ਮਰਹਟਿਆਂ ਪੰਜਾਬ ਵਿੱਚ ਸਿੰਘਾਂ ਨੇ ਲੁੱਟ ਕੁੱਟ ਮਾਰ ਪਿੱਟ ਦੀ ਧੂੰਮ ਮਚਾ ਰਖੀ ਸੀ, ਓਸ ਵੇਲੇ ਨੂੰ ਬਾਬੇ ਬੰਦੇ ਬਹਾਦਰ ਨੇ ਥੀ ਗਨੀਮਤ ਸਮਝਕੇ ਹਥੋਂ ਖਾਲੀ ਨਾ ਜਾਣ ਦਿੱਤਾ, ਸਰਹੰਦ ਦਾ ਮੈਦਾਨ ਖਾਲੀ ਵੇਖਕੇ ਫੌਰਨ ਏਥੇ ਆ ਘੋੜਾ ਕੁਦਾਯਾ, ਪੰਦ੍ਰਾਂ ਕੁ ਹਜ਼ਾਰ ਸਿੰਘਾਂ ਸਮੇਤ ਥਨਾਂ ਬੰਦੂਕ ਦਾਗੀ ਸਰਹੰਦ ਦੀ ਬਾਂਹੁਨੀ ਆ ਮੱਲੀ, ਜਗਾ ਥਜਗਾ ਸਿੰਘਾਂ ਨੂੰ ਪਰਗਣੇ ਵੰਡ ਦਿਤੇ, ਸਿੰਘਾਂ ਦੇ ਮਿਠੇ ਦੇਗੇ ਤੇ ਕੜਾਹ ਪ੍ਰਸ਼ਾਦ ਹੋਣ ਲਗੇ ॥

Sri Satguru Jagjit Singh Ji eLibrary NamdhariElibrary@gmail.com

ਪਰਬਤੀ ਰਾਜਿਆਂ ਨੂੰ ਬੀਨ ਮਨਾਣੀ

ਸੰਃ ੧੭੭੨ ਵਿਃ ਨੂੰ ਉਕਤ ਕਾਰਵਾਈ ਕਰਕੇ ਬਾਬੇ ਬੰਦੇ ਬਹਾਦੁਰ ਨੇ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ, ਖਾਲਸੇ ਦੀ ਤਾਬੇਦਾਰੀ ਮੰਨੋ, ਯਾ ਹੱਲਾ ਝੱਲੋ। ਸਿੰਘਾਂ ਦੇ ਹਥ ਕੰਡੇ ਤਾਂ ਓਹ ਪਹਿਲੇ ਦੇਖ ਹੀ ਚੁਕੇ ਸਨ, ਤਾਬੇਦਾਰੀ ਮੰਨ ਲੀਤੀ, ਰਾਜਾ ਕੀਰਤ ਪ੍ਰਕਾਸ਼ ਨਾਹਣੀਆਂ, ਰਾਜਾ ਗਜਾ ਸਿੰਘ ਨਾਲਾਗੜ੍ਹੀਆ, ਰਾਜਾ ਅਜਮੇਰ ਚੰਦ ਬਿਲਾਸ ਪੁਰੀਆ ਵਗੈਰੇ ਨੂਰਾਂ ਸੱਭੇ ਬੰਦੇ ਨੂੰ ਆ ਮਿਲੇ, ਅਤੇ ਮੇਲ ਕਰ ਲੀਤਾ।

ਓਧਰੋਂ ਹਟਕੇ ਬੰਦੇ ਨੇ ਰੋਪੜ, ਬੱਸੀ, ਕੋਟਲਾ, ਕਿੜੀ ਸ਼ਹਿਲੋਲਪੁਰ, ਮਾਛੀਵਾੜੇ ਆਦਿਕ ਮਕਾਨਾਂ ਦੇ ਨਾਮੀ ੨ ਜਾਗੀਰਦਾਰਾਂ ਮੁਸਲਮਾਨਾਂ ਤੋਂ ਨਜ਼ਰਾਨੇ ਲੈਕੇ ਲੁਧਿਆਣੇ ਜਾ ਉੱਤਰੇ ॥

ਦੁਆਬੇ ਦਾ ਪ੍ਰਸੰਗ

[ਬੰਦੇ ਦੀ ਦੁਆਬੇ ਪਰ ਚੜ੍ਹਾਈ]

ਜਿਸ ਦਿਨ ਤੋਂ ਸਰਹੰਦ, ਕਪੂਰੀ, ਸਹਾਰਨਪੁਰ, ਕਨਖਲ, ਹਰਿਦੁਆਰ, ਰੰਗਾ ਪਾਰ ਦੇ ਬ੍ਰਹਮ ਸਾਰੇ ਸ਼ੈਹਰ ਕਸਬੇ ਨਨੌਤੇ ਵਰਗੇ ਧਨੀ ਸਿੰਘ ਜੋ ਬ੍ਰਹਮ ਚਿਰਾਂ ਦੇ ਘਰਾਂ ਤੋਂ ਆਏ ਹੋਏ ਸਨ ਹੁਣ ਹੁਕਮਨ ਪਾੜੇ ਛਾਬੇ ਬੰਦੇ ਤੋਂ ਯਾ ਅਪਣੇ ੨ ਜਥੇਦਾਰਾਂ ਦੀ ਆਗਯਾ ਲੈਕੇ ਆਪੋ ਅਪਣੇ ਘਰੀਂ ਚਲੇ ਗਏ ਹੋਏ ਸਨ, ਓਨਾਂ ਨੂੰ ਸਾਥ ਮਿਲਾਉਣ ਵਾਸਤੇ ਬੰਦਾ ਪੰਜਲ ਹਜ਼ਾਰ ਸਿੰਘ ਨਾਲ ਲੁਧਿਆਣੇ ਬੈਠਾ ਰਿਹਾ, ਹੁਣ ਓਹ ਸਿੰਘ ਜੋ ਪਿੰਡਾਂ ਵਿਚ ਗਏ ਹੋਏ ਸਨ ਓਨਾਂ ਦੀ ਬਹਾਦਰੀ ਦੇਖਕੇ ਉਨਾਂ ਦੇ ਪੂਰੇ ਹੋਏ ਭਾਈ ਬੰਧੂ ਸਾਕ ਮਿਤਰ

Sri Satguru Jagjit Singh Ji eLibrary NamdhariElibrary@gmail.com

ਪਜਾਰੇ ਹੋਰ ਥੀ ਓਨਾਂ ਨਾਲ ਬਹੁਤ ਸਾਰੇ ਸਿੰਘ ਸਜੇ ਹੋਏ ਜਦ ਬਾਬੇ ਬੰਦੇ ਪਾਸ ਆ ਕੱਠੇ ਹੋਏ ਤਾਂ ਇਕ ਬੜਾ ਭਾਰੀ ਲਸ਼ਕਰ ਗੁਰੂ ਖਾਲਸੇ ਦਾ ਹੋਗਿਆ, ਜਿਸਨੂੰ ਦੇਖਕੇ ਬੰਦੇ ਬਹਾਦਰ ਦਾ ਥੀ ਹੌਸਲਾ ਵਧ ਗਿਆ। ਏਸ ਬਹਾਦਰ ਜੰਗੀ ਖਾਲਸਾ ਦਲਦੀ ਧਾਂਕ ਸੁਣਕੇ ਦੁਆਬੇ, ਮਾਝੇ ਦੇ ਹਾਕਮ, ਜਿਮੀਂਦਾਰ ਚੌਧਰੀ, ਜਾਗੀਰਦਾਰ ਸਭ ਦਹਿਲ ਗਏ, ਕਿਉਂਕਿ ਓਸ ਸਮੇਂ ਬੰਦੇ ਦਾ ਨਾਮ ਹੀ ਹਊਆ ਬਣ ਰਿਹਾ ਸੀ, ਕੋਈ ਏਸਨੂੰ ਕਲਕੀ ਅਵਤਾਰ ਕੈਂਹਦਾ ਸੀ, ਕੋਈ ਮੈਂਹਦੀ ਮੰਨਦਾ ਸੀ, ਥਹਰੇ ਬਾਦ-ਗਰ ਆਖਦੇ ਸੇ, ਅਨੇਕ ਸਿੱਧ ਪੁਰਖ ਰਿੱਧੀ ਸਿੱਧਾ ਦਾ ਮਾਲਕ ਕੈਂਹਦੇ ਸਨ, ਕੋਈ ਏਸਦੇ ਤਾਬੇ ਬੀਰ ਦੱਸਦੇ ਸਨ, ਗਲ ਏਹ ਜਿਤਨੇ ਮੂੰਹ ਓਤਨੀ ਗਾਥਾ, ਬਲਕਿ ਮੁਸਲਮਾਨ ਤਾਂ ਬੰਦੇ ਦਾ ਨਾਮ ਸੁਣਕੇ ਸੁੱਤੇ ਪਏ ਚੌਂਕ ਚੌਂਕ ਤ੍ਰਬਕ ੨ ਉਠਦੇ ਸਨ, ਸਚ ਹੈ ਏਹੋ ਜੇਹੇ ਹਾਲ ਤਾਂ ਅਸੀ ਅੱਖੀਂ ਦੇਖੇ ਹਨ ਕਿਆ ਚੀਜ ਸੀ ਜੀਉਣਾ ਮੌੜ। ਜਿਨਾਂ ਤੋਂ ਡਰਦੇ ਮਾਰੇ ਸ਼ਾਹੂਕਾਰ ਰਾਤ ਦਿਨੇ ਬੇਚੈਨ ਸਨ, ਪੁਲਸ ਦੱਬੀ ਰੈਂਹਦੀ, ਪਿੰਡ ਸੈਂਹਮੇਂ ਰੈਂਹਦੇ, ਧਾੜਵੀ ਡਕੈਤ ਬਾਬੇ ਆਲਾ ਸਿੰਘ ਜੈਸੇ ਸੂਰਬੀਰ ਹੀ ਅੰਤ ਨੂੰ ਮੁਲਕ ਦੇ ਮਾਲਕ ਬਣੇ ਦੇਖੇ ਹਨ ॥

ਏਹ ਦਆਬੇ ਮਾਝੇ ਦੇ ਲੋਗਾਂ ਦਾ ਵਰਤਾਉ ਸੁਣਕੇ ਬੰਦੇ ਨੂੰ ਥੀ ਚਾਉ ਚੜ੍ਹ ਗਿਆ, ਜਿਸ ਕਰਕੇ ਓਨ ਦੁਆਬੇ ਦੇਸ ਵਿਚ ਫੇਰੋ ਏਸ ਛਾਂਤ ਫਿਰਾ ਦਿੱਤਾ ਕਿ ਜਿਸ ਨੇ ਜੁਲਮ ਦਾ ਨਾਸ ਕਰਨਾ ਹੈ ਖਾਲਸੇ ਦੇ ਦਲ ਦਾ ਸਾਥੀ ਹੋ ਜਾਵੇ ॥

ਭਾਵੇਂ ਓਸ ਸਮੇਂ ਪੰਜਾਬ ਵਿਚ ਕੇਸੀ ਟਾਂਵਾਂ ਟਾਂਵਾਂ ਹੀ ਸਿੰਘ ਸਜਿਆ ਹੋਇਆ ਸੀ, ਪਰ ਸਹਜਧਾਰੀ ਸਿੱਖ ਬਹੁਤ ਸਨ, ਇਕ ਗੁਣ ਓਦੋਂ ਦੇ ਸਿੱਖਾਂ ਵਿਚ ਏਹ ਬੜਾ

Sri Satguru Jagjit Singh Ji eLibrary NamdhariElibrary@gmail.com

ਭਾਰੀ ਲਾਭਦਾਇਕ ਸੀ ਕਿ ਜਦ ਕੋਈ ਔਕੜ ਕਿਸੇ ਸਿੱਖ ਨੂੰ ਆ ਪੈਂਦੀ ਸੀ, ਓਸਦੀ ਸਹਾਇਤਾ ਵਾਸਤੇ ਬੇਸ਼ੁਮਾਰ ਸਿਖ ਸ਼ਸਤ੍ਰ ਫੜਕੇ ਆ ਕੱਠੇ ਹੁੰਦੇ ਸਨ ॥

ਹੁਣ ਬੰਦੇ ਦਾ ਛੰਡੋਰਾ ਸੁਣਕੇ ਮਾਲਵੇ ਮਾਝੇ ਦੇ ਸਿਖ ਨਾਂ ਟੋਲਿਆਂ ਦੇ ਟੋਲੇ ਬਾਬੇ ਬੰਦੇ ਦੇ ਦਲ ਵਿਚ ਐਉਂ ਆਉਣ ਲਗ ਪਏ, ਜਿਉਂ ਚੇਤਰ ਮਾਸ ਵਿਚ ਸੋਮਜਾਂ ਦੇ ਜਲ ਨਦੀਆਂ ਵਿਚ ਮਿਲਦੇ ਹਨ, ਅਤੇ ਦੁਆਬੇ, ਪੋਠੋਹਾਰ ਦੜਪ, ਕੰਢੀ, ਵਿਚੋਂ ਬੀ ਖੁੰਬਾਂ ਵਾਂਙੂੰ ਬਹੁਤ ਸਾਰੇ ਆਨ ਮਿਲੇ ॥

ਢਲੌਰ ਤੇ ਫ਼ਰੀਦਾਬਾਦ ਮਾਰਨਾ

ਹੁਣ ਬੰਦੇ ਨੇ ਤੇ ਜਦੋਦਾਰਾਂ ਸਰਦਾਰਾਂ ਨੇ ਬੀ ਆਪਨੇ ਲਸ਼ਕਰ ਦੀ ਤਾਕਤ ਵਧਦੀ ਦੇਖਕੇ ਸਤਲੁਜ ਦਰਿਆ ਨੂੰ ਢਲੌਰ ਦੇ ਪੱਤਨ ਲੰਘਕੇ ਸੰਃ ੧੭੭੦ ਬਿਃ ਨੂੰ ਢਲੌਰ ਆ ਡੇਰਾ ਲਾਇਆ, ਏਸ ਕਾਰਨ ਕਰਕੇ ਸੋਧਰੇ ਕਸਬੇ ਫ਼ਰੀਦਾਬਾਦ ਵੈਸੀ ਸੂਰ ਪਏ, ਕਿਉਂਕਿ ਏਥੋਂ ਦੇ ਚੌਧਰੀ ਚੂਹੜ ਮਲ ਦੀ ਹਸੀਯਤ ਕੁਛ ਅਨਜਾਈ ਗਿਨਿਆਂ ਨਾਲੋਂ ਓਦੋਂ ਘੱਟ ਨਹੀਂ ਸੀ, ਬਹੁਤ ਸਾਰੇ ਦੇਸ਼ ਦਾ ਮਾਮੁਲਾ ਸ਼ਾਹੀ ਖਜਾਨੇ ਵਿਚ ਏਹੋ ਭਰਿਆ ਕਰਦੇ ਸਨ ॥

ਭਾਵੇਂ ਓਦੋਂ ਦੇ ਚੌਧਰੀ ਜਵਾਹਰ ਮਲ ਦੇ ਪੂਰੇ ਤੇ ਅਮੀਨ ਖਾਂ ਕਸੂਰੀ ਹਾਕਮ ਦੇ ਧਕੇਲੇ ਹੋਏ ਹਿੰਦੂ ਮੁਸਲਮਾਨ ਕੱਠੇ ਹੋਕੇ ਘੜੀ ਚਾਰਕੁ ਤਾਂ ਲੜੇ, ਪਰ ਸਿੰਘਾਂ ਦੇ ਹੱਲੇ ਦੀ ਤਾਬ ਨਾ ਲਿਆ ਸਕੇ, ਓੜਕ ਚੌਧਰੀ ਜਵਾਹਰ ਮਲ ਗਲ ਵਿੱਚ

Sri Satguru Jagjit Singh Ji eLibrary NamdhariElibrary@gmail.com

ਪੱਲਾ ਮਾਰੇ ਦੇ ਘੋੜੇ ਕੀਮਤੀ ਪੰਜ ਹਜ਼ਾਰ ਰੁਪਯਾ ਨੱਕਦ ਨਜਰ ਦੇਕੇ ਬੰਦੇ ਦੇ ਚਰਨਾਂ ਪਰ ਢੈਹ ਪਿਆ ਅਤੇ ਤਾਬੇਦਾਰੀ ਲਿਖ ਦਿੱਤੀ।

ਰਾਹੋਂ ਆਦਿਕ ਮਾਰਨੇ

ਛਜਾਵਾਲੇ ਦੇ ਗਿਰਦੇ ਅਨੇਕ ਪਿੰਡਾਂ ਨੂੰ ਸੋਧਦੇ ਹੋਏ ਸਿੰਘਾਂ ਨੇ ਰਾਹੋਂ ਜਾ ਮਾਰੀ। ਏਥੋਂ ਦਾ ਰਾਈਸ ਅਨੇਤ ਖਾਂ ਵੱਡਾ ਦੌਲਤ ਵਾਲਾ ਧੜਵੈਲ ਮਸ਼ਹੂਰ ਸੀ, ਉਸਦੇ ਧਾਵੇ ਮਾਰਨ ਦੀ ਧਾਂਕ ਸਾਰੇ ਪੰਜਾਬ ਵਿੱਚ ਫੈਲ ਰਹੀ ਸੀ, ਏਸਦੇ ਜੱਥੇ ਤੋਂ ਹਾਕਮ ਭੀ ਡਰਦੇ ਸਿਰ ਨਹੀਂ ਆਉਂਦੇ ਸਨ, ਸਭ ਹੈ, ਧੀਂਗਾ ਪਰ ਧੀਂਗਾ ਰਬ ਨੇ ਰਚ ਰੱਖੇ ਹਨ, ਸਿੰਘਾਂ ਦੇ ਅੱਗੇ ਓਹ ਬੀ ਹੱਥ ਨਾ ਉਠਾ ਸਕਜਾ, ਧਾੜਯਾਂ ਨਾਲ ਸਾਰੀ ਉਮਰ ਦੀ ਕੱਠੀ ਕੀਤੀ ਹੋਈ ਮਾਯਾ ਧਾੜਵੀਆਂ ਨੂੰ ਹੀ ਅਰਪਣ ਕਰਾ ਦਿਤੀ, (ਜੱਤ੍ਰ ਆਈ ਤੱਤ੍ਰ ਗਈ) ਫੇਰ ਤਾਂ ਓਹ ਬੀ ਬੰਦੇ ਦਾ ਮੁਰੀਦ ਹੋਕੇ ਭੇਤ ਦੱਸਣ ਪਰ ਹੋ ਗਿਆ, ਰਾਹੋਂ ਤੋਂ ਚੜ੍ਹਕੇ ਖਾਲਸਈ ਦਲ ਨੇ ਜਲੰਧਰ ਵੰਨੀ ਰੁਖ ਕੀਤਾ, ਜਲੰਧਰੀ ਨੁਵਾਬ ਸੈਫ ਅਲੀਖਾਂ ਤੇ ਫੈਜ਼ਲਾਖਾਂ ਵਗੈਰੇ ਨੇ ਬਾਬੇ ਬੰਦੇ ਦੀ ਬਹਾਦਰੀ ਤੇ ਫਤੇਯਾਬੀ ਅਤੇ ਅਜਮਤ ਦਾ ਹਾਲ ਰਾਹੋਂ ਵਰਗੇ ਮਕਾਨ ਮਾਰਨੇ ਤਾਂ ਪਹਿਲੇ ਹੀ ਸੁਣ ਰਖਯਾ ਸੀ, ਉਸਦੇ ਮੁਕਾਬਲੇ ਦੀ ਸਾਮ੍ਹਰਥਾ ਅਪਣੇ ਵਿਚ ਨਾ ਦੇਖਕੇ ਪੰਜ ਘੋੜੇ ਬਹੁਤ ਚੰਗੇ ਚੰਗੇ ਜ਼ਰੀ ਦੋਜ਼ਾ ਕਾਠੀਆਂ ਸਮੇਤ ਸਤ ਹਜ਼ਾਰ ਨਕਦ ਨਜਰ ਦੇਕੇ ਆਪਣਾ ਪਿਛਾ ਛੁਡਾ ਲੀਤਾ, ਫੇਰ ਬੀ ਬੰਦੇ ਨੇ ਅਨੇਤ ਖਾਂ

Sri Satguru Jagjit Singh Ji eLibrary NamdhariElibrary@gmail.com

ਦੇ ਭੇਤ ਦੇਣ ਪਰ ਜਲੰਧਰੀਆਂ ਦਾ ਜੋ ਓਨਾਂ ਨੇ ਅਨੰਦ ਪੁਰ ਦੇ ਜੰਗ ਵਿੱਚ ਸ੍ਰੀਗੁਰੂ ਦਸਮੇਸ ਜੀ ਦਾ ਮੁਕਾਬਲਾ ਕੀਤਾ ਸੀ, ਏਸ ਗੁਨਾਹ ਬਦਲੇ ਅੱਧਾ ਇਲਾਕਾ ਖੋਹ ਕੇ ਜੁਵਾਹਰ ਮਲ ਆਦਿਕ ਹਿੰਦੂ ਚੌਧਰੀਆਂ ਨੂੰ ਦੇ ਦਿੱਤਾ। ਇਸ ਵੇਲੇ ਦੁਆਬੇ ਦਾ ਵੱਡਾ ਹਾਕਮ ਫੌਜਦਾਰ ਸ਼ੰਮਸ ਖਾਂ ਕਸੂਰੀ ਖਲਫ ਜਹੀ ਪਠਾਂਣ ਬੜਾ ਬਹਾਦੁਰ ਤੇ ਚਤੁ ਮਸ਼ਹੂਰ ਸੀ, ਓਸਨੇ ਭਾਵੇਂ ਏਹ ਸਾਰੇ ਹਾਲ ਸੁਣੇ ਹੋਏ ਸੇ, ਪਰ ਏਸ ਬਹਾਦਰ ਤੇ ਜੋਧੇ ਸਿੰਘੀ ਦਲ ਨੂੰ ਹੜਦਾ ਪਾਣੀ ਸਮਝ ਕੇ ਖਾਮੋਸ਼ ਬੈਠਾ ਰਿਹਾ। ਏਧਰੋਂ ਬੰਦੇ ਬਹਾਦੁਰ ਨੇ ਵੀ ਓਸਨੂੰ ਛੇੜਨ (ਆਉ ਬੈਲ ਮੁਝੇ ਮਾਰ) ਵਾਲੀ ਗੱਲ ਕਰਨੀ ਚੰਗੀ ਨਾ ਮੰਨਕੇ ਹੋਰ ੨ ਰਈਸਾਂ, ਜ਼ਿਮੀਂਦਾਰਾਂ ਚੌਧ੍ਰੀਆਂ ਤੋਂ ਖਾਲਸੇ ਨੂੰ ਨਜ਼ਰਾਂਨੇ ਦਿਵਾਉਂਦਾ ਤੇ ਕਿਲਿਆਂ ਵਿੱਚ ਸਿੰਘਾਂ ਦੇ ਠਾਣੇ ਬਿਠਾਉਂਦਾ ਹੋਯਾ ਸੰਃ੧੭੭੧ ਬਿਃ ਨੂੰ ਜਾ ਡੇਰਾ ਲਾਇਆ, ਵਸਾਖੀ ਮੇਲੇ ਪਰ ਜਾਕੇ ਬਾਬੇ ਬੰਦੇ ਸ੍ਰੀ ਅੰਮ੍ਰਤਸਰ ਦਰਬਾਰ ਸਾਹਿਬ ਦੇ ਦਰਸ਼ਨ ਪਾਏ, ਪ੍ਰਸ਼ਾਦ ਕਰਾਏ, ਭੋਟਾ ਚੜਾਈ ॥

ਸਿੱਖਾਂ ਪਾਸੋਂ ਪੂਜਾ ਲੈਣ ਦੇ ਅਤੇ ਗੁਰੂ ਬਣਨ ਦੇ ਭਾਵ ਨਾਲ ਗਦੇਲੇ ਪਰ ਜੋ ਬੈਠਾ, ਸੰਗਤਾਂ ਨੇ ਦਰਸ਼ਨ ਕਰ ਕਰ ਮਾਇਆ ਬਹੁਤ ਚੜ੍ਹਾਈ, ਏਸ ਪ੍ਰਤਾਪ ਨੂੰ ਦੇਖ ਦੇਖ ਸਭ ਲੋਗ ਆਪਸ ਵਿੱਚ ਏਹੋ ਕੈਹ ਰਹੇ ਸਨ ਕਿ ਭਾਈ ਹੁਣ ਸਿੱਖਾਂ ਦਾ ਰਾਜਹੋ ਜਾਵੇਗਾ, ਤੁਰਕਾਂ ਦੇ ਜੁਲਮਾਂ ਤੋਂ ਖਲਕਤ ਬਚ ਜਾਏਗੀ, ਏਸੇ ਭਰੋਸੇ ਪਰ ਹਰ ਰੋਜ ਸੌ ਸੌ ਆਦਮੀ ਸਿੰਘ ਸਜਦਾ ਰਿਹਾ, ਜਿਸਤੋਂ ਸਿੱਖਾਂ ਨੂੰ ਖੁਸ਼ੀ ਤੇ ਤੁਰਕਾਂ ਨੂੰ ਗਸ਼ੀ ਬਜਾਪ ਰਹੀ ਸੀ ॥

Sri Satguru Jagjit Singh Ji eLibrary NamdhariElibrary@gmail.com

੧ ਓ ਸਤਿਗੁਰਪ੍ਰਸਾਦਿ ॥

ਬਾਬੇ ਬੰਦੇ ਦਾ ਪਰਵਾਰ

ਬਾਬਾ ਬੰਦਾ

ਅਜੀਤ ਸਿੰਘ*

ਜੁਝਾਰ ਸਿੰਘ ਜੋਰਾਵਰ ਸਿੰਘ

ਸਚੇਤ ਸਿੰਘ ਫਤੇ ਸਿੰਘ ਅਰਜਨ ਸਿੰਘ

ਸਾਹਿਬ ਸਿੰਘ ਖੜਗ ਸਿੰਘ ਅਮੀਰ ਸਿੰਘ

ਦਇਆ ਸਿੰਘ ਪਹਾੜ ਸਿੰਘ

ਤੇਜਾ ਸਿੰਘ ਅਤਰ ਸਿੰਘ ਸੋਹਣ ਸਿੰਘ ਸੁਜਾਨ ਸਿੰਘ

*ਕਈ ਗ੍ਰੰਥਕਾਰ ਇਨਾਂ ਦਾ ਨਾਉਂ ਰਤਨਜੀਤ ਸਿੰਘ ਵੀ ਕਹਿੰਦੇ ਹਨ ॥

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਮਾਝੇ ਦਾ ਜ਼ਿਕਰ

ਜਦ ਤੋਂ ਬੰਦੇ ਬਹਾਦਰ ਦੀਆਂ ਤੇ ਖਾਲਸੇ ਦੀਆਂ ਬਹਾਦਰੀਆਂ ਮਾਝੇ ਦੇ ਲੋਗ ਸੁਣ ਰਹੇ ਸੇ, ਦੇਖਣ ਨੂੰ ਚਾਉ ਚੜ ਰਿਹਾ ਸੀ, ਅਤੇ ਏਸੇ ਉਡੀਕ ਵਿਚ ਸੇ ਕਿ ਕਦੋਂ ਓਹ ਦਿਨ ਬੀ ਆਵੇਗਾ, ਜਦੋਂ ਅਸੀਂ ਬੀ ਅਪਣੇ ਜ਼ਾਲਮ ਹਾਕਮਾਂ ਤੋਂ ਬਦਲੇ ਲਵਾਂਗੇ, ਕਿਉਂਕਿ ਓਸ ਸਮੇਂ ਦੇ ਛੋਟੇ ਛੋਟੇ ਹਾਕਮ ਬੀ ਪਿੰਡ ਦੇ ਲੋਗਾਂ ਨੂੰ ਬੜੇ ੨ ਅਸਹਿ ਦੁਖ ਦੇ ਰਹੇ ਸਨ, ਬੜੇ ੨ ਹਾਕਮਾਂ ਦੇ ਜ਼ੁਲਮ ਤਾਂ ਲਿਖੇ ਹੀ ਨਹੀਂ ਜਾਂਦੇ, ਜਿਸ ਨੂੰ ਚਾਹੁੰਦੇ ਪਿੰਡੋਂ ਕੱਢ ਦਿੰਦੇ, ਜਿਸ ਨੂੰ ਚਾਹੁੰਦੇ ਵਸਾਉਂਦੇ, ਲੁਟ ਲੈਣਾ ਤਾਂ ਇਕ ਖੇਡ ਹੀ ਮੰਨ ਰੱਖੀ ਸੀ, ਕਤਲ ਕਰ ਕਰਾ ਦੇਣਾ ਸਹਿਜੇ ਹੀ ਬਾਤ ਸੀ, ਗ਼ਰੀਬਾਂ ਦੀ ਫਰਿਯਾਦ ਤਾਂ ਕੋਈ ਸੁਣਦਾ ਹੀ ਨਹੀਂ ਸੀ, ਹਰ ਵੇਲੇ ਦੁਖੇ ਦਿਲਾਂ ਵਿੱਚੋਂ ਏਹੋ ਭੜਾਸ ਨਿਕਲਦੀ ਕਿ ਹੇ ਪ੍ਰਮੇਸ਼ੁਰ ! ਏਨਾਂ ਮੁਸਲਮਾਨਾਂ ਦੇ ਰਾਜ ਦੀ ਜੜ ਪੁੱਟ !!!

ਏਸੇ ਭਾਂਤ ਜਿਸ ਰਾਜੇ ਬਾਦਸ਼ਾਹ ਦੀ ਪਰਜਾ ਦੁਖੀ ਹੁੰਦੀ ਹੈ, ਹੱਥ ਪੈਂਦਾ ਵੇਖਕੇ ਲੁਟ ਮਾਰ ਮਚਾ ਮਾਲਕ ਦੇ ਲਹੂ ਪੀਣ ਨੂੰ ਤਿਆਰ ਹੋ ਜਾਂਦਾ ਹੈ, ਹਾਕਮਾਂ ਨੂੰ ਵੱਢ ਟੁਕ ਕੇ ਦਿਲੋਂ ਖੁਸ਼ੀ ਹੁੰਦੀ ਹੈ ॥

ਤਿਆਰੇ ਤੇ ਵਿਚਾਰ ਕਰਨੇ

ਮਝੈਲ ਪਿੰਡੂਆਂ ਨੇ ਜਦ ਤੋਂ ਸੁਣਿਆਂ ਕਿ ਬੰਦਾ ਗੁਰੂ ਕੇ ਪੁੱਤਰਾਂ ਦਾ ਤੇ ਗ਼ਰੀਬਾਂ ਦਾ ਵੈਰ ਲੈਣ ਆਉਂਦਾ ਹੈ, ਜਾਂਮੇ ਵਿਚ ਫੁਲੇ ਨਹੀਂ ਸਮਾਉਂਦੇ ਸੇ; ਜਿਕੂੰ ਸੂਰਜ ਚੜੇ ਕੰਵਲ ਖਿੜ ਪੈਂਦੇ ਹਨ ਤੇ ਜਾਨਵਰ ਅੱਖਾਂ ਖੋਲ੍ਹਕੇ ਰੈਹ ਰੈਹ ਲਾ

Sri Satguru Jagjit Singh Ji eLibrary NamdhariElibrary@gmail.com

ਦਿੰਦੇ ਹਨ ਏਸੇ ਭਾਂਤ ਬੰਦੇ ਦੇ ਆਉਂਣੇ ਮਾਝੇ ਵਿੱਚ ਹੋਰ ਵੀ ਹੋਰ ਚਰਚਾ ਫੈਲਾ ਦਿੱਤੀ, ਲਗਾਤਾਂ ਵਿੱਚ ਵਾਹਲੂ ਛੋਸ ਵੱਜ ਪਏ, ਹੱਥੇ ਮਿਲਣ ਲੱਗੇ, ਅਓ ਭਾਈ ਪਜਾਓ! ਵੈਰੀਆਂ ਤਾਂ ਵੈਰ ਲਈਏ, ਕਈ ਸਵਾਰ ਕਈ ਪਜਾਏ ਸੋਲੇ ਤਲਵਾਰਾਂ ਬਲਛੀਆਂ ਬੰਦੂਕਾਂ ਲੈਕੇ ਢਾਣਾਂ ਦੇ ਢਾਣ ਵਾਹਵੂ ਚੋਲ ਵਜਾਉਂਦੇ ਸ਼ਬਦ ਗਾਉਂਦੇ ਆਉਂਦੇ।

ਏਸੇ ਭਾਂਤ ਬੜੇ ਉਤਸ਼ਾਹ ਨਾਲ ਤਿੰਨ ਚਾਰ ਹਜਾਰ ਪੱਕਾ ਬੰਨ ਬੱਠਾ ਹੋ ਗਿਆ, ਬਾਬੇ ਬੰਦੇ ਨੂੰ ਤੇ ਸਿੰਘਾਂ ਨੂੰ ਦੇਖ ਦੇਖ ਮਝੈਲਾਂ ਛੈਲਾਂ ਦੇ ਬੀਰ ਰਸ ਨਾਲ ਬਦਨ ਭਰੇ ਗਏ, ਜੰਗ ਦੇ ਸਜਨ ਵੈਰੀਆਂ ਨੂੰ ਕਦਨ ਕਰਨ ਵਾਲੇ ਤਿਆਰ ਹੋ ਬਲੇਤੇ, ਹੁਣ ਰਿਆੜਕੀ ਦਾ ਪਰਗਣਾਂ ਸੋਧਣ ਲਈ ਅਰਦਾਸੇ ਸੋਧ ੨ ਚੜ੍ਹ ਬੈਠੇ॥

ਲਾਹੌਰ ਦੇ ਗਿਰਦੇ ਤੇ ਪਠਾਣ ਕੋਟ ਦੀ ਲੁਟ

ਸਿੰਘਾਂ ਤੇ ਬੰਦੇ ਦਾ ਡਰ ਹਾਕਮਾਂ ਦੇ ਮਨ ਵਿਚ ਡੀਰ ਕਾਉਂ ਵਾਲਾ ਪੈਹਲੇ ਹੀ ਵਸ ਰਿਹਾ ਸੀ, ਹੁਣ ਪਰਜਾ ਨਾਲ ਸੁਲਾਹ ਥੀ ਘੜੇ ਵੱਟੇ ਵਾਲੀ ਸਮਝ ਕੇ ਮੁਸਲਮਾਨ ਹਾਕਮ ਤਾਂ ਕੋਈ ਥੀਮਾਰ ਕੋਈ ਲਹਾਰ ਪੁਕਾਰ ੨ ਟਾਲੇ ਕਰ ਪੈਂਦੇ। ਜਦ ਕੋਈ ਫੌਜਦਾਰ ਅਕਾਲੀ ਦਲ ਦੇ ਟਾਕਰੇ ਲਈ ਨਾ ਅਪੜਿਆ, ਏਹ ਲੁਟ ਮਾਰ ਗੁਜਾਰਦੇ ਹੋਏ ਕਾਨੂਆਂਣ ਤਕ ਚਲੇ ਗਏ। ਛਾਵੇਂ ਹੋਰ ਪੰਦ੍ਰਾਂ ਹਜਾਰ ਸਿੰਘ ਤਾਂ ਪਿਛੇ ਹੀ ਰਹਿਗਏ, ਪਰ ਸਠਾਲੇ ਬੁਰਜ ਵਾਲੇ ਜਿਮੀਂਦਾਰਾਂ ਦੇ ਵਲੋਂ ਜਥੇ ਅਗੇ ਹੀ ਵਧਦੇ ਗਏ, ਫੌਰਨ ਪਠਾਣਕੋਟ ਨਾ ਆਖਿਆ, ਪਿਛੇ ਮੁੜਨ ਵਾਲਿਆਂ ਨੇ ਲਾਹੌਰ

Sri Satguru Jagjit Singh Ji eLibrary NamdhariElibrary@gmail.com

ਦੇ ਗਿਰਦੇ ਜੋ ਭਰਲੀ ਦਾ ਪਰਤਾਪ ਮਸ਼ਹੂਰ ਹੈ, ਮਾਰ ਮਾਰਕੇ ਥੋਥਾ ਕਰ ਦਿਤਾ, ਸਿਰ ਕੱਢਵੇਂ ਆਦਮੀ ਬਹੁਤ ਮਾਰੇ ਗਏ, ਪਰ ਅਸ਼ਰੇ ਅਸਲਮ ਖਾਂ ਸੂਬੇ ਦੇ ਜਿਸਨੇ ਏਸ ਸਿੰਘਣੀ ਦਲ ਵੰਨੀ ਤੱਕਿਆ ਥੀ ਨਾ, ਸਿੰਘਾਂ ਨੇ ਲਾਹੌਰ ਦੇ ਦਿਰਦੇ ਗਿਰਦੇ ਸਥ ਪਿੰਡ ਦਰੜ ਸੁਟੇ, ਇਕ ਦਿਨ ਸ਼ਾਲਾਮਾਰ ਪਾਸ ਜਾ ਉਤਰੇ, ਪਰ ਓਨ ਅੱਖ ਨਾ ਚੁਕੀ। ਭਾਵੇਂ ਬੇਸ਼ੁਮਾਰ ਗਾਜ਼ੀ ਆਉਂਦੇ ਜਾਂਨ ਗਵਾਉਂਦੇ ਰਹੇ, ਜਿਨਾਂ ਨੂੰ ਏਤਨਾਂ ਹੀ ਭਰੋਸਾ ਸੀ ਕਿ ਕਾਫਰਾਂ ਨਾਲ ਲੜਕੇ ਮਰਨਾ ਹੀ ਬਹਿਸ਼ਤ ਵਿਚ ਲੈ ਜਾਂਦਾ ਹੈ, ਸਿੰਘਾਂ ਨੇ ਭਰਲੀ ਨੂੰ ਹੀ ਸੋਧਕੇ ਚੈਨ ਨਹੀਂ ਕੀਤਾ, ਸਗੋਂ ਵਕਤ ਬੇਵਕਤ ਕਈ ਵਾਰੀ ਵਾਹੁਤਕਾ ਤਕਾ ਲਾਹੌਰ ਦੇ ਬਜ਼ਾਰਾਂ ਨੂੰ ਭੀ ਮਾਰੋ ਮਾਰ ਦਾ ਹੱਥ ਕਰ ਜਾਂਦੇ ਰਹੇ, ਪਰ ਮੁਕਾਬਲੇ ਪਰ ਕੋਈ ਨਹੀਂ ਸੀ ਕਢੇ ਆਯਾ ॥

ਬਹਾਦੁਰ ਸ਼ਾਹ ਦੇ ਮਰਿਆਂ ਜਹਾਂਦਾਰ ਸ਼ਾਹ ਤਖਤ ਤੇ ਬੈਠਾ ਤੇ ਉਸਦਾ ਜ਼ਿਕਰ

ਹੁਣ ਜਦ ਸੰਃ ੧੭੬੯ ਵਿਃ ਨੂੰ ਬਹਾਦੁਰ ਸ਼ਾਹ ਬਾਦਸ਼ਾਹ ਦੇ ਮਰੇ ਤੋਂ ਉਸਦਾ ਵਡਾ ਪੁਤ੍ਰ ਜਹਾਂਦਾਰਸ਼ਾਹ ਤਖਤ ਪਰ ਬੈਠਾ ਏਹ ਬਹੁਤ ਨਰਮ ਦਿਲ ਚਾਉ ਤਮਾਸ਼ੇ ਰਾਗ ਰੰਗ ਦਾ ਪਿਆਰਾ ਸੀ, ਏਸਨੇ ਅਸਲਮਖਾਂ ਦੀ ਸੁਸਤੀ ਤੇ ਪਰਜਾ ਦੀ ਬਰਬਾਦੀ, ਸਿੰਘਾਂ ਦੀ ਤੇਜੀ ਸੁਣਕੇ ਲਾਹੌਰ ਵੰਨੀ ਕੂਚ ਕਰ ਦਿਤਾ। ਏਸਦੀ ਧਾਂਕ ਨਾਲ ਮੁਸਲਮਾਨ ਬਰਖਾ ਕਾਲ ਦੇ ਡਡੂਆਂ ਵਾਂਙੂ ਇਕੋ ਵਾਰੀ ਗਾਜ ਉਠੇ, ਸਿੰਘ ਲੁਟ ਮਾਰ ਛਡ ਕੇ ਨਿਕੇ ੨ ਜਥੇ ਬਣਾਕੇ ਜੰਗਲਾਂ ਪਹਾੜਾਂ

Sri Satguru Jagjit Singh Ji eLibrary NamdhariElibrary@gmail.com

ਵਿਚ ਜਾ ਧਸੇ, ਬੰਦਾ ਮੰਡੀ ਵੰਨੀ ਜਾ ਰਿਹਾ। ਲੋਗਾਂ ਨੇ ਜ਼ਾਂਦਾਰ ਪਾਸ ਸਿੰਘਾਂ ਦੀਆਂ ਜ਼ੁਲਮੀਆਂ ਜਬਰੀਆਂ ਬਹੁਤ ਸੁਣਾਈਆਂ, ਪਰ ਓਸ ਮੋਮਨ ਮਹਾਤਮਾ ਨੇ ਏਹੋ ਸੁਖਨ ਰਖਜਾ ਕਿ ਮੈਂ ਦੇਖਾਂਗਾ ਸਿੰਘਾਂ ਦੇ ਜ਼ੁਲਮ ਤਾਂ ਹੁਕਮ ਸਜਾ ਦਾ ਦੇਵਾਂਗਾ ॥ ਇਕ ਮਹੀਨਾ ਬੀ ਪੂਰਾ ਨਾ ਹੋਯਾ ਸੀ ਏਸ ਦੇ ਭੁਤੀਜੇ ਫਰੁਖ਼ਸੀਯਰ ਬੰਗਾਲੇ ਦੇ ਸੂਬੇ ਵਲੋਂ ਭੈੜੀਆਂ ਖਬਰਾਂ ਆਉਣ ਲਗੀਆਂ,ਜਿਸ ਕਰਕੇ ਏਹ ਦਿਲੀ ਵੰਨੀ ਮੁੜ ਗਿਆ। ਏਸਦੀ ਕਚੈਹਰੀ ਵਿਚ ਜਿਤਨੀ ਕਦਰ ਇਜਤ ਗਾਉਣ ਗਾਉਣ ਨਚਨ ਵਾਲਿਆਂ ਦੀ ਸੀ ਓਤਨੀ ਕਿਸੇ ਬਹਾਦੁਰ ਗੁਣੀ ਪੁਰਖ ਦੀ ਨਹੀਂ ਸੀ, ਡੂੰਮ ਮਿਰਾਸੀ ਤੁਛ ਬੁਧੀ ਏਸਦੀ ਕਚੈਹਰੀ ਦੇ ਐਸੇ ਸਾਮ੍ਹਥ ਮਲ ਸਨ ਜੋ ਚਾਹੁੰਦੇ ਸੋਈ ਹੁੰਦਾ, ਸਾਰੇ ਅਮੀਰ ਉਮਰਾ ਓਨਾਂ ਦੀ ਖੁਸ਼ਾਮਦ ਰਖਦੇ ਸਨ ਕਿ ਕੁਛ ਸਿਖਾਕੇ ਇਜਤ ਨਾ ਬਿਗੜਾ ਦੇਨ, ਗਵੱਈਏ ਕੰਚਨੀਆਂ ਬੰਚਨੀਆਂ ਤਾਂ ਕੁਲ ਕੁਲਾਂ ਮਾਲਕ ਸਨ, ਜਦ ਏਹੋ ਜੇਹੇ ਕਮੀਨੇ ਲੋਗਾਂ ਦੀ ਕਮਾਣ ਚੜ੍ਹ ਜਾਏ ਤਾਂ ਉਤ੍ਰਨੀ ਔਖੀ ਹੈ, ਕਿਉਂਕਿ ਜਿਨਾਂ ਨੇ ਹਰ ਤਰਾਂ ਦੀ ਗੁਲਾਮੀ ਤੇ ਸਲਾਮੀ ਹੱਸੀ ਖੁਸ਼ੀ ਨਾਲ ਮਾਲਕ ਨੂੰ ਹਸਾਉਂਦੇ ਖਿੜਾਉਂਦੇ ਰਹਿਣਾਂ। ਬਾਦਸ਼ਾਹਾਂ ਰਾਜਾਂ ਪਾਸ ਤਾਂ ਵੱਡੀ ੨ ਉਮਰ ਦੇ ਤਜਰਬੇ ਕਾਰ ਪੁਸ਼ਤਾਂ ਦੇ ਰੱਜੇ ਹੋਏ ਓਹ ਪੁਰਖ ਚਾਹੀਦੇ ਹਨ ਜੋ ਬਿਨਾਂ ਮਤਲਬ ਇਕ ਹਰਫ ਭੀ ਮੂੰਹੋਂ ਨਾ ਕਢਣ ਤੇ ਬਿਨਾਂ ਕਾਰਨ ਕੋਈ ਜਰਾ ਭਰ ਹਰਕਤ ਨਾ ਕਰਨ, ਕੋਝਲ ਕੰਮਦਾ ਧਜਾ ਨ ਯਾ ਮਾਲਕ ਦੀ ਕਲਜਾਨ ਦੀ ਸੋਚ ਵੀਚਾਰ ਕਰਦੇ ਰਹਿਨ, ਅਤੇ ਪਰਜਾ ਦੇ ਸੁਖਦਾਈ ਰਾਜਾ ਦੇ ਤੇ ਰਜਾਸਤ ਦੀ ਉਨਤੀ ਦੇ ਕਾਰਨ ਸੋਚ ਕਰ ਰਾਜਾ ਨੂੰ

Sri Satguru Jagjit Singh Ji eLibrary NamdhariElibrary@gmail.com

ਮੌਕੇ ਮੌਕੇ ਪਰ ਮਸ਼ਾਲਾਂ ਦੇ ਦੇ ਕੇ ਜਿਤਲਾਉਂਦੇ ਰਹਿਨ, ਜੈਸੀ ਸੰਗਤ ਤੈਸਾ ਫਲ ਭੋਗਣਾਂ ਪੈਂਦਾ ਹੈ। ਝੂੰਮਾ ਡਹਾਲਾਂ ਕੰਜਰੀਆਂ ਫੰਜਰੀਆਂ ਦਾ ਝੰਬੇਲਾ ਹਰ ਵੇਲੇ ਜਹਾਂਦਾਰ ਸ਼ਾਹ ਪਾਸ ਰਹਿੰਦਾ ਦੇਖਕੇ ਅੰਮੀਰਾਂ ਨੇ ਦੁਖੀ ਹੋਕੇ ਫਰੁਖਸ਼ੀਅਰ ਨੂੰ ਬੁਲਾ ਲੀਤਾ। ਇਕ ਤਾਂ ਉਸਦੇ ਆਉਂਣੇ ਨੇ ਹਲ ਚਲੀ ਪਾ ਦਿੱਤੀ, ਦੂਜੇ ਸੰਃ ੧੭੭੧ ਵਿਃ ਨੂੰ ਐਸਾ ਦੁਰਭਿਖ ਭਾਰੀ ਪਿਆ ਤਿੰਨ ਸੇਰ ਕੱਚਾ ਆਟਾ ਰੁਪਯੇ ਦਾ ਹੋਗਿਆ, ਬੇਅੰਤ ਖਲਕਤ ਭੁੱਖੀ ਮਰ ਗਈ, ਫਰੁਖਸ਼ੀਅਰ ਨੇ ਬਾਰੇ ਦੇ ਸਯਦਾਂ ਦੀ ਸਹਾਇਤਾ ਨਾਲ ਦਿੱਲੀ ਦਾ ਤਖਤ ਲੈ ਲੀਤਾ। ਭਾਵੇਂ ਏਹ ਖਰਾਬੀ ਜਾਲਮ ਜਹਿਰੀ ਸੀ, ਪਰ ਨਰ ਹਾਕਮ ਹੋਣੇ ਕਰ ਇੰਤਜ਼ਾਮ ਸ਼ਾਹੀ ਦਾ ਚੰਗਾ ਕਰ ਲੀਤਾ ॥

ਪੰਜਾਬ ਦਾ ਹਾਲ ਸੁਣਕੇ ਲਾਹੌਰ ਦੇ ਸੂਬੇ ਜਬਰਦਸਤਖਾਂ ਨੂੰ ਬਦਲਕੇ ਅਬਦੁਲ ਸਮੁੰਦ ਖਾਂ ਦਲੇਰ ਜੰਗ ਨੂੰ ਲਾਹੌਰ ਦਾ ਸੂਬਾ ਕਰ ਦਿੱਤਾ ਜਦ ਦੁਆਬੇ ਵਿੱਚ ਆਯਾ ਤਾਂ ਪਤਾ ਲੱਗਾ ਕਿ ਝੀਮੇਖਾਂ ਮੰਜ ਰਾਜਪੂਤ ਅੱਗੇ ਰਾਹ ਰੋਕੀ ਬੈਠਾ ਹੈ, ਸੁਣ ਕੇ ਏਸਦੀ ਤਾਂ ਜੰਗ ਦਲੇਰੀ ਭੰਗੇਰੀ ਗਈ ਡੇਰਾ ਲਾ ਬੈਠਾ। ਏਹ ਬਾਤ ਸੁਣਕੇ ਕਸੂਰ ਦੇ ਨੁਵਾਬ ਸਾਦਾਦ ਖਾਂ ਨੇ ਆਪਣੇ ਬਹੁਤ ਆਦਮੀ ਲਿਆਕੇ ਉਸਨੂੰ ਲਾਹੌਰ ਵਾੜਿਆ, ਏਸ ਬਦਲੇ ਸਾਦਾਦ ਖਾਂ ਨੂੰ ਸ਼ੇਖੂਪੁਰੇ ਦੀ ਫੌਜਦਾਰੀ ਮਿਲ ਗਈ।

ਬੰਦੇਨੇ ਕਲਾਨੌਰਤੇ ਵਟਾਲੇਦਾ ਇਲਾਕਾ ਲੁਟਨਾ

ਜਬਰ ਦਸਤਖਾਂ ਸੂਬੇ ਲਾਹੌਰ ਦੇ ਵੇਲੇ ਭੀ ਬੰਦਾ ਨਿਚੱਲਾ ਨਿਕੰਮਾ ਨਹੀਂ ਬੈਠਾ, ਪਹਾੜਾਂ ਵਿੱਚ ਆਪਣੇ ਪੁਤ੍ਰ

Sri Satguru Jagjit Singh Ji eLibrary NamdhariElibrary@gmail.com

ਇਸਨੂੰ ਪਾਸ ਰਹਿਕੇ ਸਾਲ ਭਰ ਤਾਂ ਲਾਲ ਪਿਆ ਰਿਹਾ, ਸਿੰਘ ਕੀ ਚੁਪਕੇ ਬੈਠੇ ਰਹੇ ਤੇ ਬੰਦਾ ਸਿੰਘਾਂ ਸਮੇਤ ਪਹਾੜਾਂ ਵਿਚੋਂ ਨਿਕਲ ਕੇ ਲੁਟ ਖਸੋਟ ਕਰ ਜਾਂਦਾ ਤੇ ਕੁਛ ਪਹਾੜੀ ਰਾਜਿਆਂ ਤੋਂ ਮਾਮਲਾ ਲੈਕੇ ਛੱਕਦਾ ਰਿਹਾ ।

ਏਧਰ ਰਾਜ ਦੌਲੇ ਦੇ ਸਬੱਬ ਦੂਏ ਲਾਹੌਰੀ ਜਬਰਦਸਤ ਖਾਂ ਨੇ, ਔਰ ਫੇਰ ਜੰਗ ਦਲੇਰ ਨੇ ਥੀ ਕੁਛ ਤਰੱਦਦ ਨਾ ਕੀਤਾ, ਹੁਣ ਸਿੰਘਾਂ ਦੇ ਸਨੇਹ ਪ੍ਰੇਮ ਪੱਤ੍ਰ ਜਦ ਬੰਦੇ ਪਾਸ ਪਹੁੰਚੇ ਤਾਂ ਸੰਃ੧੭੭੦ ਬਿਃ ਨੂੰ ਬੰਦੇ ਨੇ ਪਹਾੜਾਂ ਵਿੱਚੋਂ ਉਤਰ ਕੇ ਸਿੰਘ ਬੁਲਾ ਲੀਤੇ,ਰਾਤ ਬਿਲਾਤੇ ਮਾਧੋ ਪੁਰ ਦੀਆਂ ਟਿਬੀਆਂ ਵਿੱਚ ਬੰਦੇ ਪਾਸ ਜਾ ਬੱਠ ਹੋਯਾ, ਹੱਲਾ ਕਰਕੇ ਕਲਾਨੌਰ ਤੇ ਵਟਾਲੇ ਦੇ ਪਰਗਣੇ ਨੂੰ ਖੂਬ ਸੋਧਿਆ ।

ਸ਼ਾਹੀ ਫੌਜ ਦੀ ਚੜ੍ਹਾਈ

ਏਹ ਹਾਲ ਸੁਣਕੇ ਫਰੁਖਸ਼ੀਅਰ ਨੇ ਤਖਤ ਬੈਠਦੇ ਹੀ ਜੰਗ ਦਲੇਰ ਦੇ ਸਾਥ ਮਹੰਮਦ ਅਮੀਨ ਖਾਂ ਨੂੰ ਭੇਜਕੇ ਹੁਕਮ ਦਿੱਤਾ—ਓਨਾਂ ਲੁਟੇਰਿਆਂ ਨੂੰ ਫੜਕੇ ਮੇਰੇ ਪਾਸ ਲੈ ਆਓ,ਜਿਸ ਵੇਲੇ ਸ਼ਾਹੀ ਸੈਨਾ ਰਿਆੜਕੀ ਵਿੱਚਪੁੱਜੀ ਕਲਾਨੌਰ ਤੇ ਵਟਾਲੇ ਦੇ ਫੌਜਦਾਰ ਅਗੋਂ ਆ ਮਿਲੇ, ਕਿਉਂਕਿ ਇਨਾਂ ਨੂੰ ਬੰਦੇ ਨੇ ਬੜੀ ਭਾਰੀ ਬਿਪਤਾ ਪਾ ਛੱਖੀ ਸੀ, ਓਹ ਡਰਦੇ ਬੰਦੇ ਦੇ ਸਾਮਣੇ ਹੁੰਦੇ ਨਹੀਂ ਸੀ,ਦਿਲੋਂ ਝੁਰਦੇ ਕੁੜਦੇ ਖੁਸਦਾ ਕੁਛ ਨਾ, ਏਸ ਕਰਕੇ ਸ਼ਾਹੀ ਸੈਨਾ ਦੇ ਆਇਆ ਤੇ ਓਨਾਂ ਨੂੰ ਸੀਲ੍ਹਾ ਸ਼ਾਹ ਆਇਆ, ਸੈਨਾਂ ਦੇ ਆਗੂ ਹੋਰੇ ਲੈ ਆਏ ॥

ਏਧਰ ਬੰਦਾ ਥੀ ਕੋਹੜਾ ਦੁਧ ਦੇ ਦੰਦ ਲਹੀ ਬੈਠਾ ਸੀ, ਜੋ ਉਠ ਜਾਵੇ, ਅਪਣੇ ਪਾਸ ਥੋੜੇ ਸਿੰਘ ਦੇਖਕੇ ਮੁੜ ਪਹਾੜਾਂ

Sri Satguru Jagjit Singh Ji eLibrary NamdhariElibrary@gmail.com

ਫਿਰ ਜਾ ਧਸਿਆ, ਸ਼ਾਹੀ ਅਫਸਰਾਂ ਨੇ ਬਤੇਰੀ ਭਾਲ ਟੋਲ ਕੀਤੀ, ਪਰ ਏਸਦੀ ਕੋਈ ਉਘ ਸੁਘ ਨਾ ਨਿਕਲੀ, ਸੈਨਾ ਥੀ ਬੰਦੇ ਤੋਂ ਡਰਦੀ ਅਗੇ ਨਾ ਵਧੀ, ਬਲਕਿ ਰਸਤੇ ਭੇਤੀ ਸਿੰਘ ਵੇਲੇਕੁਵੇਲੇ ਕਿਸੇ ਨਾ ਕਿਸੇ ਖੱਡ ਵਿੱਚੋਂ ਨਿਕਲ ਕੇ "ਆਯਾ ਬੰਦਾ ਆਯਾਈ ਦਾ" ਪੁਕਾਰਦੇ ਹੋਏ ਸੈਨਾ ਉਤੇ ਆ ਪੈਂਦੇ ਰਹੇ, ਸ਼ਾਹੀ ਲਸ਼ਕਰ ਨੂੰ ਬੰਦੇ ਦਾ ਨਾਮ ਹੀ ਹਰਜਲੀ ਪਾ ਦਿੰਦਾ ਸੀ; ਸਿੰਘ ਥੀ ਪੰਜ ਸਤ ਨੂੰ ਝਟਕਾਕੇ ਹਥਯਾਰ ਘੋੜਾ ਖਰਚ ਜੋ ਹੱਥ ਲਗਦਾ ਲੈਕੇ ਕਿਧਰੇ ਲੁਕ ਛਿਪ ਜਾਂਦੇ, ਸ਼ਾਹੀ ਸੈਨਾ ਵੀਹ ਬਾਈ ਦਿਨ ਕੰਕਰੀਆਂ ਜਾਹੁੰਦੀ ਹੋਈ ਟੱਕਰਾਂ ਮਾਰ ਮਾਰ ਹਾਰਕੇ ਪਿਛੇ ਮੁੜ ਆਈ ॥

ਮਹੰਮਦ ਅਮੀਨ ਖਾਂ ਤਾਂ ਝੁਰ ਝੁਰਕੇ ਅੱਕਕੇ ਦਿੱਲੀ ਨੂੰ ਮੁੜ ਗਿਆ, ਜੰਗ ਦਲੇਰ ਛੇਰ ਲਾਹੌਰ ਜਾ ਬੈਠਾ, ਬੰਦੇ ਤੋਂ ਬਚਕੇ ਆਉਣ ਦੀ ਝੜੀ ਭਾਰੀ ਖੁਸ਼ੀ ਮਨਾਈ, ਪੀਰਾਂ ਦੀਆਂ ਮੰਨਤਾਂ ਨਿਆਜਾਂ ਦਿਤੀਆਂ, ਪਰ ਏਹ ਬਾਤ ਜਰਾ ਨਾ ਜਾਣੀ ਕਿ ਸਾਡਾ ਵੈਰੀ ਆਸ ਪਾਸ ਹੀ ਫਿਰ ਰਿਹਾ ਹੈ।

ਕਲਾਨੌਰ ਮਾਰਨਾ

ਅਜੇ ਮਹੀਨੇ ਹੀ ਗੁਜਰੇ ਸਨ, ਜੋ ਬੰਦਾ ਫੇਰ ਦੜਕ ਉਠਿਆ, ਸ਼ਾਹੀ ਆਦਮੀ ਜੋ ਕੰਢੀ ਵਿਚ ਰੈਂਗਦੇ ਸੇ, ਉਨਾਂ ਨੇ ਟਾਕਰਾ ਤਾਂ ਕੀਤਾ, ਪਰ ਗੜ੍ਹੀਆਂ ਛਡ ੨ ਕੇ ਭੱਜਣਾ ਪਿਆ, ਬੰਦਾ ਸਿੰਘਾਂ ਸਮੇਤ ਅਗੇ ਵਧਦਾ ਆਇਆ, ਪੈਹਲੇ ਅਲਾਕੇ ਕਲਾਨੌਰ ਨੂੰ ਚੰਗੀ ਤਰਾਂ ਸੋਧਿਆ।

ਏਹ ਸ਼ਹਿਰ ਪੱਕਾ ਅਤੇ ਸੁੰਦਰ ਕਤਾ ਸਿਰ ਕਸੀ ਨਦੀ ਕੰਢੇ ਵਸਿਆ ਹੋਇਆ ਬੜਾ ਦੌਲਤ ਵਾਲਾ ਉਘਾ ਸੀ, ਬਲਕਿ

Sri Satguru Jagjit Singh Ji eLibrary NamdhariElibrary@gmail.com

ਜਿਸ ਦਿਨ ਤੋਂ ਅਖ਼ਬਰ ਏਥੇ ਤਖਤ ਪਰ ਬੈਠਾ ਸੀ ਓਸਨੇ ਬਹੁਤ ਰੌਣਕ ਕਰ ਦਿੱਤੀ ਸੀ, ਨਾਲੇ ਏਸ ਇਲਾਕੇ ਜੈਸਾ ਧਨ ਉਪਜਾਊ ਹੋਰ ਕੋਈ ਪਰਗਨਾ ਨਹੀਂ ਸੀ,ਓਦੋਂ ਏਥੇਂ ਦੇ ਕਿਲੇ ਵਿਚ ਸ਼ਰਾਬ ਖਾਂ ਫੌਜਦਾਰ ਤੇ ਸੰਤੋਖ ਰਾਇ ਪਰੀ ਖੱਤਰੀ ਕਾਨੂਗੋ ਜੋ ਮਸ਼ਹੂਰ ਸੂਰਬੀਰ ਸੇ, ਬੰਦੇ ਤੋਂ ਡਰਦੇ ਪੈਹਲੇ ਤਾਂ ਘਰ ਦੇ ਕੋਣੇ ਵਿਚ ਲੁਕੇ ਰਹੇ, ਜਦ ਮਾਰੋ ਮਾਰ ਦੀ ਪੁਕਾਰ ਸੂਬੇ ਤਕ ਪੁਜ ਪਈ ਤਾਂ ਏਨਾਂ ਨੇ ਬੀ ਪਿੰਡਾਂ ਦੇ ਚੌਧਰੀਆਂ ਤੋਂ ਛੇੜਾਂ ਮੰਗਾ ੨ ਬੜਾ ਭਾਰਾ ਕੱਠ ਕਰਕੇ ਮੁਕਾਬਲਾ ਤਾਂ ਸਿੰਘਾਂ ਦਾ ਕੀਤਾ, ਪਰ ਏਸ ਮਾਂਗਵੀ ਧਾੜ ਸੁਖੀਆ ਰੈਂਹਣ ਵਾਲੀ ਨੇ ਜੰਗ ਜਲ ਦੇ ਮੱਛ ਸਿੰਘਾਂ ਦੀ ਤਲਵਾਰ ਕਿਥੋਂ ਝਲਣੀ ਸੀ?ਪੈਹਲੇਦੀ ਅੰਧੇਰੀ ਅਗੇ ਪਰਾਂ ਵਾਂਗ ਉਡਦੇ ਹੋਏ ਸਾਥ ਹੀ ਫੌਜਦਾਰ ਤੇ ਕਾਨੂਗੋਆਂ ਨੂੰ ਲੈ ਗਏ, ਪਰਗਨਾ ਸ਼ੈਹਰ ਸਮੇਤ ਬੰਦੇ ਨੇ ਮਲਕੇ ਸਿੰਘਾਂ ਨੂੰ ਸੌਂਪ ਦਿੱਤਾ ॥

ਵਟਾਲਾ ਮਾਰਨਾ

ਹੁਣ ਵਟਾਲੇ ਦੀ ਵਾਰੀ ਆਈ, ਏਹ ਕਸਬਾ ਰਾਮ ਦੇਵ ਭੱਟੀ ਰਾਜਪੂਤਾਂਨੇ ਅਠਸੌ ਚੌਹਟ ਹਿਜਰੀ ਨੂੰ ਵਸਾਯਾ ਸੀ, ਫੇਰ ਓਸਨੂੰ ਅਬਦੁਲ ਜਲੀਲ ਕੁਰੇਸੀ ਪੀਰਨੇ ਮੁਸਲਮਾਨ ਬਨਾਕੇ ਭਾਤਾ ਓਥਾਂ ਸੂਬੇ ਪੰਜਾਬ ਤੋਂ ਪਰਗਣੇ ਸਮੇਤ ਨੌਲਖ ਟਕੇ ਪਰ ਹਮੇਸ਼ ਵਾਸਤੇ ਅਜ਼ਾਰੇ ਲੈ ਦਿੱਤਾ, ਏਸ ਕਰਕੇ ਏਥੇ ਓਸੇ ਦੀ ਔਲਾਦ ਸਰਦਾਰ ਬਨੀ ਰਹੀ। ਜ਼ੁਲਮ ਦਾ ਇਥੇ ਭੀ ਹੁਣ ਭਰ ਜੋਬਨ ਸੀ, ਬੰਦੇ ਨੇ ਲਸ਼ਤ ਆ ਲੀਤੀ, ਪੈਹਲਾਂ ਹਵੇਰੀ ਦਰਵਾਜੇ ਵੜਕੇ ਸਿੰਘਾਂਨੇ ਸੱਯਦਾਂ ਤੇ ਕਾਜ਼ੀਆਂ ਨੂੰ ਜੋ ਜ਼ੁਲਮ ਕਰਨ ਦੀ ਮਸਤੀ ਵਿੱਚ ਮੱਤੇ ਹੋਏ ਸਨ

Sri Satguru Jagjit Singh Ji eLibrary NamdhariElibrary@gmail.com

ਖੂਬ ਸੋਧਿਆ ਜੋ ਸਾਹਮਣੇ ਆਇਆ ਮਾਰਿਆ ਗਿਆ ਬਾਕੀ ਭਜ ਗਏ । ਸ਼ੇਖੁਲਹਿੰਦੁ* ਪੀਰ ਬਹੁਤ ਸਾਰੇ ਮੁਰੀਦ ਕਠੇ ਕਰਕੇ ਹੀ ਦਰਵਾਜੇ ਤੋਂ ਬਾਹਰ ਜਾ ਖੜਾ ਹੋਇਆ, ਫੌਜਦਾਰ ਸ਼ੇਖਮੁਹੰਮਦ ਥੀ ਆਪਣੀ ਤੇ ਸ਼ੈਹਰੀ ਖਲਕਤ ਨੂੰ ਕੱਠੀ ਕਰਕੇ ਪੀਰ ਨਾਲ ਆ ਮਿਲਜਾ, ਜਦ ਬੰਦਾ ਸਿੰਘਾਂ ਦੀ ਫੌਜ ਲੈ ਸ਼ੈਹਰ ਦੇ ਪਾਸ ਪੁੱਜਾ ਤੇ ਸਿੰਘਾਂ ਦਾ ਦੱਲਾ ਕਰਾਯਾ ਤਾਂ ਓਨਾਂ ਅਗੋਂ ਬਾੜ ਡਾਹਕੇ ਝਾੜੀ ਪਰ ਦੂਜੀ ਵਾਰੀ ਕੱਸਣੀ ਨਾ ਪਾਈ ਸਿੰਘ ਤੇਗੇ ਧੂਹ ਕੇ ਗਲ ਜਾ ਪਏ। ਸ਼ੈਖੁਲਹਿੰਦ ਪੀਰ ਮਾਰਿਆ ਗਿਆ, ਫੌਜਦਾਰ ਸ਼ੇਖ ਮਹੰਮਦ ਨੱਠ ਕੇ ਭਰੋਵਾਲ ਆਪਨੇ ਪਿੰਡ ਜਾ ਵੜਿਆ, ਟੱਬਰ ਟੋਰ ਤਾਂ ਉਸਨੇ ਪਹਿਲੇ ਹੀ ਤੋਰ ਰਖਯਾ ਸੀ, ਪੀਰਮਹੰਮਦ ਫਾਜਲ ਗੱਦੀ ਨਸ਼ੀਨ ਬਥੇਰੀ ਹੱਲਾ ਸ਼ੇਰੀ ਦੇਕੇ ਲੋਕਾਂ ਨੂੰ ਕਹਿੰਦਾ ਰਿਹਾ ਕਿ ਮੈਂ ਹੁਣੇ ਬੰਦੇ ਨੂੰ ਅਜਮਤ ਨਾਲ ਮਾਰ ਦਿੰਦਾ ਹਾਂ, ਪਰ ਜਰਾਕੁ ਠਹਿਰੋ, ਭਲਾ ਕੌਣ ਖੜੋਵੇ ? ਦੁੰਮ ਹਲਾ ਕੇ ਸਭ ਨੱਠ ਤੁਰੇ,ਓੜਕ ਮਹੰਮਦ ਫਾਜਲ ਪੀਰ ਥੀ ਛੀੜ ਦੀ ਬਲੀ ਨੂੰ ਦੇਖਕੇ, ਅਪਣੇ ਸਾਥੀ ਫਕੀਰਾਂ ਤੇ ਅੰਗ ਸਾਕ ਮੁਰੀਦਾਂ ਨੂੰ ਲੈਕੇ ਬਿਆਸ ਟਪ ਕੇ ਸੁਲਤਾਨ ਪੁਰ ਜਾ ਏਠਾ ॥

ਗਾਈਆਂ ਬਛਾਈਆਂ

ਏਥੇ ਹਾਥੀ ਦਰਵਾਜੇ ਤੇ ਅਚਲੀ ਦਰਵਾਜੇ ਦੇ ਵਿਚਕਾਰ ਇਕ ਬੜਾ ਭਾਰੀ ਬੁਚੜਖਾਨਾਂ ਸੀ, ਹਰ ਰੋਜ ਅਠ ੨ ਦਸ ੨ ਗਊਆਂ ਕਟੀਂ ਦੀਆਂ ਸਨ। ਏਹ ਹਾਲ ਸੁਣਦੇ

*ਇਸ ਨੇ ਕਈ ਹਜਾਰ ਹਿੰਦੂ ਮੁਸਲਮਾਨ ਬਣਾਕੇ ਆਪਣੇ ਮੁਰੀਦ ਬਣਾ ਰਖੇ ਸਨ ਸੱਚ ਹੈ (ਹਿੰਦੂ ਅੰਨਾਂ ਤੁਰਕੂ ਕਾਣਾ, ਦੋਹਾਂ ਤੇ ਗਿਆਨੀ ਸਿਆਣਾ) ਹੁਣ ਤੱਕ ਅਧੀ ਪੰਜਾਬ ਦੇ ਹਿੰਦੂ ਓਸਦਾ ਕਬਰ ਨੂੰ ਮੰਨਦੇ ਹਨ।

Sri Satguru Jagjit Singh Ji eLibrary NamdhariElibrary@gmail.com

ਸਾਰ ਸਿੰਘ ਜਾਕੱਟੇ ਇਕੋ ਵਾਰੀ ਲਸਾਈ ਮਰਾ ਛਡੇਗਾਈਆਂ ਜੋ ਮਾਰਣ ਲਈ ਇਕ ਕੱਠੇ ਵਿਚ ਹਥ ਛਡੀਆਂ ਸਨ ਸਭ ਹਿੰਦੂਆਂ ਨੂੰ ਸੰਪ ਦਿਤੀਆਂ । ਫਾਸੀ ਦੇ ਮਹੱਲੇ ਤੇ ਹਵੇਲੀਆਂ ਨੂੰ ਬਰਬਾਦ ਹੁੰਦਾ ਦੇਖ ਸਭ ਅਾਦਮੀ ਭੀਮੀਆਂ ਘਰ ਬਾਰ ਛਡਕੇ ਜਿਧਰ ਕਿਸੇ ਦਾ ਮੂੰਹ ਹੋਯਾ ਨਠ ਗਏ । ਏਹ ਹਾਲ ਦੇਖ ਸੁਣ ਕੇ ਮਝੈਲ ਜੱਟ ਦੁਹੇਰੇ ਦੇ ਪਿੰਡਾਂ ਵਾਲੇ ਜੋ ਤਕ ਹੀ ਰਹੇ ਸੇ, ਬੇਸ਼ੁਮਾਰ ਵਟਾਲੇ ਵਿਚ ਆ ਵੜੇ । ਭਾਵੇਂ ਲੁਟ ਅਸੈਟ ਕੋ ਵੈਰਾਨ ਤਾਂ ਓਹ ਕਰ ਗਏ, ਪਰ ਨਾਮ ਸਿੰਘਾਂ ਦਾ ਹੀ ਉਘਾ ਸੀ; ਜਿਕੂੰ ਹੁਣ ਮੇਰੇ ਸਾਹਮਨੇ ਸੰਃ ੧੯੫੧ ਬਿਃ ਤੋਂ ਲੈਕੇ ੧੯੬੨ ਤਕ ਮਾਲਵੇ ਮਾਝੇ ਵਿਚ ਤਿੰਨ ਚਾਰ ਸਥੇ ਡਾਕ੍ਹਆਂ ਦੇ ਬੜੇ ਜੋਰ ਸ਼ੋਰ ਨਾਲ ਲੁਟਦੇ ਰਹੇ, ਜਿਨਾਂ ਦੇ ਸਿਰੋਮਣੀ ਜਿਹੁਲਾ ਮੋੜ, ਕਟੌਜੂ ਥਮਣ ਸੰਤਾ, ਲੌਂਗੋਵਾਲੀਏ, ਬਿਸਨਾ ਗੁਜਰਾਂਵਾਲਾ, ਦੂਲੇ, ਕਲੀ ਪੁਰੀਆ ਸੁੰਦਰ ਸਿੰਘ ਜਗਦੇਵਾਂ ਵਾਲਾ ਆਦਿਕ ਐਸੇ ਦਬ ਦਬੇ ਵਾਲੇ ਮਸ਼ਹੂਰ ਹੋ ਰਹੇ ਸਨ, ਜਿਸ ਸੇਠ ਸ਼ਾਹੂਕਾਰ ਸੂਦਾਰ ਨੂੰ ਲੁਟਣਾ ਹੁੰਦਾ ਪੈਹਲੇ ਚਿੱਠੀ ਭੇਜਦੇ ਯਾ ਕਾਗਜ ਲਿਖਦੇ ਉਸਦੇ ਬੂਹੇ ਨਾਲ ਲਾ ਦਿੰਦੇ ਕਿ ਜਾਂ ਤਾਂ ਐਨਾ ਖਰਚ ਭੇਜ ਦੇ ਨਹੀਂ ਤਾਂ ਛਡਾਂਣੀ ਤਰੀਕ ਕੁਨੂੰ ਲੁਟਾਂਗੇ, ਤਕੜਾ ਹੋ ਲੈ। ਜੇੜਾ ਖਰਚ ਦੇਕੇ ਮਾਫੀ ਮੰਗ ਲੈਂਦਾ ਉਹੋ ਬਚਦਾ ਨੂਨਾ ਲੁਟਿਆ ਜਾਂਦਾ। ਐਸੇ ਝਾੜ ਸਿਵਾਇ ਏਥਨੇ ਕੁਾਵੇਂ ਹੋਰ ਹੋਰ ਬਹਾਦਰ ਭੀ ਆਪ ਨੂੰ ਜਿਹੁਲਾ, ਸੁੰਦਰ ਵਗੈਰੇ ਨਾਮ ਪ੍ਰਗਟ ਕਰਕੇ ਲੁਟ ਖਸੋਟ ਕਰ ਰਹੇ ਸੇ, ਪਰ ਨਾਮ ਓਹਾਂ ਦਾ ਹੀ ਮਸ਼ਹੂਰ ਸੀ, ਜਿਨਾਂ ਨੂੰ ਕਸਰੇ ਮਾਰਕੇ ਵਾਸਤੇ ਫੜਨੇ ਲਈ ਤੇ ਫਿਰ ਮਾਰਨ ਲਈ ਫਾਸੀ ਦੇਣੇ

Sri Satguru Jagjit Singh Ji eLibrary NamdhariElibrary@gmail.com

ਕੋਟ, ਕਪੂਰਥਲਾ, ਅੰਗ੍ਰੇਜੀ ਗਸ਼ਤੀ ਫੌਜ ਪੁਲਸ ਦੀ ਹਰ ਵੇਲੇ ਚਛੀ ਰਹਿੰਦੀ ਸੀ, ਬਲਕੇ ਬਾਰ ਬਟਨ ਸਾਹਿਬ ਬਹਾਦਰ ਜੈਸੇ ਜਨਰਲ ਪੁਲਸ ਜਿਨ੍ਹਾਂ ਨੇ ਅਨੇਕ ਜ਼ਿਲਿਆਂ ਦੇ ਇੰਟੇਬਸ਼ਤ ਕਰਕੇ ਆਪਣੀ ਧਾਂਕ ਪਾ ਰਖੀ ਸੀ, ਓਹ ਬੀ ਹਾਰਕੇ ਹਥਿਆਰ ਸਿੱਟ ਬੈਠੇ ਸੇ,ਕਿਉਂਕਿ ਓਹ ਸੂਰਬੀਰ ਡਾਢੂ ਬਹਾਦਰ ਜਾਨ ਤਲੀ ਪਰ ਧਰਕੇ ਜਦ ਹੱਲਾ ਕਰਦੇ ਸੇ ਓਨਾਂ ਤੀਹਾਂ ਤੀਹਾਂਸ਼ੇਰਾਂ ਅਗੇਪੰਜ ਪੰਜ ਸੌ ਜੁਆਨ ਜਾਨਬਚਾਉਨੇ ਵਾਲੇ ਕਾਲੇ ਬਾਨੇ ਵਾਲੇ ਸਿਪਾਹੀ ਭੇਡਾਂ ਵਾਂਙੂ ਅੱਗੇ ਭੱਜੇ ਜਾਂਦੇ ਅਸਾਂ ਦੇਖੇ ਹਨ। ਪੁਲਿਸ ਨੂੰ ਭਾਂਉਨ੍ਹਾਂ ਨੇਸਖਤ ਵਖਤ ਪਾ ਰਖਿਆ ਸੀ ਪੁਲੀਸ ਨੂੰ ਖੀਸ ਪਾ ਛੱਡਦੇ ਜੋ ਆਖਰ ਟਾਮਕਿਨ ਸਾਹਿਬ ਬਹਾਦਰ ਨੇਅਨੇਕ ਭਾਂਤ ਦੇ ਧੋਖੇ ਦੇਕੇ ਫੜ ਕਰ ਕਾਲੇ ਪਾਨੀਆਂ ਨੂੰ ਭੇਜ ਦਿੱਤੇ, ਏਹੋ ਹਾਲ ਸਿੰਘਾਂ ਦੇ ਲੁਟੇਰੇ ਜੱਥਿਆਂ ਵਕਤ ਸੀ, ਨਾਲੇ ਉਸ ਸਮੇਂ ਮੁਸਲਮਾਨਾਂ ਦੀ ਹਕੂਮਤ ਵਿੱਚ ਅੰਗ੍ਰੇਜੀ ਸ਼ਾਂਤ ਜੈਸਾ ਇੰਤਜਾਮ ਕਿੱਥੇ ਸੀ? ਤਦੋਂ ਤਾਂ ਹਰੇਕ ਪਿੰਡ ਪਚਗਣੇ ਵਿਚ ਤਲਵਾਰ ਚਲ ਰਹੀ ਸੀ, ਏਅੰਤ ਖੂਨ ਰੋਜ ਹੁੰਦੇ ਰਹਿੰਦੇ ਸਨ, ਕੋਈ ਕਿਸੇ ਨੂੰ ਨਹੀਂ ਪੁਛਦਾ ਸੀ, ਹੁਣ ਤਾਂ ਇਕ ਬਕਰੀ ਦੇ ਮਾਰੇ ਜਾਣ ਦਾ ਮੁਕਦਮਾ ਚੀਫ ਕੋਰਟ ਤਕ ਪਹੁੰਚਦਾ ਹੈ।

ਕੋਹੀ ਰਾਜੇ ਪ੍ਰਗਣਾ ਗੁਰਦਾਸਪੁਰ ਸੋਧਣਾ

ਹੁਣ ਵਟਾਲੇ ਤੋਂ ਉਠਕੇ ਬੰਦੇ ਬਹਾਦਰ ਨੇ ਸਠਾਲੇ ਬੁਤਾਲੇ ਵਾਲੇ ਸਿਖਾਂ ਦੇ ਉਮੰਗ ਦੇਣੇ ਪਰ ਓਥੋਂ ਦੇ ਰੰਘੜਾਂ ਨੂੰ ਜਾ ਘੇਰਿਆ, ਯਦਪਿ ਥੋੜੇ ਜਹੇ ਤਾਂ ਓਹ ਲੜੇ, ਪਰ ਸਿੰਘਾਂ ਨੇ ਐਸੇ ਰਾਮਨੰਗੇ ਦਾਰੇ ਓਹ ਛਾਰੇ ਆਰੇ ਲਾਰੇ ਚਲੇ ਗਏ। ਏਸੇ ਭਾਂਤ ਪਠਾਣ ਕੋਟ ਸੁਜਾਨਪੁਰ ਆਦਿਕ ਨਗਰਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਛਤੇ ਕਰਦੇ ਹੋਏ ਏਸ ਪਰਗਣੇ ਦੇ ਫੌਜਦਾਰਾਂ ਨੂੰ ਈਨ ਮਨਾਉਂਦਾ ਹੋਯਾ ਨੂਰਪੁਰ ਜਾ ਉਤਰਿਆ, ਏਸ ਧੀਮੀਂ ਜੇਹੀ ਚਾਲ ਨਾਲ ਹੀ ਕਈਹਜਾਰ ਰੁਪਯਾ ਤੇ ਘੋੜੇ ਹਥਿਆਰਵਗੈਰਾ ਸਾਮਾਨ ਬੰਦੇ ਦੇ ਹਥ ਲਗਾ ਜੋ ਉਸਨੇ ਸਬ ਸਿੰਘਾਂ ਨੂੰ ਵੰਡ ਦਿਤਾ। ਨੂਰਪੁਰੀਏ ਰਾਜੇ ਤੋਂ ਨਜਰਾਨਾ ਲੈਕੇ ਪੜੋਲ ਦੜੌਲ, ਚਲੈਣੀ, ਹਰੀਪੁਰ, ਕਾਂਗੜਾ ਆਦਿਕ ਰਿਆਸਤਾਂ ਦੇ ਮਾਲਕਾਂ ਤੇ ਜ਼ਿਮੀਂਦਾਰਾਂ ਨੂੰ ਅਪਨੀ ਈਨ ਮਨਾ ਲੀਤੀ।

ਬੰਦੇ ਦੀ ਏਸ ਸ਼ੇਰ ਢਾਲੀ ਝਪਟ ਤੋਂ ਸਾਰੇ ਪਹਾੜੀ ਰਾਜੇ ਡਰ ਗਏ, ਐਸੀ ਭਿਆਨਕ ਚਰਚਾ ਘਰ ਘਰ ਹੋਣ ਲਗੀ ਜਿਸ ਤੋਂ ਸਭ ਦੇ ਦਿਲ ਕੰਬ ਗਏ, ਕੋਈ ਬੰਦੇ ਬਹਾਦਰ ਨੂੰ ਅਵਤਾਰ, ਕੋਈ ਸਿਧ, ਕੋਈ ਮਹਿਦੀ, ਕੋਈ ਜੋਗੀਸ਼ੂਰ ਦਸਦਾ ਸੀ, ਬਹੁਤੇ ਕੈਂਹਦੇ ਸੇ ਏਸਨੇ ਚਾਰ ਦੇਉ ਸੇਵੇ ਕੀਤੇ ਹਨ, ਓਨਾਂ ਤੋਂ ਜੋ ਚਾਹੁੰਦਾ ਹੈ ਓਹੋ ਕੰਮ ਕਰਾ ਕਢਦਾ ਹੈ, ਏਹ ਜਾਦੂਗਰ ਕਾਮਲ ਮੌਤ ਦਾ ਪੁਤਲਾ ਬਨ ਗਿਆ ਹੈ, ਜੋ ਕੋਈ ਏਸਦੇ ਮੁਕਾਬਲੇ ਪਰ ਜਾਂਦਾ ਹੈ ਓਹੋ ਮਾਰਿਆ ਜਾਂਦਾ ਹੈ, ਮੁਸਲਮਾਨ ਤਾਂ ਹਰ ਜਗਾਂ ਝੁਰ ਝੁਰ ਮੁਰਦੇ ਸਮਾਨ ਬਨ ਰਹੇ ਸੇ। ਬਲਦੇ ਜਿਸ ਜਿਸੇ ਫੌਜਦਾਰ ਸਰਦਾਰ ਨੂੰ ਸੂਬਾ ਲਾਹੌਰ ਫੌਜ ਦੇਕੇ ਬੰਦੇ ਨਾਲ ਲੜਾਈ ਕਰਨ ਵਾਸਤੇ ਹੁਕਮ ਦਿੰਦਾ ਸੀ, ਓਹੋ ਥਰ ਥਰ ਕੰਬਦਾ ਹੋਇਆ ਕੋਈ ਨਾ ਕੋਈ ਬਹਾਨਾ ਕਰਕੇ ਯਾ ਅਸਤੀਫਾ ਦੇਕਰ ਘਰ ਜਾ ਬੈਠਦਾ ਸੀ, ਇਸੇ ਕਰਕੇ ਸਿੰਘ ਲਾਹੌਰ ਦੀ ਫਸੀਲ ਤਕ ਬੇਖਟਕੇ ਚੱਲੇ ਜਾਂਦੇ ਸੇ॥

ਪਹਾੜੀਆਂ ਦੇ ਕਿਲੇ ਫਤੇ ਕਰਨੇ

ਉਕਤ ਸੰਸਾਰਕ ਚਰਚਾ ਦੇ ਅਸਰ ਨੇ ਬਾਬੇ ਬੰਦੇ ਨੂੰ

Sri Satguru Jagjit Singh Ji eLibrary NamdhariElibrary@gmail.com

ਸਮੇਤ ਸਿੰਘਾਂ ਦੇ ਤਾਂ ਦੂਨੀ ਉਮੰਗ ਚੜ੍ਹਾ ਰਖੀ ਸੀ ਤੇ ਪਹਾੜੀ ਰਾਜਿਆਂ ਸਮੇਤ ਫੌਜਾਂ ਦੇ ਦਿਲ ਢਾਹ ਰਖੇ ਸਨ, ਐਸੇ ਚੰਗੇ ਵੇਲੇ ਨੂੰ ਬੰਦੇ ਤੇ ਸਿੰਘਾਂ ਨੇ ਭੀ ਸੁੱਕਾ ਨਾ ਜਾਣ ਦਿਤਾ ਸਾਰੇ ਪਹਾੜਾਂ ਦੇ ਨਾਮੀ ਨਾਮੀ ਰਾਜਿਆਂ ਨੂੰ ਲਿਖ ਭੇਜਾ ਕਿ ਆਪ ਖਾਲਸੇ ਦੀ ਈਨ ਮੰਨੋ ਨਹੀਂ ਤਾਂ ਜੰਗ ਲੈਣਾ ਮੰਨੋ। ਏਸ ਸਨੇਹੇ ਦੇ ਜਵਾਬ ਵਿਚ ਰਾਜੇ ਕਟੋਚ ਏ, ਬਿਲਾਸਪੁਰੀਏ ਵਜੀਰਾ ਨੇ ਬੜੇ ਜ਼ੋਰ ਨਾਲ ਲਿਖ ਭੇਜਿਆ ਕਿ ਤੇਰੇ ਜੈਸੇ ਚੇਟਕੀ ਜਾਦੂਗਰ ਕੀਰ ਫਕੀਰ ਪਰਬਤ ਨਿਵਾਸੀ ਸਾਡੇ ਨੈਂਹਾਂ ਵਿਚ ਪਏ ਹਨ ਤੂੰ ਬੇਸ਼ੱਕ ਚਲਾ ਆ ਅਸੀ ਵੰਗਾਂ ਨਹੀਂ ਪੈਹਨੀਆਂ ਹੋਈਆਂ ਸ਼ਸਤ੍ਰ ਧਾਰੀ ਛਤ੍ਰੀ ਪੁਤ੍ਰ ਜੰਗ ਦੇ ਪਿਆਰੇ ਹਾਂ, ਕੋਈ ਲੁਹਾਰੀ ਢਾਰੀ ਨਹੀਂ ਹਾਂ॥

ਏਸ ਜਵਾਬ ਨੂੰ ਸੁਣਦੇ ਸਾਰ ਬਾਬਾ ਬੰਦਾ ਤਾਂ ਵਡੇ ਜੋਸ਼ ਵਿਚ ਆਕੇ ਅੱਗ ਦਾ ਭਾਂਬੜ ਹੋਗਿਆ, ਫੌਜ ਚੜ੍ਹਾਈ ਦਾ ਨਗਾਰਾ ਵਜਵਾ ਦਿਤਾ, ਸਿੰਘ ਤਾਂ ਪੈਹਲੇ ਹੀ ਬਿਲਾਸਪੁਰੀਏ ਰਾਜੇ ਪਰ ਦੰਦ ਚਬ ਰਹੇ ਸੇ, ਕਿਉਂਕਿ ਓਥੋਂ ਦੇ ਰਾਜੇ ਭੀਮ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਕੁਛ ਥੋੜੀਆਂ ਬੁਰਾਈਆਂ ਲੜਾਈਆਂ ਨਹੀਂ ਕੀਤੀਆਂ ਸਨ ਬਲਕੇ ਓਸਨੇ ਸ਼ਾਹੀ ਲਸ਼ਕਰ ਨੂੰ ਲਿਆ ਕੇ ਸਿਖਾਂ ਨੂੰ ਤੇ ਗੁਰੂ ਜੀ ਨੂੰ ਅਨੰਦ ਪੁਰੋਂ ਕਢਾਯਾ ਸੀ, ਝਟ ਪਟ ਤਿਆਰ ਹੋਕੇ ਪਹਾੜੀਆਂ ਨੂੰ ਮਾਰੋ ਮਾਰ ਕਰਦੇ ਚਲ ਪਏ, ਅਗੇ ਕੋਹੀ ਰਾਜਿਆਂ ਨੂੰ ਧੁੜਕੂ ਪੈ ਹੀ ਰਿਹਾ ਸੀ, ਓਹ ਬੀ ਕਠੇ ਹੋਕੇ ਇਕ ਚੁਨੇ ਹੋਏ ਮਲੂਨ ਦੇ ਪਕੇ ਕਿਲੇ ਵਿਚ ਲੜਾਈ ਨੂੰ ਤਿਆਰ ਹੋ ਬੈਠੇ, ਹੋਰ ਚੀਏ ਮੀਏਂ ਕੌਮਾਂ ਦੇ ਆਦਮੀ ਤੇਰਾਂ ਚੌਦਾਂ ਸੌ ਸਿਪਾਹੀ ਬੁਲਾ ਲੀਤੇ, ਏਧਰੋਂ ਬਾਬਾ ਬੰਦਾ ਭੀ ਸੰਃ ੧੭੭੨ ਨੂੰ ਚੜਦੇ ਵਸਾਖ ਬਾਘ

Sri Satguru Jagjit Singh Ji eLibrary NamdhariElibrary@gmail.com

ਸਿੰਘ, ਰਣਜੋਧ ਸਿੰਘ, ਖੜਕ ਸਿੰਘ, ਦੱਯ ਸਿੰਘ, ਬਾਘੜ ਸਿੰਘ, ਕੇਹਰ ਸਿੰਘ, ਬਹਾਦਰ ਸਿੰਘ ਆਦਿਕ ਨਾਮੀ ੨ ਸਰਦਾਰਾਂ ਨੂੰ ਤੇ ਚੁਣੇ ਹੋਏ ਸਿੰਘਾਂ ਦੀ ਫੌਜ ਲੈਕੇ ਪਹਾੜੀ ਰਾਜਿਆਂ ਉਤੇ ਬੱਜ ਦੀ ਤਰਾਂ ਜਾ ਪਿਆ, ਹਲਚਲੀ ਪਾ ਦਿਤੀ, ਪਰਬਤੀ ਰਾਜਿਆਂ ਨੇ ਤਿੰਨ ਹਿਰਤਾਂ ਤੀਰ ਗੋਲੀ ਦੀ ਬਰਖਾ ਕੀਤੀ, ਆਖਰ ਬੰਦੇ ਬਹਾਦਰ ਨੇ ਸਿੰਘਾਂ ਦਾ ਹੱਲਾ ਕਰਵਾ ਦਿੱਤਾ, ਖਾਲਸੇ ਨੇ ਕਿਲੇ ਨੂੰ ਤੋੜਕੇ ਅੰਦਰ ਦਾਖਲ ਹੋ ਆਪਣੀ ਤਲਵਾਰ ਨੂੰ ਐਸਾ ਸੁਆਦ ਚਖਾਯਾ ਜੋ ੧੩੦੦ ਤੇਰਾਂ ਸੌ ਚੀਂਏ ਮੀਏਂ ਖਾਕੇ ਥੀ ਨਾ ਰੱਜੀ; ਆਖਰ ਹੋਰ ਜੋ ਵਡੇ ੨ ਹੰਕਾਰੀ ਬਹਾਦਰ ਰਾਜਪੂਤ ਲੜਾਕੇ ਸੇ ਓਨਾਂ ਦਾ ਲਹੂ ਪੀਕੇ ਠਹਿਰੀ। ਏਹ ਤੇਜ ਪ੍ਰਤਾਪ ਖਾਲਸੇ ਦੀ ਤੇਗ ਦਾ ਦੇਖਕੇ ਪਹਾੜੀ ਰਾਜੇ ਤਾਂ ਬੇਗ ਹੀ ਢਾਬੇ ਬੰਦੇ ਦੇ ਪੈਰੀਂ ਆ ਪਏ, ਅਗੇ ਨੂੰ ਈਨ ਮੰਨਕੇ ਏਹ ਲਿਖਤ ਪਾ ਦਿਤੀ ਕਿ ਅਸੀ ਹਮੇਸ਼ ਖਾਲਸੇ ਦੇ ਤਾਬੇਦਾਰ ਬਨੇ ਰਹਾਂਗੇ। (ਸਚ ਹੈ:-ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ ਸੋਟਾ ਭੂਤ ਨੂੰ ਨਾਚ ਨਚਾਉਂਦਾ ਹੈ) ਫੇਰ ਤਾਂ ਬੰਦੇ ਦੀ ਐਸੀ ਧਾਂਕ ਪਈ ਕਿ ਜਿਧਰ ਜਾਏ ਅਗੋਂ ਹੀ ਪਹਾੜੀ ਰਾਜੇ ਨਜ਼ਰਾਂ ਲੈਕੇ ਆ ਮਿਲਣ। ਚਾਜਾ ਸੁਧ ਸੈਣ ਮੰਡੀ ਵਾਲਾ ਤਾਂ ਮਨ ਭਨ ਤੋਂ ਚੇਲਾ ਹੀ ਬਣ ਗਿਆ ਤੇ ਬੰਦੇ ਨੂੰ ਆਪਣੇ ਘਰ ਰਖਕੇ ਵਜਾਹ ਕਰਾ ਦਿਤਾ, ਜਿਸ ਵਿਚੋਂ ਇਕ ਬੇਟੀ ਜੰਮੀ ਸੀ ਜੋ ਮਰ ਗਈ ॥

ਬੰਦੇ ਦਾ ਚੰਬੇ ਜਾਣਾ

ਹੁਣ ਬਾਈ ਧਾਰ ਪਹਾੜੀ ਰਾਜਿਆਂ ਦਾ ਬਾਦਸ਼ਾਹ ਬਨਕੇ ਬੰਦੇ ਨੂੰ ਬੜਾ ਭਾਰਾ ਮਾਨ ਹੋ ਗਿਆ, ਰਿਆਸਤਾਂ ਵਿਚ ਦੌਰਾ

Sri Satguru Jagjit Singh Ji eLibrary NamdhariElibrary@gmail.com

ਕਰਨ ਦਾ ਆਡਰ ਦੇਕੇ ਪਹਿਲੇ ਚੰਬੇ ਦੇ ਪਹਾੜ ਦੀ ਤਾਰੀਫ
ਸੁਣ ਕੇ ਓਧਰ ਨੂੰ ਰਵਾਨਾ ਹੋਯਾ ਤਾਂ ਓਥੋਂ ਦੇ ਰਾਜੇ ਨੇ
ਬੰਦੇ ਨੂੰ ਲੈ ਆਉਣ ਵਾਸਤੇ ਆਪਣੇ ਵਜ਼ੀਰ ਨੂੰ ਪੇਸ਼ਵਾਈ
ਵਿਚ ਦਰਿਆਉਂ ਪਾਰ ਭੇਜਕੇ ਬੰਦੇ ਦੀ ਪ੍ਰੀਖਜਾ ਕਰਨ
ਵਾਸਤੇ ਬਿਨਤੀਆਂ ਸਭ ਬਿਚਵਾ ਲਈਆਂ । ਵਜ਼ੀਰ
ਨੇ ਬੰਦੇ ਨੂੰ ਆਖਿਆ, ਮਹਾਰਾਜ ! ਕਿਸ਼ਤੀ ਕਈ ਨਹੀਂ
ਰਹੀ ਪਾਰ ਚਲਣਾ ਜ਼ਰੂਰੀ ਹੈ, ਤਦੋਂ ਏਹ ਦੋਵੇਂ ਇਕ ਸਿਲਾ
ਉਪਰ ਬੈਠੇ ਸੇ। ਪੋਥੀਆਂ ਵਿਚ ਲਿਖਿਆ ਹੈ ਕਿ
ਬੰਦਾ ਓਸੇ ਸਿਲਾ ਨੂੰ ਕਿਸ਼ਤੀ ਵਾਂਗੂੰ ਦਰਿਆ ਪਰ ਤਰਾ ਕੇ
ਚੰਬੇ ਵਿਚ ਲੈ ਆਇਆ। ਓਹ ਸਿਲਾ ਨੌ ਗਜ਼ ਲੰਬੀ ੭
ਗਜ਼ ਚੌੜੀ ਕਾਲੇ ਰੰਗ ਦੀ ਹੁਣ ਤਾਂਈ ਓਸੇ ਥਾਂ ਪਈ ਮੰਨੀ
ਪੂਜੀ ਜਾਂਦੀ ਹੈ। ਏਸ ਅਸਮਤ ਨੂੰ ਦੇਖਕੇ ਚੰਬੇ ਦਾ ਰਾਜਾ
ਬੀ ਬੰਦੇ ਦਾ ਚੇਲਾ ਬਣ ਗਿਆ ਤੇ ਇਕ ਰਜਪੂਤ ਦੀ
ਬੇਟੀ ਨਾਲ ਬੰਦੇ ਦੀ ਦੂਸਰੀ ਸ਼ਾਦੀ ਕਰਾ ਦਿਤੀ । ਏਸ
ਵਿਚੋਂ ਇਕ ਬੇਟਾ ਜੋਰਾਵਰ ਸਿੰਘ ਪੈਦਾ ਹੋਇਆ ਸੀ ਜੋ
ਦਿੱਲੀ ਵਿਚ ਸ਼ਹੀਦ ਹੋਇਆ ਹੈ। ਏਸੇ ਗਾਂਤ ਹੋਰ ਹੋਰ
ਪਰਬਤਾਂ ਦਾ ਸੈਲ ਕਰਦਾ ਹੋਇਆ ਸੰਃ ੧੭੭੨ ਬਿਃ ਨੂੰ
ਜਦ ਬੰਦਾ ਕੁਲੂ ਵਿਚ ਗਿਆ ਤਾਂ ਓਥੋਂ ਦੇ ਰਾਜੇ ਨੇ ਸ਼ਾਹੀ
ਹਾਕਮਾਂ ਦੇ ਕਹੇ ਫਰੇਬ ਨਾਲ ਸਾਧੇ ਬੰਦੇ ਨੂੰ ਕੈਦ ਕਰ ਲੀਤਾ
ਤੇ ਓਧਰ ਅਸਲਮ ਥਾਂ ਸੂਬੇ ਲਾਹੌਰ ਨੂੰ ਲਿਖ ਭੇਜਿਆ
ਤੇ ਏਧਰ ਬੰਦੇ ਨੂੰ ਆਖਿਆ ਜੇ ਤੂੰ ਮੇਰੀ ਕੈਦ ਵਿਚੋਂ ਨਿਕਲ
ਜਾਵੇਂ ਤਾਂ ਮੈਂ ਤੇਰਾ ਚੇਲਾ ਬਣ ਜਾਵਾਂ । ਬੰਦੇ ਨੇ ਜਵਾਬ
ਦਿਤਾ ਜੇ ਗੁਰੂ ਕਰੂ ਸੋ ਹੋਊ ਤੂੰ ਅਪਣੀ ਕਸਰ ਮਿਟਾ ਲੈ,
ਮੈਂ ਤੇਰੀ ਕੈਦ ਵਿਚ ਨਹੀਂ ਰਹਿਣਾ, ਪਰ ਦੰਦ ਤਾਂ ਲਾਈਏ

Sri Satguru Jagjit Singh Ji eLibrary NamdhariElibrary@gmail.com

ਜੇ ਹਥੀਂ ਰੀਛ ਨਾ ਖੁਲੇ, ਤਦੋਂ ਨੂੰ ਬਾਬੇ ਬੰਦੇ ਦਾ ਕੈਦ ਹੋਣਾ ਸੁਣ ਕੇ ਰਾਜਾ ਸੁਧ ਸੈਣ ਸਿੰਘਾਂ ਦੀ ਫੌਜ ਲੈਕੇ ਕੁਲੂ ਜਾ ਪਹੁੰਚਾ। ਸਿੰਘਾਂ ਨੇ ਓਸਦੇ ਦੇਸ ਦੀ ਲੁਟ ਪੁਟ ਕਰਨੀ ਸ਼ੁਰੂ ਕਰ ਦਿਤੀ। ਲਾਚਾਰ ਹੋਕੇ ਕੁਲੂ ਵਾਲੇ ਰਾਜਾ ਨੇ ਬੰਦੇ ਨੂੰ ਛਡ ਦਿਤਾ ਤੇ ਖਾਲਸੇ ਨੂੰ ਨਜਰਾਨਾ ਦੇਕੇ ਮਿਨਤਾਂ ਨਾਲ ਤੋਰਿਆ। ਰਤਨ ਸਿੰਘ ਨੇ ਲਿਖਯਾ ਹੈ ਕਿ ਜਦ ਰਾਜਾ ਕੁਲੂ ਵਾਲਾ ਲੋਹੇ ਦੇ ਪਿੰਜਰੇ ਵਿਚ ਪਾਕੇ ਬੰਦੇ ਨੂੰ ਲਾਹੌਰ ਦੀ ਤਰਫ ਤੋਰਨ ਲਗਾ ਤਾਂ ਬੰਦੇ ਨੂੰ ਸਣੇ ਪਿੰਜਰੇ ਬੀਰਾਂ ਨੇ ਉਡਾਕੇ ਮੰਡੀ ਵਿਚ ਲੈ ਆਂਦਾ। ਬੰਦੇ ਨੂੰ ਤਾਂ ਰਾਜੇ ਸੁਧਰ ਸੈਨ ਨੇ ਪ੍ਰੇਮ ਨਾਲ ਟਿਕਾ ਰਖਿਆ, ਏਧਰ ਸੰਃ੧੭੬੯ ਵਿਃ ਨੂੰ ਬਹਾਦਰ ਸ਼ਾਹ ਦੇ ਮਰੇ ਬਾਦ ਇਕ ਬਰਸ ਤਾਂ ਓਸਦੇ ਸ਼ਾਹਜ਼ਾਦਿਆਂ ਵਿਚ ਝਗੜੇ ਲੜਾਈਆਂ ਬਣੇ ਰਹੇ ਫੇਰ ਭਾਵੇਂ ਜਹਾਂਦਾਰ ਸ਼ਾਹ ਤਖਤ ਉਤੇ ਬੈਠਾ, ਪਰ ਅਮਨ ਨਾ ਹੋਇਆ, ਤੇਰਾਂ ਮਹੀਨੇ ਦੇ ਬਾਦ ਜਦ ਓਹ ਵੀ ਮਾਰਿਆ ਗਿਆ ਤਾਂ ਫੇਰ ਅਠ ਮਹੀਨੇ ਰੌਲਾ ਪਿਆ ਰੈਹਣ ਕਰਕੇ ਸਿੰਘਾਂ ਨੇ ਚੰਗੇ ਹਥ ਰੰਗੇ, ਭਾਵੇਂ ਫਰੁਖਸੀਅਰ ਬਾਦਸ਼ਾਹ ਕਾਇਮ ਹੋਗਿਆ ਸੀ, ਪਰ ਓਸ ਨੂੰ ਵੀ ਅਠ ਦਸ ਮਹੀਨੇ ਘਰ ਦੇ ਝਗੜਿਆਂ ਨੇ ਸਿਖਾਂ ਵੰਨੀ ਤੱਕਣ ਨਹੀਂ ਦਿਤਾ, ਨਾਲੇ ਬੰਦੇ ਬਹਾਦਰ ਨੂੰ ਰਾਜੇ ਸੁਧਰ ਸੈਨ ਮੰਡੀ ਵਾਲੇ ਨੇ ਅਪਣੇ ਪ੍ਰੇਮ ਦੇ ਪਿੰਜਰ ਵਿਚ ਪਾਕੇ ਆਪਨੇ ਪਾਸ ਹੀ ਟਿਕਾ ਰਖਿਆ ਸੀ, ਕਿਉਂਕਿ ਰਾਜੇ ਸੁਧਰਸੈਨ ਨੂੰ ਨਾਟਕ ਚੇਟਕ ਤਮਾਸ਼ੇ ਦੇਖਨ ਦਾ ਬਹੁਤ ਸ਼ੌਕ ਸੀ, ਸੋਈ ਬਾਬਾ ਬੰਦਾ ਬਹਾਦਰ ਬੇ ਸ਼ੁਮਾਰ ਕਈ ਪ੍ਰਕਾਰ ਦੇ ਨਾਟਕ ਚੇਟਕ ਜਾਦੂ ਸੱਚੇ ਝੂਠੇ ਬਹੁਤ ਕਰਕੇ ਦਿਖਾਣ ਜਾਣਦਾ ਸੀ, ਸੋ ਦਿਖਾਉਂਦਾ ਰਿਹਾ।

Sri Satguru Jagjit Singh Ji eLibrary NamdhariElibrary@gmail.com

ਦੂਜੇ ਪਹਾੜੀ ਰਾਜੇ ਬੰਦੇ ਤੋਂ ਡਰਦੇ ਹੋਏ ਸੁਧਰ ਸੈਨ ਦੇ ਖੁਸ਼ਾਮਦੀ ਬਣ ਰਹੇ ਸੇ, ਏਸ ਕਰਕੇ ਵੀ ਰਾਜਾ ਬੰਦੇ ਨੂੰ ਨਹੀਂ ਤੁਰਨ ਦਿੰਦਾ ਸੀ। ਤੀਜਾ ਬੰਦੇ ਦੇ ਪ੍ਰਤਾਪ ਨਾਲ ਸਿੰਘ ਵੀ ਆਪਨੇ ੨ ਇਲਾਕੇ ਵਿਚ ਸੁਤੰਤਰ ਸੁਖ ਭੋਗਦੇ ਹੋਏ ਹਕੂਮਤ ਕਰ ਰਹੇ ਸੇ। ਚੌਥੇ ਸੂਬੇਦਾਰ ਲਾਹੌਰੀ ਅਬਦੁਲ ਸਮੁੰਦ ਖਾਂ ਜੰਗ ਦਲੇਰ ਨੇ ਏਹੋ ਸਮਝ ਰਖੀ ਸੀ ਕਿ ਮੇਰੇ ਤੇਜ਼ ਪ੍ਰਤਾਪ ਦੇ ਇਕਬਾਲ ਨਾਲ ਕੋਈ ਉਪਦ੍ਰਵ ਮੇਰੇ ਇਲਾਕੇ ਵਿਚ ਨਹੀਂ ਉਠਿਆ ਏਹ ਸਿੰਘ ਖੁਦ ਹੀ ਮੈਥੋਂ ਡਰ ਕਰ ਜੰਗ ਜਦਲ ਲੁਟ ਮਾਰ ਕਰਨੋਂ ਹਟ ਬੈਠੇ, ਏਨੇ ਹੀ ਦਿਨਾਂ ਦੀ ਚੁਪ ਚਾਪ ਨੂੰ ਮੁਸਲਮਾਨ ਹਰੇਕ ਹਾਕਮ ਨੇ ਆਪਣੀ ੨ ਹਿਕਮਤ ਤੇ ਕਿਸਮਤ ਦੇ ਪ੍ਰਤਾਪ ਦਾ ਸਿੱਟਾ ਅਮਨ ਚੈਨ ਮੰਨ ਰਖਿਆ ਸੀ ॥

ਜਲਾਲਖਾਂ ਪਰ ਖਾਲਸੇ ਦੀ ਪਰੋਪਕਾਰ ਹਿਤ ਝੜਾਈ

ਹੁਣ ਉਕਤ ਪੰਜ ਚਾਰ ਕਾਰਨਾਂ ਕਰਕੇ ਕਈ ਮਹੀਨੇ ਜੋ ਅਮਨ ਚੈਨ ਵਰਤੀ ਰਹੀ, ਸਿੰਘ ਆਪਨੇ ੨ ਟਕਾਨੇ ਪਰ ਤੇ ਬਾਬਾ ਬੰਦਾ ਅਪਨੇ ਸਹੁਰੇ ਘਰ ਸੁਧਸੈਨ ਮੰਡੀ ਵਾਲੇ ਰਾਜੇ ਪਾਸ ਪਰਤ ਰਿਹਾ ਸੀ, ਤਦੋਂ ਜਲਾਲਾਬਾਦ ਵਾਲੇ ਨਵਾਬ ਜਲਾਲ ਖਾਂ ਨੇ ਇਕ ਵਡਾ ਭਾਰੀ ਅਤਜਾਚਾਰੀ ਦਾ ਜਾਲ ਫੈਲਾ ਕੇ ਆਪਣੀ ਚੰਦ੍ਰੀ ਚਾਹ ਐਉਂ ਪੂਰੀ ਕੀਤੀ:—

ਪਿਛੇ ਪ੍ਰਸੰਗ ਆ ਚੁਕਾ ਹੈ ਜਦ ਮੇਹਰਟ ਦੇ ਇਰਦੇ ਗਿਰਦੇ ਦੂਰ ਦੂਰ ਤਕ ਦੇਸ ਨਿਵਾਸੀ ਲੋਕ ਮੁਸਲਮਾਨਾਂ ਦੇ ਹਥੋਂ ਹਿੰਦੂਆਂ ਉਤੇ ਜ਼ੁਲਮ ਹੁੰਦੇ ਦੇਖ ਸੁਣ ਉਨਾਂ ਅਤਜਾ-

Sri Satguru Jagjit Singh Ji eLibrary NamdhariElibrary@gmail.com

ਚਾਰਾਂ ਨੂੰ ਰੋਕਣ ਵਾਸਤੇ ਬਾਬੇ ਬੰਦੇ ਬਹਾਦਰ ਨੇ ਹਿੰਦੂਆਂ ਦੀਆਂ ਫਰਯਾਦਾਂ ਸੁਣ ਕੇ ਉਨਾਂ ਨੂੰ ਸੁਖੀ ਕਰਨ ਲਈ ਪੰਥ ਖਾਲਸੇ ਸਮੇਤ ਲੋਹਗੜ ਤੋਂ ਉਠਕੇ ਪਹਿਲੇ ਸਹਾਰਨ ਪੁਰ ਦੇ ਪਰਗਨੇ ਦੀ ਕਹੀ ਕੀਤੀ, ਫੇਰ ਦੇਉਬਣ, ਮੀਰਾਂਪੁਰ,ਮੁਜਫਰ ਨਗਰ ਵਗੈਰਾ ਬੇਸ਼ੁਮਾਰ ਸ਼ੈਹਰਾਂ ਕਸਬੇ ਪਿੰਡਾਂ ਦੀ ਸੁਧਾਈ ਕਰਦੇ ਹੋਏ ਜਲਾਲ ਖਾਂ ਨਵਾਬ ਵਰਗੇ ਬਹੁਤ ਸਾਰੇ ਵਡੇ ੨ ਰਈਸਾਂ ਨੂੰ ਦਰੜ ਫਰੜ ਕਰਕੇ ਕਈ ਮਹੀਨੇ ਓਸ ਦੇਸ਼ ਦਾ ਦੌਰਾ ਕਰਕੇ ਮੋਟੀਆਂ ਮੋਟੀਆਂ ਫਤੇ ਦੀਆਂ ਵਡਿਆਈਆਂ ਖਟ ਲਿਆਏ ਸਨ, ਓਸ ਸਮੇਂ ਤੋਂ ਉਸ ਦੇਸ ਦੇ ਨਿਵਾਸੀ ਬਹੁਤ ਸਾਰੇ ਛਤ੍ਰੀ ਦੀ ਚੜਦੀ ਕਲਾ ਬੜਦੀ ਕੌਮ ਦੇਖਕੇ ਮੁਸਲਮਾਨਾਂ ਦੇ ਜੁਲਮਾਂਜੋਰਾਵਰੀਆਂ ਤੋਂ ਤੰਗ ਆਏ ਹੋਏ ਸਿੰਘ ਸਜਣ ਲਗ ਪਏ ਸੇ, ਜਿਨ੍ਹਾਂ ਵਿੱਚ ਮੁਖੀਏ ਦਰਜੇ ਅਥਲ ਤੁਨਾਰਸੇ ਪਿੰਡ ਵਾਲੇ ਤੁਨਾਰ ਰੋਤੇ ਰਾਜਪੂਤ ਸਨ। ਜਲਾਲ ਖਾਂ ਵਰਗੇ ਮਹੰਮਦੀਆਂ ਨੇ ਮਤਾ ਮਤਾ ਕਰ ਮੱਕੀ ਰਾਮ ਪੰਡਤ ਦੀ ਮਾਰਫਤ ਜੋ ਇਕ ਬੜਾ ਮਸ਼ਹੂਰ ਬ੍ਰਾਹਮਣ ਰਾਜਪੂਤਾਂ ਦਾ ਪ੍ਰੋਹਤ ਸੀ,ਓਸ ਦ੍ਵਾਰਾ ਪਹਿਲੇ ਮੇਲ ਗੇਲ ਕਰਕੇ ਫੇਰ ਜਲਾਲ ਖਾਂ ਨੇ ਅਪਨੇ ਪੁਤ੍ਰ ਦੇ ਵਿਆਹ ਵਿਚ ਦਗੇ ਫਰੇਬ ਨਾਲ ਕਿਲੇ ਵਿਚ ਬੁਲਾਕੇ ਦੋ ਢਾਈ ਸੌ ਰਜਪੂਤ ਕੈਦ ਕਰ ਲੀਤੇ, ਕੁਛ ਕਤਲ ਹੋ ਗਏ ਬਹੁਤੇ ਖਾਨੇ ਵਿਚ ਜ਼ਹਿਰ ਪਾਕੇ ਨਢੇੜੇ, ਓਨਾਂ ਵਿਚੋਂ ਅਜੇ ੧੩੫ ਸਿੰਘ ਅਪਣੇ ਰਾਜੇ ਭੀਖਾ ਸਿੰਘ ਸਮੇਤ ਜਲਾਲਾਬਾਦ ਦੇ ਕਿਲੇ ਵਿਚ ਕੈਦਸਨਜੋ ਹੁਣ ਕਤਲ ਕੀਤੇ ਗਏ। ਏਹ ਖਬਰ ਪਾਕੇ ਏਧਰੋਂ ਪੰਥ ਖਾਲਸੇ ਦੇ ਮੁਖੀਏ ੨ ਸਰਦਾਰਾਂ ਨੇ ਬੰਦੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੌਂਹ ਪਾਕੇ ਛੁਡਾਉਣ ਦਾ ਵਾਇਦਾ ਕਰ

Sri Satguru Jagjit Singh Ji eLibrary NamdhariElibrary@gmail.com

ਲੀਤਾ ਹੋਯਾ ਸੀ। ਜਦ ਜਲਾਲ ਖਾਂ ਨੇ ਪੰਥ ਦੇ ਵਾਹਿਦੇ ਦਾ ਬ੍ਰਿਤਾਂਤ ਪੱਕੇ ਤੌਰ ਪਰ ਸਹੀ ਕਰ ਲੀਤਾ, ਤਦੋਂ ਓਹੋ ਛਿਕ ਸੌ ਪੈਂਤੀ ਰਾਜਪੂਤ ਕੈਦੀ ਸਿੰਘ ਬੜੇ ਭਾਰੇ ਕਾਰੇ ਕਸ਼ਟ ਦਿਖਾ ਦਿਖਾ ਸਭ ਮਾਰ ਸੁਟੇ, ਬਲਕੇ ਓਸ ਦੇਸ ਵਿਚੋਂ ਭੀ ਚੁਣ ਚੁਣ ਕਰਕੇ ਬੇਸ਼ੁਮਾਰ ਸਿੰਘ ਮਰਵਾ ਸੁਟੇ ॥

ਓਦੋਂ ਏਧਰ ਜੋ ਪਾਨੀਪਤ ਕਰਨਾਲ ਦੇ ਪਰਗਨੇ ਮਲ ਕੇ ਤਿਰਾਵੜੀ ਦੀ ਸਰਾਂ ਕਿਲੇ ਵਰਗੀ ਵਿਚ ਪੰਜ ਕੁ ਹਜਾਰ ਸਿੰਘ ਸ਼ਾਹੀ ਫੌਜ ਦੀ ਰੋਕ ਵਾਸਤੇ ਬਾਬੇ ਬੰਦੇ ਨੇ ਉਤਾਰ ਰਖੇ ਸਨ, ਓਨਾਂ ਨੂੰ ਖਬਰ ਲਗੀ ਕਿ ਜੋ ਨੁਨਾਰਸੇ ਵਾਲੇ ਸਿੰਘ ਜਲਾਲ ਖਾਂ ਨੇ ਕੈਦ ਕਰ ਰੱਖੇ ਸਨ ਬੁਰੀਬੇਤਰਸੀ ਨਾਲ ਅਤਿਅੰਤ ਦੁਖ ਦੇਕੇ ਮਾਰ ਸੁਟੇ, ਏਸੇ ਭਾਂਤ ਓਸ ਦੇਸ ਦੇ ਨਾਮੀ ਨਾਮੀ ਹੋਰ ਬਹੁਤ ਸਾਰੇ ਲੋਗਾਂ ਨੇ ਜਦ ਦਿਲ ਚੀਰਵੇਂ ਸਨੇਹੇ ਜਿਥੇ ਕਿਤੇ ਸਿੰਘਾਂ ਪਾਸ ਘੱਲੇ ਤਾਂ ਬੜਾ ਭਾਰੀ ਸ਼ੋਕ ਹੋਯਾ, ਪਰ ਬੰਦੇ ਬਹਾਦਰ ਪਾਸ ਖਬਰ ਨਾ ਪੁਜੀ ਦੂਸਰੇ ਜੱਥਿਆਂ ਵਾਲੇ ਸੁਣ ਸੁਣਕੇ ਅਜੇ ਤਿਆਰੀਆਂ ਹੀ ਕਰ ਰਹੇ ਸੇ, ਤਦੋਂ ਨੂੰ ਤਿਹਾਵੜੀ ਵਾਲੇ ਸਿੰਘਾਂ ਨੂੰ ਤਾਂ ਐਸੀ ਚਟਪਟੀ ਲੱਗੀ ਫੌਰਨ ਅਰਦਾਸੇ ਸੋਧ ੨ ਚੜ੍ਹ ਬੈਠੇ ਦੋ ਦੋ ਚਾਰ ਚਾਰ ਸੌ ਅਨੇਕ ਠੌਰ ਹੋਕੇ ਰਸਤੇ ਦੇ ਪਿੰਡਾਂ ਦੀ ਲੁੱਟ ਖਸੋਟ ਕਰਦੇ ਅਤੇ ਧਰਮ ਵਿਰੋਧੀਆਂ ਨੂੰ ਦਲਦੇ ਮਲਦੇ ਓਸੇ ਦੇਸ ਵਿੱਚ ਜਾ ਫਿਰੇ। ਏਹ ਹਾਲ ਸੁਣਕੇ ਮਾਲਵੇ, ਮਾਝੇ, ਦੁਆਬੇ ਦੇ ਸਿੰਘ ਭੀ ਟੋਲੇ ਬੰਨ ਬੰਨ ਰਵਾਂਰਵੀਂ ਜਲਾਲਾਬਾਦ ਵੰਨੀਂ ਚਲ ਪਏ, ਕਿਉਂਕਿ ਪਹਿਲੇ ਜੋ ਛਿਕ ਵਾਰੀ ਓਸ ਦੇਸ ਨਿਵਾਸੀ ਨੁਛਾਬਾਂ ਪਰ ਫਤੇ ਪਾ ਆਏ ਸੇ ਏਸ ਖੁਸ਼ੀ ਵਿਚ ਸਿੰਘਾਂ ਭਾਣੀਆਂ ਦਾ ਬਦਲਾ ਲੈਣ ਲਈ ਸਿੰਘਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਐਸੀ ਉਮੰਗ ਹੋਈ ਬਾਬੇ ਬੰਦੇ ਨੂੰ ਸਨੇਹਾ ਭੇਜਕੇ ਆਪ ਜੱਥੇ ਦੇਦ ਹੋਕਰ ਥਨੇਸਰ ਸ਼ੈਹਰ ਤੀਰਥ ਪਰ ਇਸ਼ਨਾਨ ਦਾਨ ਕਰਕੇ ਕੂਚ ਦਰ ਕੂਚ ਮੁਸਲਮਾਨਾਂ ਨੂੰ ਮਾਰੇ ਮਾਰ ਕਰਦੇ ਹੋਏ ਜਲਾਬਾਦ ਲੁਹਾਰੀ ਦੇ ਨੇੜੇ ਜਾ ਢੁਕੇ । ਹੁਣ ਨਵਾਬ ਜਲਾਲ ਖਾਂ ਨੂੰ ਭੀ ਜਦ ਏਹ ਪੱਕੀ ਖਿੜ ਪਈ ਤਾਂਹ ਬੀ ਛੇਤੀ ਛੇਤੀ ਮਹੰਮਦੀ ਖਲਕੜ ਫੌਜ ਕੱਠੀ ਕਰਕੇ ਸਿੰਘਾਂ ਦੇ ਮੁਕਾਬਲੇ ਵਾਸਤੇ ਤਿਆਰ ਹੋ ਬੈਠਾ । ਏਧਰ ਜਦ ਬਾਬੇ ਬੰਦੇ ਨੂੰ ਖਬਰ ਪੁੱਜੀ ਤਾਂ ਓਹ ਬੀ ਤੁਰਕਾਂ ਪਰ ਦੰਦ ਚੱਬਦਾ ਹੋਇਆ ਰਸਤੇ ਵਿੱਚੋਂ ਸੈਂਕੜੇ ਸਿੰਘਾਂ ਨੂੰ ਨਾਲ ਲੈਕੇ ਮਾਰੋ ਮਾਰ ਤੇ ਕਤਲਦਾ ਰੰਗ ਖਿੜਾਉਂਦਾ ਹੋਇਆ ਓਸ ਦੇਸ ਵਿੱਚ ਜਾ ਗੱਜਿਆ,ਜਿਸ ਤੋਂ ਸਿੰਘਾਂ ਦੇ ਹੌਸਲੇ ਵੱਧ ਗਏ । ਏਥੇ ਪਹਿਲੇ ਮਨਿਹਾਰ ਗੋਤੇ ਰਾਜਪੂਤ ਬਹੁਤ ਰੈਂਹਦੇ ਸੀ,ਸ਼ਾਹਜਹਾਂ ਬਾਦਸ਼ਾਹ ਨੇ ਆਪਣੇ ਮੀਰ ਸ਼ਿਕਾਰੀ ਥੰਨਾਂ ਭਵਨ ਵਾਲੇਨੂੰ ਜਾਗੀਰ ਵਿੱਚ ਦੇ ਦਿੱਤਾਓਸਨੇ ਜਦ ਏਸ ਪਿੰਡ ਪਰਗਣੇ ਦੇ ਸਭ ਹਿੰਦੂ ਬਹੁਤ ਦੁਖਾਏ ਤਾਂ (ਤੰਗ ਆਇਦ ਬਜੰਗ ਆਇਦ)ਮਨਿਹਾਹਾਂ ਨੇ ਕਾਠੇ ਦੇ ਰਜਪੂਤਾਂ ਨੇ ਆਪਣੇ ਸਹਾਇਕ ਬਨਾ ਕੇ ਐਸੀ ਸਖਤ ਲੜਾਈ ਕੀਤੀ, ਹਜਾਰ ਖਾਂ ਸੂਬੇ ਜੈਸੇ ਚੋਣਵੇਂ ਬਹੁਤ ਆਦਮੀ ਮੁਸਲਮਾਨਾਂ ਦੇ ਮਾਰੇ ਗਏ । ਫਤੇ ਤਾਂ ਰਜਪੂਤਾਂ ਦੀ ਹੁੰਦੀ, ਪਰ ਮੀਰ ਸ਼ਿਕਾਰ ਦੀ ਸਹਾਇਤਾ ਵਿੱਚ ਹੋਰ ਫੌਜ ਸ਼ਾਹੀ ਆਗਈ, ਰਜਪੂਤ ਪਿੱਛੇ ਹੱਟ ਗਏ, ਬਾਦਸ਼ਾਹ ਨੇ ਉਨ੍ਹਾਂ ਨੂੰ ਉਜਾੜ ਕੇ ਦੇਹਰੇ ਟੂਟ ਢਾਹ ਦਿੱਤਾ, ਰੋਜ ਰੋਜ ਦਾ ਟੰਟਾ ਮੁਕਿਆ । ਏਸੇ ਭ੍ਰਾਂਤ ਜਲਾਲ ਖਾਂ ਨੇ ਰਾਜਪੂਤਾਂ ਦੇ ਮਨਿਹਾਰ ਸ਼ੈਹਰ ਦੀ ਸਫਾਈ ਕਰਕੇ ਏਥੇ ਜਲਾਲਾਬਾਦ ਵਸਾ ਰਖੀ ਸੀ । ਜਦ ਲੁਹਾਰੀ ਆਦਿ ਪਿੰਡਾਂ ਦੇ ਰਜਪੂਤਾਂ ਨੇ ਉਸਨੂੰ ਵਸਾਣਾ ਮੁਹਾਲ

Sri Satguru Jagjit Singh Ji eLibrary NamdhariElibrary@gmail.com

ਕਰ ਦਿੱਤਾ ਸੀ ਤਾਂ ਓਸਨੇ ਮਕੀਰਾਮ ਬ੍ਰਾਹਮਨ ਦੀ ਸਲਾਹ ਮਨਾਕੇ ਬੇਟੇ ਦੇ ਵਿਆਹ ਵਿੱਚ ਰਾਜਪੂਤਾਂ ਨੂੰ ਬ੍ਰਾਹਮਣਾਂ ਦੀ ਮਾਰਫਤ ਧਿਆ ਕੇ ਬੁਲਾ ਕਰ ਕੁਛ ਭਾਂ ਜ਼ਹਿਰ ਖਵਾਕੇ ਮਾਰੇ ਕੁਛ ਕੈਦ ਕਰ ਲੀਤੇ। ਏਸੇ ਭਾਂਤ ਜਲਾਲ ਖਾਂ ਦੇ ਭਾਈ ਹਸਨ ਖਾਂ ਨੇ ਸਵਾ ਸੌ ਰਾਜਪੂਤ ਨੂੰ ਦਗੇ ਨਾਲ ਮਾਰ ਕੇ ਓਨਾਂ ਦੇ ਪਿੰਡ ਲੁਹਾਰੀ ਉਤੇ ਕਬਜ਼ਾ ਕਰ ਰਖਿਆ ਸੀ ਤਦੋਂ ਦਾ ਜਲਾਬਾਦ ਲੁਹਾਰੀ ਨਾਮ ਪੈਗਿਆ ਸੀ ॥

ਜਲਾਬਾਦ ਲੁਹਾਰੀ ਮਾਰਨਾ

ਹੁਣ ਸਿੰਘਾਂ ਨੇ ਓਸ ਇਲਾਕੇ ਦੇ ਦੇਉਬਨ, ਮੀਰਾਂ ਪੁਰ ਮੁਜ਼ੱਫਰ ਨਗਰ, ਨਨੌਤਾ, ਮਨਿਹਾਰ, ਮੇਰਟ ਵਗੈਰਾ ਕਸਬੇ ਪਿੰਡ ਲੁਟ ਕੇ ਜਲਾਲਾਬਾਦ ਨੂੰ ਜਾ ਘੇਰਿਆ, ਜਲਾਲ ਖਾਂ ਨੇ ਆਪਨੇ ਪੁੱਤਰ ਭਤੀਜੇ ਪੀਰ ਖਾਂ ਜਮਾਲ ਖਾਂ, ਦੀਨਦਾਰ ਖਾਂ, ਅਫਜਲ ਖਾਂ ਵਗੈਰਾ ਨੂੰ ਫੌਜ ਦੇਕੇ ਅੱਗੋਂ ਭੇਜ ਦਿੱਤਾ, ਸਿੰਘਾਂ ਨੇ ਬੀ ਜਾਂਦਿਆਂ ਹੀ ਲੜਾਈ ਛੇੜ ਦਿੱਤੀ,ਪੈਰ ਗਡ ਕੇ ਚੰਗੇ ਲੜੇ, ਤੁਰਕਾਨੀ ਫੌਜ ਨੂੰ ਚੁਤਰਫੋਂ ਘੇਰ ਲਿਆ, ਬਹੁਤ ਮਾਰੇ ਤੰਗ ਕੀਤੇ, ਭੱਜਨ ਨੂੰ ਰਾਹ ਨਹੀਂ ਸੀ, ਓਹ ਬੀ ਵੱਧ ਚਧੜੇ ਰੁਝੇ ਹੋਏ ਲੜਦੇ ਰਹੇ, ਸਵੇਰ ਤੋਂ ਦੁਪਹਿਰ ਤਕ ਹਢ ਖੜੋਤੇ ਤਦੋਂ ਨੂੰ ਜਲਾਲ ਖਾਂ ਨੇ ਬਾਜੀ ਮਾਂਦੀ ਵੇਖ ਕੇ ਹੋਰ ਫੌਜ ਸਤ ਸੌ ਸਵਾਰ ਕੁਮਕ ਪਰ ਭੇਜ ਦਿਤਾ, ਗੁਲਾਮ ਮਹੰਮਦ ਖਾਂ, ਹਜਬਰ ਖਾਂ ਲੈਕੇ ਆਪਣੇ, ਪਰ (ਮਨ ਕੀ ਮਨ ਹੀ ਮਾਹਿ ਰਹੀ) ਓਹ ਦੋਵੇਂ ਪਛੱਕ ਮਾਰੇ ਗਏ, ਦੀਨਦਾਰ ਖਾਂ ਬੇਦਿਲ ਹੋਕੇ ਭਿਜ ਪਿਆ, ਪਠਾਣ ਭਜ ਕੇ ਜਲਾਲਾਬਾਦ ਦੇ ਕਿਲੇ ਵਿਚ ਜਾ ਵੜੇ, ਸਿੰਘਾਂ ਨੇ

Sri Satguru Jagjit Singh Ji eLibrary NamdhariElibrary@gmail.com

ਥੀ ਥਿਲੀਆਂ ਸ਼ੇਰਾਂ ਦੀ ਤਰਾਂ ਕੋਟ ਟਪ ਕੇ ਮਾਰ ਮਾਰ ਸਥਾਲ ਲਾਹ ਦਿਤੇ । ਜਲਾਲ ਖਾਂ, ਹਸਨ ਖਾਂ, ਵਰੈਰਾ ਨਾਮੀ ੨ ਪਠਾਣ ਭਾਂ ਪਹਿਲੇ ਹੀ ਪੜ੍ਹਾ ਹੋ ਗਏ ਸੇ, ਬਾਕੀ ਸੰਬੰਧੀ ਓਨਾਂ ਦੇ ਪੁਤ੍ਰ ਪੋਤ੍ਰੇ ਸਿੰਘਾਂ ਨੇ ਓਦੂੰ ਚੌਣੇ ਚੁਣ ਚੁਣ ਕਰ ਕਤਲ ਕਰਕੇ ਆਪਣੇ ਸਿਖ ਭਾਈ ਨੁਨਾਤਸੇ ਵਾਲਜਾਂ ਦਾ ਵੈਰ ਲੈਕੇ ਕਲੇਜਾ ਠੰਢਾ ਕੀਤਾ, ਪਠਾਣਾਂ ਦਾ ਮਾਲ ਮਤਾ ਲੁਟ ਕੇ ਅਠ ਕੋਹ ਮੁੜ ਕੇ ਡੇਰਾ ਆ ਕੀਤਾ, ਅਪਣੇ ਸਾਥੀ ਫਟੜ ਥੀ ਗਡੀਆਂ ਵਿਚ ਪਾ ਲਿਆਏ, ਪੰਜ ਕੁ ਦਿਨ ਓਥੇ ਠਹਿਰ ਕੇ ਬੀਮਾਰਾਂ ਦੀ ਕਾਰੀ ਕੀਤੀ, ਫੇਰ ਛਤੇ ਦੇ ਨਗਾਰੇ ਬਜਾਉਂਦੇ ਤੇ ਹਸਦੇ ਖੇਡਦੇ ਹੋਏ ਕਰਨਾਲ ਵੰਨੀ ਮੁੜ ਆਏ ॥

ਜੰਗ ਤਿਰਾਵੜੀ

ਜਲਾਲਾਬਾਦ ਦੇ ਜੰਗ ਵਿਚ ਭਾਵੇਂ ਬੰਦਾ ਬਹਾਦਰ ਪੰਥ ਦੀ ਅਜਮਾਈ ਕਰਨ ਵਾਸਤੇ ਨਹੀਂ ਆਇਆ ਸੀ, ਨੇੜੇ ਨੇੜੇ ਏਸ ਲਈ ਫਿਰਦਾ ਰਿਹਾ ਜੇ ਲੋੜ ਹੋਊ ਤਾਂ ਜਾ ਮਿਲਾਂਗੇ, ਪਰ ਮੁਸਲਮਾਨ ਦੇਸ ਵਿਚ ਆਇਆ ਸੁਣਕੇ ਬੰਦੇ ਤੋਂ ਬਹੁਤ ਡਰਦੇ ਰਹੇ, ਏਨੇ ਹੀ ਸੋਕ ਨਾਲ ਸਿੰਘਾਂ ਨੇ ਰੋਟੀ ਰਾੜ ਲੀਤੀ, ਕਿਉਂਕਿ ਤਦੋਂ ਬੰਦੇ ਦਾ ਨਾਮ ਹੀ ਹਊਆ ਬਨ ਰਿਹਾ ਸੀ,ਮੁਸਲਮਾਨਾਂ ਦੇ ਕਲੇਜੇ ਨੂੰ ਅੰਗਾਰੀ ਦੀ ਤਰਾਂ ਸਾੜ ਕੇ ਬੇਦਿਲ ਕਰ ਰਿਹਾ ਸੀ, ਥਲਕੇ ਜਿਥੇ ਬੰਦਾ ਨਹੀਂ ਥੀ ਜਾਂਦਾ ਸੀ ਓਥੇ ਭੀ ਬੰਦੇ ਨੂੰ ਸਿੰਘਾਂ ਦੇ ਦਲ ਵਿਚ ਮੰਨ ਕੇ ਦੁਸ਼ਮਣ ਸਿੰਘਾਂ ਤੋਂ ਡਰਦੇ ਰਹਿੰਦੇ ਸੇ । ਸਿੰਘ ਥੀ ਜਦ ਕਦੇ 'ਆਯਾ ਬੰਦਾ ਆਯਾ ਬੰਦਾ' ਏਹ ਅਵਾਜ਼ਾਂ ਦੇ ਦਿੰਦੇ ਤਾਂ

Sri Satguru Jagjit Singh Ji eLibrary NamdhariElibrary@gmail.com

ਵੈਰੀ ਤੌਰ ਭੌਰ ਹੋਕੇ ਭਜ ਜਾਂਦੇ ਸੇ, ਏਸ ਕਰਕੇ ਸਿੰਘਾਂ ਨੇ ਏਸ ਮੁਹਿੰਮ ਨੂੰ ਬੰਦੇ ਦੇ ਸੇਕ ਨਾਲ ਹੀ ਛਤੇ ਦੀ ਰੋਟੀ ਰਾੜ ਲੀਤੀ। ਹੁਣ ਏਹ ਮੁਹਿੰਮ ਫੜੇ ਹੋਈ ਤੋਂ ਬਾਬਾ ਬੰਦਾ ਬਹਾਦਰ ਤਾਂ ਪੰਥ ਨੂੰ ਵਧਾਈ ਏਕੇ ਆਪਣੇ ਸਾਥੀਆਂ ਨੂੰ ਸ਼ਿਕਾਰ ਖਿਡਾਉਂਦਾ ਹੋਇਆ ਮੁੜ ਲੋਹਗੜ ਵੰਨੀ ਚਲਾ ਗਿਆ, ਤੇ ਪੰਥ ਖਾਲਸਾ ਰਾਹ ਦੇ ਲੋਕਾਂ ਤੋਂ "ਧੰਨ ਪੰਥ ਖਾਲਸਾ ! ਧੰਨ ਸਿਖ ਹੋਏ" ਏਹੋ ਜੇਹੇ ਖੁਸ਼ੀ ਦੇ ਬਚਨ ਸੁਣਦਾ ਹੋਇਆ ਕਰਨਾਲ ਜਾ ਪੁੱਜਾ। ਏਸ ਮੁਹਿੰਮ ਨੂੰ ਜਿੱਤ ਕੇ ਸਿੰਘਾਂ ਦੇ ਹੌਸਲੇ ਬਹੁਤ ਵਧ ਰਹੇ ਸੇ। ਤਿਰਾਵੜੀ ਜੋਸ਼ਭਾਂਇ ਸਮੇਤ ਸਿੰਘਾਂ ਦੇ ਗਿਆਂ ਪਿਛੋਂ ਸ਼ਾਹੀ ਫੌਜ ਨੇ ਰੋਕ ਲੀਤੀ ਸੀ, ਮੁੜ ਉਸਦਾ ਛੁਡਾ ਲੈਣਾ ਤਾਂ ਸਹਿਜ ਜੇਹੀ ਗਲ ਹੀ ਸਮਝ ਰਖੀ ਸੀ, ਬਾਬੇ ਬੰਦੇ ਦੀ ਸਲਾਹ ਥੀ ਨਾ ਪੁਛੀ ਏਕਾ ਏਕੀ ਕਰਨਾਲ ਤੋਂ ਚੜ੍ਹ ਕੇ ਬਜੀਦ ਖਾਂ ਫੌਜਦਾਰ ਸ਼ਾਹੀ ਨੂੰ ਕਹਿ ਭੇਜਿਆ ਕਿ ਸਤਾਂ ਖਾਲੀ ਕਰ ਦਿਓ ਨਹੀਂ ਤਾਂ ਸਿੰਘਾਂ ਦਾ ਹੱਲਾ ਜੋ ਅਲਾ ਦਾ ਕਹਿਰ ਹੈ, ਤੇਰੇ ਉਤੇ ਹੋਵੇਗਾ। ਏਹ ਸਨੇਹਾ ਸੁਣਕੇ ਸਾਰੀ ਬਾਦਸ਼ਾਹੀ ਫੌਜਦਾਰ ਅਮੀਨ ਖਾਂ, ਬਜੀਦ ਖਾਂ, ਤੇ ਮਹਾਵਤ ਖਾਂ ਵਗੈਰੇ ਆਪਣੀ ਆਪਣੀ ਫੌਜ ਨੂੰ ਤਿਆਰ ਕਰਕੇ ਸਿੰਘਾਂ ਦਾ ਹੱਲਾ ਰੋਕਣ ਲਈ ਤਿਰਾਵੜੀ ਤੇ ਥਨੇਸਰ ਦੇ ਵਿਚਕਾਰ ਓਸ ਵਡੇ ਉਚੇ ਥੇਹ ਉਤੇ ਜਿਸ ਨੂੰ ਲੋਕੀ ਪਾਂਡਵਾਂ ਦਾ ਆਖਦੇ ਹਨ, ਮੋਰਚੇ ਬੰਨ੍ਹ ਬੈਠੇ, ਕਿਉਂਕਿ ਅਮੀਨ ਖਾਂ ਨੇ ਓਥੇ ਇਕ ਪਿੰਡ ਅਮੀਨ ਗੜ ਨਾਮੀ ਵਸਾ ਰਖਿਆ ਸੀ ਅਤੇ ਤਿਰਾਵੜੀ ਭੀ ਰੋਕ ਰਖੀ ਸੀ। ਹੁਣ ਸਿੰਘਾਂ ਦੇ ਬਿਜਈ ਦਲ ਨੇ ਓਸ ਦੀ ਕੁਛ ਪਰਵਾਹ ਨਾ ਕੀਤੀ, ਤਿਰਾਵੜੀ ਦੀ ਸਰਾਂ ਹੀ ਪਹਿਲੇ ਹੱਲੇ

Sri Satguru Jagjit Singh Ji eLibrary NamdhariElibrary@gmail.com

ਜਾ ਮੱਲੀ, ਸ਼ਾਹੀ ਫੌਜ ਛਡ ਕੇ ਅਮੀਨ ਗੜ੍ਹ ਵੰਨੀ ਖਿਸਕ ਗਈ। ਹੁਣ ਸਿੰਘ ਤਾਂ ਅਮੀਨਗੜ੍ਹ ਵਿਚੋਂ ਭੀ ਸ਼ਾਹੀ ਫੌਜ ਨੂੰ ਕਢਣ ਦੇ ਗੁਰਮਤੇ ਕਰਨ ਲਗੇ ਤੇ ਅਮੀਨ ਖਾਂ ਅਪਨੀ ਕੁਮਕ ਮੰਗਾ ਰਿਹਾ ਸੀ ਲਾਹੌਰ ਦੀ ਕੋਤਵਾਲੀ ਦੇ ਥਾਂ ਵਾਂਗੂੰ ਜੋ ਪੰਦ੍ਰਾਂ ਸੋਲਾਂ ਸੌ ਸਾਲ ਤੋਂ ਬੇਅੰਤ ਪੁਰਖਾਂ ਨੂੰ ਕਸ਼ਟ ਦਾ ਕਾਰਨ ਬਨਿਆ ਹੋਇਆ ਸੀ, ਹੁਣ ਬੀ ਓਸੇ ਏਤਰਸੀ ਕਰ ਪੂਰਤ ਹੈ। ਹੁਣ ਏਹ ਮੈਦਾਨ ਹੈ ਕੀ ਓਹੋ ਜਿਥੇ ਪਹਿਲੇ ਕੈਰਵ ਪਾਂਡਵਾਂ ਦੇ ਸਮੇਂ ਮਹਾਂਭਾਰਥ ਹੋਇਆ, ਦੂਜੇ ਪ੍ਰਿਥੂਰਾਜ ਚੁਹਾਨ ਤੇ ਸ਼ਹਾਬੁ ਦੀਨ ਗੌਰੀ ਲੜੇ। ਤੀਸਰੇ ਗੌਰੀ ਪਠਾਣ ਤੇ ਮੁਗਲਾਂ ਦੀ ਕਟ ਵਢ ਹੋਈ। ਚੌਥੇ ਲੋਦੀ ਪਠਾਣ ਇਬਰਾਹੀਮ ਬਾਦਸ਼ਾਹ ਤੇ ਬਾਬਰ ਮੁਗਲ ਚੁਗੱਤੇ ਲੜੇ। ਪੰਜਵੇਂ ਨਾਦਰ ਸ਼ਾਹੀ ਕਜਲ ਬਾਸ ਤੇ ਮੁਗਲਾਂ ਦਾ ਕੁਤਰਾ ਹੋਇਆ। ਛੀਵੇਂ ਮਰਹਟੇ ਤੇ ਅਹਿਮਦਸ਼ਾਹ ਦੁਰਾਨੀ ਲਹੂ ਲੁਹਾਨ ਹੋਏ, ਜਿਨਾਂ ਵਿਚੋਂ ਭਾਊ ਜੀ, ਬਿਸਵਾਸ ਰਾਉ ਵਰਗੇ ਬੇਸ਼ੁਮਾਰ ਸਰਦਾਰ ਮਹਾਰਾਜੇ ਓਹ ਜੂਝੇ ਹਨ, ਜਿਨਾਂ ਦੇ ਹੁਕਿਆਂ ਤੇ ਛੜੀਆਂ ਦੇ ਕਈ ਲਖ ਰੁਪਯੇ ਮੁਲ ਪਏ ਸੇ। ਸਤਵੇਂ ਸਿੰਘਾਂ ਦੀ ਤੇ ਸ਼ਾਹੀ ਫੌਜ ਦੀ ਮੁਠ ਭੇੜ ਭੀ ਏਸੇ ਮੈਦਾਨ ਵਿਚ ਗਾਜ ਵਜ ਕੇ ਹੋਈ। ਏਹ ਸਤ ਅਠ ਜੰਗ ਜਾਂ ਮਹਾਂ ਘੋਰ ਐਸੇ ਹੋਏ ਹਨ, ਜਿਨਾਂ ਦੇ ਲਹੁ ਨਾਲ ਕਈ ੨ ਮਹੀਨੇ ਧਰਤੀ ਲਾਲ ਸੁਹੀ ਚੁੰਨੀ ਪਹਿਨ ਕੇ ਅਛੇੜ ਬੀਰ ਵਹੁਟੀ ਬਣੀ ਬੈਠੀ ਰਹੀ, ਬਾਕੀ ਛੋਟੇ ਮੁਹਰਕੇ ਤਾਂ ਏਥੇ ਬੇਅੰਤ ਹੀ ਹੋਏ ਹਨ, ਪਰ ਏਹ ਟੁਕੜਾ ਜਮੀਨ ਦਾ ਸੂਰ ਬੀਰ ਮਨੁਖਾਂ ਦੇ ਤੇ ਘੋੜਿਆਂ ਦੇ ਲਹੁ ਦਾ ਐਸਾ ਪਿਆਸਾ ਰਿਹਾ ਹੈ ਜੋ ਹਣ ਵੇਲੇ ਬੜੇ ਜੋਧੇ ਸੂਰਬੀਰਾਂ ਦੇ ਰਤ ਦੀਆਂ ਘੁੱਟਾਂ ਭਰਦਾ ਹੋਇਆ ਅਜੇ ਭੀਕ ਭੀ ਨਹੀਂ ਰੱਜਿਆ।

Sri Satguru Jagjit Singh Ji eLibrary NamdhariElibrary@gmail.com

ਜੈਤਾ ਅਮੀਨ ਗੜ

ਹੁਣ ਸ਼ਾਹੀ ਫੌਜਦਾਰਾਂ ਨੇ ਸਿੰਘਾਂ ਨੂੰ ਜਿੱਤ ਦੇ ਪਲੇ ਭੁਹੇ ਦੇਏ ੨ ਦੇਖਕੇ ਕੁਛ ਤਾਂ ਆਪਣੇ ਪਰਗਨੇ ਦੇ ਵਾਹਰੂ ਮਾਹਰੂ ਮੰਗ ਲੀਤੇ ਤੇ ਕੁਛ ਦਿਲੀ ਤੋਂ ਫੌਜ ਮੰਗ ਭੇਜੀ। ਅਸੀਂ ਪਿਛੇ ਦਸ ਆਏ ਹਾਂ ਕਿ ਏਸ ਸਿੰਘੀ ਫੌਜ ਤੇ ਇਲਾਕੇ ਤਿਰਾਵੜੀ ਦਾ ਪਰਬੰਧ ਸਾਰਾ ਭਾਈ ਬਾਜ ਸਿੰਘ ਰਾਮ ਸਿੰਘ ਤੇ ਬਾਬੇ ਬਿਨੋਦ ਸਿੰਘ ਤੇਹਣ ਦੇ ਹਥ ਵਿਚ ਸੀ, ਏਨਾਂ ਤੋਂ ਡਰਦਾ ਵਜੀਦ ਖਾਂ ਫੌਜਦਾਰ ਪਾਨੀਪਤ ਬੈਠਾ ਸਹਾਇਕਾਂ ਨੂੰ ਉਡੀਕ ਰਿਹਾ ਸੀ। ਜਦ ਸ਼ਾਹੀ ਫੌਜ ਤੇ ਪਰਗਨੇ ਦੀਆਂ ਛੇੜਾਂ ਵਾਹਰੂ ਆਦਮੀ ਆ ਕਠੇ ਹੋਏ ਤਾਂ ਸਿੰਘਾਂ ਵੰਨੀ ਰੋ ਕੀਤਾ, ਏਧਰੋਂ ਸਿੰਘਾਂ ਨੇ ਬੀ ਓਸ ਬੇਸ਼ੁਮਾਰ ਦੁਸ਼ਮਨਾਂ ਦੇ ਲਸ਼ਕਰ ਦਾ ਜਰਾ ਭਰ ਭੈ ਨਾ ਕੀਤਾ, ਸਭੋਂ ਇਕ ਗਾਸ਼ਤੀ ਜੱਥਾ ਭੇਤ ਲੈਣ ਵਾਸ਼ਤੇ ਅਗੇ ਤੋਰ ਦਿਤਾ। ਜਦ ਸ਼ਾਹੀ ਫੌਜ ਅਮੀਨਗੜ ਪੁੱਜੀ ਤਾਂ ਸਿੰਘਾਂ ਨੇ ਵੀ ਜਾ ਦਰਸ਼ਨ ਦਿਤੇ, ਦੁਵੱਲੇਂ ਲੜਾਈ ਝੋਤੀ ਗਈ,ਸਿੰਘਾਂ ਨੇ ਐਸੇ ਝਾਛੇ ਕਹਿਰ ਦੇ ਹੱਲੇ ਕੀਤੇ ਕਿ ਸ਼ਾਹੀ ਸੈਨਾ ਘਬਰਾ ਉਠੀ ਫਤੇ ਸਿੰਘਾਂ ਦੀ ਹੋਣੀ ਸੀ, ਪਰ ਤਦੋਂ ਹੀ ਮਹਾਵਤ ਖਾਂ ਖਾਨ ਖਾਨੇ ਵਜੀਰ ਦਾ ਪੋਤਰਾ ਕੁੰਮਕ ਲੈਕੇ ਆ ਪੁਜਿਆ। ਸਿੰਘ ਬੀ ਤਾੜ ਗਏ, ਬਾਬਾ ਕਾਹਨ ਸਿੰਘ ਤੇ ਮੀਰੀ ਸਿੰਘ ਭੁੱਲੇ ਆਦਿਕਾਂ ਨੇ ਪਹਿਲੇ ਸਹਾਇਕ ਨੂੰ ਸੋਧਣਾ ਚੰਗਾ ਸਮਝਕੇ ਓਸੇ ਵਲ ਸਿੰਘ ਝੁਕਾ ਦਿਤੇ ਓਸਦੀ ਸਵਾਰੀ ਫੌਜ ਅਪਣੇ ਬਚਾਉ ਲਈ ਓਸ ਸਿੰਘਣੇ ਜੰਗਲ ਵਿਚ ਵੜ ਤਾਂ ਗਈ, ਪਰ ਫਿਰਨਾਂ ਔਖਾ ਹੋਇਆ, ਕੁਝ ਤਾਂ ਕੰਡਿਆਂ ਨੇ ਕਪੜੇ ਤੇ ਘੋੜੇ ਉਨਾਂ ਦੇ ਝਾੜੇ ਕੁਝ ਸਿੰਘਾਂ ਨੇ ਵਜੋਤੇ, ਕਿਉਂਕਿ ਸਿੰਘ ਤਾਂ

Sri Satguru Jagjit Singh Ji eLibrary NamdhariElibrary@gmail.com

ਜੰਗਲੀ ਦਰਿੰਦੇ ਹੀ ਬਣ ਰਹੇ ਸਨ, ਪੈਦਲ ਹੋਏ ਐਨੀ ਤਲਵਾਰ ਚਲਾਈ ਕਿ ਵੈਰੀਆਂ ਦੇ ਆਹੁ ਲਾਹ ਸਿੱਟੇ, ਏਹ ਹਾਲ ਵੇਖਕੇ ਜਦ ਮਹਾਵਤ ਖਾਂ ਪਿਛੇ ਨੂੰ ਤਿਲਕਿਆ ਤਾਂ ਸਿੰਘਾਂ ਨੇ ਹੱਲਾ ਕਰਕੇ ਮੁਸਲੀ ਫੌਜ ਖੰਡਾ ਫੁੰਡਾ ਛਡੀ। ਹੁਣ ਜੰਗ ਦਾ ਰੰਗ ਹੋਰ ਹੀ ਢੰਗ ਪਰ ਹੋਚਿਆ, ਇਹਾਲ ਵੇਖਕੇ ਫੀਰੋਜਖਾਂ ਮੇਵਾਤੀ ਨੂੰ ਭਾਰੀ ਖਿਝ ਛੁਟੀ, ਸਰਦਾਰ ਖਾਂ ਹਸਾਵਲ ਤੇ ਵਜੀਦ ਖਾਂ ਨੂੰ ਆਖਿਆ: ਦੇਖੋ ਸਿੰਘ ਵਧਦੇ ਆਉਂਦੇ ਹਨ, ਸ਼ਾਹੀ ਫੌਜ ਖਿੜਦੀ ਜਾਂਦੀ ਹੈ, ਜੇ ਆਪਾਂ ਹਾਰਗਏ ਤਾਂ ਬਾਦਸ਼ਾਹ ਹੱਡੀਆਂ ਚੱਬ ਸਿਟੂ,ਆਖੋ ਹਸਾਵਲ ਬਣਾਕੇਘਲੇਸਨ, ਸਿੰਘਾਂ ਦੇ ਇਕ ਦਸਤੇ ਤੋਂ ਮਾਰ ਖਾ ਆਏ। ਹਸਾਵਲ ਦੀ ਇਜਤ ਸਿਰੇ ਤਾਂ ਸਭਤੋਂ ਵਡੀ, ਹਾਰੇ ਤਾਂ ਅਤੀ ਬੇਇਜਤੀ ਹੋਂਦੀ ਹੈ। ਹੁਣ ਜਦ ਸਿੰਘਾਂ ਨੇ ਕਪੋਲ ਮਾਰ ੨ ਕੇ ਸ਼ਾਹੀ ਫੌਜ ਦੇ ਆਹੁ ਲਾ ਛਡੇ, ਫੇਰ ਕੀ ਬਣੇਗਾ ? ਹਥ ਮਲਦੇ ਹੀ ਰਹਿ ਜਾਓਗੇ, ਏਹ ਸੋਚਕੇ ਸਾਰੇ ਸਰਦਾਰਾਂ ਨੇ ਬਾਰੇ ਦੇ ਸੱਜਦ ਬੁਲਾ ਲੀਤੇ, ਪੈਦਲ ਹੋ ਤਲਵਾਰਾਂ ਧੂਹ ਕੇ ਅਲੀ ੨ ਬੋਲਦੇ ਸਿੰਘਾਂ ਉਤੇ ਟੁਟ ਪਏ। ਭਾਵੇਂ ਸਿੰਘ ਵੀ ਬਥੇਰੇ ਪੈਰ ਗੰਡਦੇ ਗਏ,ਪਰ ਇਕ ਦਾ ਦੂਜੇ ਦੇ,ਦੇ ਦਾ ਨਾਲ, ਸਿਰੇ ਬੇਸ਼ੁਮਾਰ ਟੁਟ ਪਏ, ਫੇਰ ਕੀ ਜਾ ਚਲੇ ? ਸਿੰਘਾਂ ਨੇ ਕਈਆਂ ਵਲ ਵੱਟ ਬੇਸ਼ੁਮਾਰ ਵੈਰੀਆਂ ਦੇ ਸਿਰ ਲਾਹੇ, ਫੌਜ ਦੀ ਫੌਜ ਭਾਗੀ, ਪਰ ਸਿਰ ਹਾਰ ਕਰਤਾਰ ਦੇ ਹੱਥ ਹੈ, ਸਿੰਘ ਵੈਰੀ ਦਾ ਪਲਲ ਹੱਲਾ ਦੇਖਕੇ ਪਿੱਛੇ ਨੂੰ ਹਟ ਗਏ ਓਧ ਸਮਾਂ ਸਿੰਘਾਂ ਉਤੇ ਬ੍ਰਹਮ ਫੌਜ ਦਾ ਗੁਸਤਜਾ, ਜੇਹੜੇ ਨਸ ਗਏ ਸਾ ਓਸੁ ਮੰਨ ਦੇ ਕਰਤਾਰ ਵੰਨੀ ਮੁਜ ਆਏ ਸੋ ਬਚੇ, ਬਾਕੀ ਜਦਸ, ਅਧ ਮੋਏ ਸਾ ਮਰੇ ਹੋਏ ਜੀਉਂਦੇ ਜ

Sri Satguru Jagjit Singh Ji eLibrary NamdhariElibrary@gmail.com

ਵੈਰੀ ਦੇ ਹਥ ਲਗੇ ਉਹਨਾਂ ਸਭਨਾਂ ਨੂੰ ਦਰਖਤਾਂ ਨਾਲ ਲਟਕਾ ਦਿਤਾ, ਐਸਾ ਕੋਈ ਰਸਤਾ ਯਾ ਪਿੰਡ ਕਸਬਾ ਉਸ ਗਿਰਦਨੁਵਾਈ ਵਿੱਚ ਨਾ ਛਡਜਾ ਜਿਥੇ ਡਰ ਬੈਠਾਉਂਣ ਵਾਸਤੇ ਤੋਰੀਆਂ, ਅੱਲਾ ਤੇ ਬਈਆਂ ਦੇ ਆਲ੍ਹਣਿਆਂ ਵਾਂਗੂੰ ਸਿਖ ਨਾ ਲਟਕਾਏ ਗਏ ਹੋਨ, ਧੰਨਜ ਜਨਮ ਉਨਾਂਦੇ ਜਿਨਾਂਜੀਉਂਦਿਆਂ ਧਰਮ ਰਖਯਾ ਵਾਸਤੇ ਵਡੇ ੨ ਕਸ਼ਟ ਸਹਾਰੇ, ਫੇਰ ਅੰਤ ਨੂੰ ਅਪਣਾ ਮਾਸ ਬੀ ਚੀਲਾਂ ਕਾਗਾਂ ਵਗੈਰਾ ਮਾਸਹਾਰੀਆਂ ਨੂੰ ਛਕਾਕੇ ਜਗਜ ਪੂਰੇ ਕਰ ਗਏ। ਯਥਾ:—(ਮਰਨਾ ਭਲਾ ਪ੍ਰਦੇਸ ਕਾ ਜਹਿ ਅਪਨਾ ਨਾਹੀ ਕੋਇ। ਮਾਟੀ ਭਖੀ ਜਨਾਵਰਾਂ ਤੁਰਤ ਮਹੋਛਾ ਹੋਇ।) ਏਸ ਜੰਗ ਦਾ ਪ੍ਰਸੰਗ ਖਾਫੀ ਖਾਂ ਨੇ ਤਾਂ ਬਹੁਤ ਵਿਸਤਾਰ ਨਾਲ ਲਿਖਯਾ ਹੈ, ਤੇ ਜ਼ਿਕਰ ਇਬ੍ਰਤ ਨਾਮੇ ਵਿਚ ਬੀ ਹੈ।

ਜੰਗ ਸਰਹੰਦ

ਫੀਰੋਜ ਖਾਂ ਮੈਵਾਤੀ ਮੈਦਾਨ ਮਾਰਕੇ ਫੁਲਜਾ ੨ ਫਿਰਨ ਲਗਾ, ਫੌਜ ਲੈਕੇ ਸਰਹੰਦ ਵੰਨੀ ਤੁਰਪਿਆ। ਏਹ ਅਮੀਨ ਗੜ ਦਾ ਜੰਗ ਸਿੰਘਾਂ ਦੇ ਰੰਗ ਨੂੰ ਬਹੁਤ ਕੁਰੰਗ ਕਰਗਿਆ, ਮੁਸਲਮਾਨ ਹਾਕਮ ਜੇਹੜੇ ਮੁਰਦਿਆਂ ਦੀ ਸ਼ਕਲ ਵਿਚ ਸਨ, ਸਾਉਣ ਦੇ ਡਡੂਆਂ ਵਾਂਗੂੰ ਟਰੈਂ ੨ ਮਾਰੋਮਾਰ ਦੀ ਧੁਨ ਲਾਉਂਦੇ ਹੋਏ ਥਾਓਂ ਥਾਈਂ ਦੜਕ ਉਠੇ, ਜੇਹੜਾ ਬਜੀਦ ਖਾਂ ਅਮੀਨਗੜ ਤੋਂ ਅਗੇ ਪੈਰ ਨਹੀਂ ਧਰਦਾ ਸੀ ਤੇ ਉਸਦਾ ਭਤੀਜਾ ਸ਼ਮਸ ਖਾਂ ਸਿੰਘਾਂ ਤੋਂ ਡਰਦਾ ਸੁਲਤਾਨਪੁਰ ਵਿੱਚ ਹੀ ਸਤੀ ਹੋਇਆ ਬੈਠਾ ਸੀ, ਹੁਣ ਸਾਉਣ ਮਹੀਨੇ ਦੀ ਮੁੰਜ ਵਾਂਗੂੰ ਆੜਣ ਖਾਂ ਬਨਵਾਏ, ਬਾਜੀ ਦੇ ਹਾਕਮ ਬੀ ਸ਼ਿਕਾਰੀ ਦੀ ਸਹਾਇਤਾ ਨਾਲ ਜਿਕੂੰ ਚੁੱਤਾ ਸ਼ਿਕਾਰ ਨੂੰ ਪੈਂਦਾ ਹੈ

Sri Satguru Jagjit Singh Ji eLibrary NamdhariElibrary@gmail.com

ਐਉਂ ਆਪੋ ਆਪਣੇ ਪ੍ਰਾਣੇ ਦੇ ਮੁਲਕੀ ਮੁਸਲਮਾਨਾਂ, ਹਿੰਦੂਆਂ ਨੂੰ ਨਾਲ ਲੈਕੇ ਫ਼ੌਜ ਬਜਵਾਉਂਦੇ ਝੰਡੀਆਂ ਖਿਲਾਰ ੨ ਸਰਹੰਦ ਵੰਨੀ ਤੁਰ ਪਏ, ਬਾਜ ਸਿੰਘ ਦੇ ਭਾਈ ਸ਼ਾਮ ਸਿੰਘ ਲਖਾ ਸਿੰਘ ਵਗੈਰਾ ਬਹਾਦਰਾਂ ਨੇ ਜਿਨ੍ਹਾਂ ਦੇ ਸਪੁਰਦ ਸਰਹੰਦ ਸੀ, ਕੁਛ ਅਪਣੀ ਫੌਜ ਕੁਛ ਤਿਰਾਵੜੀ ਤੋਂ ਨਸਕੇ ਆਈ ਹੋਈ ਕੱਠੀ ਕਰ ਸ਼ਹਿਰੋਂ ਬਾਹਰ ਹੋਕੇ ਬਾਗਾਂ ਦੀ ਆੜ ਵਿਚ ਵੈਰੀਆਂ ਦਾ ਅੱਗਾ ਲੀਤਾ, ਹੱਲੇ ਰੋਕਦੇ ਹੋਏ ਸੁਬ੍ਹਾ ਤੋਂ ਸੰਝ ਤੱਕ ਲੜਦੇ ਰਹੇ, ਲੜਾਈ ਤੁਲਮੀ ਕਾਇਮ ਰਖੀ, ਓੜਕ ਰਾਤ ਪੈਣ ਕਰਕੇ ਲੜਾਈ ਬੰਦ ਹੋ ਗਈ, ਤਾਂ ਬੀ ਟਾਵੇਂ ਟਾਵੇਂ ਜੰਬੂਰੇ ਰਹਿਕਲੇ ਚਲਦੇ ਰਹੇ, ਅਗਲੇ ਦਿਨ ਬੀ ਲੜਾਈ ਨਿੰਮੀ ਨਿੰਮੀ ਹੁੰਦੀ ਰਹੀ, ਇਕੋ ਵਾਰ ਤਾਂ ਫੌਜਦਾਰਾਂ ਨੂੰ ਬੀ ਸਿੰਘਾਂ ਉਤੇ ਹੱਲਾ ਕਰਕੇ ਸਰਹੰਦ ਛੁਡਾ ਲੈਣ ਦਾ ਹੌਸਲਾ ਨਾ ਹੋਯਾ, ਓੜਕ ਬੀਜੀ ਰਾਤ ਨੂੰ ਸਿੰਘਾਂ ਨੇ ਜਦ ਕਿਧਰੋਂ ਸਹਾਇਤਾ ਆਉਂਦੀ ਨਾ ਦੇਖੀ ਤਾਂ ਸਾਰਾ ਜੰਗੀ ਸਾਮਾਨ ਘੋੜੇ, ਊਠਾਂ,ਖੱਚਰਾਂ ਉਤੇ ਲੱਦ ਸਰਹੰਦ ਨੂੰ ਛੱਡ ਕੇ ਆਪ ਨਾਲ ਪੈਦਲ ਹੋ ਸ਼ਸਤ੍ਰ ਚਮਕਾਉਂਦੇ ਤੇ ਭੜਕਾਰੇ ਪਾਉਂਦੇ ਹੋਏ ਲੋਹਗੜ ਵੰਨੀ ਤੁਰ ਪਏ। ਸ਼ੰਮਸ ਖਾਂ ਫੌਜਦਾਰ ਨੇ ਸੁੰਨੀ ਪਈ ਸਰਹੰਦ ਵਿੱਚ ਸਵੇਰੇ ਹੀ ਦਖਲ ਕਰ ਲੀਤਾ। ਜਦ ਮਹੰਮਦ ਅਮੀਨ ਖਾਂ ਚੀਨੀ ਬਹਾਦਰ ਹਰਾਵਲ ਨੂੰ ਏਹ ਖਬਰ ਲੱਗੀ ਤਾਂ ਸ਼ੰਮਸ ਖਾਂ ਦੀ ਚਲਾਕੀ ਪਰ ਬਹੁਤ ਰੰਜ ਹੋਕੇ ਓਹ ਤਾਂ ਸ਼ੰਮਸ ਖਾਂ ਨੂੰ ਨੀਚਾ ਦਿਖਾਉਣ ਦੇ ਫਿਕਰ ਵਿੱਚ ਰਿਹਾ, ਸਿੰਘ ਸਾਮਾਨ ਲੈਕੇ ਲੋਹਗੜ ਵਿੱਚ ਜਾ ਵੜੇ। ਉਸਨੇ ਬਾਦਸ਼ਾਹ ਵੱਲ ਲਿਖ ਭੇਜਿਆ ਕਿ ਸ਼ੰਮਸ ਖਾਂ ਬੜਾ ਭਾਰੀ ਹੰਕਾਰੀ ਹੋਗਿਆ ਹੈ,

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਦੇ ਹੁਕਮਾਂ ਦੀ ਕੁਛ ਪਰਵਾਹ ਨਹੀਂ ਰੱਖਦਾ, ਕਿਉਂਕਿ ਉਸਦੇ ਪਾਸ ਆਮਦਨੀ ਖਜਾਨਾ ਫੌਜ ਬਹੁਤ ਹੈ, ਆਪੇ ਸੁਤੰਤਰ ਹੋਇਆ ਚਾਹੁੰਦਾ ਹੈ, ਐਸੇ ਚਲਾਕ ਬੇਬਾਕ ਆਦਮੀ ਨੂੰ ਕਦੇ ਬੀ ਆਪਣਾ ਨਾ ਸਮਝਣਾ ਚਾਹੀਏ। ਏਸ ਅਰਜ਼ੀ ਪਰ ਬਾਦਸ਼ਾਹ ਨੇ ਬਿਨਾਂ ਨਿਰਨੇ ਕੀਤੇ ਸ਼ੰਮਸ ਖਾਂ ਤੋਂ ਬਿਜਵਾੜੇ ਤੇ ਜਲੰਧਰ ਦੀ ਫੌਜਦਾਰੀ ਖੋਹ ਲੀਤੀ, ਓਹ ਤਾਂ ਠੁਸ ਜੇਹਾ ਹੋਕੇ ਘਰ ਨੂੰ ਚਲਾ ਗਿਆ, ਚੀਨੀ ਬਹਾਦਰ ਹਰਾਵਲ ਨੇ ਅਪਣੇ ਸਾਥੀ ਸਰਦਾਰਾਂ ਸਮੇਤ ਸਰਹੰਦ ਪਰ ਕਬਜ਼ਾ ਕਰ ਲਿਆ, ਪਰ ਸਿੰਘ ਕੋਈ ਨਾ ਹੱਥ ਆਇਆ, ਫੇਰ ਤਾਂ ਓਹਥੀ ਲੋਹਗੜ ਵੰਨੀ ਤੁਰ ਪਿਆ ॥

ਸਹਾਰਨ ਦੇ ਪਰਗਨੇ ਦੀ ਲੁਟ

ਹੁਣ ਸੰਃ ੧੭੭੨ ਬਿਃ ਨੂੰ ਜਦ ਦੁਬਾਰਾ ਫਿਰ ਖਿਲੇ ਲੋਹਗੜ ਵਿੱਚ ਸਿੰਘ ਜਾ ਬੱਠੇ ਹੋਏ ਅਤੇ ਖਬਰ ਲਗੀ ਕਿ ਮਹੰਮਦ ਅਮੀਨ ਖਾਂ ਚੀਨੀ ਏਧਰ ਆ ਰਿਹਾ ਹੈ ਤੇ ਬਾਦਸ਼ਾਹ ਨੇ ਉਸੰਗ ਦੇਕੇ ਸ਼ਾਹੀ ਲਸ਼ਕਰ ਨੂੰ ਤੋਰ ਕੇ ਆਪ ਬੀ ਏਧਰੇ ਆਉਨ ਦੀ ਮਨਸ਼ਾ ਕਰ ਲੀਤੀ ਹੈ । ਏਹ ਖਬਰ ਸੁਣਕੇ ਬੰਦਾ ਬਹਾਦਰ ਭੀ ਲੋਹਗੜ ਵਿਚ ਆ ਗਾਜਿਆ, ਹੁਣ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਨ ਵਾਸਤੇ ਜਦ ਬਾਜ ਸਿੰਘ ਨੇ ਬੇਨਤੀ ਕੀਤੀ ਕਿ ਪਹਿਲਾਂ ਮਾਰੇ ਜੀਤੇ ਪੈਂਦੇ ਸਟ ਦਬ ਲੈਣਾ ਵੈਰੀ ਨੂੰ ਚੰਗਾ ਹੈ, ਕਿਉਂਕਿ ਸਾਮਾਨ ਜੰਗ ਦਾ ਆਪਣੇ ਪਾਸ ਥੋੜਾ ਹੈ, ਬਾਬੇ ਬੰਦੇ ਨੇ ਬਚਨ ਕੀਤਾ (ਹਿੰਮਤੇ ਮਰਦਾਂ ਮਦਤੇ ਖੁਦਾ) ਉਦਮੀ ਨਿਰਭੈ ਪੁਰਖ ਤਾਂ ਜੋ ਚਾਹੁਣ ਸ੍ਰਿਸ਼ਟੀ ਵਿਚ ਕਰ ਸਕਦੇਹਨ ਉਨ੍ਹਾਂ ਵਾਸਤੇ ਕਿਸੇ ਭੀ ਚੀਜ਼ ਦਾ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਹਤਨਾ ਕੋਈ ਔਖੀ ਗਲ ਨਹੀਂ, ਏਹੋ ਜੇਹੀ ਆਗਿਆ ਸਿੰਘ ਤਾਂ ਚਾਹੁੰਦੇ ਹੀ ਸੇ, ਕੇਈ ਜਥੇ ਚਰਕੇ ਸਿਖੇ ਜਾਗੀਰਦਾਰ ਨਵਾਬ ਗਾਜੀ ਸਯਦ ਦੇਖਸ਼ਣੇ ਓਸ ਥਾਂ ਜਾ ਨਪੋਅਗੋਂ ਕਿਸੇ ਨੇ ਹਥ ਨਾ ਉਠਾਇਆ ਅਤੇ ਸਿੰਘਾਂ ਨੇ ਆਪਣਾ ਕੰਮ ਕੀਤਾ ਅਗੇ ਹੋ ਲਏਹਏਸੇ ਛਾਂਤ ਮਾਰੋ ਮਾਰ ਕਰਦੇ ਜੋ ਭੀ ਜੰਗੀ ਸਾਮਾਨ ਹਥ ਲਗਦਾ ਲੋਹਗੜ ਵਲ ਭੇਜਦੇ ਰਹੇ, ਬਹੁਤੀ ਜਗਾਂ ਲੜਾਈ ਤਾਂ ਹੋਈ ਪਰ ਸਿੰਘਾਂ ਦੀ ਤੇਗ ਅਗੇ ਕੌਣ ਠਹਿਰੇ ?

ਦੂਜਾ ਸੰਗ੍ਰਾਮ ਲੋਹਗੜ ਦਾ

ਏਹ ਖਬਰ ਸੁਣਕੇ ਮਹੰਮਦ ਅਮੀਨ ਖਾਂ ਚੀਨੀ ਜਹੇ ਅਨੇਕ ਫੌਜਦਾਰ ਜੋ ਰਵਾਂ ਰਵੀਂ ਲੋਹਗੜ ਵੰਨੀ ਆ ਰਹੇ ਸੇ, ਸਭ ਰੁਖ ਰੁਕਕੇ ਆਉਣ ਲਗੇ ਤੇ ਓਧਰੋਂ ਬਾਦਸ਼ਾਹ ਫਰੁਖਸ਼ੀਅਰ ਨੇ ਬੀ ਸਿੰਘਾਂ ਦੀ ਕਾਰਰਵਾਈ ਤੇਜੀ ਪਰ ਸੁਣ ਕੇ ਸਯਦ ਮੀਰ ਅਹਿਮਦ ਖਾਂ ਨੂੰ ਬੁਲਾ ਭੇਜਿਆ। ਓਹ ਫੌਜਦਾਰ ਬਡੇ ੨ ਚੋਣਵੇਂ ਸਰਦਾਰ ਜੰਗ ਦੇ ਮਿਤੱਯਾ ਭੱਯਾ ਸਾਥ ਲੈਕੇ ਗੁਜਰਾਤ ਵਲੋਂ ਚਲਾ ਆਇਆ। ਰੁਸਤਮ ਦਿਲ ਖਾਂ ਫੌਜਦਾਰ, ਹਦਾਇਤੁਲਾ ਖਾਂ, ਲੁਤਫ ਖਾਂ ਵਗੈਰਾ ਨੂੰ ਫੌਜ ਛੇੜੇ ਬਾਦਸ਼ਾਹ ਨੇ ਹੁਕਮ ਦਿਤਾ ਕਿ ਸਿੰਘਾਂ ਦਾ ਖੁਰਾ ਖੋਜ ਮਿਟਾ ਦਿਓ ਤੇ ਬੰਦੇ ਨੂੰ ਫੜ ਕੇ ਮੇਰੇ ਪਾਸ ਹਾਜਰ ਕਰੋ, ਤਦੋਂ ਨੂੰ ਸਿੰਘ ਤਾਂ ਹੜ੍ਹਦੇ ਜਲ ਵਾਂਙੂ ਮਾਰੋ ਮਾਰ ਕਰਦੇ ਹੋਏ ਦੂਰ ਤਕ ਪਹੁੰਚ ਗਾਏ ਸੇ। ਤਾਵੇਂ ਕੋਟ ਆਲੂਖਾਂ ਦੇ ਪਾਸ ਮੁਲਕੀ ਲੋਕਾਂ ਨੇ ਸਿਖਾਂ ਦਾ ਮੁਕਾਬਲਾ ਤਾਂ ਬਹੁਤ ਕੀਤਾ, ਪਰ ਹਾਰ ਖੇ ਨਠ ਗਾਏ, ਸਿੰਘ ਬੀ ਜਿਉਂ ਜਿਉਂ ਸ਼ਾਹੀ ਲਸ਼ਕਰ ਆਉਂਦਾ ਸੁਣਦੇ ਸੇ ਤਿਉਂ ੨ ਅਧਕ ਹਥ

Sri Satguru Jagjit Singh Ji eLibrary NamdhariElibrary@gmail.com

ਮਾਰਦੇ ਤੇ ਪਿਛੇ ਨੂੰ ਹਟ ਰਹੇ ਸਨ, ਯਤਾ ਯਕ ਇਕ ਦੂਸਰੇ ਪਰ ਹੱਲਾ ਕਰਨ ਦਾ ਹੌਸਲਾ ਭੀ ਨਹੀਂ ਰਖਦਾ ਸੀ। ਓੜਕ ਜਦ ਸਿੰਘ ਬੇਸ਼ੁਮਾਰ ਜੰਞੀ ਸਾਮਾਨ ਲੁਟ ਕੇ ਮੁੜ ਲੋਹਗੜ ਦੇ ਆਸ ਪਾਸ ਆਕੇ ਉਤਰ ਪਏ, ਤਦੋਂ ਨੂੰ ਸ਼ਾਹੀ ਫੌਜਾਂ ਬੀ ਆ ਢੁਕੀਆਂ। ਏਸ ਲੋਹਗੜ ਦੇ ਚੁਫੇਰੇ ਦੀ ਸ਼ਿਕਾਰਗਾਹ ਦਸ ੨ ਪੰਦ੍ਰਾਂ ੨ ਕੋਹ ਵਿਚ ਪਹਾੜੀਆਂ ਝਾੜੀਆਂ ਬਹੁਤ ਸਨ, ਅਛੋਰੇ ਵਲੋਂ ਪੰਜ ਛੀ ਕੋਹ ਪਹਾੜ ਵੰਨੀ ਇਕ ਉਚੇ ਟਿਬੇ ਪਰ ਪੰਮੂ ਪਿੰਡ ਦੇ ਪਾਸ ਕਿਲਾ ਲੋਹਗੜ ਹੈ ਜੋ ਸ਼ਾਹਜਹਾਂ ਦੇ ਸਮੇਂ ਮੁਖਲਸ ਖਾਂ ਸੂਬੇਦਾਰ ਸਰਹੰਦ ਨੇ ਬਨਵਾਇਆ ਸੀ, ਓਸਦੇ ਦੋਹੀਂ ਪਾਸੀਂ ਦੇ ਖੱਡਾਂ ਪਹਾੜੀ ਪਾਣੀ ਦੀਆਂ ਵਗਦੀਆਂ ਰਹਿੰਦੀਆਂ ਹਨ, ਕਿਲੇ ਦੇ ਆਸ ਪਾਸ ਉੱਚੇ ਪਹਾੜ ਬਹੁਤੇ ਸਨ। ਭਾਵੇਂ ਹੁਣ ਤਾਂ ਓਸ ਕਿਲੇ ਨੂੰ ਲੋਕਾਂ ਨੇ ਖੋਲਾ ਜੇਹਾ ਬੀ ਨਹੀਂ ਛਡਨਾ ਸਭ ਮਲਬਾ ਲੈ ਜਾਏ,ਸ਼ਾਹੀ ਫੌਜ ਕਿਲੇ ਤੋਂ ਅਠ ਅਠ ਕੋਹ ਸਵੇਰੇ ਗਿਰਦੇ ਜਾ ਉਤਰੀ, ਕਿਉਂਕਿ ਓਸ ਸਮੇਂ ਹਰੇਕ ਤਰਫੋਂ ਸ਼ਾਹੀ ਫੌਜਾਂ ਦੇ ਧਕੇਲੇ ਹੋਏ ਸਿੰਘ ਆਕੇ ਏਸੇ ਕਿਲੇ ਦੇ ਗਿਰਦੇ ਪਹਾੜੀਆਂ ਪਰ ਮੋਰਚੇ ਕਾਇਮ ਕਰੀ ਬੈਠੇ ਸੇ, ਤਾਹੀਂ ਸ਼ਾਹੀ ਫੌਜ ਦੂਰ ਦੂਰ ਠਹਿਰੀ ਹੋਈ ਅਨੇਕ ਭਾਂਤ ਦੀਆਂ ਗੋਂਦਾਂ ਗੁੰਦ ਰਹੀ ਸੀ। ਕੋਈ ਕਹਿੰਦਾ ਸੀ ਹਲਾ ਕਰਕੇ ਕਿਲੇ ਪਰ ਚੜ੍ਹ ਜਾਓ, ਕੋਈ ਫੌਜਦਾਰ ਘੇਰਾ ਪਾਕੇ ਬੈਠ ਰਹਿਣ ਚੰਗਾ ਸਮਝਦੇ ਸੇ, ਕੋਈ ਕਹਿੰਦੇ ਸੇ ਕਿਲੇ ਅੰਦਰ ਕੁਛ ਨਾ ਜਾਣ ਦੇਓ ਆਪੇ ਭੁਖੇ ਮਰ ਜਾਣਗੇ, ਕੋਈ ਧੀਰੇ ੨ ਲੜਦੇ ਹੋਏ ਮੋਰਚੇ ਵਧਾਉਣ ਨੂੰ ਪਸੰਦ ਕਰਦੇ ਸੇ; ਜਿਤਨੇ ਮੂੰਹ ਓਤਨੀਆਂ ਸਲਾਹਾਂ, ਬਾਕੀ ਵਡੇ ੨ ਅਮੀਰ

Sri Satguru Jagjit Singh Ji eLibrary NamdhariElibrary@gmail.com

ਜੰਗ ਜਿੱਤਨ ਦੀ ਤਜਵੀਜ਼ ਵੱਖਰੀ ੨ ਕਰ ਹੀ ਰਹੇ ਸੇ, ਓੜਕ ਏਹ ਤਾਂ ਸਲਾਹਾਂ ਹੀ ਕਰਦੇ ਰਹੇ ਬੰਦੇ ਨੇ ਕਿਲੇ ਵਿਚੋਂ ਨਿਕਲ ਕੇ ਰਾਹਾਂ ਦੇ ਮੂੰਹੋਂ ਸਿਖ ਅਗੇ ਲਾਕੇ ਸ਼ਾਹੀ ਫੌਜ ਪਰ ਹੱਲਾ ਕਰ ਦਿਤਾ। ਪੰਦਰਾਂ ਅਠਾਰਾਂ ਹਜ਼ਾਰ ਬਹਾਦਰ ਸਿਖ ਜਦ ਤੁਰਕਾਨੀ ਸੈਨਾ ਪਰ ਅਚਾ ਚੇਤ ਜਾ ਪਏ ਤਾਂ ਘਬਰਾਕੇ ਸਭ ਨੂੰ ਪ੍ਰਾਣ ਬਚਾਣ ਦੀ ਪੈ ਗਈ। ਕੋਈ ਤੰਬੂ ਵਿਚ, ਕੋਈ ਕਨਾਤ ਓਹਲੇ, ਕੋਈ ਦਰੀ ਹੇਠ, ਕੋਈ ਚਾਰਜਾਮਾਂ ਹੀ ਉਤੇ ਲੈਕੇ ਅਖਾਂ ਮੀਟੀ ਪਿਆ ਹੈ, ਬਹੁਤ ਨਠ ਤੁਰੇ, ਪਰ ਸਿੰਘਾਂ ਨੂੰ ਜਿਤਨਾ ਜਿੱਤ ਦਾ ਫਿਕਰ ਸੀ ਉਤਨਾ ਲੁਟਦੇ ਮਾਲ ਚੁਕਣ ਦਾ ਪਿਆਰ ਨਹੀਂ ਸੀ, ਪਰ ਫੇਰ ਬੀ ਜੋ ਕੁਛ ਹਥ ਲਗਾ ਸਭ ਨੇ ਕਿਲੇ ਵਿਚ ਲਿਆ ਰਖਿਆ, ਕਈ ਮਹੀਨੇ ਦੀ ਤਸੱਲੀ ਕਰ ਲੀਤੀ, ਕਪੜੇ ਪਾਲਾ ਕਟਨ ਜੋਗੇ ਆਗਏ, ਤਦੋਂ ਨੂੰ ਮਘਰ ਮਹੀਨਾ ਖਤਮ ਹੋਕੇ ਪੋਹ ਚੜ੍ਹ ਗਿਆ, ਬਰਖਾ ਹੋਨ ਲਗੀ*ਐਸੀ ਝੜੀ ਲਗੀ ਤੇ ਠੰਡੀ ਪੌਣ ਵਗੀ ਕਿ ਦਸਾਂ ਕੁ ਦਿਨਾਂ ਵਿਚ ਹੀ ਸ਼ਾਹੀ ਘੋੜੇ ਸਵਾਰ ਪਾਲੇ ਨੇ ਜੜ ਬਿਮਾਰ ਕਰ ਦਿਤੇ। ਲੜੇ ਕੌਣ? ਜੋਂ ਇਕ ਤਾਂ ਮਹੀਨਾ ਪੋਹ ਦਾ, ਦੂਜੇ ਠੱਕਾ ਠਹਿਰਨ ਨਾ ਦੇਵੇ, ਤੀਜੇ ਬਾਲਣ ਗਿੱਲਾ, ਚੌਥੇ ਝਿਮੀ ਝਿਮੀ ਝੜੀ, ਰਾਤ ਦਿਨੇ ਲਗੀ ਰਹੇ, ਪੰਜਵੇਂ ਗੁਦਾਮ ਭਿਜ ਗਿਆ ਛੀਵੇਂ ਰੋਜਸ਼ ਬੁਖਾਰ ਦੀ ਭਰਮਾਰ ਨੇ ਲਾਚਾਰ ਕਰ ਸਿਟੇ; ਦਾਣੇ ਪੱਠੇ ਬਿਨਾਂ ਸੈਂਕੜੇ ਘੋੜੇ ਬੋਲਦ ਖੱਚਤਾਂ ਐਤਨੇ ਮਰੇ ਕਿ ਕੋਈ ਚੁੱਕਣ ਵਾਲਾ ਨਾ ਰਿਹਾ, ਦੱਬੇ ਸਾੜੇ ਕੌਣ? ਠਕੇ ਨੇ ਠਾਰ ਕੇ ਹਥ ਪੈਰ ਨਕਾਰੇ ਕਰ ਧਰੇ ਸੇ, ਮੁਰਦਿਆਂ ਦੀ

*ਖਾਫੀਖਾਂ ਦਸ ਦਿਨ ਝੜੀ ਲਗੀ ਰਹੀ ਲਿਖਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਰਿਹਾਂਦ ਉਭਰ ਗਈ, ਬਰਸਾਤ ਅਧਵਾ ਹੋਣੇ ਕਰ ਪਹਾੜਾਂ ਦੇ ਹੜਾਂ ਨਦੀਆਂ ਨਾਲਿਆਂ ਦੇ ਪਾਣੀ ਤੋਂ ਸਿੰਘ ਤਾਂ ਕਿਲੇ ਵਿਚ ਉੱਚੀ ਜਗਾਂ ਅਰਾਮ ਨਾਲ ਬੈਠੇ ਰਹੇ, ਮਹੰਮਦੀ ਸੈਨਾਂ ਵਾਸਤੇ ਸਚ ਮੁਚ ਕਿਆਮਤ ਸੀ, ਹੜਦੇ ਪਾਣੀ ਕਿਸੇ ਥਾਂ ਖੜੋਨ ਬੈਠਨ ਨਹੀਂ ਦਿੰਦੇ ਸੇ, ਠੰਡੇ ਠਕੇ ਨੇ ਐਡੀ ਤੇਜੀ ਪੌਣਦੀ ਕਰ ਰਖੀ ਸੀ ਕਿ ਤੰਬੂਆਂ ਦੇ ਕਿੱਲੇ ਪੁਟੇ ਗਏ ਸ਼ਾਹੀ ਸੈਨਾਂ ਦੇ ਸਪਾਹੀ ਸਰਦਾਰ ਲਚਾਰ ਹੋਕੇ ਲਾਂਹਬੇ ਦੇ ਪਿੰਡਾਂ ਵਿਚ ਜਾ ਵੜੇ। ਅਗੋਂ ਪਿੰਡਵਾਈ ਲੋਕਾਂ ਦੇ ਘਰ ਤ੍ਰਪ ੨ ਰੋ ਰਹੇ ਸੇ, ਅਤਿਅੰਤ ਕਲੇਸ਼ ਸਹਾਰ ਕੇ ਬਡੀ ਭਾਰੀ ਔਖਿਆਈ ਨਾਲ ਓਹ ਝੜੀ ਦੇ ਦਿਨ ਪੂਰੇ ਕੀਤੇ। ਭਾਵੇਂ ਏਹ ਸਾਰੀ ਬਿਪਤਾ ਕੁਦਰਤੀ ਖੇਡ ਈਸ਼ੂਰ ਵਲੋਂ ਹੀ ਸੀ, ਪਰ ਮੁਸਲਮਾਨੀ ਸੈਨਾਂ ਵਿਚ ਇਹੋ ਚਰਚਾ ਧੁੰਮ ਗਈ ਸੀ ਕਿ ਏਹ ਭਾਰੀ ਬਿਪਤਾ ਸਾਰੀ ਬੰਦੇ ਦੇ ਜਾਦੂ ਦਾ ਚਮਤਕਾਰਾ ਹੈ, ਸਬ ਏਹੋ ਕੈਹ ਰਹੇ ਸੇ ਮੀਆਂ ਜਾਦੂ ਬਰਹੱਕ ਹੈ, ਕਰਨ ਵਾਲਾ ਕਾਫਰ ਹੈ, ਬੰਦੇ ਨੇ ਸਾਰੀ ਉਮਰ ਏਹੋ ਕਮਾਈ ਕੀਤੀ ਹੈ, ਜਿਸਦਾ ਸਾਰਟੀਫੀਕੇਟ ਓਸਨੂੰ ਖੁਦਾ ਵਲੋਂ ਮਿਲਿਆ ਹੋਇਆ ਹੈ, ਹੁਣ ਜੋ ਚਾਹੇ ਸੋ ਕਰੇ ਭਲਾ ਕੋਈ ਰੋਕ ਸਕਦਾ ਹੈ? ਖਾਹਮਖਾਹ ਬਾਦਸ਼ਾਹ ਖਲਕਤ ਨੂੰ ਮਰਵਾ ਰਿਹਾ ਹੈ। ਏਹੋ ਜੇਹੀ ਬਿਪਤਾ ਭੋਗ ਕੇ ਜਦ ਬਰਖਾ ਹਟੀ ਤੋਂ ਸਿੰਘਾਂ ਨੇ ਬੀ ਆਪਨੇ ਆਪਨੂੰ ਸੰਭਾਲਿਆ ਅਤੇ ਸ਼ਾਹੀ ਸੈਨਾਂ ਭਾਵੇਂ ਏਸ ਤਬਾਹੀ ਵਿਚੋਂ ਤ੍ਰਾਂ ਨਿਕਲੀ, ਪਰ ਅਜੇ ਜੰਗ ਕਰਨ ਨੂੰ ਤਿਆਰ ਨਹੀਂ ਹੋਈ ਸੀ ਬਿਮਾਰ ਤੇ ਢਿਲੀ ਬਹੁਤ ਹੋ ਰਹੀ ਸੀ। ਏਥੇ ਸ਼ਾਹੀ ਸੈਨਾਂ ਦੇ ਪ੍ਰਸ਼ਨ ਉਤਰ ਦਾ ਨਮੂਨਾ ਨਾਵਲ ਦੇ ਤੌਰ ਪਰ ਦੇਖਾਯਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਨ—ਮਹੰਮਦ ਸ਼ਰੀਫ ਖਾਂ ਮੁਸਾਹਿਬ ਖਾਸਗੀ ਫੁਰਖ ਸ਼ੀਅਰ ਦੇ ਸ਼ਾਹੀ ਤੰਬੂ ਵਿੱਚੋਂ ਆਕਰ ਆਪਣੇ ਬਡੇ ਤੰਬੂ ਅੱਗੇ ਸਾਏਬਾਨ ਦੇ ਨੀਚੇ ਫੌਜੀ ਅਫਸਰਾਂਦੇ ਦਰਬਾਰ ਵਿੱਚ ਚੌਕੀਪਰ ਬੈਠਾ ਹੋਇਆ ਬੋਲਿਆ, ਫੌਜਦਾਰ ਬਹਾਦਰਖਾਂ ਤੁਮਨੇ ਖਬਰਦਾਰ ਰਹਿਨਾ, ਯਹਿ ਸਿੰਘ ਕੌਮ ਵੱਡੀ ਭਾਰੀ ਕਾਫਰ ਜਾਹਲ ਹੈ ਮਰਨੇ ਮਾਰਨੇ ਜਰਾ ਭਰ ਥੀ ਨਹੀਂ ਡਰਤੀ, ਇਨ ਕੰਥਖਤੋਂ ਸੇ ਖੁਦਾ ਹੀ ਬਚਾਏ ਇਨਕਾ ਗੁਰੂ ਏਂਦਾ ਅਜਸਰ ਸ਼ਬ ਖੂਨ ਮਾਫਿਆ ਅਰਤਾ ਹੈ ਬਚਨਾ ॥

ਕ:ਮਾ:ਖ:—ਅਜੀ ਜਨਾਬ ਮੈਂ ਆਪ ਕੇ ਆਗੇ ਕਿਆ ਬਜਾਨ ਕਰੂੰ ਵੇ ਸਿਖੜੇ ਬਹੁਤ ਬੁਰੇ ਬਦ ਬਲਾਈ ਹੈਂ, ਬੇਸ਼ਕ ਆਪ ਸਚ ਕਹਿਤੇ ਹੈਂ ਪੰਜਾਬ ਮੈਂ ਐਸੀ ਦੂਸ੍ਰੀ ਕੋਈ ਬਹਾਦੁਰ ਕੌਮ ਨਹੀਂ ਜੈਸੀ ਕੇ ਯਹਿ ਹੈ, ਇਨ ਸੇ ਬਚਨਾ ਹੀ ਅਕਲਮੰਦੀ ਹੈ ॥

ਸ੍ਰਦਾਰ ਖਾਂ ਫੌਜਦਾਰ—ਵਿਲਾਹ ਖੁਦਾਵੰਦ ਉਨੋਂ ਨੇ ਤੋ ਘੋੜੋਂ ਕੀ ਪੀਠ ਕੋ ਹੀ ਅਪਨੇ ਲੀਏ ਚਾਰਪਾਈ ਔਰ ਜ਼ੀਨ ਹੀ ਕੋ ਬਿਛਾਈ, ਚਾਰ ਜਾਮੇਂ ਕੋ ਹੀ ਘਰ ਬਨਾ ਰਖਾ ਹੈ, ਖੁਦਾ ਜਾਨੇ ਉਨਕੇ ਬਦਨ ਪਥਰ ਕੇ ਹੈਂ ਯਾ ਗੈਂਡੇ ਕੀ ਖਾਲ ਕੇ, ਸ਼ੈਤਾਨ ਨੇ ਉਨਕੇ ਕਾਨ ਮੇਂ ਐਸਾ ਮੰਤਰ ਫੂਕਾ ਹੈ ਡਰ ਤੋ ਜਾਨਤੇ ਹੀ ਨਹੀਂ, ਅਰਾਮ ਹਰ ਤਰਾਂ ਕਾ ਹਰਾਮ ਸਮਝ ਰਖਾ ਹੈ, ਇਸਲਾਮ ਕੇ ਕਤਲਾਮ ਮੇਂ ਹੀ ਅਪਨਾ ਮੁਕਾਮ ਨਫਾ ਮਾਨਤੇ ਹੈਂ।

ਮੁਜਫ਼ਰ ਖਾਂ ਮੌਲਵੀ—ਅਲਾਹ ਮੀਆਂ ਆਪ ਨੇ ਸਚ ਕਹਾ ਅਬਤੋ ਹਮਾਰਾ ਪਾਲਾ ਭੀ ਉਨ ਬਦਕਿਰਦਾਰੋਂ ਸੇ ਆ ਪੜਾ, ਇਸੀ ਸੇ ਜਾਨ ਤੰਗ ਹੈ ਖੁਦਾ ਖੈਰ ਕਰੇ, ਕਿਸੀ ਤਰਾਂ ਉਨਕਾ ਗੁਰੂ ਖੰਦਾ ਵੈਰੀ ਹਮਾਰੇ ਹਾਥ ਆ ਜਾਏ ਤੋ ਫਿਰ ਬਾਕੀ

Sri Satguru Jagjit Singh Ji eLibrary NamdhariElibrary@gmail.com

ਸਿਖਾਂ ਕੋ ਪਸਪਾ ਯਾ ਕਾਬੂ ਕਰਨਾ ਸੁਖਾਲਾ ਹੋ ਜਾਏਗਾ।

ਮੁਸਾਹਿਬ—ਹਜ਼ਰਤ ਹਾਥ ਤੋਆਹੀ ਜਾਏ, ਲੇਕਨ ਸਚਤੋ ਯੇ ਹੈ ਕੇ ਉਨਕੇ ਖੌਫ ਸੇ ਹਮਾਰੇ ਹਵਾਸ ਬਾਖਤਾ ਹੋ ਰਹੇ ਹੈਂ।

ਸ਼ੀਫ ਖਾਂ—ਜੁਨਾਬ ਸਚ ਹੈ ਉਸ ਬੇਈਮਾਨ ਕੇ ਸਾਹਮਨੇ ਜਾਨੇ ਸੇ ਤੋ ਮੇਰਾ ਦਿਲ ਭੀ ਕਾਂਪਤਾ ਹੈ ਲੜ ਕਰ ਤੋ ਉਸ ਸੇ ਫਤੇ ਮਿਲਨੀ ਬਹੁਤ ਮੁਸ਼ਕਲ ਹੈ, ਇਸ ਲੀਏ ਮੈਂ ਤੋ ਅਬ ਯੇਹੀ ਠਾਨ ਲੀ ਹੈ ਕਿ ਮੌਕਾ ਪਾਕਰ ਉਸਕੋ ਸੋਤੇ ਹੁਏ ਕਿਸੀ ਤਰੇਂ ਗ੍ਰਿਫਤਾਰ ਕਰ ਲੇਨਾ ਚਾਹੀਏ, ਇਸੀ ਲੀਏ ਜਾਸੂਸ ਸਿੰਘ ਬਨਾ ਕਰ ਹਮ ਨੇ ਉਸ ਕੇ ਲਸ਼ਕਰ ਮੇਂ ਛੋਡ ਰਖੇ ਹੈਂ ਅਗਰ ਖੁਦਾ ਕੋ ਇਸਲਾਮ ਕੀ ਰੋਸ਼ਨੀ ਕਾ ਜਲਵਾ ਹਿੰਦੋਸਤਾਨ ਜੁਲਮਤ ਨਿਸ਼ਾਨ ਪਰ ਕਾਇਮ ਰਖਨਾ ਮਨਜੂਰ ਹੈ ਤੋ ਬੇਸ਼ਕ ਮੇਰੀ ਮੁਰਾਦ ਵਰ ਆਏਗੀ।

ਕਾਜ਼ੀ—ਇਨਸ਼ਾਏ ਅਲਾ ਤਾਲਾ ਐਸਾ ਹੀ ਹੋ।

ਸ਼ੀਫਖਾਂ—ਕਸਮ ਹੈ ਕਲਮੇਂ ਸ਼ਰੀਫਕੀ ਇਸ ਫਿਕਰ ਮੇਂ ਮੇਰੀ ਖੁਰਾਕ ਆਰੇ ਸੇ ਆਧੀ ਆ ਰਹੀ ਹੈ ਮੀਆਂਉਨੀਂਦ੍ਰੇ ਸੇ ਆਂਖੇਂ ਫਟੀ ਜਾ ਰਹੀ ਹੈਂ ਮਾਰੇ ਡਰ ਕੇ ਸੋ ਨਹੀਂ ਸਕਤੇ।

ਜਰਨਲ ਗੁਲਾਮ ਰਸੂਲ--ਅਜੀ ਜੁਨਾਬ ਅਗਰ ਮੈਂ ਸਚ ਕੈਹ ਦੂੰ ਤੋ ਆਪ ਹਸੇਂਗੇ, ਮੈਂ ਅਪਨੇ ਖੇਮੇ ਕੇ ਹਰ ਚਹਾਰ ਤਰਫ ਪੈਹਰਾ ਖੜਾ ਕਰ ਜਰਾਕ ਪੜਾ ਹੀ ਥਾ ਦੇਖਾ ਕਿ ਸਿਖ ਨੰਗੀ ਤਲਵਾਰੇਂ ਖੈਂਚੇ ਹੁਏ ਇਸਲਾਮੀਉਂ ਕੋ ਕਾਟ ਕਾਟ ਫੈਂਕ ਰਹੇ ਹੈਂ ਫੌਰਨ ਚੌਕ ਉਠਾ ਆਂਖ ਖੁਲੀ ਤੋ ਕੋਈ ਕੁਛ ਨਾ ਥਾ ਤੋ ਮੈਂ ਕਾਂਪਤਾ ਹੁਆ ਬੇਹੋਸ਼ੀ ਕੀ ਹਾਲਤ ਮੇਂ ਤੀਨ ਘੰਟੇ ਪੜਾ ਰਹਾ।

ਰਜਬ ਅਲੀ ਖਾਂ--ਅਜੀ ਮੀਆਂ ਕੁਛ ਭੀ ਹੋ ਇਸ

Sri Satguru Jagjit Singh Ji eLibrary NamdhariElibrary@gmail.com

ਹਲਕਾਏ ਊਣੋਂ ਸੇ ਬਚਨਾ ਹੀ ਬੇਹਤਰ ਹੈ, ਇਮਾਨ ਕੀ ਕਸਮ ਯੇਹੀ ਕਾਫਰ ਹਮਾਰੇ ਦੁਸ਼ਮਨੇ ਜਾਨੀ ਹੈਂ ਯੇਹ ਪੰਜਾਬਕੀ ਸ੍ਰਕਾਰ ਕੌਮ ਯੂੰ ਕਹਾ ਜਾਏ ਤੋ ਅਹਮਕ ਜਾਟ ਨਹਾ ਨੁਕਸਾਨ ਨਾ ਦੇਖਨੇ ਵਾਲੇ ਐਸੇ ਬੁਰੀ ਬਲਾਈ ਹੈਂ ਗੋਯਾ ਮਲਕਲ ਮੌਤ ਭੀ ਇਨ ਸੇਂ ਡਰਤੀ ਹੈ, ਮੀਆਂ ! ਇਨ ਕੀ ਤਲਵਾਰ ਹੈ ਕਿ ਗਜ਼ਬ ਖੁਦਾ ਹੈ, ਬਿਜਲੀ ਹੈ ਕਿ ਜਹੰਨਮ ਕੀ ਆਗ ਹੈ,ਇਨਸੇ ਲੜਨਾ ਤੋ ਗੋਯਾ ਮੌਤ ਕਾ ਮੁਕਾਬਲਾ ਕਰਨਾਂ ਹੈ, ਨਹੀਂ ਮਾਲੂਮ ਹਿੰਦ ਕੇ ਜਿਨਹਾਰ ਸੇ ਇਨ੍ਹੋਂ ਕਿਆ ਤਅੱਲਕ ਹੈ ਜੋ ਉਨਕੇ ਬਚਾਨੇ ਵਾਸਤੇ ਜਾਂਨੇ ਦੇ ਰਹੇ ਹੈਂ ॥

(ਇਧਰ) ਬੰਦਾ ---ਐ ਭਾਈ ਖਾਲਸਾ ਜੀ ਇਨ ਤੁਰਕੋਂ ਨੇ ਹਿੰਦ ਪਰ ਵੋਹ ੨ ਜ਼ੁਲਮ ਕੀਏ ਹੈਂ ਜੋ ਖਿਆਨ ਨਹੀਂ ਹੋ ਸਕਤੇ ਯਾਦ ਕਰਨੇ ਸੇ ਛਾਤੀ ਭਰ ਆਤੀ ਹੈ।

ਬਾਜ ਸਿੰਘ---ਮਹਾਰਾਜ ਇਨ ਦੁਸ਼ਟ ਮਲੇਛੋਂ ਨੇ ਆਜ ਹੀ ਕੋਈ ਨਵਾਂ ਕਹਰ ਕਹਾਰ ਤੋ ਨਹੀਂ ਉਠਾਇਆ, ਇਨ ਹੀ ਕੇ ਬਜ਼ੁਰਗ ਮਧੁਕੈਟਭ ਜਲੰਧ੍ਰ, ਮਹਿਖਾਸੁਰ ਕਾਲਨੇਮੀ ਸ਼ੁੰਭ, ਨਿਸ਼ੁੰਭ, ਰਕਤਬੀਜ ਵਗੈਰੇ ਬੇਸ਼ੁਮਾਰ ਹੋ ਗੁਜ਼ਰੇ ਹੈਂ, ਬਡੇ ੨ ਧਰਮਾਤਮਾਂ ਰਿਖੀ ਮੁਨੀਆਂ ਕੇ ਬਦਨੋਂ ਮੇਂ ਸੇ ਪਛ ਪਛ ਕੇ ਲਹੂ ਨਿਕਾਲਤੇ ਰਹੇ ਹੈਂ। ਅਬੀ ਹਮਾਰੇ ਬਜ਼ੁਰਗ ਸਤਗੁਰਾਂ ਸਾਥ ਕੈਸੇ ਸਲੂਕ ਕੀਏ ਹੈਂ, ਮਾਸੂਮ ਬਚੇ ਸ਼ੀਰ ਖੋਰ ਬੇ ਰਹਮ ਕੈਸੀ ਬੇਤਰਸੀ ਨਾਲ ਮਾਰੇ ਹੈਂ। ਗਰੀਬ ਨਿਵਾਜ ਇਨਕੇ ਜ਼ੁਲਮ ਯਾਦ ਆਤੇ ਹੈਂ ਤੋ ਯੇਹੀ ਮਨ ਮੇਂ ਠਟ ਜਾਤੀ ਹੈ ਕਿ ਜਹਾਂ ਤਕ ਨਾਕ ਮੇਂ ਦਮ ਹੈ--ਜੀਤ ਹਾਰ ਤੋ ਕਰਤਾਰ ਕੇ ਹਾਥ ਹੈ-ਲੜਨਾ ਹਮਾਰਾ ਕਾਮ ਹੈ ॥

ਬੰਦਾ----ਭਾਈਓ ! ਬਾਜ ਸਿੰਘ ਸਚ ਕੈਹਤਾ ਹੈ, ਖਾਲਸਾ

Sri Satguru Jagjit Singh Ji eLibrary NamdhariElibrary@gmail.com

ਜੀ ਕੋ ਐਸਾ ਹੀ ਚਾਹੀਏ, ਕਿਉਂਕਿ ਅਕਾਲ ਪੁਰਖ ਨੇ ਸਤਗੁਰਾਂ ਨੂੰ ਜੀਵਾਂ ਕੀ ਮੁਕਤ ਕਰਨੇ ਕੋ ਭੇਜਾ ਹੈ, ਸੋ ਵੋਹ ਤੋ ਸਿਖ ਹੋਤੇ ਹੀ ਹਾਸਲ ਹੈ, ਔਰ ਦੁਨਿਆਵੀ ਮਾਮਲੇ ਕੋ ਤਹ ਕਰਨੇ ਕੋ ਤੇਗ ਫੜਾਈ ਹੈ।ਪਿਆਰੇ ਭਾਈ ਸਾਹਿਬ! ਸਾਵਧਾਨ ਰਹਿਨਾ ਔਰ ਢਾਈ ਫੱਟ ਲੜਾਈ ਕੇ ਯਾਦ ਰਖਨਾ ॥

ਸਿੰਘ—ਗਰੀਬ ਨਿਵਾਜ ਧਰਮ ਜੁੱਧ ਮੇਂ ਤੋ ਯੇਹ ਤੁਰਕ ਹਮੇਂ ਕਬੀ ਨਹੀਂ ਜੀਤੇਂਗੇ, ਲੇਕਨ ਬੇਈਮਾਨੀ ਦਗੇਬਾਜੀ ਸੇ ਜੋ ਹੋਗਾ ਸੋ ਦੇਖਾ ਜਾਏਗਾ ॥

ਬੰਦਾ—ਪਿਆਰੇ ਖਾਲਸਾ ਭਾਈਓ! ਬੇਸ਼ਕ ਆਪ ਸਚ ਕਹਤੇ ਹੈਂ,ਲੇਕਨ (ਯਤੋ ਧਰਮ ਤਤੋ ਜੈ) ਧਰਮ ਜੁੱਧ ਕਰਨਾ ਤੁਮਾਰਾ ਧਰਮ ਹੈ ਜੀਤੇਗੇ ਤੋ ਜੱਸ ਔਰ ਦੁਨਿਆਵੀ ਸੁਖ ਭੋਗੋਗੇ ਜੁਝ ਗਏ ਤੋ ਸ਼ਹੀਦੀ ਸੱਚ ਖੰਡ ਕੀ ਮਿਲੇਗੀ, ਦੋਨੋ ਹਾਥ ਮੇਂ ਤੁਮਾਰੇ ਲਡੂ ਹੈਂ।

ਦਰਬਾਰਾਸਿੰਘ—ਭਲਾ ਏਕਾ ਏਕੀ ਸਿੰਘਾਂ ਨੂੰ ਜੀਤ ਲੈਨਾ ਕੋਈ ਦਾਲ ਭਾਤ ਹੈ ? ਯੇਹ ਬਡੀ ਟੇਡੀ ਖੀਰ ਖਾਨੀ ਸਾਰ ਕੇ ਚਨੇ ਚਬਨੇ ਹੈਂ ॥

ਬੰਦਾ--ਐ ਗੁਰੂ ਕੇ ਲਾਲ ਬਹਾਦਰੋ ! ਆਜ ਸਾਵਧਾਨ ਰਹਿ ਕਰ ਰਾਤ ਭਰ ਸੋਣਾਂ ਨਹੀਂ, ਕਮਰ ਕੱਸੇ ਕੱਸ ਰਹੋਂ, ਕਾਠੀਆਂ ਘੋੜੋਂ ਪਰ ਕੜੀ ਰਹੇ ਤੋੜੇ ਸਲਗਤੇ ਤੋਤਿਓਂ ਪਰ ਜੜੇਰਖਨਾ, ਦੁਗਾੜੇ ਭਰੇ ਰੱਖੇ ਮਤ ਕਹੀਂ ਗਾੜੇ ਭੰਗ ਦੇ ਭਾੜੇ ਹਾਥ ਮਾਰ ਜਾਏਂ, ਸਥਨੇ ਯਹੀ ਗੁਰਮਤਾ ਮਾਨ ਲੀਆ ॥

(ਓਧਰ ਤੁਰਕ ਆਪਸ ਮੇਂ) ਕਰੀਮ ਬਖਸ਼—ਅਜੀ ਸਾਹਿਬ ਹਮ ਨੇ ਸੁਨਾ ਹੈ ਮਾਰੇ ਡਰ ਕੇ ਕਾਫਰ ਤੋ ਕਹੀਂ ਕੇ ਕਹੀਂ ਪਹਾੜੋਂ ਝਾੜੋਂ ਮੇਂ ਜਾ ਘੁੱਸੇ ਕਿਲਾ ਖਾਲੀ ਪੜਾ ਹੈ ॥

Sri Satguru Jagjit Singh Ji eLibrary NamdhariElibrary@gmail.com

ਕਾਜ਼ੀ—ਵਾਹ ਕਿਉਂ ਨਾ ਐਸਾ ਹੋ ਕਿਸ ਕੀ ਮਜਾਲ ਹੈ ਜੋ ਇਸਲਾਮ ਕੇ ਸਾਮਨੇ ਹੋ ?

ਜਾਨੀ ਖਾਂ--ਮੀਆਂ ਕਾਜ਼ੀ ! ਆਜ ਤੋ ਹੁਕਮ ਦੀਜੀਏ ਜਸ਼ਨ ਹੋ, ਹਾਂ ਜ਼ਰਾ ਸ਼ਾਹਜ਼ਾਦੇ ਕੇ ਮੂੰਹ ਕੀ ਲੇਲੋ ਵਜ਼ੀਰ ਕੇ ਕਾਨੋਂ ਮੇਂ ਸੇ ਕਾਢ ਲੋ ॥

ਝੱਪਟ ਖਾਂ—ਅਰੀ ਭਠਾਰੀ ਮੈਨੇ ਪੁਖਤਾ ਹਾਲ ਸੁਨਾ ਹੈ ਅਬ ਕਾਫਰ ਨਹੀਂ ਲੜੇਂਗੇ, ਵਾਹ ਮੀਆਂ ਫਿਰ ਜ਼ਰਦੇ ਪੁਲਾ ਉੜੇ ਜੋ ਹੋ ਸੋ ਹੋ ਕਿਆ ਸਾਨ ਮਾਂਗ ਕੇ ਲਿਆਏ ਹੋਂ ਕੋਈ ਲੜੇ ਮਰੇ, ਯਹਾਂ ਤੋ ਭਾਗਤੋਂ ਕੇ ਆਗੇ ਲੜਤੋਂ ਕੇ ਪੀਛੇ ਜਥਾਨ ਕੀ ਤੇਗ ਸੇ ਤੋ ਦਸ ਹਜਾਰ ਕੋ ਹਾਥ ਮਾਰੇ ਬਿਨਾਂ ਨਹੀਂ ਰਹਿਤੇ ਲੋਹੇ ਕੀ ਠੋਕਰ ਖਾਨਾਂ ਹੀ ਠੀਕ ਹੈ ॥

ਗਨੀ ਖਾਂ—ਅਜੀ ਜੁਨਾਬ ਆਪਸੇ ਮੇਰਾ ਦਿਤਫਾਕ ਹੈ ਇਸੀ ਲੀਏ ਤੀਨ ਦਿਨ ਸੇ ਸ਼ਾਹੀ ਖੈਮੇ ਕੀ ਤਰਫ ਨਹੀਂ ਗਿਆ । ਕਲ ਕਾ ਜ਼ਿਕਰ ਹੈ ਮੈਂ ਏਕ ਰੰਡੀ ਕੇ ਘਰ ਸੇ ਫਜ਼ਰੇ ਹੀ ਇਧਰ ਆ ਰਹਾ ਥਾ ਉਧਰ ਸੇ ਮਿਰਜ਼ਾ ਜ਼ਾਫਰ ਬੇਗ ਚਾਰ ਆਦਮੀਓਂ ਕੇ ਸਾਥ ਆਮਿਲਾ ਕੁਛ ਬਾਤੋਂ ਕਰ ਰਹੇ ਥੇ; ਸਜਾਮਤ ਫੌਰਨ ਦੋ ਸਿੱਖ ਸੂਰਤ ਫਰੇਸ਼ਤਾ ਆ ਪਹੁੰਚੇ ਬਿਨਾਂ ਹੀਲ ਹੁਜਤ ਮਿਰਜ਼ਾ ਜੀ ਕੋ ਤੋ ਮਏ ਅਸਖਾਸ ਲਾਠੀਓਂ ਸੇ ਪਾਸ਼ ਪਾਸ਼ ਕਰ ਡਾਲਾ ਜਬ ਮੁਝ ਪਰ ਕਜਾਮਤ ਟੂਟੀ ਮੈਂ ਤੋ ਹਾਥ ਬਾਂਧ ਦਾਂਤੋਂ ਮੇਂ ਘਾਸ ਲੇ ਉਨਕੇ ਪਾਉਂ ਪਰ ਗਿਰ ਪੜਾ, ਇਸਲਾਮ ਕੀ ਮੁਜਮਤ ਸਿੱਖੋਂ ਕੀ ਤਾਰੀਫ ਯਹਾਂ ਤਕ ਕੀ ਕਿ ਜਿਸਕੋ ਸੁਨਤੇ ਹੀ ਮੁਝੇ ਛੋੜ ਗਏ ਫਰਨਾ ਆਜ ਜਾਨ ਜਾਤੀ ਰਹੀ ਥੀ ॥

ਦੂਸਰਾ—ਫਿਰ ਕਿਆ ਦੀਨ ਕੇ ਪੀਛੇ ਜਾਨ ਦੇ ਡਾਲਤੇ?

Sri Satguru Jagjit Singh Ji eLibrary NamdhariElibrary@gmail.com

ਗਨੀ ਖਾਂ-ਜ਼ਾਨ ਸੇ ਹੀ ਤੋ ਜਹਾਨ ਹੈ, ਕੋਈ ਜੀਤੇ ਕੋਈ ਹਾਰੇ ਹਮੇਂ ਤੋ ਸਿਰਫ ਹਲਵੇ ਮੰਡੇ ਸੇ ਕਾਮ ਹੈ ॥

(ਏਧਰ) ਬੰਦਾ—ਪਿਆਰੇ ਭਾਈ ਖਾਲਸਾ ਜੀ ! ਸਜੇ ਧਜੇ ਸਾਵਧਾਨ ਰਹਿਨਾ ਮੈਂ ਜਰਾ ਕੁ ਨੀਂਦ ਲੇ ਲੂੰ ਕਈ ਦਿਨ ਰਾਤ ਗੁਜ਼ਰੇ ਮਲੇਛੋਂ ਨੇ ਜਰਾ ਭਰ ਅੱਖ ਨਹੀਂ ਲਗਨੇ ਦੀ ॥

ਸਾਵਲ ਸਿੰਘ ਜਮਾਂਦਾਰ--ਦੇਖਨਾ ਕਹੀਂ ਕੁਛ ਖਟਕਾ ਮਾਲੂਮ ਹੋ ਤੋ ਮੁਝੇ ਜਗਾ ਦੇਨਾ, ਕਮਰਕਸਾ ਕਸੇ ਕਸਾਏ ਬੰਦਾ ਏਕ ਬਿਛ ਕੇ ਨੀਚੇ ਸੋ ਗਿਆ, ਘੋੜਾ ਜ਼ੀਂਨ ਪਾਏ ਪਾਸ ਬੰਧਾ ਹੈ। ਪਹਿਰੇ ਵਾਲੇ ਔਰ ਟਾਂਗੂ ਸਿਖੋਂ ਕੇ ਭਰੋਸੇ ਸਬ ਸੋ ਗਏ। ਓਧਰੋਂ ਸ਼ਾਹਜ਼ਾਦੋਂ ਕੇ ਜਾਸੂਸ ਜੋ ਸਿੰਘ ਸਜੇ ਹੋਏ ਸਿਖੀ ਦਲ ਮੈਂ ਫਿਰ ਰਹੇ ਥੇ ਓਨਾਂ ਨੇ ਫੌਰਨ ਸ਼ਰੀਫ ਖਾਂ ਹਰਾਵਲ ਕੋ ਖਬਰ ਦਿਤੀ ਕਿ ਆਜ ਸਭ ਸਿਖ ਮੀਠੀ ਗਾਹੜੀ ਨੀਂਦ ਨਿਸ਼ੰਗ ਸੋ ਰਹੇ ਹੈਂ ॥

ਸ਼ਰੀਫ ਖਾਂ--ਅਲਹਮਦ ਪੜ੍ਹ ਕੇ ਅਸਵਾਰ ਹੋ ਦੋ ਹਜ਼ਾਰ ਸਵਾਰ ਸਾਥ ਲੇ ਕਰ ਮਨ ਹੀ ਮਨ ਮੇਂ ਅਲਾਹ ਅਕਬਰ ਬੋਲਤੇ ਹੁਏ ਧਾਵਾ ਕਰ ਆ ਪੜੇ, ਟਾਂਗੂਓਂ ਨੇ ਅਵਾਜ਼ੇਂ ਦੀਂ ਪਰ ਭੰਗ ਕੇ ਨਸ਼ੇ ਮੇਂ ਕਿਸੀ ਨੇ ਸੁਨੀ ਕਿਸੀ ਨੇ ਨਾ ਸੁਨੀ, ਤਦੋਂ ਹੀ ਪਤਾ ਲਗਾ ਜਦ ਸਿਰ ਪਰ ਬੈਰੀ ਆ ਖੜੇ ਹੋਏ। ਬੰਦਾ ਪਕੜਿਆ ਗਿਆ ਬਾਕੀ ਸਿਖ ਕੁਛ ਲੜੇ ਕੁਛ ਭਾਗ ਨਿਕਲੇ ਬੰਦੇ ਕੋ ਦੇਖ ਕਰ ਅਮੀਰ ਬੋਲੇ:ਸ਼ੁਕਰ ਹੈ ! ਸਿਸਤਰਾਂ ਖੁਦਾ ਨੇ ਬੰਦੇ ਕੋ ਫੜਾ ਦੀਆ ਹੈ ਅਬ ਇਸਤਰਾਂ ਔਰ ਸਿਖ ਭੀ ਪਕੜੇ ਮਾਰੇ ਜਾਏਂਗੇ ਤਬੀ ਇਸਲਾਮ ਕੀ ਰਹਿ ਆਵੇਗੀ।

(ਪਾਸ ਤੇ) ਸ਼ਦਾਰ ਖਾਂ--ਅਜੀ ਗਰੀਬ ਪਰਵਰ ਸਲਾਮਤ ਅਬ ਕਿਆ ਹੈ, ਇਸੀ ਬੇਈਮਾਨ ਕਾ ਹਾਥ ਆਨਾ ਮੁਸ਼ਕਲ

Sri Satguru Jagjit Singh Ji eLibrary NamdhariElibrary@gmail.com

ਥਾ, ਖੁਦਾ ਕੇ ਹੁਕਮ ਸੇ ਅਬ ਹਰਜਗਾ ਇਸਲਾਮ ਕੀ ਫਤੇ ਹੀ ਫਤੇ ਹੈ, ਸਿਖ ਮਾਰ ਲੀਏ ਤੋ ਫਿਰ ਹਿੰਦੂ ਕਿਆ ਚੀਜ਼ ਹੈਂ, ਏਕ ਤੋ ਖੁਦਾ ਕੀ ਮਾਰ ਉਨੇ ਖੁਦ ਹੀ ਬਨ ਰਹੇ ਹੈ, ਬਹੁਤ ਸਾਰੇ ਫਿਰਕਿਓਂ ਮੇਂ ਬਟ ਕਰ ਤੇਰਹਿ ਤੀਨ ਆਪੇ ਧਾਪ ਬਨ ਰਹੇ ਹੈਂ, ਬਾਕੀ ਉਨ ਕੀ ਬੇਇਤਫਾਕੀ ਉਨ ਕੋ ਖੁਦ ਹੀ ਮਾਰ ਲੇਗੀ ਦੇਖੋ ਸਹੀ ਆਨਨ ਫਾਨਨ ਮੇਂ ਹੀ ਵੇ ਤੇ ਜਹੱਨਮ ਰਸੀਦ ਹੋਂਗੇ । ਵੇ ਤੋ ਸਿਰਫ ਝਾੜ ਕੇ ਆਸਰੇ ਘਾਸ ਬਚਾ ਹੁਆ ਹੈ, ਸਿਖ ਮਾਰੇ ਤੋ ਵੋਹ ਬੀ ਮਾਰੇ ਸਮਝੋ ।

ਫਜਲ ਖਾਂ--ਅਜੀ ਖੁਦਾਵੰਦ ਇਸਲਾਮ ਕੇ ਆਫ ਤਾਬ ਆਗੇ ਕੁਫਰ ਕੀ ਤਾਰੀਕੀ ਕਬੀ ਠਹਿਰ ਸਕਤੀ ਹੈ ? ਆਪ ਯਕੀਨ ਰਖੇਂ ਅਬ ਆਪ ਕੇ ਸਾਮਨੇ ਹੀ ਚੰਦ ਰੋਜ਼ ਮੇਂ ਸਾਰੇ ਹਿੰਦੂ ਮੋਮਨ ਬਨ ਜਾਏਂਗੇ, ਸਾਰੀ ਦੁਨੀਆਂ ਪਰ ਈਮਾਨ ਕਾ ਜਲਵਾ ਹੋਗਾ, ਕੁਫਾਰ ਦਾਖਲੇ ਜਹੱਨਮ । ਪੈਗੰਬ੍ਰ ਆਖਰੁਲ ਜਮਾਂ ਸਲਲਹ ਅਲੈ ਹੁਸਲਮ ਕਾ ਦੀਨ ਤਮਾਮ ਰੂਏ ਜਮੀਨ ਪਰ ਫੈਲ ਜਾਏਗਾ ॥

(ਅਮੀਰ ਆਂਮੀ ਆਂਮੀ ਆਂਮੀ)

ਕਾਜ਼ੀ--ਮੇਰੀ ਰਾਇ ਹੈ ਇਸ ਹਰ ਤਰਾਂ ਕੀ ਗੁਫਤਗੂ ਕੋ ਪੇਸ਼ਤਰ ਬੰਦੇ ਕਾਫਰਕੇ ਗ੍ਰਿਫਤਾਰ ਹੋਨੇ ਕੀ ਖੁਸ਼ੀਪਰ ਖੁਦਾ ਕਾ ਸ਼ੁਕਰੀਆ ਅਦਾ ਕਰੋ, ਮਏ ਸ਼ਰਫਾਂਨ ਸਪਾਹ ਕੇ ਲੀਏ ਖਾਨਾਂ ਨਫੀਸ ਉਮਦਾ ੨ ਖੁਲਾ ਕਰ ਅਨਾਮ ਕੇ ਉਮੈਦਵਾਰ ਕਰ ੨ ਹੌਸਲੇ ਬਢਾਨੇ ਚਾਹੀਏ, ਸਬ ਏਕ ਜ਼ਬਾਨ-ਬੇਸ਼ਕ ! ਬੇਸ਼ਕ !! ਕਾਜੀ ਉਠ ਕੇ ਸਬ ਕੇ ਆਗੇ ਘੁਟਨੋਕੇ ਬਲ ਝੁਕਿਆ ਤੇ ਪੀਛੇ ਅਮੀਰ ਸਮੇਤ ਸਬ ਝੁਕ ਪੜੇ ।

(ਕਾਜੀ) ਹਾਥ ਉਠਾਕੇ ਕਾਫਰੋਂ ਪਰ ਮੁਸਲਮਾਨ ਕੋ ਫਤੇ

Sri Satguru Jagjit Singh Ji eLibrary NamdhariElibrary@gmail.com

ਧਾਬ ਬਨਾਦਾ, ਸਭ ਏਕ ਸੰਗ ਬੋਲੇ ਅਲਹੱਮਦ ਲਿੱਲਾ ਅਲਹੱਮਦ ਲਿੱਲਾ ॥

ਜ਼ਿਕਰ ਮੁਸਲਮਾਨੋਂ ਕੀ ਖੁਸ਼ੀ ਕਾ

(ਕਾਜੀ) ਸਦਕੇ ਮੈਂਨਬੀ ਸੈਯਦੇ ਮਕੇ ਮੁਦੀਨੀ ਕੇ ਦਿਤ ਫਾਲੇ ਅਲੀ ਕੇ ਅਸਹਾਬ ਕੇ ਲਸ਼ਕਰ ਮੇਰਾ ਦੁਸ਼ਮਨੋਸੇਬਚਾਦਾ। ਸਬ ਅਲਹੱਮਦ ਲਿੱਲਾ।

(ਕਾਜ਼ੀ) ਕੀ ਮੇਹਰ ਬਡੀ ਤੂੰ ਨੇ ਬਸ ਮੇਰੇ ਖੁਦਾਯਾ ਸਬ ਅਲਹਮਦ ਲਿੱਲਾ ।

ਕਾਜ਼ੀ--ਖਾਲੀ ਕੀਆ ਏਕ ਆਨ ਮੇਂਦੈਰੋਂ ਕੋਸਨਮਸੇ ਸ਼ਮਸ਼ੇਰ ਦਿਖਾਕੇ ਬੁਤਖਾਨਾ ਗਿਰਾਕਰ ਹਰਮ ਤੁਨੇਬਨਾਦਾ। ਸਬ ਅਲਹਮ ਲਿੱਲਾ ॥

ਕਾਜ਼ੀ--ਇਸ ਹਿੰਦ ਸੇ ਸਬ ਦੂਰ ਹੁਈ ਕਫਰ ਕੀ ਜ਼ੁਲਮਤ ਕੀਈ ਤੁਮਨੇ ਰਹਿਮਤ ਨਰਾਲਏ ਹਰੇਕ ਸਿਮਤ ਬਨਾਯਾ। ਸਬਃ ਅਲਹਮਦਲਿਲਾਹ

ਕਾਜ਼ੀ--ਗਿਰ ਕਰ ਨਾ ਉਠੇ ਕਾਫਿਰੇ ਬਦਕਾਰ ਜ਼ਿਮੀ ਸੇ ਐਸੇ ਹੁਏ ਗਾਰਤ ਮੇਰੇ ਮਾਹਿਬੁਬ ਖੁਦਾਯਾ । ਸਬ ਅਲਹਮਦ ਲਿਲਾਹ ॥

ਇਧਰ ਬਾਜ ਸਿੰਘ ਦਰਬਾਰਾ ਸਿੰਘ ਜੁਝਾਰਸਿੰਘ ਆਦਕੋਂ ਨੇ ਸਬ ਸਿੰਘੋਂਕੋ ਜਮਾ ਕਰ ਗਾਰਮਤਾ ਕੀਤਾ ਕਿ ਬਾਬੇ ਬੰਦੇ ਕਾ ਪਿੰਜਰਾ ਦਿਲੀ ਪਹੁੰਚਨਾ ਨਾ ਪਾਵੇ ਜਸ ਤਰਾਂ ਹੋਸਕੇ ਛੁਡਾਓ ॥

ਚਲੋ ਦੇਰ ਮਤ ਕਰੋ ਉਠੋ ਖਿਜੈ ਝੰਡਾ ਝੁਲਾਓ । ਲੋਹ ਮਯਾਨ ਸੇ ਖੈਂਚ ਖੰਡੇ ਰਣ ਰੰਗ ਮਚਾਓ । ਕਮਰੇਂ ਕਸ ਕਰ ਉਠੋ ਧਨਖ ਮੁਖਸਰ ਧਰ ਸਾਧੋ। ਸਜੋ ਕੇਸਰੀ ਬਸਤ੍ਰ

Sri Satguru Jagjit Singh Ji eLibrary NamdhariElibrary@gmail.com

ਕਰ ਕੰਗਾਨੇ ਬਾਧੋ। ਤੁਮ ਆਗੇ ਇਹ ਕੌਨ ਨੀਚ ਹੈਂ ਯਵਨ ਬਿਚਾਰੇ। ਸਿੰਘ ਸਰੋ ਜਹੁੰ ਸ੍ਨਾਨ ਠੈਹਰੰ ਹੈ ਸਮਰ ਮਝਾਰੇ। ਪਗ ਤਲ ਇਨ ਕੋ ਦਲੋ ਕੋਟ ਤ੍ਰਿਨਸ੍ਯਯਵਨ ਦਲ। ਤਨਕ ਸ਼ੰਕ ਨਾਕਰੋ ਧਰਮ ਜਿਤਹੈ ਤਿਤਜੈਜ ਭਲ। ਧਰਮ ਰਖਿਆ ਹੇਤ ਪੰਥ ਇਹ ਸਤਗੁਰ ਕੀਓ। ਗੋ ਗਰੀਬ ਦਿਜ ਸੰਤ ਹਿੰਦ ਪਾਲਕ ਤੁਮ ਥੀਓ। ਸਿੰਘ ਨਾਮ ਕੀ ਲਾਜ ਆਜ ਤੁਮ ਪਾਲਹੁ ਬੀਰੋ। ਯਵਨ ਬੰਦ ਕੋ ਧੂੰਸ ਕਰੋ ਥਿਨ ਦੇਰਹਿੰ ਚੀਰੋ । ਇਨ ਦੁਸ਼ਟੋਂ ਕੋ ਪਾਪ ਆਪ ਕੇ ਪ੍ਰੇਰ ਲਿਆਏ। ਧ੍ਰਿਗ ਤਿਸਕੋ ਜੋ ਸਿੰਘ ਹੋਏ ਨਹਿ ਤੁਰਕਹਿੰ ਘਾਏ। ਅਹੋ ਬੀਰ ਧਰ ਧੀਰ ਖੈਂਚ ਸ਼ਮਸ਼ੇਰੈਂ ਧਾਵੋ। ਧਰ ਅਕਾਲ ਕਾ ਧਿਆਨ ਮੁਗਲ ਪਾਠਾਨਹਿੰਘਾਵੋ। ਸ਼ਿਨ ਨਿਰਦੱਯਨ ਪਿਖੋ ਗੁਰੂ ਕੇ ਬਾਲਕ ਮਾਰੇ। ਕਸਮ ਕੁਰਾਨੈਂ ਖਾਇ ਫੇਰ ਛਲ ਕੀਨੇ ਭਾਰੇ। ਧ੍ਰਿਗ ਹੈ ਇਨਕਾ ਦੀਨ ਮਾਤਪਿਤ ਧ੍ਰਿਗ ਆਚਾਰਜ। ਦਗਾ ਦਰੋਗ ਸਿਖਾਇ ਕਰੇ ਈਮਾਨੈਂ ਖਾਰਜ। ਧਰਮ ਹੀਨ ਕਾ ਦੀਨ ਖੀਨ ਸੁਖ ਕਰ ਹੈ ਦੋਊ। ਮਾਰ ਯਵਨ ਕੁਲ ਭਲੇ ਹਿੰਦ ਪਾਲਕ ਤੁਮ ਹੋਊ। ਜੂਝੇ ਪੈ ਹੋ ਮੁਕਤਿ ਜੀਤ ਲੈ ਹੋ ਧਰ ਰਾਜੂ । ਸਨਮੁਖ ਦੁਸ਼ਟੈ ਮਾਰ ਕਰਤ ਕਿਨ ਅਪਨਾ ਕਾਜੂ । ਚਮਕੈ ਦਮਕੈ ਤੇਗ ਠਨਕ ਸ਼ਸਤ੍ਰ ਬਖਤਰ। ਛੱਡੋ ਭੀਰ ਦੁਰੰਗ ਹਤੋ ਰਣ ਮਹਿ ਆਰਣ ਚਲ ਕਰਾਇਹ ਸੁਨ ਸਿੰਘਨ ਸ਼ਬਨ ਕਰੀ ਪ੍ਰਤਗਜਾ ਐਸੀ । ਗੁਰੂ ਗੋਬਿੰਦਸਿੰਘ ਬਨ ਲੜੈਂ ਸਜਾਰ ਕਨ ਤੁਰਕੁ ਫੈਸੀ । ਦਿਲੀ ਕਾਬਲ ਪਤੀਸ਼ਾਹ ਚਕੈ ਕਿਨ ਆਵੈ। ਹਮ ਨਾਹਿ ਡਰ ਹੈਂ ਕਬੀ ਪਕੜ ਖੰਡੇ ਅਰਿ-

Sri Satguru Jagjit Singh Ji eLibrary NamdhariElibrary@gmail.com

ਘਾਵੈ । ਗੁਰੂ ਹਮਾਰੇਪੀਠ ਠੋਕ ਸਿੰਘਨ ਪ੍ਰਤਿ ਭਾਖਜੋ । ਸਵਾ ਲਾਖ ਸੋ ਏਕ ਲੜਾਊਂ ਨਿਸਚਾ ਰਾਖਜੋ । ਬੁਜੋ ਮਾਰ ਹੈ ਸ਼ੇਰ ਚਿੜੀ ਤੇ ਬਾਜ ਤੁੜਾਊਂ । ਤਬ ਹੀ ਨਾਮ ਗੋਬਿੰਦ ਸਿੰਘ ਜਗ ਮੈਂ ਬਿਦਤਾਊਂ । ਟਰੈ ਮੇਰੁ ਧਰ ਧ੍ਰਵ ਸਸੀ ਸੂਰਜ ਮਰਜਾਦੈ । ਬਚਨ ਗੁਰੂ ਕਾ ਟਰੈ ਨੋਹਿੰ ਰਾਖਹੁ ਦਿੜ ਯਾਦੈ। ਇਹ ਬਿਧਿ ਕਰ ਗੁਰਮਤਾ ਕਤਾ ਲੜਨੇ ਸਾਜੀ । ਸੋਧ ਅਰਦਾਸੇ ਚੜੇ ਬੀਰ ਹਿਨਨਾਏ ਤਾਜੀ । ਦੁਹਿਰੀ ਚੋਬਾਂ ਲਗੀਨਗਾਰੇ ਧੌਸ਼ਨ ਪਰ ਹੈ । ਸਿੰਘਨ ਤੁਰੰਗਨ ਤਈ ਬੀਰ ਰਸ ਚੜਜੋ ਅਡਰਹੈ । ਉਤ ਦਿਸ ਤੁਰਕਨ ਜਸ਼ਨ ਖੁਸ਼ੀ ਕਾ ਥਾ ਬਡ ਕੀਆ । ਬੈਠੇ ਸਭਾ ਲਗਾਇ ਚਾਇ ਭਰ ਮਦਰਾ ਪੀਆ । ਕਰਤ ਕੰਚਨੀ ਨਾਚ ਗਾਇ ਕਰ ਸਬਨ ਰਿਝਾਵਤ । ਸਾਕੀ ਪਜਾਲਾ ਬਾਰ ਬਾਰ ਭਰ ਸਬ ਨੂੰ ਪਿਆਵਤ । ਰਹੇ ਨਸ਼ੇ ਮੈਂ ਝੂਮ ਧੂੰਮ ਹੁਕੇਕਾ ਘੂਟ । ਫੇਰੀ ਲੈ ਲੈ ਨਚਤ ਕੰਚਨੀ ਦੌਲਤ ਲੂਟਤ।ਸਭਾ ਵੀਚ ਅੰਮੀਰ ਜਿਤਕ ਥੇ ਬੈਠੇ ਸੋਹਿਤ । ਟੱਪਾ ਠੁਮਰੀ ਗਜਲ ਗਾਇ ਬੇਸ਼ਿਆ ਮਨ ਮੋਹਿਤ । ਆਜ ਏਹੁ ਦਰਬਾਰ ਖੁਸ਼ੀ ਕਾ ਰਹੇ ਮੁਬਾਰਕ । ਸ਼ਹਿਨ ਸ਼ਾਹਿ ਇਸਲਾਮ ਰਹੇ ਸਦ ਮੁਲਕਹਿ ਪਾਰਕ । ਦੀਨੀ ਦੁਸ਼ਮਨ ਫੜਿਓ ਤੁਮੈ ਇਹੁ ਵੰਦਾ ਪਾਪੀ । ਡੰਕਾ ਜਸਕਾ ਬਜਜੋ ਤੁਮਾਰਾ ਜਗਮੈਂ ਆਪੀ ।

ਦੋਹਿਰਾ॥ਖੁਸ਼ੀ ਹੋਇ ਸ਼ਾਰੀਫਖਾਂ ਗੁੰਠੀ ਦਈ ਉਤਾਰ । ਕਹਜੋ ਮੁਬਾਰਕ ਇਹ ਤੁਮੈ ਹੋਵੈ ਭਲ ਪੂਕਾਰ ।

ਕਬਿੱਤ ॥ ਤਾਹੀਂ ਛਿਨ ਖਾਲਸਾ ਨਿਹਾਲਸਾ ਹੈ

Sri Satguru Jagjit Singh Ji eLibrary NamdhariElibrary@gmail.com

ਆਇ ਪੁਜਿਓ ਸੁਝਿਓ ਨਾਹਿ ਤੁਰਕੈਂ ਤਬ ਕਿਛੁ ਨਾ ਵਿਚਾਰਿਓ। ਸੁਨਕੈ ਅਵਾਜ ਸੀਂਹ ਵਾਜ ਥਾਨ ਛੋਜ ਦਾਰ ਚੌਕ ਉਠਿਓ ਸੀਘ੍ਰ ਪੈ ਜਾਨ ਲੈ ਪ੍ਰਧਾਰਿਓ। ਸ਼ੇਰੈਂ ਸ਼ਮ ਕੂਦ ਪਰੇ ਸਿੰਘ ਸ਼ਮਸ਼ੇਰੈਂ ਖਿੱਚ ਹਾਇ ਹਾਇ ਤੋਬਾ ੨ ਤੁਰਕਨ ਉਚਾਰਿਓ । ਉਡ ਗਏ ਹਵਾਸ ਸ੍ਵਾਸ ਖਾਇ ਗਿਰੇ ਭੂਮਿ ਕੋਊ ਭਾਗਿਓ ਨ ਜਾਤ ਝੰਮ ਝੂੰਮ ਹੋ ਸਹਾਰਿਓ ॥

ਸਿੰਘਾਂ ਨੇ ਜੰਗ ਜਿੱਤਣਾ

ਤਾਂਹੀ ਛਿਨ ਗਿਨ ਗਿਨ ਸਿੰਘਨ ਚਲਾਈ ਤੇਗ ਏਕ ਹੀ ਪਛਾੜ ਸੁਟੇ ਛਨ ਕਲੀਮ ਕੇ। ਨਸ਼ੇ ਨੇ ਬਿਗਾੜੀ ਬਾਜੀ ਭਾਗ ਚਾਲੇ ਗਾਜੀ ਕਾਜੀ ਸਾਜੀ ਨਾ ਲੜਾਈ ਤਾਜੀ ਹਾਜੀ ਗਿਰੇ ਬੀਮ ਕੇ । ਕਯੋ ਨੋ ਬਿਚਲ ਦਲ ਲਾਗੀ ਨਾਹਿ ਏਕ ਪਲ ਸਿੰਘਨ ਲਗਾਇ ਬਲ ਪਾਰ ਕਰੇ ਸੀਮ ਕੇ । ਜਥ ਹੀ ਸਰਦਾਰ ਭਾਗੇ ਔਰੈਂ ਸਭ ਪੀਛੇ ਲਾਗੇ ਦਾਗੇ ਨਾਹਿ ਰਾਮ ਜੰਗੇ ਨਾਮ ਲੈ ਕਰੀਮ ਕੇ ॥

ਸਿੰਘੋਂ ਨੇ ਛੈ ਸਾਤ ਕੋਸ ਪੀਛਾ ਲੀਓ ਸਾਥ ਜੋਸ਼ ਆਏ ਮੁੜ ਠੌਰ ਓਸ ਥੰਦੇ ਕੋ ਸੰਭਾਰਿਓ । ਕਾਟ ਬੇੜੀ ਪਿੰਜਤਾ ਤਬਕ ਹਾਥ ਕੜੀ ਛੜੀ ਗਾੜੀ ਮੈਂ ਲਿਆਏ ਪਾਏ ਆਨੰਦ ਅਪਾਰਿਓ । ਤੁਰਕਨ ਕੀ ਹੋਈ ਹਾਰ ਸਿੰਘਨ ਕੋ ਜੈ ਜੈ ਕਾਰ ਜਹਾਂ ਤਹਾਂ ਫੈਲੀ ਸ਼ਾਰ ਏਹੈ ਬਿਨ ਬਾਰਿਓ । ਸਾਜ ਯਾਹਿ ਪਾਇ ਸ਼ਾਹਿ ਝੂਰਜੋ ਮਨ ਮਾਹਿ ਬਹੁ ਫੇਰ ਹੋਰ ਫੌਜ ਭੇਜੀ

Sri Satguru Jagjit Singh Ji eLibrary NamdhariElibrary@gmail.com

ਜੰਗ ਜੈਤਵਾਰਿਓ ॥

ਛੇਕੜਲਾ ਲੋਹਗੜ ਦਾ ਜੰਗ

ਹੁਣ ਫਰਖਸ਼ੀਯਰ ਬਾਦਸ਼ਾਹ ਨੇ ਸਿਖਾਂ ਦਾ ਹਾਲ

ਸੁਣਕੇ ਮਹੰਮਦ ਅਮੀਨ ਖਾਂ ਫੌਜਦਾਰ ਗੁਜਰਾਤੀ ਅਤੇ ਜ਼ਬਤਦਸਤ ਖਾਂ ਸੂਬੇਦਾਰ ਕਸ਼ਮੀਰ, ਅਬਦਲ ਸਮੰਦ ਖਾਂ ਨਾਜ਼ਮ ਲਾਹੌਰ, ਮੋਮਨ ਖਾਂ ਤੇ ਸਫਦਰ ਜੰਗ ਵਗੈਰੇ ਫੌਜਦਾਰਾਂ ਨੂੰ ਹੁਕਮ ਦਿਤਾ ਕਿ ਤੁਸੀ ਅਪਨੀ ਅਪਨੀ ਫੌਜ ਲੈ ਜਾਕਰ ਏਨਾਂ ਕਾਫਰਾਂ ਸਿੰਘਾਂ ਨੂੰ ਮੁਕਾ ਛਡੋ ਤੇ ਬੰਦੇ ਨੂੰ ਫੜ ਕੇ ਮੇਰੇ ਪੇਸ਼ ਕਰੋ। ਏਹ ਹੁਕਮ ਦੇਕੇ ਦੂਜਾਹੋਰਸਿਖਾਂ ਦੇ ਹੌਸਲੇ ਤੋੜਨ ਲਈ ਐਸਾ ਛਲ ਕੀਤਾ,ਕਿ ਇਕਵਾਰ ਨਵੀਸਾਂ ਤੋਂ ਏਹ ਮਸ਼ਹੂਰ ਕਰਾ ਦਿੱਤਾ ਕਿ ਬੰਦਾ ਕੁਲੂ ਵਿਚ ਕੈਦ ਹੋਕੇ ਮਰ ਮੁਕਿਆ, ਏਹ ਸ਼ਾਹੀ ਫੌਜ ਦੇ ਮੁਕਾਬਲੇ ਕਰਨੇ ਓਸੇ ਦੀ ਬਰਕਤ ਸੀ, ਹੁਣ ਵਿਚਾਰੇ ਸਿਖ ਖੁਦ ਹੀ ਮਾਰੇ ਫਰਾਰੇ ਜਾਣਗੇ, ਸ਼ਾਹੀ ਫੌਜ ਚਿੜੀਆਂ ਵਾਂਗ ਸਿਖਾਂ ਨੂੰ ਬਿਨਾਂ ਭੁੰਨੇ ਖਾਜਾਵੇਗੀ, ਹੁਣ ਜਿਸ ਮੋਮਨ ਨੂੰ ਬਹਿਸ਼ਤੀ ਯਾ ਦੁਨੀਆਵੀ ਸੁਜਸ ਸੁਖ ਲੈਣਾ ਹੈ ਓਹ ਸ਼ਾਹੀ ਲਸ਼ਕਰ ਸਾਥ ਮਿਲਕੇ ਖੇਤੀ ਦੇ ਨਦੀਣ ਵਾਂਗੂ ਚੁਨ ਚੁਨ ਕੇ ਕਾਫਰ ਸਿਖਾਂ ਨੂੰ ਮੁਕਾ ਛਡੇ, ਏਸ ਇਕ ਵਾਰ ਦੇ ਨਾਮ ਰੌਲੇ ਨੂੰ ਸੁਣ ਸੁਣ ਬੇਸ਼ੁਮਾਰ ਮੁਸਲਮਾਨ ਢੋਲ ਬਜਾਉਂਦੇ ਅਪਣੇ ੨ ਘਰਾਂ ਤੋਂ ਖਰਚੇ ਸ਼ਸਤਰ ਲੈਕੇ ਟੱਲਜਾਂ ਦੇ ਟੋਲੇ ਭਾਦਰੋਂ ਦੇ ਬੱਦਲਾਂ ਵਾਂਗੂੰ ਅਤਬਤ ਅਲੀ ਦੀ ਗੜਗੱਜ ਪਾਉਂਦੇ ਹੋਏ ਕਿਲੇ ਲੋਹਗੜ ਵੰਨੀ ਉਮਡ ਆਏ। ਏਹਨਾਂ ਟੋਲੀਆਂ ਨੂੰ ਦੇਖ ਦੇਖ ਤੇ ਬੰਦੇ ਦਾ ਮਰਨਾ ਸੁਣਕੇ ਪਹਿਲੇ ਤਾਂ ਗਸ਼ਤੀ ਜਥੇ

Sri Satguru Jagjit Singh Ji eLibrary NamdhariElibrary@gmail.com

ਸਿੰਘਾਂਦੇ ਘਬਰਾਕੇ ਠਠੰਬਰ ਗਏ,ਪਰ ਫੇਰ ਜਦ ਨਿਰਨੇਕਰਕੇ ਸਿੰਘੀ ਦਲ ਵਿਚ ਬੰਦੇ ਦਾ ਕਾਇਮ ਹੋਣਾ ਦੇਖ ਸੁਣ ਲੀਤਾ ਤਾਂਸ਼ੇਰਾਂ ਵਾਂਙੂੰ ਗਾਜ ਉਠੇ, ਜਥੇ ਬੰਨ ਬੰਨਕੇ ਰਸਤੇ ਦੇ ਮਹੰਮਦੀ ਟੋਲਿਆਂ ਤੇ ਪਿੰਡਾਂ ਨੂੰ ਲੁਟ ਖਸੋਟ ਕਰਦੇ ਹੋਏ ਲੋਹਗੜ ਵਿਚ ਪਹੁਚਣ ਲਗ ਪਏ, ਬਲਕੇ ਸਿੰਘਾਂ ਦੇ ਹੌਸਲੇ ਵਧਾਉਂਣੇ ਤੇ ਤੁਰਕਾਂ ਦੇ ਘਟਾਉਣ ਵਾਸਤੇ ਬੰਦੇ ਬਹਾਦਰ ਨੇ ਇਕ ਦਿਨ ਹੱਲਾ ਬੋਲ ਦਿਤਾ,ਸਿੰਘਾਂ ਦਾ ਹਲਾ ਅਲਾਦਾ ਕੈਹਰ ਕੌਣ ਰੋਕੇ"ਆਯਾ ਬੰਦਾ ਆਯਾ ਬੰਦਾ" ਪੁਕਾਰਦੇ ਕਈ ਹਜਾਰ ਸਿੰਘ ਤੁਰਕਾਨੀ ਦਲ ਵਿਚ ਜਾ ਧਸਿਆ,ਬੰਦੇ ਦਾ ਨਾਮ ਸੁਣਕੇ ਥਰਥੱਲਾ ਮਚ ਗਿਆ, ਅਰਨ ਚੇਤ ਪੈਣੇ ਕਰ ਮਹੰਮਦੀਆਂ ਨੂੰ ਭਾਜ ਪੈ ਗਈ ।

ਭਾਵੇਂ ਲੋਹਗੜ ਵਾਲੇਸਿੰਘਾਂ ਨੇ ਸ਼ਾਹੀ ਤੇਮੁਲਕੀ ਮਹੰਮਦੀ ਫੌਜ ਨੂੰ ਸ਼ਿਕਸਤ ਦੇ ਦਿਤੀ ਸੀ, ਪਰ ਸ਼ਾਹੀ ਹੁਕਮ ਨਾਲ ਤਦੋਂ ਨੂੰ ਵਜੀਰ ਖਾਂ ਜੰਮੂ ਦਾ ਸੂਬਾ ਚਾਰਕ ਹਜਾਰ ਲੈ ਲੈਕੇ ਪਹਿਲੇ ਓਹਨਾਂ ਸਿੰਘਾਂ ਦੇ ਪਿਛੇ ਆ ਲਗਾ ਜੋ ਦੁਆਬੇ ਵਿਚ ਚਪੈਲ ਖੇਡ ਰਹੇ ਸੇ ।

ਜੰਗ ਛਕੋ ਤੇ ਬਸੀਆਂ ਦਾ

ਪਿਛਲੇ ਸਾਲ ਲੋਹਗੜ ਦੇ ਸੰਗ੍ਰਾਮ ਵਿਚ ਰੁਝੇ ਹੋਏ ਦੇਖਕੇ ਏਨੇ ਕਸ਼ਮੀਰ ਦੇ ਸੂਬੇ ਵਜੀਰ ਖਾਂ ਨੇ ਬਹੁਤ ਸਿੰਘ ਦੁਆਬੇ ਵਿਚੋਂ ਫੜ ਫੜ ਭਾਰੀ ਬੇਤਰਸੀ ਨਾਲ ਮਾਰੇ ਸੇ ਓਹ ਗਚ ਕਢਣ ਵਾਸਤੇ ਸਿੰਘਾਂ ਨੇ ਫਿਰ ਮੁਠ ਹੋਕੇ ਬੰਗਸਾਂ ਪਾਸ ਵਜੀਰ ਖਾਂ ਨੂੰ ਜਾ ਭਿਆਨਕ ਮੂੰਹ ਦਿਖਾਏ, ਓਥੋਂ ਏਧਰ ਓਧਰ ਜੰਗ ਕਰਨ ਦੇ ਯੋਗ ਜਗਾ ਤਕਦੇ ਤਕਾਂਦੇ

Sri Satguru Jagjit Singh Ji eLibrary NamdhariElibrary@gmail.com

ਦੋਵੇਂ ਦਲ ਅਗੋਂ ਪਿਛੀ ਫਿਰਦੇ ਹੋਏ ਦੇਸ ਨੂੰ ਵਸ਼ੇਸ਼ ਲੁਟ ਖਸੋਟ ਉਜਾੜ ਰਹੇ ਸੇ, ਓੜਕ ਸਿੰਘਾਂ ਨੇ ਆਪਣੇ ਦੇਸ ਤਾਈ ਜਿਮੀਦਾਰਾਂ ਨੂੰ ਅਤਿ ਅੰਤ ਕਸ਼ਟ ਤੇ ਹਰਜਾ ਪਹੁੰਚਦਾ ਦੇਖ ਕੇ ਫਰਾਲ੍ਹੇ ਪਿੰਡ ਦੇ ਪਰਗਨੇ ਢੱਕੇ ਵਿਚ ਮੁਠ ਭੇੜ ਕਰ ਦਿਤੀ, ਪੈਰ ਗਡ੍ਹੀਂ ਦੋਹਾਂ ਵਲੋਂ ਭਖੜੀ ਲੜਾਈ ਹੋਈ, ਕਦੇ ਸਿੰਘ ਤੁਰਕਾਂ ਨੂੰ ਧਕੇਲ ਦਿੰਦੇ ਸੇ, ਕਦੇ ਤੁਰਕ ਸਿੰਘਾਂ ਨੂੰ ਪੇਲਦੇ ਸੇ, ਇਕੋ ਇਕ ਨਾ ਹੋਣੇ ਕਰ ਲੜਦੇ ਭਿੜਦੇ ਆਪੋ ਆਪਣਾ ਬਚਾਉ ਵੇਖਦੇ ਹੋਏ ਓੜਕ ਹੁਸ਼ਿਆਰ ਪੁਰ ਦੇ ਪਰਗਨੇ ਪਠਾਣਾਂ ਦੀਆਂ ਬਸਤੀਆਂ ਪਿੰਡਾਂ ਪਾਸ ਸ਼ਾਹੀ ਫੌਜ ਪੈਰ ਗਡ ਖੜੋਤੀ, ਨਾਲੇ ਓਨਾਂ ਦੇ ਹੋਰ ਸਾਥੀ ਮੁਸਲਮਾਨ ਬਹੁਤ ਕਠੇ ਹੋਣੇ ਕਰ ਇਕ ਵਡਾ ਭਾਰੀ ਲਸ਼ਕਰ ਹੋਗਿਆ, ਹਿੰਦੂ ਵਿਚਾਰੇ ਸਾਹਿਣੀ, ਕੰਬੇ ਗ਼ੀਬ ਕੌਮਾਂ ਦੁਆਬੀਏ ਮਕੀ ਦਾ ਦਲੀਆ ਖਾਣੇ ਜੋ ਪਹਿਲੇ ਹੀ ਮੁਸਲਮਾਨਾਂ ਨੂੰ ਹਊਆ ਸਮਝ ਕੇ ਥਰਥਰ ਪਏ ਕੰਬਦੇ ਸੇ, ਓਨਾਂ ਦਾ ਸਿੰਘਾਂ ਨਾਲ ਮਿਲ ਕੇ ਜੰਗ ਕਰਨਾਂ ਤਾਂ ਕਿਧਰੇ ਰਿਹਾ ਦਾਣੇ ਘਾਸ ਰਸਤ ਵਗੈਰਾ ਦਾਰੂ ਸਿਕੇ ਦੀ ਸਹਾਇਤਾ ਬੀ ਨਹੀਂ ਕਰ ਸਕਦੇ ਸੇ, ਪਰ ਸਿੰਘਾਂ ਨੂੰ ਅਕਾਲ ਪੁਰਖਨੇ ਓਹੋ ਜੇਹੀ ਅਕਲ ਬੇ ਹਿੰਮਤੀ ਨਹੀਂ ਬਖਸ਼ੀ ਸੀ ਜੋ ਦੂਸਰੇ ਦੇ ਹਥ ਵੰਨੀ ਵੇਖਣ, ਆਪਹੀ ਉਦਮ ਕਰਕੇ ਚੰਗਾ ਨਿਰਬਾਹ ਕਰੀ ਜਾਂਦੇ ਸੇ।

ਜੰਗ ਦੁਆਬਾ

ਓੜਕ ਸ਼ੇਮਜ ਖਾਂ ਬਿਜਵਾੜੇ ਦਾ ਫੌਜਦਾਰ ਬਹੁਤ ਸਾਰੀ ਮੁਸਲਮਾਨੀ ਸੈਨਾ ਕਠੀ ਕਰ ਢੋਲ ਵਜਾਂਦੇ ਗਾਨੇ ਬੰਨਕੇ ਮੈਂਹਦੀ ਲਾਈ ਹੋਈ ਝੰਡੀਆਂ ਨੀਲੀਆਂ ਫੜੇ ਹੋਏ ਨੀਲੇ

Sri Satguru Jagjit Singh Ji eLibrary NamdhariElibrary@gmail.com

ਬਾਣੇਂ ਮੇਘਾਂ ਦੀ ਤਰਾਂ ਗਰਜ਼ਾਹਟ ਅਲਾਹ ਅਕਬਰ ਦਾ ਪਾਉਂਦੇ ੨ ਆ ਪਹੁੰਚੇ ਇਸ ਕਰਕੇ ਓਨਾਂ ਦੀ ਸ਼ਹਿ ਨਾਲ ਸ਼ਾਹੀਸੈਨਾ ਸੋ ਗੁਣੀ ਹੌਸਲੇ ਵਿਚ ਲੱਗਣੀ। ਏਹ ਖਬਰ ਜਦ ਬੰਦੇ ਨੂੰ ਪੁਜੀ ਤਾਂ ਫੌਰਨ ਪਹਾੜਾਂ ਵਿਚੋਂ ਨਿਕਲ ਕੇ ਖਾਲਸਈ ਦਲ ਵਿਚ ਆ ਗਿਆ, ਜਿਸ ਤੋਂ ਸਿੰਘਾਂ ਦੇ ਹੌਸਲੇ ਬਹੁਤ ਵਧ ਗਏ॥

ਵਜ਼ੀਰਖਾਂ ਦਾ ਮਾਰੇ ਜਾਣਾ

ਭਾਵੇਂ ਸਿੰਘ ਜਾਨਾਂ ਤੋੜ ਕੇ ਲੜ ਰਹੇ ਸਨ ਪਰ ਜਹਾਨੀ ਮੁਸਲਮਾਨੀ ਦਲ ਅਗੇ ਤਾਂ ਸਿੰਘ ਆਟੇ ਵਿਚ ਲੂਣ ਹੀ ਸਨ, ਪਰ ਬੰਦੇ ਦੇ ਆਉਨੇ ਤੇ ਇਕ ਵਿਚ ਦਸ ਦਸ ਦਾ ਬਲ ਹੋਗਿਆ ਐਸੇ ਜਾਨਾਂ ਤੋੜ ਕੇ ਲੜੇ ਕੇ ਸ਼ੁਮਾਰ ਖੂਨ ਕਰ ਕਢੇ, ਧਰਤੀ ਨੇ ਸੂਹੀ ਪੁਸ਼ਾਕ ਪਹਰ ਲਈ, ਦੋਹਾਂ ਦਲਾਂ ਨੇ ਦੇਸ ਵੈਰਾਨ ਕਰ ਸੁਟਿਆ। ਇਕ ਦਿਨ ਜੰਗ ਹੁੰਦੇ ਵਿਚ ਵਜੀਰ ਖਾਂ ਫੌਜਦਾਰ ਦਿਨ ਢਲੇ ਦੀ ਨਿਮਾਜ ਪੜਕੇ ਵਜੀਫਾ ਕਰ ਰਿਹਾ ਸੀ, ਅਰਥਾਤ ਦੋਵੇਂ ਹਥ ਪਸਾਰੇ ਹੋਏ ਰਬ ਤੋਂ ਕੁਛ ਮੰਗ ਰਿਹਾ ਸੀ, ਜਦ ਓਨੇ ਸਿਰ ਝੁਕਾਯਾ ਤਾਂ ਐਨ ਓਸੇ ਵਕਤ ਨਾਹਰਸਿੰਘ ਨੇ ਵਜੀਰ ਖਾਂ ਦਾ ਸਿਰ ਕੱਟ ਕੇ ਬੰਦੇ ਅਗੇ ਲਿਆ ਰਖਿਆ। ਬੰਦੇ ਨੇ ਥਾਪੀ ਦਿਤੀ ਤੇ ਸ਼ਾਬਾਸ਼ ਦੇਕੇ ਪੰਥ ਵਿਚ ਉਸਦੀ ਬਹੁਤ ਵਡਿਆਈ ਸੁਨਾਈ, ਜਿਸਨੂੰ ਸੁਣ ਕੇ ਹੋਰ ਸਿੰਘ ਥੀ ਏਹੋ ਜੇਹੇ ਹਥ ਮਾਰਨ ਨੂੰ ਤਿਆਰ ਹੋ ਖਲੋਤੇ॥

ਦੁਆਬੇ ਦਾ ਜੰਗ ਜਿੱਤਣਾ

ਹੁਣ ਏਕਾ ਏਕੀ ਅਚਾਚੇਤ ਵਜੀਰ ਖਾਂ ਦੇ ਮਰਣੇ ਨੇ ਸਾਰੇ

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨਾਂ ਦੇ ਦਿਲ ਪਰ ਬੰਦੇ ਦੇ ਜਾਦੂ ਦਾ ਏਹ ਦਿਲ ਕਰੇਸਾ ਕਰ ਦਿਤਾ ਕਿ ਜੋ ਕੋਈ ਬੰਦੇ ਦੇ ਸਾਮ੍ਹਣੇ ਜਾਏਗਾ ਜਾਨ ਗਵਾਏਗਾ, ਕੁਛ ਤਾਂ ਏਸ ਕਰਕੇ ਡਰ ਦੇ ਹਟ ਬੈਠੇ, ਕੁਛ ਮੁਖੀਏ ੨ ਕਈਕੁ ਸਰਦਾਰਾਂ ਦੇ ਮਾਰੇ ਜਾਣੇ ਨੇ ਹੌਸਲੇ ਤੋੜ ਛਡੇ ਸੇ। ਬਹੁਤੇ ਤਾਂ ਜੰਗ ਖਤਮ ਹੋਇਆ ਹੀ ਸਮਝ ਕੇ ਇਧਰ ਉਧਰ ਖਿੰਡ ਗਏ, ਬਾਕੀ ਥੱਕੇ ਮਾਂਦੇ ਛਟੜ ਹੋਣੇ ਵਿਚ ਤਾਂ ਦੋਹਾਂ ਦਲਾਂ ਵਿਚ ਕਾਈ ਕਸਰ ਬਾਕੀ ਨਹੀਂ ਰਹੀ ਸੀ। ਹੁਣ ਹੋਰ ਤਾਂ ਕਿਸੇ ਨੇ ਕਿਧਰੋਂ ਨਾ ਸਿਰ ਚੁਕਿਆ, ਕੇਵਲ ਸ਼ੰਮਸ ਖਾਂ ਫੌਜਦਾਰ ਜੋ ਚਾਰ ਪੰਜ ਫੌਜਦਾਰਾਂ ਪਰ ਹਾਕਮ ਨਿਗਰਾਨ ਬਣਾ ਚੁੱਕਾ ਸ਼ਮਸ਼ੇਰ ਬਹਾਦਰ ਚਾਲ੍ਹੀਆਂ ਚੜ੍ਹਦੀ ਜਵਾਨੀ ਤੁੰਦ ਮਜਾਜ ਖੁਦ ਪਸੰਦ ਧਕੜ ਆਦਮੀ ਕਸੂਰੀ ਪਠਾਣ ਸੀ, ਜਿਸ ਨੇ ਇਸਲਾਮ ਦੀ ਬਾਜੀ ਹਥੋਂ ਜਾਂਦੀ ਵੇਖਕੇ ਅਪਣੇ ਚਾਚੇ ਕੁਤਬ ਦੀਨ ਖਾਂ ਤੇ ਚਚੇਰੇ ਭਾਈ ਸ਼ਾਹਦਾਦ ਖਾਂ ਨੂੰ ਜੋ ਪਹਾੜਾਂ ਦੀ ਕੰਢੀ ਦੇ ਹਾਕਮ ਫੌਜਦਾਰ ਰਾਇਪੁਰ ਵਿਚ ਰਿਹਾ ਕਰਦੇ ਸਨ, ਜਾ ਚੁਕੇ ਅਤੇ ਆਖਿਆ ਕਿ ਹੁਣ ਥੋੜੇ ਜਿਹੇ ਸਿੰਘਾਂ ਨਾਲ ਬੰਦਾ ਫਿਰ ਰਿਹਾ ਹੈ ਫੜਕੇ ਜਾ ਮਾਰਕੇ ਵਡੇ ੨ ਹੁਣੇ ਬਾਦਸ਼ਾਹ ਤੋਂ ਕਿਉਂ ਨਾ ਲਈਏ ? ਸ਼ਾਹਦਾਦ ਖਾਂ ਨੂੰ ਓਥੇ ਛਡਕੇ ਹਜਾਰ ਬਾਰਾਂ ਸੌ ਸਵਾਰ ਪਜਾਦਾ ਨਾਲ ਲੈਕੇ ਬੰਦੇ ਦੇ ਮਗਰ ਲਗ ਗਏ।

ਕੰਢੀ ਵਿਚ ਜੰਗ

ਜਦ ਏਹ ਸਿੰਘਾਂ ਦੇ ਲੱਖੇ ਪਾਸ ਪਹੁੰਚੇ ਤਾਂ ਸਿੰਘ ਥਿਨਾਂ ਕੜੇ ਹੀ ਕਿਸੇ ਪਾਸੇ ਤੁਰ ਪਏ। ਹੁਣ ਕੁਤਬ ਦੀਨ ਖਾਂ ਨੇ ਤਾਂ ਸਿੰਘਾਂ ਦੇ ਚਾਲੇ ਪਰਖੇ ਹੋਏ ਸਨ ਏਨਾਂ ਦੇ ਮਗਰ ਲਗਣਾ ਨਹੀਂ ਚਾਹੁੰਦਾ ਸੀ, ਸ਼ੰਮਸ ਖਾਂ ਹੁਰਨਾਂ ਪਰਖਦ੍ਰਿਸ਼ਟਾ ਨਹੀਂ ਸੀ,

Sri Satguru Jagjit Singh Ji eLibrary NamdhariElibrary@gmail.com

ਜੁਆਨੀ ਦੇ ਜੋਰ ਹਿਰ ਦਾ ਧੱਕਾ ਅਗਲੇ ਪਿੱਛੇ ਹੀ ਲਗਾ ਚਲਾ ਗਿਆ। ਕੁਤਬ ਦੀਨ ਨੂੰ ਬੀ ਓਸਦੇ ਸਾਥ ਹੀ ਵਧਣਾ ਪਿਆ।ਸਿੰਘਾਂ ਨੇ ਐਸੀ ਧੀਮੀਂ ਚਾਲ ਫੜੀ ਨਾਂ ਤਾਂ ਦੂਰ ਦੌੜੇ ਨਾ ਓਨਾਂ ਦੇ ਨੇੜੇ ਠਹਿਰੇ, ਮਨ ਵਿੱਚ ਏਹ ਸੀ ਜਦ ਪਠਾਨ ਨੇੜੇ ਢੁਕਣਗੇ ਤਦੋਂ ਹਥ ਦਿਖਾਵਾਂਗੇ*ਏਸੇ ਦਾਉ ਦੀ ਤਾੜ ਪਰ ਚਲੇ ਜਾ ਰਹੇ ਸਨ, ਜਦ ਪਠਾਣ ਨੇੜੇ ਢੁਕੇ ਤਾਂ ਇਕੋ ਵਾਰ ਹੱਲਾ ਕਰਕੇ ਮੁੜ ਪਏ, ਤੀਰਾਂ ਗੋਲੀਆਂ ਦੀ ਬਰਖਾ ਕਰ ਦਿੱਤੀ, ਸ਼ੰਮਸ ਖਾਂ ਕੁਤਬ ਦੀਨ ਖਾਂ ਹਾਥੀਆਂ ਪਰ ਬੈਠੇ ਖਿਚ ੨ ਕੇ ਤੀਰ ਚਲਾ ਰਹੇ ਸੇ ॥

ਸ਼ੰਮਸ ਖਾਂ ਕੁਤਬ ਦੀਨ ਖਾਂ ਕਸੂਰੀਏ ਦਾ ਮਰਨਾ

ਏਧਰੋਂ ਸਿੰਘ ਤੇ ਪਠਾਣ ਵੱਡੇ ਜ਼ੋਰ ਸ਼ੋਰ ਨਾਲ ਤਲਵਾਰਾਂ ਵਾਹ ਰਹੇ ਸੇ, ਠਠੇਰਿਆਂ ਦੇ ਬਜ਼ਾਰ ਵਾਂਗੂੰ ਲੋਹੇ ਨਾਲ ਲੋਹਾ ਠਣਕ ਰਿਹਾ ਸੀ ਪੱਟ ਦੋਹਾਂ ਧਰਾਂ ਵਿਚੋਂ ਕੋਈ ਨਹੀਂ ਸੀ, ਏਸੇ ਗਹਿ ਗਚ ਵਿਚ ਸੰਮਸ਼ ਖਾਂ ਮਾਰਿਆ ਗਿਆ, ਕੁਤਬਦੀਨ ਖਾਂ ਭਾਰੀ ਜ਼ਖਮੀ ਹੋਯਾ, ਪਠਾਣਾਂ ਨੇ ਏਸ ਨੂੰ ਬੀ ਬੰਦੇ ਦੇ ਜਾਦੂ ਦਾ ਹੀ ਕਾਰਨ ਮੰਨ ਕੇ ਜਿੱਤ ਦੀ ਆਸ ਤਾਂ ਛੱਡ ਦਿੱਤੀ ਆਪਣੇ ਸਰਦਾਰਾਂ ਵੀਆਂ ਲੋਥਾਂ ਚੁਕਣ ਦੀ ਬਣ ਗਈ, ਨਾਲੇ ਕੰਬਦੇ ਸੇ ਕਿ ਏਨਾਂ ਲੋਥਾਂ ਨਾਲ ਅਸੀਂ ਬੀ ਪਏ ਬਣ ਨਾ ਜਾਈਏ, ਤਾਂ ਬੀ ਲੋਥਾਂ ਚੁਕਣ ਪਰ ਜ਼ੋਰ ਦਾ ਰਹੇ ਸੇ,ਸਿੰਘ ਚੁਕਣ ਨਹੀਂ ਦੇਂਦੇ ਸੇ, ਓਸੇ ਸਮੇਂ ਕੁਤਬ ਦੀਨ ਦੀ ਸਹਾਇਤਾ ਵਾਸਤੇ ਖਬਰ ਪਾਕੇ ਸ਼ਾਦਾਬ ਖਾਂ ਪੰਦਰਾਂ ਸੌ ਸਪਾਹ ਨਾਲ ਲੈਕੇ ਆ ਪੁੱਜਾ,

*ਏਸੇ ਚਾਲ ਦੀ ਤਾਰੀਫ ਸ਼ਾਹ ਅਬਦਾਲੀ ਦੇ ਕਾਜੀ ਨੂਰ ਦੀਨ ਨੇ ਅਪਣੇ ਇਤਹਾਸ ਵਿੱਚ ਬਹੁਤ ਲਿਖੀ ਹੈ ਕਹਿੰਦਾ ਹੈ ਜੰਗ ਦੀ ਫਤੇ ਏਸੇ ਚਾਲ ਨਾਲ ਖਟੀਦੀ ਹੈ, ਸ਼ਾਹ ਅਬਦਾਲੀ ਫੌਜ ਨੂੰ ਸਿੰਘਾਂ ਦੇ ਪਿਛੇ ਏਸੇ ਕਰਕੇ ਨਹੀਂ ਲਾਉਂਦਾ ਸੀ ॥

Sri Satguru Jagjit Singh Ji eLibrary NamdhariElibrary@gmail.com

ਓਸਨੂੰ ਦੇਖਦੇ ਹੀ ਸਿੰਘਾਂ ਨੇ ਵਾਗਾਂ ਮੋੜ ਲਈਆਂ, ਸ਼ਾਦਾਦ ਖਾਂ ਨੇ ਸਿੰਘਾਂ ਤੇਂ ਲੋਥਾਂ ਲੈਣੀਆਂ ਹੀ ਜਿਤ ਸਮਝ ਕੇ ਰਾਇ ਪੁਰ ਦਾ ਰਾਹ ਲੀਤਾ ॥

ਸਿੰਘਾਂ ਦੀ ਜਿੱਤ

ਏਸ ਲੜਾਈ ਦਾ ਜ਼ਿਕਰ ਆਗਰ ਖਾਂ ਤੇ ਅਮਾਨਤ ਖਾਂ ਔਰ ਖਾਫੀ ਖਾਂ ਨੇ ਬਹੁਤ ਖੋਲ੍ਹ ਕੇ ਕੀਤਾ ਹੈ । ਭਾਵੇਂ ਏਹ ਖਬਰ ਸੁਣ ਕੇ ਬਾਦਸ਼ਾਹ ਨੇ ਬਹੁਤ ਹੀ ਸ਼ੋਕ ਕੀਤਾ ਅਤੇ ਬੰਦੇ ਨੂੰ ਫੜਨੇ ਤੇ ਸਿੰਘਾਂ ਨੂੰ ਮਾਰਨ ਵਾਸਤੇ, ਰੁਸਤਮ ਦਿਲ, ਅਗਰ ਖਾਂ ਵਗੈਰੇ ਕਈ ਸਰਦਾਰ ਫੌਜ ਦੇਕੇ ਭੇਜੇ, ਪਰ ਸ਼ਾਹੀ ਹੁਕਮ ਤਾਂ ਪੂਰਾ ਓਹ ਕਰੇ ਜੇੜਾ ਦਿਲ ਦੇਕੇ ਲੜੇ । ਸਰਦਾਰ ਫੌਜਦਾਰ ਸ਼ਾਹੀ ਅਮੀਰ ਤਾਂ ਸਭ ਏਹੋ ਚਾਹੁੰਦੇ ਸੇ ਕਿ ਬੰਦੇ ਦੇ ਸਾਹਮਣੇ ਨਾ ਜਾਈਏ, ਜੇ ਬੰਦੇ ਨੇ ਕਿਤੇ ਸਾਨੂੰ ਦੇਖ ਲਿਆ ਤਾਂ ਜਾਨ ਹੈ ਨਹੀਂ, ਜਾਂਨ ਨਾਲ ਹੀ ਜਹਾਨ ਹੈ, ਏਹੋ ਜੇਹੇ ਖਿਆਲਾਂ ਵਾਲੇ ਬੰਦੇ ਨੂੰ ਫੜ ਕਿਕੂੰ ਲੈਣ? ਫੌਜ ਲੈਕੇ ਆਏ ਫਿਰ ਗਿਰਾਕੇ ਮੁਹਿੰਮ ਪੂਰੀ ਕਰ ਮੁੜ ਜਾਣਾਂ ਹੀ ਗਨੀਮਤ ਸਮਝਣਾ, ਘਰੀਂ ਜਾਕੇ ਰਜ ਕੇ ਰੋਟੀ ਖਾਂਦੇ ਸੇ, ਜਿੰਨਾਂ ਚਿਰ ਸਿੰਘਾਂ ਦੀ ਮੁਹਿੰਮ ਪਰ ਰਹਿੰਦੇ, ਸਿੰਘਾਂ ਦੀ ਬੀਰਤਾ, ਬੰਦੇ ਦੇ ਜਾਦੂ ਤੋਂ ਮੌਤ ਤੋਂ ਐਉਂ ਡਰਦੇ ਰਹਿੰਦੇ ਜਿਕੂੰ ਸ਼ੇਰ ਤੋਂ ਬੱਕਰਾ, ਭਲਾ ਏਹੋ ਜੇਹੇ ਬੁਜ਼ਦਿਲ ਡਰਪੋਕ ਸੂਦਾਰ ਸਿੰਘਾਂ ਪਰ ਕਦੋਂ ਫਤੇ ਪਾ ਸਕਦੇ ਸੇ ਜੇੜੇ ਖਾਲਸੇ ਦਾ ਨਾਮ ਹੀ ਸੁਣ ਸੁਣ ਪਏ ਚਮਕ ਕੇ ਉਠਦੇ ਸਨ ?

Sri Satguru Jagjit Singh Ji eLibrary NamdhariElibrary@gmail.com

ਸ਼ਾਹੀ ਦਰਬਾਰ ਦਾ ਮਸ਼ਵਰਾ ਤੇ ਸਿੰਘਾਂ ਦੇ ਪੰਥ ਵਿੱਚ ਛੇਟਕ ਪਾਉਣਾ

ਤੁਣ ਸਭ ਹੋਰ ਕਿਸੇ ਪਰਵਾਹ ਬੰਦਾ ਬਹਾਦਰ ਤੇ ਸਿੰਘ ਕਾਬੂ ਨਾ ਆਏ ਤਾਂ ਬਾਦਸ਼ਾਹੀ ਫੌਜੀ ਅਫਸਰਾਂ ਨੇ ਸ਼ਾਹੀ ਦਰਬਾਰ ਨੂੰ ਆਪਣੇ ਵੱਲ ਪ੍ਰੇਰ ਲੈ ਕਿਉਂਕਿ ਸਿੰਘਾਂ ਦੇ ਇਸ ਗਦਰ ਵਿੱਚ ਨੁਕਸਾਨ ਤਾਂ ਸਭ ਨੂੰ ਪਹੁੰਚ ਚੁੱਕਾ ਸੀ, ਕਿਸੇ ਦੇ ਕੋਈ ਸਬੰਧੀ ਮਰੇ, ਕਿਸੇ ਦਾ ਪਿੰਡ ਧਨ ਮਾਲ ਲੁੱਟ ਚੁੱਕਾ ਸੀ, ਏਸ ਲਈ ਸਥਨੇ ਇਕ ਸਥਾਂਨ ਹੋ ਕਰ ਬਾਦਸ਼ਾਹ ਪਾਸ ਜਦ ਬੰਦੇ ਦਾ ਸ਼ਿਕਰ ਹੋ ਗਿਆ ਸੀ, ਉਸ ਵੇਲੇ ਐਉਂ ਅਰਜ਼ ਕੀਤੀ—ਜਹਾਂ ਪਨਾਹ! ਜਿਸ ਰੋਜ਼ ਸੇ ਇਨ ਕਾਫਰ ਸਿੱਖਾਂ ਦਾ ਫਿਰਕਾ ਨਿਕਲਾ ਹੈ ਉਸੀ ਦਿਨ ਸੇ ਐਸਾ ਖੋਟਾ ਫਤੂਰ ਉਠ ਕਰ ਗਦਰ ਮਚ ਰਹਾ ਹੈ, ਜਿਸ ਕਾ ਕੁਛ ਬਿਆਨ ਨਹੀਂ ਹੋ ਸਕਤਾ, ਸੈਕੜੋਂ ਸਰਦਾਰ ਫੌਜਦਾਰ ਅਮੀਰ ਔਰ ਹਜ਼ਾਰਾਂ ਸ਼ਾਹੀ ਸਿਪਾਹੀ ਬਹਾਦੁਰ ਮਰ ਚੁਕੇ ਹੈਂ ਔਰ ਪਰਜਾ ਐਸੀ ਵੈਰਾਨ ਹੋ ਰਹੀ ਹੈ ਕਿ ਲੁਟੇਰਿਆਂ ਨੇ ਕਿਸੀ ਕੇ ਘਰ ਮੈਂ ਕੁਛ ਨਹੀਂ ਛੱਡਿਆ, ਫੌਜਾਂ ਨੇ ਔਰ ਫੌਜਦਾਰੋਂ ਨੇ ਲੁੱਟ ਬਹਾਉਣੇ ਵਿੱਚ ਕੋਈ ਕਸਰ ਨਹੀਂ ਰਖੀ, ਉਲਟਾ ਗਦਰ ਹਮੇਸ਼ ਬਢਤਾ ਜਾ ਰਹਾ ਹੈ, ਇਸ ਲੀਏ ਏਸ ਗਦਰ ਕੋ ਮੇਟਣ ਵਾਸਤੇ ਹਮਾਰੀ ਸਭ ਕੀ ਏਹੋ ਰਾਇ ਹੈ ਕਿ ਜੋ ਹਾਥ ਸੇ ਗਾਂਠ ਖੁਲ ਜਾਏ ਉਸਕੋ ਦੇਰ ਲਾਉਣੇ ਨ ਚਾਹੀਏ, ਅਬ ਫਿਰ ਸਹਿਜ ਜੈਸੀ ਚਾਲ ਹੈ ਪਸਿੰਦ ਆਵੇ ਤਾਂ ਮਾਨ ਲੇਨਾ, ਵੋਹ ਯੇਹ ਹੈ ਕਿ ਖਾਲਸੇ ਕੋ ਨਾਲ ਮੇਲ ਕਰ ਲੈਣਾ ਚਾਹੀਦਾ ਹੈ

Sri Satguru Jagjit Singh Ji eLibrary NamdhariElibrary@gmail.com

ਮਾਤਾ ਸੁੰਦਰੀ ਜੀ ਦਾ ਹੁਕਮ ਨਾਮਾ

- ਬੰਦੇ ਦੇ ਸਿਖ ਅਸੂਲਾਂ ਦੇ ਵਿਰੁਧ ਕੰਮ ਕਰਨ ਦੀਆਂ ਖਬਰਾਂ ਦਿੱਲੀ ਪੁਜੀਆਂ ਤੇ ਮਾਤਾ ਸੁੰਦਰੀ ਤੇ ਸਾਹਿਬਦੇਵਾਂ ਜੀ ਨੇ ਬੰਦੇ ਨੂੰ ਗੁਰਸਿਖੀ ਤੋਂ ਉਲਟ ਰਹੁਰੀਤ ਚਲਾਣ ਤੇ ਸਿੱਖਾਂਨੂੰ ਕੁਰਮਤ ਤੋਂ ਉਲਟੇ ਰਾਹ ਪਾਣ ਤੋਂ ਵਰਜਿਆ ਕਿਤੂ ਜਦ ਬੰਦਾ ਕਿਸੇ ਕੁਲੀਤੇ ਨਾਆਇਆ ਤਦ ਮਾਤਾ ਜੀ ਨੇ ਹੁਕਮਨਾਮਾ ਪੰਥ ਖਾਲਸੇ ਵਲ ਐਉਂ ਲਿਖਵਾ ਜਿਆ:--ਕਿ ਤੁਸੀ ਸਿਖ ਪੁਤ੍ਰ ਗੁਰੂ ਕੇ ਲਾਲ ਹਮਾਰੇ ਏਸ ਬੰਦੇ ਰੀਦੇ ਅਕਲ ਦੇ ਅੰਧੇ ਮਨਮਤੀਏ ਨੇ ਗੁਰੂ ਜੀ ਦਾ ਹੁਕਮ ਨਹੀਂ ਮੰਨਿਆ ਗੁਰੂਜੀ ਸਿਖੀਤੋਂ ਉਲਟੀ ਚਾਲ ਚਲਾਣ ਲਗਾ ਹੈ, ਹੁਣ ਤੁਸੀ ਇਸਦਾ ਸੰਗ ਛਡ ਦੇਵੋ ਤੁਹਾਡਾ ਰਾਖਾ ਤੇ ਮਦਦਗਾਰ ਅਕਾਲ ਪੁਰਖ ਰਹੇਗਾ, ਤੁਸੀ ਹਮੇਸ਼ ਫਲਦੇ ਫੁਲਦੇ ਫੈਲਦੇ ਰਹੋਗੇ, ਏਸਦਾ ਤੇਜ ਪਰਤਾਪ ਘਟ ਜਾਏਗਾ, ਕਿਉਂਕਿ ਏਸ ਨੇ ਗੁਰੂ ਜੀ ਦੇ ਹੁਕਮ ਭੰਗ ਕੀਤੇ ਹਨ।

(੧) ਲੰਗੋਟੇ ਦਾ ਸਤੀ ਨਹੀਂ ਰਿਹਾ।
(੨) ਪੰਥ ਆਪਨਾ ਚਲਾਇਆ।
[੩] ਚਰਨ ਪਾਹੁਲ ਦੇਨ ਲਗ ਪਿਆ।
[੪] ਫਤੇ ਬਾਹਿਗੁਰੂ ਜੀ ਦੀ ਜਗਾ ਬਾਘੇ ਬੰਦੇ ਦੀ ਦਰਸ਼ਨੀ ਕਰੇ ਬੁਲਾਉਂਦਾ ਹੈ, ਗੁਰੂ ਦੇ ਸਿੰਘਾਂ ਦੀ ਥਾਂ ਬੰਦਈ ਸਿਖ ਕਰ ਲਏ ਹਨ, ਸ਼ਸਤ੍ਰਬਸਤ੍ਰਾਂ ਪਹਿਨਕੇ ਗਦੀ ਉਤੇ ਬੈਠ ਕੇ ਚੌਰ ਕਰਾਉਂਦਾ ਹੈ, ਆਪਨੂੰ ਜਗਤਗੁਰੂ ਸਦਾਉਂਦਾ ਹੈ, ਗੁਰੂ ਕੇ ਸਿੱਖਾਂ ਉਤੇ ਸਖਤ ਹਕੂਮਤ ਕਰਦਾ ਹੈ, ਵਡਾ ਹੰਕਾਰੀ ਹੋਗਿਆ ਹੈ।

ਗੁਰੂ ਕੇ ਸਿੰਘ ਤਾਂ ਪਹਿਲੇ ਹੀ ਬੰਦੇ ਤੋਂ ਸੁਦਾ ਹੋਨਾ ਚਾਹੁੰਦੇ ਸਨ

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਓਹ ਸਿੰਘਾਂ ਦੇ ਦਰਬਾਰ ਵਿਚ ਤੇ ਗੁਰ ਅਸਥਾਨਾਂ ਵਿਚ ਗਦੇਲਾ ਬਿਛਾਕੇ ਬੈਠ ਕਰ ਚੌਰ ਸਾਢਾ ਕਰਾਉਂਦਾ ਤੇ ਦਰਸ਼ਨੀ ਫਤੇ ਬੁਲਾਉਂਦਾ ਸੀ। ਏਨਾਂ ਬਾਤਾਂ ਤੋਂ ਸਿੰਘਾਂ ਨੂੰ ਨਹੀਂ ਭਾਉਂਦਾ ਸੀ, ਏਸ ਕਰਕੇ ਸਿੰਘ ਤਾਂ ਪਹਿਲੇ ਹੀ ਓਸ ਨਾਲ ਵਿਟਰੇ ਹੋਏ ਸਨ, ਹੁਣ ਤਾਂ ਮਾਤਾ ਜੀ ਦੇ ਹੁਕਮ ਨਾਮੇ ਤੇ ਆਜਾਣ ਤੋਂ ਵਧੇਰੇ ਵਿਰੋਧੀ ਹੋ ਗਏ।

ਪੰਥ ਨੇ ਹੁਕਮ ਨਾਮਾ ਮਾਤਾ ਜੀ ਦਾ ਮੰਨਣਾ

ਏਸੇ ਸਾਲ ਸੰਃ੧੭੭੪ ਵਿਃ ਨੂੰ ਵਸਾਖੀ ਦੇ ਮੇਲੇ ਪਰ ਜਦ ਬਾਬਾ ਬੰਦਾ ਪਹਿਲੇ ਵਾਂਙੂੰ ਹੰਕਾਰ ਨਾਲ ਅੰਮ੍ਰਿਤਸਰ ਹਰਿ ਮੰਦਰ ਵਿੱਚ ਗੱਦੀ ਲਾਕੇ ਬੈਠਾ ਤੇ ਚੌਰ ਕਰਾਉਣ ਲਗਾ ਤੇ ਬੰਦਈ ਸਿੱਖ ਅਰਦਾਸਾਂ ਕਰਾਉਣ ਲੱਗੇ ਤਾਂ ਬਾਬਾ ਕਾਹਨ ਸਿੰਘ ਭੁੱਲਾ, ਬਾਬਾ ਬਿਨੋਦ ਸਿੰਘ ਤੇਹਣ, ਫਤੇ ਸਿੰਘ, ਗੁਰਬਖਸ਼ ਸਿੰਘ ਭਾਈ ਭਗਤੂ ਕੇ, ਪ੍ਰੇਮ ਸਿੰਘ ਧਰਮ ਸਿੰਘ ਭਾਈ ਰੂਪੇਕੇ, ਰਾਮ ਸਿੰਘ ਤਿਲੋਕਾ ਸਿੰਘ ਫੂਲਕੇ ਦੀਵਾਨ ਦਲਬਾਰਾ ਸਿੰਘ, ਬਹਾਦਰ ਸਿੰਘ, ਬੁਢਾ ਸਿੰਘ ਦੇਸੀ, ਸ਼ਾਮ ਸਿੰਘ ਨਾਰੋਵਾਲੀਆ, ਭੋਜਾ ਸਿੰਘ ਝੋਸੜਾ ਸਿੰਘ ਬਾਘ ਸਿੰਘ ਕਲਾਲ, ਤੇਜਾ ਸਿੰਘ ਜੀਉਣ ਸਿੰਘ ਰੰਧਾਵੇ, ਨਗਾਹੀਆ ਸਿੰਘ, ਚੂਹੜ ਸਿੰਘ ਵਲਟ ਤਾਰਾ ਸਿੰਘ ਭੋਮਾ ਸਿੰਘ ਹਰਾ ਸਿੰਘ ਬਰਾੜ, ਇਤਜਾਦਿਲ ਨਾਮੀ ੨ ਬੈਰਾੜ ਸਿੰਘ ਸਰਦਾਰਾਂ ਨੇ ਸਲਾਹ ਕਰਕੇ ਬਾਬੇ ਬੰਦੇ ਨੂੰ ਦਰਬਾਰ ਵਿੱਚੋਂ ਉਠਾ ਦਿੱਤਾ ਅਤੇ ਅਕਾਲ ਤਖਤ ਸਾਹਿਬਦੀਵਾਨ ਲਗਾ ਕਰ ਪਹਿਲੇ ਤਾਂ ਬੰਦੇ ਦਾ ਚਾਲ ਚਲਨ ਵਿਪਰਜਨ ਹੋਣਾ ਬਤਾਇਆ, ਫਿਰ ਮਾਤਾ ਸਾਹਿਬ ਦਾ ਹੁਕਮ ਨਾਮਾਂ ਸੰਗਤਾਂ ਨੂੰ ਸੁਣਾ ਕਰਕੇ

Sri Satguru Jagjit Singh Ji eLibrary NamdhariElibrary@gmail.com

ਅਰਦਾਸ ਕਰਾ ਦਿੱਤੀ, ਜੋ ਕੋਈ ਗੁਰੂ ਕਾ ਸਿੱਖ ਹੈ ਬੰਦੇ ਨੂੰ ਨਾ ਮੰਨੇ, ਅਤੇ ਅਜ ਤੋਂ ਗੁਰੂ ਕੇ ਦਲ ਵਿੱਚ ਆਜਾਵੇ, ਜੋ ਬੰਦੇ ਦਾ ਸਿੱਖ ਹੈ ਸੋ ਉਸਦੀ ਤਰਫ ਚਲਿਆ ਜਾਵੇ। ਐਸੇ ਕੋਹ ਕਰ ਬਿਬੇਕਸਰ ਦੇ ਕਿਨਾਰੇ ਤੇ ਖਾਲਸੇ ਨੇ ਅਪਣਾ ਝੰਡਾ ਜਾ ਲਾਇਆ, ਦੁਹਾਂ ਦੇ ਨਾਮ ਭੀ ਵਖਰੇ ੨ ਹੋਏ-ਇਕ ਤਤ ਖਾਲਸਾ, ਦੂਸਰਾ ਬੰਦਈ ਖਾਲਸਾ ॥

ਸਿੰਘਾਂ ਨੇ ਬੰਦੇ ਨਾਲ ਵਿਗਾੜਨਾ

ਫੇਰ ਤਾਂ ਆਪਸ ਵਿੱਚ ਵਿਰੋਧ ਹੋਗਿਆ, ਬੰਦੇ ਵੀ ਇਸ ਕੁਚਾਲ ਨੇ ਦੁਸ਼ਮਨਾਂ ਦੇ ਹੌਸਲੇ ਵਧਾ ਦਿੱਤੇ ਤੇ ਖਾਲਸੇ ਦੀ ਏਹ ਦਸ਼ਾ (ਫੁਟ) ਦੇਖਕੇ ਮੁਸਲਮਾਨਾਂ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਗਈਆਂ, ਘਿਉ ਦੇ ਦੀਵੇ ਮਚ ਪਏ ॥

ਤਤਖਾਲਸੇ ਤੇ ਬੰਦੇਈ ਖਾਲਸੇ ਵਿਚ ਇਹ ਮਤ ਭੇਦ ਦਿਨ ਬਦਿਨ ਵਧਦਾ ਤੇ ਖਤਰਨਾਕ ਸੂਰਤ ਫੜਦਾ ਗਿਆ। ਇਕ ਦਿਨ ਸ੍ਰੀ ਅੰਮ੍ਰਤਸਰ ਸ੍ਰੋਵਰ ਕਿਨਾਰੇ ਦਰਸ਼ਨੀ ਦਰਵਾਜੇ ਅਗੇ ਆਪੋ ਵਿਚ ਲੜਾਈ ਹੋਪਈ, ਜਿਸ ਵਿਚ ਕਈ ਆਦਮੀ ਦੁਹਾਂ ਪਾਸਿਆਂ ਦੇ ਫਟੜ ਹੋਗਏ। ਬਾਬੇ ਬੰਦੇ ਨੇ ਗੁਰਦਾਸਪੁਰ ਦੀ ਤਰਫ ਕੂਚ ਕਰ ਦਿਤਾ ॥

ਬਾਦਸ਼ਾਹ ਨੇ ਪੰਥ ਨਾਲ ਮੇਲ ਕਰਨਾ

ਫਰੁਖਸ਼ੀਅਰ ਨੇ ਆਪਣੇ ਮਾਤਬਰ ਤੱਤ ਖਾਲਸੇ ਪਾਸ ਭੇਜ ਕਰ ਨਾਮੀ ਨਾਮੀ ਸਿੰਘਾਂ ਨੂੰ ਦੁਸ਼ਾਲੇ ਸਸਤਰ ਭੇਜੇ, ੫੧੦੦੦ ਇਕਵੰਜਾ ਹਜਾਰਖਰਚ ਤੇ ਜਾਗੀਰਾਂ ਦੇਣਦਾ ਹੁਕਮਸੂਬੇ ਲਾਹੌਰ ਦੇ ਨਾਮ ਹੋਯਾ, ਸਿੰਘਾਂ ਦੀ ਤਾਰੀਫ ਕਰਕੇ ਆਖਿਆ, ਹੇ ਖਾਲਸਾ ਜੀ! ਅਸੀ ਤਾਂ ਤੁਹਾਡੇ ਗੁਰੂ ਨਾਨਕ ਸਾਹਿਬ ਦੀ ਬਖਸ਼ੀ

Sri Satguru Jagjit Singh Ji eLibrary NamdhariElibrary@gmail.com

ਹੋਈ ਬਾਦਸ਼ਾਹੀ ਕਰਦੇ ਹਾਂ ਜੋ ਸਾਡੇ ਬਾਬਰ ਸ਼ਾਹ ਨੂੰ ਓਨਾਂ ਨੇ ਬਖਸ਼ੀ ਸੀ, ਸੋ ਅਸੀ ਹੁਣ ਤੁਹਾਡੇ ਵਿਰੁਧ ਕੋਈ ਕੰਮ ਨਹੀਂ ਕਰਾਂਗੇ ਤੁਸੀ ਵੀ ਸਾਡੇ ਨਾਲ ਲੜਾਈ ਦਾ ਖਿਆਲ ਛਡ ਦੇਵੋ।

ਜਾਗੀਰ ਵਜ਼ੀਫਾ ਮਿਲਣਾ

ਓੜਕ ਪੰਜ ਸੌ ਸਵਾਰ ਤਾਂ ਲਾਹੌਰ ਰਹਨ ਲੱਗੇ। ਏਹਨਾਂ ਵਿਚ ਬਾਬਾ ਕਾਨ ਸਿੰਘ, ਮੀਰੀ ਸਿੰਘ, ਭੁੱਲੇ ਸਾਹਿਬਜ਼ਾਦੇ ਤੇ ਛਤੇ ਸਿੰਘ ਛਾਏ ਭਗਤੂ ਦਾ ਸਜਾਮ ਸਿੰਘ ਨਾਰੰਗੀ ਵਾਲਾ ਸਰਦਾਰ ਬਨਾਏ ਗਏ। ਬਾਕੀ ਖਾਲਸਾ ਜੋ ਅਮ੍ਰਿਤਸਰ ਰਿਹਾ, ਓਹਨਾਂ ਨੂੰ ਪੰਜ ਹਜਾਰ ਰੁਪਯਾ ਨਕਦ ਖਰਚ ਮਹੀਨੇ ਦਾ ਤੇ ਪ੍ਰਸ਼ਾਦਾ ਸ਼ੁਬਾਲ ਜੋ ਪਹਿਲੇ ਅਕਬਰ ਬਾਦਸ਼ਾਹ ਦੇ ਵਕਤ ਵਿਚ ਗੁਰੂ ਸਾਹਿਬਾਂ ਦੇ ਨਾਮ ਮਾਫੀ ਸੀ, ਓਹੋ ਘੋੜਿਆਂ ਦੇ ਦਾਣੇ ਘਾਸ ਲੰਗਰ ਵਾਸਤੇ ਵੱਖਰਾ ਦੇਕਰ ਅਹਿਦ ਪੈਮਾਨ ਵਿਚ ਏਹ ਸ਼ਰਤਾਂ ਲਿਖ ਦਿਤੀਆਂ :-

ਅਕਰਾਰ ਨਾਮਾ

[੧] ਪੰਥ ਖਾਲਸਾ ਬਾਦਸ਼ਾਹ ਦੇ ਕਿਸੇ ਮੁਲਕ ਪਰ ਹਥ ਨਾ ਪਾਵੇਗਾ ॥

[੨] ਜਦ ਕਦੇ ਕੋਈ ਗਨੀਮ ਪੰਜਾਬ ਦੀ ਤਰਫ ਆਵੇ ਤਾਂ ਤਤ ਖਾਲਸਾ ਪੰਜਾਬ ਦੇ ਸੂਬੇ ਦੀ ਸਹਾਇਤਾ ਕਰਕੇ ਪਰਜਾ ਦੀ ਰੱਖਜਾ ਵਾਸਤੇ ਮੱਦਦ ਦੇਵੇਗਾ ।

[੪] ਜੋ ਜਾਗੀਰ ਤੇ (ਬਸਤਾ) ਵਜ਼ੀਫਾ ਖਾਲਸੇ ਦਾ ਮੁਕੱਰਰ ਹੋਯਾ ਹੈ, ਇਸ ਵਿਚ ਕਮੀ ਬੇਸ਼ੀ ਨਾ ਹੋਵੇਗੀ।

[੫] ਅਗੇ ਨੂੰ ਮੁਲਕ ਪੰਜਾਬ ਵਿਚ ਕਿਸੇ ਹਿੰਦੂ ਨੂੰ ਮੱਲੇ

Sri Satguru Jagjit Singh Ji eLibrary NamdhariElibrary@gmail.com

ਮਲੀ ਮੁਸਲਮਾਨ ਨਾ ਕੀਤਾ ਜਾਵੇਗਾ ।

[੬] ਕਿਸੇ ਨੂੰ ਆਪਣੇ ਮਜ਼ਹਬ ਦੇ ਮੰਦਰ, ਮੂਰਤਾਂ, ਪੂਜਾ, ਕਰਮ, ਧਰਮ, ਕਰਣੇ ਤੋਂ ਰੋਕਿਆ ਨਾ ਜਾਵੇਗਾ ।

[੭] ਪੰਜਾਬ ਦੇ ਹਿੰਦੂਆਂ ਤੋਂ ਜੋਜ਼ੀਆ ਮਾਮੂਲਾ ਅਗੇ ਨੂੰ ਨਾ ਲੀਤਾ ਜਾਵੇਗਾ ॥

[੮] ਜੋ ਕੋਈ ਸਿੰਘ ਖੇਤੀ ਕਰੇਗਾ ਉਸਤੋਂ ਅੱਧਾ ਮਾਮੂਲਾ ਲੀਤਾ ਜਾਵੇਗਾ ।

[੯] ਪੰਜਾਬ ਦੇ ਮੁਲਕ ਵਿਚ ਗਊ ਬਧ ਨਾ ਹੋਵੇਗਾ ।

[੧੦] ਕਿਸੇ ਦੀ ਬਹੂ ਬੇਟੀ ਨੂੰ ਕੋਈ ਮੁਸਲਮਾਨ ਜਬਰਨ ਹੱਥ ਨਾ ਪਾਵੇਗਾ ।

ਇਸਤਰਾਂ ਦਾ ਪਰਜਾ ਦੀ ਭਲਾਈ ਤੇ ਹਿੰਦੂਆਂ ਦੀ ਰੱਖਜਾ ਮਨੋਰਥ ਮੁਖ ਰੱਖਤੇ ਖਾਲਸੇ ਨੇ ਪੰਜਾਬ ਦੇ ਹਾਕਮਾਂ ਤੋਂ ਇਕਰਾਰ ਨਾਮਾ ਲਖਵਾ ਲਿਆ ।

ਕਲਾਨੌਰ ਮਾਰਨੀ

ਏਧਰ ਬਾਬੇ ਬੰਦੇ ਨੇ ਤੱਤ ਖਾਲਸੇ ਦੇ ਮਿਲਣ ਵਾਸਤੇ ਵਕੀਲ ਭੇਜਕੇ ਮੇਲ ਦੇ ਫਾਇਦੇ ਤੇ ਏਮੇਲ ਦੇ ਨੁਕਸਾਨ ਬਹੁਤ ਸਮਝਾਏ ਬੁਝਾਏ, ਪਰ ਬੰਦੇ ਦੀ ਮਨ ਮਤ ਦੀ ਚਾਲ ਤੇਖਾਲਸੇ ਨੂੰ ਗੁਰਮਤਵਲੋਂ ਗੁੰਮਰਾਹਕਰਨਵਾਲੇ ਕਾਰਿਆਂ ਨੇ ਤਤ ਤੇ ਬੰਦਈ ਸਿੰਘਾਂ ਦਾ ਮੇਲ ਨਾ ਹੋਣ ਦਿਤਾ । ਜੱਦਯਪਿ ਬੰਦਾ ਬਹਾਦਰ ਤੱਤ ਖਾਲਸੇ ਤੋਂ ਜੁਦਾ ਹੋਜਾਣੇ ਕਰ ਬਹੁਤ ਕਮਜ਼ੋਰ ਹੋਗਿਆ ਸੀ, ਪਰ ਉਸ ਨੇ ਹਿੰਮਤ ਨਾ ਹਾਰੀ, ਅਠ ਦਸ ਹਜ਼ਾਰ ਅਸਵਾਰ ਪਿਆਦੇ ਦੀ ਭੀੜ ਭਾੜ ਨਾਲ ਲੈਕੇ ਸੰਃ੧੭੭੫ ਵਿਃ ਵਿਚ ਕਲਾਨੌਰ ਦੇ ਹਾਕਮ ਫਤੇ ਦੀਨ ਨੂੰ

Sri Satguru Jagjit Singh Ji eLibrary NamdhariElibrary@gmail.com

ਜਾ ਪੋਹਿਆ, ਉਸਨੇ ਡੂਬੇ ਲਾਹੌਰ ਤੋਂ ਮਦਦ ਮੰਗੀ। ਡੂਬੇ ਨੇ ਸਿੰਘਾਂ ਨੂੰ ਭੇਜਣਾ ਚਾਹਿਆ ਤਾਂ ਸਿੰਘਾਂ ਨੇ ਜਵਾਬ ਦਿਤਾ ਕਿ ਬਾਹਰ ਤੋਂ ਆਏ ਗਨੀਮ ਦੇ ਮੁਕਾਬਲੇ ਪਰ ਜਾਣੇ ਦਾ ਸਾਡਾ ਕੰਮ ਹੈ ਪੰਜਾਬ ਦੇ ਵਿਚਲੇ ਝਗੜੇ ਮੇਟਣ ਦਾ ਸਾਡਾ ਕੰਮ ਨਹੀਂ ਬਾਕੀ ਸਿੰਘਾਂ ਨਾਲ ਬੀ ਅਸੀ ਨਹੀਂ ਲੜਾਂਗੇ। ਏਹ ਜਵਾਬ ਸੁਣ ਕੇ ਡੂਬਾ ਚੁਪ ਹੋ ਗਿਆ। ਖਾਲਸੇ ਦੇ ਇਸ ਉਤਰ ਤੋਂ ਬੰਦੇ ਦੀਆਂ ਅੱਖਾਂ ਖੁਲ ਜਾਣੀਆਂ ਚਾਹੀਦੀਆਂ ਸਨ, ਕਿ ਖਾਲਸਾ ਕਿਸੇਦੀ ਚਾਲ ਤੇ ਮਾਇਆ ਦੇ ਜਾਲ ਵਿਚ ਨਹੀਂ ਫਸਦਾ, ਉਹ ਦੇ ਨਾਲ ਮੇਲ ਕਰ ਲੈਣਾ ਚਾਹੀਦਾ ਹੈ, ਪਰੰਤੂ ਬੰਦੇ ਦੀਅਕਲਤੇ ਜੋਪ੍ਰਦਾਪਿਆਸੀਸੋਨਾਉਠਿਆਓਧਰਫਤੇਦੀਨ ਨੇ ਬਾਬੇ ਬੰਦੇ ਨੂੰ ਕੁਛ ਨਕਦ, ਸ਼ਸਤ੍ਰ, ਘੋੜੇ ਨਜ਼ਰ ਦੇਕੇ ਆਪਣੀ ਜਾਨ ਛੁਡਾਈ। ਤਦ ਬੰਦੇ ਬਹਾਦਰ ਨੇ ਰਾਵੀ ਪਾਰ ਹੋਕੇ ਦਖ਼ਪ ਦੇਸ ਵਡੇ ਵਡੇ ਪਿੰਡ ਮੁਸਲਮਾਨਾਂ ਦੇ ਬਹੁਤ ਹੀ ਲੁਟੇ ਮਾਰੇ। ਗੁਜਰਾਂਵਾਲਾ, ਵਜ਼ੀਰਾਬਾਦ, ਸਿਆਲ ਕੋਟ, ਆਦਿਕ ਹਾਕਮਾਂ ਤੋਂ ਮਨ ਭਾਏ ਨਜ਼ਰਾਨੇ ਪਾਏ ਤੇ ਵਜ਼ੀਰਾਬਾਦੀਏ ਸ਼ਿਵ ਦੇਵ ਕਪੂਰ ਖੱਤ੍ਰੀ ਦੀ ਬੇਟੀ ਸਾਹਿਬ ਕੌਰ ਜੋ ਅਤੀ ਸੁੰਦਰ ਸੀ, ਪਸੰਦ ਕਰਕੇ ਵਿਆਹ ਲਈ, ਏਸ ਵਿਚੋਂ ਸੰਃ ੧੭੭੭ ਵਿਃ ਨੂੰ ਅਜੀਤ ਸਿੰਘ ਪੈਦਾ ਹੋਯਾ, ਜਿਸਦੀ ਸੰਤਾਨ ਹੁਣ ਦਯਾ ਸਿੰਘ ਆਦਿਕ ਵਜ਼ੀਰਾਬਾਦ ਵਿਚ ਸੇਠੀ ਖੱਤ੍ਰੀ ਮਸ਼ਹੂਰ ਹਨ ॥

ਬੰਦੇ ਦਾ ਦੌਰਾ ਸਿੰਧ ਤਕ

ਬੰਦਾ ਦਖ਼ਪ, ਧੰਨੀ, ਪੋਠੋਹਾਰ, ਥਲ, ਸਿੰਧ, ਆਦਿਕ ਦੇਸ਼ਾਂ ਵਿਚ ਵਰਸਾ ਅਦਰ ਤਕ ਫਿਰ ਨਿਕਲਿਆ, ਮੁਸਲ-

Sri Satguru Jagjit Singh Ji eLibrary NamdhariElibrary@gmail.com

ਮਾਨਾਂ ਨੂੰ ਕਜਾਮਤ ਦਿਖਾ ਛਡੀ, ਬੇਸ਼ੁਮਾਰ ਹਿੰਦੂ ਬੰਦਈ ਸਿਖ ਬਣਗਏ, ਜੋ ਹੁਣ ਤਕ ਸਿਵਾਇ ਬੰਦੇ ਦੇ ਹੋਰ ਕਿਸੇ ਨੂੰ ਨਹੀਂ ਮੰਨਦੇ। ਜਿਥੇ ਜਿਥੇ ਬੰਦਾ ਗਿਆ ਸੀ, ਓਥੇ੨ ਓਸ ਦੇ ਸੇਵਕਾਂ ਨੇ ਉਸਦੇ ਨਾਮ ਪਰ ਧਰਮਸਾਲਾ ਬਣਾ ਰਖੀਆਂ ਹਨ। ਦੇਖੋ ਪੰਜਵਾਂ ਹਿਸਾ । ਏਸੇ ਤਰਾਂ ਪੰਦ੍ਰਾਂ ਚੌਦਾਂ ਮਹੀਨੇ ਓਸ ਦੇਸਦਾ ਦੌਰਾ ਕਰਕੇ ਕਟਾਸ ਤੀਰਥ ਦਾ ਮੇਲਾ ਦੇਖਜਾ ਤੇ ਫੇਰ ਗੁਰਦਾਸ ਪੁਰ ਵਿਚ ਆ ਠਹਰਿਆ। ਏਸ ਦੀਰਘ ਦੌਰੇ ਵਿਚ ਬਹੁਤ ਦੌਲਤ ਬੰਦਈ ਸਿਖਾਂ ਦੇ ਹਥ ਆਈ, ਜਿਸ ਤੋਂ ਓਹਨਾਂ ਨੂੰ ਬਹੁਤ ਹੰਕਾਰ ਹੋ ਗਿਆ ਸੀ ॥

ਏਧਰ ਏਸ ਦੇ ਇੰਤਜ਼ਾਮ ਨਾ ਹੋਣੇ ਦੇ ਕਾਰਣ ਅਸਲਮ ਖਾਂ ਨੂੰ ਨਾਯਬ ਸੂਬਾ, ਤੇ ਅਬਦੁਲ ਸਮੰਦ ਖਾਂ ਨੂੰ ਏਸਦੀ ਜਗਾ ਪੂਰਾ ਸੂਬਾ ਲਾਹੌਰ ਦਾ ਮੁਕੱਰਰ ਕੀਤਾ ਗਿਆ। ਸੰਮਤ ੧੭੭੬ ਬਿਃ ਨੂੰ ਰਾਜਾ ਮੰਡੀ ਵਾਲਾ ਸੁੱਧ ਸੈਣ ਜੋ ਬੰਦੇ ਦਾ ਸਿਦਕੀ ਸਿਖ ਬਣ ਰਿਹਾ ਸੀ, ਗੁਰਦਾਸ ਪੁਰ ਬੰਦੇ ਪਾਸ ਆਯਾ ਤੇ ਕੁਛ ਦਿਨ ਰਹਿਕੇ ਬੰਦੇ ਨੂੰ ਭੀ ਆਪਣੇ ਨਾਲ ਹੀ ਮੰਡੀ ਵਿਚ ਲੈ ਗਿਆ ॥

ਪੋਥੀ ਦੀ ਮਹਿਮਾ

ਬਾਬੇ ਬੰਦੇ ਪਾਸ ਇਕ ਪੋਥੀ ਲਲੀਏ ਸਿਧ ਦੀ ਬਖਸ਼ੀ ਹੋਈ ਸੀ, ਜਿਸ ਵਿਚ ਚੌਹਟ ਵਿਦਿਆ ਪ੍ਰਸਿੱਧ ਸਨ । ਓਸ ਵਿਚ ਓਹ ਮੰਤ੍ਰ ਜੰਤ੍ਰ ਤੰਤ੍ਰ ਭੀ ਸਨ ਜਿਨਾਂ ਦੇ ਜੋਰ ਨਾਲ ਸਰੀ ਹਜਰਾਤ ਕਰਨੇ ਸੇ ਦੇਵਤਾ ਪਰੀਆਂ, ਮੁਫੱਕਲ, ਭੂਤ ਪ੍ਰੇਤ ਸਭ ਹਾਜ਼ਰ ਹੋ ਜਾਂਦੇ ਸੇ, ਮਨ ਭਾਏ ਕੰਮ ਉਨਾਂ ਤੋਂ ਕਰਾ ਲੈਂਦਾ ਸੀ, ਸਭ ਤਰਾਂ ਦੇ ਜਾਦੂ, ਰਸਾਇਣ ਤੇ ਪਾਰਸ

Sri Satguru Jagjit Singh Ji eLibrary NamdhariElibrary@gmail.com

ਕਲਕੇ ਦਿਖਾ ਦੇਂਦਾ ਸੀ। ਰਾਜਾ ਸੁਧਾਸੈਣ ਨੇ ਛੇਤ ਪਾਕੇ ਓਹ ਪੋਥੀ ਤੇ ਇਕ ਗੁਟਕਾ ਜਿਸਦੇ ਨਾਲ ਬੰਦਾ ਉਡ ਸਕਦਾ ਸੀ, ਦੋਵੇਂ ਚੀਜਾਂ ਰੁੰਮ ਕਰ ਲਈਆਂ। ਫੇਰ ਓਸੇ ਪੋਥੀ ਦੇ ਬਲ ਨਾਲ ਰਾਜਾ ਸੁਧਾਸੈਨ ਨੇ ਅਪਨੀ ਕਾਯਾਂ ਥੀ ਸੌ ਬਰਸ ਤਕ ਰਖੀ ਤੇ ਕਰਾਮਾਤਾਂ ਭੀ ਏਸ਼ੁਮਾਰ ਲੋਕਾਂ ਨੂੰ ਦਿਖਾਉਂਦਾ ਜਿਹਾ ਕੇ ਹੁਣ ਤਕ ਸਾਰੇ ਪਹਾੜ ਵਿਚ ਮਸ਼ਹੂਰ ਹਨ। ਆਖਰ ਮਰਨ ਲਗਾ ਓਹ ਦੋਵੇਂ ਚੀਜ਼ਾਂ ਦਰਿਆ ਵਿਚ ਸੁਟ ਗਿਆ। ਏਹ ਹਾਲ ਰਜਾਸਤ ਮੰਡੀ ਦੀ ਤਵਾਰੀਖ ਵਿਚ ਸਰ ਲੈਪਲਗ੍ਰੀਫਨ ਸਾਹਿਬ ਨੇ ਲਿਖਜਾ ਹੈ।

ਲਾਹੌਰ ਪਰ ਚੜ੍ਹਾਈ

ਭਾਵੇਂ ਬਾਬਾ ਬੰਦਾ ਨੂੰ ਆਪਨੀਜਿੰਦਤੇ ਸ਼ਕਤੀ ਜਿਸਦੇ ਬਲ ਨਾਲ ਓਹ ਹਮੇਸ਼ ਫਤੇ ਪਾਉਂਦਾ ਤੇ ਲੋਕਾਂ ਨੂੰ ਦਬਾਉਂਦਾ ਰਹਿੰਦਾ ਸੀ, ਗਵਾ ਕੇ ਗੁਰਦਾਸਪੁਰ ਵਿਚ ਚਲਾ ਆਇਆ, ਪਰ ਫੇਰ ਭੀ ਅਸੂ ਮਹੀਨੇ ਸੰਃ ੧੭੭੭ ਬਿਃ ਨੂੰ ਬਾਬੇ ਬੰਦੇਨੇ ਆਪਣੀ ਹਿੰਮਤ ਤੇ ਕਿਸਮਤ ਅਜ਼ਮਾਉਣ ਵਾਸਤੇ ਬਹੁਤ ਫੌਜ ਕੱਠੀ ਕਰ ਮੁਸਲਮਾਨਾਂ ਤੋਂ ਲਾਹੌਰ ਛੁਡਾਉਣ ਵਾਸਤੇ ਚੜ੍ਹਾਈ ਕੀਤੀ। ਸ਼ਾਹਾਬਾਰ ਬਾਗ ਪਾਸ ਜਾ ਉਤਰਿਆ। ਕਲਾਨੌਰ ਪਾਸ ਦੋ ਦਿਨ ਭਾਰੀ ਲੜਾਈ ਹੋਈ ਆਖਰ ਤੁਰਕਾਨੀ ਫੌਜ ਜਦ ਹਾਰ ਗਈ ਤੇ ਅਸਲਮ ਖਾਂ ਸੁਬਾ ਫੌਜਾਂ ਨੂੰ ਲੈਕੇ ਆ ਪਹੁੰਚਾ, ਲੜਾਈ ਫੇਰ ਸ਼ੁਰੂ ਕਰਾ ਦਿਤੀ ਤਾਂ ਬੰਦੇ ਨੇ ਲੜਾਈ ਕਰਨੀ ਮੁਨਾਸਿਬ ਨਾ ਸਮਝਕੇ ਵਟਾਲੇ ਦੀ ਤਰਫ ਵਾਗ ਮੋੜ ਲੀਤੀ।

Sri Satguru Jagjit Singh Ji eLibrary NamdhariElibrary@gmail.com

ਬੰਦੇ ਦਾ ਦੀਪਮਾਲਾ ਪਰ ਆਉਨਾ

ਏਸ ਸਾਲ ਜਦ ਅੰਮ੍ਰਤਸਰ ਦੀਪ ਮਾਲਾ ਪਰ ਪੰਥ ਖਾਲਸਾ ਇਕੱਠਾ ਹੋਇਆ ਤਾਂ ਬਾਬੇ ਬੰਦੇ ਨੇ ਅਰਦਾਸ ਦੇਕੇ ਆਪਣੇ ਵਕੀਲ ਤਤ ਖਾਲਸੇ ਪਾਸ ਭੇਜਕੇ ਆਖਿਆ ਕਿ ਸਾਨੂੰ ਆਪਸ ਵਿੱਚ ਮੇਲ ਕਰ ਲੈਣਾ ਚਾਹੀਦਾ ਹੈ ਮਿਲਕੇ ਰੈਹਣ ਦੇ ਬਹੁਤ ਸਾਰੇ ਫਾਇਦੇ ਹਨ ਮੈਂ ਦਾਇਆ ਬਣਕੇ ਜੰਗ ਵਿੱਚ ਤੁਹਾਡੇ ਨਾਲ ਰਿਹਾ ਹਾਂ।

ਏਹ ਉਕਤ ਕਥਨ ਬੰਦੇ ਬਹਾਦਰ ਦਾ ਅਕਾਲ ਤਖਤ ਅਰੋਦੀ ਵਾਨ ਵਿਚ ਜਦ ਸਾਰੇ ਪੰਥ ਨੂੰ ਸੁਨਾਇਆ ਗਿਆ ਤਾਂ ਭਾਵੇਂ ਪੰਥ ਵਿਚ ਹੋਰ ਭੀ ਬਹੁਤ ਵਾਨੇ ਦਾਨੇ ਸਿਆਨੇ ਸਿੰਘ ਥੇ, ਪਰ ਜੋ ਹਛੇ ਨਿਹੰਗ ਸਿੰਘ ਸਨ ਉਹ ਬੋਲ ਉਠੇ ਕਿ ਜੇਕਰ ਬੰਦਾ ਤਤ ਖਾਲਸੇ ਨਾਲ ਮੇਲ ਰਖਣਾ ਚਾਹੁੰਦਾ ਹੈ ਤਾਂ ਆਪਣੇ ਸਾਰੇ ਬੰਦਈ ਸਿਖਾਂ ਸਮੇਤ ਗਲ ਵਿਚ ਪੱਲਾ ਪਾਕੇ ਹਥ ਜੋੜ ਕਰ ਪੰਥ ਦੇ ਦੀਵਾਨ ਅਗੇ ਆ ਖੜੋਵੇ, ਪਹਿਲੇ ਸਭ ਦੇ ਜੋੜੇ ਝਾੜੇ, ਫੇਰ ਤਨਖਾਹ ਬਖਸ਼ਾਵੇ, ਜੋ ਗੁਰਮਤਾ ਕਰਕੇ ਖਾਲਸਾ ਦੰਡ ਲਾਵੇ ਓਹ ਦੇਵੇ, ਵਾਹਿਗੁਰੂ ਜੀ ਕੀ ਫਤੇ ਬੁਲਾਵੇ, ਪਿੱਛਲੀ ਬੋਲ ਚਾਲ ਦੇ ਕੱਚੇ ਬੋਲੇ ਛੱਡਕੇ ਖਾਲਸੇ ਵਾਲੇ ਪੱਕੇ ਬੋਲੇ ਸਿੱਖੇ, ਸਭਾ ਵਿੱਚ ਗੱਦੀ ਨਾ ਬਿਛਵਾਏ, ਗੁਰੂ ਨਾ ਸਦਾਏ, ਪੰਥ ਨਾ ਚਲਾਏ ਹੋਰ ਜੋ ਬੰਦੇ ਨੇ ਆਪ ਨੂੰ ਪੰਥ ਦਾ ਦਾਸਾ ਬਤਾਯਾ ਹੈ ਸੋ ਉਂਜ ਹੀ ਸਹੀ ਹੈ ਪਰਲਾਯਾ ਬਾਲਕ ਦੀ ਟੈਹਲ ਕਰਦਾ ਹੋਇਆ ਪਾਲਦਾ ਪੋਸਦਾ ਤੇ ਉਸਦਾ ਬਿਸਟਾ ਮੂਤ ਥੁਕ ਲਾਲ ਧੋਂਦਾ ਹੈ ਉਸ ਨੂੰ ਬੱਚੇ ਦੀ ਜਾਨ ਲੈਣ ਦਾ ਹਕ ਨਹੀਂ ਹੁੰਦਾ, ਹੁਣ ਗੁਰੂ ਦੇ ਪੁਤ੍ਰ ਪੰਥ ਨੇ ਜਵਾਨ ਹੋਕੇ

Sri Satguru Jagjit Singh Ji eLibrary NamdhariElibrary@gmail.com

ਆਪਣਾ ਆਪ ਸੰਭਾਲ ਲੀਤਾ। ਧਰਮ ਦੇ ਮਾਮਲੇ ਵਿਚ ਉਹ ਦਾ ਦਖਲ ਨਹੀਂ ਸਹਾਰਿਆ ਜਾ ਸਕਦਾ, ਦਾਦਾ ਜਹਾਂ ਜਾਦਾ ਚਾਹੇ ਜਾਏ, ਹੋਰ ਜੋ ਬੰਦੇ ਨੇ ਬਾਂਹਸਾਥ ਰੋਹਣ ਦੀਲਾਜ ਪਾਲਣੀ ਆਖਿਆ ਹੈ ਸੋ ਬੜੀ ਖੁਸ਼ੀ ਦੀ ਬਾਤ ਹੈ ਆਓ ਸਭੋਂ ਮੁਖੀਆ ਬਨ ਕੇ ਪੰਥ ਦਾ ਸਰੂਪ ਬਣੇ ਰਹੋ ਜੋ ਜੋ ਮੂਦਾਦਾ ਖਾਨ ਪਾਨ ਪਹਿਰਾਨ ਖਾਲਸੇ ਦੀ ਹੈ ਸੋ ਧਾਰਣ ਕਰੋ॥

ਏਹੋ ਜੇਹੇ ਜਵਾਬ ਸੁਨਕੇ ਬੰਦੇ ਦੇ ਵਕੀਲਾਂ ਨੇ ਬਿਨਾ ਢੀਲ ਜਦ ਜਾਕੇ ਬੰਦੇ ਦੇ ਪਾਸ ਏਹ ਸਾਰਾ ਹਾਲ ਦੱਸਜਾ ਬੰਦੇ ਲਈ ਆਪਣਾ ਮਾਨ ਤੇ ਗੌਰਵਤਾ ਛਡਣੀ ਅਸੰਭਵ ਹੋ ਰਹੀ ਸੀ ਤਾਂ ਬੰਦਾ ਬੋਲਿਆ ਏਸ ਪੰਥ ਦੇ ਅਗਵਾਨੀ ਜਦੋਂ ਤੱਕ ਨਿਹੰਗ ਤੇ ਗੁਰਦਵਾਰੀਏ ਪੁਜਾਰੀ ਹਨ, ਓਤਨਾਂ ਚਿਰ ਏਹ ਪੰਥ ਕਦੇ ਉਨਤੀ ਨਹੀਂ ਕਰੇਗਾ।

ਏਸ ਭਾਂਤ ਦੇ ਉਤ੍ਰ ਪ੍ਰਸ਼ਨ ਕਰਕੇ ਬੰਦਾ ਤਾਂ ਪੰਜ ਛੀ ਹਜ਼ਾਰ ਸਿੰਘ ਨਾਲ ਨੈਣੇ ਦੇ ਕੋਟ ਵੰਨੀ ਤੁਰਕੇ ਪਹਾੜਾਂ ਦੀ ਤਲੀ ਕੰਢੀ ਦੇ ਮੁਲਖ ਨੂੰ ਜੋ ਬਹੁਤ ਮਾਲਦਾਰ ਸੀ, ਲੁਟਣ ਖਸੋਟਨ ਲਗ ਪਿਆ, ਓਸ ਰਾਜ ਰੌਲੇ ਵਿੱਚ ਹੋਰ ਥੀ ਏਅੰਤ ਲੁਟੇਰੇ ਬੰਦਈ ਦਲ ਨਾਲ ਰਲ ਪਏ ਜੋ ਬਾਰਾਂ ਪੰਦ੍ਰਾਂ ਹਜਾਰ ਨੇ ਕੱਠੇ ਹੋਕੇ ਧੁੰਮ ਮਚਾ ਦਿੱਤੀ॥

ਜੰਗ ਨੈਣੇ ਦੇ ਕੋਟ

ਜਦ ਉਕਤ ਹਾਲ ਦੀਆਂ ਬੇਸ਼ੁਮਾਰ ਅਰਜ਼ੀਆਂ ਨਾਜ਼ਮ ਲਾਹੌਰ ਦੇ ਪਾਸ ਛਾਵੇਂ ਲੋਗਾਂ ਨੇ ਦਿੱਤੀਆਂ, ਪਰ ਓਸ ਨੂੰ ਬੰਦੇ ਦੇ ਸਾਹਮਣੇ ਜਾਣਾਂ ਮਨਜ਼ੂਰ ਨਹੀਂ ਸੀ, ਕਿਉਂਕਿ ਓਸ ਨੇ ਪੱਕਾ ਭਰੋਸਾ ਕਰ ਰਖਿਆ ਸੀ ਕਿ ਜਦ ਮੈਂ ਓਸਨੂੰ ਮਾਰਨੇ

Sri Satguru Jagjit Singh Ji eLibrary NamdhariElibrary@gmail.com

ਫੜਨੇ ਦੀ ਨੀਤ ਕਰਾਂਗਾ ਓਹ ਅੱਗੇ ਹੀ ਪ੍ਰਤੀਤ ਕਰਕੇ ਮੈਨੂੰ ਹੀ ਮਾਰ ਦੇਵੇਗਾ। ਜਦ ਸੂਬੇਦਾਰ ਅਬਦਲ ਸਮੰਦ ਖਾਂ ਲਾਹੌਰੀ ਦਾ ਏਹ ਹਾਲ ਸੀ ਤਾਂ ਓਸਦੇ ਮਾਤਹਿਤ ਫੌਜਦਾਰ ਕਦੋਂ ਖੜੇ ਹੁੰਦੇ ਸੇ? ਏਸੇ ਵਾਸਤੇ ਲੋਕਾਂ ਨੇ ਬਾਦਸ਼ਾਹ ਫਰੁਖਸੀਅਰ ਪਾਸ ਏਅੰਤ ਅਰਜ਼ੀਆਂ ਸ਼ਕਾਇਤੀ ਦੇ ਰਖੀਆਂ ਸਨ, ਜਿਨਾਂ ਤੋਂ ਖਿਝ ਕੇ ਬਾਦਸ਼ਾਹ ਨੇ ਜਲਾਲ ਦੀਨ ਜੰਗ ਦਲੇਰ ਬੁਲੰਦ ਖਾਂ ਵਗੈਰਾ ਨੂੰ ਦਸ ਹਜ਼ਾਰ ਫੌਜ ਸਮੇਤ ਭੇਜ ਕੇ ਸਾਰੇ ਫੌਜਦਾਰਾਂ ਦੇ ਨਾਮ ਫੁਰਮਾਨ ਜਾਰੀ ਕਰ ਦਿੱਤੇ ਕਿ ਤੁਸੀਂ ਸਭ ਆਪਣੀ ੨ ਫੌਜ ਲੈਕੇ ਨਾਜ਼ਮ ਲਾਹੌਰ ਦੇ ਨਾਲ ਰਲ ਕਰ ਬੰਦੇ ਨੂੰ ਮਾਰੋ ਯਾ ਫੜਕੇ ਮੇਰੇ ਪਾਸ ਭੇਜੋ, ਨਹੀਂ ਤਾਂ ਆਪ ਨੂੰ ਸ਼ਾਹੀ ਨੌਕਰ ਨਾ ਸਮਝਨਾ ॥ ਹੁਣ ਐਸੇ ਕਰੜੇ ਸ਼ਾਹੀ ਹੁਕਮ ਦੀ ਤਾਮੀਲ ਸਭ ਨੂੰ ਕਰਨੀ ਪਈ, ਅਪਨੀ ੨ ਫੌਜ ਨੂੰ ਸਜਾ ਧਜਾ ਕੇ ਆ ਕੱਠੇ ਹੋਏ, ਤਦੋਂ ਨੂੰ ਏਧਰੋਂ ਬੰਦਈ ਸਿੰਘ ਅਠਕ ਹਜ਼ਾਰ ਜੁਝਕੇ ਬੰਦੇ ਬਹਾਦੁਰ ਦੇ ਸਾਥ ਹੋ ਲੀਤਾ। ਮਘਰ ਸੰਃ ੧੭੭੭ ਬਿਃ ਨੂੰ ਨੈਣੇ ਦੇ ਕੋਟ ਪਾਸ ਦੋਹਾਂ ਦਲਾਂ ਦਾ ਮੁਕਾਬਲਾ ਹੋ ਪਿਆ। ਬੜੇ ਜ਼ੋਰ ਸ਼ੋਰ ਨਾਲ ਦੋਹਾਂ ਪਾਸਿਆਂ ਦੇ ਬਹਾਦੁਰਾਂ ਨੇ ਜੰਗ ਕੀਤਾ, ਬੰਦਈ ਸਿੰਘ ਤਾਂ ਜਾਨਾਂ ਤੋੜ ਤੋੜ ਵਧ ਵਧ ਕੇ ਲੜਦੇ ਸੇ ਤੇ ਸ਼ਾਹੀ ਫੌਜ ਜਾਨ ਬਚਾ ੨ ਕੇ ਲੜਦੀ ਹੋਈ (ਭਜ ਉੱਲੇ ਯਾਰ ਪਿਟਦੀ ਸੀ) ਤਾਂ ਬੀ ਸਿੱਖਾਂ ਨਾਲੋਂ ਅਠ ਦਸ ਗੁਣੀਆਧਰ ਹੋਣੇ ਕਰ ਕਦੇ ਓਹ ਸਿਖਾਂ ਨੂੰ ਧਕੇਲ ਕੇ ਪਿਛੇ ਹਟਾ ਦਿੰਦੇ ਕਦੀ ਸਿਖ ਓਨਾਂ ਨੂੰ ਪਛਾੜਦੇ ਹੋਏ ਦਬਾ ਕੇ ਲੈ ਜਾਂਦੇ ਸੇ, ਪੰਜ ਛੀ ਕੋਹ ਵਿਚ ਬੜਾ ਭਾਰੀ ਰਣ ਪਿਆ, ਲੋਥ ਪਰ ਲੋਥ ਚੜ ਗਈ, ਸੈਂਕੜੇ ਜਖਮੀ ਤੜਫਦੇ

Sri Satguru Jagjit Singh Ji eLibrary NamdhariElibrary@gmail.com

ਹੋਏ ਪਾਣੀ ੨ ਪੁਕਾਰ ਰਹੇ ਸਨ, ਸੂਰਬੀਰ ਮਾਰੋਮਾਰ ਉਚਾਰ ਕਰ ਸ਼ਸਤ੍ਰ ਵਾਹ ਰਹੇ ਸਨ, ਏਸੇ ਭਾਂਤ ਤੁਲਵੀਂ ਲੜਾਈ ਹੁੰਦੀ ਰਹੀ, ਹਾਰ ਜਿਤ ਓਸ ਦਿਨ ਕਿਸੇ ਦੀ ਨਾ ਹੋਈ ਤਦੋਂ ਨੂੰ ਸੰਝ ਹੋ ਗਈ ਤੇ ਲੜਾਈ ਠਹਿਰ ਗਈ। ਅਧੀਕ ਰਾਤ ਹੋਈ ਤਾਂ ਚਾਰ ਕੁ ਸੌ ਬੰਦਈ ਸਿੰਘ ਬੰਦੇ ਦਾ ਸਹਾਇਕ ਦਕ੍ਸ਼ਪ ਦੇਸ ਵਿਚੋਂ ਆ ਪੁਜਾ, ਓਹਨਾਂ ਨੇ ਗੱਜ ਕੇ ਸਤ ਸ੍ਰੀ ਅਕਾਲ ਬੁਲਾਇਆ ਤਾਂ ਅਕਾਸ਼ ਗੂੰਜ ਉਠਿਆ, ਸ਼ਾਹੀ ਸੈਨਾ ਏਹ ਅਵਾਜ ਸੁਣ ਕੇ ਘਬਰਾ ਗਈ, ਓਨਾਂ ਨੇ ਏਹ ਜਾਣਿਆ ਕਿ ਤਾਜ਼ ਖਾਲਸਾ ਆ ਗਿਆ, ਹੁਣ ਸਾਡੀ ਪੇਸ਼ ਨਹੀਂ ਜਾਣੀ, ਐਸਾ ਨਾ ਹੋਵੇ ਕਿਤੇ ਹੁਣੇ ਹੱਲਾ ਕਰਕੇ ਸਿੰਘ ਆ ਪੈਣ ਘਾਸ ਫੂਸ ਵਾਂਗੂੰ ਵੱਢ ਕੇ ਚਲੇ ਜਾਣ, ਹਾਲ ਅਪਨੀ ਜਾਨ ਬਚਾਓ। ਏਹ ਸੋਚਕੇ ਸ਼ਾਹੀ ਲਸ਼ਕਰ ਵਿੱਚ ਹੁਲਚਲੀ ਪੈਣੇ ਕਰ ਭਾਂਜ ਪੈ ਪਈ ਸਿਖਾਂ ਦਾ ਪਾਸਾ ਬਚਾ ਕੇ ਭੱਜ ਤੁਰੇ ਅਫਸਰਾਂ ਨੂੰ ਭੀ ਫੌਜ ਦੇ ਨਾਲ ਹੀ ਭੁੱਜਣਾ ਪਿਆ, ਏਸ ਕਰਕੇ ਅਚਾਰਤ ਫਤੇ ਸਿੰਘਾਂ ਦੇ ਹੱਥ ਆਗਈ।

ਬੰਦੇ ਨੇ ਕਿਲਾ ਬਨੌਣਾ

ਉਕਤ ਜੰਗ ਨੈਣੇ ਦੇ ਕੋਟ ਗਿਰਦੇ ਜੋ ਬੜਾ ਭਾਰੀ ਹੋਯਾ ਏਥੋਂ ਜੋ ਪਾਕੇ ਬੰਦਾ ਭਾਰੀ ਹੰਕਾਰੀ ਹੋਗਿਆ, ਪਹਾੜ ਦੀ ਕੰਡੀ ਦਾ ਪਰਗਨਾ ਵਸਾਇਆ, ਰਾਵੀ ਦੇ ਵਿਚਕਾਰ ਦੂਰ ਦੂਰ ਤੱਕ ਬੰਦਈ ਸਿੰਘਾਂ ਦੇ ਸ਼ਰੀਰ ਲੁੱਟ ਖਸੋਟ ਕਰਦੇ ਹੋਏ ਫਿਰ ਨਿਕਲੇ, ਸਾਮਾਨ ਤੇ ਨੱਕਦ ਬਹੁਤ ਹੱਥ ਆਯਾ। ਜੋ ਬੰਦੇ ਨੇ ਆਣੇ ਰਾਜ ਦੀ ਕਾਇਮੀ ਕਰਨ ਵਾਸਤੇ ਕੋਟ ਮਿਹਰ ਜਾਨਦੇ ਪਾਸ ਜੋ ਕਿਲਾ ਬਣਾਉਨਾ ਅਰੰਭਿਆ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਹੋਇਆ ਸੀ ਓਸਦੀ ਪੁਖਤਾਈ ਕਰਨ ਵਾਸਤੇ ਬਹੁਤ ਰਾਜ ਮਜ਼ੂਰ ਲਾ ਦਿੱਤੇ,ਨਾਲ ਬੰਦਈ ਸਿੱਖ ਆਪ ਵੀ ਹਰ ਪ੍ਰਕਾਰ ਦੀ ਸੇਵਾ ਬੜੀ ਸਰਧਾ ਸਾਥ ਕਰ ਰਹੇ ਸਨ, ਕਿਉਂਕਿ ਓਨਾਂ ਨੂੰ ਭਰੋਸਾ ਸੀ ਹੁਨ ਬਾਬਾ ਬੰਦਾ ਕੋਈ ਦਿਨ ਨੂੰ ਮਾਝੇ ਦੇਸ ਦਾ ਮਾਲਕ ਸੁਤੰਤ੍ਰ ਰਾਜਾ ਬਣ ਜਾਏਗਾ, ਅਸੀਂ ਸਭ ਲੋਕ ਜਾਗੀਰ ਦਾਰ ਹੋਵਾਂਗੇ, ਏਹੋ ਜੇਹੇ ਖਜਾਲੀ ਪਲਾਉ ਪਕਾਉਂਦੇ ਹੋਏ ਮਨੋਂ ਤਨੋਂ ਕੰਮ ਵਿੱਚ ਲੱਗੇ ਰਹੇ ਸੇ। ਏਹ ਕਿਲਾ ਬਾਬੇ ਬੰਦੇ ਨੇ ਕਲਾਨੌਰ ਤੇ ਵਟਾਲੇ ਨੂੰ ਮਾਰਕੇ ਏਸ ਖਿਆਲ ਨਾਲ ਕੱਸੀ ਨਦੀ ਦੇ ਕਨਾਰੇ ਬਹੁਤ ਚੰਗੀ ਜਗ੍ਹਾ ਦੇਖਕੇ ਅਰੰਭਿਆ ਸੀ, ਕਿਉਂਕਿ ਏਥੋਂ ਇੱਕ ਪਾਸੇ ਬੜਾ ਲੰਬਾ ਚੌੜਾ ਹਰਾ ਭਰਾ ਸੰਘਣਾ ਜੰਗਲ ਸੀ, ਜੇ ਹਾਰੇ ਤਾਂ ਏਸ ਬਣ ਬਾਣੀ ਪਹਾੜਾਂ ਵਿੱਚ ਜਾ ਵੜ੍ਹਾਂਗੇ, ਦੂਜੇ ਪਾਸੇ ਮੈਦਾਨ ਤੇ ਪਾਣੀ ਦੀ ਬਹੁਲਤਾ ਦੇਖ ਲੀਤੀ ਸੀ, ਤਾਹੀਂ ਏਸੇ ਕਿਲੇ ਵਿੱਚ ਜੰਗ ਦਾ ਸਾਮਾਨ ਜਮਾਂ ਕਰ ਰਿਹਾ ਸੀ ॥

ਫਰੁਖਸ਼ੀਅਰ ਨੂੰ ਖਬਰ ਹੋਣੀ

ਖਾਫੀਖਾਂ ੧੦੯ ਸਫੇ ਪਰ ਲਿਖਦਾ ਹੈ ਕਿ ਜਦ ਬਾਦਸ਼ਾਹ ਨੇ ਸਿੱਖਾਂ ਦੇ ਦੋ ਧੜੇ ਆਪਸ ਵਿੱਚ ਬਿਰੋਧੀ ਹੋਏ ਸੁਣੇ ਤਾਂ ਬੜੀ ਖੁਸ਼ੀ ਮਨਾਈ, ਤਰ੍ ਖਾਲਸੇ ਨੂੰ ਬਹੁਤ ਖਿਲਤ ਇਨਾਮ ਦੇਕੇ ਵਡਿਆ ਕਰ ਬਡੇ ਪ੍ਰੇਮ ਨਾਲ ਧਿਜਾ ਧਿਜਾ ਕੇ ਸਿੱਖਾਂਨੂੰ ਮਸਾਂ ਮਸਾਂ ਆਪਣੇ ਕੀਤਾ ਸੀ, ਫੇਰ ਜਦ ਏਧਰੋਂ ਜੰਗ ਕੱਟਨੈਣੇ ਦੀਤੇ ਬੰਦ ਦੇ ਕਿਲਾ ਬਣਾਉਨੇ ਦੀ ਖਬਰ ਫਰੁਖਸ਼ੀਅਰ*ਬਾਦਸ਼ਾਹ ਨੂੰ ਪਹੁੰਚੀ ਤਾਂ ਓਸਨੇ

*ਫਰੁਖਸ਼ੀਅਰ ਬਹਾਦਰ ਸ਼ਾਹ ਬਾਦਸ਼ਾਹ ਦਾ ਪੋਤਾ ਔਰੰਗਜ਼ੇਬ ਦਾ ਪੜੋਤਾ ਸੀ, ਨੌਵੇਂ ਦੇ ਤਿੰਨ ਪੁਤ ਸੇ,ਮੁਅੱਜਮਸ਼ਾਹ ਵੱਡਾ ਸੀ ਜੋ ਤਖਤ ਬੈਠਕੇ ਬਹਾਦਰ ਸ਼ਾਹ ਮਸ਼ਹੂਰ ਹੋਇਆ, ਏਹੋ ਬੰਦਈ ਦਲ ਨਾਲ ਲੋਹਗੜ ਦੇ ਕਿਲੇ ਪਰ ਕਈ ਮਹੀਨੇ ਲੜਦਾ ਰਿਹਾ, ਫੇਰ ਲਾਹੌਰ ਜਾਕੇ ਪਗਲਾ ਹੋਗਿਆ,ਪਹਿਲੇ ਪਰਗਣੇ ਦੇ ਕੁਤੇ ਮਰਵਾਏ,ਫੇਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਦਲੇਰ ਜੰਞ ਨਾਜਮ ਲਾਹੌਰ ਨੂੰ ਲਿਖ ਭੇਜਿਆ ਕਿ ਬੰਦੇ ਨੂੰ ਫੜ ਕੇ ਮੇਰੇ ਪਾਸ ਭੇਜ ਦਿਓ ਨਾਲ ਹੀ ਗੁਜਰਾਤ ਦੇ ਫੌਜ ਦਾਰ ਮੀਰ ਅਹਿਮਦ ਖਾਂ ਨੂੰ ਤੇ ਅਰਾਦਤ ਖਾਂ ਏਮਨਾ ਬਾਦੀ ਤੇ ਨੂਰਮਹੰਮਦ ਖਾਂ ਨੂਰੰਡਾਬਾਦ ਦੇ ਫੌਜਦਾਰ ਨੂੰ ਸ਼ੇਖ ਮਹੰਮਦ ਦਾਇਮ ਪਸਤੂਰੀ ਨੂੰ, ਸੁਹਰਾਬ ਖਾਂ ਕਲਾਨੌਰੀ ਨੂੰ, ਅਬਦੁਲ ਸਮੰਦ ਫੌਜਦਾਰ ਵਗੈਰਾ ਕਈ ਫੌਜਦਾਰ ਭੇਜੇ, ਬਾਕੀ ਦਿੱਲੀ ਤੋਂ ਫੌਜ ਰਵਾਨੇ ਕੀਤੀ ॥

ਜੰਗ ਗੁਰਦਾਸ ਪੁਰ

ਏਹ ਖਬਰ ਸੁਨਕੇ ਬੰਦੇ ਨੇ ਗਿਲੇ ਦਾ ਬਣਾਉ ਤਨਾਉ

ਮੁਲਾਣਿਆਂ ਨੇ ਕੰਨ ਭਰ ਦਿੱਤੇ ਕਿ ਕੁਫਰ ਬਹੁਤ ਵਧ ਗਿਆ ਬਹਾਦਰ ਸ਼ਾਹ ਨੇ ਬੇ ਸ਼ੁਮਾਰ ਹਿੰਦੂ ਬੈਰਾਗੀ ਮਰਵਾ ਮੁੱਟੇ ਜਿਨਾਂ ਵੰਨੀ ਮੁਲਾਣਿਆਂ ਕਾਜੀਆਂ ਨੇ ਉਂਗਲ ਕੀਤੀ ਉਨਾਂ ਦੇ ਹੀ ਸਿਰ ਕਲਮ ਹੋਗਏ। ਉਸ ਸਮੇਂ ਰਾਵੀ ਕਨਾਰੇ ਬੈਰਾਗੀ ਜੋਗੀ ਫਕੀਰ ਬਹੁਤ ਰਿਹਾ ਕਰਦੇ ਸੇ,ਸੰਖ ਦੇ ਵਜਣ ਦੀ ਸ਼ਕਾਇਤ ਕਰਕੇ ਮੁਲਾਣਿਆਂ ਨੇ ਓਹ ਸਾਧੂ ਬਹੁਤੇ ਮਰਵਾ ਸੁੱਟੇ ਬਾਕੀ ਭੱਜ ਗਏ, ਫੇਰ ਕਿਤੇ ਗਧਾ ਹੀਂਗਦਾ ਸੁਣਕੇ ਬਾਦਸ਼ਾਹ ਨੇ ਗਧੇ ਮਰਵਾਏ ਓਤਕ ਫਗਨ ਸੰਃ ੧੭੬੯ ਨੂੰ ਮਰ ਗਿਆ ॥

ਪਿੱਛੋਂ ਓਸਦੇ ਪੁੱਤਰਾਂ ਵਿੱਚ ਝਗੜਾ ਅੱਠ ਮਹੀਨੇ ਚਿਹਾ, ਤਦੋਂ ਸਿੰਘਾਂ ਨੇ ਚੰਙੀਤਰਾਂ ਸੋਧ ਕੀਤੀ ਓਸਦੇ ਚਾਰ ਬੇਟੇ ਸਨ, ਅਜੀਮਸ਼ਾਹ, ਜਹਾਨਸ਼ਾਹ, ਰਫੀਉਲਸਾਨ, ਜਹਾਂਦਾਰ ਸ਼ਾਹ । ਅੰਤਨੂੰ ਵਰੇ ਛਰੇਥ ਜੰਗ ਕਰ ਕਰ ਜਹਾਂਦਾਰ ਸ਼ਾਹ ਓਨਾਂ ਤਿੰਨਾਂ ਨੂੰ ਮਾਰ ਕੇ ਤਖਤ ਪਰ ਬੈਠਾ। ਏਹ ਬਹੁਤ ਹੋਛਾ ਦਿਲ ਚਲਾ ਤਮਾਸ਼ਬੀਨ ਸੀ, ਜਿਤਨੇ ਅਮੀਰ ਏਸ ਦੇ ਭਾਈਆਂ ਦੇ ਸਾਥੀ ਸੇ, ਏਸਨੇ ਸਭ ਮਰਵਾ ਸਿੱਟੇ, ਲਾਈ ਧੋਬੀ ਡੂੰਮ ਭੰਡ ਕੰਜਰ ਏਸਦੇ ਅਹਿਲਕਾਰ ਸਨ । ਹਰ ਵੇਲੇ ਤਬਲਾ ਸਰੰਗੀ ਵਜਦੇ, ਮੁਜਰੇ ਹੁੰਦੇ ਰਹਿੰਦੇ ਸੇ, ਸੰਃ੧੭੭੦ ਵਿਃ ਨੂੰ ਏਸੇ ਦੇ ਵੇਲੇ ਐਸਾ ਕਾਲ ਪਿਆ ਚਾਰ ਸੇਰ ਕੱਚਾ ਅਨਾਜ ਨਾ ਲਭਿਆ, ਸੈਂਕੜੇ ਮੁੰਡੇ ਕੁੜੀਆਂ ਇਕ ਇਕ ਰੁਪਏ ਨੂੰ ਵਿਕੇ ਅਰ ਭੁਖ ਦੇ ਦੁਖ ਨਾਲ ਬੇਅੰਤ ਬਚੇ ਖਾਧੇ ਗਏ; ਬੇਅੰਤ ਖਲਕਤ ਭੁਖੀ ਮਚ ਗਈ, ਬਾਦਸ਼ਾਹ ਤੋਂ ਕੋਈ ਇੰਤਜ਼ਾਮ ਨਾ ਹੋਇਆ, ਤੇ ਬੰਦੇ ਨੇ ਬਹੁਤ ਲੁੱਟ ਖਸੋਟ ਕਰੀ। ਓਤਕ ਫਰੁਖਸ਼ੀਅਰ ਜਹਾਂਦਾਰ ਦੇ ਭਤੀਜੇ ਨੇ ਜੋ ਬੰਗਾਲੇ ਦਾ ਸੂਬਾ ਸੀ, ਅਪਣੇ ਬਾਪ ਦਾ ਵੈਰ ਲੈਨ ਵਾਸਤੇ ਬੜੀ ਭਾਰੀ ਲੜਾਈ ਮਾਰੀ । ਸਯਦਾਂ ਵਜੀਰਾਂ ਦੀ ਸਹਾਇਤਾ ਨਾਲ ਫਤੇ ਪਾਕਰ ਜਹਾਂਦਾਰ ਸ਼ਾਹ ਨੂੰ ਮਾਰ ਕੇ ਬਾਦਸ਼ਾਹ ਬਨ ਗਿਆ। ਜਹਾਂਦਾਰ ਸ਼ਾਹ ਨੇ ਤਰਾਂ ਮਹੀਨੇ ਬਾਦਸ਼ਾਹੀ ਭੋਗੀ । ਫਰੁਖਸ਼ੀਰ ਬੜਾ ਭਾਰੀ ਮੁਤੱਸਬ ਨਿਰਦਈ, ਛ ਲੀਆ, ਦਗੇਦਾਰ, ਸੁਖਨ ਦਾ ਝੂਠਾ ਤੇ ਡਰੇਬੀ ਸੀ ਭਾਵੇਂ ਕਈ ਵਰਸ ਬੰਦੇ ਨਾਲ ਲੜਦਾ ਭਿੜਦਾ ਰਿਹਾ,ਪਰ ਸਿੰਘਾਂ ਨੇ ਵੀ ਓਸਨੂੰ ਸੌਣ ਨਹੀਂ ਦਿੱਤਾ ।

Sri Satguru Jagjit Singh Ji eLibrary NamdhariElibrary@gmail.com

ਛਡ ਕੇ ਸਤ ਅਠ ਹਜਾਰ ਸਿਖ ਨੂੰ ਲੈਕੇ ਮੁਖ ਗੁਰਦਾਸ ਪੁਰ ਦੁਨੀ ਚੰਦ ਦੀ ਹਵੇਲੀ ਜੋ ਕਿਲੇ ਵਰਗੀ ਬਹੁਤ ਪੁਖਤਾ ਸੀ, ਜੋਰੋ ਜੋਰੀ ਮਲ ਕੇ ਲੜਨੇ ਦੀ ਤਿਆਰੀ ਕਰ ਲੀਤੀ। ਓਧਰੋਂ ਸ਼ਾਹੀ ਫੌਜ ਪੰਦਾਂ ਕੁ ਹਜ਼ਾਰ ਸਵਾਰ ਪਿਆਦਾ ਲੈਕੇ ਸਲਾਹ ਦੀਨ ਤੁਰਾਨੀ ਜੰਗਦਲੇਰ ਤੇ ਮੁਹੰਮਦ ਅਕਬਰ ਖਾਂ ਵਰਗੇ ਫੌਜਦਾਰ ਬੇਸ਼ੁਮਾਰ ਢੋਲ ਨਗਾਰੇ ਬਜਾਉਂਦੇ ਹੋਏ ਆ ਪੁਜੇ, ਲੜਾਈ ਸ਼ੁਰੂ ਹੋਗਈ, ਪਰ ਬੰਦੇ ਦੇ ਜਾਦੂ ਦਾ ਡਰ ਤੁਰਕਾਂ ਦੇ ਮਨ ਪਰ ਐਸਾ ਅਸਰ ਕਰ ਚੁਕਾ ਸੀ ਜੈਸਾ ਹਊਏ ਦਾ ਡਰ ਤਿੰਨ ਚਾਰ ਬਰਸ ਦੇ ਬਾਲਕ ਨੂੰ ਹੁੰਦਾ ਹੈ। ਬੰਦੇ ਪਾਸ ਕਾਹਲ ਦੇ ਸਬਬ ਦਾਣਾ ਘਾਸ ਬਹੁਤ ਥੜਾ ਜਮਾਂ ਹੋਣਾ ਪਾਇਆ ਸੀ, ਸ਼ੇਹਰ ਦੀ ਚੀਜ ਉਠਾਣ ਤੋਂ ਬੰਦੇ ਨੇ ਸਿਖਾਂ ਨੂੰ ਪਹਿਲੇ ਹੀ ਕਸਮ ਦੇ ਰਖੀ ਸੀ, ਕਜੋਂਕਿ ਓਹ ਜਾਣਦਾ ਸੀ ਕਿ ਜੇ ਸ਼ੇਹਰ ਦੀ ਕਾਈ ਚੀਜ ਸਿਖ ਚੁਕਣਗੇ ਤਾਂ ਸ਼ਹਿਰੀ ਲੋਕ ਵੈਰੀ ਬਣ ਕੇ ਗਾੜੀ ਵਿੱਚ ਨਾ ਰਹਿਣ ਦੇਣਗੇ ਦੋਹਾਂ ਪਾਸਿਆਂ ਦੀ ਮਾਰ ਤੋਂ ਬਚਣਾ ਮੁਹਾਲ ਹੋ ਜਾਊ ॥

ਕਹੀ ਕਰਨ ਗਿਆਂ ਜੰਗ ਹੋਣਾਂ

ਦਸਕੁ ਦਿਨ ਤਾਂ ਸਿਖ ਅੰਦਰੋਂ ਲੜਦੇ ਰਹੇ ਤਦੋਂ ਨੂੰ ਦਾਣਾ ਘਾਸ ਮੁਕ ਜਾਣੇ ਕਰ ਇਕ ਦਿਨ ਚਾਰਕੁ ਹਜ਼ਾਰ ਸਿਖ ਬੰਦਈ ਕਹੀ ਕਰਨ ਵਾਸਤੇ ਬਾਹਰ ਚਲਾ ਗਿਆ, ਦਾਣੇ ਘਾਸ ਦੇ ਘੋੜੇ ਖੱਚਰਾਂ ਲੱਦ ਕੇ ਮੁੜੇ ਤਾਂ ਤੁਰਕੀ ਫੌਜਦਾਰਾਂ ਨੇ ਪੰਜਕੁ ਹਜ਼ਾਰ ਸਵਾਰ ਪਿਆਦਾ ਲੈਜਾਕੇ ਸਿਖ ਘੇਰ ਲਏ, ਬਹੁਤ ਕਟਾ ਵਢ ਹੋਈ, ਅਚਾਨਚੇਤ ਬੰਦਈ ਸਿੰਘ ਪੰਜਸੁ ਸੌ ਮਝੈਲ ਆ ਪੁਜਾ, ਓਹ ਥਿਸਮੇ ਹੋਏ ਐਸੇ ਜੋਰੋ ਜੋਰ ਲੜੇ ਤੁਰਕਾਂ ਦੇ ਪੈਰ ਹਿਲਾ ਦਿਤੇ, ਆਪ ਸਾਥੀਆਂ ਸਮੇਤ ਦਾਣਾਂ ਘਾਸ ਰਸਤਾਂ ਲੈਕੇ ਗਾੜੀ

Sri Satguru Jagjit Singh Ji eLibrary NamdhariElibrary@gmail.com

ਵਿਚ ਆ ਵੜੇ, ਏਹ ਸਹਿਲ ਸਹੀ ਵਰਤੇ ਤੋਂ ਸਿੰਘਾਂ ਦੇ ਵਿਚ ਬਹੁਤ ਵਧ ਗਏ ॥

ਓਸ ਵੇਲੇ ਪਹਾੜੀ ਰਾਜੇ ਬੀ, ਧ੍ਰੂਵ ਦੇਵ ਕਟੋਚੀਆ, ਰਾਜਾ ਭੀਮ ਦੇਵ ਸੰਮੂਵਾਲਾ ਵਗੈਰੇ ਆ ਪੁਜੇ, ਚੁਫੇਰੇ ਘੇਰੇ ਘਤ ਬੈਠੇ, ਪਰ ਬੰਦੇ ਦੇ ਜਾਦੂ ਤੋਂ ਡਰਦਾ ਕੋਈ ਨੇੜੇ ਨਾ ਆਵੇ। ਬੰਦੇ ਦੇ ਲਸ਼ਕਰ ਨੂੰ ਬਾਹਰ ਜਾਣੋਂ ਭਾਵੇਂ ਬੰਦ ਬਥੇਰਾ ਕੀਤਾ, ਪਰ ਤਾਂ ਬੀ ਬੰਦਈ ਹਟੇ ਨਾ ਤਾਂ ਐਸਾ ਸਖਤ ਬੰਦੋਬਸਤ ਸ਼ਾਹੀ ਅਫਸਰਾਂ ਨੇ ਕੀਤਾ ਦਿਕ ਬੀ ਸਿਪਾਹੀ ਬਾਹਰ ਨਾ ਹੋਣਾ ਪਾਵੇ। ਚਾਰਕ ਮਹੀਨੇ ਲੜਾਈ ਹੁੰਦੀ ਰਹੀ, ਬਹੁਤੇ ਤਾਂ ਭੁਖੇ ਮਰ ਗਏ, ਕੁਛ ਬਾਹਰ ਨਿਕਲ ਕੇ ਲੜ ੨ ਕੇ ਮਰ ਗਏ, ਘੋੜੇ ਖਚਰ ਭੀ ਵੱਟ ਕੇ ਖਾ ਲੀਤੇ, ਜੇ ਕਦੇ ਬੰਦਾ ਕਿਲੇ ਵਿਚ ਨਾ ਘਿਰਦਾ ਮੈਦਾਨ ਵਿਚ ਲੜਦਾ ਤਾਂ ਸਿੰਘ ਕਦੇ ਨਾ ਹਾਰਦੇ, ਭਾਵੇਂ ਨੇ ਐਸੀ ਪੁਠੀ ਭਵਾਲੀ ਦਿਤੀ ਫੇਰ ਬੀ ਕਿਲੇ ਤੋਂ ਬਾਹਰ ਨਾ ਹੋਇਆ ਜੇ ਕਦੇ ਸਾਰੇ ਸਿਖਾਂ ਸਮੇਤ ਹੱਲਾ ਕਰਕੇ ਵੈਰੀਆਂ ਉੱਤੇ ਬਾਹਰ ਟੁਟ ਪੈਂਦਾ ਤਾਂ ਜ਼ਰੂਰ ਸ਼ਾਹੀ ਫੌਜ ਭੱਜਣ ਨੂੰ ਤਿਆਰ ਬੈਠੀ ਸੀ, ਪਰ ਹੋਣੀ ਨੂੰ ਕੌਣ ਮੋੜੇ ਕੁਝ ਨਾ ਸੁਝਿਆ ਚਾਰ ਮਹੀਨੇ ਲੜਾਈ ਹੁੰਦੀ ਰਹੀ, ਓੜਕ ਕਮਰਦੀਨ ਖਾਂ ਨੇ ਜੋ ਦਿਲੀ ਤੋਂ ਫੌਜ ਲੈਕੇ ਆਇਆ ਸੀ, ਇਸ਼ਤਿਹਾਰ ਦੇਕੇ ਰਹਿਮਾਨੀ ਨਾਮ ਝੰਡਾ ਖੜਾ ਕਰਕੇ ਹੁਕਮ ਦਿਤਾ ਕਿ ਜੋ ਸਿਪਾਹੀ ਨੇ ਜਾਨ ਅਮਾਨ ਲੈਕੇ ਘਰ ਜਾਣਾ ਹੋਵੇ ਸ਼ਸਤ੍ਰ ਸਿਟ ਕੇ ਏਸ ਝੰਡੇ ਹੇਠ ਆ ਜਾਵੇ ਖਰਚ ਦੇਕੇ ਘਰ ਪੁਚਾਯਾ ਜਾਵੇਗਾ। ਏਹ ਹੁਕਮ ਸੁਣ ਕੇ ਬਹੁਤੇ ਹਿੰਦੂ ਅਧਮੋਏ ਜੇਹੇ ਮਜਨੂੰ ਦੀ ਸ਼ਕਲ ਭੁਖ ਦੇ ਮਾਰੇ ਭਿਜਦੇ ਢੈਂਹਦੇ ਓਸ ਝੰਡੇ ਹੇਠ ਜਾ ਪਏ, ਜਦ ਤਿੰਨਕੁ ਸੌ ਆਦਮੀ ਕੱਠਾ ਹੋਇਆ ਪਹਿਲੇ ਤਾਂ

Sri Satguru Jagjit Singh Ji eLibrary NamdhariElibrary@gmail.com

ਓਨਾਂ ਨੂੰ ਹਿੰਦੂਆਂ ਤੋਂ ਚਾਵਲ ਖਿਚੜੀ ਬਨਵਾਕੇ ਛਕਾਉਂਦੇ ਰਹੇ, ਬਾਕੀ ਜਦ ਸਰੇ ਸਿਦਕੀਆਂ ਨੇ ਮਰਣਾਂ ਕਬੂਲ ਕਰ ਬਾਹਰ ਆਉਂਣਾ ਛੱਡ ਦਿੱਤਾ ਤਾਂ ਮੁਸਲਮਾਨਾਂ ਨੇ ਆਪਨੀ ਜੁਬਾਨ ਨੂੰ ਆਪੇ ਕੱਟਕੇ ਐਡੀ ਬੇਈਮਾਨੀ ਬਦਨੀਤੀ ਕੀਤੀ ਜਿਤਨੇ ਆਦਮੀ ਬਾਹਰ ਆਏ ਸਨਸਬਨੂੰ ਪੈਹਲੇਦੀਨਮੰਨਾਉਣਾ ਚਾਹਿਆ ਜਦ ਇਕ ਨੇ ਭੀ ਨਾਂ ਮੰਨਿਆਂ ਤਾਂ ਸਬ ਕਤਲ ਕਰਦਾ ਸੁੱਟੇ । ਏਸ ਮਹਾਂ ਹਤਜਾ ਨੂੰ ਦੇਖ ਸੁਣਕੇ ਸਾਰੇ ਦੇਸ ਦੇ ਲੋਗ ਫੌਜਦਾਰਾਂ ਨੂੰ ਲਾਣਤ ਦੀ ਪਦਵੀ ਦੇਂਦੇ ਹੋਏ ਰਹਿਮਾਨੀ ਝੰਡੇ ਨੂੰ ਕਹਿਰਾਨੀ ਕਹਿ ਰਹੇ ਸੇ, ਭਾਵੇਂ ਏਸ ਭਾਂਤ ਤੁਰਕਾਂ ਨੇ ਆਪਨੇ ਇਮਾਨ ਪੈਮਾਨ ਨੂੰ ਬੇਜਾਨ ਕਰਕੇ ਅਪਜਸ ਬਹੁਤ ਲੀਤਾ ਤੇ ਸਿੰਘ ਬੀ ਬੰਦੇ ਪਾਸ ਥੋੜ੍ਹੇ ਹੀ ਰਹਿ ਗਏ ਸਨ, ਪਰ ਗਜ਼ਬੀ ਉਤੇ ਹੱਲਾ ਕਰਕੇ ਅੰਦਰ ਵੜਨੋਂ ਐਉਂ ਡਰਦੇ ਰਹੇ ਜਿਉਂ ਬਿੱਲੀ ਤੋਂ ਮੂਸਾ, ਗੜ੍ਹੀ ਹਿਮਾਲ ਵਿਸਦੀ ਸੀ, ਅੱਗੇ ਕੌਣ ਵਧੇ ? ਕੇਵਲ ਘੇਰਾ ਹੀ ਘੱਤ ਕੇ ਬੈਠੇ ਹੋਕੇ ਤਕ੍ਹਾਕੇ ਛੱਡਦੇ ਰਹੇ ।

ਬਾਬੇ ਬੰਦੇ ਨੇ ਫੜੇ ਜਾਣਾ

ਅੰਦਰ ਬੰਦੇ ਨੂੰ ਬੜੀ ਉਮੈਦ ਸੀ ਕਿ ਤਰੂ ਖਾਲਸੇ ਵਲੋਂ ਸ਼ਾਇਦ ਕੁਝ ਮਦਦ ਮਿਲ ਜਾਏ, ਐਸ ਵੇਲੇ ਅੰਕੜ ਦੀ ਬਨੀ ਨੂੰ ਓਹ ਜਰੂਰ ਮੇਰੀ ਸਹਾਇਤਾ ਕਰਨਗੇ, ਪਰ ਮੁਸਲਮਾਨ ਹਾਕਮਾਂ ਵਲੋਂ ਹਾਲਤ ਕੁਝ ਅਜਹੀ ਪੇਚੀਦਾ ਬਣਾ ਦਿਤੀ ਗਈ ਸੀ ਕਿ ਖਾਲਸਾਨਾਅਪੜਸਕਿਆਬਾਬੇ ਬੰਦੇ ਨੂੰ ਵੀਰੋਸਦੀ ਬਹਾਦਰੀ ਨੇ ਬੈਠਣ ਨਾ ਦਿੱਤਾ, ਚਾਰਕੁ ਹਜਾਰ ਸਿੱਖ ਜੋ ਕਿਲੇ ਅੰਦਰ ਭੁਖੇ ਪਿਆਸੇ ਸੀ, ਸਬਨੂੰ ਨਾਲ ਲੈਕੇ ਬਾਹਰ

Sri Satguru Jagjit Singh Ji eLibrary NamdhariElibrary@gmail.com

ਆਗਿਆ, ਸਿੰਘ ਭੀ ਮਰਣਾ ਮੰਡਕੇ ਕਮਰ ਤੇ ਪੇਟ ਕਸ ਕਸ ਕੇ ਤੇਗਾਂ ਸੂਤ ੨ ਮੁਸਲਮਾਨਾਂ ਦੇ ਲਸ਼ਕਰ ਵਿੱਚ ਜੋ ਕਾਲੀ ਘਟਾਂ ਦੀ ਤਰਾਂ ਉਮਡ ਰਿਹਾ ਸੀ, ਬਿਜਲੀ ਵਾਂਗੂੰ ਧਸ ਗਏ, ਆਪ ਤੋਂ ਆਪ ਚੌਗੁਣਿਆਂ ਨੂੰ ਮਾਰ ਕੇ ਕੁਝ ਦੇ ਮਾਰੇ ਕਮਜ਼ੋਰ, ਬੇਹੋਸ਼ ਹੋ ਹੋ ਕਰ ਗਿਰ ਗਿਰ ਸ਼ਹੀਦ ਹੋ ਗਏ, ਕੁਛ ਫੜ ਲੀਤੇ। ਲਿਖਿਆ ਹੈ ਕਿ ਜਦ ਬੰਦਾ ਬਹਾਦਰ ਤੁਰਕੀ ਫੌਜਦੇ ਘੇਰੇ ਵਿੱਚ ਆਗਿਆ ਤਾਂ ਫੜਨ ਵਾਸਤੇ ਉਸਦੇ ਸਾਹਮਣੇ ਕੋਈ ਨਾ ਆਵੇ। ਉੜਕ ਕਦਮ ੨ ਚੁਫੇਰੇ ਤੋਂਵੱਧ ਕੇ ਜਦ ਨੇੜੇ ਢੁਕੇ ਤਾਂ ਇਕਤਰਫ ਨੂੰ ਬੰਦਾ ਝੁਕਿਆ, ਜਿਸ ਨਾਲ ਅਨੇਕ ਦਹਿਸ਼ਤ ਖਾਕੇ ਗਿਰ ਗਏ। ਪੰਜਾਹ ਆਦਮੀ ਕਤਲ ਹੋਏ ਤਾਂ ਬੰਦਾ ਫੜਿਆ ਗਿਆ, ਸ਼ਾਹੀ ਫੌਜ ਨੇ ਗਾੜ੍ਹੀ ਅੰਦਰ ਵੜ ਕੇ ਬੰਦੇ ਦਾ ਖਜ਼ਾਨਾ ਸਭ ਲੁਟ ਲਿਆ, ਬਲਕੇ ਲੋਭ ਦੇ ਵੱਸ ਹੋਕੇ ਸਾਰੀ ਗਾੜ੍ਹੀ ਪੁਟਕੇ ਪੋਲੀ ਕਰ ਛੱਡੀ ॥

ਹੁਣ ਏਥੇ ਤਵਾਰੀਖਾਂ ਵਾਲੇ ਕੋਈ ਮੁਸਲਮਾਨ ਜੰਬੂਰਾਂ ਨਾਲ ਬੰਦੇ ਦਾ ਮਾਸ ਤੋੜ ਤੋੜ ਮਾਰਿਆ ਲਿਖਦਾ ਹੈ, ਕੋਈ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਘਸੀਟ ੨ ਮਾਰਿਆ ਦੱਸਦਾ ਹੈ, ਕੋਈ ਟੁਕੜੇ ੨ ਕਰ ਕੁੱਤੇ ਚੀਲਾਂ ਨੂੰ ਖੁਲ੍ਹਾਇਆ ਕੈਂਹਦਾ ਹੈ, ਕੋਈ ਦੱਸਦਾ ਹੈ ਪਹਿਲੇ ਅੰਧਾ ਕਰਕੇ ਫੇਰ ਸਮਨਾ ਕਨਾਰੇ ਕਤਲ ਕਰਾ ਸੁਟਿਆ। ਏਸੇ ਤਰਾਂ ਅੰਗ੍ਰੇਜ਼ੀ ਹਿਸਟਰੀਆਂ ਦੀ ਭੀ ਇਕ ਰਾਇ ਨਹੀਂ। ਬੰਦਈ ਸਿੰਘ ਕੁਛ ਹੋਰ ਹੀ ਬਤਾਉਂਦੇ ਹਨ। ਹੁਣ ਅਸੀ ਸਾਰੀਆਂ ਤਵਾਰੀਖਾਂ ਤੇ ਲੋਕਾਂ ਦੀਆਂ ਜੁਬਾਨਾਂ ਦਾ ਸਹੀ ਸਹੀ ਸਾਰ ਦਸਦੇ ਹਾਂ ॥

ਬੰਦੇ ਦੀ ਕੈਦ ਦਾ ਹਾਲ

ਜਦ ਮਾਘ ਫਗਣ ਦੇ ਦਿਨਾਂ ਵਿਚ ਸੰਃ ੧੭੭੮ ਬਿਃ ਨੂੰ

Sri Satguru Jagjit Singh Ji eLibrary NamdhariElibrary@gmail.com

ਪੰਜਕੁ ਸੌ ਸਿੰਘ ਤੇ ਬਾਬਾ ਬੰਦਾ ਇਕ ਬੇਟੇ ਤੇ ਇਸਤ੍ਰੀ ਸਮੇਤ ਮੁਸਲਮਾਨਾਂ ਦੇ ਕਾਬੂ ਵਿਚ ਆਗਿਆ, ਤਾਂ ਸਥ ਨੂੰ ਖਿਚੜੀ ਖਾਣਾ ਖਾਣਾ ਗੱਡੀਆਂ ਉਤੇ ਲਦ ਲੀਤਾ। ਲਾਹੌਰ ਪੁਜੇ ਤਾਂ ਨਾਹਰ ਸਿੰਘ ਨੇ ਵਜ਼ੀਰ ਖਾਂਨ ਫੌਜਦਾਰ ਨੂੰ ਨਿਮਾਜ਼ ਵਿਚ ਮਾਰਿਆਸੀ, ਉਸਦੀ ਮਾਈ ਨੇ ਇਕ ਦੁਕਾਨ ਦੀ ਛਤ ਉਤੋਂ ਐਸਾ ਇਕ ਪਥਰ ਨਾਹਰ ਸਿੰਘ ਦੇ ਮਾਰਿਆ ਓਸਦੀ ਜਾਨ ਲੈ ਗਿਆ। ਉਸਨੂੰ ਦੇਖਕੇ ਜਦ ਹੋਰ ਲੋਕ ਭੀ ਰੌਲਾ ਪਾਉਣ ਲਗੇ ਤਾਂ ਜ਼ਿਕਰੀਏ ਖਾਂ ਸੂਬੇਦਾਰ ਲਾਹੌਰ ਨੇ ਬਹੁਤ ਛੇਤੀ ਸਿੰਘਾਂ ਦੇ ਹਥਕੜੀਆਂ ਲਾਕੇ ਬੇੜੀਆਂ ਪਾਕੇ ਸਿਰਾਂ ਉਤੇ ਕਾਗਜਾਂ ਦੀਆਂ ਟੋਪੀਆਂ ਚੜ੍ਹਾਕੇ ਤੇ ਗੱਡਿਆਂ ਵਿਚ ਪਾਕੇ ਦਿਲੀ ਵੰਨੀ ਤੋਰ ਦਿਤਾ; ਨਾਲ ਜ਼ਿਕਰੀਏ ਖਾਂ, ਮਹੰਮਦ ਜਾਫਰਾ ਆਦਿਕ ਫੌਜਦਾਰ ਮੁਸਲਮਾਨ ਅਫਸਰ ਹੋ ਲੀਤੇ। ਸਿੰਘ ਗੱਡਿਆਂ ਉਤੇ ਬੈਠੇ ਸਬਦ ਪੜਦੇ ਤੇ ਸ਼ਹੀਦ ਹੋਣ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਜਾ ਰਹੇ ਸਨ, ਪ੍ਰੰਤੂ ਰਾਹਾਂ ਦੇ ਪਿੰਡਾਂ ਲੋਕ ਓਨਾਂ ਨੂੰ ਵੇਖ ਵੇਖ ਅਚਰਜ ਹੁੰਦੇ ਸਨ।ਜਦ ਹੰਦ ਵਿਚੋਂ ਲੰਘੇ ਤਾਂ ਮੁਸਲਮਾਨ ਵਹਮੋਂ ਦੇ ਆਦਮੀ ਗਾਲੀਆਂ ਦੇਣ ਤੇ ਇਟਾਂ ਮਾਰਨ ਲਗੇ ਤਾਂ ਸਿੰਘ ਉਛਲ ਉਛਲ ਕੇ ਉਨਾਂ ਨੂੰ ਆਖਦੇ ਸਨ ਕਿ ਹੁਣ ਅਸੀ ਕਦਹਲਦੇ ਹਾਂ, ਸਾਡੇ ਭਾਈ ਤੁਹਾਡੀਆਂ ਕਸਰਾਂ ਕਢਕੇ ਜੜਾਂ ਪੁਟਕੇ ਸਤਲੁਜ ਵਿਚ ਸਿਟਣਗੇ॥

ਮਾਰਿਆਂ ਨੂੰ ਸਿੱਧੀਆਂ ਸੁਣਾ ਕੇ ਮਾਰਨ ਨੂੰ ਉਛਲਦੇ ਸਨ। ਜ਼ਿਕਰੀਏ ਖਾਂ ਸੂਬੇਦਾਰ ਲਾਹੌਰ ਆਦਿ ਮੁਸਲਮਾਨ ਹਾਕਮਾਂ ਨੇ ਓਸ ਵੇਲੇ ਐਡੇ ਜੁਲਮ ਬਾਦਸ਼ਾਹ ਨੂੰ ਖੁਸ਼ ਕਰਨ ਲਈ ਕੀਤੇ ਕਿ ਜਿਸ ਪਿੰਡ ਵਿਚ ਕੋਈ ਸਿੰਘ ਸੁਣਿਆਂ ਓਹੋ ਫੜ ਲੀਤਾ, ਪ੍ਰੰਤੂ ਬਹੁਤ ਸਾਰੇ ਹਿੰਦੂ ਵੀ ਕੇਸ ਦਾੜੀ ਵਾਲੇ ਫੜਕੇ

Sri Satguru Jagjit Singh Ji eLibrary NamdhariElibrary@gmail.com

ਕੈਦੀਆਂ ਦੀ ਗਿਣਤੀ ਆਪਣੀ ਬਹਾਦਰੀ ਚਲਾਕੀ ਵਿਖਾਉਣ ਲਈ ਵਧਾ ਛਡੀ ਪੈਹਲੇ ਪੰਜ ਛੀ ਸੌ ਸਿੰਘ ਸੀ ਓਨਾਂ ਜ਼ਾਲਮਾਂ ਨੇ ਹਜ਼ਾਰ ਬਾਰਾਂ ਸੌ ਕਠਾਕਰ ਲੀਤਾ,ਦਿਲੀ ਗਏ ਤਾਂ ਬਾਦਸ਼ਾਹ ਫਰੁਖਸ਼ੀਅਰ ਨੇ ਸੁਣ ਕੇ ਏਤਮਾਦੁਲ ਦੌਲਾ ਵਜ਼ੀਰ ਨੂੰ ਤੇ ਮਹੰਮਦ ਅਮੀਨ ਖਾਂ ਨੂੰ ਅੱਗੇ ਭੇਜ ਕੇ ਹੁਕਮ ਦਿਤਾ ਕਿ ਇਨਾਂ ਕਾਫਰਾਂ ਨੂੰ ਅਜੇਹੇ ਢੰਗ ਨਾਲ ਲਿਆਓ ਜੋ ਸਭ ਤੇ ਡਰ ਬੈਠ ਜਾਵੇ।ਓਨਾਂ ਨੇ ਤਿੰਨਕੁ ਹਜ਼ਾਰ ਸਿੰਘਾਂ ਦਾ ਤੇ ਹੋਰ ਨਵੇਂ ਪੁਰਾਣੇ ਹਿੰਦੂਆਂ ਦੇ ਸਿਰ ਜੋ ਆਪਣੇ ੨ ਇਲਾਕੇ ਵਿਚੋਂ ਫੌਜਦਾਰ ਬਾਦਸ਼ਾਹ ਨੂੰ ਵਿਖਾਉਣ ਲਈ ਲਿਆਏ ਸਨ, ਬਰਛੀਆਂ ਸੇਲਿਆਂ ਉਤੇ ਟੰਗ ਕੇ ਅੱਗੇ ੨ ਸਿੰਘਾਂ ਦੇ ਕਤਾਰ ਬੰਨਕੇ ਤੋਰੇ, ਪਿਛੇ ੨ ਸਾਰੇ ਸਿੰਘਾਂਦੇ ਮੂੰਹ ਕਾਲੇ ਕਰਾਕੇ ਟੋਪੀਆਂ ਚੜ੍ਹਾਕੇ ਗਡੇ ਤੁਰਾਏ ਓਦੂੰ ਪਿੱਛੇ ਬਾਜ ਸਿੰਘ ਰਾਮਸਿੰਘ ਬਿਨੋਦ ਸਿੰਘ ਆਦਿਕ ਸਿਖ ਸਰਦਾਰ ਉਲਾਣੇ ਊਠਾਂ ਉਤੇ ਬੈਠਾਏ ਸਾਰਿਆਂ ਦੇ ਪਿਛੇ ਬੰਦੇ ਦਾ ਅਤੇ ਉਸਦੀ ਭੀਮੀਂ ਤੇ ਪੁਤਰ ਦੇ ਪਿੰਜਰੇ ਟੋਰੇ ਇਕ ਦਿਲੀ ਤੋਂ ਦਸਦਿਲੀਆਂ ਤਮਾਸ਼ਾ ਦੇਖਣ ਵਾਲਿਆਂ ਦੀਆਂ ਹੋਗਈਆਂ,ਬਜ਼ਾਰਾਂਕੋਠਿਆਂ ਤੇ ਖਲਕਤਸਮਾਉਂਦੀਨਹੀਂ ਸੀ ਅਤੇ ਸਿੰਘਾਂ ਦੇ ਸਰੂਪ ਵੇਖ ੨ ਲੋਕੀ ਕੁਰਬਾਨ ਹੋ ਰਹੇ ਸਨ,ਬਾਦਸ਼ਾਹ ਅਤੇ ਵਜ਼ੀਰ ਨੂੰ ਧਿਕਾਰ ਰਹੇ ਸਨ, ਲਾਹੌਰੀ ਦਰਵਾਜੇ ਤੋਂ ਵੜਕੇ ਸ਼ਹਿਰ ਵਿੱਚ ਫੇਰਦੇ ਹੋਏ ਕਤਾਰ ਦੀ ਕਤਾਰ ਚਾਨਨੀ ਚੌਕ ਕੁਤਵਾਲੀ ਅਗੇ ਉਤਾਰ ਕੇ ਹਵੇਲੀ ਵਿੱਚ ਕੈਦ ਕਰ ਦਿੱਤੇ,ਹੋਰ ਬੰਦੇ ਦਾ ਪਿੰਜਰਾ ਤੇ ਸਰਦਾਰ ਕਿਲੇ ਵਿਚ ਕੈਦ ਰਖੇ।

ਬਾਦਸ਼ਾਹਨੇਜੋ ਸੁਣਿਆਂ ਹੋਇਆ ਸੀ ਕਿ ਸਿੰਘਕੌਮ ਸਚਮੁਚ ਸ਼ੇਰ ਹੈ,ਇਕ ੨ ਸਿੰਘ ਦਸ ੨ ਵੀਹ ੨ ਨੂੰ ਜਿਤ ਲੈਂਦਾ ਹੈ,

Sri Satguru Jagjit Singh Ji eLibrary NamdhariElibrary@gmail.com

ਇਕ ਦਿਨ ਕਤਾਰ ਬੰਨ੍ਹ ਕੇ ਖੜੇ ਕਰ ਅਨੇਕ ਅਮੀਰਾਂ ਸਣੇ ਵੇਖਿਆ ਭਾਂ ਸਿੰਘਾਂ ਨੇ ਉਸ ਹਾਲਤ ਵਿੱਚ ਵੀ ਅੱਜਕੇ ਛਤੇ ਬੁਲਾਈ ਸਹਿ ਸ੍ਰੀ ਅਕਾਲ ਗਜਾਇਆ, ਜਿਸ ਤੋਂ ਰੰਜ ਮੰਨ ਕੇ ਬਾਦਸ਼ਾਹ ਨੇ ਹੁਕਮ ਦਿੱਤਾ ਜੋ ਦੀਨ ਮੰਨੇ ਕਲਮਾ ਪੜੇ ਉਸਨੂੰ ਛੱਡ ਦੇਓ ਹੋਰ ਸਭ ਨੂੰ ਕਤਲ ਕਰ ਦੇਓ। ਏਸ ਹੁਕਮ ਦੇ ਅਨੁਸਾਰ ਹਰ ਰੋਜ ਬਜਾਰਾਂ ਦੇ ਚੌਕਾਂ ਵਿੱਚ ਤੇ ਕੁਤਵਾਲੀ ਅਤੇ ਕਿਲੇ ਅੱਗੇ ਪੰਜੀ ੨ ਤੀਹ ੨ ਕਤਲ ਹੋਣ ਲੱਗੇ ਸ਼ਹਿਰ ਦੇ ਚੌਂਕ ਵਿਚ ਬਿਠਾਕੇ ਪੈਹਲੇ ਦੀਨ ਮਨਾਉਣ ਲਈ ਸ਼ਾਹੀ ਚਾਰ ਅਮੀਰ ਆਕੇ ਬਹੁਤ ਸਮਝਾ ਬੁਝਾ ਦਮ ਦਿਲਾਸੇ ਦੇਂਦੇ ਲਾਲਚ ਵਿਖਾ ੨ ਮੁਸਲਮਾਨ ਕਰਨ ਲਈ ਬਹੁਤ ਜੋਰ ਲਉਂਦੇ, ਪਰ ਜਦ ਉੱਕਾ ਹੀ ਮੁਸਲਮਾਨ ਹੋਣਾ ਕੋਈ ਵੀ ਨਾ ਮੰਨਦਾ ਤਾਂ ਕਤਲ ਕੀਤੇ ਜਾਂਦੇ॥

ਖਾਫੀ ਖਾਂ ਅਤੇ ਇਬਰਤ ਨਾਮੇ ਵਿਚ ਲਿਖਿਆ "ਹੈ ਕਿ ਉਨਾਂ ਸਿੰਘਾਂ ਦੇ ਸਿਦਕ ਭਰੋਸੇ ਹਠ ਵੇਖ ੨ ਖਲਕਤ ਕੁਰਬਾਨ ਹੁੰਦੀ ਤੇ ਕਹ ਰਹੀ ਸੀ ਵੇਖੋ ਜੀ ਏਨਾਂ ਸੂਰਬੀਰ ਸਿਖਾਂ ਨੂੰ ਅਮੀਰ ਵਜੀਰ ਜਗੀਰਾਂ ਅਤੇ ਨਾਤੇ ਦੇਣ ਲਈ ਸੌਂਹਾਂ ਖਾਂਦੇ ਹਨ, ਪਰ ਏਹ ਅਜੇਹੇ ਹਠੀਏ ਹਨ ਜਾਨਾਂ ਦਿੰਦੇ ਹਨ ਕਸ਼ਟ ਪਾਉਂਦੇ ਹਨ, ਪਰ ਮੁਸਲਮਾਨ ਹੋਕੇ ਆਰਾਮ ਦੇ ਦਿਨ ਨਹੀਂ ਕਟਦੇ ਸਰੋਂ ਕਤਲ ਦੀ ਤਲਵਾਰ ਮਸ਼ਾਲ ਵਾਂਙੂ ਚਮਕਦੀ ਅੱਗੇ ਪਤੰਗੇ ਬਣ ਰਹੇ ਹਨ, ਵੱਡੀ ਖੁਸ਼ੀ ਨਾਲ ਇਕ ਡੋਂ ਅੱਗੇ ਇਕ ੨ ਵਧ ਵਧ ਕੇ ਕੁਰਬਾਨੀ ਪੜ੍ਹਦੇ ਹੋਏ ਸ਼ਹੀਦੀ ਲੈਂਦੇ ਹਨ, ਬੇਸ਼ੁਮਾਰ ਖਲਕਤ ਖੜੀ ਤ੍ਰਾਹਿ ਤ੍ਰਾਹਿ ਕਰਦੀ ਨੇਤ੍ਰਾਂ ਤੋਂ ਜਲ ਵਹਾ ਰਹੀ ਹੈ, ਕੋਈ ਏਨਾਂ ਨੂੰ ਸੁਦਾਈ ਕਹਿੰਦਾ ਹੈ, ਕੋਈ ਹਕੀਕੀ ਦਿਸ਼ਕਦੇ ਸਮੁੰ-

Sri Satguru Jagjit Singh Ji eLibrary NamdhariElibrary@gmail.com

ਦਰ ਵਿੱਚ ਮੌਜਾਂ ਲੈਂਦੇ ਦਸਦਾ ਹੈ, ਕੋਈ ਮੂਰਖ ਬਤਾਉਂਦੇ ਹੈਨ ਕਹਿੰਦੇ ਸੇ ਦੇਖੋ ਜੀ ਜਾਨ ਜਹਾਨ ਮਾਯਾ ਮਾਨ ਏਨਾਂ ਨੂੰ ਮਿਲਦਾ ਹੈ, ਪਰ ਏਹਨਾਂ ਨੇ ਭੁਲਦੀ ਭੁੰਲ ਪੀਕੇ ਮਰਨਾ ਹੀ ਚੰਗਾ ਮੰਨ ਰਖਿਆ ਹੈ, ਓਸ ਵੇਲੇ ਦੀ ਇਕ ਹੋਰ ਸੁਵਾਦਲੀ ਕਹਾਣੀ ਖਾਫੀ ਖਾਂ ਲਿਖਦਾ ਹੈ, ਕਿ ਓਹਨਾਂ ਸਿੱਖਾਂ ਵਿੱਚ ਇਕ ਮੁਛਭੇਉ ਸੁੰਦਰ ਜੁਵਾਨ ਲੜਕਾ ਰੰਡੀ ਦਾ ਪੁਤ੍ਰ ਫੜਿਆ ਹੋਇਆ ਆਯਾ, ਤਾਂ ਓਸਦੀ ਮਾਂ ਵਹੁਟੀ ਨੂੰ ਲੈਕੇ ਦਿੱਲੀ ਆ ਪੁਜੀ, ਅਨੇਕ ਅਰਜੀਆਂ ਦਿੱਤੀਆਂ ਪਰ ਕੌਣ ਸੁਣੇ (ਮਾਇਆ ਧਾਰੀ ਅਤ ਅੰਨਾ ਬੋਲਾ । ਸਬਦ ਨ ਸੁਣਈ ਬਹੁ ਰੋਲ ਘਚੋਲਾ) ਇਕ ਦਿਨ ਓਹ ਬੁੱਢੀ ਦੌੜਕੇ ਬਾਦਸ਼ਾਹ ਦੀ ਅਸਵਾਰੀ ਦੇ ਹਾਥੀ ਅੱਗੇ ਢਹਿ ਪਈ । ਬਾਦਸ਼ਾਹ ਦੇ ਪੁਛਣੇ ਪਰ ਓਸਨੇ ਆਖਿਆ, ਮੇਰਾ ਰੰਡੀ ਦਾ ਇਕੋ ਪੁਤ੍ਰ ਹੈ ਸਿਖ ਨਹੀਂ, ਧੋਖੇ ਵਿੱਚ ਫੜਿਆ ਗਿਆ ਹੈ, ਹੁਣੇ ਵਜਾਹ ਕੇ ਲਿਆਂਦਾ ਹੈ ਅਜੇ ਠੀਕ ਗਾਨਾ ਨਹੀਂ ਖੋਲਿਆ ਵਹੁਟੀ ਮੈਦੜੀ ਰੰਗੇ ਹੱਥੀਂ ਹੈ,ਬੇਗੁਨਾਹਾ ਅਜ ਕਤਲ ਹੋਜਾਵੇਗਾ ਮੈਂ ਚਾਹੁੰਦੀ ਹਾਂ ਪੁਤਰ ਦੇ ਕਤਲ ਹੋਣ ਤੋਂ ਪਹਿਲੇ ਮੈਂ ਮਰ ਜਾਵਾਂ ਤਾਂ ਓਸਦਾ ਕਤਲ ਹੋਣਾ ਨਾ ਦੇਖਾਂ।ਬਾਦਸ਼ਾਹਨੇ ਓਸ ਦੇ ਛੱਡਣ ਦਾ ਹੁਕਮ ਦੇ ਦਿੱਤਾ । ਜਦ ਓਹ ਹੁਕਮ ਖਲਾਸੀ ਦਾ ਲੈਕੇ ਗਈ, ਅੱਗੇ ਲਹੂ ਲਿਬੜੀ ਤਲਵਾਰ ਜਲਾਦ ਖਿਚਕੇ ਓਸ ਮੁੰਡੇ ਦੀ ਗਰਦਨ ਪਰ ਢਾਹੁਣ ਲਗਾ ਸੀ, ਮਾਈ ਦੇ ਪੁਤਰ ਨੇ ਰੌਲਾ ਪਾ ਦਿੱਤਾ ਕਿ ਮੇਰੀ ਮਾਂ ਝੂਠ ਬੋਲਦੀ ਹੈ ਮੈਂ ਸਚ ਮੁਚ ਸਿੰਘ ਗੁਰੂ ਦਾ ਹਾਂ ਮੈਨੂੰ ਝਬਦੇ ਮੇਰੇ ਭਾਈਆਂ ਨਾਲ ਰਲਾਓ, ਏਹ ਮੇਰੀ ਮਾਤਾ ਨਹੀਂ,ਮਰੋਂ ਵੈਰਨ ਹੈ ਜਿਸਨੇ ਮੈਨੂੰ ਬੈਕੁੰਠ ਦੇ ਜਹਾਜ ਪਰ ਚੜਦੇ ਨੂੰ ਹਟਾ ਲਿਆ, ਵਾਸਤੇ ਰੱਬਦੇ

Sri Satguru Jagjit Singh Ji eLibrary NamdhariElibrary@gmail.com

ਜਲਾਦ ਸੈਨੂੰ ਛੇਤੀ ਕਤਲ ਕਰ ਮੇਰੇ ਪਿਆਰੇ ਗੁਰ ਭਾਈ ਸੰਸਾਰ ਸਾਗਰ ਤੋਂ ਪਾਰ ਜਾ ਰਹੇ ਹਨ ਮੈਂ ਮੰਦਭਾਗੀ ਉਰਾਰ ਹੀ ਬੈਠਾ ਹਾਂ, ਮੈਂ ਏਸ ਅਸਾਰ ਬਿਕਾਰ ਭਰੇ ਸੰਸਾਰ ਵਿਚ ਨਹੀਂ ਰਹਿਣਾ ਚਾਹੁੰਦਾ, ਮੈਂ ਆਪਣੇ ਸਤਗੁਰਾਂ ਪਾਸ ਸਚਖੰਡ ਵਿਚ ਜਾਣਾ ਚਾਹੁੰਦਾ ਹਾਂ। ਏਹ ਬਚਨ ਸੁਣਕੇ ਓਸਦੇ ਚੰਦ ਜੇਹੇ ਸੁੰਦਰ ਮੁਖੜੇ ਨੂੰ ਦੇਖਦੀ ਹੋਈ ਖਲਕਤ ਜ਼ਾਰ ਜ਼ਾਰ ਰੋਰਹੀ ਸੀ ਤੇ ਹਰ ਤਰਫੋਂ ਵਾਹ ਵਾਹ ਦੀ ਧੁਨੀ ਧਰਮ ਦੇ ਰਸ ਭਰੀ ਆ ਰਹੀ ਸੀ। ਏਹ ਬ੍ਰਿਤਾਂਤ ਸੁਣਕੇ ਬਾਦਸ਼ਾਹ ਨੇ ਭੀ ਅਖੀਆਂ ਭਰਕੇ ਹੁਕਮ ਦੇ ਦਿਤਾ ਕਿ ਏਹੋ ਜੇਹੇ ਸਿਦਕੀ ਬਹਾਦਰ ਸਿੰਘਾਂ ਨੂੰ ਮਾਰਣਾ ਚੰਗਾ ਨਹੀਂ, ਜਿਤਨੇ ਬਾਕੀ ਹਨ ਸਭ ਨੂੰ ਛਡ ਦਿਓ ਓਸ ਸਚੇ ਸਿਦਕੀ ਭੁਜੰਗੀ ਪਿਛੇ ਬਹੁਤੇ ਛੁਟ ਗਏ, ਸਚ ਹੈ (ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ) ਏਹ ਕਹਾਣੀ ਬਾਢੀਆਂ, ਮੁਹੰਮਦਸ਼ਾਹੀ, ਤੇ ਅੰਗ੍ਰੇਜ਼ੀ ਵਕੀਲ ਅਖੀਂ ਦੇਖੀ ਸਹੀ ੨ ਸਮਝ ਕੇ ਲਿਖਦੇ ਹਨ, ਤਵਾਰੀਖ ਮਹੰਮਦ ਸ਼ਾਹੀ ਵਾਲਾ ਜ਼ਰਾਕੁ ਏਸ ਬਾਤ ਨੂੰ ਲਿਖਦਾ ਹੈ ਕਿ ਜਦ ਸਿਕਦੀਏ ਖਾਂ ਸੂਬਾ ਲਾਹੌਰ ਮਸ਼ਹੂਰ ਖਾਂਨ ਬਹਾਦਰ ਕੈਦੀ ਸਿੰਘਾਂ ਦੀ ਗਿਨਤੀ ਵਧਾਕੇ ਬਾਦਸ਼ਾਹ ਨੂੰ ਖੁਸ਼ੀ ਕਰਨ ਲਈ ਪਿੰਡਾਂ ਵਿਚੋਂ ਬੇਗੁਨਾਹ ਬਿਚਾਰੇ ਸਿੰਘਾਂ ਨੂੰ ਫੜਦਾ ਫਿਰਦਾ ਸੀ,ਓਦੋਂ ਹੀ ਏਹ ਭੁਜੰਗੀ ਵਜਾਹਕੇ ਜਦ ਘਰ ਆਇਆ ਅਜੇ ਡੋਲੇ ਵਿਚੋਂ ਵਹੁਟੀ ਉਤਾਰੀ ਬੀ ਨਹੀਂ ਸੀ ਸੂਬੇ ਦੇ ਸਿਪਾਰੀ ਜਮਦੂਤ ਪਹੁੰਚ ਗਏ, ਫੜਕੇ ਜ਼ੋਰੋ ਜ਼ੋਰੀ ਲੈ ਆਏ, ਪਿਤਾ ਮਰ ਚੁਕਾ ਸੀ,ਮਾਤਾ ਨੇ ਬਹੁਤ ਬੇਨਤੀਆਂ ਦੁਸ਼ਟਾਂ ਅਗੇ ਕੀਤੀਆਂ ਰੋਈ ਪਿਟੀ, ਪਰ ਓਹ ਪਥਰ ਦਿਲ ਜਰਾ ਨਾ ਨਰਮ ਹੋਏ, ਕੈਦੀਆਂ ਵਿਚ ਮਿਲਾ ਕੇ ਦਿਲੀ ਨੂੰ ਲੈ ਤੁਰੇ, ਰੰਡੀ ਬ੍ਰਹੀਆ ਮਾਈ ਭੀ ਵਿਧਵਾ

Sri Satguru Jagjit Singh Ji eLibrary NamdhariElibrary@gmail.com

ਹੁੰਦੀ ਨੂੰਹ ਨੂੰ ਨਾਲਲੈ ਰੋਂਦੀ ਕੁਰਲਾਉਂਦੀ ਦਿਲੀ ਵੰਨੀ ਵਗ ਤੁਰੀ, ਢਾਹੋਦਾਹ ਮਜ਼ਲਾਂ ਮੁਕਾਕੇ ਸ਼ਾਹੀ ਕਚੈਹਰੀ ਵਿਚ ਜਾ ਕੁਰਲਾਹਟ ਪਾਇਆ। ਬੁਢੀ ਦੇ ਵਿਰਲਾਪ ਨੇ ਪਥਰ ਦਿਲ ਹਾਕਮ ਮੋਮ ਕਰ ਦਿਤੇ, ਸਚ ਬੋਲਿਆਂ ਛੁਟਕਾਰਾ ਨਾਂ ਹੁੰਦਾ ਦੇਖਕੇ ਬੁਢੀ ਨੇ ਏਹ ਅਰਜ਼ ਗੁਜ਼ਾਰੀ ਕਿ ਇਕ ਦਿਨ ਸਿਖ ਸਾਡੇ ਪਿੰਡ ਨੂੰ ਲੁਟਣ ਆਏ ਸੇ, ਮੇਰੇ ਪੁਤ੍ਰ ਨੂੰ ਫੜਕੇ ਲੈਗਏ ਸੇ, ਮੇਰਾ ਪੁਤ੍ਰ ਸਿਖ ਨਹੀਂ। ਏਹ ਬਾਤ ਸੁਣਕੇ ਬਾਦਸ਼ਾਹ ਨੇ ਮੁੰਡੇ ਦੇ ਛਡਣ ਦਾ ਹੁਕਮ ਦੇ ਦਿਤਾ, ਕੁਜੈਲੀ ਨੇ ਆਖਿਆ, ਮੈਂ ਨਹੀਂ ਪਛਾਨਦਾ ਏਹ ਬੁਢੀ ਕੌਣ ਹੈ ਤੇ ਏਸ ਵਹੁਟੀ ਨੂੰ ਕਿਥੋਂ ਲਿਆਈ ਹੈ? ਮੈਨੂੰ ਛਿਲ ਨਾ ਛਾਂਹ ਤੁਹਾਨੂੰ ਕਲਮੇ ਦੀ ਕਸਮ ਹੈ ਏਹਦੇ ਪਿੰਜਰੇ ਵਿਚੋਂ ਛੁਡਾਓ ਮੈਂ ਸੀਘ੍ਰ ਹੀ ਜਾਵਾਂ ਵਖਤ ਬੀਤ ਰਿਹਾ ਹੈ। ਕਸਮ ਦੇਣੇ ਪਰ ਜਲਾਦ ਨੇ ਸ਼ਹੀਦ ਕਰ ਦਿਤਾ (ਏਹ ਲੇਖ ਮਹੰਮਦਸ਼ਾਹ ਦਾ ਹੈ) ਏਸੇ ਛਾਂਤ ਸਤਾਂ ਅਠਾਂ ਦਿਨਾਂ ਵਿਚ ਸਭ ਸਿੰਘ ਮੁਕਾ ਛਡੇ, ਉਨਾਂ ਦੇ ਸਿਰ ਕਿਤੇ, ਹਥ ਪੈਰ ਕਿਧਰੇ, ਧੜ ਨਿਆਰੇ ਵਰਖਤਾਂ ਨਾਲ ਲਟਕਾਏ ਗਏ। ਬਲਕੇ ਸੋਹਣੇ ਜਵਾਨ ਦਾੜੇ ਕੇਸਾਂ ਵਾਲੇ ਸਿੰਘਾਂ ਦੇ ਸਿਰ ਥਰਛੀਆਂ ਵਿਚ ਪਰੋਕੇ ਠਿਕਾਨੇ ੨ ਖਲਕਤ ਨੂੰ ਦੇਖਣ ਵਾਸਤੇ ਮਹੀਨਾ ਟੰਗ ਰਖੇ ਜਿਨਾਂ ਨੂੰ ਦੇਖ ਦੇਖ ਖਲਕਤ ਹਜਤੋੜੇ ਲੈ ਲੈ ਪਈ ਰੋਂਦੀ ਸੀ। ਏਹ ਵ੍ਰਿਤਾਂਤ ਫਗਣ ਦੀ ਪਹਿਲੀ ਸੰਃ ੧੭ ਵਿਃ ਨੂੰ ਹੋਇਆ। ਵ੍ਰਿਧ ਸਿਖ ਦਸਦੇ ਹਨ, ਅਜੇਹੇਖੁਨ ਕਰਕੇ ਥੀ ਜੁਲਮ ਦੀ ਹਦ ਨਹੀਂ ਹੋਈ ਸੀ, ਪਾਪੀ ਏਥਿਰਕ ਸਿੰਘਾਂ ਦਾ ਨਾਮ ਨਿਸ਼ਾਨ ਖੋਹਣ ਨੂੰ ਬਥੇਰੇ ਜੋਰ ਜੁਲਮ ਕਰ ਰਹੇ ਸੇ, ਪਰ ਅਕਾਲਪੁਰਖ ਨੇ ਜਿਵੇਂ ਪ੍ਰਹਿਲਾਦ ਵੇਲੇ ਬਿੱਲੀ ਦੇ ਬਚੇ ਅਗ ਵਿਚੋਂ ਰਖੇ ਸਨ ਔਂਹੀਂ ਪੰਥ ਖਾਲਸੇ ਨੂੰ ਰਖ ਲੀਤਾ।

Sri Satguru Jagjit Singh Ji eLibrary NamdhariElibrary@gmail.com

ਜੇਹੜੇ ਸਰਦਾਰ ਬੰਦੇ ਨਾਲ ਕਿਲੇ ਵਿਚ ਕੈਦ ਸੇ ਓਨਾਂ ਨੂੰ ਸਿੰਘਾਂ ਦੇ ਜਥੇ ਨਾਲ ਏਸ ਵਾਸਤੇ ਨਹੀਂ ਮਾਰਿਆ ਸੀ ਕਿ ਉਨਾਂ ਨੂੰ ਪੁਛਿਆ ਜਾਵੇ ਜੋ ਏਨਾਂ ਨੇ ਸਰਹੰਦ ਤੇ ਸਮਾਣੇ ਵਰਗੇ ਵਡੇ ੨ ਦੌਲਤ ਵਾਲੇ ਸ਼ੈਹਰ ਲੁਟਕੇ ਖਜਾਨੇ ਜੰਗਲਾਂ ਵਿਚ ਦਬੇ ਹਨ ਸੋ ਕਢਾਏ ਜਾਣ; ਏਸੇ ਵਾਸਤੇ ਚਾਰ ਪੰਜ ਹਿੰਦੂ ਮੁਸਲਮਾਨ ਅਮੀਰ ਹਰ ਰੋਜ ਬੰਦਈ ਸਰਦਾਰਾਂ ਪਾਸ ਆਕੇ ਬੜੇ ਪ੍ਰੇਮ ਨਾਲ ਬਾਤਾਂ ਦੇ ਹੇਰ ਫੇਰ ਪਾਕੇ ਖਜਾਨਿਆਂ ਦਾ ਭੇਤ ਪੁਛਦੇ ਰਹਿੰਦੇ, ਪਰ ਏਹ ਕਦੇ ਨਹੀਂ ਸੇ। ਜਦ ਓਨਾਂ ਦੀ ਏਹ ਇਛਿਆ ਨਾ ਪੂਰੀ ਹੋਈ ਤਾਂ ਬਾਜ ਸਿੰਘ ਸ਼ਾਮ ਸਿੰਘ ਰਾਮ ਸਿੰਘ ਆਦਕ ਸਭ ਸਰਦਾਰ ਚਾਂਦਨੀ ਚੌਕ ਵਿਚ ਲੈਜਾਕੇ ਬੜੇ ਬੜੇ ਬੁਰੇ ਕਸ਼ਟ ਦੇ ਦੇਕੇ ਕਤਲ ਕੀਤੇ ਗਏ।* ਹੁਣ ਵਾਰੀ ਆਈ ਬੰਦੇ ਦੀ, ਓਸਨੂੰ ਉਸਦੇ ਪੁਤ੍ਰ ਇਸਤ੍ਰੀ ਸਮੇਤ ਅਜਮੇਰੀ ਦਰਵਾਜ਼ੇ ਪੀਰ ਕੁਤਬ ਦੀਨ ਕਾਕੀ ਦੀ ਦਰਗਾਹ ਅਗੇ ਲੈਜਾਕੇ ਖੜੇ ਕਰ ਦਿਤੇ, ਖਲਕਤ ਦੇਖਣ ਲਈ ਕੁਛ ਸ਼ਾਹੀ ਹੁਕਮ ਸੁਨਕੇ ਚੋਲ ਬਜਵਾਂਦੀ ਹੋਈ ਬੇਅੰਤ ਜੁੜ ਗਈ, ਪਹਿਲੇ ਬੰਦੇ ਦੇ ਪੁਤ੍ਰ ਨੂੰ ਮੁਸਲਮਾਂਨ ਕਰਨੇ ਪਰ ਬਹੁਤ ਕੁਛ ਲਾਲਚ ਸੁਖ ਦਿਖਾਏ, ਫੇਰ ਭੀ ਐਸੇ ਸਖਤ ਦਿਤੇ ਮਾਰ ਪਈ ਜੋ ਗਭਰੂ ਭੀ ਨਾ ਸਹਾਰ ਸਕੇ, ਪਰ ਓਸਨੇ ਮਰਨਾ ਹੀ ਮੰਨਿਆਂ ਦੀਨ ਨਾ ਮੰਨਿਆਂ, ਫੇਰ ਬੰਦੇ ਦੇ ਹਥੋਂ ਉਸਨੂੰ ਮਰਵਾਕੇ ਉਸਦੀ ਭਲੇਜੀ ਦੰਪਤਿ ਦੇ ਮੂੰਹਾਂ ਵਿੱਚ ਤੁੰਨੀ ਗਈ। ਫੇਰ ਬੰਦੇ ਦੇ ਪਟਾਂ ਦਾ ਤੇ ਪਿੰਨੀਆਂ ਦਾ ਮਾਸ ਜਦ ਜੰਞੀਰ ਤਪਾ ਤਪਾ ਤੋੜਨ ਲਗੇ ਤੇ ਓਸਦੀ ਤੀਮੀ ਨੂੰ ਕੁਤਿਆਂ ਤੋਂ ਤੁੜਾਉਨ ਵਾਸਤੇ ਧਰਤੀ ਵਿਚ ਗਡਣ ਲਗੇ ਤਾਂ ਓਨ ਅਤਿਅੰਤ ਭੈਭੀਤ ਹੋਕੇ ਮੁਸਲਮਾਨੀ

*ਏਹ ਸਾਰੀਆਂ ਕਥਾ ਦੇਖੋ ਤਵਾਰੀਖ ਮਨਤਖਿਬ ਅਤੇ ਖਾਫੀਖਾਂ ਮਹੰਮਦ ਸ਼ਾਹੀ

Sri Satguru Jagjit Singh Ji eLibrary NamdhariElibrary@gmail.com

ਹੋਣਾ ਮੰਨ ਲਿਆ, ਓਸਨੂੰ ਤੁਰਕਨੀ ਕਰਕੇ ਦੱਖਣੀ ਬੇਗਮ ਪਾਸ ਭੇਜਿਆ ਗਿਆ, ਉਸਨੇ ਵਾਢਲੇ ਨਾਲ ਹਜ ਨੂੰ ਤੋਰ ਦਿਤੀ।

ਬੰਦੇ ਤੋਂ ਕਸ਼ਟ ਦੀ ਦਸ਼ਾ ਵਿਚ ਵਜੀਰ ਨੇ ਮੌਤ ਪੁੱਛਣੀ

ਹੁਣ ਅੰਤ ਨੂੰ ਬਾਦਸ਼ਾਹ ਨੇ ਜਦ ਬੰਦੇ ਨੂੰ ਪੁਛ ਭੇਜਜਾ ਕਿ ਤੈਨੂੰ ਕੇਹੜੀ ਮੌਤ ਮਾਰੀਏ ? ਓਨ ਜਵਾਬ ਦਿਤਾ, ਜਿਸ ਮੌਤੇ ਬਾਦਸ਼ਾਹ ਨੇ ਮਰਣਾ ਹੈ ਓਸੇ ਮੌਤ ਮੈਨੂੰ ਮਾਰ ਦਿਓ। ਏਹ ਬੇਅਦਬੀ ਦਾ ਜਵਾਬ ਸੁਣਕੇ ਬਾਦਸ਼ਾਹ ਨੇ ਜੰਬੂਰਾਂ ਨਾਲ ਰੋਜ ਥੋੜਾ ੨ ਮਾਸ ਤੋੜਨ ਦਾ ਹੁਕਮ ਦੇ ਦਿੱਤਾ, ਜਦ ਦੇ ਦਿਨ ਪਿੰਨੀਆਂ ਪੱਟਾਂ ਦਾ ਮਾਸ ਤੋੜਿਆ ਤੇ ਬੰਦੇ ਨੇ ਜਰਾ ਪੀੜ ਨਾ ਮੰਨੀ ਤੇ ਅਡੋਲ ਬੈਠਾ ਰਿਹਾ ਤਾਂ ਏਹ ਹਾਲ ਨਜਬੁਲ ਦੌਲਾ ਵਜੀਰ ਆਜ਼ਮ ਦੇਖਕੇ ਹੈਰਾਨ ਹੋਕਰ ਬੰਦੇ ਨੂੰ ਪੁਛਣ ਲਗਾ, ਤੂੰ ਪੀੜ ਕਿਉਂ ਨਹੀਂ ਮੰਨਦਾ? ਜੇ ਕਿਸੇ ਨੂੰ ਇਕ ਕੰਡਾ ਚੁਭਦਾ ਹੈ ਯਾ ਜ਼ਰਾਕੁ ਜਖਮ ਲਗਦਾ ਹੈ ਤਾਂ ਪੀੜ ਸਹਾਰੀ ਨਹੀਂ ਜਾਂਦੀ, ਆਦਮੀ ਬਜਾਕੁਲ ਹੋ ਜਾਂਦਾ ਹੈ, ਜਦ ਚੁੰਢੀ ਵਢੀ ਸਹਾਰਨੀ ਔਖੀ ਹੈ ਤੇਰਾ ਮਾਸ ਨੋਚਿਆ ਜਾਂਦਾ ਹੈ, ਫੇਰ ਤੂੰ ਐਡੇ ਧੀਰਜ ਨਾਲ ਪ੍ਰਸੰਨ ਵਦਨ ਬੈਠਾ ਮਾਸ ਤੁੜਾ ਰਿਹਾ ਹੈਂ ਚਿਹਰੇ ਪਰ ਥੀ ਪਰਸੀਨਾ ਨਹੀਂ ਆਯਾ ਤੇ ਨਾ ਤੈਂ ਨੱਕ ਵਟਿਆ ਨਾ ਤੈਂ ਸੀ ਕੀਤੀ ਏਹ ਕੀ ਕਾਰਨ ਹੈ ਸਚ ਕਹੁ ਤੈਨੂੰ ਪੀੜਾ ਕਿਉਂ ਨਹੀਂ ਬਜਾਪੀ ? ਬੰਦੇ ਨੇ ਆਖਿਆ—ਏਹ ਸੱਚੇ ਬ੍ਰਹਮਗਿਆਨ ਤੇ ਸੂਰਬੀਰ ਬਣਨੇ ਦਾ ਫਲ ਹੈ, ਦੁਖ ਸੁਖ ਮੰਨਣਾ ਮਨ ਦਾ ਧਰਮ ਹੈ,ਸੋ ਮੈਂ ਅਪਣੇ ਮਨ ਨੂੰ,ਮਾਰ ਛਡਿਆ ਹੈ, ਕਿਉਂਕਿ

Sri Satguru Jagjit Singh Ji eLibrary NamdhariElibrary@gmail.com

ਮੈਂ ਜੀਉਂਦਾ ਹੀ ਮਰ ਰਿਹਾ ਹਾਂ ਏਸ ਦੇਹ ਤੇ ਮਨ ਤੋਂ ਰੂਹ ਆਤਮਾ ਵਖਰਾ ਹੋਕੇ ਇਨਾਂ ਤੋਂ ਬਾਂਛਤ ਕੰਮ ਲੈਂਦਾ ਹੈ। ਜਿਕੂੰ ਕੋਠੇ ਨੂੰ ਕੋਈ ਖੁਣਦਾ ਪੁਟਦਾ ਹੋਵੇ ਤਾਂ ਕੋਠੇ ਵਿਚ ਬੈਠਣ ਵਾਲਾ ਰਖਵਾਲੀ ਤਾਂਕਰਦਾ ਹੈ, ਪਰ ਪੀੜਾ ਨਹੀਂ ਹੁੰਦੀ, ਜਦ ਕੋਠੇ ਵਾਲਾ ਬਚਾ ਨਹੀਂ ਸਕਦਾ ਤੇ ਨਾ ਰਖਿਆ ਕਰ ਸਕਦਾ ਹੈ ਤਾਂ ਛਡਕੇ ਕਨਾਰੇ ਹੋਜਾਂਦਾ ਹੈ, ਏਸੇ ਭਾਂਤ ਮੈਂ ਹੁਣ ਏਸ ਦੇਹ ਕੋਠੇ ਨੂੰ ਰਖ ਨਹੀਂ ਸਕਦਾ ਛਡਣੇ ਨੂੰ ਤਿਆਰ ਹਾਂ, ਸਮਤਾ ਨੂੰ ਦੁਖ ਹੈ ਹੁਣ ਮੈਂ ਏਸੇ ਕੋਠੇ ਦੀ ਮਮਤਾਮੇਰ ਛਡ ਰਖੀ ਹੈ, ਏਸ ਕਰਕੇ ਮੈਨੂੰ ਕਸ਼ਟ ਨਹੀਂ॥

ਪ੍ਰਸ਼ਨ--ਵਜੀਰ ਬੋਲਿਆ ਜਦ ਤੂੰ ਐਸਾ ਸਚਾ ਬ੍ਰਹਮ ਗਿਆਨੀ ਸਮਦਰਸੀ ਹੈਂ ਫੇਰ ਤੈਂ ਐਡੇ ਵਡੇ ਜੰਗ ਕਿਉਂ ਕੀਤੇ ਕਰਾਏ ਤੇ ਮੁਸਲਮਾਨਾਂ ਨੂੰ ਕਿਉਂ ਦੁਖ ਦਿਤੇ, ਪੀਰਾਂ ਫਕੀਰਾਂ ਅਮੀਰਾਂ ਦੀਆਂ ਕਬਰਾਂ ਪੁਟਾਕੇ ਹਡੀਆਂ ਸਾੜੀਆਂ ਐਡਾ ਵਡਾ ਤਅੱਸਬ ਕਿਉਂ ਕੀਤਾ ? ਅਨੇਕਾਂ ਮੋਮਨ ਜੀਉਂਦੇ ਜਲਾਏ ਬਚੇ ਮਾਸੂਮ ਮਰਵਾਏ ਐਡੀ ਜਿਦ ਰਖੀ ਰੋਜ ਇਕ ਦੋ ਮੋਮਨਾਂ ਨੂੰ ਕਤਲ ਕਰਾਕੇ ਓਨਾਂ ਦੀ ਛਾਤੀ ਪਰ ਪੈਰ ਧਰ ਕੇ ਅਸਵਾਰ ਹੁੰਦਾ ਰਿਹਾ ਹੈਂ ਏਹੋ ਜੇਹੇ ਬੁਰੇ ਕੰਮ ਜ਼ੁਲਮ ਦੇ ਜ਼ਾਲਮਾਂ ਮੂਰਖਾਂ ਵਾਲੇ ਕਿਉਂ ਕੀਤੇ ?

ਉਤਰ--ਏਹ ਨਟ ਦੀਆਂ ਪੁਤਲੀਆਂ ਵਾਂਗੂੰ ਜੋ ਕੁਛ ਰਬ ਕਰਾਉਂਦਾ ਹੈ ਓਹੋ ਜੀਵ ਕਰਦੇ ਹਨ ਹੋਰ ਜੋ ਤੈਂ ਮੈਨੂੰ ਜ਼ਾਲਮ ਦਸਿਆ ਹੈ ਏਹ ਭੀ ਓਸੇ ਦੀ ਮਰਜੀ ਨਾਲ ਹੋਇਆ ਹੈ। ਜਦ ਮੁਸਲਮਾਨਾਂ ਨੇ ਵਡੇ ੨ ਭਾਰੇ ਅਸਹਿ ਦੁਖਦਾਈ ਜੁਲਮ ਹਿੰਦੂਆਂ ਉਤੇ ਕੀਤੇ ਤਾਂ ਓਨਾਂ ਦਾ ਫਲ ਭੋਗਾਉਣ ਲਈ ਓਸ ਸਾਹਿਬ ਨੇ ਮੈਨੂੰ ਜਾਲਮ ਬਣਾ ਦਿਤਾ ॥

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਨ--ਤੂੰ ਐਡਾ ਵਡਾ ਕਰਾਮਾਤੀ ਹੋਕੇ ਸਾਥੀ ਕੈਦ ਵਿਚ ਕਿਉਂ ਆਗਿਆ ?

ਉਤਰ--ਏਹ ਮੇਰੀ ਗਲਤ ਭੁਲ ਦਾ ਨਤੀਜਾ ਹੈ। ਜੇਕਰ ਮੈਂ ਆਪਣੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਵਿਚ ਕਾਇਮ ਰਹਿੰਦਾ ਤਾਂ ਤੁਸਾਡੀ ਕੀ ਮਜਾਲ ਸੀ ਜੋ ਮੈਨੂੰ ਰਖ ਸਕਦੇ ?

ਪ੍ਰਸ਼ਨ--ਤੂੰ ਅਜੇਹਾ ਗਿਆਨੀ ਤੇ ਅਜਮਤੀ ਹੋਕੇ ਅਜੇਹੇ ਕਸ਼ਟ ਕਿਉਂ ਸਹਾਰਦਾ ਹੈਂ ਗ਼ਾਇਬ ਹੋਜਾ ?

ਉਤਰ--ਗਾਇਬ ਹੋਣਾ ਕੁਝ ਔਖਾ ਨਹੀਂ, ਪਰ ਜੋ ਮੈਂ ਆਪਣੇ ਗੁਰੂ ਦੇ ਹੁਕਮ ਤੋਂ ਵਧ ਕੇ ਕੰਮ ਕੀਤੇ ਹਨ ਓਨਾਂ ਦਾ ਫਲ ਫੇਰ ਦੇਹ ਧਾਰਕੇ ਭੋਗਨ ਨਾਲੋਂ ਹੁਣੇ ਭੋਗ ਲੈਣਾ ਚੰਗਾ ਸਮਝਦਾ ਹਾਂ, ਏਸ ਕਰਕੇ ਖੁਸ਼ੀ ਨਾਲ ਭੁਗਤਦਾ ਹਾਂ,ਕਿਸੇ ਦੇ ਭੋਗਾਏ ਕਸ਼ਟ ਨਹੀਂ ਭੋਗਦਾ। ਜੇ ਮੈਂ ਐਸ ਵੇਲੇ ਚੀਕਾਂ ਮਾਰਾਂ ਬਿਆਕੁਲ ਹੋ ਪਵਾਂ ਤਾਂ ਕੀ ਤੁਸੀ ਜਲਾਦ ਤਰਸ ਖਾਕੇ ਮੈਨੂੰ ਛਡ ਦਿਓਗੇ ? ਜਦ ਏਸੇ ਭਾਂਤ ਵਰਤਾਓ ਵਰਤਣਾ ਹੈ ਤਾਂ ਧੀਰਜ ਵੀਚਾਰ ਨਾਲ ਪ੍ਰਭੂ ਦਾ ਭਾਣਾ ਮਿਠਾ ਮੰਨਕੇ ਕਿਉਂ ਨਾਂ ਭੋਗੀਏ ? ਅਪਣੇ ਗੁਰੂ ਦਾ ਬਚਨ ਕਿਉਂ ਨਾ ਕਮਾਈਏ (ਯਥਾ ਗੁਰੂ ਪ)'ਬ੍ਰਹਮ ਗਿਆਨੀ ਕੈ ਧੀਰਜ ਏਕ, ਜਿਉਂ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।' ਹੋਰ--'ਜੋ ਵਰਤਾਏ ਸਾਈ ਜੁਗਤਿ। ਨਾਨਕ ਓਹ ਪੁਰਖ ਕਹੀਐ ਜੀਵਨ ਮੁਕਤਿ।' ਏਹੋ ਜੇਹੇ ਬਚਨ ਸੁਣਕੇ ਅਤੇ ਬੰਦੇ ਦਾ ਸਾਰਾ ਹਾਲ ਵੇਖਕੇ ਜਦ ਵਜ਼ੀਰ ਨੇ ਜਾਕੇ ਬਾਦਸ਼ਾਹ ਪਾਸ ਤਾਰੀਫ ਨਾਲ ਤਰਸ ਖਾਕੇ ਦੱਸਿਆ ਤਾਂ ਬਾਦਸ਼ਾਹ ਨੇ ਨਰਮ ਹੋਕੇ ਆਖਿਆ, ਜੇ ਅਜੇਹਾ ਕਾਮਲ ਸ਼ਖਸ ਦੀਨ ਮੰਨੇ ਤਾਂ ਕਿਉਂ ਮਾਰਨਾਹੈ ਤੁਸੀ ਫੇਰ ਜਾਓ

Sri Satguru Jagjit Singh Ji eLibrary NamdhariElibrary@gmail.com

ਦੀਨ ਮਨਾਓਣਿਸ ਹੁਕਮ ਅਨੁਸਾਰ ਚਾਰ ਕੁ ਹੋਰ ਅਮੀਰਾਂ ਸਮੇਤ ਵਜੀਰ ਨੇ ਜਾਕੇ ਬੰਦੇ ਨੂੰ ਦੀਨ ਮੰਨਣਲਈ ਆਖਿਆ ਤਾਂ ਬੰਦੇ ਨੇ ਦੀਨ ਮਹੰਮਦੀ ਪਰ ਅਤੇ ਦੀਨਮੰਨਣ ਵਾਲੇ ਉਤੇ ਹਜ਼ਾਰ੨ ਗਾਲਾਂ ਤੇ ਲਾਨਤ ਦੇ ਕੇ ਆਖਿਆ, ਮੈਂ ਸੱਚਾ ਦੀਨ ਗੁਰੂ ਜੀ ਦਾ ਛਡ ਕੇ ਤੁਸਾਡਾ ਦੀਨ ਮੰਨਾਂ ਜੋ ਕਪਟ ਛਲ ਦੀ ਖਾਣ ਧੋਖੇ ਦੀ ਟੱਟੀ ਹੈ। ਏਹ ਗਾਲਾਂ ਸੁਣਕੇ ਬਾਦਸ਼ਾਹ ਨੇ ਬੰਦੇ ਨੂੰ ਪੁਛ ਭੇਜਿਆ ਕਿ ਜਿਸ ਮੌਤ ਨਾਲ ਤੂੰ ਮਰਨਾਂ ਚਾਹੁੰਦਾ ਹੈਂ ਤੂੰ ਕਹੁ ਤੈਨੂੰ ਓਸੇ ਮੌਤ ਮਾਰਿਆ ਜਾਵੇ, ਬੰਦੇ ਨੇ ਆਖਿਆ ਜਿਸ ਮੌਤ ਬਾਦਸ਼ਾਹ*ਮਰਨਾ ਚਾਹੁੰਦਾ ਹੈ ਓਸੇ ਮੌਤ ਮੈਨੂੰ ਮਾਰ ਦੇਵੇ॥

ਬੰਦੇ ਦਾ ਮਰਕੇ ਜੀਉਣਾ

ਏਹ ਜਵਾਬ ਸੁਣਕੇ ਬਾਦਸ਼ਾਹ ਨੇ ਖਫਾ ਹੋਕੇ ਹੁਕਮ ਦਿੱਤਾ, ਏਸ ਕਾਫਰ ਨੂੰ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਘਸੀਟ ਵਿੱਚ ਮਾਰਕੇ ਜਮਨਾ ਕਨਾਰੇ ਸੁਟਵਾ ਦੇਉ ਗਿਦੜ ਕੁਤੇ ਖਾ ਜਾਨਗੇ। ਏਸ ਹੁਕਮ ਨਾਲ ਜਦ ਬੰਦੇ ਦੀਆਂ ਲੱਤਾਂ ਹਾਥੀ ਦੀ ਲੱਤ ਨਾਲ ਬੰਨ੍ਹ ਕੇ ਥੋੜੀ ਜਿਨੀਂ ਖਿਚ ਘਸੀਟ ਕਰਾਈ ਤਾਂ ਬੰਦੇ ਨੇ

---

*ਫਰਖ਼ਸ਼ੀਅਰ ਦਾ ਮਰਨਾ

ਇਸ ਭਾਂਤ ਘਸੀਟ ਵਿੱਚ ਫਰਖਸ਼ੀਅਰ ਬਾਦਸ਼ਾਹ ਮਰਿਆ ਸੀ, ਕਿਉਂਕਿ ਬਾਦਸ਼ਾਹ ਦੇ ਵਜੀਰ ਸੱਯਦ ਅਬਦੁਲੇ ਨੇ ਓਸ ਨਾਲ ਵਿਗੜ ਕੇ ਪਹਿਲੇ ਬਾਦਸ਼ਾਹ ਨੂੰ ਕੈਦ ਕੀਤਾ ਫੇਰ ਅੰਨਾ ਕਰਾਕੇ ਓਸੇ ਦੇ ਪੁਤਰ ਮਹੰਮਦ ਸ਼ਾਹ ਨੂੰ ਤਖਤ ਉਤੇ ਬੈਠਾ ਦਿੱਤਾ। ਇਕ ਦਿਨ ਬਾਦਸ਼ਾਹ ਕੈਦ ਵਿਚੋਂ ਨੱਠ ਕੇ ਨਫਰਾਂ ਦੀ ਸਹਾਇਤਾ ਨਾਲ ਜਦ ਲਖਨਊ ਵੱਲ ਨੱਸ ਚਲਿਆ ਸੀ, ਵਜੀਰ ਨੇ ਰਾਹ ਵਿੱਚੋਂ ਫੜ ਲਿਆਂਦਾ ਬਾਬਕਾਂ ਨਾਲ ਮਾਸ ਉਡਵਾ ਦਿੱਤਾ, ਫੇਰ ਇਕ ਘੋੜੀ ਉਤੇ ਚਲ੍ਹਕੇ ਜੋ ਇਸਨੇ ਇਕ ਲੱਖ ਰੁਪਯੇ ਨੂੰ ਲੀਤੀ ਸੀ, ਸਵਾਰ ਹੋਕੇ ਕਿਲੇ ਦੇ ਅੰਦਰ ੨ ਫਿਰਨ ਦੀ ਆਗਿਆ ਲੈ ਲੀਤੀ। ਘੜੀ ਤੇ ਫਿਰ ਹੀ ਰਿਹਾ ਸੀ ਕਿ ਘੋੜੀ ਤ੍ਰਿਬਕ ਕੇ ਨਫਰਾਂ ਛੁਟ ਕੇ ਐਸੀ ਖੇਚਲ ਦੌੜੀ ਬਾਦਸ਼ਾਹ ਡਿੱਗ ਪਿਆ, ਪੈਰ ਰਕਾਬ ਵਿਚ ਫਸਿਆ ਰੈਹ ਗਿਆ ਸੋ ਘਸੀਟ ਵਿੱਚ ਹੀ ਤੇਹੀ ਤੇਹੀ ਉਡਕੇ ਮਰ ਗਿਆ। ਬਾਬੇ ਬੰਦੇ ਦਾ ਬਚਨ ਪੂਰਾ ਹੋਇਆ।

Sri Satguru Jagjit Singh Ji eLibrary NamdhariElibrary@gmail.com

ਆਪਣੇ ਪਰਾਣ ਦਸਵੇਂ ਦੁਆਰ ਚੜ੍ਹਾ ਲੀਤੇ ਓਨਾਂ ਨੇ ਮਰ ਗਿਆ ਸਮਝ ਕੇ ਜਮਨਾ ਕਨਾਰੇ ਲੋਥ ਸੁੱਟ ਦਿੱਤੀ।

ਬੰਦਈ ਸਿੰਘ ਜੋ ਮਾਝੀ ਨਾਮ ਦੇਈ ਬੰਦੇ ਦੀ ਇਸਤ੍ਰੀ ਦੇ ਭੇਜੇ ਹੋਏ ਮੁਸਲਮਾਨੀ ਲਿਬਾਸ ਦਿਲੀ ਫਿਰ ਰਹੇ ਸਨ, ਓਨਾਂ ਨੇ ਮਾਈ ਦੇ ਹੁਕਮ ਅਨੁਸਾਰ ਰਾਤ ਪਈ ਬੰਦੇ ਦੀ ਲੋਥ ਚੁਕ ਕੇ ਪੰਜਾਬ ਦੇਸ ਲਾਹੌਰ ਦੇ ਜਿਲੇ ਪਰਗਣੇ ਸਰਕ ਪੁਰ ਭੁਚੋਕੇ ਠੱਕਰ ਪਿੰਡ ਮਾਈ ਪਾਸ ਲੈ ਆਂਦਾ । ਓਸਨੂੰ ਪ੍ਰਾਣ ਉਡਾਰਨ ਦਾ ਢੰਗ ਯਾਦ ਸੀ ਬੰਦੇ ਦੇ ਪ੍ਰਾਣ ਉਤਾਰਕੇ ਬਹੁਤ ਸੇਵਾ ਕੀਤੀ, ਜਖਮ ਤਾਂ ਰਾਜੀ ਹੋਗਏ, ਪਰ ਕੈਦ ਤੇ ਜੰਬੂਰਾਂ ਆਦਿਕਾਂ ਦੀ ਮਾਰਾਂ ਤੇ ਤਕਲੀਫ ਨੇ ਸਰੀਰ ਜਰਜਰਾ ਕਰ ਦਿੱਤਾ ਸੀ ॥

ਬੰਦੇ ਦੇ ਸੇਵਕ ਮਿਲੇ

ਓਸ ਸਮੇਂ ਜਿਲੇ ਝੰਗ ਤਸੀਲ ਸ਼ੋਰਕੋਟ ਦੇ ਰਹਿਣੇ ਵਾਲਾ ਸੇਹਰ ਸਿੰਘ ਦਸਮ ਗੁਰੂ ਜੀ ਦਾ ਮਾਝਕੀ ਦੂਜਾ ਅਰੋੜਾ ਬੁਲਾਕੀ ਮਨੰਦ ਤੱਥ ਪਿੰਡ ਦੇ ਰਹਿਣ ਵਾਲਾ, ਤੀਜਾ ਰਾਮ ਸਿੰਘ ਅਰੋੜਾ ਵਜੀਰੇ ਪੰਜ ਛੀ ਸਿਖ ਸੇਵਕ ਬੰਦੇ ਦੇ ਪਾਸ ਆ ਕੱਠੇ ਹੋਏ, ਓਹਨਾਂ ਨੇ ਬਹੁਤ ਚਾਹਿਆ ਕਿ ਇਕ ਵਾਰ ਬਾਬੇ ਬੰਦੇ ਨੂੰ ਪੰਥ ਖਾਲਸੇ ਦੇ ਦਲ ਦਾ ਮੁਹੈਲੀ ਬਣਾਕੇ ਫੇਰ ਖਿਸਮਤ ਅਜਮਾਈ ਕਰੀਏ ਮੁਸਲਮਾਨਾਂ ਤੋਂ ਓਹਨਾਂ ਦੇ ਜੋਰ ਜੁਲਮਾਂ ਦੇ ਬਦਲੇ ਲਈਏ ਜੋ ਓਨਾਂ ਨੇ ਕੀਤੇ ਹਨ, ਪਰ ਓਸੇ ਵੇਲੇ ਤਾਂ ਬੰਦੇ ਵਿਚ ਓਹ ਪਹਿਲੀ ਤਾਕਤ ਤੇ ਹੌਸਲਾ ਰਿਹਾ ਨਹੀਂ ਸੀ, ਇਸ ਕਰਕੇ ਬੰਦੇ ਨੇ ਗੁਪਤ ਰਹਿਣਾ ਹੀ ਚੰਗਾ ਸਮਝਕੇ ਜੰਮੂ ਦੇ ਪਹਾੜਾਂ ਵੰਨੀ ਤੁਰ ਗਿਆ।ਰਿਆਸੀ

Sri Satguru Jagjit Singh Ji eLibrary NamdhariElibrary@gmail.com

ਦੇ ਖਿਲੇ ਪਾਸ ਭਬਰ ਪਿੰਡ ਇਕ ਬੋਹੜ ਹੇਠ ਜਾ ਬੈਠਾ, ਜੋ ਹੁਣ ਤਕ ਪੂਜਜ ਹੈ ॥

ਦਸਕੁ ਮਹੀਨੇ ਪਿਛੋਂ ਓਥੋਂ ਅਗੇ ਚੰਦਰ ਕਾਗਾ ਨਦੀ ਕੰਢੇ ਇਕ ਪਰਬਤੀ ਕੰਦ੍ਰਾ ਵਿਚ ਜਾ ਬੈਠੇ, ਸਿਛਕ ਮਨ ਓਹਨਾਂ ਦੇ ਚਨ ਨੂੰ ਵਿਹਬਲ ਨਹੀਂ ਹੋਣ ਦਿੰਦਾ ਸੀ, ਸਬਰ ਸੰਤੋਖ ਤੋਂ ਪੂਰਾ ਕੰਮ ਲੈ ਰਿਹਾ ਸੀ, ਓਸ ਦੇ ਨੇੜੇ ਇਕ ਲੁਬਾਣਿਆਂ ਦਾ ਪਿੰਡ ਟਾਂਡਾ ਨਾਮ ਸੀ, ਓਥੋਂ ਦੇ ਛੋਟਾ ਨਾਮੇ ਪੰਚ ਗੁਰੂ ਘਰਦੇ ਮਸੰਦ ਨੇ ਬੰਦੇ ਨੂੰ ਸਿਵਾਣ ਲਿਆ ਓਹ ਚੰਗੀ ਸੇਵਾ ਕਰਦਾ ਕਰਾਉਂਦਾ ਰਿਹਾ। ਇਕ ਸਾਲ ਪਿਛੋਂ ਮੇਹਰ ਸਿੰਘ ਭਬ ਪਿੰਡ ਵਾਲੇ ਨੂੰ ਜੋ ਓਸਦਾ ਗੁਰਮੁ ਪਰੇਮੀ ਸੀ ਲੁਬਾਣਿਆਂ ਤੋਂ ਸੁੰਦਰ ਪਾੜੇ ਬੰਦੇ ਪਾਸ ਜਾ ਪੁਜਾ, ਓਹ ਆਪਣੇ ਦੇਸੀ ਬੰਦਈ ਸਿਖਾਂ ਨੂੰ ਪਰੇਰਣ ਬੰਦੇ ਦੀ ਤਕੜੀ ਮੰਨਤ ਪੂਜਾ ਕਰਾਉਂਦਾ ਰਿਹਾ, ਓਸ ਸਮੇਂ ਮੇਹਰਸਿੰਘ ਇਕ ਵਾਰੀ ਵਜੀਰਾਬਾਦ ਆਯਾ ਬੰਦੇ ਦੀ ਮਹਿੰਮਾਂ ਸੁਣਾਈ ਤਾਂ ਇਕ ਕਪੂਰ ਖਤ੍ਰੀ ਹਰੀਰਾਮ ਦੀ ਬੇਟੀ ਸਾਹਿਬ ਕੌਰ ਮੁਟਿਆਰ ਸੀ; ਆਪਣੀ ਮਾਈ ਨੂੰ ਓਸਨੇ ਕਹਿ ਦਿਤਾ ਮੇਰਾ ਸਬੰਧ ਬੰਦੇ ਨਾਲ ਕਰ ਦਿਓ, ਓਸਦੇ ਬਾਪਨੇ ਥੀ ਓੜਕ ਏਸੇ ਬਾਤ ਨੂੰ ਮੰਨ ਕਰ ਕੁੜੀ ਨੂੰ ਆਪ ਬੰਦੇ ਪਾਸ ਲੈ ਜਾਕੇ ਅਨੰਦ ਪਜ੍ਹਾ ਆਇਆ, ਜਿਸ ਵਿਚੋਂ ਸੰਃ ੧੭੮੩ ਬਿਃ ਨੂੰ ਇਕ ਪੁੱਤਰ ਅਜੀਤ ਸਿੰਘ ਪੈਦਾ ਹੋ ਪਿਆ। ਕਰਮ ਸਿੰਘ ਪਰਾਸੀ ਵਿਚ ਲਿਖਦਾ ਹੈ। ਬੰਦੇ ਦੇ ਉਪਾਸਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਨ, ਆਪ ਦਰਸ਼ਨ ਕਰਦਾ ਤੇ ਮੇਹਰਸਿੰਘ, ਬੁਲਾਕੀ ਮਸੰਦ, ਛੋਟੇ ਪੰਚ ਵਗੈਰੇ ਬਹੁਤ ਪਰੇਮੀਆਂ ਨੂੰ ਕਦੇ ਕਦੇ ਦਰਸ਼ਨ ਕਰਾ

Sri Satguru Jagjit Singh Ji eLibrary NamdhariElibrary@gmail.com

ਦਿੰਦਾ* । ਓਹੋ ਪਰੇਮੀ ਮਸੰਦ ਪੈਰ ਕਰਕੇ ਹਰ ਸਾਲ ਬੰਦੇ ਪਾਸ ਬੰਦਈ ਸੰਗਤ ਨੂੰ ਲਿਆਕੇ ਬੰਦੇ ਦੀ ਪੂਜਾ ਮਾਨਤਾ ਕਰਾਉਂਦੇ ਰਹਿੰਦੇ, ਬੰਦਈ ਸੰਗਤ ਹੁਣ ਤਕ ਵਡੇ ਸਿਦਕ ਇਮਾਨ ਨਾਲ ਦਸਵੰਧ ਓਦੋਂ ਬੀ ਦਿੰਦੀ ਸੀ ਤੇ ਹੁਣ ਬੀ ਦਿੰਦੀ ਹੈ । ਫੇਰ ਮੇਹਰ ਸਿੰਘ ਦਾ ਪੁਤ੍ਰ ਪੋਤ੍ਰਾ ਦਿਲਬਰ ਸਿੰਘ ਮਸੰਦ ਸੰਗਤਾਂ ਨੂੰ ਲੈ ਜਾਂਦਾ ਰਿਹਾ । ਹੁਣ ਓਸਦਾ ਪੋਤ੍ਰਾ ਗੁਰਮੁਖ ਸਿੰਘ ਮਸੰਦ ਹਰਨਾਮ ਸਿੰਘ ਵਗੈਰੇ ਮਸੰਦ ਬੰਦਈ ਸੰਗਤਾਂ ਨੂੰ ਲੈ ਜਾਕੇ ਕਾਰ ਭੇਟ ਦਸਵੰਧ ਦਾ ਰੁਪਯਾ ਦਿਵਾਉਂਦੇ ਰਹਿੰਦੇ ਹਨ

---

*ਜੈਸੇ ਕਿ ਹੁਣ ਬੀ ਮਿਸਮਰੇਜ਼ਮ ਇਲਮ ਦੀ ਕਮਾਈ ਵਾਲੇ ਲੋਗ ਪਿਛਲੇ ਗੁਜਰੇ ਹੋਏ ਆਪਣੇ ਪਿਤਾਪਿਤਾਮਾ ਮਾਤਾ ਪਰਮਾਤਾ ਵਗੈਰੇ ਦਾ ਦਰਸ਼ਨ ਗੱਲਾਂ ਕਰਾ ਦਿੰਦੇ ਹਨ, ਬਲਕਿ ਜੇਠ ਸੰਃ ੧੯੬੮ ਨੂੰ ਇਕ ਮਿਸਮਰੇਜ਼ੀਆ ਪਟਿਆਲੇ ਆਯਾ ਕਿਲੇ ਦੇ ਅਗੇ ਚੌਂਕ ਵਿਚ ਤੰਬੂ ਲਗਾ ਰਖਯਾ ਸੀ, ਵਡੇ ਵਡੇ ਗਜ਼ਬ ਦੇ ਤਮਾਸ਼ੇ ਦੇਖਾ ਰਿਹਾ ਸੀ, ਇਕ ਅੰਜੂਠੀ ਨੂੰ ਅੱਖ ਵਿਚ ਪਾਕੇ ਖੁਚ ਵਿਚੋਂ ਕਢ ਦਿੰਦਾ ਸੀ, ਦਸ ਅਠ ਬਰਸ ਦੇ ਕੁੜੀ ਮੁੰਡੇ ਨੂੰ ਮਾਰਨ ਦਾ ਪਾਸ ਦੇਕੇ ਮਾਰ ਦਿੰਦਾ ਸੀ ਤੇ ਜੀਵਾਉਂਨ ਦਾ ਪਾਸ ਦੇਕੇ ਜੀਵਾ ਦਿੰਦਾ ਸੀ ॥

ਬਲਕਿ ਓਸ ਮੁਰਦੇ ਬਾਲਕ ਨੂੰ ਮੇਜ਼ ਉਤੇ ਪਾਕੇ ਹੇਠੋਂ ਮੇਜ ਕਢਕੇ ਨਿਰਾਸਰੇ ਅਧਰ ਵਿਚ ਅਡੋਲ ਪਾ ਰਖਦਾ ਸੀ ਉਪਰ ਨੂੰ ਲੈ ਜਾਂਦਾ ਸੀ ਹੇਠਾਂ ਨੂੰ ਲੈ ਆਉਂਦਾ ਸੀ, ਜੇਹੜੀ ਚੀਜ ਦੂਰ ਦੇਸ ਦੀ ਕੋਈ ਆਦਮੀ ਮੰਗੇ ਓਥੋਂ ਮੰਗਾ ਦਿੰਦਾ ਸੀ, ਏਸੇ ਭਾਂਤ ਬੰਦੇ ਦੀਆਂ ਅਥਮਤਾਂ ਸੁਣਕੇ ਰਾਜਾ ਰਤਨ ਦੇਉ ਜੰਮੂ ਦਾ ਰਾਜਾ ਭੀ ਬੰਦੇ ਦਾ ਸੱਚਾ ਸੇਵਕ ਬਣਕੇ ਬਹੁਤ ਸੇਵਾ ਕਰਦਾ ਰਿਹਾ, ਉਪਾਸ਼ਨਾ ਭੀ ਓਨਨੇ ਐਸੀ ਦ੍ਰਿੜ ਕੀਤੀ ਵਸਮੇਸਗੁਰੂ ਜੀ ਦੇ ਦਰਸ਼ਨ ਪਰਤੱਖ ਹੋਣ ਲਗ ਪਏ। ਇਕ ਦਿਨ ਰਾਜੇ ਦੇ ਪ੍ਰੋਹਤ ਨੇ ਹਰਿ ਭਜ ਨੂੰ ਤੇ ਵਜੀਰ ਨੇ ਰਾਣੀਆਂ ਨੂੰ ਸਿਖਾ ਦਿਤਾ ਕਿ ਸਾਨੂੰ ਗੁਰੂ ਜੀ ਦੇ ਦਰਸ਼ਨ ਕਰਾਓ ॥

ਰਾਣੀਆਂ ਦਾ ਹਠ ਨਿਸਚਾ ਵੇਖਕੇ ਰਾਜੇ ਨੇ ੧੫ ਵਸਾਖ ਸੰਃ ੧੭੬੧ ਨੂੰ ਇਕ ਵਡੇ ਉਚੇ ਮੰਦਰ ਦੀ ਛਤ ਪਰ ਰੇਤਾ ਖਿਲਾਰਾ ਦਿਤਾ, ਰਾਤ ਜਾਗਾ ਭਜਨ ਕਰਾਯਾ, ਤਿੰਨ ਪੈਹਰ ਰਾਤ ਬੀਤੀ ਤੇਂ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਸਵਾਰਾਂ ਨਾਲ ਆਏ। ਰਾਜਾ ਇਕ ਪਟਰਾਣੀ, ਪ੍ਰੋਹਤ ਹਰ ਭਜ ਨੂੰ ਤੇ ਨੈਣੂ ਵਜੀਰ, ਇਕ ਸਿਪਾਹੀ, ਸਾਵਧਾਨ ਰਹੇ ਹੋਰ ਸਭ ਨੀਂਦ ਵਸ ਹੋਗਏ, ਦਿਨ ਚੜ੍ਹੇ ਘੋੜਿਆਂ ਦੇ ਸੁੰਭ ਲਗੇ ਹੋਏ ਪੈੜਾਂ ਨਸ਼ਾਨ ਤੇ ਸਿੱਦ ਕੀਤੀ ਹੋਈ ਸਭ ਨੇ ਵੇਖੀ ਤਾਂ ਸਚ ਮੰਨਿਆਂ ।

Sri Satguru Jagjit Singh Ji eLibrary NamdhariElibrary@gmail.com

ਓਦੋਂ ਭੀ ਮਸੰਦ ਹੀ ਸੰਗਤਾਂ ਨੂੰ ਨਾਲ ਲੈਜਾਂਦੇ ਸਨ, ਬੰਦੇ ਨੇ ਆਪਣੇ ਅੰਤ ਦੇ ਦਿਨ ਚੰਗੇ ਸ਼ਾਂਤੀ ਨਾਲ ਸੁਖਦਾਈ ਗੁਜ਼ਾਰੇ, ਕਈ ਵਾਰ ਬੰਦੇ ਦੇ ਸੇਵਕਾਂ ਉਤੇ ਭਾਰੀ ੨ ਬਿਪਤਾ ਪਈ ਤੇ ਮੁਸਲਮਾਨਾਂ ਦੇ ਜ਼ੁਲਮ ਹੱਦੋਂ ਵਧੇ ਹੋਏ ਦੇਖਕੇ ਬੰਦੇ ਅੱਗੇ ਬੇਨਤੀ ਕੀਤੀ ਕਿ ਇਕ ਵਾਰੀ ਸਿੰਘਾਂ ਦੀ ਜੋ ਫੇਰ ਕਰਾ ਦਿਓ ਮੁਸਲਮਾਨ ਤਾਂ ਤੁਸਾਡਾ ਨਾਮ ਸੁਣਦੇ ਸਾਰ ਹੀ ਸ਼ੇਰ ਅਗੇ ਹਰਨਾਂ ਦੀ ਤਰਾਂ ਦੌੜ ਜਾਣਗੇ । ਪਰ ਬੰਦਾ ਆਪਣੇ ਸੰਤਾਂ ਵਾਲੇ ਆਨੰਦ ਵਿਚ ਮਗਨ ਰਹਿਕੇ ਓਸ਼ਕ ਛਗਣ ਦੀ ਪੂਰਨਮਾਸ਼ੀ ਸੰਃ ੧੭੯੩ ਬਿਃ ਨੂੰ ਏਸ ਅਸਾਰ ਸੰਸਾਰ ਤੋਂ ਕੂਚ ਕਰ ਦਿਤਾ, ਤਾਹੀਂ ਏਸ ਦਿਨ ਬੰਦਈ ਸੰਗਤ ਹਰ ਸਾਲ ਬੰਦੇ ਦੀ ਸਮਾਧ ਪਰ ਇਕਠੀ ਹੋਕੇ ਬੜਾ ਉਤਸ਼ਾਹ ਕਰਦੀ ਹੈ, ਮੇਲਾ ਭਰਦਾ ਹੈ, ਕੜਾਹ ਪ੍ਰਸ਼ਾਦ ਹੁੰਦੇ ਹਨ,ਨਜ਼ਰ ਭੇਟਾ ਮਾਇਆ ਚੜਦੀ ਹੈ। ਬੰਦੇ ਬਹਾਦੁਰ ਦੇ ਕਰਤਾ ਨੇ ਜੇਠ ਸੁਦੀ ੧੪ ਸੰਃ ੧੭੯੮ ਲਿਖਿਆ ਹੈ ਓਸ ਦਿਨ ਕੋਈ ਉਤਸ਼ਾਹ ਓਥੇ ਨਹੀਂ ਹੁੰਦਾ । ਜੇਕਰਜੇਠ ਨੂੰ ਦੇਹ ਛਡਦੇ,ਤਾਂ ਜੇਠ ਵਿਚ ਮੇਲਾ ਭਰਦਾ।।

ਬੰਦਾ ਪਤਲਾ ਕਣਕ ਵੰਨਾ ਗੋਲ ਚਿਹਰਾ ਬਾਘ ਮੁਖ ਕੂਰੇ ਕੇਸ ਪੈਰਾਂ ਤੋਂ ਸਿਰ ਤਕ ਪੋਹੇ ਵਰਗਾ ਸੁੰਦਰ ਜਵਾਨ ਲੰਬਾ ਹਜ਼ਾਰਾਂ ਵਿੱਚੋਂ ਉਚਾ ਸੀ, ਘੋੜੇ ਦਾ ਸਵਾਰ ਤੀਰ ਤਲਵਾਰ ਦਾ ਚਲਵੱਯਾ ਕਰੜਾ ਸੂਰ ਮੁਨਸਫ ਮਜਾਜ਼ ਨਿਰਲੋਭ ਨਿਰਭੈ ਜੋਗੀ ਰਾਜ, ਹਰ ਪ੍ਰਕਾਰ ਦੀ ਵਿਦਯਾ ਰਸਾਇਣ ਵਗੈਰਾ ਬੂਟੀਆਂ ਦੇ ਗੁਣ ਗਿਆਤਾ ਮਿਸਮਰੇਜ਼ਮ ਜਿਸ ਨੂੰ ਜਾਦੂ ਹੁਨਰ ਆਖਿਆ ਜਾਂਦਾ ਹੈ, ਓਸਦੇ ਜਾਣਨ

Sri Satguru Jagjit Singh Ji eLibrary NamdhariElibrary@gmail.com

ਵਾਲਾ ਪੂਰਾ ਪੁਰਖ, ਵਿਆਸ ਐਸਾ ਅਧਕ ਰਖਦਾ ਸੀ ਹੋਣ ਵਾਲੀ ਬਾਤ ਅਗੇ ਹੀ ਦਸ ਛਡਦਾ, ਜੰਗ ਦੇ ਢੰਗ ਬੈਰਾਗੀ ਫਕੀਰਾਂ ਦੀ ਜਮਾਤ ਵਿਚੋਂ ਜਿਨ੍ਹਾਂ ਦੀ ਲੜਾਈ ਹਮੇਸ਼ ਗੁਸਾਈਂ ਫਕੀਰਾਂ ਨਾਲ ਹੁੰਦੀ ਰਹਿੰਦੀ ਸੀ, ਸਭ ਚੰਗੇ ਸਿਖ ਰਖੇ ਸੇ। ਜਦ ਤੋਂ ਬੰਦੇ ਨੇ ਗੁਰੂ ਦੇ ਹੁਕਮ ਅਨੁਸਾਰ ਅਪਨਾਂ ਕੰਮ ਕਰਨ ਦਾਉੱਦਮ ਕੀਤਾ ਸੀ, ਉੱਦਮੇ ਸਾਥ ਹੀ ਸ਼ਾਹੀ ਹਾਕਮ ਓਸਦੇ ਵੈਰੀ ਖੜੇ ਹੋ ਗਏ ਸਨ, ਪਰ ਏਸ ਨੇ ਓਸ ਮੁਹਿੰਮ ਦੇ ਬੋਝ ਨੂੰ ਇਕ ਐਸੀ ਵਿਚਿਤਰ ਘਟਨਾ ਨਾਲ ਨਿਬਾਹਿਆ ਜੋ ਅਜ ਤਕ ਸਲਾਹਿਆ ਜਾਂਦਾ ਹੈ, ਓਸਨੇ ਕਿਸੇ ਵਡੇ ਆਦਮੀ ਦਾ ਆਸਰਾ ਨਹੀਂ ਲੀਤਾ ਨਾਂ ਕੋਈ ਨੀਚ ਗੋਂਦ ਗੁੰਦੀ ਕੇਵਲ ਮੁਲਕ ਦੀ ਹਮਦਰਦੀ ਨੂੰ ਅਗੇ ਰਖਕੇ ਸਮਰ ਸਮੁੰਦਰ ਵਿਚ ਆਪੇ ਠਿਲ ਪਿਆ, ਅਪਣੇ ਆਦਮੀਆਂ ਤੋਂ ਕੋਈ ਗਲ ਲੁਕੋ ਕੇ ਕਦੇ ਨਹੀਂ ਰਖੀ ਸੀ, ਦੁਖੀ ਪ੍ਰਜਾ ਦੇ ਆਦਮੀ ਹਾਕਮਾਂ ਦੇ ਦੁਖਾਏ ਹੋਏ ਅਪਣੇ ੨ ਵੈਰੀਆਂ ਤੋਂ ਵੈਰ ਲੈਣੇ ਚਾਹੁੰਦੇ ਸੇ, ਕਿਉਂਕਿ ਓਸ ਵੇਲੇ ਦੇ ਹਾਕਮ ਸਭ ਮਲੇਛ ਬੁਧੀ ਅਤਿਆਚਾਰੀ ਭਾਰੀ ਨਿਰਦਈ, ਪ੍ਰਜਾ ਨੂੰ ਕਸਾਈ ਵਾਂਗੂੰ ਕੁਹਣ ਦੀ ਨੀਤ ਰਖਦੇ ਸਨ, ਦੁਖੀ ਪ੍ਰਜਾ ਦੀ ਰਤਨਿਚੋੜ ੨ ਕਰਕੰਚਨੀਆਂ ਦੇ ਘਰ ਭਰ ਰਹੇ ਸਨ, ਫੇਰ ਬੀ ਐਡੀ ਬੇਸਬਰੀ ਬਜਾਪ ਰਹੀ ਸੀ ਆਪਣੀਆਂ ਦੋ ਦੋ ਚਾਰ ੨ ਔਰਤਾਂ ਤੇ ਕੰਚਨੀਆਂ ਦੇ ਹੁੰਦਿਆਂ ਫੇਰ ਬੀ ਪਰਾਈਆਂ ਧੀਆਂ ਨੇਹਾਂ ਦੇ ਜਥਰਨ ਸਤ ਤੋੜੇ ਬਿਨਾਂ ਸਬਰ ਨਹੀਂ ਕਰਦੇ ਸਨ, ਨਿਆਉਂ ਰੁਪਯਾਂ ਦੀ ਥੈਲੀ ਦੇ ਆਸਰੇ ਸੀ, ਕਾਜੀ ਕਸਾਈ ਬੇਖਿਰਕ ਸਚੇ ਨੂੰ ਝੂਠਾ ਕਰਕੇ ਛਾਵੇਂ ਦੋਜ਼ਖ ਦੇ ਭਾਗੀ ਹੁੰਦੇ ਸਨ, ਪਰ

Sri Satguru Jagjit Singh Ji eLibrary NamdhariElibrary@gmail.com

ਲੋਭ ਪਾਪਾਂ ਦਾ ਬਾਪ ਸਾਫ ਇਨਸਾਫ ਨਹੀਂ ਕਰਨ ਦਿੰਦਾ, ਨਿਆਉਂ ਦਾ ਖੰਨ ਕਰਕੇ ਗਰੀਬ ਦੀ ਪੁਕਾਰ ਕੋਈ ਨਾਂ ਸੁਣਦਾ ਬਲਕੇ ਉੰਨਾਂ ਹੀਣੀਆਂ ਅਸਾਮੀਆਂ ਉਤੇ ਸਬ ਗੱਚ ਕਢਦੇ ਸਭੋਂ ਬੇਦੋਸਿਆਂ ਨੂੰ ਝੂਠਾ ਦੋਸ਼ ਲਾਕੇ ਕੁਤਿਆਂ ਤੋਂ ਤੁੜਵਾ ਸਿਟਦੇ ਯਾ ਸਕੰਜੇ ਵਿਚ ਚੜ੍ਹਵਾ ਕੇ ਹਡੀਆਂ ਦਾ ਚੂਰਨ ਕਢਦੇ; ਜਿਉਂ ਜਿਉਂ ਓਹ ਮਚਣ ਤੋਂ ਪਹਿਲੇ ਚੀਕਾਂ ਮਾਰਦਾ ਤਿਉਂ ਤਿਉਂ ਖਿਲੀਆਂ ਪਾਉਂਦੇ,ਛਿਬੀਆਂ ਦਿੰਦੇ, ਤਾੜੀ ਬਜਾ ਬਜਾ ਹਸਦੇ ਖੁਸ਼ੀਆਂ ਮੰਨਾਉਂਦੇ, ਓਸਦਾ ਮਾਲ ਜ਼ਬਤ ਕਰਕੇ ਉਸਦੇ ਸੰਬੰਧੀਆਂ ਨੂੰ ਘਰੋਂ ਕਢ ਛਡਦੇ, ਓਨਾਂ ਦੇ ਪਿਛੇ ਕੁਤੇ ਲਾਉਂਦੇ,ਕਪੜੇ ਪੜਵਾ ਪਛਵਾ ਲੱਤਾਂ ਬਾਹਾਂ ਤੇ ਦੰਦੀਆਂ ਵਢਵਾਉਂਦੇ, ਕੁਤੇ ਸ਼ਿਕਾਰੀ ਬੋਟੀਆਂ ਉਡਾ ਖਾਂਦੇ, ਓਨਾਂ ਦੇ ਮੁੰਡੇ ਕੁੜੀਆਂ ਮੰਡੀ ਵਿਚ ਵੇਚੇ ਜਾਂਦੇ ।ਏਹੋ ਜੇਹੇ ਅਤਿਆਚਾਰੀ ਜ਼ਾਲਮ ਹਾਕਮਾਂ ਤੋਂ ਆਜ਼ਜ਼ ਪ੍ਰਜਾ ਦੇ ਬਦਲੇ ਲੈਣ ਵਾਸਤੇ ਜਦ ਬੰਦੇ ਨੂੰ ਖੜਾ ਹੋਇਆ ਦੇਖਜਾ ਤਾਂ ਸਾਰੇ ਦੇਸ ਦੇ ਬਹਾਦਰ ਏਸਦੇ ਸਾਥੀ ਬੰਦਈ ਲਸ਼ਕਰ ਬਣਕੇ ਕਰਨੇ ਯੋਗ ਕੰਮ ਕਰਨ ਲਗ ਪਏ । ਭਾਵੇਂ ਏਸ ਦਲ ਵਿਚ ਕੰਮ ਦੇਣ ਵਾਲੇ ਸਿੰਘ ਥੋੜੇ ਹੀ ਸੇ,ਪਰ ਸਾਰੇ ਸਿੰਘ ਹੀ ਬੋਲੇ ਜਾਂਦੇ ਸਨ, ਏਸੇ ਵਾਸਤੇ ਮੁਗਲ ਡਰਦੇ ਓਨਾਂ ਅਗੇ ਠਹਿਰਦੇ ਨਹੀਂ ਸੇ । ਭਾਵੇਂ ਓਹ ਸਿੰਘਾਂ ਤੋਂ ਕਈ ਗੁਣੇ ਬਾਹਲੇਸੇ,ਪਰ ਐਸ਼ ਅਰਾਮ ਨੇ ਮੁਗਲਾਂ ਨੂੰ ਕਦੇ ਨਾ ਜਿਤਨ ਦਿਤਾ,ਸਿੰਘ ਹੀ ਓਨਾਂਦੀਜੜ੍ਹੀਂ ਤੇਲ ਦਿੰਦੇ ਰਹੇ, ਕਿਉਂਕਿ ਸਿੰਘ ਮੇਹਨਤੀਕ ਤੜੈਐਸੇ ਸਨ ਚਾਰ ਚਾਰਦਿਨ ਲਾਤਾਂ ਘੋੜਿਆਂ ਦੀ ਪਿਠ ਉਤੇ ਹੀ ਗੁਜਰ ਜਾਂਦੇ,ਟਿਕ ੨ ਮੁਠੀ ਛੋਲੇ ਚੱਬਕੇ ਢੈਰੀਆਂ ਉਤੇ ਸ਼ੇਰਾਂ ਵਾਂਗੂ ਗੱਜ ੨ ਕਰ ਸਾ ਪੈਂਦੇ। ਬੰਦਾ ਤੇ ਓਸਦਾ ਦਲ ਭਾਵੇਂ ਬਹਾਦਰ ਸੀ, ਪਰ ਜਦੋਂ ਤਕ ਬੰਦੇ

Sri Satguru Jagjit Singh Ji eLibrary NamdhariElibrary@gmail.com

ਨੂੰ ਅਪਣੀ ਜੈ ਹੋਣ ਦਾ ਭਰੋਸਾ ਨਾ ਹੁੰਦਾ ਤਦੋਂ ਤੋੜੀ ਟਾਕਰਾ ਹੀ ਨਹੀਂ ਕਰਦਾ ਸੀ, ਕਿਉਂਕਿ ਭਾਂਜ ਨਾਲੋਂ ਨਾ ਲੜਨਾ ਚੰਗਾ ਸਮਝਦਾ ਹੁੰਦਾ ਸੀ, ਘਾਤਕ ਚਾਲਾਂ ਤੋਂ ਬਹੁਤ ਘ੍ਰਿਣਾ ਕਰਦਾ, ਐਨੀ ਢੌਜ ਓਸ ਪਾਸ ਕਦੇ ਨਹੀਂ ਕਠੀ ਹੋਈ ਸੀ ਜੋ ਬਹੁਤੇ ਫੌਜਦਾਰਾਂ ਨਾਲ ਟਾਕਰਾ ਲੈਂਦਾ, ਏਸ ਕਰਕੇ ਓਥੋਂ ਪੈਹਲੇ ਹੀ ਕਤਰਾ ਜਾਂਦਾ ਸੀ, ਤੇ ਸਚੇ ਸਿੰਘਾਂ ਤੋਂ ਥਿਨਾਂ ਧਾੜਵੀਆਂ ਪਰ ਭਰੋਸਾ ਨਹੀਂ ਰਖਦਾ ਸੀ, ਓਸਦੀ ਜਿੱਤ ਦਾ ਅਧਕ ਕਾਰਨ ਏਹੋ ਸੀ ਕਿ ਓਹ ਜਕੋ ਤਕੀ ਛਡਕੇ ਏਕਾ ਏਕੀ ਬੈਰੀ ਪਰ ਹੱਲਾ ਕਰਕੇ ਜਾ ਪੈਂਦਾ ਓਸ ਨੂੰ ਸੰਭਲਨੇ ਤੋਂ ਪਹਿਲਾਂ ਹੀ ਹਾਲ ਚਾਲ ਪਾ ਦਿੰਦਾ, ਓਸਦੀ ਜਾਚ ਐਸੀ ਸੀ ਪਲੇ ਪਲੀ ਵਿਚ ਕਾਰਜ ਦੇ ਫਲ ਤਕ ਪੁਜ ਪੈਂਦਾ, ਜੰਗ ਵਿੱਚ ਘਾਬਰਦਾ ਨਹੀਂ ਸੀ; ਕਰਨ ਜੋਗ ਕੰਮ ਨੂੰ ਤੜੱਕ ਹੀ ਕਰ ਛਡਦਾ, ਤਾਹੀਂਓਸ ਨੂੰ ਵਹਿਮੀ ਲੋਕਾਂ ਨੇ ਜਾਦੂਗਰ ਉੱਘਾ ਕਰ ਰਖਿਆ ਸੀ,ਸ਼ਾਹੀ ਅਮੀਰ ਅਪਨੇ ਐਸ਼ ਵਿਚ ਮੱਤੇ ਹੋਏ ਇਤਨਾ ਫਿਕਰ ਬਾਦਸ਼ਾਹੀ ਕੰਮ ਦਾ ਨਹੀਂ ਰਖਦੇ ਸੇ ਜਿਤਨਾ ਜਾਨ ਦਾ ਬਚਾਉ ਰਖਦੇ, ਹਰ ਵੇਲੇ ਏਹੋ ਇਛਿਆ ਰਹਿੰਦੀ ਬੰਦੇ ਦਾ ਨਾਮ ਬਾਦਸ਼ਾਹ ਪਾਸ ਕੋਈ ਨਾ ਲਵੇ, ਨਹੀਂ ਤਾਂ ਸਾਨੂੰ ਜਾਣਾ ਪਏਗਾ। ਇਕ ਸ਼ਾਹੀ ਅਮੀਰਾਂ ਦੀ ਹਾਰ ਦਾ ਕਾਰਨ ਹੋਰ ਭਾਰੀ ਏਹ ਸੀ ਕਿਜੇਹੜਾ ਅਮੀਰ ਮੁਹਿੰਮ ਪਰ ਭੇਜਿਆ ਜਾਂਦਾ ਓਸਦੀ ਹੇਠੀ ਕਰਾਉਣ ਦੇ ਫਿਕਰ ਉਪਾਇ ਦੂਜੇ ਅਮੀਰ ਏਸ ਵਾਸਤੇ ਕਰਦੇ ਰਹਿੰਦੇ, ਜੇਕਰ ਏਹ ਜਿਤ ਆਇਆ ਤਾਂ ਬਾਦਸ਼ਾਹ ਏਸੇ ਨੂੰ ਲਾਇਕ ਸਾਨੂੰ ਨਾਲਾਇਕ ਸਮਝ ਲਏਗਾ, ਏਸ ਭਾਂਤ ਆਪੋ ਵਿੱਚ ਦੀ ਮਤਸਰ ਬਣੀ ਰਹਿੰਦੀ। ਓਨਾਂ ਤੋਂ ਬੈਰੀ ਨੂੰ ਅਪਣਾ ਆਪ ਬਚਾਉਣਾ ਸ਼ਾਹੀ ਸੈਨਾਂ ਨੂੰ ਹਥਾਂ

Sri Satguru Jagjit Singh Ji eLibrary NamdhariElibrary@gmail.com

ਪੈਰਾਂ ਦੀ ਪਾ ਦੇਣੀ ਕੋਈ ਔਖੀ ਚਾਲ ਨਹੀਂ ਸੀ । ਨਾਲੇ ਬੰਦੇ ਦਾ ਏਹ ਪੱਕਾ ਮਨਤੱਵ ਸੀ ਜਦੋਂ ਤਕ ਉਸ ਪਾਸ ਫੌਜ ਛਤੇ ਲੈਣ ਜੋਗ ਕੱਠੀ ਨਾ ਹੁੰਦੀ ਤਾਂ ਲੜਾਈ ਕਰਨ ਤੋਂ ਪਹਿਲੇ ਹੀ ਪਿਛੇ ਹਟ ਜਾਂਦਾ। ਏਦਾਂ ਦਾ ਪਿਛੇ ਹਟਨਾਂ ਭਾਂਜ ਨਹੀਂ ਅਖਵਾਂਦੀ ਬਲਕੇ ਜੰਗ ਦੀ ਚਾਲ ਹੈ ਜੋ ਸਿੰਘ ਬੰਦੇ ਤੋਂ ਪਿੱਛੋਂ ਬੀ ਕਰਦੇ ਸਨ, ਕਿਉਂਕਿ ਭਾਂਜ ਸਮਝ ਕੇ ਵੈਰੀ ਪਿੱਛੇ ਲਗ ਪੈਂਦਾ ਹੈ, ਦਾਉ ਤੁਕਾਕੇ ਇਕੋ ਵਾਰੀ ਭੌਂ ਕੇ ਸ਼ਤ੍ਰੂ ਉਤੇ ਟੁਟ ਪੈਨਾਂ ਇਕ ਤਾਂ ਏਹ ਛਤੇ ਲੈਣ ਦਾ ਕਾਰਨ ਸੀ, ਦੂਸਰੇ ਜਦ ਅਪਣੀ ਫੌਜ ਥੋੜ੍ਹੀ ਵੇਖਦਾ ਤੇ ਵੈਰੀ ਵਧੇ ਆ ਰਹੇ ਹੁੰਦੇ ਓਸੇ ਵੇਲੇ ਚਟ ਪੱਟ ਕਿਸੇ ਕਿਲੇ ਦੀ ਆੜ ਵਿੱਚ ਵੜ ਕੇ ਵੈਲੇ ਕੁਵੇਲੇ ਬਾਹਰ ਨਿਕਲ ਕੇ ਵੈਰੀ ਦੀ ਫੌਜ ਪਰ ਜਾ ਪੈਂਦਾ, ਵੱਢ ਟੁਕ ਲੁੱਟ ਪੁੱਟ ਕੇ ਮੁੜ ਕਿਲੇ ਵਿੱਚ ਆ ਜਾਂਦਾ, ਯਾ ਆਪਣੀ ਫੌਜ ਵਿਚੋਂ ਕਈ ਜੱਥੇ ਬਾਹਰ ਭੇਜ ਦੇਂਦਾ ਬਾਹਰੋਂ ਵੈਰੀ ਉਤੇ ਛਾਪੇ ਮਾਰ ੨ ਹੈਰਾਨ ਕਰਕੇ ਘੇਰੇ ਨੂੰ ਉਠਾ ਦਿੰਦੇ ਸੀ, ਏਹੋ ਕਾਇਦੇ ਮਿਸਲਾਂ ਦੇ ਸਰਦਾਰਾਂ ਨੇ ਵਰਤਕੇ ਦੁਰਾਨੀਆਂ ਤੋਂ ਦੇਸ ਛੁਡਾ ਲੀਤਾ ਸੀ। ਤੀਸਰੇ ਜਦ ਬੰਦੇ ਪਾਸ ਟਾਕਰੇ ਜੋਗੀ ਫੌਜ ਹੁੰਦੀ ਤਾਂ ਥਿਨਾਂ ਪੈਰ ਵਟ ਥਿਜਲੀ ਵਾਂਗ ਸ਼ਾਹੀ ਸੈਨਾਂ ਪਰ ਜਾ ਪੈਂਦਾ ਤੇ ਐਡੀ ਛੋਹਲੀ ਕਰਦਾ ਸ਼ਾਹੀ ਸੈਨਾਂ ਦੇਖਦੀ ਹੀ ਰੈਹ ਜਾਂਦੀ ਏਹ ਆਪਣਾ ਕੰਮ ਕਰ ਜਾਂਦਾ ।

ਮੁਸਲਮਾਨ ਮੁਸੰਨਫਾਂ ਨੇ ਬੰਦੇ ਨੂੰ ਜ਼ਾਲਮ ਲਿਖਿਆ ਹੈ । ਪਰ ਏਹ ਨਹੀਂ ਸੋਚਿਆ ਜ਼ਾਲਮ ਉਤੇ ਜ਼ੁਲਮ ਕਰਨਾ ਜ਼ਾਲਮ ਪਨਾਂ ਨਹੀਂ ਇਨਸਾਫ ਹੈ, ਬਲਕੇ ਮਹੰਮਦੀ ਤਾਂ ਜਿਸਨੂੰ ਮਾਰਨਾ ਚਾਹੁੰਦੇ ਓਸਦੇ ਸਾਕ ਸਨਬੰਧੀਆਂ ਨੂੰ ਭੀ ਮੁਕਾ ਛੱਡਦੇ ਬਲਕੇ ਇਲਾਕੇ ਦਾ ਬੁਰਾ ਹਾਲ ਕਰ ਕੱਢਦੇ,ਨੇਮ ਪਾਲਣਾਂ ਤਾਂ

Sri Satguru Jagjit Singh Ji eLibrary NamdhariElibrary@gmail.com

ਉੱਕਾ ਹੀ ਛੱਡ ਰਖਿਆ ਸੀ, ਕਿਉਂਕਿ ਜਦ ਏਨਾਂ ਦੇ ਪੈਗੰਬਰ ਨੇ ਹੁਕਮ ਹਦੀਸ ਜਾਉਲਾ ਵਿੱਚ ਏਹੋ ਦੇ ਰਖਿਆ ਹੈ ਕਿ ਹਜ਼ਾਰ ਕਸਮ ਖਾਕੇ ਦਗੇ ਦੇਕੇ ਕਾਫਰਾਂ ਨੂੰ ਮਾਰੇ ਬਹਿਸ਼ਤ ਪਾਉਗੇ, ਭਾਂ ਏਹ ਕਿਉਂ ਨਾ ਅਹਿਦ ਸ਼ਿਕਨੀ ਕਰਨ ?

ਬੰਦੇ ਦਾ ਨੇਮ ਸੀ ਪਹਿਲੇ ਅਪਣੇ ਸ਼ਤ੍ਰੂ ਵੱਲ ਆਦਮੀ ਭੇਜਕੇ ਏਹ ਦੇਣਾ ਕਿ ਲੜਾਈ ਤੋਂ ਪਹਿਲਾਂ ਤਾਬੇਦਾਰੀ ਮੰਨ ਲਓ, ਏਸ ਗੱਲੋਂ ਸਾਫ ਪਾਇਆ ਜਾਂਦਾ ਹੈ ਕਿ ਬੰਦੇ ਦਾ ਸੁਭਾਉ ਦਗੇ ਫਰੇਬ ਧੋਖੇ ਦੇਣ ਦਾ ਨਹੀਂ ਸੀ, ਉਸਦੇ ਅੰਦ੍ਰ ਸੂਰਬੀਰਤਾ ਤੇ ਦਯਾ ਭਾਂ ਕੂਟ ਕੇ ਭਰੀ ਹੋਈ ਸੀ,ਏਹੋ ਮਸਾਲਾ ਸਿੰਘਾਂ ਵਿੱਚ ਭਰ ਗਿਆ, ਕਿਉਂਕੇ ਸੰਗਤ ਦਾ ਫਲ ਹੋਏ ਬਿਨਾ ਨਹੀਂ ਰੁਕਦਾ। ਸਰਹੰਦ ਨਾਲ ਭਾਂ ਇਕ ਖਾਸ ਵੈਰ ਸੀ ਸਿੰਘਾਂ ਦਾ ਜਿਸ ਕਰਕੇ ਓਸਦੀ ਦੁਰਦਸ਼ਾ ਬਰਬਾਦੀ ਕੀਤੀ ਗਈ, ਏਸ ਤੋਂ ਬਿਨਾਂ ਏਥੇ ਹੋਰ ਕੋਈ ਕਸਬਾ ਸ਼ਹਿਰ ਨਹੀਂ ਉਜਾੜਿਆ। ਜੋ ਸ਼ਹਿਰ ਲੜ ਕੇ ਲੁਟਯਾ ਪੁੱਟਿਆ ਲੁਟਿਆ ਦੇ ਚਮਤਕਾਰੇ ਨਜ਼ਾਰੇ ਓਥੇ ਦੇਖੇ ਜਾਂਦੇ ਹਨ,ਓਹੋ ਜੇਹੇ ਹੋਰ ਕਿਸੇ ਥਾਂ ਨਹੀਂ ਨਜ਼ਰ ਪੈਂਦੇ। ਏਹ ਦੀ ਫੌਜ ਨਾਲ ਲੁਟ ਮਾਰ ਦੇ ਵੇਲੇ ਬਹੁਤਾ ਜੋਰ ਧਾੜਵੀ ਲੁਚੇ ਬੇਰਹਿਮੀ ਲੋਭਾਂ ਦਾ ਹੁੰਦਾ ਸੀ, ਹੁਕਮ ਜੋਰ ਓਹ ਭਰਦੇ ਜੁੰਮੇ ਸਿੰਘਾਂ ਦੇ ਲਗਦੇ, ਦੁਨੀਆਂ ਵਿੱਚ ਸਿਵਾਏ ਮੁਸਲਮਾਨਾਂ ਦੇ ਐਸੀ ਲੜਾਈ ਬੇਮਿਰਕੀ ਦੀ ਹੋਰ ਕਿਸੇ ਕੌਮ ਨੇ ਕਦੇ ਨਹੀਂ ਅਮਲ ਕੀਤੀ, ਜਿਸ ਵਿੱਚ ਲੋਕਾਂ ਦੇ ਘਰਾਂ ਨੂੰ ਅੱਗ ਲਾ ਕਰ ਸਾੜਿਆ ਹੋਵੇ, ਗਲੀਆਂ ਬਜ਼ਾਰਾਂ ਵਿੱਚ ਖੁਲ੍ਹਵਾਰ ਦੀ ਭੇਟਾ ਹਜ਼ਾਰਹਾਂ ਆਦਮੀ ਕੀਤੇ ਹੋਣ, ਲਹੂ ਲੁਹਾਨ ਘਰਕਦੇ ਹੋਏ ਨੱਠੇ ਜਾਣ, ਔਰਤਾਂ ਬੇਪਤ ਕੀਤੀਆਂ ਗਈਆਂ ਹੋਣ, ਛਿਅ ਦੇ ਬਚੇ ਜੀ ਭਜਾਣੇ ਫਿਰੇ

Sri Satguru Jagjit Singh Ji eLibrary NamdhariElibrary@gmail.com

ਹੋਏ ਰੋਂਦੇ ਕੁਰਲਾਂਦੇ ਮਾਪਿਆਂ ਤੋਂ ਵਿਛੋੜ ਕੇ ਗਜਨੀ, ਕਾਬਲ, ਕੰਧਾਰ ਵਰੀਤਾ ਸ਼ੈਹਰਾਂ ਗਿਰਦੇ ਦੇ ਦੋ ਰੁਪਏ ਨੂੰ ਵੇਚ ਕੇ ਉਮਰ ਭਰ ਗੁਲਾਮੀ ਕਰਾਈ ਗਈ ਹੋਵੇ, ਏਹ ਅਤੀ ਭੈਦਾਇਕ ਨਜ਼ਾਰੇ ਇਸਲਾਮ ਬਿਨਾਂ ਕਿਸੇ ਨੇ ਕਦੇ ਨਹੀਂ ਦਿਖਾਏ। ਸਰਹੰਦ ਦੀ ਦੁਰਦਸ਼ਾ ਜੋ ਹੋਈ ਓਹ ਕੇਵਲ ਓਥੋਂ ਦੇ ਹਾਕਮਾਂ ਦੇ ਜੋਰ ਜੁਲਮ ਦਾ ਸਿੱਟਾ ਲੱਗਾ, ਬਿਨਾਂ ਗੁਨਾਹ ਸ਼ੀਰ ਖੋਰ ਮਾਸੂਮ ਬਚੇ ਜਿੱਥੇ ਨੀਹਾਂ ਵਿੱਚ ਚਿਨੇ ਅਰ ਕਤਲ ਕੀਤੇ ਓਸ ਕੈਹਰ ਦੀ ਅਗ ਨੇ ਭੜਕਾਏ ਹੋਏ ਦਿਲ ਦਗਦੇ ਹੋਏ ਸਰਹੰਦ ਸ਼ੈਹਰ ਨੂੰ ਦਗਧ ਕਰ ਗਏ, ਕਿਉਂਕਿ ਬਦਲਾ ਲੈਣ ਦੀ ਅਗ ਦੋਂਦੇ ਭਾਂਬੜਾਂ ਵਾਂਗੂੰ ਗਿਲੇ ਸੁਕੇ ਸਭ ਨੂੰ ਫੂਕ ਗਈ। ਇਹੋ ਕੰਮ ਲੈਣ ਵਾਸਤੇ ਸਿਖਾਂ ਨੇ ਸਾਨ ਤੁਲੀ ਪਰ ਧਰ ਰਖੀ ਸੀ ਜ਼ਾਲਮਾਂ ਦੇ ਮੈਹਲ ਮਾੜੀਆਂ ਕੁਦੀਬ ਸਮੇਤ ਬਦਲੇ ਲੈਣ ਦੀ ਅਗ ਨੇ ਜੋ ਸਭਾਂ ਪੀੜੀਆਂ ਤਕ ਸੜਦੀ ਚਲੀ ਜਾਂਦੀ ਹੈ, ਜਿਸਦੇ ਅਗੇ ਵਡੇ ੨ ਅਕਲ ਦਿਲਮਾਂ ਦੇ ਧਨੀ ਭੀ ਅਪਣੇ ਆਪ ਨੂੰ ਤੇ ਵੈਰੀਆਂ ਦੇ ਅਸਾਪ ਟੱਬਰਾਂ ਨੂੰ ਸਾੜਕੇ ਸੁਵਾਹ ਕਰ ਛਡਦੇ ਹਨ, ਸੰਨ ੧੯੧੪ ਵਿਚ ਅਖੀਂ ਦੇਖੀ ਗਲ ਦਸਦੇ ਹਾਂ-ਪੁਤ ਬੀਏ ਲੈਣ ਲਾਗ ਦੀ ਅਗ ਸੇ ਭੜਕਦੇ ਫਰੰਗੀਆਂ ਦੇ ਟਬਰ ਵਢ ਸੁਟੇ, ਜਦ ਗੋਰਿਆਂ ਨੇ ਜਿਤਕੇ ਬਦਲੇ ਲੀਤੇ ਓਹ ਕਥਨ ਕਰਨ ਤੋਂ ਕਲੇਜਾ ਉਛਲ ਪੈਂਦਾ ਹੈ ਬਦਲੇ ਲੈਣੇ ਜੁਲਮ ਨਹੀਂ ਆਖੇ ਜਾਂਦੇ, ਬਸ ਜੋ ਕੁਛ ਬੰਦੇ ਨੇ ਕੰਮ ਕੀਤੇ ਸਭ ਸਲਾਘਾ ਯੋਗ ਸਮੇਂ ਦੇ ਅਨੁਸਾਰ ਕੀਤੇ। ਕੋਈ ੨ ਲੋਕ ਏਹ ਬੀ ਅਪਣੇ ਇਤਿਹਾਸ ਵਿੱਚ ਲਿਖਦੇ ਹਨ ਕਿ ਬੰਦਾ ਕੋਈ ਹੋਰ ਪੁਰਖ ਨਹੀਂ ਸੀ ਸਿਰਫ ਗੁਰੂ ਗੋਬਿੰਦ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਨੇ ਰੂਪ ਬਦਲ ਕੇ ਬੰਦਾ ਨਾਮ ਮਸ਼ਹੂਰ ਕਰ ਲਖਿਆ ਸੀ, ਪਰ ਏਹ ਕਥਨ ਓਨਾਂ ਦਾ ਅਯੋਗ ਹੈ, ਕਿਉਂਕਿ ਦਸਮੇਂ ਗੁਰੂ ਦੇ ਪਾਸ ਬਹੁਤ ਸਿੰਘ ਰਹਿਣ ਵਾਲੇ ਬੰਦੇ ਦੇ ਸਾਥੀ ਰਹਿ ਕੇ ਫੇਰ ਪੰਥ ਖਾਲਸੇ ਵਿੱਚ ਰਹੇ ਹਨ, ਓਨਾਂ ਨੇ ਹੀ ਬੰਦੇ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਵਿੱਚ ਗੱਦੀ ਬਿਛਵਾ ਕੇ ਬੈਠਣੋਂ ਹਟਾਇਆ ਸੀ, ਜਿਸ ਤੇ ਓਸਦੀ ਨਿਰਾਦਰੀ ਹੋਣੇ ਕਰ ਬੰਦਈ ਸਿਖਾਂ ਦੀ ਖਾਲਸੇ ਪੰਥ ਨਾਲ ਵਿਗੜੀ ਸੀ, ਜੇ ਗੁਰੂ ਨੇ ਰੂਪ ਬਦਲਿਆ ਹੁੰਦਾ ਤਾਂ ਓਨਾਂਨੂੰ ਦਰਬਾਰ ਵਿੱਚੋਂ ਸਿੱਖ ਕਦੇ ਨਹੀਂ ਉਠਾ ਸਕਦੇ ਸੇ ॥

ਏਹ ਬੰਦੇ ਦੇ ਪੁਤ੍ਰ ਪੋਤ੍ਰੇ ਅਰ ਸਿਖ ਸੇਵਕ ਸਭ ਗ੍ਰੰਥ ਸਾਹਿਬ ਗੁਰਬਾਣੀ ਤੇ ਬੰਦੇ ਦੇ ਸਿਵਾ ਹੋਰ ਕਿਸੇ ਨੂੰ ਨਹੀਂ ਮੰਨਦੇ, ਅਰਦਾਸ ਵਿੱਚ ਦਸੋ ਪਾਤਸ਼ਾਹੀਆਂ ਦਾ ਨਾਮਲੈਕੇ ਫੇਰ ਬੰਦੇਦਾ ਉਪ੍ਰੰਤ ਅਜੀਤ ਸਿੰਘ ਜੁਝਾਰ ਸਿੰਘ ਫਤੇ ਸਿੰਘ ਦਾ ਨਾਮ ਲੈਂਦੇ ਹਨ। ਬਾਬੇ ਬੰਦੇ ਦੇ ਦਰਬਾਰ ਵਿੱਚ ਦਮਦਮੇ ਪਰ ਸਵਾ ਪਹਿਰ ਦੇ ਤੜਕੇ ਨੌਬਤ ਵਜਦੀ ਹੈ, ਕੀਰਤਨ ਦੋਨੋਂ ਵੇਲੇ ਹੁੰਦਾ ਹੈ, ਰਹਿਰਾਸ ਪੜ੍ਹ ਕੇ ਚੌਂਕੀ ਕੀਰਤਨ ਕਰਦੀ ਹੋਈ ਸੰਗਤ ਦਮਦਮੇ ਦੀਆਂ ਪਰਕ੍ਰਮਾਂ ਲੈਂਦੀ ਹੈ ॥

ਬੰਦਈ ਰੀਤਾ ਫੁਲ ਨਹੀਂ ਪਾਉਂਦੇ ਜਦ ਵਸਾਖੀ ਦਿਵਾਲੀ ਹੋਲੇ ਨੂੰ ਡੇਹਰੇ ਸਾਹਿਬ ਆਉਂਦੇ ਹਨ ਤਾਂ ਦੰਦ ਭਾਗਾ ਵਿੱਚ ਪਾ ਜਾਂਦੇ ਹਨ, ਦੀਪਮਾਲਾ ਨੂੰ ਹਰੇਕ ਪੁਰਾਣੇ ਦਾ ਛਾਈ ਜਿਸ ਨੂੰ ਕਦੇ ਮਸੰਦ ਆਖੀਦਾ ਸੀ, ਅਪਣੀ ੨ ਸੰਗਤ ਦੀ ਉਗਰਾਹੀ ਕਰਕੇ ਨਾਲ ਲੈਕੇ ਆਉਂਦਾ ਹੈ, ਚੜ੍ਹਾਵਾ ਚੜ੍ਹਾਉਂਦੇ ਹਨ, ਸੁਖਣਾਂ ਪੂਰੀ ਹੋਣ ਦਾ ਵਖਰਾ, ਪੁਤ੍ਰ ਜੰਮੇ ਵਿਆਹੇ ਮੁਕਲਾਏ

Sri Satguru Jagjit Singh Ji eLibrary NamdhariElibrary@gmail.com

ਦਾ ਵੱਖਰਾ ਗੋਲਕ ਦਾ ਦਸਵੰਧ ਦਾ ਸਭ ਵਖਰੀ ੨ ਪੁਜਾ ਦੇਕੇ ਵਹੀਆਂ ਵਿੱਚ ਦੋਹੀਂ ਪਾਸੀਂ ਲਿਖਾ ਜਾਂਦਾ ਹੈ,ਵਿਜਾਹ ਮੁਕਲਾਵੇ ਆਈ ਨੂੰਹ ਪੁਤ੍ਰ ਨੂੰ ਲੈਜਾਕੇ ਓਥੇ ਮਥਾ ਟਿਕਾਉਂਦੇ ਹਨ ਮੁੰਡਨ ਜਨੇਊਕਰਨ ਦੀ ਰਸਮ ਭੀ ਓਥੇਹੀ ਜਾਕੇ ਕਰਦੇ ਹਨ,ਦਮਦਮੇ ਸਾਹਿਬ ਪਰ ਨਿਸ਼ਚਾ ਬੁਰੋਸਾ ਅਦੁਤੀ ਹੈ। ਬੰਦਈ ਸਿਖੀ ਦੀਆਂ ਜੋਲਾਂ ਮੁਲਤਾਨ,ਝੰਗ,ਬਹਾਵਲ ਪੁਰ,ਲਾੜਕਾਨੇ, ਰੋੜੀ, ਸਖਰ, ਸ਼ਿਕਾਰ ਪੁਰ,ਸਿੰਧਹੈਦ੍ਰਾਬਾਦ,ਰਾਵਲ ਪਿੰਡੀ,ਛੇਰਾਖੁਸ਼ਾਬ,ਦੜਪ, ਟਾਵੇਂ ਟਾਵੇਂ ਮਾਝੇ ਦੁਆਬੇ ਦੇ ਬੀ ਹਨ। ਏਹ ਸਭ ਮੇਲੇਦੇ ਜੋੜ ਮੇਲਪਰ ਆਕੇ ਪਾਹੁਲ ਉਪਦੇਸ਼ ਗੁਰਮੰਤਰ ਗੱਦੀ ਨਸ਼ੀਨ ਤੋਂ ਲੈਂਦੇ ਹਨ,ਸਿੰਘ ਖੰਡੇਦਾ ਅੰਮ੍ਰਤ ਛਕਦੇ ਹਨ ਤੇ ਸਹਿਜਧਾਰੀ ਚਰਨਪਾਹੁਲ ਲੈਂਦੇ ਹਨ, ਓਹ ਛਾਣੀ ਜੋਹਜੇ ਉਗਰਾਹੀ ਕਰਨ ਜਾਂਦੇ ਹਨ, ਗੱਦੀ ਵਾਲੇ ਤੋਂ ਹੁਕਮਨਾਮਾ ਮੁਹਿਰੀ ਇਕੋ ਮਜ਼ਮੂਨ ਦਾ ਲੈ ਜਾਂਦੇ ਹਨ ਓਹ ਮਜ਼ਮੂਨ ਹਮੇਸ਼ ਲਈ ਇਕੋ ਏਹ ਹੈਃ—

੧ ਓ ਸਤਿਗੁਰਪ੍ਰਸਾਦਿ

ਫਤਹਿ ਸੱਚੇ ਸਾਹਿਬ ਜੀ ਕੀ, ਸ੍ਰੀ ਅਕਾਲ ਪੁਰਖ ਸਚੇ ਸਾਹਿਬ ਜੀ ਕੇ ਤਖਤ ਦੇ ਸਲਾਮੀ ਛਾਣੀ ਸੋਭਾ ਸੰਤ ਹੋਰ ਸਰਬਤ ਸਾਧ ਸੰਗਤ ਵਾਸੀ ਵਿਹਾਣੀ ਨੂੰ ਗੁਰੂ ਰੱਖੇਗਾ, ਗੁਰੂ ਗੁਰੂ ਜਪਣਾ ਜਨਮ ਸਵਰੇਗਾ, ਹੋਰ ਹੁਕਮ ਸ੍ਰੀ ਦਮ-ਦਮੇ ਸਾਹਿਬ ਦਾ, (ਏਥੇ ਪਿੰਡਾਂ ਦੇ ਨਾਮ ਲਿਖਕੇ ਅੱਗੇ ਵੇਲ ਏਹ ਲਿਖਿਆ ਜਾਂਦਾ ਹੈ) ਕਾਰ, ਭੇਟ, ਦਸਵੰਧ, ਚਲੀਆ, ਮੰਨਤ ਮਨੌਤੀ, ਪੁਤ੍ਰਾਈ, ਬਧਾਈ, ਗੋਲਕ, ਅਰਦਾਸ, ਹੋਰ ਜੋ ਕੁਛ ਕੌਡੀ ਦਮੜੀ ਗੁਰੂ ਕੇ ਨਮਿਤ ਕੀ ਹੋਵੇ ਸੋ

Sri Satguru Jagjit Singh Ji eLibrary NamdhariElibrary@gmail.com

ਹੁਕਮਨਾਮਾ ਵੇਖਦਿਆਂ ਤਾਰ ਦੇਵਣੀ ਜੋ ਖੁਸ਼ੀ ਵਕਤ ਸਿੱਖ ਸਿਖਣੀ ਤਾਰ ਦੇਵੇਗਾ ਸੋ ਨਿਹਾਲ ਹੋਵੇਗਾ, ਸਾਸਾਂ ਦਾ ਭਲਾ ਹੋਵੇਗਾ, ਮਨੋਰਥ ਪੂਰਾ ਹੋਵੇਗਾ, ਰਿਜਕ ਦਾ ਵਾਧਾ ਹੋਵੇਗਾ, ਹੋਰ ਰਹਿਤ ਪਰ ਰਹਿਣਾਂ, ਸਚ ਪਰ ਚਲਣਾਂ, ਹੋਰ ਜੋ ਕੁਛ ਭਾਈ ਸੋਕਾ ਸੰਤ ਮੁਖ ਬਚਨੀ ਕਹੇ ਸੋ ਪਰਵਾਂਨ ਕਰਨਾਂ, ਸੰਮਤ ੧੯੫੮ ਮੱਘਰ ਦਿਨ ਪ ਸਤ੍ਰਾਂ ਲਿਖਕੇ ਮੁਹਿਰ (ਦੋਗੋ ਤੇਗੋ ਫਤਹਿ ਓ ਨਸਰਤ ਬੇਦ ਰੰਗਾ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ)

ਏਹ ਹੁਕਮਨਾਮਾ ਲੈਜਾਣ ਵਾਲੇ ਦੀ ਬੜੀ ਸੇਵਾ ਮਾਨਤਾ ਹੁੰਦੀ ਹੈ,ਪਿੰਡ ਦੀ ਹੱਦੋਂ ਬਾਹਰ ਸਿਖ ਲੈਣ ਆਉਂਦੇ ਹਨ, ਬੜੀਆਂ ਅਰਜੋਈਆਂ ਕਰ ਕਰ ਪ੍ਰੇਮ ਨਾਲ ਹੁਕਮ ਨਾਮਾ ਸੁਣਕੇ ਆਪ ਨੂੰ ਧੰਨਜਾਗੀ ਮੰਨਦੇ ਹਨ। ਅਦਬ ਹੁਕਮ ਨਾਮੇ ਦਾ ਐਡਾ ਕਰਦੇ ਹਨ ਜਿਤਨਾ ਚਿਰ ਭਾਈ ਕਾਰ ਭੇਟ ਲੈਕੇ ਮੋੜ ਨਾ ਆਵੇ ਓਨਾ ਚਿਰ ਓਹਥੀ ਅਤੇ ਸੰਗਤਥੀ ਭੁੰਜੇਸੌਂਦੇ ਹਨ। ਸੰਗਤ ਬਿਦਾ ਕਰਨ ਆਈਨੂੰ ਜਿੰਨਾ ਚਿਰ ਭਾਈ ਤਿੰਨ ਵਾਰੀ ਨਾ ਮੁੜੇ ਮੁੜਦੀ ਨਹੀਂ, ਏਸੇ ਭਾਂਤ ਗੱਦੀ ਨਸ਼ੀਨ ਪਾਸ ਆਈ ਹੋਈ ਸੰਗਤ ਨੂੰ ਜਿੰਨਾਂ ਚਿਰ ਬਿਦਾਈ ਨਾ ਦੇਵੇ ਉਨਾਂ ਚਿਰ ਭਾਵੇਂਪਿੱਛੇ ਘਰ ਵਿੱਚ ਕੈਸਾ ਹੀ ਕੰਮ ਵਿਗੜੇ ਸੰਗਤ ਜਾਂਦੀਨਹੀਂ, ਹੁਕਮ ਨਾਮੀਏਂ ਨੂੰ ਇਕ ਪਿੰਡੋਂ ਦੂਜੇ ਪਿੰਡ ਓਥੋਂ ਤੀਜੇ ਪਿੰਡ ਸਾਰੇ ਪਿੰਡ ਦੀ ਸੰਗਤ ਆਕੇ ਬੜੇ ਅਦਬ ਉਤਸ਼ਾਹ ਨਾਲ ਲੈ ਜਾਂਦੇ ਹਨ, ਅਰਦਾਸ ਕਰੇ ਬਿਨਾਂ ਕੋਈ ਕੰਮ ਨਹੀਂ ਕਰਦੇ, ਬੰਦਈ ਸਿੱਖ ਬ੍ਰਾਹਮਣ ਨੂੰ ਪੀਰ ਫਕੀਰ ਮੜੀ ਮਸਾਣੀ ਦੇਵੀ ਦੇਵਤਾ ਸ਼ਗਨ ਅਪਸਗਨ ਤਿਥਿ ਵਾਰ ਦਾ

Sri Satguru Jagjit Singh Ji eLibrary NamdhariElibrary@gmail.com

ਕੋਈ ਵੀਚਾਰ ਨਹੀਂ ਰੱਖਦੇ ਸਾਰੇ ਕੰਮਾਂ ਦੇ ਸੁਧਾਰ ਵਾਸਤੇ ਇਕ ਅਕਾਲ ਪੁਰਖ ਨੂੰ ਹੀ ਮੰਨਦੇ ਧਿਆਉਂਦੇ ਰਹਿੰਦੇ ਹਨ। ਬੰਦਈ ਸਿੱਖ ਸਿੰਧ ਵਿੱਚ ਬਹੁਤ ਹਨ, ਪਰ ਹੁਣ ਓਹ ਬੰਦਈ ਕਹਾਉਣੋਂ ਘ੍ਰਿਣਾ ਤੇ ਦਾਅ ਕਰਦੇ ਹੋਏ ਸਿੰਘ ਸਦਾਉਣ ਵਿੱਚ ਖੁਸ਼ ਹਨ, ਤਾਹੀਂ ਬੰਦਈ ਘਟਦੇ ਜਾਂਦੇ ਹਨ, ਮੇਰੇ ਲਿਖਨ ਤੋਂ ਬਿਨਾਂ ਹੀ ਏਸ ਤਵਾਰੀਖ ਦੇ ਪੜ੍ਹਨੇ ਸੁਣਨੇ ਵਾਲੇ ਆਪ ਹੀ ਸਮਝ ਸਕਦੇ ਹਨ ਕਿ ਏਹ ਬੰਦਾ ਬਹਾਦਰ ਕੈਸਾ ਕਾਇਮ ਮਿਜਾਜ਼, ਸ਼ੇਰ ਦਿਲ, ਆਪਣੇ ਸਮੇਂ ਦਾ ਸਿਕੰਦਰ ਰੁਸਤਮ ਜਦਾਂ ਮਰਦ ਸੂਰਬੀਰ ਹੋ ਗੁਜ਼ਰਿਆ ਹੈ। ਮੁਸਲਮਾਨ ਹਾਕਮਾਂ ਨੇ ਪੰਜ ਸੌ ਵਰਸ ਜੋਹੜੇ ਜੋਹੜੇ ਜ਼ੋਰ ਜੁਲਮ ਹਿੰਦੂਆਂ ਉਤੇ ਕੀਤੇ ਦੁਖ ਦਿੱਤੇ ਹਨ ਓਹ ਪਿਛਲੀਆਂ ਤਵਾਰੀਖਾਂ ਦੇਖਨ ਤੋਂ ਅੰਗਿਆਰਾਂ ਵਾਂਗੂੰ ਹਿੰਦੂਆਂ ਨੂੰ ਜਲਾ ਜਲਾ ਭੁਜ਼ਵਾਉਂਦੇ ਹੋਏ ਕੰਡੇ ਵਾਂਙੂੰ ਚੁਭਦੇ ਸਨ। ਅਦਪਿ ਹਿੰਦੁਸਤਾਨ ਦੇ ਬੜੇ ੨ ਬਹਾਦਰ ਰਾਜਪੂਤਾਂ ਨੇ ਮੁਸਲਮਾਨਾਂ ਦੇ ਮੁਕਾਬਲੇ ਕੀਤੇ, ਆਪਣੇ ਲਹੂ ਨਾਲ ਧਰਤੀ ਰੰਗੀ,ਪਰ ਆਖਰ ਸਭ ਨੂੰ ਮੁਸਲਮਾਨਾਂ ਦੀ ਤਾਬੇਦਾਰੀ ਉਠਾਉਣੀ ਪਈ। ਏਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਖਾਲਸਾ ਦੀ ਹਿੰਮਤ ਦਾ ਛਲ ਹੈ ਜੋ ਛੀ ਸੌ ਤ ਸੌ ਵਰਸ ਦੀ ਜੰਮੀ ਹੋਈ ਬਾਦਸ਼ਾਹੀ ਨੂੰ ਉਠਾ ਦੇਣਾ ਤੇ ਦੁਸ਼ਮਣਾਂ ਦਾ ਬੁਰਾ ਹਾਲ ਕਰਨਾਂ, ਸਭ ਤੋਂ ਵਧਕੇ ਖਾਲਸਾ ਪੰਨਜਤਾ ਦੇ ਜੋਗ ਏਸ ਵਾਸਤੇ ਹੈ ਕਿ ਜਿਨ੍ਹਾਂ ਹਿੰਦੂਆਂ ਨੇ ਬੀ ਏਨਾਂ ਨਾਲ ਦੁਸ਼ਮਣੀ ਕੀਤੀ ਸੀ ਖਾਲਸਾ ਉਨਾਂ ਨੂੰ ਬੀ ਪਾਲਦਾ ਰਿਹਾ, ਕਿਉਂਕਿ ਹੁਕਮ ਗੁਰੂ ਦਾ ਹੈ (ਬੁਰੇ ਦਾ ਭਲਾ ਕਰ ਗੁਸਾ ਮਨ ਨਾ ਹਢਾਇ) (ਅਗੇ ਮੁਲ ਨਾ ਆਵਹੀ ਦੋਜ਼ਖ ਸੰਦੀ ਛਾਹ)।

Sri Satguru Jagjit Singh Ji eLibrary NamdhariElibrary@gmail.com

ਸਿੰਘਾਂਦੀ ਤੇ ਬੰਦੇ ਦੀ ਬਹਾਦਰੀ ਬਾਬਤ ਤਵਾਰੀਖ

ਮੁਹੱਯਤ ਆਜ਼ਮ ਦੀ ਗਵਾਹੀ

ਖਾਲਸੇ ਦੀ ਤੇ ਬਾਬੇ ਬੰਦੇ ਦੀ ਬਹਾਦਰੀ ਦਾ ਜ਼ਿਕਰ ਮੌਲਵੀ ਗੁਲਾਮ ਅਲੀ, ਫਰੁਖਸੀਅਰ* ਦੇ ਮੁਨਸ਼ੀ ਨੇ ਐਉਂ ਲਿਖਿਆ ਹੈ ਕਿ:—ਸਿੰਘਾਂ ਦੇ ਪੰਥ ਤੇ ਬੰਦੇ ਬੈਰਾਗੀ ਵਿਚ ਈਸ਼ਵਰ ਦੀ ਕੁਦਰਤ ਨੇ ਐਸੀ ਲਾਸਾਨੀ ਤਾਕਤ ਬਖਸ਼ੀ ਹੈ ਜੋ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੋਈ, ਏਨ੍ਹਾਂ ਲੁਟੇਰਿਆਂ ਨੇ ਸੂਬੇ ਸਰਹੰਦ ਤੇ ਲਾਹੌਰ ਨੂੰ ਬਰਬਾਦ ਕਰ ਛਡਿਆ, ਅਨੇਕ ਵਾਰੀ ਏਨਾਂ ਪਰ ਲਸ਼ਕਰ ਭਿਆ, ਪਰ ਏਹ ਕਾਬੂ ਨਾ ਆਏ, ਏਨ੍ਹਾਂ ਨੇ ਐਸੇ ਐਸੇ ਚਾਲੇ ਫੰਧ ਫਰੇਬ ਕੀਤੇ ਤੇ ਸ਼ਾਹੀ ਅਫਸਰਾਂ ਨੂੰ ਹਥ ਦਿਖਾਏ ਜੋ ਮੈਂ ਸਾਰੇ ਲਿਖਾਂ ਤਾਂ ਪੜ੍ਹਨ ਵਾਲੇ ਲੋਗ ਝੂਠ ਸਮਝਣਗੇ, ਏਸ ਕਰਕੇ ਮੈਂ ਨਹੀਂ ਲਿਖਦਾ। ਓੜਕ ਬਾਦਸ਼ਾਹ ਨੇ ਏਨਾਂ ਵਿਚ ਨਿਫਾਕ ਪਾਕੇ ਕੁਛ ਸਿਖਾਂ ਸਮੇਤ ਬੰਦੇ ਨੂੰ ਬੜੀ ਮੁਸ਼ਕਿਲ ਨਾਲ ਫੜਕੇ ਦਿਲੀ ਮੰਗਾ ਕੇ ਮਰਵਾਇਆ, ਸੋ ਬੀ

---

*ਫਰੁਖਸੀਅਰ ਔਰੰਗਜ਼ੇਬ ਦਾ ਪੋਤਾ ਸੀ। ਔਰੰਗਜ਼ੇਬ ਦੇ ਮਰਨੇ ਬਾਦ ਤਿੰਨਾਂ ਬੇਟਿਆਂ ਵਿਚ ਲੜਾਈ ਹੋਈ ਓੜਕ ਬਹਾਦਰਸ਼ਾਹ ਬਾਦਸ਼ਾਹ ਬਨ ਗਿਆ, ਪਰ ਏਹ ਭੀ ਸਦ ਦੱਖਣ ਦੇ ਝਗੜੇ ਦਾ ਫੈਸਲਾ ਕਰਕ ਬੰਦੇ ਦੇ ਮਾਰਨ ਨੂੰ ਆਇਆ ਤਾਂ ਆਪ ਹੀ ਲਾਹੌਰ ਪਹੁੰਚ ਕੇ ਸੰਮਤ ੧੭੬੯ ਬਿ: ਨੂੰ ਕਾਲਵਸ ਹੋਗਿਆ। ਦੋ ਬਰਸ ਬਰਾਬਰ ਜੰਗ ਕਰਨੇ ਦੇ ਬਾਦ ਏਸਦਾ ਬੇਟਾ ਜਹਾਂਦਾਰ ਸ਼ਾਹ ਅਮੀਰ ਜੁਲਫਕਾਰ ਖਾਂ ਦੀ ਮਦਦ ਨਾਲ ਤਖਤ ਪਰ ਬੈਠਾ, ਪਰ ਏਸਨੇ ਇਕ ਕੰਜਰੀ ਦ ਅਧੀਨ ਹੋਕੇ ਓਸਦੇ ਸਨਬੰਧੀਆਂ ਨੂੰ ਬੜੇ ੨ ਉਹਦੇ ਦਿਤੇ ਜਿਸ ਤੋਂ ਜੁਲਫਕਾਰ ਖਾਂ ਆਦਿਕ ਅਮੀਰਾਂ ਨੇ ਦੁਖੀ ਹੋਕੇ ਏਸਦੇ ਭਤੀਜੇ ਫਰੁਖਸੀਅਰ ਨੂੰ ਜੋ ਬੰਗਾਲੇ ਦਾ ਸੂਬਾ ਸੀ, ਜਾ ਚਮਕਾਇਆ। ਫਰੁਖਸੀਅਰ ਨੇ ਇਲਾਹਾਬਾਦ ਦੇ ਸੂਬੇ ਅਬਦੁਲਾ ਖਾਂ ਦੀ ਸਲਾਹ ਨਾਲ ਵਜ਼ੀਰ ਸਮੇਤ ਜਹਾਂਦਾਰ ਸ਼ਾਹ ਨੂੰ ਕਤਲ ਕਰਾਕੇ ਤਖਤ ਮਲ ਲੀਤਾ, ਅਬਦੁਲਾ ਖਾਂ ਨੂੰ ਆਪਣਾ ਵਜ਼ੀਰ ਬਣਾ ਲਿਆ ਤੇ ਜਹਾਂਦਾਰਸ਼ਾਹ ਦੇ ਸਭ ਬੇਟੇ ਕਤਲ ਕਰਾ ਸੁਟੇ। ਫਰੁਖਸੀਅਰ ਨੇ ਅਜੀਤ ਸਿੰਘ ਜੋਧਪੁਰੀਏ ਦੀ ਬੇਟੀ ਨਾਲ ਵਡੇ ਧੂੰਮ ਧਾਮ ਦੀ ਸ਼ਾਦੀ ਕੀਤੀ, ਤੇ ਅੰਤ ਨੂੰ ੧੭੭੯ ਬਿ: ਨੂੰ ਮਾਰਿਆ ਗਿਆ॥

Sri Satguru Jagjit Singh Ji eLibrary NamdhariElibrary@gmail.com

ਧੋਖੇ ਵਿਚ ਆਕੇ ਫੜਿਆ ਗਿਆ, ਨਹੀਂ ਤਾਂ ਉਸਨੂੰ ਕਿਸ ਮਾਈ ਦੇ ਪੁੱਤ੍ਰ ਨੇ ਫੜਨਾ ਸੀ।ਏਨਾਂ ਸਿਖਾਂ ਵਿਚ ਐਸੀ ਮਿਲਤ ਮੁਹਬਤ ਤੇ ਹਿੰਮਤ ਹੈ ਜੋ ਦੂਸਰੇ ਕਿਸੇ ਵਿਚ ਨਹੀਂ। ਏਹ ਸਭ ਹਥਯਾਰ ਨਾਲ ਅਪਾਰ ਪਿਆਰ ਰਖਦੇ ਹਨ ਤੇ ਨਿਹਾਯਤ ਲੜਾਕੇ ਤਾਕਤਵਰ ਕਸਰਤ ਕਰਨੇ ਵਾਲੇ ਨਿਰ ਭੈ, ਸੂਰਬੀਰ, ਜਾਂ ਮਰਦ, ਸੁਖਨ ਦੇ ਸਚੇ ਤੇ ਗਰੀਬ ਰਖਜਕ ਹਨ। ਏਨਾਂ ਦਾ (ਪੈਗ਼ਬਰ) ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਤੋਂ ਦਸਮੀ ਪੁਸ਼ਤ, ਆਪਨੇ ਸਮੇਂ ਦਾ ਰੁਸਤਮ ਸਿਕੰਦਰ ਹੋਇਆ ਹੈ। ਏਸ ਗੁਰੂ ਤਕ ਗੁਰੂ ਨਾਨਕ ਦੇ ਘਰਾਨੇ ਦਾ ਢਾਲ ਚਲਨ ਬੰਦਗੀ ਵਾਲੇ ਸੂਫੀ ਫਕੀਰਾਂ ਜੈਸਾ ਰਿਹਾ ਹੈ ਤੇ ਮਜ਼ਹਬ ਬੀ ਏਨਾਂ ਦਾ ਸਾਧਾਰਨ ਹੈ, ਕੋਈ ਪਖ ਪਾਤ ਨਹੀਂ ਰਖਿਆ। ਗੁਰੂ ਨਾਨਕ ਸਾਹਿਬ ਬਾਬਰ ਸ਼ਾਹ ਦੇ ਵਕਤ ਬੜੇ ਮਾਤਬਰ ਪੁਰ ਤਾਸੀਰ ਕਲਾਮ ਵਾਲੇ ਐਸੇ ਹੋਏ ਹਨ, ਜਿਨਾਂ ਦੇ ਉਪਦੇਸ਼ ਨਾਲ ਪੱਥਰ ਦਿਲ ਬੀ ਮੋਮ ਹੋ ਜਾਂਦੇ ਸਨ, ਓਨਾਂ ਦੀ ਪਾਕ ਕਲਾਮ ਨੇ ਇਕ ਆਲਮ ਪਵਿੱਤ੍ਰ ਕਰ ਦਿਤਾ ਸੀ, ਸਯਦ ਪੀਰ ਹੁਸੈਨ ਜੋ ਓਸ ਸਮੇਂ ਦਾ ਚਰਾਗ਼ ਦੀਨੀ ਮੰਨਜਾਂ ਜਾਂਦਾ ਸੀ, ਓਹ ਆਪ ਗੁਰੂ ਨਾਨਕ ਸਾਹਿਬ ਜੀ ਦੀ ਬਹੁਤ ਤਾਰੀਫ ਕਰਦਾ ਹੁੰਦਾ ਸੀ।ਐਸੇ ਕੁਛ ਇਲਮ, ਹੁਨਰ ਤੇ ਚੰਗੇ ੨ ਤ੍ਰੀਕੇ ਹਨ, ਜਿਨਾਂ ਦੇ ਕਮਾਉਣੇ ਕਰ ਪੈਗੰਬਰੀ ਦਰਜੇ ਤੁੱਕ ਪਹੁੰਚ ਸਕੀਦਾ ਹੈ, ਓਹ ਅਮੋਲਕ ਦੈਵੀ ਗੁਣ ਸਵਾਇ ਗੁਰੂ ਨਾਨਕ ਤੇ ਹੋਰ ਕਿਸੇ ਨੂੰ ਰਬ ਨੇ ਨਹੀਂ ਦਿਤੇ॥

ਗੁਰੂ ਨਾਨਕ ਜੀ ਨਿਹਾਯਤ ਸੁੰਦਰ ਮਿਠ ਬੋਲੜੇ, ਸੋਹਣੀ ਮੂਰਤ, ਹਸੂ ਹਸੂ ਕਰਨ ਵਾਲੇ ਸੇ। ਜੋ ਕੋਈ ਉਨੂੰ ਦੇਖਦਾ ਤੇ ਬਚਨ ਸੁਣਦਾ, ਓਹੋ ਮੁਰੀਦ ਬਣ ਜਾਂਦਾ।

Sri Satguru Jagjit Singh Ji eLibrary NamdhariElibrary@gmail.com

ਸਿਖਾਂ ਦਾ ਫਿਰਕਾ ਹਿੰਦੂ ਮੁਸਲਮਾਨ ਦੋਹਾਂ ਤੋਂ ਨਿਆਰਾ ਹੈ, ਦੋਹਾਂ ਦੀਨਾਂ ਵਿਚ ਜੋ ਚੰਗੇ ੨ ਤਰੀਕੇ ਹਨ ਸੋ ਸਭ ਏਨ੍ਹਾਂ ਨੇ ਚੁਣ ਕੇ ਰਖ ਲਏ ਹਨ। ਗੁਰੂ ਨਾਨਕ ਨੇ ਦੋਹਾਂ ਦੀਨਾਂ ਨੂੰ ਇਕ ਕਰਨੇ ਦਾ ਤਰੀਕਾ ਨਿਕਾਲਿਆ ਹੈ, ਜਿਸਨੂੰ ਦੋਵੇਂ ਦੀਨ ਚੰਗਾ ਸਮਝਦੇ ਹਨ, ਪੂਰਾ ਭਰੋਸਾ ਹੈ ਕਿ ਕਦੇ ਦੋਹਾਂ ਦੀਨਾ ਤੋਂ ਦੈਤ ਦੂਰ ਹੋਕੇ ਇਕ ਸਿਖ ਮਜਹਬ ਹੀ ਹੋ ਜਾਏਗਾ, ਕਿਉਂਕਿ ਨਿਮਾਜ਼, ਰੋਜ਼ਾ, ਸੁੰਨਤ, ਬਾਂਗ, ਬੁਤਪਰਸਤੀ, ਛੂਆ ਛਾਹੀ, ਜਨੇਊ ਪਾਉਣਾ, ਕਿਸੇ ਜ਼ਾਤਿ ਦੀ ਵਡਆਈ ਛੋਟਾਈ, ਆਦਿ ਏਨਾਂ ਵਿਚ ਕੋਈ ਨਹੀਂ, ਏਸੇ ਵਾਸਤੇ ਇਹ ਫਿਰਕਾ ਸਭ ਨੂੰ ਪਸੰਦ ਹੈ ॥

ਏਸੇ ਢੰਗ ਦੀ ਤਾਰੀਫ ਉਸ ਸਮੇਂ ਦੇ ਸਿਖਾਂ ਦੀ ਹਿੰਦੂਆਂ, ਮੁਸਲਮਾਨਾਂ ਅੰਗ੍ਰੇਜ਼ਾਂ ਨੇ ਅਨੇਕ ਤਵਾਰੀਖਾਂ ਵਿਚ ਲਿਖੀ ਹੈ । ਏਸੇ ਕਰਕੇ ਹੁਣ ਅਸੀ ਸਿੱਖਾਂ ਭਾਈਆਂ ਅਗੇ ਬੇਨਤੀ ਕਰਦੇ ਹਾਂ ਕਿ ਐ ਖਾਲਸਾ ਜੀ ! ਤੁਸੀ ਗੈਰਮਜ਼ਹਬ ਦੇ ਲੋਗਾਂ ਦੇ ਬਚਨਾਂ ਦਾ ਲਿਹਾਜ਼ ਰਖਕੇ ਸ਼ਰਮ ਪਾਲੋ, ਇਤਫਾਕ ਰਖੋ, ਹੋਰਸਭ ਬਾਤਾਂ ਤੁਹਾਡੇ ਵਿਚ ਸਾਰੇ ਮਜ਼ਹਬਾਂ ਨਾਲੋਂ ਚੰਗੀਆਂ ਹਨ ਇਕ ਇਤਫਾਕ ਤੁਸੀ ਛੱਡ ਰਖਯਾ ਹੈ, ਸੋ ਆਪਣੀਆਂ ਖੁਦਗਰਜ਼ੀਆਂ ਨੂੰ ਛਡਕੇ ਇਕ ਜਾਨ ਬਣੇ ਰਹੋਗੇ ਤਾਂ ਦੁਨੀਆਂ ਵਿਚ ਆਪ ਦੀ ਵਡਿਆਈ ਤੇ ਪ੍ਰਮਾਰਥ ਦੋਵੇਂ ਸੌਰਦੇ ਰਹਿਨਗੇ ਨਹੀਂ ਤਾਂ ਘਟਦੇ ਘਟਦੇ ਘਟ ਜਾਓਗੇ ॥

ਇਤਿ

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਤਵਾਰੀਖ ਗੁਰੂ ਖਾਲਸਾ

ਹਿੱਸਾ ੨ ਨੰਬਰ ੨

ਤਤ੍ਕਾਲਸੇ ਦਾ ਪ੍ਰਸੰਗ

ਹੁਣ ਅਸੀ ਉਸ ਤੱਤ੍ ਖਾਲਸੇ ਦਾ ਬੇਅੰਤ ਵਾਰੀ ਧੰਨਜਵਾਦ ਕਰਦੇ ਹਾਂ ਤੇ ਉਨਾਂ ਸਿੰਘਾਂ ਦੀਆਂ ਹਿੰਮਤਾਂ ਤੇ ਕਸੌਟੀਆਂ ਦਾ ਜ਼ਿਕਰ ਅਪਣੇ ਭਰਾਵਾਂ ਅਗੇ ਕਰਦੇ ਹਾਂ, ਜਿਨ੍ਹਾਂ ਦੀ ਤੇਗ ਦੇ ਪ੍ਰਤਾਪ ਨਾਲ ਹੁਣ ਤਕ ਅਸੀ ਸਿੰਘਾਂ ਦੇ ਤੇ ਹਿੰਦੂਆਂਦੇ ਦਰਸ਼ਨ ਕਰਦੇ ਹਾਂ,ਨਹੀਂ ਤਾਂ ਜਿਨ੍ਹੂੰ ਸੱਠ ਬਰਸ ਦਿੱਲੀ ਕਾਬੁਲ ਦੀ ਜ਼ੁਲਮ ਰੂਪੀ ਜੇਠ ਹਾੜ ਦੀ ਤਪਸ਼ ਵਿਚੋਂ ਏਸ ਸਿੰਘੀ ਮਜ਼ਹਬ ਦੇ ਬਾਗ ਨੂੰ ਆਪਣੇ ਲਹੂ ਨਾਲ ਸਿੰਜ ੨ ਕੇ ਸੁੱਕਣ ਨਾ ਦਿਤਾ, ਸਗੋਂ ਉਨਾਂ ਬੇਮੁਹਾਰਾਂ ਹਲਕਾਏ ਉੱਠ ਹਾਥੀਆਂ ਤੋਂ ਬਚਾ ਕਰ ਹਰਾ ਭਰਾ ਰਖਕੇ ਫਲਿਆ ਫੁਲਿਆ ਕਰ ਦਿਖਾਇਆ ਹੈ। ਹੁਣ ਤਾਂ ਨਾ ਕਿਧਰੋਂ ਤੱਤੀ ਵਾਉ ਦਾ ਝੋਲਾ ਹੈ ਤੇ ਨਾ ਹੀ ਉਜਾੜ ਹੈ, ਜੇਕਰ ਏਸ ਅਮਨ ਰੂਪੀ ਸਾਵਣ ਦੇ ਮਹੀਨੇ ਵਿਚ ਭੀ ਸਾਡੇ ਸਿੰਘ ਭਾਈ ਆਪਣੇ ਪੰਥ ਦੇ ਬਾਕ ਨੂੰ ਮੁਹੱਬਤ ਤੇ ਉਪਦੇਸ਼ ਦਾ ਪਾਣੀ ਦੇ ਕੇ ਨਾ ਫਬਾਉਣਗੇ ਤਾਂ ਸਾਵਣ ਵਿਚ ਬੇਕਾਰ ਬੈਠੇ ਰਹਿਣ ਵਾਲੇ ਜਟ ਦੀ ਤਰਾਂ

Sri Satguru Jagjit Singh Ji eLibrary NamdhariElibrary@gmail.com

ਏਸ ਵਕਤ ਨੂੰ ਪਛੋਤਾਉਣਗੇ, ਤਾਂਤੇ ਅਸੀ ਆਪਣੇ ਭਰਾਵਾਂ ਨੂੰ ਪਿਛਲੇ ਸਿੰਘਾਂ ਦੀਆਂ ਕਥਾਂ ਸੁਣਾਉਨੇ ਹਾਂ, ਤਾਂਕਿ ਆਪਣੇ ਵਡਿਆਂ ਦੀਆਂ ਹਿੰਮਤਾਂ ਨੂੰ ਸੁਣਕੇ ਆਪਣੇ ਧਰਮ ਨੂੰ ਸੰਭਾਲ ਲੈਨ ॥

ਤੁਰਕਾਂ ਨੇ ਧੋਖਾ ਦੇ ਕੇ ਸਿੰਘਾਂ ਦੇ ਜਥੇ ਤੋੜਨੇ

ਜਦ ਪੰਥ ਖਾਲਸੇ ਵਿਚ ਫਰਕ ਪਾਕੇ ਤੁਰਕਾਂ ਨੇ ਬਾਬੇ ਬੰਦੇ ਬਹਾਦੁਰ ਪੰਥ ਦੇ ਸੂਰਜ ਦੀ ਕੁੰਦੀ ਕਰ ਛੱਡੀ ਤੇ ਬੰਦਈ ਸਿੰਘਾਂ ਨੂੰ ਸਾਫ ਕਰ ਲਿਆ ਹੁਣ ਤੱਤ ਖਾਲਸੇ ਨਾਲ ਭੀ ਓਹੋ ਸਲੂਕ ਕਰਨ ਲਗ ਪਏ (ਕੇ ਅਪਣਾ ਕੀਤਾ, ਕੂਏ ਪੜ੍ਹੇ ਜੀਤਾ) (ਜਿਨਾਂ ਦੇ ਜ਼ੋਰ ਨਾਲ ਬੰਦੇ ਜੈਸੇ ਪਰਬਤਾਂ ਨੂੰ ਸਾਧਿਆ ਸੀ) ਕਿਸਾਂ ਭੇੜਨੀਆਂ ਸ਼ੁਰੂ ਕਰ ਦਿਤੀਆਂ। ਜੋਹੜਾ ਪੰਜ ਸੌ ਸਿੰਘ ਨੌਕਰ ਸੀ, ਉਨਾਂ ਨੂੰ ਪਹਿਰੇ ਨੌਕਰੀਆਂ ਵਿਚ ਘੁਰਣਟ ਲਗ ਪਏ ਤੇ ਜੋਹੜਾ ਜੱਥਾ ਅੰਮ੍ਰਿਤਸਰ ਵਿੱਚ ਸੀ ਉਨਾਂ ਦਾ ਵਜ਼ੀਫਾ ਅਬਦੁਲ ਸਮੰਦ ਖਾਂ ਸੂਬੇ ਨੇ ਬੰਦ ਕਰ ਦਿੱਤਾ ਤੇ ਨੌਕਰ ਸਿੰਘਾਂ ਦੀ ਅਧੀ ਤਨਖਾਹ ਕਰਕੇ ਅਨੇਕ ਜਗਾ ਲਾਂਬੁਲਦੀਆਂ ਸਰਹੱਦਾਂ ਉਤੇ ਜਾਣਦਾ ਹੁਕਮਦੇ ਦਿਤਾ। ਅੰਮ੍ਰਿਤਸਰੀਏ ਜਥੇ ਨੂੰ ਆਖਿਆ, ਤੁਸੀ ਲਾਹੌਰ ਜਹਿਜ਼ੇ ਨੌਕਰੀ ਦਿਆ ਕਰੋ। ਜਦ ਸਿੰਘਾਂ ਨੇਏਹੋ ਜੇਹੇ ਦੁਖਦਾਈ ਹੁਕਮ ਨਾ ਮੰਨੇ, ਫੇਰ ਤਾਂ ਝਟ ਪਟ ਹੁਕਮ ਅਦੂਲੀ ਦਾ ਬਹਾਨਾ ਧਰਕੇ ਜੋਹੜੇ ੧੨ ਪਿੰਡ ਅਮਨ ਰੱਖਣ ਦੀ ਸ਼ਰਤ ਪਰ ਮਾਫੀ ਸਿੰਘਾਂ ਦੇ ਕਬਜੇ ਦੇ ਰਖੇ ਸੇ ਓਥੇ ਆਪਣੇ ਠਾਣੇਦਾਰ ਭੇਜ ਦਿੱਤੇ। ਸਿੰਘਾਂ ਨੂੰ ਆਖਿਆ, ਤੁਸੀ ਖੇਤੀ ਕਰੋ ਅੱਧਾ ਮਾਮਲਾ ਤੁਹਾਨੂੰ ਮਾਫ ਕੀਤਾ ਜਾਊ। ਬਹੁਤੇ ਸਿੰਘ ਤਾਂ ਖੇਤੀ ਕਰਣ ਨਾ ਲਗੇ ਤੇ ਛੁਡ ਧਰਮਸਾਲਾ

Sri Satguru Jagjit Singh Ji eLibrary NamdhariElibrary@gmail.com

ਗੁਰਦੁਆਰਿਆਂ ਦੇ ਆਸ੍ਰੇ ਹੋ ਬੈਠੇ । ਬਾਕੀ ਰਾਜ ਪੰਜ ਹਜ਼ਾਰ ਸਵਾਨ ਅਲੱਖ ਵਾਲੇ ਬੀਕਾਨੇਰ, ਜੈਸਲਮੇਰ, ਜੋਧ ਪੁਰ ਆਦਿਕ ਰਾਜਪੂਤਾਨੇ ਵਿੱਚ ਨੌਕਰ ਜਾ ਰਹੇ । ਹੋਰ ਜੋ ਥੋੜੇ ਸਿੰਘ ਲਾਹੌਰ ਸੂਬੇ ਦੇ ਮਾਤਹਿਤ ਸੇ ਉਨਾਂ ਵਿੱਚੋਂ ਬਹੁਤ ਤਾਂ ਆਪਣੇ ਆਪਣੇ ਘਰੀਂ ਜਾ ਬੈਠੇ ਤੇ ਕੁਛ ਜਿੱਥੇ ਜਿੱਥੇ ਛੇਤੇ ਓਥੇ ਚਲੇ ਗਏ ।

ਸਿੰਘਾਂ ਉਤੇ ਜ਼ੋਰ ਜ਼ੁਲਮ ਹੋਣੇ

ਹੁਣ ਜਦ ਸਿੰਘਾਂ ਦੇ ਦੋਵੇਂ ਜੱਥੇ ਤਿੱਤਰ ਬਿੱਤਰ ਹੋ ਗਏ ਤੇ ਸੂਬੇ ਨੇ ਜਾਣ ਲਿਆ ਕਿ ਸਿੰਘਾਂ ਵਿੱਚ ਤਾਕਤ ਨਹੀਂ ਰਹੀ ਤਾਂ ਸੰਃ ੧੭੮੧ ਬਿਃ ਨੂੰ ਦੋਹੀ ਦੇ ਨੇ ਸਾਰੀ ਪੰਜਾਬ ਵਿਚ ਏਸਤਰ੍ਹਾਂ ਦੀ ਡੌਂਡੀ ਫਿਰਾ ਦਿੱਤੀ ਕਿ ਬੰਦੇ ਦੇ ਵਕਤ ਜਿਸ ਕਿਸੇ ਦਾ ਕੁਛ ਨਕਸਾਨ ਸਿੰਘਾਂ ਦੇ ਹੱਥੋਂ ਹੋਇਆ ਹੈ ਯਾ ਕਿਸੇ ਦੀ ਕੋਈ ਜਾਇਦਾਦ ਜਿਸੇ ਸਿੰਘ ਨੇ ਦਬਾ ਲਈ ਹੈ ਓਹ ਦਾਵਾ ਕਰੇਗਾ ਤਾਂ ਮੋੜਕੇ ਦਿਵਾਈ ਜਾਊ (ਸ਼ੇਖਸ਼ਾਦੀ ਨੇ ਲਿਖਿਆ ਹੈ ਕਿ ਜਿਸ ਮੁਲਕਦੀ ਜਦ ਖੋਟੀ ਕਿਸਮਤ ਹੁੰਦੀ ਹੈ ਤਾਂ ਓਹ ਜ਼ਾਲਮ ਹਾਕਮ ਦੇ ਪੰਜੇ ਵਿਚ ਆਉਂਦਾ ਹੈ ਸੋਈ ਗਲ ਏਥੇ ਹੋਈ) ਬਸ ਏਹ ਡੌਂਡੀ ਸੁਣਕੇ ਹਿੰਦੂ ਮੁਸਲਮਾਨ ਸਭ ਸਿੰਘਾਂ ਉਤੇ ਉਲਟ ਪਏ ਭਲਾ ਤੁਰਕਾਂ ਨੇ ਤਾਂ ਬਾਦ ਬਿਬਾਦ ਕਰਕੇ ਝੂਠੇ ਮੂਠੇ ਦਾਵੇ ਕਰਨੇ ਹੀ ਸੇ, ਪਰ (ਭੈੜਾਂ ਕੁਦੀਆਂ ਤਾਂ ਲੇਲੇ ਭੀ ਟੱਪ ਪਏ) ਹਿੰਦੂਆਂ ਦੁਸ਼ਟਾਂ ਨੇ ਭੀ (ਜਿਨਾਂ ਦੇ ਧਰਮ ਰਖਣ ਵਾਸਤੇ ਸਿੰਘ ਆਪਣਾ ਲਹੂ ਡੋਲ੍ਹ ਰਹੇ ਸੇ) ਬੇਅੰਤ ਚਿੱਠੀਆਂ ਪਾ ਦਿੱਤੀਆਂ । ਹਾਕਮ ਅੰਨ੍ਹੇ ਨਿਰਦਈ ਬੇਅਦਲੀ ਕਾਜ਼ੀਆਂ ਨੇ ਕਿਸੇ ਸਿੰਘ ਨੂੰ ਬੁਲਾਕੇ

Sri Satguru Jagjit Singh Ji eLibrary NamdhariElibrary@gmail.com

ਨਾ ਪੁਛਿਆ ਐਵੇਂ ਹੀ ਝੁੱਟ ਪੱਟ ਡਿਗਰੀਆਂ ਕਰਕੇ ਸਿੰਘਾਂ ਦੇ ਘਰ ਜ਼ਮੀਨ, ਬੈਲ ਘੋੜੇ, ਗਹੁ, ਭੈਂਸ ਅਸਬਾਬ ਕੌਡੀਆਂ ਦੇ ਭਾਉ ਲਿਲਾਮ ਕਰ ਸੁਟੇ, ਸਿੰਘਾਂ ਦੀ ਕੋਈ ਆਵਾਜ਼ ਨਾ ਸੁਣੀ, ਸਭੋਂ ਜਿਨਾਂ ਦੀ ਜਾਇਦਾਦ ਵਿੱਚ ਡਿਗਰੀ ਦੇ ਰੁਪਯਾ ਪੂਰਾ ਨਾ ਹੋਯਾ ਉਨਾਂ ਨੂੰ ਜੇਲਖਾਨੇ ਪਹੁੰਚਾ ਦਿੱਤਾ। ਐਸਾ ਕੋਈ ਸਿੰਘ ਪੰਜਾਬ ਵਿੱਚ ਨਾ ਰਿਹਾ ਜਿਸ ਉਤੇ ਛੇ ਯਾ ਸੱਤ ਦਾਵੇ ਨਾ ਹੋਏ ਹੋਣਗੇ। ਜਿਸ ਸਿੰਘ ਉਤੇ ਕਿਸੇ ਨੇ ਖੂਨ ਦਾ ਦਾਵਾ ਕੀਤਾ ਉਹ ਕਤਲ ਕੀਤਾ ਗਿਆ।

ਸਿੰਘ ਰਾਜਪੂਤਾਨਿਓਂ ਆਏ ਤੇ ਵੈਰੀਆਂ ਤੋਂ ਬਦਲੇ ਲਏ

ਜਦ ਏਸ ਅੰਧੇਰ ਖਾਤੇ ਦੀ ਖਬਰ ਰਾਜਪੂਤਾਨੇ ਵਾਲੇ ਸਿੰਘਾਂ ਨੂੰ ਪਹੁੰਚੀ ਤਾਂ ਉਹ ਆਪਣੇ ਸਬੰਧੀਆਂ ਦਾ ਦੁਖ ਸੁਣ ਕੇ ਸਹਿ ਨਾ ਸਕੇ, ਰਾਜਿਆਂ ਤੋਂ ਅਗਯਾ ਲੈਕੇ ਮਾਲਵੇ ਵਿੱਚ ਪੰਜ ਛੀ ਹਜਾਰ ਆ ਕੱਠਾ ਹੋਯਾ। ਰਾਜਾ ਆਲਾ ਸਿੰਘ ਆਦਿਕ ਮਲਵਈ ਸਿੰਘਾਂ ਨੇ ਭੀ ਗੁਪਤ ੨ ਬਹੁਤ ਮਦਦ ਕੀਤੀ। ਓਨ੍ਹਾਂ ਸਿੰਘਾਂ ਦਾ ਆਉਣਾ ਸੁਣਕੇ ਮੁਸਲਮਾਨਾਂ ਨੂੰ ਤਾਂ ਐਸੇ ਪਿੱਸੂ ਪਏ ਕਿ ਜਾਣੋਂ ਮੌਤ ਆ ਗਈ, ਹਾਕਮਾਂ ਨੇ ਸਭਲੁਜ ਦੀਆਂ ਬੇੜੀਆਂ ਸਭ ਫੜਕੇ ਪੰਤਣ ਰੋਕ ਲੀਤੇ, ਪਰ (ਸੁਥਣਾ ਪੈਹਨਣ ਵਾਲੇ ਨਾਲੇ ਬੰਨ੍ਹਣ ਭੀ ਜਾਣਦੇ ਹੁੰਦੇ ਹਨ) ਸਿੰਘ ਗਾਹਣ ਛੰਘ ਪਏ ਦੋ ਦੋ ਸੌ ਤਿੰਨ ਤਿੰਨ ਸੌ ਦੇ ਜੱਥੇ ਬਣਾਕੇ ਭੁੱਖੇ ਬਘਿਆੜਾਂ ਵਾਂਗੂੰ ਰੁਖੇ ਹੋਕੇ ਚੋਭ ਸੰਮਤ ੧੭੮੧ 1724 ਬਿਕ੍ਰਮੀ ਨੂੰ ਪੰਜਾਬ ਵਿਚ ਧਸ ਗਏ। ਝਟਾ ਪਟ ਸਾਰੇ ਦੇਸ ਵਿਚ ਫਿਰ ਨਿਕਲੇ, ਛੇਰ ਤਾਂ ਹੋਰ ਅਨੇਕ ਲੁਟੇਰੇ, ਧਾੜਵੀ ਲੱਗ

Sri Satguru Jagjit Singh Ji eLibrary NamdhariElibrary@gmail.com

ਸਿੰਘ ਝਾੜਾਂ ਵਿਚੋਂ ਖੁੰਬਾਂ ਵਾਂਗ ਨਿਕਲਕੇ ਖਾਲਸੇ ਜੀਦੇ ਨਾਲ ਰਲ ਗਏ । ਜਿਨ੍ਹਾਂ ਜਿਨ੍ਹਾਂ ਨੇ ਝੂਠੀਆਂ ਤੁਹਮਤਾਂ ਲਗਾਕੇ ਸਿੰਘਾਂ ਦਾ ਨੁਕਸਾਨ ਕੀਤਾ ਸੀ ਉਨਾਂ ਨੂੰ ਉਹਨਾਂ ਦੇ ਕੀਤੇ ਦਾ ਫਲ ਦਿਤਾ, ਜੋ ਕੋਈ ਨੱਠ ਗਿਆ ਸੋ ਬਚ ਗਿਆ, ਜੋ ਸਾਹਮਣੇ ਆਯਾ ਸੋ ਤਲਵਾਰ ਦੇ ਘਾਟ ਲੰਘਾਯਾ, ਸੈਂਕੜੇ ਮਸ਼ਹੂਰ ੨ ਜ਼ਾਲਮ ਤੁਰਕ ਕੁਰਕ ਛਡੇ, ਜਿਨਾਂ ਹਿੰਦੂਆਂ ਨੇ ਮੁਸਲਮਾਨਾਂ ਦੇ ਆਖੇ ਲਗਕੇ ਜ਼ੁਲਮ ਕਰਨਾ ਸ਼ੁਰੂ ਕੀਤਾ ਓਹ ਬੱਦੀ ਜਨੇਊ, ਦੰਦੀਆਂ ਦਿਖਾ ੨ ਕਾਲੀ ਗਊ ਬਣ ਬਣ ਛੁਟੇ, ਸਿੰਘਾਂ ਨੇ ਫੇਰ ਭੀ ਬੁਰੇ ਦਾ ਭਲਾ ਕੀਤਾ ਕਿਸੇ ਹਿੰਦੂ ਉੱਤੇ ਹੱਥ ਖੜਾ ਨਾ ਕੀਤਾ, ਜੋ ਚੀਜਾਂ ਤੇ ਜਾਇਦਾਦਾਂ ਸਿੰਘਾਂ ਦੀਆਂ ਜਿਨਾਂ ੨ ਨੇ ਨੀਲਾਮ ਕਰਾ ਲਈਆਂ ਸਨ, ਓਹੋ ਹੱਥ ਜੋੜ ਜੋੜ ਆਪੇ ਮੋੜ ਗਏ, ਸਗੋਂ ਉਨਾਂ ਨਾਲ ਤਾਂ ਏਹ ਕਹਾਵਤ ਹੋਈ 'ਘਰ ਤੋਂ ਬਛੁੜਾ ਲੈ ਗਈ ਬਿਜੈ ਰਾਮ ਦੀ ਗਾਇ" । ਮੁਸਲਮਾਨ ਜ਼ਾਲਮਾਂ ਨੂੰ ਖੂਬ ਸੋਧਿਆ, ਸਭ ਜੇਹਲਖਾਨੇ ਤੋੜਕੇ ਕੈਦੀਆਂ ਨੂੰ ਆਪਣੇ ਸਾਥੀ ਬਣਾਲਿਆ । ਜੋ ਦੁਖ ਮੁਸਲਮਾਨਾਂ ਨੇ ਸਿੰਘਾਂ ਨੂੰ ਦਿਤੇ ਸਨ, ਉਸਦਾ ਫਲ ਉਨ੍ਹਾਂ ਨੂੰ ਬੜੀ ਛੇਤੀ ਹੀ ਭੁਗਤਣਾ ਪਿਆ ਫੇਰ ਤਾਂ ਸਭ ਸੌਹਾਂ ਸੁਗੰਧਾਂ ਕਰ ਕਰ ਦੇਸੀ ਭਾਈ ਬਣਕੇ ਸੁਲ੍ਹਾ ਕਰਨ ਲਗ ਪਏ, ਅਬਦੁਲ ਸਮੰਦ ਖਾਂ ਡਰਦਾ ਮਾਰਿਆ ਲਾਹੌਰੋਂ ਬਾਹਰ ਨਾ ਨਿਕਲੇ, ਸਿੰਘਾਂ ਦੇ ਤੇਜ ਦੇ ਸਾਹਮਣੇ ਕੋਈ ਫੌਜਦਾਰ ਭੀ ਨਾ ਆਵੇ । ਭਾਵੇਂ ਓਹ ਦੁਸ਼ਟ ਭੁਂ ਆਪਣੀ ਭੁਰਫੋਂ ਸਿੰਘਾਂ ਨੂੰ ਬਰਬਾਦ ਕਰ ਚੁਕਾ ਸੀ, "ਪਰ (ਜਦ ਕਰਤਾ ਕੁਛ ਕੀਤਾ ਲੋੜੇ । ਅਨਿਕ ਸਬਬ ਛਿਨਕ ਮੈਂ ਜੋੜੇ) ॥"

Sri Satguru Jagjit Singh Ji eLibrary NamdhariElibrary@gmail.com

ਜ਼ਿਕਰੀਆ ਖਾਂ ਦਾ ਸੂਬਾ ਹੋਨਾ

ਏਸੇ ਸਮੇਂ ਵਜ਼ੀਰ ਆਜ਼ਮ ਹਸਨ ਖਾਂ ਤੇ ਅਬਦੁਲਾ ਖਾਂ ਫਰੁਖਸੀਅਰ ਬਾਦਸ਼ਾਹ ਨਾਲ ਖਿਚਾੜ ਗਏ। ਦੋ ਧੜੇ ਹੋਕਰ ਦਿੱਲੀ ਦੇ ਦਰਬਾਰ ਵਿਚ ਤਲਵਾਰ ਚਲ ਪਈ, ਏਸੇ ਕਾਰਣ ਡੋਢ ਬਰਸ ਤਕ ਰੌਲਾ ਪਿਆ ਰਿਹਾ। ਲਾਹੌਰੀ ਸੂਬੇ ਆਦਿਕ ਪੰਜਾਬੀ ਹਾਕਮਾਂ ਨੂੰ ਆਪੋ ਆਪਣੇ ਜੋੜ ਤੋੜ ਲਾਉਣ ਦੀ ਬਿਪਤਾ ਬਣੀ ਰਹੀ, ਸਿੰਘਾਂ ਉਤੇ ਚੜ੍ਹਾਈ ਨਾ ਕਰ ਸਕੇ, ਜੇ ਕੁਛ ਆਏ ਭੀ ਤਾਂ ਸਿੰਘਾਂ ਦੀ ਲਹੂ ਪੀਣੀ ਤਲਵਾਰ ਅਗੇ ਕੁਛ ਪੇਸ਼ ਨਾ ਗਈ। ਸਦ ਵਜ਼ੀਰਾਂ ਨੇ ਓਧਰ ਬੰਦੇ ਬਸਤ ਕਰ ਲਿਆ ਤੇ ਪੰਜਾਬ ਦਾ ਹਾਲ ਸੁਣਿਆਂ ਤਾਂ ਓਸ ਬੇਇੰਤਜ਼ਾਮੀ ਦਾ ਇਲਜ਼ਾਮ ਦੇਕੇ ਸੂਬੇ ਅਬਦੁਲ ਸਮੰਦ ਖਾਂ ਨੂੰ ਤਾਂ ਮੁਲਤਾਨ ਬਦਲ ਦਿਤਾ ਤੇ ਓਸਦੀ ਜਗਾ ਓਸੇ ਦਾ ਬੇਟਾ ਜ਼ਿਕਰੀਆ ਖਾਂ ਜੋ ਉਸ ਨਾਲੋਂ ਭੀ ਜ਼ਾਲਮ ਤੇਜ ਮਜ਼ਾਜ਼ ਬਹਾਦਰ ਸ਼ਖਸ ਸੀ ਅਤੇ ਵਜ਼ੀਰ ਅਬਦੁਲੇਖਾਂ ਪਾਸ ਦਿਲੀਰਿਹਾ ਕਰਦਾ ਸੀ, ਸੂਬਾ ਬਣਾਕੇ ਲਾਹੌਰ ਭੇਜ ਦਿੱਤਾ। ਏਧਰ ਖਾਲਸੇ ਨੇ ਸੰਮਤ ੧੭੮੨ ਬਿ: ਨੂੰ ਅੰਮ੍ਰਿਤਸਰ ਦੀਪਮਾਲਾ ਦਾ ਮੇਲਾ ਲਾਉਣ ਵਾਸਤੇ ਚਿਠੀਆਂ ਭੇਜ ਕਰ ਸਭ ਸੰਗਤਾਂ ਬੁਲਾ ਲਈਆਂ। ਕਈ ਸਾਲ ਦੇ ਬਾਦ ਦੀਪ ਮਾਲਾ ਹੋਣੇ ਕਰ ਬਹੁਤ ਸੰਗਤਾਂ ਆਈਆਂ, ਬੰਦਈ ਸਿੰਘ ਭੀ ਪੰਜ ਸੱਤ ਹਜ਼ਾਰ ਬੱਠਾ ਹੋ ਗਿਆ। ਤਦ ਜ਼ਿਕਰੀਏ ਖਾਂ ਨੇ ਏਸ ਡੂੰਮਣੇ ਮਖੀਰ ਨੂੰ ਉਜਾੜ ਦੇਣ ਨਾਲੋਂ ਕੀਲ ਰਖਣਾ ਚੰਗਾ ਸਮਝਕੇ ਵਡੇ ੨ ਨਾਮੀ ਹਿੰਦੂ ਚੌਧਰੀ ਆਪਣੀ ਤਰਫੋਂ ਮੁਖਬਰ ਭੇਜ ਦਿਤੇ ਏਹ ਕਪਟੀ ਸਹਜਧਾਰੀ ਸਿਖ ਬਣਕੇ ਤੱਤ ਖਾਲਸੇ ਤੇ ਬੰਦਈ

Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਵਿੱਚ ਜਿਸਤਰਾਂ ਵਿਰੋਧ ਵਧੇ ਓਹੋ ਚਾਲ ਚਲਦੇ ਰਹੇ।

ਤਤ੍ਵ ਖਾਲਸੇ ਦਾ ਤੇ ਬੰਦਈ ਸਿੱਖਾਂ ਦਾ ਵਿਰੋਧ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਬੰਦਈ ਤੇ ਤਤਖਾਲਸਾ ਦੋਨਾਂ ਦੇ ਡੇਰੇ ਲਗੇ ਹੋਏ ਸਨ। ਬੰਦੇ ਦੀ ਮਨਸ਼ਾ ਇਹ ਸੀ ਕਿ ਸ੍ਰੀ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਮੇਰੇ ਹਥ ਰਹੇ ਤੇ ਪੂਜਾ ਤੇ ਚੜ੍ਹਾਵਾ ਜੋ ਆਵੇ ਮੈਨੂੰ ਮਿਲੇ। ਤਤਖਾਲਸਾ ਕਿਸੇ ਹਾਲਤ ਵਿਚ ਵੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ, ਇਨ੍ਹਾਂ ਦੀ ਇੱਛਾ ਸੀ ਕਿ ਪ੍ਰਬੰਧ ਪੰਥਦੇ ਹਥ ਰਹੇ ਤੇ ਚੜ੍ਹਾਵਾ ਸ੍ਰੀ ਦਰਬਾਰ ਸਾਹਿਬ ਜੀ ਦੇ ਟਹਲੇ ਤੇ ਲੰਗਰ ਪਰ ਖਰਚ ਕੀਤਾ ਜਾਵੇ।ਇਹ ਵਿਚਾਰ ਹੋਈ ਕਿ ਪਰਚੀਆਂ ਪਾਕੇ ਫੈਸਲਾ ਕਰਲਿਆ ਜਾਏ। ਏਸ ਬਾਤ ਪਰ ਦੋਵੇਂ ਧੜੇ ਰਾਜ਼ੀ ਹੋਗਏ।ਤਦ ਇੱਕ ਕਾਗਜ਼ ਉਤੇ "ਵਾਹਿਗੁਰੂ ਜੀ ਕੀ ਫਤੇ" ਅਤੇ ਦੂਜੇ ਪਰ "ਦਰਸ਼ਨੀ ਫਤੇ" ਲਿਖਕੇ ਸ਼ਰਤ ਕੀਤੀ ਕਿ ਚਿੱਠੀਆਂ ਗੁਲਾਬ ਵਿੱਚ ਪਾਈਆਂ ਜਾਣ, ਜਿਸਦੀ ਜਰ ਆਵੇ ਸੋ ਮਾਲਕ। ਦੋਵੇਂ ਚਿੱਠੀਆਂ ਬਾਲਕ ਦੇ ਹੱਥੋਂ ਹਰਿਕੀ ਪੌੜੀ ਅੰਮ੍ਰਿਤ ਵਿੱਚ ਸੁਟਵਾ ਦਿੱਤੀਆਂ। ਅੰਮ੍ਰਿਤ ਵਿੱਚ ਪੈਕੇ "ਵਾਹਿਗੁਰੂ ਜੀ ਕੀ ਫਤੇ" ਤਰਦੀ ਰਹੀ "ਦਰਸ਼ਨੀ ਫਤੇ" ਡੁੱਬ ਗਈ। ਏਸ ਫੈਸਲੇ ਨੂੰ ਮੰਨਕੇ ਬਹੁਤ ਸਾਰੇ ਬੰਦਈ ਸਿੰਘ ਤਾਂ ਓਸੇ ਦਿਨ ਖੰਡੇ ਦਾ ਅੰਮ੍ਰਿਤ ਛਕਕੇ ਤਤ੍ਵਖਾਲਸੇ ਵਿੱਚ ਆ ਗਏ, ਬਾਕੀ ਦੇ ਦਾਵਾ ਛਡ ਬੈਠੇ। ਪੂਜਾ ਦਾ ਰੁਪਯਾ ਭਾਈ ਮਨੀ ਸਿੰਘ ਜੀ ਨੇ ਮਾਤਾ ਸਾਹਿਬਾਂ ਪਾਸ ਭੇਜ ਦਿੱਤਾ, ਕੁਛ ਦਰਬਾਰ ਦੀ ਮੁਰੰਮਤ ਤੇ ਲੰਗਰ ਵਿੱਚ ਖਰਚ ਕੀਤਾ, ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਰਹਿਕੇ ਬਹੁਤ ਰੌਣਕ ਕਰ ਦਿੱਤੀ।

Sri Satguru Jagjit Singh Ji eLibrary NamdhariElibrary@gmail.com

ਗਾਜ਼ੀ ਫੌਜ ਦੀ ਚੜਾਈ ਤੇ ਨੌਸ਼ੈਹਰੇ ਦੇ ਚੌਧਰੀ ਦਾ ਜ਼ੁਲਮ ਤੇ ਭਾਈ ਤਾਰਾ ਸਿੰਘ ਦੀ ਸ਼ਹੀਦੀ

ਖਾਨ ਬਹਾਦਰ ਨੇ ਦੀਵਾਨ ਲਖਪਤ ਨੂੰ ਆਪਣਾ ਮਦਾਰੁ-ਲਮੁਹਾਮ (ਕਾਰਜ ਕਰਨ) ਬਣਾਕੇ ਉਸਦੀ ਸਲਾਹ ਨਾਲ ਮਾਘ ਸੰਃ ੧੭੮੨ ਵਿਃ ਨੂੰ ਜਗਾ ੨ ਸਿੱਖਾਂ ਨੂੰ ਫੜਨ ਤੇ ਮਾਰਨ ਵਾਸਤੇ ਗਾਜ਼ੀ ਫੌਜ ਭੇਜ ਦਿੱਤੀ। ਜਿੱਥੇ ਸਿੱਖਾਂ ਦਾ ਜੱਥਾ ਸੁਣਿਆਂ ਓਥੇ ਹੀ ਮੋਮਨ ਖਾਂ ਆਦਿਕ ਫੌਜਦਾਰਾਂ ਨੇ ਪਹੁੰਚਕੇ ਸਿੰਘਾਂ ਉਤੇ ਜ਼ੁਲਮ ਕੀਤੇ। ਓਸ ਸਮੇਂ ਨੌਸ਼ਹਿਰੇ ਪਿੰਡ (ਤਹਿਸੀਲ ਤਰਨਤਾਰਨ) ਜੋ ਕਈ ਘਰ ਸਿੱਖਾਂ ਦੇ ਵਸਦੇ ਸੇ, ਓਨ੍ਹਾਂ ਵਿਚੋਂ ਚੌਧਰੀ ਮਾਹਿਬ ਰਾਇ ਸਿੱਖਾਂ ਦੀਆਂ ਖੇਤੀਆਂ ਵਿੱਚ ਘੋੜੀਆਂ ਛੱਡ ਰੱਖਦਾ, ਜੇਕਰ ਸਿੱਖ ਹਟਾਉਂਦੇ ਤਾਂ ਓਨ੍ਹਾਂ ਨੂੰ ਛੜਾ ਦੇਣਦੀ ਧਮਕੀ ਦਿੰਦਾ ਤੇ ਆਖਦਾ ਕਿ ਮੈਂ ਹੁਣੇ ਸ਼ਾਹੀ ਫੌਜ ਲਿਆਕੇ ਤੁਹਾਨੂੰ ਪਕੜਵਾ ਦੇਂਦਾ ਹਾਂ। ਏਸ ਗਲੋਂ ਸਿੰਘਾਂ ਨੇ ਤੰਗ ਹੋਕੇ ਬਘੇਲ ਸਿੰਘ ਤੇ ਅਮਰਸਿੰਘ ਕੁੱਸੇ ਪਿੰਡ ਵਾਲੇ ਬੁਲਾ ਲਏ, ਓਹ ਘੋੜੀਆਂ ਕੱਢਤੇ ਲੈ ਗਏ, ਤੇ ਮਾਲਵੇ ਦੇਸ ਰਾਜਾ ਆਲਾ ਸਿੰਘ ਪਾਸ ਬੇਚ ਆਏ ਅਤੇ ਏਨ੍ਹਾਂ ਰੁਪਯਾਂ ਦੀ ਰਸ੍ਮ ਖਰੀਦਕੇ ਤਾਰਾ ਸਿੰਘ ਦੇ ਲੰਗਰ ਵਿੱਚ ਪਾ ਦਿੱਤੀ, ਤੇ ਓਹ ਸਿੱਖ ਭੀ ਤਾਰਾ ਸਿੰਘ ਪਾਸ ਹੀ ਰਹਣ ਲਗ ਗਏ।

ਏਹ ਤਾਰਾ ਸਿੰਘ ਓਸ ਸਮੇਂ ਭਾਈ ਵੀਰ ਸਿੰਘ ਨੌਰੰਗਾ ਬਾਦੀਏ ਵਾਂਙੂ ਸਾਰੇ ਦੇਸ ਵਿੱਚ ਮਸ਼ਹੂਰ ਬਹਾਦਰ ਸੀ, ਪਰ ਜਾਨੇ ਪੱਟੀ ਤਹਸੀਲ ਕਸੂਰ ਭੱਲਵਾਂ ਪਿੰਡ ਵਿਖੇ ਏਸ ਨੇ ਆਪਣੇ ਖੇਤ ਵਿੱਚ ਬੁਰਜ ਤੇ ਕੋਠੇ ਪਕਾ ਰੱਖੇ ਸੇ। ਖੇਤੀ ਕਰਾਉਂਦਾ ਤੇ ਲੰਗਰ ਗਰੀਬ ਗੁਰਬੇ ਮੁਸਾਫਰ ਨੂੰ ਦਿੰਦਾ ਰਹਿੰਦਾ, ਸੋ ਪਰਾਸ

Sri Satguru Jagjit Singh Ji eLibrary NamdhariElibrary@gmail.com

ਸਿੰਘ ਬੜਾ ਬਹਾਦਰ ਸੂਰਬੀਰ ਏਸਦੇ ਪਾਸ ਟਿਕਿਆ ਰਹਿੰਦਾ, ਬਲਕੇ ਇਸਦੇ ਨੇਕ ਸੁਭਾਵ ਤੇ ਬਾਦਸ਼ਾਹੀ ਨੌਕਰ ਭੀ ਜੋ ਕੋਈ ਭੱਜਕੇ ਏਸ ਦੀ ਸ਼ਰਨ ਆ ਜਾਂਦਾ ਉਹ ਫੇਰ ਨਾ ਜਾਂਦਾ। ਸੁੱਖੇ ਦੀ ਦੇਗ ਤੇ ਪ੍ਰਸ਼ਾਦ ਹਰ ਵਕਤ ਸ਼ਬ ਨੂੰ ਮਿਲਦਾ ਰਹਿੰਦਾ, ਅਨੇਕ ਸਿੰਘ ਜੰਗਲ ਵਿੱਚੋਂ ਸ਼ਿਕਾਰ ਮਾਰਕੇ ਮਹਾਂਪ੍ਰਸ਼ਾਦ ਦੀ ਦੇਗ ਜ਼ਰੂਰੀ ਤਯਾਰ ਰੱਖਦੇ ॥

ਜਦ ਸਾਹਿਬ ਰਾਇ ਚੌਧਰੀ ਨੂੰ ਘੋੜੀਆਂ ਦੇ ਲੈਜਾਣ ਦਾ ਹਾਲ ਮਾਲੂਮ ਹੋਯਾ ਤਾਂ ਪੱਟੀ ਦੇ ਠਾਣੇਦਾਰਨੂੰ ਤਾਰਾ ਸਿੰਘ ਪਰਚਾਕੇ ਲੈ ਗਿਆ ਤੇ ਬੋਲਿਆ ਸਾਡੇ ਚੋਰ ਪਕੜਾ ਦੇਹ? ਸਿੰਘ ਜੀ ਨੇ ਜਵਾਬ ਦਿੱਤਾ, ਸਾਡੇ ਪਾਸ ਕੋਈ ਕਿਸੇ ਦਾ ਚੋਰ ਨਹੀਂ ਸਭ ਸਿੰਘ ਗੁਰੂ ਕੇ ਲਾਲ ਹਨ । ਤਦ ਚੌਧਰੀ ਨੇ ਡੇਰੇ ਦੀ ਤਲਾਸ਼ੀ ਕਰਨੀ ਚਾਹੀ, ਪਰ ਸਿੰਘ ਜੀ ਨੇ ਇਨਕਾਰ ਕੀਤਾ, ਏਸ ਪਰ ਝਗੜਾ ਵਧ ਗਿਆ ਤਦੋਂ ਹੀ ਸਿੰਘ ਜੀ ਦੀ ਆਗਯਾ ਅਨੁਸਾਰ ਖਾਲਸੇ ਦਾ ਹੱਲਾ ਹੋ ਪਿਆ। ਤਲਵਾਰ ਚੱਲੀ, ਬਹੁਤ ਆਦਮੀ ਮਾਰੇ ਗਏ,ਠਾਣੇਦਾਰ ਜਖਮ ਖਾਕੇ ਨੱਠ ਗਿਆ,ਚੌਧਰੀ ਨੂੰ ਪਕੜ ਕੇ ਖੂਬ ਸੋਧਿਆ ਅਤੇ ਫੇਰ ਛੱਡ ਕੇ ਆਖਯਾ ਜਾਹ ਕਿਸੇ ਆਪਣੇ ਹਿਮਾਯਤੀ ਨੂੰ ਚੜ੍ਹਾ ਲਿਆ। ਠਾਣੇਦਾਰ ਤੇ ਚੌਧਰੀ ਪੱਟੀ ਪਹੁੰਚਕੇ ਓਥੋਂ ਦੇ ਫੌਜਦਾਰ ਮਿਰਜੇ ਜ਼ਾਫਰ ਬੇਗ ਨੂੰ ਪੰਜ ਸੌ ਸਵਾਰ ਸਮੇਤ ਚੜ੍ਹਾ ਲਿਆਏ। ਫੱਗਣ ਸੰਃ ੧੭੮੨ ਬਿਃ ਨੂੰ ਭਾਰਾ ਸਿੰਘ ਪਾਸ ਪਹਿਲੇ ੨੨ ਬਾਈ ਸਿੰਘ ਥੇ ਹੋਰ ਸੌ ਸਵਾ ਸੌ ਹੋਗਿਆ,ਐਸੀ ਛਟਾਵੱਢ ਕੀਤੀ ਜੋ ਤੁਰਕ ਠਹਿਰ ਨਾ ਸੱਕੇ, ਭੱਜ ਨਿਕਲੇ। ਆਪ ਤਾਂ ਮਿਰਜ਼ਾ ਜ਼ਖਮੀ ਹੋਯਾ ਤੇ ਭਤੀਜਾ ਓਸਦਾ ਹਿੰਮਤ ਬੇਗ ਬਹੁਤ ਸਾਥੀਆਂ ਸਮੇਤ ਤੇਗ ਦਾ ਛੱਕ ਹੋਯਾ, ਸਾਰਤ ਬੇਗ ਭੱਜਕੇ

Sri Satguru Jagjit Singh Ji eLibrary NamdhariElibrary@gmail.com

ਚਾਰ ਕੋਸ ਕੰਬੋ ਮਾੜੀ ਪਿੰਡ ਜਾ ਉਤਰਿਆ ॥

ਜਦ ਮਿਰਜ਼ੇ ਜ਼ਾਫਰ ਬੇਗ ਨੇ ਆਪਣਾ ਹਾਲ ਲਾਹੌਰ ਦੇ ਸੂਬੇ ਨੂੰ ਲਿਖਜਾ ਤਾਂ ਓਸਨੇ ਫੌਜਦਾਰ ਮੋਮਨ ਖਾਂ ਪੰਜ ਹਜਾਰੀ ਨੂੰ ਚਾਰ ਹਜਾਰ ਅਸਵਾਰ ਦੇਕੇ ਬੈਸਾਖ ਸੰਃ੧੭੮੩ ਵਿਃ ਨੂੰ ਤਾਰਾ ਸਿੰਘ ਪਰ ਚੜ੍ਹਾ ਦਿੱਤਾ। ਏਸਦੇ ਪਹੁੰਚਣ ਤੋਂ ਪਹਿਲੇ ਰੂਪ ਸਿੰਘ ਭਖਾਣ ਲਾਹੌਰੀ ਸਿੱਖਨੇ ਰਾਤੋਰਾਤ ਦੌੜ ਕੇ ਤਾਰਾ ਸਿੰਘ ਨੂੰ ਜਾ ਆਖਜਾ, ਆਪ ਦੋ ਦਿਨ ਜੰਗਲ ਵਿੱਚ ਚਲੇ ਜਾਓ ਕਜੋਂਕਿ ਹੜ ਦੇ ਪਾਣੀ, ਹੈਜ਼ੇ ਦੀ ਬੀਮਾਰੀ ਦੇਂਦੀ ਅਗਨਿ, ਦੁਸ਼ਮਨ ਦੇ ਲਸ਼ਕਰ ਤੋਂ ਕਿਨਾਰੇ ਹੋਣਾਂ ਹੀ ਚੰਗਾ ਹੈ, ਪੌਣ ਦਾ ਬਚਾਉ ਕੀਤੇ ਦੀਵਾ ਜਗਦਾ ਹੈ, ਸਾਹਮਣੇ ਹੋਯਾਂ ਬੁਝ ਜਾਂਦਾ ਹੈ, ਤੇ ਆਪ ਜੈਸੇ ਪਰੋਪਕਾਰੀਆਂ ਦਾ ਜੀਉਣਾ ਹੀ ਚੰਗਾ ਹੈ। ਜਾਂਨ ਨਾਲ ਹੀ ਦੀਨ ਈਮਾਨ ਜਹਾਨ ਹੈ। ਤਾਰਾ ਸਿੰਘ ਜੀ ਨੇ ਜਵਾਬ ਦਿੱਤਾ (ਜਿਵ ਜਿਵ ਹੁਕਮ ਤਿਵੈ ਤਿਵ ਕਾਰ) ਭਾਈ ਸਿੰਘਾ ! ਭਾਵੀ ਅਮੇਟ ਹੈ ਪੀਰ, ਫਕੀਰ, ਅਵਤਾਰ ਪੈਗੰਬਰ, ਰਾਜੇ ਮਹਾਰਾਜੇ ਸਾਰੇ ਹੋਲੀ ਦੇ ਪਾਣੀਹਾਰ ਹਨ ਤੇ ਗੁਰੂ ਜੀ ਦਾ ਬਚਨ ਹੈ—ਸ੍ਰੈਯਾ ॥ (ਜੋ ਕਹੁ ਕਾਲ ਤੇ ਭਾਜਕੈ ਬਾਚਤ ਤੌ ਕਹੁ ਕੌਟ ਕਿਤੈ ਭੱਜ ਜੱਯੈ। ਆਗੇ ਹੂੰ ਕਾਲ ਧਰੇ ਅਸਿਗਾਜਤ ਛਾਸਤ ਹੈ ਸਿਹ ਤੇ ਨਸ ਅੱਯੈ । ਐਸੇ ਨ ਕਹਿ ਗਯੇ ਛੋਹੂ ਸੋਦਾਦਰੇ ਜਾਂਹਿ ਉਪਾਵ ਸੋਂ ਘਾਵ ਬਚੱਯੈ ॥ ਜਾਂਤੇ ਨ ਛੂਟੀਐ ਮੂਢ ਕਹੂੰ ਹਸਿ ਭਾਂਤੀ ਨ ਕਯੋਂ ਸ਼ਤਨਾਗਤ ਜੱਯੈ) ਹੋਰ ਅਸੀਂ ਸਿੰਘ ਸਦਾਉਂਦੇ ਹਾਂ, ਸ਼ੇਰ, ਸੋਰ, ਸਤੀ, ਸੂਰ ਹੋਹ ਪਿੱਛੇ ਹਟੇ ਸੋਭਦੇ ਨਹੀਂ ਨੱਠਣਾ ਸਾਨੂੰ ਹਰਾਮ ਹੈ, ਸਿੰਘ ਜੀਦਾ ਸਿਦਕ ਦੇਖਕੇ ਲਾਹੌਰੀ ਸਿੱਖ ਛੀ ਸਾਥੀ ਹੋਗਿਆ। ਫੇਰਤਾਰਾਸਿੰਘ ਨੇ ਸਭ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੂੰ ਸੁਣਾ ਕੇ ਆਖਣਾ ਏਥੇ ਸਿਰ ਦੇਣਦੀ ਬਾਜ਼ੀ ਲੱਗੀ ਹੈ ਜਿਸਨੇ ਸਿਰ ਨਹੀਂ ਦੇਣਾ ਸੋ ਹੁਣੇ ਚਲਾ ਜਾਵੇ ਜੋ ਜੰਗ ਵਿੱਚੋਂ ਜਾਏਗਾ ਸੋ ਸਿੰਘੀ ਨੂੰ ਕਲੰਕ ਤੇ ਸਾਨੂੰ ਲਾਜ ਲਾਏਗਾ; ਜਿਸਨੇ ਸਿਰ ਦੇਕੇ ਸ਼ਹੀਦੀ ਲੈਣੀ ਹੋਵੇ ਸੋ ਰਹੇ। ਏਹ ਸੁਣਕੇ ਭੰਗ ਤੇ ਪ੍ਰਸਾਦ ਦੇ ਛੱਬੂਏ ਤਾਂ ਖਿਸਕੇ ਜੀ ਵਾਰ ਹੋਗਏ ਤੇ ਸਿਰਫ ੨੨ ਸਿੱਖ ਰੈਹ ਗਏ, ਸੂਰਾ ਸਿੰਘ ਤਖਾਣ ਖਾਲੜੇ ਦਾ ਲਖਮੀਰ ਸਿੰਘ ਸ਼ੇਰੋਕਾ, ਮਾਲੀ ਸਿੰਘ, ਗੁਰ-ਬਖਸ਼ ਸਿੰਘ ਸੰਧੂ ਭੜਾਨੇਦੇ, ਹਾਤਾ ਸਿੰਘ ਚੁੰਘ, ਬੁਲਾਕਾ ਸਿੰਘ ਸਾਂਘਾ, ਭੀਮ ਸਿੰਘ, ਬਾਦਲਾ ਸਿੰਘ ਰੱਤੋਕੇ, ਜੋਧਸਿੰਘ ਨਾਰੋਕਾ ਰੱਤਾ ਸਿੰਘ ਫੱਤਾ ਸਿੰਘ ਬਾਠ ਹੋਰ ਮਲਵਈ ਸਿੰਘ ਸੇ, ਪਰ ਜੰਗ ਕਰਨ ਵਾਲੇ ਬਹਾਦਰ ਹੋਰ ਹੀ ਸੁਣ ਸੁਣ ਕੇ ਢਾਈ ਤਿੰਨ ਸੌ ਦੇ ਲਗ ਭਗ ਆ ਕੱਠੇ ਹੋਏ । ਏਤਨੇ ਨੂੰ ਤੁਰਕਾਂ ਦੀ ਫੌਜ ਭੀ ਆ ਪਹੁੰਚੀ, ਸਿੰਘ ਸ਼ਸਤ੍ਰ ਬਸਤ੍ਰ ਸਜਾਕੇ, ਮੁੱਛਾਂ ਨੂੰ ਤਾਉ ਦੇਕੇ, ਗਤਕੇ ਹੋਏ ਤਲਾਰੇ ਕਿਨਾਰੇ ਮੋਰਚੇ ਵਿੱਚ ਬੈਠ ਕੇ ਬੰਦੂਕਾਂ ਮਾਰਨ ਲੱਗੇ, ਜਦ ਤਕ ਗੋਲੀ ਬਾਰੂਦ ਰਿਹਾ ਤਦਤਕ ਬੰਦੂਕਾਂ ਚਲਦੀਆਂ ਰਹੀਆਂ ਫੇਰ ਤੀਰਾਂ ਤੋਂ ਕੰਮ ਲਿਆ ਗਿਆ, ਆਖਰ ਤਲਵਾਰਾਂ ਉਤੇ ਆਗਈ, ਹੱਲਾ ਕਰਕੇ ਦੁਸ਼ਮਨਾਂ ਦੀ ਫੌਜ ਵਿੱਚ ਜਾ ਧਸੇ, ਸਿੰਘਾਂ ਨੇ ਏਸ ਮਾਰ ਕਟਾ ਵੱਢ ਕੀਤੀ, ਲੋਥਾਂ ਦੇ ਸਥਾਰ ਲਗ ਗਏ । ਮਿਰਜ਼ਾ ਤਕੀ ਬੇਗ ਜੰਗ ਵਲੇਰ ਨੇ ਤਾਰਾ ਸਿੰਘ ਨੂੰ ਲਲਕਾਰ ਕੇ ਤੀਰਾਂ ਦੀ ਝੜੀ ਲਾਈ, ਸਿੰਘ ਭੀ ਨੇ ਦੇਖਣਾ ਕਿ ਏਸਦੇ ਮੂੰਹ ਤੋਂ ਸਿਵਾਇ ਹੋਰ ਕੋਈ ਥਾਂਉ ਨੰਗਾ ਨਹੀਂ ਐਸੀ ਸ਼ੀਘ੍ਰ ਉਛਲਕੇ ਮਿਰਜ਼ੇ ਦੇ ਮੂੰਹ ਵਿੱਚ ਤਲਵਾਰ ਦਾ ਪਿੱਪਲਾ ਚਲਾ ਦਿੱਤਾ, ਕਿ ਲਹੂ ਵਗਦੇ ਹੋਏ ਮਿਰਜ਼ਾ ਪਿੱਛੇ

Sri Satguru Jagjit Singh Ji eLibrary NamdhariElibrary@gmail.com

ਹਟਿਆ ਤਾਂ ਹਾਥੀ ਪਰ ਬੈਠੇ ਮੋਮਨਖਾਨੇ ਕਿਹਾ, ਮਿਰਜ਼ਾ ਜੀ! ਪਾਨ ਚਬਾਉਂਦੇ ਹੋ, ਮਿਰਜ਼ਾ ਬੋਲਯਾ ਹਾਂ ਖਾਂਜੀ ਤਾਰਾ ਸਿੰਘ ਬੀੜੇ ਦੇ ਕਿਹਾ ਹੈ, ਆਪ ਭੀ ਅੱਗੇ ਹੋਕੇ ਲਵੋ। ਮਿਰਜ਼ਾ ਤਾਂ ਏਹ ਕੈਂਹਦਾ ਹੀ ਪਾਰ ਬੋਲਿਆ, ਏਧਰੋਂ ਤਾਰਾ ਸਿੰਘ ਘੋੜਾ ਛੇੜਕੇ ਮੋਮਨ ਖਾਂ ਦੇ ਹਾਥੀ ਨੂੰ ਜਾ ਲਪਟਿਆ, ਮੋਮਨ ਖਾਂ ਜਾਨੋਂ ਤਾਂ ਬਚ ਗਿਆ, ਪਰ ਇਕ ਬਾਂਹ ਕੱਟ ਗਈ, ਦੂਸਰੇ ਵਾਰ ਨਾਲ ਹਾਥੀ ਦੀ ਸੁੰਡ ਕੱਟ ਸੁਟੀ,ਮੋਮਨ ਖਾਂ ਤਾਂ ਡਿਗ ਪਿਆ ਤੇ ਹਾਥੀ ਚੀਕ ਮਾਰਕੇ ਪਿਛਾਹਾਂ ਉਠ ਨੱਠਾ, ਤਾਰਾ ਸਿੰਘ ਜੀ ਨੇ ਅਨੇਕਾਂ ਨੂੰ ਮਾਰਕੇ ਪੁਰਜੇ ੨ ਹੇਠਰ ਸ਼ਹੀਦੀ ਪਾਈ। ਮੁਰੀਦ ਖਾਂ ਮੋਮਨ ਖਾਂ ਦੇ ਭਤੀਜੇ ਨੇ ਆਪਣਾ ਹਾਥੀ ਸਿੰਘਾਂ ਵਲ ਝੁਕਾਇਆ ਤੇ ਤਕ ਤਕ ਤੀਰ ਮਾਰਨ ਲੱਗਾ, ਭੀਮ ਸਿੰਘ ਜੋ ਨਟ ਬਿਦਯਾ ਵਿਚ ਪੂਰਾ ਸੂਰਬੀਰ ਸੀ, ਫੁਰਤੀ ਨਾਲ ਹਾਥੀ ਪਰ ਜਾ ਕੁਦਿਆ ਤੇ ਮੁਰੀਦ ਖਾਂ ਦਾ ਸਿਰ ਕੱਟੂ ਦੀ ਤਰਾਂ ਉਤਾਰ ਸਿੱਟਿਆ। ਕੁੰਦਲ ਪੁਰੀਏ ਮਨਸਾ ਰਾਮ ਤੇ ਦਯਾ ਰਾਮ ਆਦਿਕ ਕਈ ਸਰਦਾਰ ਅੱਗੇ ਵਧਕੇ ਲੜਦੇ ਰਹੇ, ਪਰ ਜਦ ਦਯਾਰਮ, ਮੁਰੀਦ ਖਾਂ ਤਕੀ ਬੇਗ ਮਾਰੇ ਗਏ ਤੇ ਮੋਮਨ ਖਾਂ ਦਾ ਹਾਥੀ ਭੀ ਉਲਟਾ ਭਜਿਆ ਹੋਇਆ ਦੇਖਿਆ ਤਾਂ ਫੌਜ ਨੇ ਭਾਂਜ ਪਾ ਦਿਤੀ, ਭਲਾ ਫੇਰ ਕੌਣ ਖੜਾ ਹੋਵੇ? ਸਿੰਘਾਂ ਨੇ ਤੇਗਾਂ ਨਾਲ ਭੁੱਖੇ ਸ਼ੇਰਾਂ ਵਾਂਗੂੰ ਲਪਕ ਲਪਕ ਅਨੇਕਾਂ ਦੇ ਮੋਢੇ ਲਾਹੇ॥

ਸ਼ਾਹੀ ਫੌਜ ਨੇ ਤਾਂ ਕੰਬੋ ਮਾਜ਼ੀ ਪਿੰਡ ਉਤਰਕੇ ਜ਼ਖਮੀ ਸੰਭਾਲੇ ਤੇ ਏਧਰ ਸਿੰਘਾਂ ਨੇ ਮੁਰਦਿਆਂ ਦੇ ਘੋੜੇ ਹਥਯਾਰ ਸੰਭਾਲ ਕੇ ਤਾਰਾ ਸਿੰਘ ਜੈਸੇ ਬਹਾਦਰਾਂ ਦੀਆਂ ਦੇਹਾਂ ਨੂੰ ਅੰਜੀਠੇ ਦੀ ਭੇਟਾ ਕੀਤਾ। ਆਪ ਵਾਹ ਵਾਹ ਕਹਾਕੇ ਰਾਹ

Sri Satguru Jagjit Singh Ji eLibrary NamdhariElibrary@gmail.com

ਪਏ। ਮੈਦਾਨ ਨੰਗਾ ਖਾਲੀ ਪਿਆ ਦੁਣਕੇ ਮੁਸਲਮਾਨ ਫੇਰ ਓਥੇ ਚਲੇ ਗਏ ਤੇ ਆਪਣਿਆਂ ਮੁਰਦਿਆਂ ਨੂੰ ਦਫਨ ਕਰ ਫਤੇ ਦੇ ਨਗਾਰੇ ਵਜਾਕੇ ਲਾਹੌਰ ਜਾ ਵੜੇ। ਤਾਰਾ ਸਿੰਘ ਜੀ ਦਾ ਜਿੱਥੇ ਸਸਕਾਰ ਕੀਤਾ ਸੀ, ਓਹ ਹੁਣ ਸ਼ਹੀਦ ਗੰਜ ਮਸ਼ਹੂਰ ਹੈ, ਲੰਗਰ ਚਲਦਾ ਹੈ॥

ਮੁਰਤਜਾ ਖਾਂ ਸੌਦਾਗਰ ਆਦਿਕਾਂ ਨੂੰ ਸੋਧਨਾ

ਜੱਦਪਿ ਓਦੋਂ ਸਿਖਾਂ ਦੀ ਤਾਕਤ ਨੂੰ ਕਮਜ਼ੋਰ ਕਰਨ ਵਾਸਤੇ ਬਸ਼ਤੀ ਫੌਜ ਫਿਰ ਰਹੀਸੀ,ਪਰ ਏਹ ਐਸੇਹੁਲਾਦੀ ਸਰੀਰ ਸਨ ਜੋ ਗਸ਼ਤੀ ਫੌਜ ਦੀ ਕੁਛ ਪ੍ਰਵਾਹ ਕਦੇ ਨਾ ਕੀਤੀ ਤੇ ਜ਼ੁਲਮਦੀ ਨੀਂਹ ਪੁਟਨ ਦਾ ਕੰਮ ਗਰਮਾਗਰਮੀ ਰੱਖਯਾ। ਪੋਹ ਸੰਮ੧੭੮੩ ਬਿ: ਨੂੰ ਬਸਬੇ ਚੁਵਿੰਡ ਦੀ ਤਹਸੀਲ ਦਾ ਸ਼ਾਹੀ ਮਾਮਲਾ ਉਗਰਾਹੀ ਹੋਕੇ ਲਾਹੌਰ ਨੂੰ ਜਾਂਦਾਸੀ ਸਿੰਘਾਂਨੇਉਨ੍ਹਾਂ ਥੋਂ ਖੋਹਲੇਲੋੜਵੰਦਾਂ ਨੂੰ ਵੰਡ ਦਿਤਾ। ਏਧਰ ਤਾਂ ਏਨ੍ਹਾਂ ਦੇ ਫੜਨ ਵਾਸਤੇ ਫੌਜ ਚੜ੍ਹੀ ਤੇ ਓਧਰ ਦਰਬਾਰਾ ਸਿੰਘ, ਫਤੇਸਿੰਘ,ਖੜਕ ਸਿੰਘ ਆਦਿਕਾਂ ਨੇ ਲੁਹਣੀਆਂ ਪੁਰਾਨੇ ਕਸੂਰਦਾ ਮਾਮਲਾ ਜੋ ਲਾਹੌਰ ਨੂੰ ਜਾ ਰਿਹਾ ਸੀ,ਥਾਨੇ ਛਾਛੇ ਪਿੰਡ ਪਾਸ ਰਾਤ ਦੇ ਵਕਤ ਜਾ ਹੱਲਾ ਬੋਲਿਆ ਅਨੇਕਾਂ ਨੂੰ ਮਾਰਕੇ ਜ਼ਖਮੀ ਕਰਕੇ ਘੋੜੇ ਦੌੜਾ ਸਾਂਦਲਬਾਰ ਦੇ ਜੰਗਲਾਂ ਵਿੱਚ ਜਾ ਵੜੇ। ਏਸੇ ਸਮੇਂ ਮੁਰਜਨਾਖਾਂ ਕੰਧਾਰੀ ਮਸ਼ਹੂਰ ਸੌਦਾਗਰ ਘੋੜੇ ਲੈਕੇ ਦਿੱਲੀ ਨੂੰ ਚੱਲਨਾ ਸੀ, ਓਸਨੂੰ ਜਿਲੇ ਅਮ੍ਰਿਤਸਰ ਜੰਡਿਆਲੇ ਪਿੰਡ ਪਾਸ ਘੇਰ ਲਿਆ। ਮੁਰਾਲਾ ਆਪ ਤਾਂ ਘੋੜਿਆਂ ਦੇ ਘਾਹ ਵਿੱਚ ਲੁਕਕੇ ਬਚਿਆ ਤੇ ਸਾਥੀ ਕੁਛ ਮਾਰੇ ਗਏ ਤੇ ਬਾਕੀ ਦੇ ਲੱਠ ਗਏ, ਸਿੰਘ ਘੋੜੇ ਤੇ ਅਸਬਾਬ ਲੈਕੇ ਬ੍ਰਿਛਾਲੇ ਟੀ ਬੀੜ ਵਿਚ ਜਾ

Sri Satguru Jagjit Singh Ji eLibrary NamdhariElibrary@gmail.com

ਵੜੇ । ਸੌਦਾਗਰ ਨੂੰ ਮੰਡਜਾਲੇ ਦੇ ਮਹੰਤ ਆਕੁਲ ਦਾਸ ਨੇ ਘਾਹ ਵਿੱਚੋਂ ਕੱਢਕੇ ਲਾਹੌਰ ਪਹੁੰਚਾਯਾ । ਏਸੇ ਸਾਲ ਸਾਢਰਖਾਂ ਬਾਰਾਂ ਹਜ਼ਾਰੀ ਮਹੰਮਦ ਸ਼ਾਹ ਬਾਦਸ਼ਾਹ ਦਾ ਸਾਲਾ ਆਪਣੇ ਕਬੀਲਜਾਂ ਸਮੇਤ ਕਾਬਲ ਵੱਲੋਂ ਦਿੱਲੀ ਨੂੰ ਜਾਂਦਾ ਸੀ । ਸੋ ਉਸ ਦਾ ਸ਼ਿਕਾਰ ਬਾਘ ਸਿੰਘ ਤੱਲੇ ਵਾਲੀਏ ਨੇ ਗੋਇੰਦਵਾਲ ਦੇ ਪੱਤਣ ਪਰ ਖੇਡਜਾ ॥

ਓਦੋਂ ਓਹ ਸਿੱਖਸ਼ਿਵਾਹਿ ਸ਼ਾਹੀ ਫੌਜ ਦੇ ਹੋਰ ਕਿਸੇ ਨੂੰ ਨਹੀਂ ਲੁਟਦੇ ਸੇ, ਜੇ ਕੋਈ ਬੇਦੋਸੀ ਭੁਲੇਖੇ ਨਾਲ ਲੁਟਿਆ ਵੀ ਜਾਂਦਾ ਤਾਂ ਓਸਨੂੰ ਓਸਦਾ ਮਾਲ ਮੋੜਦੇ ਦਿੱਤਾ ਜਾਂਦਾ । ਜੈਸੇ ਸ੍ਰੀ ਹਰਿਗੋਬਿੰਦ ਪੁਰਦੇ ਪਾਸ ਪ੍ਰਤਾਪਚੰਦ ਖੱਤ੍ਰੀ ਸਜਾਲਕੋਟੀਏ ਸੌਦਾਗਰ ਦੇ ਊਂਠਾਂ ਦੀ ਕਤਾਰ; ਜਿਨ੍ਹਾਂ ਪਰ ਪਸ਼ਮੀਨਾ ਲੱਦਜਾ ਹੋਯਾ ਸੀ, ਸਿੰਘਾਂ ਨੇ ਲੁੱਟ ਲਈ, ਪਰ ਜਦ ਮਾਲੂਮ ਹੋਯਾ ਤਾਂ ਸਭ ਮਾਲ ਓਸਦਾ ਮੋੜ ਦਿੱਤਾ, ਜਿਸਤੇ ਓਹ ਹਮੇਸ਼ ਸਿੰਘਾਂ ਦੀ ਮਦਦ ਕਰਦਾ ਰਿਹਾ । ਓਨਾਂ ਦਿਨਾਂ ਵਿਚ ਸਿੰਘਾਂ ਦੇ ਦੋ ਦੋ ਤਿੰਨ ਤਿੰਨ ਸੌ ਅਸਵਾਰਾਂ ਦੇ ਅਨੇਕ ਝੁੰਡ ਪੰਜਾਬ ਵਿਚ ਫਿਰ ਰਹੇ ਸੇ । ਰਾਤ ਨੂੰ ਤਾਂ ਸ਼ਾਹੀ ਸੈਨਾਂ ਵਿਚ ਮਾਰੋ ਮਾਰ ਕਰਦੇ ਰਹਿੰਦੇ ਤੇ ਦਿਨੇ ਚੰਗਾ ਘਾਹ, ਜਲ, ਜੰਗਲ ਦੇਖਕੇ ਗੁਜ਼ਾਰਾ ਕਰਦੇ ਤੇ ਲੁਟਦੇ ਮਾਲਦਾ ਮਲੀਦਾ ਕੁੱਟ ਕੱਟਯਾ ਸ਼ਿਕਾਰ ਭੁੰਨ ਭੁੰਨ ਛਕ ਛਕ ਸੌਂ ਰਹਿੰਦੇ । ਘੋੜਿਆਂ ਨੂੰ ਭੀ ਸ਼ਿਕਾਰ ਤੇ ਮਲੀਦਾ ਛਕਾਉਣ ਸਿਖਾ ਲੱਖਜਾਸੀ, ਏਸ ਕਰਕੇ ਅੱਸੀ ੨ ਸੌ ਸੌ ਕੋਸ ਤਕ ਇੰਨ੍ਹਾਂ ਦੇ ਘੋੜੇ ਨਿਕਲ ਜਾਂਦੇ ਸੇ। ਜਦ ਗਸ਼ਤੀ ਫੌਜ ਕਿਧਰੋਂ ਆਂਦੀ ਤਾਂ ਝਟਾ ਝਟ ਬਾਠੀਆਂ ਪਾਕੇ ਅੱਡੀ ਲਗਾ ਜਾਂਦੇ । ਜੇ ਕਦੇ ਘੇਰੇ ਜਾਂਦੇ ਤਾਂ ਵੰਨੇ ਹੱਥ ਦਿਖਾ ਕਰ ਮੁੰਹ ਮੋੜ ਜਾਂਦੇ। ਜੰਗਲ ਮੈਦਾਨ ਵਿੱਚ ਤਾਂ ਸਿੰਘ

Sri Satguru Jagjit Singh Ji eLibrary NamdhariElibrary@gmail.com

ਦੁਸ਼ਮਣਾਂ ਦੇ ਅੱਖਿਓ ਨਹੀਂ ਆਉਂਦੇਸੇ, ਕਿਉਂਕਿ ਸਿੰਘ ਤਾਂ ਜੰਗਲਾਂ ਦੇ ਰਾਹਾਂ ਦੇ ਭੇਤੀ ਸੇ ਤੇ ਬਾਦਸ਼ਾਹੀ ਫੌਜ ਨੂੰ ਜੰਗਲਾਂ ਵਿੱਚ ਵੜਨਾ ਮੌਤ ਸੀ।

ਚਵਿੰਡੇ ਪਿੰਡ ਦਾ ਜੰਗ

ਸੰਃ ੧੭੮੪ ਚੜ੍ਹਦੇ ਚੁਵਿੰਡੇ ਵਾਲੇ ਬਹਾਦਰ ਸਿੰਘ ਜਥੇਦਾਰ ਦੇ ਵੇਟੇ ਦੇ ਆਨੰਦ ਉਤੇ ਬਹੁਤ ਸਿੰਘ ਕਠੇ ਹੋਏ ਤਾਂ ਮੋਰੀ ਅੱਰ ਮਾੜੀ ਪਿੰਡ ਦੇ ਕੁਰਾਲ ਠਾਂਣੇ ਤੋਂ ਫੌਜ ਚੜ੍ਹਾ ਲਜਾਏ, ਗਸ਼ਤੀ ਫੌਜ ਨੇ ਸਿੰਘਾਂ ਨੂੰ ਆ ਘੇਰਿਆ। ਭਲਾ ਓਹ ਸ਼ੇਰ ਘੇਰੇ ਵਿੱਚ ਕਦ ਰਹਿ ਸਕਦੇ ਸੇ? ਤਲਵਾਰਾਂ ਖਿੱਚ ਖਿੱਚ ਬਡੀਦਲੇਰੀ ਨਾਲ ਸੱਤ ਸ੍ਰੀ ਅਕਾਲ ਗਜਾਉਂਦੇ ਹੋਏ ਬਾਹਰ ਨਿਕਲ ਪਏ ਤੇ ਮੁਸਲਮਾਨਾਂ ਨੂੰ ਮਾਰਦੇ ਮਾਰਦੇ ਨਿਕਲ ਗਏ। ਦਸਕੁ ਸਿੰਘ ਤੀਹਾਂਕੁ ਨੂੰ ਮਾਰਕੇ ਸ਼ਹੀਦ ਹੋ ਗਏ, ਜਦ ਮੁਸਲੇ ਸਿੱਖਾਂ ਦੇ ਬਾਲ ਬੱਚੇ ਤੇ ਔਰਤਾਂ ਨੂੰ ਹੱਥ ਪਾਉਣ ਲੱਗੇ ਤਾਂ ਵਜਾਹ ਵਾਲੇ ਘਰ ਜੋ ਬਹੁਤ ਸਿੰਘਣੀਆਂ ਬੈਠੀਆਂ ਹੋ ਰਹੀਆਂ ਸਨ, ਉਨ੍ਹਾਂ ਨੇ ਸੋਟੇ ਫੜ ਲਏ, ਉਨ੍ਹਾਂ ਨੂੰ ਵੇਖਕੇ ਹੋਰ ਭੀ ਬੱਟੀਆਂ ਉਠ ਪਈਆਂ, ਸਲਘਾਂ, ਸੋਟੇ ਮਾਰ ਮਾਰ ਤੁਰਕਾਂ ਨੂੰ ਪਿੰਡੋਂ ਕੱਢ ਛੱਡਜਾ। ਏਸੇ ਤਰਾਂ ਅਨੇਕ ਪਿੰਡਾਂਵਿੱਚ ਹੁੰਦੀ ਰਹਿੰਦੀਸੀ।

ਗਦਰ ਦਾ ਰਵਾਜ ਸਾਰੇ ਦੇਸ ਵਿਚ

ਬਹੁਤ ਮੁਦਤ ਤਕ ਏਸਤਰਾਂ ਦਾ ਰੌਲਾ ਪਿਆ ਰਿਹਾ। ਗਸ਼ਤੀ ਫੌਜ ਤੋਂ ਸਿੰਘਾਂ ਦਾ ਜ਼ਰਾ ਭੀ ਬੰਦੋਬਸਤ ਨਾ ਹੋਸਕਾ, ਸਗੋਂ ਬਹੁਤ ਗਦਰ ਵਧ ਗਿਆ, ਸਿੰਘਾਂ ਨੂੰ ਲੁੱਟ ਮਾਰ ਕਰਦੇ ਵੇਖਕੇ ਸਾਰੇ ਮੁਲਕ ਦ ਲੁਟੇਰੇ ਹਿੰਦੂ ਮੁਸਲਮਾਨ ਇੱਕ ਦੂਸਰੇ ਨੂੰ ਲੁੱਟਣ ਉਠ ਪਏ। ਸਾਰੀ ਪੰਜਾਬ ਤੇ ਮਾਲਵੇ ਵਿੱਚ ਦਿਨ

Sri Satguru Jagjit Singh Ji eLibrary NamdhariElibrary@gmail.com

ਰਾਤ ਬੰਦੂਕ ਚਲਦੀ ਰਹੇ । ਗਊ ਭੈਂਸ, ਬੈਲ, ਘੋੜਾ, ਘਰ, ਖੇਤ, ਔਰਤ, ਮੁੰਡਾ, ਕੁੜੀ ਆਦਿਕ ਕੋਈ ਚੀਜ਼ ਕਿਸੇ ਦੀ ਰਹਿਣੀ ਨਾ ਪਵੇ, ਰਾਤ ਦਿਨੇ ਕਟਕ ਪਏ ਦੌੜਨ, ਛੋਟੇ ੨ ਪਿੰਡ ਉਜੜ ਗਏ, ਹਰ ਇਕ ਪਿੰਡ ਦੇ ਚੁਫੇਰੇ ਕੋਟ, ਖਾਈ ਦਰਵਾਜ਼ੇ ਬੁਰਜ ਬਣ ਗਏ, ਬੁਰਜਾਂ ਉਤੇ ਟੱਮਕ ਟੱਖੇ ਰਹਿੰਦੇ, ਵਾਰੀ ਸਿਰ ਪਿੰਡ ਦੇ ਆਦਮੀ ਬੁਰਜਾਂ ਪਰ ਯਾ ਉਚੇ ੨ ਦਰਖਤਾਂ ਪਰ ਟਾਂਗੂ ਬੈਠੇ ਰਹਿੰਦੇ, ਜਦ ਕਿਧਰੋਂ ਕਟਕ ਆਉਂਦਾ ਗਰਦ ਉਡਦੀ ਦੇਖਕੇ ਟਾਂਗੂ ਟੱਮਕ ਬਜਾ ਦੇਂਦੇ ਤਾਂ ਸਭ ਲੋਕ ਬੰਦੂਕਾਂ ਕਸ ਕਸ, ਨੇਜੇ, ਬਰਛੇ, ਤਲਵਾਰਾਂ ਫੜ ੨ ਮੋਰਚਾਂ ਵਿੱਚ ਕੋਟ ਉੱਤੇ ਚੜ੍ਹ ਬੈਠਦੇ ।

ਏਸੇਤਰਾਂ ਆਪਨੇ ਨਾਲ ਮਾਲ ਨੂੰ ਬਚਾਲੈਣ, ਕੋਈ ਕੋਈ ਪਿੰਡਾਂ ਵਾਲੇ ਬਹਾਦਰ ਲੋਗ ਢੋਲ ਬਜਵਾਂਦੇ, ਪਿੰਡੋਂ ਬਾਹਰ ਨਿਕਲ ਕੇ ਲੜਾਈ ਕਰਦੇ ਤੇ ਕਟਕ ਦੀ ਭੀ ਲੁੱਟ ਮਾਰ ਕਰ ਲੈਂਦੇ । ਏਸੇ ਤਰਾਂ ਦਿਨੇ ਕਟਕ, ਧਾੜਾ, ਡਾਕੇ, ਖੂੰਨ ਹੁੰਦੇ ਰਹਿੰਦੇ, ਕੋਈ ਹਾਕਮ ਕਿਸੇ ਤਰਾਂ ਦਾ ਬੰਦੋਬਸਤ ਨਹੀਂ ਕਰ ਸਕਦਾ ਸੀ । ਦਿਨ ਛਿਪਦੇ ਨਾਲ ਹੀ ਪਿੰਡਾਂ ਦੇ ਦਰਵਾਜ਼ੇ ਲੱਗ ਜਾਂਦੇ, ਚਾਰ ਘੜੀ ਦਿਨ ਚੜ੍ਹੇ ਖੁੱਲਦੇ, ਮਾਲ ਬਾਹਰ ਚਰਨ ਭੁਗਨ ਜਾਂਦੇ ਤਾਂ ਬਿਗਾਨੇ ਸਮਝੇ ਜਾਂਦੇ, ਘਰ ਆ ਜਾਂਦੇ ਤਾਂ ਆਪਣੇ ਸਮਝੇ ਜਾਂਦੇ । ਏਸੇ ਤਰਾਂ ਮੁੰਡੇ, ਕੁੜੀਆਂ, ਔਰਤਾਂ ਦਾ ਹਾਲ ਸੀ ਜੋ ਜਿਸਦੇ ਹੱਥ ਆਯਾ ਸੋਈ ਲੈਗਿਆ । ਬਾਹਰੋਂ ਗਊਆਂ ਭੈਸਾਂ ਨੂੰ ਕਟਕ ਲੈ ਜਾਂਦਾ, ਘਰ ਕਟਰੂ, ਬਛਰੂ ਅਰੜਾਕੇ ਮਰ ਜਾਂਦੇ । ਕਈ ਵਾਰ ਬਾਹਰ ਹਾਲੀਆਂ, ਪਾਲੀਆਂ ਨੂੰ ਲਦਕੇ ਲੈ ਸਿੱਟ ਜਾਂਦੇ ਤੇ ਕਪੜੇ ਉਤਾਰ, ਮਾਲ ਹੱਕਕੇ ਲੈ ਜਾਂਦੇ । ਜੋਰ ਵਾਲੇ ਦਾ ਤੇ ਦਿਹਾੜ ਵਾਲੇ ਦਾ ਨਿਰਬਾਹ ਹੁੰਦਾ

Sri Satguru Jagjit Singh Ji eLibrary NamdhariElibrary@gmail.com

ਸੀ ਦੂਸਰੇ ਦਾ ਬੁਰਾ ਹਾਲ । ਪਰ ਇਕ ਗੱਲ ਚੰਗੀ ਸੀ ਜੋ ਪਿੰਡ ਵਿਚਲੇ ਦੀ ਚੀਜ਼ ਨੂੰ ਪਿੰਡ ਵਸਦਾ ਛੋਈ ਨਹੀਂ ਛੇੜਦਾ ਸੀ, ਸਗੋਂ ਇਕ ਦੂਸਰੇ ਦਾ ਰਾਖਾ ਹੁੰਦਾ ਸੀ । ਅਤੇ ਏਹਨਾਂ ਪਰਾਧੇ, ਭੱਟੀ, ਛੋਗਰ, ਖਲੋਚ, ਖਰਲ, ਜੱਟ, ਬੈਰਾੜ, ਆਦਿਕ ਕੌਮਾਂ ਦੇ ਸਰਦਾਰ ਮਖਣਾ, ਪੀਰਾ, ਮਿੱਤੂ, ਨਕਟਾ, ਜੋਧਾ, ਸੇਵਾ, ਦੱਲੂ, ਰੂਹੜ, ਭਾਰਾ ਆਦਿਕ ਸੇ । ਜ਼ਿਲੇ ਫੀਰੋਜਪੁਰ ਦੇ ਹਲਵਾਰਾ, ਆਡਰੂ, ਝਲ, ਝੁੰਡ ਮੰਮ, ਬਹਿਕਾ, ਬਿੱਝੂਕੇ, ਹਰੀਕੇ ਆਦਿਕ ਪਿੰਡਾਂ ਤੋਂ ਕਟਕ ਨਿਕਲਦੇ ਸੇ ਤੇ ਬੀਂਘੜਾ, ਬੋਹਨਾ, ਹਰਜਾਊ, ਬੁਢਲਾਡਾ, ਰਾਣੀਆ, ਟੋਹਾਣਾ ਸਰਸੇ ਆਦਿਕ ਪਰਗਨਜਾਂ ਵਿਚੋਂ ਕਟਕ ਆਂਦੇ ਸੇ । ਏਸੇ ਤਰਾਂ ਮੁਲਕ ਮਾਝੇ ਦਾਬੇ ਦੜਪ ਝੰਗ ਆਦਿਕ ਅਨੇਕ ਪਿੰਡਾਂ ਵਿਚੋਂ ਮਸ਼ਹੂਰ ਧਾੜੇ ਦੌੜਦੇ ਸੇ । ਏਨਾਂ ਡਕੈਤਾਂ ਦੇ ਝੁੰਡਾਂ ਨੂੰ ਲੋਕ ਧਾੜਾ, ਪੇੜਾ, ਕਟਕ ਨਾਮ ਕਰਕੇ ਪੁਕਾਰਦੇ ਹੁੰਦੇ ਸੇ । ਜੱਦਪਿ ਹਾਕਮਨੇ ਅਨੇਕ ਉਪਾਇ ਕੀਤੇ, ਪਰ ਸੰਃ ੧੭੬੫ ਤੋਂ ਲੈਕਰ ਸੰਃ ੧੮੨੨ ਬਿਃ ਤਕ ਅਮਨ ਨਾ ਹੋਯਾ । ਜਜੋਂ ੨ ਔਰੰਗਜ਼ੇਬ ਦੇ ਜ਼ੁਲਮਾਂ ਦੇ ਸਤਾਏ ਹੋਏ ਦੱਖਣ ਵਿੱਚ ਮਰਹਟੇ, ਜਧਲਪੁਰ ਆਦਿਕ ਵਿੱਚ ਪੰਡਾਰੇ, ਬੰਗਾਲੇ ਕਾਂਸ਼ੀ ਅਵਧ ਵਿੱਚ ਡੱਕ ਪੰਜਾਬ ਵਿੱਚ ਸਿੱਖ ਏਹ ਲੋਕ ਸ਼ਾਹੀ ਹਾਕਮਾਂ ਦੇ ਮੁਕਾਬਲੇ ਵਿੱਚ ਖੜੇ ਹੋਏ ਤਜੋਂ ੨ ਮੁਗਲਾਂ ਦੀ ਬਾਦਸ਼ਾਹੀ ਦਾ ਅੰਤ ਕਰਕੇ ਹਟੇ, ਫੇਰ ਨਾਦਰਸ਼ਾਹ ਅਹਿਮਦਸ਼ਾਹ ਦੇ ਹੱਲੇ ਹੁੰਦੇ ਰਹੇ ਤਾਂ ਭੀ ਗਦਰ ਬਣਿਆਂ ਰਿਹਾ, ਆਖਰ ਹਿੰਦੁਸਤਾਨ ਤੇ ਦੱਖਣ ਵਿੱਚ ਤੇ ਸਰਕਾਰ ਅੰਗ੍ਰੇਜ਼ੀ ਦਾ ਰਾਜ ਹੋਯਾ ਤੇ ਪੰਜਾਬ ਮਾਲਵੇ ਬਾਗਤ ਵਿੱਚ ਸਿੱਖਾਂ ਦਾ ਰਾਜ ਹੋਯਾ ਤਾਂ ਗਦਰ ਬੰਦ ਹੋਯਾ, ਨਹੀਂ ਤਾਂ ਉਸ ਪੰਜਾਹ, ਸੱਠ ਬਰਸਦੇ ਰੋਲੇ ਵਿੱਚ ਹਜਾਰਾਂ ਪਿੰਡ ਉਜੜ ਗਏ, ਬੇਸ਼ੁਮਾਰ ਲੋਕ ਕਤਲ

Sri Satguru Jagjit Singh Ji eLibrary NamdhariElibrary@gmail.com

ਹੋਏ । ਜਜੋਂ ਜਜੋਂ ਮੁਸਲਮਾਨ ਬੰਦੇਬਸਤ ਕਰਨ ਵਾਸਤੇ ਸਿੱਖਾਂ ਉਤੇ ਜ਼ੁਲਮ ਕਰਦੇ ਰਹੇ,ਤਜੋਂ ੨ ਰਾਜ ਰੌਲਾ ਵਧਦਾ ਗਿਆ ॥

ਸਿੰਘਾਂ ਉੱਤੇ ਜ਼ੁਲਮ ਹੋਣੇ

ਜਦ ਸੂਬੇ ਲਾਹੌਰ ਜਾਲੰਧਰ ਆਦਿਕ ਮਕਾਨਾਂ ਦੇ ਹਾਕਮ ਅਨੇਕ ਵੇਲਣ ਵੇਲਕੇ ਹਾਰ ਗਏ ਤੇ ਗਜ਼ਨਵੀ ਫੌਜ ਭੀ ਘੱਟਾ ਛਾਣਕੇ ਰੈਹ ਗਈ ਤਾਂ ਮੱਘਰ ਸੰਃ ੧੭੮੪ ਬਿਃ ਵਿੱਚ ਸੂਬੇ ਲਾਹੌਰ ਨੇ ਏਸਤਰਾਂ ਦੀ ਡੌਂਡੀ ਫਿਰਾ ਦਿੱਤੀ ਕਿ ਜੋ ਕੋਈ ਇੱਕ ਸਿੱਖ ਨੂੰ ਫੜਾਵੇਗਾ ਓਸਨੂੰ ਪੰਜ ਰੁਪਏ ਜੋ ਆਪ ਫੜਕੇ ਲੈ ਆਵੇ ਓਸ ਨੂੰ ਦਸ ਰੁਪਏ, ਜੋ ਕੋਈ ਸਿੱਖ ਦਾ ਸਿਰ ਕੱਟ ਕੇ ਲਜਾਵੇ ਓਸਨੂੰ ਵੀਹ ਰੁਪਏ ਇਨਾਮ ਸਰਕਾਰੋਂ ਮਿਲੇਗਾ, ਏਸ ਤੋਂ ਅਧਿਕ ਜੋ ਕੋਈ ਹੋਰ ਕੰਮ ਕਰੇਗਾ ਓਸਨੂੰ ਅਧਿਕ ਇਨਾਮ, ਜਾਗੀਰ, ਖਿਲਤ ਆਦਿਕ ਮਿਲਨਗੇ, ਏਸ ਲਾਲਚ ਬਦਲੇ ਬਹੁਤੇ ਹਿੰਦੂ ਮੁਸਲੇ ਬੇਈਮਾਨ ਹੋਕਰ ਸਿਖਾਂ ਦੇ ਫੜਨੇ ਫੜਾਉਣੇ ਤੇ ਮਾਰਨੇ ਪਰ ਲੱਕ ਬੰਨ੍ਹ ਖੜੋਤੇ । ਫੇਰ ਤਾਂ ਕੋਈ ਸਿੱਖ ਕਿਸੇ ਪਿੰਡ ਵਿੱਚ ਨਾ ਰਿਹਾ ਸਭ ਘਰ ਛੱਡ ਛੱਡ ਕੇ ਨੱਠ ਗਏ, ਬਾਲਕ ਤੇ ਬੁਢੇ ਤਾਂ ਮਾਲਵੇ ਵਿੱਚ ਜਾ ਵੜੇ ਤੇ ਜਾਨ ੨ ਸਿੰਘ ਜੱਥੇ ਬਨਾਕੇ ਫਿਰਨ ਲੱਗ ਪਏ । ਸੈਂਕੜੇ ਸਿੰਘ ਮੁਖਬਰਾਂ ਨੇ ਫੜਾ ਦਿੱਤੇ । ਕਈ ਦੁਸ਼ਟਾਂ ਨੇ ਹਿੰਦੂ ਮੁਸਲਮਾਨਾਂ ਦੀਆਂ ਔਰਤਾਂ ਦੇ ਸਿਰ ਕੱਟ ਕੱਟ ਕੇ ਕੇਸਾਂ ਤੋਂ ਫੜ ਫੜ ਸਿੱਖਾਂ ਦੇ ਪੁਤ੍ਰ ਕਹਕੇ ਦਰੋਗਜਾਂ ਨੂੰ ਮਿਲ ਮਿਲਾ ਇਨਾਮ ਪਾਏ । ਜਦ ਏਹੋ ਜੇਹੇ ਹਰਾਮ ਖੋਰਾਂ ਦੀ ਖਬਰ ਸੂਬੇ ਨੂੰ ਹੋਈ ਤਾਂ ਓਨਾਂ ਦਗੇ ਦਾਰਾਂ ਤੋਂ ਬਹੁਤ ਚੱਟੀ

Sri Satguru Jagjit Singh Ji eLibrary NamdhariElibrary@gmail.com

ਲਈ। ਜਿਨ੍ਹਾਂ ਜਿਨ੍ਹਾਂ ਲੋਗਾਂ ਨੇ ਸਿੰਘਾਂ ਨੂੰ ਫੜਾਏ ਇਨਾਮ ਲੀਤੇ ਸੇ ਓਨਾਂ ਨੂੰ ਸਿੰਘਾਂ ਨੇ ਬੀ ਖੂਬ ਦੰਡ ਦਿਤਾ। ਜੱਦਪਿ ਏਸਤਰਾਂ ਬਹੁਤ ਸਿੰਘ ਮਾਰੇ ਗਏ ਤਾਂ ਬੀ ਅਪਣਾ ਸੁਭਾਵ ਸਿੰਘਾਂ ਨੇ ਨਾ ਛੱਡਿਆ॥

ਦਿੱਲੀ ਦੇ ਟਗਿਆਂ ਲਈ ਅਫੜਾ ਦਫੜੀ ਤੇ ਖਜਾਨਾਂ ਸਿੱਖਾਂ ਤੋਂ ਲੁਟਾਨਾ

ਹੁਣ ਏਸ ਜੁਲਮ ਦੇ ਕਾਰਨ ਦੇਸ ਵਿੱਚ ਖੇਤੀ ਬਾੜੀ ਸੁਦਾਗਰੀ ਬੰਦ ਹੋਣੇ ਕਰ ਪਰਜਾ ਭੁਖੀ ਮਰਨ ਲੱਗੀ, ਸ੍ਰਕਾਰੀ ਹਾਲਾ ਉਘੇ ਨਹੀਂ ਜ਼ਿਮੀਦਾਰਾਂ ਨੂੰ ਸਪਾਹੀਆਂ ਨੇ ਮਾਰ ਕੁਟ ਕੇ ਉਲਟਾ ਵੈਰੀ ਬਣਾ ਲੀਤਾ, ਬਹੁਤੇ ਤਾਂ ਸਿੰਘ ਸਜ ਕੇ ਖਾਲਸੇ ਵਿੱਚ ਜਾ ਮਿਲੇ ਕਈ ਮਜੂਰੀਆਂ ਨੌਕਰੀਆਂ ਕਰਨ ਜਾ ਲਗੇ, ਏਸ ਕਰਕੇ ਜਦ ਸੂਬੇ ਲਾਹੌਰ ਦੇ ਟਕੇ ਤਿੰਨ ਬਰਸ ਦਿੱਲੀ ਨਾਂ ਪਹੁੰਚੇ ਤਾਂ ਮੁਹੰਮਦ ਸ਼ਾਹ ਬਾਦਸ਼ਾਹ ਨੇ ਹੈਬਤ ਖਾਂ ਤੇ ਅਬਦੁਲਾ ਖਾਂ ਰੁਹੇਲੇ ਸਰਦਾਰਾਂ ਨੂੰ ਦੋ 1716 ਹਜ਼ਾਰ ਰੁਹੇਲਾ ਦੇਕੇ ਸੰਃ ੧੭੮੬ ਵਿਃ ਨੂੰ ਹੁਕਮ ਦਿੱਤਾ ਕਿ 1729 ਜਦੋਂ ਤਾਈਂ ਲਾਹੌਰ ਦਾ ਸੂਬਾ ਟਕੇ ਨਾ ਪਹੁੰਚਾਵੇ ਤਦੋਂ ਤੱਕ ਪੰਜ ਹਜ਼ਾਰ ਰੁਪਯਾ ਰੋਜ ਦਸ੍ਰਕ ਲੈਂਦੇ ਰਹੋ, ਓਨਾਂ ਨੇ ਲਾਹੌਰ ਪਹੁੰਚਕੇ ਏਹੋ ਕੰਮ ਕੀਤਾ। ਸੂਬੇ ਨੇ ਤੰਗ ਹੋਕੇ ਚੌਧਰੀਆਂ ਨੂੰ ਫੜਿਆ। ਜੇਹੜੇ ਚੌਧਰੀ ਸਿਖਾਂ ਦੇ ਫੜਾਉਣ ਵਿੱਚ ਸੇ ਹੁਣ ਓਹੇ ਕੁੜੱਕੀ ਵਿੱਚ ਚੜ੍ਹ ਗਏ, ਰੁਹੇਲਾਂ ਨੇ ਮਾਰ ਮਾਰ ਬੁਰਾ ਹਾਲ ਕੀਤਾ, ਚੌਧਰੀਆਂ ਨੇ ਪਰਜਾ ਉਪਰ ਕੋੜਾ ਬਰਸਾਯਾ॥ ਰੱਯਤ ਪਾਸ ਤਾਂ ਪਹਿਲੇ ਹੀ ਮਿੱਟੀ ਦੇ ਤਵੇ ਸੇ, ਕਿਉਂਕਿ ਬਾਹਰ ਤੋਂ ਲੁਟੇਰੇ ਖੇਤੀ ਚੋਸ ਖਾਂਦੇ, ਘਰ ਵਿੱਚ ਭਾਂਡੇ ਨਾ

Sri Satguru Jagjit Singh Ji eLibrary NamdhariElibrary@gmail.com

ਜਹਿਨੇ ਪਾਉਂਦੇ ਸ਼ਾਹੂਕਾਰਾਂ ਨੇ ਸਭ ਕੁਛ ਜ਼ਮੀਨ ਵਿੱਚ ਦੱਬ ਕੇ ਦਿਵਾਲੇ ਕੱਢ ਛੱਡੇ, ਹਜ਼ਾਰਾਂ ਲੋਕ ਭੁਖੇ ਤ੍ਰੇਹ ਮਾਰੀਦੇ ਮਰ ਗਏ। ਦਸ ੨ ਰੁਪਏ ਨੂੰ ਅਨੇਕਾਂ ਦੇ ਮੁੰਡੇ ਕੁੜੀਆਂ ਵਿਕ ਗਏ, ਬੁਰਾ ਹਾਲ ਬਾਂਕੇ ਦਿਹਾੜੇ ਹੋਗਏ, ਸੂਬੇ ਨੂੰ ਟਕਾ ਵਸੂਲ ਨਾ ਹੋਵੇ, ਓਧਰੋਂ ਦਸ੍ਤੂਰ ਵਾਲੇ ਰੋਜ਼ ਪੰਜ ਹਜ਼ਾਰ ਲੈਕੇ ਰੋਟੀ ਪੱਕਣ ਦੇਂਦੇ। ਪਰਜਾ ਵਿਚੋਂ ਰੁਪਯਾ ਮਿਲੇ ਨਹੀਂ, ਹਾਤਕੇ ਸੂਬੇ ਨੇ ਮਨ ਵਿੱਚ ਕਪਟ ਰੱਖ ਕੁਛ ਜੇਵਰ ਵੇਚਜਾ ਤੇ ਕੁਛ ਕਰਜਾ ਲਿਆ, ਰੁਹੇਲੇ ਸਰਦਾਰਾਂ ਨੂੰ ਵੱਢੀ ਦੇਕੇ ਨਰਮ ਕੀਤਾ ਫੇਰ ਕਈ ਲੱਖ ਰੁਪਯਾ ੮੦ ਅੱਸੀ ਗਡੀਆਂ ਵਿਚ ਥੋੜਾ ੨ ਲੱਦ ਕੇ ਤਲਵ ਤੋਰੀ ਤਾਂ ਰੱਜ ਕੇ ਰੋਟੀ ਖਾਧੀ। ਖਾਨ ਬਹਾਦਰ ਨੇ ਆਪਣੇ ਕਪਟ ਦੀ ਲੀਕ ਮੇਟਣ ਵਾਸਤੇ ਏਹ ਚਾਲ ਚੱਲੀ ਕਿ ਭਾਈ ਸਬੇਗ ਸਿੰਘ ਜੰਥਰਾਂ ਵਾਲੇ ਨੂੰ (ਜੋ ਅਰਬੀ ਫਾਰਸੀ ਪੜ੍ਹਿਆ ਹੋਇਆ ਸੀ ਤੇ ਲਾਹੌਰ ਠੇਕੇਦਾਰੀ ਸੌਦਾਗਰੀ ਕਰਦਾ ਹੁੰਦਾ ਸੀ) ਬੁਲਾਕੇ ਆਖਿਆ, ਜੋ ਕਰ ਏਹ ਖਜਾਨਾ ਸਿੰਘ ਲੁਟ ਲੈਣ ਤਾਂ ਮੇਰੇ ਸਿਰੋਂ ਹਿਸਾਬ ਦੇਣ ਦੀ ਬਲਾ ਟਲਦੀ ਹੈ। ਸਬੇਗਸਿੰਘ ਨੇ ਖਾਲਸੇ ਨੂੰ ਖਬਰ ਕਰਦਿੱਤੀ, ਸਿੰਘਾਂ ਝਟਾਪਟ ਚ ਚਲ ਹਜ਼ਾਰ ਨੇ ਕੱਠੇ ਹੋਕੇ ਤਰਨਤਾਰਨ ਦੇ ਪਰਗਣੇ ਨੂਰਦੀਨ ਦੀ ਸਰਾਇ ਪਾਸ ਜਿੱਥੇ ਰੁਹੇਲੇ ਉਤਰੇ ਹੋਏ ਸਨ, ਦੋ ਜਥੇ ਬਣਾਕੇ ਜਾ ਦਰਸ਼ਨ ਦਿੱਤਾ। ਇਕ ਜਥੇ ਨੇ ਅੱਗੇ ਹੋਕੇ ਲੜਾਈ ਪਾਈ ਤੇ ਦੂਸਰੇ ਜੱਥੇ ਨੇ ਪਿਛਲੇ ਰਾਖਿਆਂ ਨੂੰ ਮਾਰਕੇ ਸਭ ਖਜਾਨਾ ਲੁੱਟ ਲੀਤਾ, ਜੇਹੜਾ ਜੱਥਾ ਸਾਹਮਣੇ ਲੜਦਾ ਸੀ ਓਹ ਭੀ ਘੋੜੇ ਦੌੜਾ ਗਿਆ, ਰੁਹੇਲੇ ਦੇਖਦੇ ਹੀ ਰੈਹ ਗਏ ॥

ਸਭ ਸਿੰਘ ਸੁਬਾਲ ਪਾਸ ਗੁਰੂਕੀ ਬੀੜ ਵਿੱਚ ਜਾ ਬੱਠੇ

Sri Satguru Jagjit Singh Ji eLibrary NamdhariElibrary@gmail.com

ਹੋਏ, ਖਜਾਨਾ ਦੀਵਾਨ ਦਰਬਾਰਾ ਸਿੰਘ ਤੇ ਲਾਂਗਰੀ ਹਰੀ ਸਿੰਘ ਆਦਿਕ ਵਡੇ ੨ ਸਿੰਘਾਂ ਅਗੇ ਰੱਖ ਦਿੱਤਾ, ਓਨਾਂ ਨੇ ਦਸਵਾਂ ਹਿੱਸਾ ਗੁਰੂ ਦੇ ਨਮਿੱਤ ਛੱਡਕੇ ਬਾਕੀ ਸਭ ਨੂੰ ਇਕੋ ਜੇਹਾ ਵੰਡ ਦਿੱਤਾ, ਸਗੋਂ ਜੋ ਲੁਟੇਰੇ ਜੱਟ ਭੀ ਓਦੋਂ ਆ ਰਲੇ ਸਨ, ਓਨਾਂ ਨੂੰ ਭੀ ਬਰਾਬਰ ਹਿੱਸਾ ਦੇਕੇ ਆਪਣੇ ਸਾਥੀ ਬਣਾ ਲਿਆ। ਦਸਵੰਧ ਦੇ ਹਿੱਸੇ ਦਾ ਰੁਪਯਾ ਅੰਮ੍ਰਤਸਰ ਭਾਈ ਮਨੀ ਸਿੰਘ ਜੀਨੂੰ ਲੰਗਰ ਵਾਸਤੇ ਦੇਕੇ ਆਪ ਰਸਤੇ ਹੋਏ, ਏਸ ਰੁਪਯੇ ਨਾਲ ਸਾਮਾਨ ਹੱਥਯਾਰ ਬਣਾਕੇ ਤਿਆਰ ਬਰਤਿਆਰ ਹੋ ਗਏ ॥

ਸੂਬੇ ਨੇ ਦਿਲੀਓਂ ਫੌਜ ਮੰਗਾਈ ਤੇ ਸਿੰਘਾਂ ਨੇ ਛਾਪੇ ਮਾਰਕੇ ਫੌਜ ਨੂੰ ਤੰਗ ਕਰਨਾ

ਜਦ ਖਜਾਨਾ ਲੁਟਿਆ ਗਿਆ ਤਾਂ <u>ਰਹੇਲੇ</u> ਤੇ ਗਾਜ਼ਯੁਦੀ ਫੌਜ ਕੁਛ ਦਿਨ ਤਾਂ ਸਿਖਾਂ ਦੇ ਪਿੱਛੇ ਫਿਰਦੀ ਰਹੀ, ਓੜਕ ਝਖਾਂ ਮਾਰ ਮਾਰ ਲਾਹੌਰ ਨੂੰ ਚਲੀ ਗਈ। ਤਦੋਂ ਖਾਨ ਬਹਾਦਰ ਨੇ ਬਾਦਸ਼ਾਹ ਪਾਸ ਲਿਖ ਭੇਜਿਆ, ਮੈਂ ਤਾਂ ੮੦ ਅਸੀ ਗੱਡੇ ਲੱਦਕੇ ਮਾਇਆ ਦੇ ਦਿਲੀ ਨੂੰ ਤੋਰੇ ਸਨ, ਤੇ ਚਾਰ ਹਜ਼ਾਰ ਫੌਜ ਭੀ ਨਾਲ ਸੀ, ਪਰ ਸਿੰਘਾਂ ਨੇ ਮਾਰਕੇ ਫੌਜ ਨੂੰ ਭਜਾ ਦਿੱਤਾ ਤੇ ਖਜਾਨਾ ਲੁਟ ਲੀਤਾ, ਖੇਤੀ ਹੋਣ ਨਹੀਂ ਦਿੰਦੇ, ਰੱਯਤ ਭੁਖੀ ਮਰਦੀ ਕੰਗਾਲ ਹੋਕੇ ਉਜੜਦੀ ਜਾਂਦੀ ਹੈ, ਅਗੇ ਨੂੰ ਟਕਾ ਵਸੂਲ ਨਹੀਂ ਹੋਣਾ, ਆਪ ਫੌਜ ਭੇਜੋਗੇ ਤਾਂ ਗਦਰ ਹਟੇਗਾ। ਏਹ ਅਰਜ਼ੀ ਸੁਣਕੇ ਬਾਦਸ਼ਾਹ ਦੇ ਤਾਂ ਤਨ ਮਨ ਨੂੰ ਅੱਗ ਲੱਗ ਉਠੀ ਤੇ ਝੱਟ ਪੱਟ ਵੀਹ ਹਜ਼ਾਰ ਫੌਜ ਦੇਕੇ <u>ਰੁਹੇਲੇ</u> ਨਜੀਬ ਖਾਂ ਤੇ ਸਫਦਰ ਖਾਂ

Sri Satguru Jagjit Singh Ji eLibrary NamdhariElibrary@gmail.com

ਜਫਰ ਜੰਗ, ਮੁਨੀਯਮ ਖਾਂ ਆਦਿਕ ਜ਼ਾਲਮ ਫੌਜਦਾਰਾਂ ਨੂੰ ਸਿੱਖਾਂ ਦਾ ਨਾਮ ਨਿਸ਼ਾਨ ਮੇਟਣ ਵਾਸਤੇ ਸੰਃ ੧੭੮੭ ਬਿਃ ਪੰਜਾਬ ਦੀ ਤਰਫ ਰਵਾਨੇ ਕੀਤਾ ਤੇ ਪੰਜਾਬ ਦੇ ਹਾਕਮਾਂ ਪਰਵਾਨੇ ਲਿਖ ਭੇਜੇ ਜੋ ਤੁਸੀ ਭੀ ਸ਼ਾਹੀ ਫੌਜ ਦੇ ਨਾਲ ਹੋਕੇ ਸਿੱਖਾਂ ਦੇ ਪਿੰਡ ਤੇ ਕਿਲੇ ਦੱਸੋ ਤੇ ਹਰਤਰਾਂ ਦੀ ਮਦਦ ਦੇਕੇ ਇਸ ਲੁਟੇਰੀ ਕੌਮ ਦਾ ਨਾਸ ਕਰੋ। ਏਸ ਵਕਤ ਸੂਬੇ ਲਾਹੌਰ ਨੇ ਸੋਚਿਆ ਜੇਕਰ ਏਹ ਫੌਜ ਸਿੱਖਾਂ ਉਤੇ ਫਤੇ ਪਾ ਗਈ ਤਾਂ ਮੈਨੂੰ ਹਾਣ ਆਉ,ਸੋਚਕੇ ਸਦੇਗ ਸਿੰਘ ਹੱਥ ਕਹਿ ਭੇਜਿਆ ਕਿ ਦਿੱਲੀ ਦੀ ਫੌਜ ਨੂੰ ਖਾਲਸਾ ਚੰਗੇ ਹੱਥ ਦਿਖਾਵੇ ॥

ਸਿੰਘਾਂ ਨੇ ਸਰਹੰਦ ਦੇ ਪਰਗਨੇ ਵਿਚ ਹੀ ਪਹੁੰਚਕੇ ਮਾਰੋ ਮਾਰ ਕਰਨੀ ਸ਼ੁਰੂ ਕਰ ਦਿਤੀ ਬਾਕੀ ਕੁਛ ਹਰੀ ਦੇ ਪਤਣ ਦਰੀਆ ਲੰਘਦੇ ਲੁਟੇ ਮਾਰੇ, ਕਿਉਂਕਿ ਸ਼ਾਹੀ ਫੌਜ ਤਾਂ ਵੈੜੀਆਂ ਵਿੱਚ ਲੰਘਦੀ ਸੀ, ਸਿੰਘਾਂ ਨੂੰ ਜਾਹਣ ਮਲੂਮ ਸੇ ॥

ਹਾਕਮ ਜਾਲੰਧਰ ਤੇ ਸੂਬੇ ਲਾਹੌਰ ਦੀ ਫੌਜ ਬੀ ਲਸ਼ਕਰ ਦੇ ਨਾਲ ਹੋ ਗਈ, ਸਿੰਘਾਂ ਦੇ ਪਿੰਡ, ਕਿਲੇ, ਜੰਗਲ, ਦਰਿਆਵਾਂ ਦੇ ਝੱਲ ਦੱਸ ਛੱਡੇ ਤੇ ਮੁਲਤਾਨ ਦੀ ਤਰਫ ਨੂੰ ਫੌਜ ਤੋਰ ਲਈ, ਵਿਚਾਰੇ ਮੁਗਲ, ਪਠਾਣ, ਹਿੰਦੁਸਤਾਨੀ, ਕੁਛਤਾਂ ਜੰਗਲਾਂ ਨੂੰ ਦੇਖਕੇ ਡਰੇ, ਕੁਛ ਪਾਣੀ ਦਾ ਤੋੜਾ, ਅੰਨ ਮੋਠ ਬਾਜਰੀ ਜੋ ਉਨਾਂਨੇ ਕਦੇ ਨਹੀਂ ਖਾਧਾ ਸੀ ਤੇ ਨਾ ਖਾ ਸਕਦੇ ਸਨ, ਬਾਕੀ ਉਚੇਰੇ ਤੇ ਸਿਰਾਲੇ ਘਾਹ ਨੇ ਕਪੜੇ ਪਾੜ ਸਿੱਟੇ, ਜਿਸ ਤੋਂ ਅਤੀ ਦੁਖੀ ਹੋ ਗਏ। ਸ਼ਾਹੀ ਫੌਜ ਲਾਹੌਰ ਵੰਨੀ ਮੁੜ ਪਈ, ਬਾਕੀ ਸਿੰਘਾਂ ਨੇ ਚੰਗੀ ਮਾਰੋ ਮਾਰ ਕੀਤੀ ਜੋ ਭੁਖੀ ਤਿਹਾਈ ਤੇਥਾ ੨ ਪੁਕਾਰਦੀ ਹੋਈ ਮੁੜ ਲਾਹੌਰ ਜਾ ਵੜੀ ॥

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇ ਦੇਸ ਛਡਣਾ

ਹੁਣ ਸੂਬੇ ਨੇ ਸੋਚਿਆ ਕਿ ਸ਼ਾਹੀ ਲਸ਼ਕਰ ਦੀ ਬਹਾਦਰੀ ਤਾਂ ਹੋ ਲਈ, ਜੇਕਰ ਹੁਣ ਫੇਰ ਭੀ ਸਿੰਘ ਦੇਸ ਵਿੱਚ ਰਹੇ ਤਾਂ ਦੂਣੇ ਮੱਛਰ ਜਾਣਗੇ ਤੇ ਮੈਨੂੰ ਬਹੁਤ ਦੁਖੀ ਕਰਨਗੇ, ਝਾਂਤੇ ਏਸ ਫੌਜ ਦੀ ਮਦਦ ਨਾਲ ਏਨ੍ਹਾਂ ਦਾ ਨਾਮ ਨਿਸ਼ਾਨ ਹੀ ਮਿਟਾ ਦੇਈਏ ਤਾਂ ਚੰਗਾ ਹੈ। ਏਹ ਸੋਚਕੇ ਸੂਬੇ ਨੇ ਲਸ਼ਕਰ ਦੇ ਅਨੇਕ ਹਿੱਸੇ ਕਰਕੇ ਸਿੰਘਾਂ ਦੇ ਪਿੱਛੇ ਲਾ ਦਿੱਤੇ, ਤੇ ਦੇਸੀ ਮੁਸਲਮਾਨਾਂ ਤੋਂ ਜੰਗਲਾਂ ਨੂੰ ਅੱਗਾਂ ਲਵਾ ਦਿੱਤੀਆਂ, ਫੇਰ ਤਾਂ ਸਿੰਘਾਂ ਨੂੰ ਬੀ ਮੁਸ਼ਕਿਲ ਬਣੀ, ਦੌੜ ਦੌੜ ਕੁਛ ਪਹਾੜਾਂ ਵਿਚ ਤੇ ਕਈ ਬੇਲਾੜਾਂ ਦੇ ਪਿੰਡਾਂ ਵਿਚ ਜਾ ਰਹੇ, ਬਹੁਤੇ ਰਾਜਪੂਤਾਨੇ ਦੀ ਤਰਫ ਨਿਕਲ ਗਏ, ਜੇੜ੍ਹਾ ਕੋਈ ਥੋੜੀ ਵਪਾਰ ਕਰਨ ਵਾਲਾ ਸਿੰਘ ਸ਼ਾਹੀ ਫੌਜ ਨੂੰ ਲੱਭਿਆ ਸੋ ਕਤਲ ਕੀਤਾ ਗਿਆ, ਬਲਕਿ ਦਾੜ੍ਹੀ ਕੇਸਾਂ ਵਾਲਾ ਜੋ ਕੋਈ ਸਿੱਖ ਯਾ ਅਸਿੱਖ ਧੱਕੇ ਚੜ੍ਹ ਗਿਆ ਓਹੋ ਪਾਰ ਬੁਲਾਇਆ, ਏਸ ਭਾਂਤ ਆਪਣੀ ਤਰਫੋਂ ਸਿੰਘਾਂ ਨੂੰ ਮੁਕਾਕੇ ਸ਼ਾਹੀ ਫੌਜ ਦਿੱਲੀ ਨੂੰ ਮੋੜ ਦਿੱਤੀ॥

ਸਿੱਖਾਂ ਨੇ ਮੁੜ ਆਨਕੇ ਸੋਧਨਾ ਤੇ ਪਤ ਸ਼ੁਧ ਕਰਨੇ

ਜਦ ਬਾਦਸ਼ਾਹੀ ਫੌਜ ਦਾ ਪੰਜਾਬ ਵਿੱਚੋਂ ਦੂਰ ਜਾਣਾ ਸਿੰਘਾਂ ਨੇ ਸੁਣਿਆ ਤਾਂ ਫੇਰ ਸੰਃ ੧੭੮੭ ਵਿਃ ਨੂੰ ਝਾੜਾਂ ਪਹਾੜ ਬਿਗਾੜਾਂ ਵਿੱਚੋਂ ਸਿੰਘ ਖੁੰਬਾਂ ਵਾਂਗੂੰ ਸਿਰ ਕੱਢ ਆਏ, ਕਈ ਹਜ਼ਾਰ ਕੱਠਾ ਹੋ ਗਿਆ, ਧੀਰੇ ਧੀਰੇ ਰਾਜਪੂਤਾਨੇ ਵਾਲੇ ਭੀ ਪਹੁੰਚ ਪਏ, ਫੇਰ ਓਹੋ ਬਜਾਮਤ ਦੀ ਰਾਤ ਨਾਜ਼ਮ ਛਲੀਏ

Sri Satguru Jagjit Singh Ji eLibrary NamdhariElibrary@gmail.com

ਨੂੰ ਤੇ ਦੁਆਲਾਂ ਨੂੰ ਵਰ ਦਿਖਾਈ, ਨਾਲੇ ਜੋਹੜੇ ਸਿੰਘ ਤੇ ਹਿੰਦੂ ਮੱਲੋ ਮਲੀ ਮਹੰਮਦੀ* ਬਣਾਏ ਗਏ ਸਨ, ਓਨਾਂ ਨੂੰ ਫੇਰ ਅੰਮ੍ਰਤ ਛਕਾ ੨ ਆਪਣੇ ਨਾਲ ਮਿਲਾ ਲਿਆ, ਸਿੰਘਾਂ ਦੇ ਏਸ ਤ੍ਰੀਕੇ ਨੂੰ ਵੇਖਕੇ ਹਿੰਦੂ ਮੁਸਲਮਾਨ ਸਭ ਏਹੋ ਆਖ ਉੱਠੇ ਕਿ ਸਿੰਘਾਂ ਜੇਹਾ ਪੱਕਾ ਤੇ ਸੱਚਾ ਮਜ਼ਹਬ ਕੋਈ ਨਹੀਂ, ਹੁਣ ਫੇਰ ਭਾਂਬੜ ਦੇ ਵੱਲਾਂ ਵਾਂਗੂੰ ਸਿੰਘਾਂ ਦੇ ਸੱਥੇ ਉਮਡ ੨ ਕੇ ਤੁਮੇ ਦੇ ਗੋਲੇ ਬਰਸਾਉਂਦੇ ਹੋਏ ਫਿਰਣ ਲਗ ਪਏ, ਓਹ ਕਦੀਮੀ ਰੰਗ ਝਲਕਾਰੇ ਮੁਸਲਮਾਨਾਂ ਨੂੰ ਅਰਾਮ ਹਰਾਮ ਕਰ ਦਿੱਤਾ, ਕਈ ਵਾਰੀ ਲਾਹੌਰ ਦੇ ਬਾਜ਼ਾਰਾਂ ਥੀਂ ਹੁੰਦਿਆਂ ਹੋਇਆਂ ਸੂਬੇ ਨੂੰ ਫੜੇ ਜਾ ਬੁਲਾਈ ॥

ਮੁਲਾਣਿਆਂ ਦਾ ਉਭਾਰ ਹੈਦ੍ਰੀ ਝੰਡਾ ਤੇ ਕਾਹਨੂੰਵਾਨ ਦਾ ਜੁੱਧ

ਜਦ ਏਸ ਭਾਂਤ ਸਿੰਘਾਂ ਨੇ ਫੇਰ ਮੁਸਲਮਾਨਾਂ ਨੂੰ ਸੋਧਿਆ ਤਾਂ ਮੁਲਾਣਿਆਂ ਨੇ ਉਪਦੇਸ਼ ਦੇ ਦੇਕੇ ਤੁਰਕਾਂ ਨੂੰ ਐਸੀ ਕ੍ਰੋਧ ਦੀ ਪਾਂਣ ਚੜ੍ਹਾਈ ਓਹ ਮਰਨ ਮਾਰਨਨੂੰ ਤਿਆਰ ਹੋ ਖਲੋਤੇ,ਪਿੰਡ ੨ ਹੋਕਾ ਫੇਰ ਦਿੱਤਾ ਕਿ ਜੇਕਰ ਏਹੋ ਹਾਲ ਰਿਹਾ ਤਾਂ ਏਨ੍ਹਾਂ ਸਿੱਖਾਂ ਨੇ ਸਾਨੂੰ ਕੱਦ ਛਡਿਆ, ਜਿਨਾਂ ਤੋਂ ਸ਼ਾਹੀ ਫੌਜ ਹਾਰਕੇ ਚਲੀ ਗਈ, ਭਜਦੇ ਮਾਰੇ ਖਾਨ ਬਹਾਦਰ ਦਾ ਮੂਤ ਤੰਬੇ ਵਿੱਚ ਨਿਕਲ ਰਿਹਾ

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੋਵਰੂ ਸੰਃ ੧੭੬੦ ਬਿਃ ਨੂੰ ਅਨੰਦਪੁਰ ਦੇ ਜੰਗ ਵਿੱਚੋਂ ਇਕ ਰਾਮ ਸਿੰਘ ਸਿਖ ਨੂੰ ਮੁਸਲਮਾਨਾਂ ਨੇ ਲੈਜਾਕਰ ਮੁਸਲਮਾਨ ਕਰ ਲਿਆ ਸੀ ਤੇ ਉਸਦੀ ਸੁੰਨਤ ਭੀ ਕਰਾ ਦਿੱਤੀ ਸੀ। ਪੰਦ੍ਰਾਂ ਦਿਨਾਂ ਬਾਦ ਜਦ ਓਹ ਗੁਰੂ ਜੀ ਪਾਸ ਆਯਾ ਤਾਂ ਉਸਨੂੰ ਅੰਮ੍ਰਿਤ ਛਕਾ ਕੇ ਫੇਰ ਆਪਣੇ ਪੰਥ ਵਿਚ ਮਿਲਾ ਲੀਤਾ ਤੇ ਅਗੇ ਨੂੰ ਹੁਕਮ ਦਿਤਾ ਜੋ ਕੋਈ ਹਿੰਦੂ ਯਾ ਸਿੰਘ ਮੁਸਲਮਾਨ ਹੋ ਜਾਵੇ ਓਸਨੂੰ ਅੰਮ੍ਰਿਤ ਛਕਾ ਕਰ ਨਾਲ ਚਲਾ ਮਿਲਾ ਲੈਣਾ, ਏਸੇ ਕਰਕੇ ਸੋਢੀ ਬਚਿਤ੍ਰ ਸਿੰਘ ਆਦਿਕਾਂ ਮੁਸਲਮਾਨੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘਾਂ ਦੇ ਹਵਾਲੇ ਕਰ ਦਿਤਾ ਸੀ ॥

Sri Satguru Jagjit Singh Ji eLibrary NamdhariElibrary@gmail.com

ਹੈ,ਸਾਡੇ ਭਾ ਦੀ ਸ਼ਾਂਮਤ ਹੈ, ਜੇ ਬਚਣਾ ਹੈ ਤਾਂ ਹੁਣ ਸਬ ਦੀਨੀ ਭਾਈ ਕੱਠੇ ਹੋਕੇ ਏਹਨਾਂ ਧਾੜਵੀਆਂ ਦਾ ਨਾਸ ਕਰੋ। ਏਹੋ ਮਤਾ ਮਤਾਕੇ ਸੈਂਕੜੇ ਚੌਧਰੀ ਤੇ ਕਾਜ਼ੀ ਮੌਲਵੀ ਫਕੀਰ ਟੋਲੇ ਬੰਨ੍ਹ ਲਾਹੌਰ ਨੂੰ ਚਲੇ ਆਏ। ਨਵਾਬ ਖਾਨ ਬਹਾਦਰ ਨੂੰ ਆਖਣ ਲੱਗੇ, ਤੂੰ ਤਾਂ ਹੁਣ ਵਹੁਟੀ ਬਣ ਬੈਠਾ ਹੈਂ, ਅਸੀਂ ਕਿਧਰ ਜਾਈਏ, ਏਨਾਂ ਸਿੱਖਾਂ ਨੇ ਸਾਡਾ ਤਾਂ ਕੱਖ ਨਹੀਂ ਛਡਿਆ, ਤੂੰ ਮਦਦ ਕਰੇਂ ਤਾਂ ਅਸੀ ਕਠੇ ਹੋਕੇ ਏਨਾਂ ਦੀ ਖਬਰ ਲਈਏ?ਏਸ ਗਲ ਨੂੰ ਸੁਣਕੇ ਨਵਾਬ ਨੇ ਬੜੀ ਖੁਸ਼ੀ ਮੰਨੀ ਤੇ ਲੱਕ ਬੰਨ੍ਹ ਖੜੋਤਾ। ਹੈਦਰੀ ਝੰਡਾ ਈਦਗਾਹ ਵਿੱਚ ਗਾਡਵਾਕੇ ਸਾਰੀ ਪੰਜਾਬ ਵਿੱਚ ਫੌਜ ਭੇਜ ਦਿੱਤਾ ਕਿ ਦੀਨ-ਮਜ਼ਬ ਦਾ ਜੰਗ ਹੋਊ, ਜੋ ਦੀਨਦਾਰ ਨਬੀ ਦੇ ਕਲਮੇਂ ਦੀ ਆਣ ਮੰਨਦਾ ਹੈ ਓਹ ਦੀਨ ਦੇ ਦੁਸ਼ਮਣਾਂ ਨੂੰ ਦਫੇ ਕਰਨ ਵਾਸਤੇ ਹੈਦਰੀ ਝੰਡੇ ਹੇਠ ਆ ਜਾਵੇ ! ਏਹ ਸੁਣਦੇ ਹੀ ਮਹੰਮਦੀਆਂ ਨੂੰ ਤਾਂ ਤਲੇ ਮੱਛੀ ਲਗ ਪਈ, ਹੋਰਦੀ ਕੀ ਆਖੀਏ ਜੁਲਾਹੇ ਭੀ ਖੱਡੀਆਂ ਵਿੱਚੋਂ ਉਠਕੇ ਮੁੰਗਲੀਆਂ ਤੇ ਕੀਲੀਆਂ ਲੈਕੇ ਤੁਰ ਪਏ । ਭੱਟੀ ਪਰਾਧੇ ਬੋਦਲੇ, ਡੋਗਰੇ, ਟਵਾਣੇ, ਚੱਠੇ ਸਜਾਲ, ਬਲੋਚ, ਡੂੰਡੇ, ਜੱਟ, ਰਾਂਈ, ਕੰਬੋ, ਕੱਕੇ ਜਟੀ, ਕਸ਼ਮੀਰੀ, ਪਠਾਣ, ਮੁਗਲ, ਸ਼ੇਖ, ਸੱਯਦ ਆਦਿਕ ਬੇਅੰਤ ਜਾਤਾਂ ਦੇ ਮੁਸਲਮਾਨ ਹਥੀਂ ਮੈਂਦੀ ਲਾ, ਗਾਨੇ, ਹਥਜਾਰ ਬੰਨ, ਦੀਨ ਮਜ਼ਬ ਦੇ ਜੰਗ ਵਿਚ ਸ਼ਹੀਦ ਹੋਣ ਲਈ ਢੋਲ ਬਜਾਉਂਦੇ, ਛੁ ਛਕੜੇ ਪਾਉਂਦੇ ਹੋਏ, ਸਾਉਣ ਦੇ ਨਾਲੇ ਨਦੀਆਂ ਵਾਂਗ ਉਛਲ ੨ ਸਿੰਘ ਪੰਥ ਬੜਵਾਨਲ ਦੇ ਉਤੇ ਪੈਣ ਲਈ ਲਾਹੌਰ ਵੰਨੀ ਆਏ ਦੇ ਗਠੜੇ ਸਿਰਾਂ ਉਤੇ ਚੁਕ ਕੇ ਚਲੇ ਆਏ । ਇਕ ਪੱਖ ਦੇ ਅੰਦਰ ਕਈ ਲੱਖ ਦੀਨਦਾਰ ਕੱਠਾ ਹੋਗਿਆ ।

Sri Satguru Jagjit Singh Ji eLibrary NamdhariElibrary@gmail.com

ਬਹੁ ਬਡੇ ਦੌਲਤ ਤੇ ਜਾਗੀਰਾਂ ਵਾਲੇ ਮਿਰਜ਼ਾ ਹਾਜੀ ਬੇਗ, ਮੁਰਤਜ਼ਾ ਖਾਂ ਮੁਗਲ ਸੌਦਾਗਰ, ਮੀਆਂ ਮੁਲਾਂ ਚੁਗਲ, ਦੌਲਤ ਖਾਂ ਨਜੀਬ ਗੜ੍ਹੀਆ, ਇਮਾਨਤ ਖਾਂ ਸ਼ੇਖੂਪੁਰੇ ਦਾ, ਹੁਸੈਨ ਖਾਂ ਕਸੂਰੀ, ਜਾਫਰ ਖਾਂ, ਸਲੇਮ ਖਾਂ ਰਸੂਲ ਨਗਰ ਦੇ, ਉਕੀਬੇਗ, ਸ਼ੱਮਸ ਦੀਨ ਅਲੀਗੜ੍ਹੀਏ ਆਦਿਕ ਮੁਸਲਮਾਨ ਤੇ *ਟੋਡਰ ਮਲ ਦੀਵਾਨ ਦਾ ਪੋਤਾ ਪਹਾੜ ਚੰਦ ਚੁਹਲੀਆਂ ਵਾਲਾ, ਚੌਧਰੀ ਸਾਹਿਬਰਾਇ ਨੌਸ਼ਹਿਰੇ ਦਾ ਆਕੁਲਦਾਸ ਜੰਡਿਆਲੇ ਦਾ, ਧਰਮ ਦਾਸ ਆਦਿਕ ਅਨੇਕ ਹਿੰਦੂ ਓਸ ਖੁਦਾਈ ਲਸ਼ਕਰ ਦੇ ਸਹਾਇਕ ਬਣ ਗਏ। ਹੁਣ ਸੰ:੧੭੮੮ ਬਿਃ ਨੂੰ ਨਵਾਬ ਖਾਨ ਬਹਾਦਰ ਨੇ
133 ਏਸ ਦੀਨੀ ਸੈਨਾਂ ਨੂੰ ਬਹੁਤ ਸਾਰਾ ਜੰਗੀ ਸਾਮਾਨ ਤੇ ਫੌਜ ਦੀ ਮਦਦ ਦੇਕੇ ਮੀਰ ਅਨਾਯਤੁਲਾ ਖਾਂ ਬਖਸ਼ੀ ਨੂੰ ਸਭ ਦੇ ਉਤੇ ਹਾਕਮ ਕਰਕੇ ਸਿੰਘਾਂ ਦੇ ਮਾਰਣ ਵਾਸਤੇ ਤੋਰ ਦਿੱਤਾ। ਏਧਰ ਪੰਥ ਖਾਲਸਾ ਭੀ ਅਕਾਲਪੁਰਖ ਉਤੇ ਡੋਰੀ ਤੱਖਕੇ ਸ਼ਹੀਦੀ ਮਰਤਬਾ ਲੈਣ ਨੂੰ ਤਿਆਰ ਹੋਕਰ ਵੀਹ

---

*ਟੋਡਰ ਮਲ ਦੀਵਾਨ ਚੁਹਲੀ ਪਿੰਡ ਦਾ ਸੀ, ਏਸ ਦਾ ਬਾਪ ਬਹੁਤ ਗਰੀਬ ਘੁੰਗਣੀਆਂ ਵੇਚਕੇ ਗੁਜ਼ਾਰਾ ਕਰਦਾ ਹੁੰਦਾ ਸੀ। ਜਦ ਟੋਡਰ ਮਲ ਪੇਟ ਵਿਚ ਆਯਾ ਤਾਂ ਏਸਦੀ ਮਾਂ ਚੰਗੇ ੨ ਕਪੜੇ ਗਹਿਣੇ ਅਤਰ ਆਦਿਕ ਖੁਸ਼ਬੋਈਆਂ ਤੇ ਅੰਗੂਰ ਸੇਓ ਮੰਗਣ ਲਗੀ, ਪਰ ਏਸ ਦਾ ਬਾਪ ਗਰੀਬ ਸੀ, ਕਿਥੋਂ ਲਿਆਕੇ ਦਿੰਦਾ? ਇਕ ਦਿਨ ਐਸਾ ਸੰਜੋਗ ਆਕੇ ਬਣਿਆਂ ਜੋ ਏਸਦੇ ਬਾਪ ਤੋਂ ਸਜਾਦਤਖਾਂ ਮੇਵੇ ਦੇ ਸੌਦਾਗਰ ਨੇ ਪਹਿਲੋਂ ਘੁੰਗਣੀਆਂ ਖਾਧੀਆਂ ਤੇ ਫੇਰ ਜਦ ਖੁਸ਼ ਹੋਕੇ ਕੁਛ ਦੇਣ ਲੱਗਾ ਤਾਂ ਏਸਦੇ ਬਾਪ ਨੇ ਆਪਣੀ ਔਰਤ ਦਾ ਸਾਰਾ ਹਾਲ ਸਣਾਯਾ। ਸੌਦਾਗਰ ਨੇ ਓਸਦੇ ਪੇਟ ਵਿਚ ਭਾਗ ਵਾਲਾ ਪੁਰਖ ਪੈਦਾ ਹੋਣਾ ਸਮਝ ਕੇ ਇਕ ਲਿਖਤ ਕਰਵਾ ਲਈ ਤੇ ਫੇਰ ਹਮੇਸ਼ ਪਰਵਰਸ਼ ਕਰਦਾ ਰਿਹਾ, ਤੇ ਓਦੋਂ ਭੀ ਜੋ ਕੁਛ ਓਸਨੇ ਮੰਗਾ ਸੋ ਸਭ ਕੁਛ ਦਿਤਾ। ਓਸ ਵਿਚੋਂ ਏਹ ਟੋਡਰਮਲ ਪੈਦਾ ਹੋਯਾ ਤੇ ਜਦ ਏਹ ਅਕਬਰ ਸ਼ਾਹ ਦਾ ਦੀਵਾਨ ਸਜਿਆ ਤਾਂ ਸਜਾਦਤ ਖਾਂ ਸੌਦਾਗਰ ਨੇ ਓਹ ਲਿਖਤ ਦਿਖਾ ਕੇ ਵੱਡਾ ਓਹਦਾ ਤੇ ਇਨਾਮ ਪਾਯਾ॥

Sri Satguru Jagjit Singh Ji eLibrary NamdhariElibrary@gmail.com

ਪੰਜੀ ਹਜਾਰ ਸਿੰਘ ਦੀਨੀਆਂ ਨਾਲ ਜੁੱਝਣ ਵਾਸਤੇ*ਕਾਨੂੰਵਾਣ ਛੰਭ ਦੇ ਵਿੱਚ ਜਾ ਕੱਠਾ ਹੋਯਾ, ਕਿਉਂਕਿ ਸਿਖਾਂ ਦੇ ਕਿਲੇ ਕੋਟ ਜਖੀਰੇ ਜੰਗਲ ਹੀ ਸੇ । ਹੈਦਰੀ ਝੰਡੇ ਵਾਲੀ ਖਲਕਤ ਕਾਨੂਵਾਣ ਦੇ ਛੰਭ ਦੇ ਇਰਦ ਗਿਰਦ ਪੰਜ ੨ ਕੋਹ ਉਤਰ ਪਈ । ਕਦੇ ਕਦੇ ਵੇਲੇ ਕੁਵੇਲੇ ਸਿੰਘ ਬਾਹਰ ਨਿਕਲ ਕੇ ਮੁਸਲਮਾਨੀ ਫੌਜ ਉਤੇ ਛਾਪਾ ਮਾਰ ਜਾਂਦੇ ਤੇ ਸ਼ਿਕਾਰ ਮਾਰ ਮਾਰ ਕੇ ਕੱਚਾ ਕੁੰਨਾ ਛਕ ਛਕ ਸ਼ਬਦ ਬਾਣੀ ਪੜ੍ਹਦੇ ਹੋਏ ਜੈਕਾਰੇ ਗਜਾਉਂਦੇ ਰਹਿੰਦੇ।ਜਦ ਇਕ ਮਹੀਨਾ ਏਸੇਤਰਾਂ ਲੰਘਜਾ ਤੇ ਦੀਨੀਆਂ ਦਾ ਅਤੇ ਦੇਸ਼ ਦਾ ਬਹੁਤ ਨੁਕਸਾਨ ਹੋਯਾ ਤਾਂ ਦੀਵਾਨ ਲਖਪਤ ਰਾਇ ਨੇ ਜਾਕਰ ਰੱਯਤ ਨੂੰ ਤੇ ਦੀਨੀ ਦਲ ਨੂੰ ਬੰਦੂਕਾਂ ਭਰਵਾ ਕੇ ਛੰਭ ਦੇ ਚੁਫੇਰੇ ਖੜੇ ਕਰ ਦਿਤਾ ਤੇ ਜੰਗਲ ਅੱਗ ਲਵਾ ਦਿਤੀ। ਜਦ ਸਿੰਘਾਂ ਨੇ ਦੇਖਜਾ ਕਿ ਹੁਣ ਏਥੇ ਕਿਸੇਤਰਾਂ ਬਚ ਨਹੀਂ ਸਕਦੇ ਤਾਂ ਮਰਣਾ ਮੰਡਕੇ ਬੰਦੂਕਾਂ ਕਸ ੨ ਤਲਵਾਰਾਂ ਸੂਤ ੨ ਬਾਹਰਨੂੰ ਛੁੱਟ ਪਏ,ਲੜਦੇ ਭਿੜਦੇ ਸਤਅੱਠ ਕੋਹ ਨਿਕਲ ਗਏ । ਫਿਰ ਸਿੰਘਾਂ ਦੇ ਕਈ ਜੱਥੇ ਬਣ ਗਏ, ਜਦ ਕਿਸੇ ਇਕ ਜੱਥੇ ਪਿਛੇ ਮੁਸਲਮਾਨੀ ਸੈਨਾਂ ਜਾਵੇ ਤਾਂ ਦੂਸਰੇ ਜਥੇ ਰਾਤੋ ਰਾਤ ਓਸ ਪਰ ਜਾ ਪੈਣ । ਇਸੇ ਤਰਾਂ ਕਦੇ ਹੈਦਰੀ ਝੰਡਾ ਸਿਖਾਂ ਦੇ ਪਿਛੇ ੨ ਤੇ ਕਦੇ ਸਿੱਖ ਹੈਦਰੀ ਝੰਡੇ ਦੇ ਪਿਛੇ ੨ ਫਿਰਦੇ ਸਨ । ਦੇਸ਼ ਵਿਚ ਬੰਦੋਬਸਤ ਤੇ ਅਮਨ ਕਰਣ ਦੀ ਥਾਉਂ ਸਗੋਂ ਰਾਜਰੌਲਾ ਪੈ ਗਿਆ । ਜੱਦਪਿ ਮੁਸਲ-

---

*ਕਾਨੂਵਾਣ ਪਿੰਡ ਗੁਰਦਾਸਪੁਰ ਦੇ ਜ਼ਿਲੇ ਵਿਚ ਚੱਕੀ ਨਦੀਦੇਕਿਨਾਰੇ ਸੰ:੧੨੪੨ ਵਿ: ਨੂੰ ਬਾਨੇ ਜੱਟੀ ਨੇ ਵਸਾਯਾ ਸੀ। ਏਥੇ ਇਕ ਝੀਲ ਐਸੀ ਹੈ ਜੋ ਸੈਂਕੜੇ ਚਸ਼ਮੇ ਪਾਣੀ ਦੇ ਵਿਚੋਂ ਨਿਕਲਦੇ ਹਨ, ਸਾਰਜੀ ਬਹੁਤ ਰਹਿੰਦੀ ਹੈ, ਪਿਛਲੇ ਰਾਜੇ ਸਾਰ ਏਥੇ ਆਕਰ ਸ਼ਿਕਾਰ ਖੇਲਦੇ ਰਹਿੰਦੇ ਸਨ । ਮਹਾਰਾਜਾ ਰਣਜੀਤ ਸਿੰਘ ਤੇ ਖੜਕ ਸਿੰਘ ਭੀ ਜਾਂਦੇ ਰਹੇ ਹਨ, ਹੁਣ ਅੰਗ੍ਰੇਜ਼ ਭੀ ਸ਼ਿਕਾਰ ਖੇਲਣ ਜਾਂਦੇ ਰਹੇ ਹਨ।।

Sri Satguru Jagjit Singh Ji eLibrary NamdhariElibrary@gmail.com

ਮਾਨਾਂ ਨੇ ਸਿੱਖਾਂ ਦੇ ਪਿੰਡ ਤੇ ਘਰ ਸਭ ਬਰਬਾਦ ਕਰ ਦਿੱਤੇ, ਪਰ ਏਹ ਜ਼ੋਰਾਵਾਰ ਬਹਾਦਰ ਪੰਥ ਤੁਰਕਾਂ ਦੇ ਕਾਬੂ ਨਾ ਚੜ੍ਹਿਆ, ਅੰਤ ਨੂੰ ਇਕ ਥਾਂ ਸਿੱਖਾਂ ਦਾ ਰਾਵੀ ਦਰਿਆ ਦੇ ਕੰਢੇ ਭਰਥਗੜ੍ਹ ਪਿੰਡ ਵਿੱਚ ਹੈਦਰੀ ਝੰਡੇ ਦੇ ਅੜਿੱਕੇ ਆ ਗਿਆ, ਦੋ ਦਿਨ ਓਥੇ ਲੜਾਈ ਹੋਈ, ਸਿੱਖ ਕੁਛ ਮਾਰੇਗਏ, ਕੁਛ ਜ਼ਖਮੀ ਹੋਗਏ, ਮੁਸਲਮਾਨ ਆਪਣਾ ਸਿਰ ਢੱਕਣ ਕਰ ਝੂਠ ਮੂਠ ਫਤੇ ਦੇ ਨਗਾਰੇ ਵਜਾ ਕੇ ਲਾਹੌਰ ਵੰਨੀ ਮੁੜ ਪਏ। ਕੋਈ ਆਖੇ ਸਭ ਸਿੰਘ ਮਾਰੇ ਗਏ, ਕੋਈ ਕਹੇ ਨਹੀਂ ਦਸ ਬੀਸਕ ਨੱਠ ਬੀ ਗਏ, ਕੋਈ ਬੋਲੇ ਜੇਹੜੇ ਨੱਠੇ ਸਨ, ਓਹ ਬੀ ਅਗੇ ਜਾਕੇ ਦੀਨੀਆਂ ਦੇ ਹਥੋਂ ਭਲਵਾਰ ਦੇ ਘਾਟ ਉਤਾਰੇ ਗਏ। ਏਸੇ ਤਰਾਂ ਜਿਤਨੇ ਮੂੰਹ ਉਤਨੇ ਟਪੇ।

ਛੀਲੋਵਾਲ ਦੀ ਕਟਾ ਵੱਢ

ਓਧਰ ਛੀਲੋਵਾਲ ਪਿੰਡ ਦੇ ਕੋਲ ਲਾਹੌਰ ਤੋਂ ੧੫ ਕੋਹ ਦੱਖਣ ਵੰਨੀ ਏਹ ਸਲਾਹ ਕਰਕੇ ਠੈਹਰ ਗਏ, ਜੇਹੜੇ ਸਿੰਘਾਂ ਨੇ ਸ਼ਾਹੀ ਲਸ਼ਕਰ ਤੇ ਨਵਾਬ ਨੂੰ ਚਲੇ ਚਬਾ ਛੱਡੇ ਸਨ, ਓਨਾਂ ਨੂੰ ਅਸੀ ਮੁਕਾਕੇ ਆਏ ਹਾਂ, ਹੁਣ ਸਾਨੂੰ ਰਾਗ ਰੰਗ ਦੇ ਬੜੇ ਭਾਰੇ ਜਲਸੇ ਕਰਕੇ ਖਿਸੇ ਚੰਗੇ ਸਾਦਿਤ, ਨੇਕ ਤਾਰੀਖ, ਲਾਹੌਰ ਜਾਨਾ ਚਾਹੀਏ, ਜਿਸ ਕਰਕੇ ਨਵਾਬ ਬੀ ਅਗੋਂ ਲੈਣ ਆਵੇ, ਓਧਰ ਮੁਸਲਮਾਨ ਤਾਂ ਸਿੰਘਾਂ ਦੀ ਤਰਫੋਂ ਬੇ ਖਟਕੇ ਹੋਕੇ ਜਲਸੇ, ਨਾਚ, ਮੁਜਰੇ ਦੇਖਣ ਵਿਚ ਰਾਗ ਤਾਂਨ ਸੁਨਣੇ ਔਰ ਨਸ਼ੇ ਵਿਚ ਚੂਰ ਸਨ, ਏਧਰ ਸਿੰਘਾਂ ਪਾਸ ਜਦ ਨਨਕਾਣੇ ਦੀ ਬਾਰ ਵਿਚ ਏਹ ਖਬਰ ਪਹੁੰਚੀ ਤਾਂ ਵੀਹਾਂ ਕੋਹਾਂ ਤੋਂ ਧਾਵਾ ਕਰਕੇ ਰਾਤੋ ਰਾਤ ਰਾਵੀ ਦਰਿਆ

Sri Satguru Jagjit Singh Ji eLibrary NamdhariElibrary@gmail.com

ਦੇ ਗਾਹਣ ਲੰਘ ਪਏ, ਅੰਮ੍ਰਤ ਵੇਲੇ ਅਸੂ ਮਹੀਨੇ ਸੰਃ ੧੭੮੮ ਬਿ: ਨੂੰ ਅੱਠਕ ਹਜ਼ਾਰ ਸਿੰਘ ਕੱਠਾ ਹੋਕੇ ਬਿਜਲੀ ਵਾਂਗੂ ਅਚਾਨਕ ਦੀਨੀ ਲਸ਼ਕਰ ਉੱਤੇ ਆ ਪਿਆ । ਦੀਨੀ ਕੁਛ ਨਾਂ ਸੰਭਾਲ ਸੱਕੇ, ਕਿਉਂਕਿ ਬਹੁਤੇ ਤਾਂ ਨਸ਼ੇ ਦੀ ਖੁਮਾਰੀ ਵਿਚ ਸੁਤੇ ਪਏ ਸਨ, ਤੇ ਕੋਈ ਪਸਵਾੜੇ ਮਾਰ ਰਹੇ ਸਨ, ਕਈ ਨਿਮਾਜ਼ਾਂ ਪੜ੍ਹਦੇ ਵਜੂ ਕਰਦੇ ਸਨ, ਆਪਸ ਵਿਚ ਕੱਠੇ ਨਾ ਹੋਣੇ ਪਾਏ, ਜਿਧਰ ਕਿਸੇ ਨੂੰ ਸਹੂਲਤ ਦਿੱਸੀ ਓਧਰੇ ਦੌੜ ਗਿਆ, ਸਿੰਘਾਂ ਨੇ ਭੁੱਖੇ ਸ਼ੇਰਾਂ ਵਾਂਗੂ ਮੁਸਲਮਾਨਾਂ ਨੂੰ ਥਾਂਓ ਥਾਂਈ ਕੁਤਿਆਂ ਵਾਂਗੂ ਵੱਢ ਲਿਆ, ਲੋਥ ਪਰ ਲੋਥ ਚੜ੍ਹਾ, ਲਹੂ ਦੇ ਨਾਲੇ ਬਹਾ, ਧਰਤੀ ਨੂੰ ਸੁਹਾਗ ਦੀ ਸੂਹੀ ਚਾਦਰ ਪੈਹਨਾ ਦਿੱਤੀ, ਮੁਰਤਜ਼ਾ ਖਾਂ ਸੌਦਾਗਰ, ਮੀਰਮੁਹੰਮਦ, ਹਾਜੀ ਬੇਗ, ਹੁਸੈਨ ਖਾਂ, ਤਕੀਬੇਗ ਪਹਾੜ ਚੰਦ ਆਦਿਕ ਨਾਮੀ ੨ ਲੋਗ ਤਾਂ ਸਿੰਘਾਂ ਨੇ ਚੁਣ ਚੁਣਕੇ ਤੇਗ ਦੀ ਭੇਟਾ ਕਰ ਛੱਡੇ, ਹੱਥਜਾਰ ਘੋੜੇ ਜੰਗੀ ਸਾਮਾਨ ਲੈਕੇ ਸਿੰਘ ਤਾਂ ਸਾਂਦਲ ਬਾਰ ਦੇ ਸੰਘਣੇ ਜੰਗਲ ਵਿੱਚ ਜਾ ਵੜੇ, ਮੁਸਲਮਾਨਾਂ ਦੇ ਘਰ ਘਰ ਸਜਾਪੇ ਹੋਣ ਲੱਗੇ, ਓਦੋਂਦੀ ਹੀ ਏਹ ਕਹਾਵਤ ਹੈ (ਮਾਰਨ ਗਏ ਸੋ ਮਰ ਗਏ ਬੇਈਮਾਨ ਤੇ ਮਾਲ । ਨੰਗੋ ਨੰਗ ਚੁਤਾਲ ਸੌ ਡੇਰਾ ਭੀਲੋਵਾਲ) ਸੂਬਾ ਖਾਨ ਬਹਾਦਰ ਤਾਂ ਏਹ ਹਾਲ ਸੁਣਕੇ ਸੋਗ ਦੇ ਸਮੁੰਦਰ ਵਿੱਚ ਡੁਬ ਗਿਆ ॥

ਨਾਜ਼ਮ ਲਾਹੌਰ ਨੇ ਦਿੱਲੀ ਅਰਜ਼ੀ ਭੇਜਨੀ

ਹੁਣ ਖਾਨ ਬਹਾਦਰ ਨੇ ਸਿੰਘਾਂ ਦਾ ਬੰਦੋਬਸਤ ਹੋਣਾ

ਆਪਣੇ ਬਲ ਤੋਂ ਬਾਹਰ ਦੇਖਕੇ ਮੱਘ ਸੰਃ ੧੭੬੬ ਬਿਃ ਨੂੰ

Sri Satguru Jagjit Singh Ji eLibrary NamdhariElibrary@gmail.com

ਮਹੰਮਦ ਸ਼ਾਹ ਬਾਦਸ਼ਾਹ ਨੂੰ ਏਸ ਤਰਾਂ ਦੀ ਅਰਜ਼ੀ ਲਿਖ ਭੇਜੀ ਕਿ ਅਸੀਂ ਤਾਂ ਸਿੱਖਾਂ ਦਾ ਨਾਮ ਨਿਸ਼ਾਨ ਖੋਹਣ ਵਾਸਤੇ ਕੋਈ ਕਸਰ ਨਹੀਂ ਛੱਡੀ, ਸਾਰੀ ਵਾਹ ਲਾ ਚੁਕੇ ਹਾਂ, ਪਰ ਏਹ ਐਸੀ ਕਠਰੀ ਕੌਮ ਹੈ ਕਦੇ ਹਾਰਦੇ ਨਹੀਂ, ਉਲਟਾ ਏਨਾਂਨੇ ਸਾਨੂੰ ਹਰਾ ਛਡਿਆ, ਫੇਰ (ਨੰਗਾਰੜੇ ਆਕੀ, ਲੁਚਾ ਖੁਦਾ ਤੋਂ ਉੱਚਾ) ਏਨਾਂ ਦਾ ਕੋਈ ਦੇਸ ਪਿੰਡ ਕਿਲਾ ਕੋਟ ਖਜ਼ਾਨਾ ਨਹੀਂ, ਏਨ੍ਹਾਂ ਦੇ ਪੈਗੰਬਰ ਗੁਰੂ ਗੋਬਿੰਦ ਸਿੰਘ ਜੀ ਨੇ ਖੁਦਾ ਦੇ ਹੁਕਮ ਨਾਲ ਐਸੀ ਡਾਢੀ ਕਲਾ ਏਨ੍ਹਾਂ ਵਿੱਚ ਪਾਈ ਹੈ, ਜੋ ਦੁਖ ਕੁਖ ਨੂੰ ਕੁਛ ਸਮਝਦੇ ਹੀ ਨਹੀਂ, ਇਕ ਹਜ਼ਾਰ ਮਾਰੀਦਾ ਹੈ ਚਾਰ ਹਜ਼ਾਰ ਹੋਰ ਪੈਦਾ ਹੋ ਜਾਂਦਾ ਹੈ, ਲੋਗ ਆਖਦੇ ਹਨ ਕਿ ਸਿੱਖਾਂ ਦਾ ਗੁਰੂ ਏਨਾਂ ਨੂੰ ਆਬਹੱਯਾਤ (ਅੰਮ੍ਰਿਤ)ਬਨਾਵਣ ਦੀ ਜੁਗਤਿ ਦਸ ਗਿਆ ਹੈ, ਓਸ ਕਰਕੇ ਭੀ ਏਹ ਨਹੀਂ ਮਰਦੇ, ਸੋ ਜੇਕਰ ਏਹੋ ਹਾਲ ਰਿਹਾ ਤਾਂ ਥੋੜੇ ਹੀ ਚਿਰ ਨੂੰ ਸਾਨੂੰ ਮਾਰਕੇ ਦਿੱਲੀ ਪਹੁੰਚੇ ਜਾਣ, ਫੇਰ ਆਪ ਨੂੰ ਭੀ ਏਸ ਝੁੰਮਣੇ ਮਖੀਰ ਤੋਂ ਪਿੱਛਾ ਛੁਡਾਉਣਾ ਮੁਸ਼ਕਿਲ ਹੋ ਜਾਊ, ਤਾਂਤੇ ਪੈਹਲੇ ਵਾਂਗੂੰ ਕੁਛ ਜਾਗੀਰ ਦੇਕੇ ਇਨਾਂ ਨੂੰ ਟਿਕਾਇਆ ਜਾਵੇ ਤਾਂ ਅਮਨ ਹੋ ਸਕਦਾ ਹੈ, ਹੋਰ ਕੋਈ ਅਮਨ ਹੋਣਦੀ ਸੂਰਤ ਨਹੀਂ, ਤਾਂਤੇ ਇਨ੍ਹਾਂ ਨੂੰ ਸੁਲਾ ਸਫਾਈ ਨਾਲ ਆਪਣੇ ਬਣਾਈ ਰੱਖੋ, ਕਿਉਂਕਿ ਓਧਰੋਂ ਨਾਦਰ ਦੀ ਚੜ੍ਹਾਈ ਦੀ ਅਵਾਈ ਲੱਗ ਰਹੀ ਹੈ, ਜੇ ਓਹ ਆਇਆ ਤਾਂ ਵੈਰੀ ਦੀ ਛਾਤੀ ਨਾਲ ਸੱਪ ਮਾਰਣ ਵਾਂਗੂੰ ਓਸਦੇ ਅੱਗੇ ਏਨਾਂ ਨੂੰ ਝੋਕ ਦੇਵਾਂਗੇ, ਏਸ ਲਈ ਏਸ ਬਹਾਦਰ ਕੌਮ ਨੂੰ ਚੱਥ ਹੇਠ ਰੱਖਣਾ ਹੀ ਚੰਗਾ ਹੈ, ਅੱਗੇ ਆਪ ਮਾਲਕ ਹੋ ਜੋ ਹੁਕਮ ਹੋਵੇ ਸੋ ਵਰਤਿਆ ਜਾਵੇ। ਬਾਦਸ਼ਾਹ ਨੇ ਏਹ ਅਰਜ਼ੀ ਖਾਨ ਬਹਾਦਰ ਦੀ

Sri Satguru Jagjit Singh Ji eLibrary NamdhariElibrary@gmail.com

ਸੁਣਕੇ ਹੁਕਮ ਦਿੱਤਾ ਕਿ ਭੰਡਾਂ ਪਾਸੋਂ ਸਿੰਘਾਂ ਦੀ ਨਕਲ ਦੇਖੀ ਜਾਵੇ ॥

ਸਿੰਘਾਂ ਦੀ ਨਕਲ ਬਾਦਸ਼ਾਹ ਨੇ ਦੇਖਣੀ

ਦੋਹਰਾ ॥ ਹੁਕਮ ਪਾਇ ਪਤਿਸ਼ਾਹ ਕਾ ਸਬ ਭਾਂਡਨ ਤਬ ਆਇ। ਮੁਹਲਤ ਲੈ ਤ੍ਰੈ ਯਾਮ ਕੀ ਕਰ ਸਮਾਨ ਸਭ ਭਾਇ ॥੧॥

ਚੌਪਈ ॥ ਮਿਲ ਬਹੁ ਭਾਂਡਨ ਰਚੀਆਂ ਨਕਲਾਂ । ਲੱਗੇ ਸਜਨ ਤਬ ਸਿੰਘਨ ਸ਼ਕਲਾਂ । ਕੇਤਕ ਬਚੀਆਂ ਨੀਲ ਨਿਹੰਗਾਂ । ਕੇਤਕ ਸਜੀਆਂ ਸ੍ਵੇਤ ਭੁਜੰਗਾਂ । ਛੁਟੇ ਦਮਾਲੇ ਯਾ. ਬਿਧ ਝੂਲੈਂ । ਮਨੋ ਲੰਗੂਰ ਸੁਕੇਹਰ ਹੁਲੈਂ।ਕਮਰ ਕਛੈਹਰੇ ਪਹਰੇ ਫਾਟੇ।ਲਟਕਤ ਮਨੋ ਸੁਕੇਹਰ ਸਾਟੇ । ਛੁਟੇ ਚਾਦਰ ਫਾਟੇ ਬਸਤਰ । ਟੂਟੇ ਫੂਟੇ ਜ਼ਰਖਲ ਸ਼ਸਤ੍ਰ । ਸਿਰ ਪਰ ਚੱਕਰ ਖੰਡੇ ਤੋੜੇ । ਸਜੇ ਨਾ ਔਰੈ ਸ਼ਸਤ੍ਰ ਥੋੜੇ।ਇਕ ਇਕ ਚੁਰਿਓ ਮਣ ਮਣ ਲੋਹਾ ॥ ਪਹੁੰਚੇ ਸ਼ਾਹਿ ਨਜ਼ੀਕ ਸਰੋਹਾ । ਫਤੇ ਅਕਾਲ ਅਕਾਲ ਗਜਾਈ । ਧੂਮ ਕਚੈਹਰੀ ਬੀਚ ਮਚਾਈ । ਨਾਮ ਸੁਨਾਵਨ ਲਾਗੇ ਅਪਨੇ । ਸੁਨੇ ਨ ਕਬੀ ਜੋ ਥੇ ਉਨ ਸ੍ਵਪਨੇ । ਅਜੈ ਬਖੇੜਾ ਸਿੰਘ ਦੁਤੇੜਾ । ਤਕੜਾ ਸਿੰਘ ਛਕੜਾ ਸਿੰਘ ਝੇੜਾ । ਬਾਘੜ ਸਿੰਘ ਖਾਗੜ ਸਿੰਘ ਫੌੜਾ । ਅਘੜ ਝਘੜ ਸਿੰਘ ਭਗੜ ਭਘੌੜਾ । ਧਰਤਿ ਧਕੇਲ ਸਿੰਘ ਪਹਾੜਾ । ਦਿੱਲੀ ਤੋੜ ਸਿੰਘ ਸਖਿਲਾੜਾ । ਗਲਪੁਟਸਿੰਘ ਪਹਾੜਉਕਾੜਾ।ਮੁਗਲ ਮਾਰਸਿੰਘ ਕਾਲੀ ਸਾੜਾ। ਖਾਨ ਮਾਰ ਸਿੰਘ ਸੱਯਦ ਗਾਰਾ । ਬਾੜ ਝਾੜ ਸਿੰਘ ਫਾੜ ਲਤਾਰਾ। ਫੱਜਣ ਸਿੰਘ ਗੱਜਣ ਸਿੰਘ ਲੋਹਾ। ਡਾਢਾ ਸਿੰਘ ਖੁਦਾਦਿ ਅਛੋਹਾ। ਸਿੰਘ ਕਲੇਸ਼ ਉਪੱਦ੍ਰਵ ਭੰਜੀ । ਧਾੜਮਾਰ ਸਿੰਘ ਤੇਗ ਕੁਦੰਜੀ। ਤੁਰਕ ਮਾਰਸਿੰਘ ਨਾਮ ਦਿਤਯਾਦੀ ।

Sri Satguru Jagjit Singh Ji eLibrary NamdhariElibrary@gmail.com

ਸਭਨ ਸੁਨਾਏ ਕਰੜਾ ਦਾਦੀ । ਸੁਨਕੈ ਨਾਮ ਰਹੇ ਸਭ ਭਜਬ ।
ਕੋਹ ਨ ਸਕੈਂ ਕਿਛੁ ਠਾਨੈ ਕੌਜਬ । ਪੈ ਸਰੂਪ ਪਿਖ ਬਾਤੈਂ ਸੁਨ
ਸੁਨ । ਹਮ ਹੁਮ ਪਰਤ ਲੋਗ ਸਭ ਪੁਨ ਪੁਨ । ਅਰਨ ਨੈਨਸਿੰਘ
ਲੋਹਤ ਆਨਨ । ਨਰ ਸਰੂਪ ਜਨ ਬਨੇ ਪੰਚਾਨਨ । ਰਚੇ ਸੁਚਾਲੇ
ਬਹੁ ਲਖਬਾਹੇ । ਸੂਰਬੀਰ ਮੈ ਪਰਮ ਸਰਾਹੇ । ਜੋਤਕ ਬੇ ਸਿੰਘਨ
ਕੇ ਬੋਲੇ । ਸਬੀ ਸੁਨਾਏ ਕਰੜ ਠਠੋਲੇ । ਕੋਹੈਂ ਮੁਗਲਾਂ ਦੀਏ
ਮਾਏ । ਤੇਰੇ ਸਿੰਘ ਜਵਾਈ ਆਏ।ਸੁਲ ਨੀ ਤੁਰਕਾਂ ਦੀਏ ਭੈਣੇ।
ਤੇਰੇ ਸਿੰਘਾਂ ਰੋਣੇ ਲੈਣੇ । ਸੁਣ ਨੀ ਸੱਯਦਾਨੀ ਮੁਗਲਾਨੀ ।
ਤੈਥੋਂ ਚੱਕੀ ਸਿੰਘਾਂ ਪਿਹਾਨੀ । ਛਾਬੀ ਸ਼ੇਖਾਣੀ ਪਠਾਣੀ । ਤੁਮਨੇ
ਘੋੜਨਿ ਲੀਦ ਉਠਾਨੀ । ਤੁਮਸੋਂ ਸਿੰਘ ਅਨੰਦ ਪਹੈ ਹੈਂ ।
ਪੈਹਲੇ ਅੰਮ੍ਰਤ ਸੂਰ ਛੱਕੈ ਹੈਂ । ਨੀ ਹਮ ਰੁਤਬੇ ਸਿੰਘ ਅਕਾਲੀ।
ਜਿਨਕੀ ਸਬਤੋਂ ਰੀਤਿ ਨਿਰਾਲੀ । ਤੋੜੈਂ ਸਭਰ ਬੁਰਜ ਕੇ
ਜੰਦੇ । ਰਾਖੈਂ ਤੁਰਕਨ ਕੋ ਕਰ ਬੰਦੇ । ਹਮ ਅਬ ਦਿੱਲੀ
ਤਖਤ ਸੰਭਾਲੈਂ । ਤੁਮਕੋ ਖੁਲ੍ਹੀ ਮੌਜ ਦਿਖਾਲੈਂ । ਹਮਰਾ
ਨਿਹਕਲੰਕ ਹੈ ਪੰਥਾ । ਮਾਨੈ ਸ਼ਰਾ ਨ ਕਿਸ ਕੀ ਸੰਥਾ । ਹਿੰਦੂ
ਅੰਧੇ ਤੁਰਕ ਕਾਣੇ । ਹਮ ਅਲਗ ਹੈਂ ਦੁਹੂ ਤੇ ਸਿਆਣੇ ।
ਅਬ ਹਮ ਸ਼ਾਂਤ ਵਲਾਇਤ ਲੈਹੈਂ । ਹਿੰਦੂ ਤੁਰਕ ਕੋ ਸਿੰਘ ਸਜੈਹੈਂ॥
ਏਕੈ ਦੀਨ ਅਕਾਲ ਸਜੈ ਹੈਂ । ਦੂਜਾ ਕੋਊ ਨ ਰੋਹਨੇ ਪੈਹੈਂ ।
ਅਬ ਨਹਿ ਕਰੋ ਖਾਲਸਾ ਛਿੱਲੀ । ਸੁਧੇ ਛਕੇ ਮਾਰ ਲੇਹੁ ਦਿੱਲੀ।
ਪਕੜ ਸਲੋਤਰ ਵੀਚ ਸੁਨੈਹਰੇ।ਰਜਾਓ ਸੁਖਾ ਨਿਖਰ ਦੁਪੈਹਰੇ।
ਛਾਣਿਓ ਮਾਰਿਓ ਤਰ ਤੁੱਰ ਨੁਗਰਾ । ਕਹੈਂ ਜਾਹੁ
ਤੁਰਕਨ ਜੜ ਦੁਗਰਾ ।ਛੱਡੇ ਪਕੜੇ ਦੱਖੇ ਬਾਜੀ । ਨਿਘਰੇ ਮੁਲਾਂ
ਉਜੜੇ ਕਾਜੀ । ਮਾਰੈ ਮੁਗਲ ਦੁਗਲ ਭਏ ਭਾਜੀ।ਗੁਰੂ ਖਾਲਸਾ
ਸਦਹੀ ਰਾਜੀ ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ ॥ ਰਾਜ ਕਰੈਗਾ ਖਾਲਸਾ ਆਕੀ ਰਹੈ ਨ ਕੋਇ ।
ਖ਼ਾਰ ਹੋਇ ਸ਼ਤ ਮਿਲੈਂਗੇ ਬਚੈ ਸ਼ਰਨ ਜੋ ਹੋਇ ॥ ੨ ॥

ਚੌਪਈ ॥ ਅਹੋ ਸੁਖਿਆਂ ਸੁਖ ਬਜਤਾਈਂ । ਅੰਧਾ ਕਾਣਾ ਨਜ਼ਰ ਲਿਆਈਂ । ਲੈਣਾ ਸੁਝੇ ਦੇਣਾ ਨਾਹੀਂ । ਪਰਬਤ ਰਾਈ ਸਮ ਦਰਸਾਹੀਂ । ਦੇਗ ਤਿਆਰ ਕਰੈਂ ਅਢਾਜੈਂ । ਜਿਨਕੋ ਸੁਨ ਸੁਨ ਤੁਰਕ ਸੁਲਾਜੈਂ । ਮੈਦਾਨੀ ਕਾਬੇ ਹੁਵੈ ਅਈਏ । ਰਸਤ ਕਾਜੀਆਂ ਕੋ ਦੇ ਦਈਏ । ਭੁਰੋ* ਬੇਗਮਾਂ ਮੌਜ ਸਬਾਈ । ਦੇਗ ਤੇਗ ਲੇਹੁ ਗੁਰੂ ਛਕਾਈ । ਸੁਖ ਨਿਧਾਨ ਸਰਦੌਨੇ ਛਕੀਏ । ਖੇਲ ਚਪੋਲ ਕੋਲ ਨਾ ਬਕੀਏ । ਛਿੱਤ੍ਰ ਪੌਲਾ ਮੁਲਾਂ ਤੈਹੈਂ । ਮੁਛਤੀ ਕਾਜੀ ਗਾਜ਼ੀ ਥੈਹੈਂ । ਬਾਤਾਂ ਕਰੇ ਸੁਚੇਤੇ ਬੈਠੇ । ਤੁਰਕੀ ਸਰਦਾਰਨ ਕੋ ਐਠੇ । ਜੁਤੇ ਝਾੜ ਤੁਲੇ ਫੜਕ੍ਹਾਵੈਂ । ਕਹੈਂ ਪਠਾਨਨ ਮੂੰਡ ਛਿੜਾਵੈਂ । ਪਾਦ ਮਾਰ ਵੱਡ ਸ਼ਬਦ ਸੁਨਾਵਾ । ਮਾਰਿਓ ਮੁਗਲ ਸੁਕੈਣ ਜਹਾਵਾ । ਖਤਰਾ ਪੜਾ ਸਮੁਗਲ ਬਤਾਇਆ । ਜਮ ਜਮ ਆਬ ਪੇਸ਼ਾਬ ਦਿਖਾਇਆ । ਗਾੜ੍ਹ ਚਤੌੜ ਤੋੜੈਂ ਤਜ ਧਾਰਾ । ਕਹੈਂ ਪਰਤ ਤੁਰਕਨ ਮੁਖ ਸਾਰਾ । ਰੁਪੇ ਭੰਨ ਕਹੈਂ ਸਿਰ ਮੁਗਲੈਂ । ਪੋਸਤ ਡੋਡੇ ਮਲਹੀ ਚੁਗਲੈਂ । ਭਾਖੈਂ ਤੁਰਕਨ ਕੋ ਕਰਬੰਨੇ । ਲੇਹੁ ਪਤਿਸ਼ਾਹੀ ਹੰਨੇ ਹੰਨੇ । ਅੱਗਿਓ ਖੈਹੈਂ ਪਿੱਛੋਂ ਧੱਕੈ । ਅਸ੍ਰ ਦਿਖਾਏ ਵਹੀ ਅਥੱਕੈਂ । ਸਾਗਪਾਤ ਰਚ ਦੇਗ ਅਲੂਣੀ । ਰੁੱਖੀ ਮਿੱਸੀ ਘ੍ਰਿਤ ਵਿਹੂਣੀ । ਅੰਮ੍ਰਿਤ ਸ੍ਵਾਦ ਬਨਿਓ ਬਹਿ ਭਾਈ । ਇੰਦ੍ਰਾਦਿਕ ਯਾ ਸਮ ਨਹੀਂ ਪਾਈ । ਦੇਗ ਮਸਤ ਦਿਨ ਕਿਤਕ ਦਿਖਾਵੈਂ । ਚਨੇਂ ਬਦਾਮ ਚਬਾਇ ਬਤਾਵੈਂ । ਮੀਰੀ ਪੀਰੀ ਸ਼ਾਹਜ਼ ਹੰਨਾ । ਮਿਲੀ ਸੁਨਾਈ ਦਰਗਹ ਕੰਨਾ । ਖੜੇ

*ਛੀਮ

Sri Satguru Jagjit Singh Ji eLibrary NamdhariElibrary@gmail.com

ਸੌਣ ਅਰ ਚਲਤੇ ਖਾਣਾ। ਨੁਕਰ ਇਬਾਦਤ ਸਤਿਗੁਰ ਭਾਣਾ। ਦੱਕੀ ਪੀਸ ਫਿਰਨ ਅਸਵਾਰੀ। ਲਾਠੀ ਫਤੇ ਕੁਮੈਤ ਦਿਖਾਰੀ। ਬੀਆਬਾਨ ਮੈਂ ਕੀਆ ਡੇਰਾ। ਤਾਂਗੂ ਬੈਠਾ ਕਰ ਇਮਟੇਰਾ। ਹਿੰਦੂ ਮੁਸਲਾ ਜੋ ਚੜ੍ਹ ਆਈ। ਤਾਰੋ ਤੂੰ ਝੱਟ ਖਬਰ ਬਤਾਈ। ਗਾਫ਼ਲਤਾ ਨਹਿ ਭਾਵ ਬਤਾਇਆ। ਲੂਹੀ ਬਾਜ਼ ਸ਼ਿਕਾਰ ਦਿਖਾਇਆ। ਸਾਲੋਤਰ ਸੁਨੈਹਰੇ ਲੈਕੈ। ਸਿਰ ਤੁਰਕਨ ਰਗੜੈਂ ਭੁੰਜ ਕੈਕੈ। ਮਾਲਸ਼ ਕਰਨ ਲਗੇ ਬਹੁ ਅਸੂਨ। ਬਾਤੈਂ ਕਰ ਕਰ ਤੁਰਕਨ ਹੱਸਨ। ਬਾਤੈਂ ਕਰਤ ਲੰਗਰ ਤਿਆਰੇ। ਲਗੇ ਛੱਕਨ ਸਿੰਘ ਅਤਿ ਮੁਦਧਾਰੇ। ਸਜ਼ਨ ਪੁਲਾਓ ਸਾਗ ਦਿਖਰਾਇਆ। ਬਿਨਾ ਨਿਮਕ ਕੈਂਹ ਕੁਟਕਾ ਪਾਇਆ। ਚਣੇ ਉਬਾਲੇ ਬੂੰਦੀ ਲੇਬੀ। ਟੀਂਡ ਲੱਡੂ ਜੰਡ ਫਲੀ ਜਲੇਬੀ। ਪੀਲੂ ਪੀਲ ਬਿਦਾਣ ਮਿਠਾਈ। ਪੱਤ ਗਲੋਟਨ ਪੂਰੀ ਪਾਈ। ਭਾਖੈਂ ਖੁਰਮੇਂ ਖਾਇ ਕੰਦੂਰੀ। ਕੌਲ ਗਟੇ ਭਿਸ਼ ਸੇਉ ਸਪੂਰੀ। ਗੱਠੇ ਸਰ ਨਾਲੀ ਕੀ ਖਾਵੈਂ। ਅੰਮ੍ਰਤਸ੍ਵਾਦ ਮਿਠਾਈ ਗਾਵੈਂ। ਕਬੀ ਨ ਬੈਠਤ ਸੋਵਤ ਪੈਹੈਂ। ਨਿਸ ਦਿਨ ਬਾਣੀ ਗੁਰਾਂ ਰਟੈ ਹੈਂ। ਚਾਲ ਚਲਨ ਅਰ ਸੁਨਸੁਨ ਬਾਤੈਂ। ਸਿੰਘਨ ਕੀ ਪਿਖ ਨਕਲ ਬਖਜਾਤੈਂ। ਸ਼ਾਹਿ ਸਮੇਤ ਕਚੈਹਰੀ ਸਬਹੀ। ਹਸ ਹਸ ਪਰਤ ਕੋਪ ਹੈ ਕਬਹੀ॥ ਫਿਰ ਤੁਰਕਨ ਕੀ ਰਚੀਆਂ ਨਕਲਾਂ। ਲੱਗੇ ਦਿਖਾਵਨ ਛੱਡ ਕਦ ਸ਼ਕਲਾਂ। ਤੁਰਕਸਤਾਨੀ ਹਿੰਦੁਸਤਾਨੀ। ਮੁਗਲ ਪਠਾਣ ਸੁਬਨੇ ਦੁਰਾਨੀ। ਸੱਯਦ ਸ਼ੇਖ ਬਨੇ ਬਹੁ ਭਾਏ। ਮੇਵੇ ਮਾਸ ਜਿਨੈਂ ਸਦਖਾਏ। ਦੇਸ ਦੇਸਲੇ ਰਚੇ ਸਿਪਾਹੀ। ਘੋੜਾ ਤਿਸਪੈ ਤਿਸ ਦਿਸਕਾਹੀ। ਪਸ਼ਮੀਨੈਂ ਲੋਹੁਮਦੇ ਬਸਤਰ। ਬਾਛ ਚੜ੍ਹੇ ਬਹੁ ਉੱਅਲ ਸ਼ਸਤਰ। ਸੈਫ ਸੰਜੋਏ ਸਿਪਰ ਚਿਰਾਨੇ। ਆਹਨਿ ਟੋਪ ਸੰਗ ਦਸਤਾਨੇ। ਅੱਸ੍ਵ ਸਿਪਾਹੀ ਆਹਨਿ

Sri Satguru Jagjit Singh Ji eLibrary NamdhariElibrary@gmail.com

ਸੰਪਟ । ਮਛੇ ਮਨੋਹਿਤ ਸੱਤ੍ਰੂਨ ਝੰਪਟ । ਐਸੀ ਅਨੀ ਘਨੀ ਚਲ੍ਹ ਧਾਈ। ਟਾਂਗੁ ਸਿੰਘਨ ਕਹਿਓ ਸੁਨਾਈ । ਉਡੀ ਗਰਦ ਕੈਂਹ ਤੁਰਕ ਸੁਆਏ । ਸੁਨ ਸਿੰਘਨ ਕੇ ਮਨ ਹਰਖਾਏ । ਉਰਧ ਕੇ ਸਭਏ ਅਤਿ ਠਾਢੇ । ਇਸ ਮਿਸ ਦਿਸ਼ਨ ਭਜਨ ਮਨ ਬਾਢੇ । ਚਹਿਓ ਬੀਰ ਰਸ ਜਸਦ ਅਪਾਰੀ । ਭਜਾਨਕ ਰੂਪ ਭਏ ਸਭ ਭਾਰੀ । ਫੂਲ ਗਏ ਤਨ ਥੂਲ ਤਰਾਰੇ । ਬਨੇ ਏਉ ਜਨ ਇਛਿਆ ਚਾਰੇ । ਚਿਤੇਂ ਉੱਤੇ ਚਖੁ ਲਾਲ ਕਰਾਲੇਂ । ਜਨ ਗਜ ਜਨ ਦਿਸ ਸ਼ੇਰ ਬਿਸਾਲੇਂ । ਬਾਜੀ ਗਜੈ ਸੁੰਬ ਧਰ ਪਾਰੈਂ । ਦੁਥਲੇ ਸੇ ਸਥਲੇ ਭਏ ਤਿਆਰੈਂ। ਚਢਿਜੋ ਰੰਗ ਸਨ ਜੰਗ ਤਦਾਏ । ਸਿੰਘਨ ਝਟਪਟ ਪਾਖਰ ਪਾਏ । ਫਾਟੇ ਤੈਹਰੁ ਟੂਟੀ ਕਾਠੀ । ਕਿਨਹੁ ਆਰ ਰੰਬੀ ਕਛ ਸਾਠੀ । ਠੌਰ ਲਗਾਮਨ ਦੀਨੀ ਖੱਬੀ । ਜੰਗ ਰਝਾਬਨ ਰੱਸੀ ਡੱਬੀ । ਸਾਖਤ ਪੂਜੀ ਤੰਗ ਫਤ੍ਰਾਕੀ । ਟੂਟੇ ਫੂਟੇ ਸਾਜ ਦਿਰਾਕੀ। ਫਾਟੀ ਚਾਦਰ ਭੂਰੇ ਗਲਤੀ । ਸੋਹੂ ਲਪੇਟੇ ਸਿੰਘਨ ਜਲਤੀ। ਛੀਰਨ ਸੀਰਨ ਵੱਟੀ ਰੱਸੀ । ਕਮਰ ਸਮਰ ਹਿਤ ਭੂਖਜੋ ਕਸੀ । ਤੁਬ ਤਰਵਾਰੇਂ ਲਾਗੇ ਖੈਂਚਨ । ਰਕਤ ਛਰੀ ਨਹਿ ਸਾਕੈਂ ਐਂਚਨ। ਦੂਹਿ ਚਹੁੰ ਮਿਲ ਥਲ ਕਰ ਨਿਕਸਾਈ। ਪਾਹਨ ਰੇਤੇ ਸੰਗ ਘਸਾਈ । ਬਹੁ ਅਜਾਨ ਸਿਦਕੀ ਯਹ ਕੀਨਾ। ਗੋਰੀਡਾਰ ਬਰੂਦ ਭਰੀਨਾ। ਜਾਨ ਕਾਰ ਲੱਖ ਤਿਨੈਂ ਅਲਾਏ। ਕੋਨ ਸਕੈ ਅਬ ਯਾਹਿ ਚਲਾਏ । ਤਬ ਤਿਨ ਭਾਖਜੋ ਗੁਰੂ ਚਲਾਊ। ਉਲਟ ਮੁਹਿਰ ਸਮ ਸੁਲਟ ਕਰਾਊ। ਦੁਹੂ ਦਲਨ ਕਾ ਪਰਜੇ ਮੁਹਾਬਲ । ਤੁਰਕਨ ਪਰ ਸਿੰਘ ਕੀਨੇ ਕਾਬਲ। ਸਾਣ ਚੜੀ ਤੁਰਕਨ ਤਰਵਾਰੈਂ । ਸਕੈਂ ਨ ਸਿੰਘਨ ਕਾ ਕਟ ਵਾਰੈਂ । ਜਜੇਂ ਜਜੇਂ ਘਾਵ ਚੀਰ ਸਮ ਲਾਗੈ।

Sri Satguru Jagjit Singh Ji eLibrary NamdhariElibrary@gmail.com

ਭਜੋਂ ਭਜੋਂ ਰੋਸ ਬੇਹਰੈ ਜਾਰੀਂ। ਲਹੁ ਭਰੀ ਸਰੀਯੁਤ ਮਜਾਨੈ। ਮਾਰੀ ਉੱਛਰਉੱਛਰ ਸਿੰਘ ਜ਼ਾਨੈ। ਸਹਿਤ ਸੰਜੋਏ ਭੁਸ਼ਬਨ ਕਟਕੈ। ਜੀਨਕਾਟ ਘੋਰਨ ਮਧਜਟਕੈ। ਮੁਤਦੇ ਸੋਜ਼ ਸਿੰਘਨ ਕੇ ਘੋੜੇ। ਦੌਝਤ ਨਾਹਿ ਜੰਗ ਮੈਂ ਥੋੜੇ। ਕੂਦ ਕੂਦ ਤੁਰਕਨ ਪਰ ਚੜਹੀਂ। ਪਾਉਂ ਜਾਇ ਫੀਲਨ ਸਿਰ ਧਰਹੀਂ। ਗੱਜ ਕੱਟਾ ਕੈਹਲੈ ਸਿੰਘ ਛਾਲੀ। ਕਰੈਂ ਤੇਗਾਹਤ ਹੋਦੇ ਖਾਲੀ। ਤੁਰਕਨ ਬਾਰ ਜਾਇ ਜਬ ਫੇਟੇ। ਮਾਰ ਗਿਰਾਵਤ ਸਿੰਘ ਜਟੇਟੇ। ਲਗੈਂ ਘਾਵ ਸਿੰਘਨ ਭਨ ਜੇਤੇ। ਗੈਂਡੇ ਚਰਮ ਸਮਾਨ ਸੁਤੇਤੇ। ਫੂੰਦੈਂ ਨਿਕਸ ਲਹੁ ਕਿਛ ਜਮਹੈ। ਗਿਰੈਂ ਸਿੰਘ ਨਹਿਮਾਨੋ ਗਮ ਹੈ। ਤੇਗਾਂ ਤੁਰਕਨ ਤਨ ਯੋਂ ਧਸ ਹੈਂ। ਛੁਰੀ ਜੈਸ ਖਰਬੂਜੇਂ ਧਸਹੈਂ। ਧਾਰੈਂ ਛੂਟੈਂ ਖੂਨ ਪ੍ਰਨਾਰੈਂ। ਗਿਰ ਰੋਰੂ ਜਜੋਂ ਝੁਰਤ ਅਪਾਰੈਂ। ਜ਼ਰਾਕ ਜ਼ਖਮ ਜਾਂਹਿ ਕਛ ਲਾਗੈਂ। ਗਿਰਤ ਬੇਹੋਸ਼ ਹੋਸ਼ ਸਭ ਭਾਗੈਂ। ਦਸਕ ਤਾਂਹਿ ਸੰਭਾਰਨ ਕਰ ਹੈਂ। ਦਿਲਬੈ ਦਲ ਤੁਰਕੀ ਨਹਿ ਲਰਹੈਂ। ਜੋਊ ਬੰਦੂਕ ਕਸੀ ਥੀ ਉਲਟੀ। ਤੁਰਕਨ ਪਰ ਚਾਲੀ ਹੈ ਸੁਲਟੀ। ਹਾਥ ਹੀਨ ਥੇ ਜੇ ਸਰਦੂਲਾ। ਹਾਥ ਦਿਖਾਏ ਬਹੁ ਕਰ ਹੂਲਾ। ਅਵਤ ਹੀਨ ਥੇ ਜੋਤਕ ਪੈਲਾ। ਸੱਤ੍ਰਨ ਦੀ ਹਿਤ ਭਏ ਸਪੈਲਾ। ਨਾਈ ਸ਼ੀਵਤ ਛੀਂਬੇ ਖਾਤੀ। ਬ੍ਰਹਮਣ ਬਨੀਏ ਜੱਛ ਸੁਜਾਤੀ। ਸੈਣੀ ਸੂਦ ਸੁਨਾਰ ਕਮੀਨੇ। ਸ਼ਜਾਰ ਨਸੇ ਥੇ ਮ੍ਰਿਗ ਪਤਿ ਚੀਨੇ। ਗਾਲਬ ਸਿੰਘ ਤੁਤਕ ਮਗਲੂਬੈਂ। ਭਏ ਜਬੈਂ ਯੋਂ ਲੜ ਕਰ ਖੂਬੈਂ। ਬਨ ਮੈਂ ਧਸੇ ਸਿੰਘ ਤਬ ਧਾਏ। ਕੈਹੈਂ ਸਤਿਗੁਰ ਛਤੇ ਦਿਖਾਏ। ਪਿਖ ਪਤਿਸ਼ਾਹਿ ਲਗੀ ਚਟਪਾਟੀ। ਹੈਰਤ ਅੰਗੁਤੀ ਦਾਂਤਨ ਕਾਟੀ। ਉਰਧ ਸ੍ਵਾਸ ਘੈਂਰ ਦਿਖਯਾਰਾ। ਕੀਨ ਵਜੀਰਨ ਤਰਫ ਇਸ਼ਾਰਾ।

Sri Satguru Jagjit Singh Ji eLibrary NamdhariElibrary@gmail.com

ਦੇਖੇ ਕੁਦਰਤ ਅਜਬ ਖੁਦਾਕੀ। ਕਥੀ ਨ ਜਾਂਤ ਬਾਤ ਕੁਛ ਤੁੰਕੀ। ਤਿਰੀਯਨ ਤੇ ਕਰ ਬਾਜ ਦਿਖਾਵਤ। ਸੋ ਫਿਰ ਲਗਾਰਨ ਝਗਾਰਨ ਖਾਵਤ। ਇਹ ਛੋੜਕ ਪਿਖ ਸੁਨ ਤੁਰਕਾਨੀ। ਲਚਜਾਨੀ ਮਨ ਅਧਿਕ ਤਿਸਾਨੀ। ਜਨ ਸਬਕੇ ਸਿਰ ਪਰਜੋ ਪਾਨੀ। ਪੇਸ਼ ਨ ਲੇਸ ਬਸੇਸ ਚਲਾਨੀ। ਪਰਜੋ ਲਾਹੌਲ ਬਰਜੋ ਦਿਲ ਹੋਲਾ। ਕਹਜੋ ਸਮੇਟੈ ਇਨਕੋ ਮੌਲਾ। ਬਾਦਸ਼ਾਹ ਚਿਤ ਚਕ੍ਰਿਤ ਭਜੋ। ਆਖਤਜਾ ਬਿਧ ਬਨੋਤ ਬਨਜੋ ॥

ਸਿੰਘਾਂ ਨੂੰ ਜਾਗੀਰ ਤੇ ਨਵਾਬੀ ਕਪੂਰ ਸਿੰਘ ਜੀ ਨੂੰ ਮਿਲਨੀ

ਏਹ ਨਕਲ ਦੇਖ ਕਰ ਬਾਦਸ਼ਾਹ ਨੇ ੧ ਲੱਖ ਰੁਪਏ ਦੀ ਜਾਗੀਰ ਤੇ ਇਕ ਖਿਲਅਤ ਬਹੁਤ ਕੀਮਤੀ ਨਵਾਬੀ ਖਿਤਾਬ ਪੰਥ ਖਾਲਸੇ ਨੂੰ ਦੇ ਭੇਜਿਆ। ਖਾਨ ਬਹਾਦਰ ਨੇ ਸਬੇਜ਼ਾ ਸਿੰਘ 1790 57 1733 A.D. ਸਿੰਘਾਂ ਦੇ ਵਕੀਲ ਨੂੰ ਓਹੋ ਖਿਲਅਤ, ਖਿਤਾਬ, ਸਨਦ, ਜਾਗੀਰ ਦੇਕੇ ਵੈਸਾਖ ਸੰਃ ੧੭੯੦ ਬਿਃ ਨੂੰ ਇਸ ਸ਼ਰਤ ਪਰ ਸਿੰਘਾਂ ਪਾਸ ਭੇਜਿਆ ਕਿ ਏਹ ਜਾਗੀਰ ਲੈਕੇ ਫੇਰ ਕੋਈ ਸਿੰਘ ਲੁਟ ਖਸੋਟ ਨਾ ਕਰੇ। ਜਦ ਸਬੇਗ ਸਿੰਘ ਨੇ ਅੰਮ੍ਰਤਸਰ ਪਹੁੰਚਕਰ ਸਿੰਘਾਂ ਦੇ ਦੀਵਾਨ ਵਿੱਚ ਦਰਬਾਰਾ ਸਿੰਘ ਝੁਲਾਂਬੜੀ ਹਰੀ ਸਿੰਘ*ਆਦਿਕ ਬੜੇ ਬੜੇ ਜਥੇਦਾਰਾਂ ਅੱਗੇ ਖਿਲਅਤ ਰੱਖਿਆ ਤਾਂ ਦਰਬਾਰਾ ਸਿੰਘ ਨੇ ਆਖਿਆ: ਤੁਰਕਾਂ ਦੀ ਦਿੱਤੀ ਹੋਈ ਕੋਈ ਚੀਜ਼ ਖਾਲਸਾ ਨਹੀਂ ਲਏਗਾ, ਅਸੀ ਤਾਂ ਤੇਗ ਦੇ ਜ਼ੋਰ

*ਹਰੀ ਸਿੰਘ ਦੇ ਹੱਥ ਵਿੱਚ ਪਵਾ ਦਾ ਚਿੰਨ੍ਹ ਸੀ, ਇਸ ਕਰਕ ਸਾਰੇ ਪੰਥ ਨੂੰ ਲੰਗਰ ਵਰਤਾਉਂਦਾ ਤੇ ਕਦੇ ਕੋਈ ਚੀਜ਼ ਨਾ ਨਿਖੁੱਟਦੀ ਸੀ।

Sri Satguru Jagjit Singh Ji eLibrary NamdhariElibrary@gmail.com

ਨਾਲ ਗੁਰੂ ਜੀ ਦੇ ਬਚਨਾਂ ਅਨੁਸਾਰ ਹੱਨੇ ਹੱਨੇ* ਬਾਦਸ਼ਾਹੀ ਕਰਨੀ ਹੈ,ਬਾਦਸ਼ਾਹੀ ਛਡਕੇ ਨਵਾਬੀ ਖਰਾਬੀ ਕਿਉਂ ਲਈਏ? ਵਕੀਲ ਨੇ ਬਹੁਤ ਕੁਛ ਸਮਝਾ ਬੁਝਾ ਕੇ ਅਰਜ਼ ਕੀਤੀ ਕਿ ਏਹ ਭਾਂ ਮੁਸਲਮਾਨਾਂ ਨੇ ਆਪਣੀ ਬੇਟੀ (ਬਾਦਸ਼ਾਹੀ) ਖਾਲਸੇ ਨੂੰ ਦੇਣ ਵਾਸਤੇ ਟਿੱਕਾ (ਸਗਨ) ਭੇਜਿਆ ਹੈ, ਤੁਸੀ ਘਬ ਆਈ ਵਧਾਈ ਮੋੜੋ ਨਹੀਂ, ਏਹ ਲੈਕੇ ਭੀ ਬਾਦਸ਼ਾਹੀ ਲੈਣ ਦੇ ਦਾਵੇਦਾਰ ਬਣੇ ਰਹੋ, ਵੇਖਿਕ ਘੜੀ ਤਾਂ ਸਬਨੇ ਐਸੀ ਬੇਪਤ-ਵਾਹੀ ਦਿਖਾਈ ਜੋ ਨਵਾਬੀ ਦਾ ਖਿਲਤ ਚੌਗਾਨ ਵੀ ਗੋਂਦ ਕਰ ਰਖਿਆ, ਜਿਸ ਅਗੇ ਰਖਿਆ ਜਾਵੇ ਓਹੋ ਪੈਰ ਦੀ ਠੋਕਰ ਮਾਰਕੇ ਧਰੇਲ ਦੇਵੇ। ਜਦ ਹੋਰ ਕਿਸੇ ਨੇ ਨਾ ਕਬੂਲਿਆ ਤਾਂ ਸਬੇਗ ਸਿੰਘ ਨੇ ਫੇਰ ਏਹ ਬੇਨਤੀ ਕੀਤੀ, ਜੇਕਰ ਮੁਖੀਆ ਸਿੰਘ ਕੋਈ ਨਹੀਂ ਲੈਂਦਾ ਤਾਂ ਕਿਸੇ ਟੈਹਲ ਵਾਲੇ ਨੂੰ ਦੇ ਛੱਡੋ, ਮੋੜਨਾ ਚੰਗਾ ਨਹੀਂ, ਏਹ ਬਾਤ ਵਕੀਲ ਦੀ ਮੰਨ ਕੇ ਸਿੰਘਾਂ ਨੇ ਕਪੂਰ ਸਿੰਘ ਖ਼ਾਕ ਜ਼ਿਮੀਂਦਾਰ ਫੈਜ਼ੁਲਾ ਪੁਰੀਏ ਨੂੰ ਜੋ ਓਸ ਵਕਤ ਦੀਵਾਨ ਵਿਚ ਪੱਖਾ ਕਰ ਰਿਹਾ ਸੀ,ਨਵਾਬੀ ਦਾ ਖਿਲਤ ਪੈਹਨਾ ਕਰ ਖਾਲਸੇ ਦਾ ਨਵਾਬ ਮੰਨ ਲੀਤਾ ।

ਖਾਲਸੇ ਦੀ ਵਰਤੋਂ

ਹੁਣ ਕਪੂਰ ਸਿੰਘ ਨੂੰ ਆਪਣਾ ਨਵਾਬ ਥਾਪਕੇ ਪੰਥ ਖਾਲਸਾ ਅੰਮ੍ਰਿਤਸਰ ਰੈਹਨ ਲੱਗਾ। ਦਪਾਲਪੁਰ, ਕੰਗਨਵਾਲ, ਝੁਬਾਲ, ਏਹ ਪਰਗਨੇ ਜੋ ਜਾਗੀਰ ਵਿਚ ਮਿਲੇ ਸਨ, ਏਨਾਂ

*ਹੱਨੇ ਹੱਨੇ ਕਾਠੀ ੨ ਮੂਤੀ ਸਿੰਘਾਂ ਦੀ ਬਾਦਸ਼ਾਹੀ ਹੋਵੇਗੀ, ਸੋ ਠੀਕ ਹੋ ਗਈ, ਮੈਣਦਾਬ ਦੇਸ ਵਿੱਚ ਪ੍ਰਤੱਖ ਮਸ਼ਹੁਰ ਹੈ, ਝੁੜੈ, ਚਮਾਰ, ਨਾਈ, ਧੋਬੀ, ਛਾਂਬੇ, ਕੰਬੋ, ਕਲਾਲ, ਜੱਟ, ਤਖਾਣ ਭੀ ਆਪਣੇ ੨ ਪਿੰਡ ਦੀ ਸੁਤੰਤ੍ਰ ਬਾਦਸ਼ਾਹੀ ਸੰਃ ੧੮੨੭ ਬਿਃ ਤੋਂ ੧੮੬੬ ਬਿਕ੍ਰਮੀ ਤਕ ਕਰਦੇ ਰਹੇ ॥

Sri Satguru Jagjit Singh Ji eLibrary NamdhariElibrary@gmail.com

ਦੀ ਆਮਦਨੀ ਗੁਰੂ ਦੇ ਖਜਾਨੇ ਵਿਚ ਜਮਾ ਰੱਖਕੇ ਦੀਵਾਨ ਦਰਬਾਰਾ ਸਿੰਘ ਤੇ ਨਵਾਬ ਕਪੂਰ ਸਿੰਘ ਲੰਗਰ ਆਦਿਕ ਦਾ ਸਭ ਵਿਹਾਰ ਚਲਾਉਂਦੇ ਰਹੇ, ਮਾਰੋ ਮਾਰ ਕਰਨੀ ਸਭ ਛੱਡ ਦਿੱਤੀ ॥

ਓਸ ਸਮੇਂ ਸਿੰਘਾਂ ਦਾ ਆਪਸ ਵਿਚ ਬਹੁਤ ਪਿਆਰ ਤੇ ਏਕਾਯਤ ਸੀ, ਇੱਕ ਦੂਸਰੇ ਨੂੰ ਆਪਣੇ ਪ੍ਰਾਣਾਂ ਜੈਸਾ ਪਿਆਰਾ ਤੇ ਸੱਕਾ ਭ੍ਰਾਈ ਸਮਝਦਾ ਸੀ, ਨੀਚੀ, ਉੱਚੀ, ਜਾਤਿ ਪਾਤ ਦਾ ਭੇਦ ਕੋਈ ਨਹੀਂ ਸੀ, ਸਭ ਆਪ ਨੂੰ ਇਕ ਰੂਪ ਸੋਚ ਬੰਸ ਛੱਡ ਖਾਲਸਾ ਮੰਨਦੇ ਸਨ, ਜੋ ਕੋਈ ਕੁਛ ਕਮਾਕੇ ਕਿਧਰੋਂ ਲਿਆਉਂਦਾ ਸੋ ਸਭ ਗੁਰੂ ਕੇ ਖਜਾਨੇ ਵਿੱਚ ਜਮਾਂ ਕਰਕੇ ਸਭਨਾਂ ਭ੍ਰਾਈਆਂ ਦੇ ਨਾਲ ਰਲਕੇ ਗੁਜਾਰਾ ਕਰਦਾ, ਵੱਧ ਘੱਟ ਲੈਣ ਦਾ ਕਦੇ ਕਿਸੇ ਨੂੰ ਖਯਾਲ ਹੀ ਨਾ ਫੁਰਦਾ, ਜੋ ਕੁਛ ਨਵਾਬ ਆਦਿਕ ਮੁਖੀ ਸਿੰਘ ਵਰਤਾਉਂਦੇ ਓਸੇ ਪਰ ਸਭ ਆਨੰਦ ਰੈਂਹਦੇ, ਤੇ ਰਾਤ ਦਿਨੇ ਗੁਰੂ ਦੀ ਬਾਣੀ ਪੜ੍ਹਦੇ ਹੋਏ ਸ਼ਸਤ੍ਰ ਵਿੱਦਯਾ ਸਿੱਖਦੇ ਸਿਖਾਉਂਦੇ, ਘੋੜਿਆਂ ਦੀ, ਸ਼ਸਤ੍ਰਾਂ ਦੀ, ਲੰਗਰ ਦੀ ਟੈਹਲ ਕਰਦੇ ਰੈਂਹਦੇ, ਜੇਕਰ ਕਦੇ ਕਿਸੇ ਤੋਂ ਬਰਿਆਈ ਹੋ ਜਾਂਦੀ ਤਾਂ ਖਾਲਸੇ ਦੇ ਦੀਵਾਨ ਦੀ ਆਗਯਾ ਲੈਕੇ ਭਾਈ ਮਨੀ ਸਿੰਘ ਜੀ ਜੱਥਾਜੋਗ ਓਸਨੂੰ ਤਨਖਾਹ ਲਾ ਦਿੰਦੇ ਤੇ ਓਹ ਭੀ ਬਿਨਾ ਹੀਲ ਹੁਜਤ ਮੰਨ ਲੈਂਦੇ ॥

ਮੁਖੀਏ ਸਿੰਘਾਂ ਦੀ ਗਿਣਤੀ

ਏਸ ਸਮੇਂ ਹਜੂਰੀਏ ਤੇ ਮੁਖੀਏ ਪੰਥ ਵਿੱਚ ਏਹ ਸਿੰਘ ਸਨ-ਦਰਬਾਰਾ ਸਿੰਘ ਦੀਵਾਨ, ਸੰਗਤ ਸਿੰਘ ਖਜਾਨਚੀ,

Sri Satguru Jagjit Singh Ji eLibrary NamdhariElibrary@gmail.com

ਹਰੀ ਸਿੰਘ ਲਾਂਗਰੀ, ਭਗਤ ਸਿੰਘ ਮੋਦੀ; ਬੁੱਢਾ ਸਿੰਘ ਦੇਸੀ ਹਰਦਿੱਤ ਸਿੰਘ, ਗਰਜਾ ਸਿੰਘ, ਸੱਜਨ ਸਿੰਘ, ਈਸ਼ਰ ਸਿੰਘ ਗਿਆਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ ਮੁਖਈ, ਦੀਪ ਸਿੰਘ, ਗੁਰਬਖਸ਼ ਸਿੰਘ ਸ਼ਹੀਦ, ਬਘਾਲ ਸਿੰਘ, ਜੱਸਾ ਸਿੰਘ, ਕਰਮ ਸਿੰਘ, ਭੋਮਾ ਸਿੰਘ, ਅਤਰ ਸਿੰਘ, ਸੀਹਾਂ ਸਿੰਘ, ਬਦਨ ਸਿੰਘ, ਕੇਹਰ ਸਿੰਘ, ਬੱਜ੍ਰ ਸਿੰਘ, ਘਨਘੋਰ ਸਿੰਘ, ਅਮਰ ਸਿੰਘ ਆਦਿਕ ਬਹੁਤ ਨਾਮੀ ਨਾਮੀ ਸਿੰਘ ਪੰਥ ਵਿੱਚ ਮੰਨੇ ਪਰਮੰਨੇ ਹੋਏ ਸਨ।

ਤਰਨਾ ਦਲ ਬੁੱਢਾ ਦਲ ਦੇ ਨਾਮ ਹੋਣੇ

1795/1796 ਸਾਉਣ ਸੰਃ੧੭੯੧ ਬਿਃ ਨੂੰ ਦਰਬਾਰਾ ਸਿੰਘ ਦੀਵਾਨ ਦੇ ਪ੍ਰਲੋਕ ਹੋਜਾਣ ਪਿੱਛੋਂ ਲੰਗਰ ਤੇ ਦਾਣਾ ਵਰਤਾਉਣ ਦੇ ਵਕਤ ਆਪਸ ਵਿੱਚ ਸਿੰਘਾਂ ਦਾ ਬੋਲਾ ਠੋਲਾ ਹੋਣ ਲੱਗਾ, ਤਾਂ ਮੁਖੀਏ ੨ ਸਿੰਘਾਂ ਨੇ ਸਾਰੇ ਪੰਥ ਦਾ ਇਕ ਜਗਾ ਨਿਬਾਹ ਨਾ ਹੁੰਦਾ ਦੇਖ ਕਰ ਨਾਮੀ ੨ ਜ੍ਵਾਨ ੨ ਸਿੰਘਾਂ ਨੂੰ ਇਕ ੨ ਨਗਾਰਾ ਇਕ ੨ ਨਿਸ਼ਾਨ, ਦੇਗ ਲੋਹ; ਕੜਾਹਾ ਕਛੈਰੇ ਲੰਗਰ ਦਾ ਸਮਾਨ ਅਰ ਤੰਬੂ ਕਨਾਤਾਂ ਖਜ਼ਾਨਾਂ ਜੱਥਾ ਜੋਗ ਦੇਕਰ ਬਣੇਕ ਸ਼ਰ ਪਰ ਉਤਾਰ ਦਿੱਤਾ, ਏਸਦਾ ਨਾਮ ਤਰਨਾ ਦਲ ਮਸ਼ਹੂਰ ਹੋਇਆ, ਬਾਕੀ ਜੋ ਬ੍ਰਿਧ ਬ੍ਰਿਧ ਸਰਦਾਰ ਹਜ਼ੂਰੀਏ ਹਰੀ ਸਿੰਘ ਹਰਦਿੱਤ ਸਿੰਘ, ਭਗਤ ਸਿੰਘ ਬਘਤਾ ਸਿੰਘ ਬੁੱਢਾ ਸਿੰਘ ਦੇਸੀ ਜੋੜੇ ਵੱਡੇ ਸਿੰਘ ਸਨ, ਉਨਾਂ ਦੇ ਸਾਥੀ ਸਿੰਘਾਂ ਦਾ ਨਾਮ ਬੁੱਢਾ ਦਲ ਹੋ ਗਿਆ, ਉਸ ਵੇਲੇ ਤੋਂ ਬੁੱਢਾ ਦਲ ਤਰਨਾ ਦਲ ਦੇ ਨਾਮ ਖਾਲਸੇ ਦੇ ਹੋਗਏ ॥

Sri Satguru Jagjit Singh Ji eLibrary NamdhariElibrary@gmail.com

ਪੰਥ ਦੇ ਪੰਜ ਜੱਥੇ ਹੋਣੇ

ਏਹ ਉਕਤ ਘੱਟਨਾਂ ਹੋਈ ਨੂੰ ਅਜੇ ਥੋੜੀ ਪੂਰਾ ਸਾਲ ਨਹੀਂ ਹੋਇਆ ਸੀ, ਕਿ ਤਰਣ ਦਲ ਦੇ ਡੇਰੇਦਾਰਾਂ ਵਿੱਚ ਖੈਂਚਾ ਖੈਂਚੀ ਬੋਲੀ ਕ ਬੋਲੀ ਹੋਣ ਲੱਗੀ, ਜਿਸ ਤੋਂ ਬੇਇਤਫਾਕੀ ਹੋਕਰ ਲੁਟ ਮਾਰ ਦਾ ਮਾਲ ਤੇ ਦਾਣਾਂ ਘਾਸ ਲੰਘਰ, ਸੁਖਾ, ਸਰਦਾਈ ਵੰਡਣ ਪਰ ਆਪਸ ਮੈਂ ਦੰਗਾ ਫਸਾਦ ਹੋਕੇ ਬਖੇੜਾ ਵਧਣ ਲੱਗਾ, ਤਾਂ ਬੁਢੇ ਦਲ ਦੇ ਮੁਖੀਏ ਸਿੰਘਾਂ ਨੇ ਗੁਰਮਤਾ ਪੱਕ ਪਕਾਕੇ ਤਰਣੇ ਦਲ ਦੇ ਪੰਜ ਜੱਥੇ ਬਣਾ ਦਿੱਤੇ, ਅਤੇ ਏਹ ਬੀ ਅਰਦਾਸ ਕਰਾ ਦਿੱਤੀ ਕਿ ਜਿਸ ਸਿੰਘ ਦਾ ਮਨ ਜਿਸ ਜੱਥੇਦਾਰ ਪਾਸ ਯਾ ਜੱਥੇ ਵਿੱਚ ਰੈਹਣ ਨੂੰ ਚਾਹੇ ਓਹ ਬੇਸ਼ਕ ਓਸੇ ਥਾਂ ਜਾ ਰਹੇ, ਸਰਬ ਥਾਂ ਗੁਰੂ ਕਾ ਪੰਥ ਗੁਰੂ ਕਾ ਘਰ ਇੱਕੋ ਹੈ, ਪਰ ਜਿਸ ਕਿਸੇ ਸਿੰਘ ਉੱਤੇ ਬਿਨਾ ਕਾਰਣ ਜਾਹਰ ਕੀਤੇ ਕੁਛ ਬੁਰਾਈ ਉਠਾਵੇਗਾ, ਉਸਨੂੰ ਤਨਖਾਹੀਆ ਕਰਕੇ ਪੰਥ ਵਿੱਚੋਂ ਕਢਿਆ ਜਾਵੇਗਾ, ਏਹ ਗੁਰਮਤਾ ਕਾਇਮ ਕਰਕੇ ਪੰਜ ਜਥੇ ਏਸ ਭਾਂਤ ਬਨਾਏ ਗਏ:—

(੧)ਜਥਾ ਪੈਹਲਾ ਸ਼ਹੀਦਾਂ ਦਾ,ਜਿਸ ਵਿੱਚ ਦੀਪ ਸਿੰਘ ਨੱਥਾ ਸਿੰਘ, ਗੁਰਬਖਸ਼ ਸਿੰਘ, ਪ੍ਰੇਮਸਿੰਘ ਆਦਿਕ ਸਰਦਾਰ ਸ਼ਹੀਦ ਬੋਲੇ ਜਾਂਦੇ ਸਨ (੨) ਜਥਾ ਦੂਜਾ ਅੰਮ੍ਰਿਤਸਰੀਆਂ ਦਾ, ਜਿਸ ਵਿੱਚ ਪ੍ਰੇਮਸਿੰਘ, ਧਰਮ ਸਿੰਘ ਖੱਤ੍ਰੀ ਅੰਮ੍ਰਿਤਸਰੀਏ (ਜਿਨਾਂ ਦੀ ਸੰਤਾਨ ਹੁਣ ਖਰਡ ਜ਼ਿਲੇ ਅੰਬਾਲੇ ਵਿਚ ਤੇ ਦੁਆਬੇ ਵਿੱਚ, ਬਸੀ ਆਦਿਕ ਪਿੰਡਾਂ ਦੀ ਜਾਗੀਰਦਾਰ ਹੈ) (੩) ਜਥਾ ਤੀਜਾ ਡੱਲੇ ਵਾਲੀਆਂ ਦਾ, ਜਿਸ ਵਿਚ ਦਸੌਂਧਾ ਸਿੰਘ ਗਿੱਲ, ਫਤੇ ਸਿੰਘ ਭਰਾਤ ਜਾ, ਧਰਮ ਸਿੰਘ, ਗੁਰਦਯਾਲ ਸਿੰਘ, ਹਰ-

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਦਿਆਲ ਸਿੰਘ ਖੱਤ੍ਰੀ, ਭਲੇ ਪਿੰਡ ਵਾਲੇ ਸਨ (੪) ਚੌਥਾ ਜਥਾ ਸਾਹਿਬਜ਼ਾਦਿਆਂ ਦਾ, ਜਿਸ ਵਿੱਚ ਬਾਵਾ ਕਾਹਨ ਸਿੰਘ, ਬਿਨੋਦ ਸਿੰਘ, ਮੀਰੀ ਸਿੰਘ ਭੱਲੇ, ਤੇ ਹਰੀ ਸਿੰਘ ਢਿੱਲੋ, ਬਾਘ ਸਿੰਘ ਹੱਲੇਵਾਲੀਆ ਕਲਾਲ ਏਹ ਮੁਖੀਏ ਹੋਏ (੫) ਪੰਜਵਾਂ ਜਥਾ ਰਮਦਾਸੀਆਂ ਦਾ, ਜਿਸ ਵਿਚ ਬੀਰ ਸਿੰਘ, ਜੀਉਣ ਸਿੰਘ, ਮਦਨ ਸਿੰਘ, ਅਮਰ ਸਿੰਘ, ਕਰਮ ਸਿੰਘ, ਰਣ ਸਿੰਘ ਆਦਿਕ ਮਜ਼ਬੀ ਰਮਦਾਸੀਏ ਜ਼ਿਮੀਂਦਾਰ ਥੋੜੇ ਸਿੱਖ ਸਰਦਾਰ ਬਹੁਤੇ ਸਨ। ਬਾਕੀ ਜੋ ਨਵਾਬ ਕਪੂਰ ਸਿੰਘ, ਜੱਸਾ ਸਿੰਘ, ਥਰਾਜ ਸਿੰਘ ਆਦਿਕ ਅਨੇਕ ਸਿੰਘ ਵਡੇ ਵਡੇ ਸਨ, ਡੇਰੇ ਦੇ ਮਾਲਕ ਰਹੇ। ਉਨਾਂ ਦੇ ਜਥੇ ਦਾ ਨਾਮ ਬੁੱਢਾ ਦਲ ਤੇ ਪੰਜਾਂ ਜਥਿਆਂ ਦਾ ਨਾਮ ਤਰਣਾ ਦਲ ਮਸ਼ਹੂਰ ਹੋ ਗਿਆ, ਦਿਨ ਬਦਿਨ ਖਾਲਸਾ ਵਧਣ ਲੱਗਾ ॥

ਜਦ ਜਾਗੀਰ ਤੇ ਨਜ਼ਰ ਭੇਟਾ ਨਾਲ ਲੰਗਰ ਦਾ ਖਰਚ ਅੱਛੀਤਰਹ ਨਾ ਚਲ ਸਕਿਆ ਤਾਂ ਬਹੁਤ ਸਿੰਘ ਅਪਣੇ ੨ ਘਰਾਂ ਨੂੰ ਚਲੇ ਗਏ ਤੇ ਪੰਜੇ ਜਥੇ ਦੌਰਾ ਕਰਦੇ ਹੋਏ ਹਾਂਸੀ ਹੰਸਾਰ ਦੀ ਤਰਫ ਨੂੰ ਨਿਕਲ ਗਏ।

ਜਾਗੀਰ ਜਬਤੀ ਤੋਂ ਮਾਰੋ ਮਾਰ ਸ਼ੁਰੂ

ਜ਼ਿਕਰੀਏ ਖਾਂ ਮਸ਼ਹੂਰ ਖਾਨਬਹਾਦਰ ਨੇ ਸਿੰਘਾਂ ਨੂੰ ਇਚਲੇ ਬਿਚਲੇ ਸਮਝ ਕਰ ਪਿਛਲੇ ਵੈਰ ਲੈਣ ਦੀ ਤੇ ਜਗੀਰ ਜ਼ਬਤ ਕਰਨ ਦੀ ਮਨਸ਼ਾ ਥਾਪਕੇ ਨਵਾਬ ਕਪੂਰ ਸਿੰਘ ਨੂੰ ਲਿਖ ਭੇਜਿਆ, ਜਿਸ ਸਿੰਘ ਨੂੰ ਇੱਛਾ ਹੋਵੇ ਨੌਕਰੀ ਕਰ ਲਵੇ ਹੁਣ ਜਾਗੀਰ ਨਹੀਂ ਰਹੇਗੀ, ਸਿੰਘ ਜੀ ਨੇ ਜਵਾਬ ਭੇਜਿਆ ਤੁਹਾਡੀ ਤਾਬੇਦਾਰੀ ਸਿੰਘਾਂ ਨੂੰ ਮਨਜ਼ੂਰ ਨਹੀਂ, ਮੁਹਿੰਮ ਵਿੱਚ ਤੁਸਾਡੀ

Sri Satguru Jagjit Singh Ji eLibrary NamdhariElibrary@gmail.com

ਸਹਾਇਤਾ ਕਰਨ ਨੂੰ ਖਾਲਸਾ ਤਜਾਰ ਬਰ ਤਜਾਰ ਹੈ । ਹੁਣ ਜੋ ਤੁਸੀਂ ਆਪਣੇ ਕੌਲ ਕਰਾਰ ਤੋਂ ਝੂਠੇ ਹੋਕਰ ਆਨੇ ਬਹਾਨੇ ਬਣਾਕੇ ਸਿੰਘਾਂ ਦੀ ਜਾਗੀਰ ਜ਼ਬਤ ਕਰਦੇ ਹੋ ਏਸਤੋਂ ਫੇਰ ਫਸਾਦ ਉਠੇਗਾ । ਏਸ ਪਰ ਸੂਬੇ ਨੇ ਫੇਰ ਆਖ ਭੇਜਜਾ, ਜੇਕਰ ਨੌਕਰੀ ਨਹੀਂ ਕਰਦੇ ਤਾਂ ਖੇਤੀ ਕਰੋ ਸਿੰਘਾਂ ਤੋਂ ਅਸੀਂ ਹਾਲਾ ਨਹੀਂ ਲਵਾਂਗੇ । ਖਾਨ ਬਹਾਦਰ ਤਾਂ ਸਿੰਘਾਂ ਨੂੰ ਮਕਰ ਫਰੇਬ ਨਾਲ ਕਮਜ਼ੋਰ ਕਰਕੇ ਮਾਰਨਾ ਚਾਹੁੰਦਾ ਸੀ, ਪਰ ਸਿੰਘ ਭੀ ਓਸਦੇ ਵਾਕਬਸੇ ਪੈਰ ਵਿੱਚ ਨਾ ਆਏ । ਓੜਕ ਜਦ ਸੰਃ੧੭੯੨ ਬਿਃ ਨੂੰ ਸੂਬੇ ਨੇ ਬੇਈਮਾਨ ਹੋਕੇ ਜਗੀਰ ਬੰਦ ਕਰ ਲਈ ਤਾਂ ਸਿੰਘਾਂ ਨੇ ਭੀ ਜੈਸੇ ਨੂੰ ਤੈਸਾ ਹੋਕੇ ਮਿਲਣਾ ਮਥ ਲਿਆ, ਓਹੋ ਆਪਣਾ ਗਤਕਾ ਫੜੀ ਉਠਾਕੇ ਕੌਡੀ ਕੁਬੱਡੀ ਖੇਲਨੀ ਸ਼ੁਰੂ ਕਰ ਦਿੱਤੀ । ਤੁਰਕਾਂ ਦੀ ਬੇਈਮਾਨੀ ਉਤੇ ਖਿਝੜੇ ਪਹਿਲੇ ਨਾਲੋਂ ਭੀ ਚੰਗੀ ਤਰਾਂ ਸੋਧਣਾ ਸ਼ੁਰੂ ਕੀਤਾ ।

ਲਖਪਤ ਰਾਇ ਮੁਖਲਸ ਖਾਂ ਦੀ ਚੜਾਈ

ਖਾਨ ਬਹਾਦਰ ਨੇ ਲਖਪਤ ਰਾਇ ਤੇ ਮੁਖਲਸ ਖਾਂ ਨੂੰ ਪੰਜਕ ਹਜ਼ਾਰ (ਗਸ਼ਤੀ) ਫਿਰਣੀ ਫੌਜ ਦੇਕੇ ਸਿੰਘਾਂ ਦੇ ਪਿੱਛੇ ਲਾਕਰ ਏਹ ਹੰਢੋਰਾ ਫੇਰ ਦਿੱਤਾ ਕਿ ਜੋ ਕੋਈ ਕਿਸੇ ਸਿੰਘ ਨੂੰ ਫੜਾਵੇਗਾ ਯਾ ਕੱਟਕੇ ਸਿਰ ਪਹੁੰਚਾਵੇਗਾ ਓਹ ਬਹੁਤ ਇਨਾਮ, ਇੱਜ਼ਤ ਪਾਵੇਗਾ ॥

ਏਸ ਸਮੇਂ ਲੋਭੀ ਲੋਗ ਤਾਂ ਥੋੜੇ ਹੀ ਸਿੰਘਾਂ ਦੇ ਪਿੱਛੇ ਪਏ, ਕਜੋਂਕੇ ਪਹਿਲੇ ਜਦ ਸੰਃ ੧੭੮੭ ਬਿਃ ਨੂੰ ਸਿਨ੍ਹਾਂ ੨ ਨੇ ਸਿੰਘ ਮਾਰੇ ਮਰਵਾਏ ਇਨਾਮ ਪਾਏ ਸਨ, ਮੌਕਾ ਪਾਕੇ ਸਿੰਘਾਂ ਨੇ ਭੀ ਓਨਾਂ ਦੀ ਜੜ ਖੂਬ ਘਰੜ ੨ ਵੱਢੀ ਸੀ, ਓਸ ਗੱਲੋਂ

Sri Satguru Jagjit Singh Ji eLibrary NamdhariElibrary@gmail.com

ਡਰਦੇ ਚੁਗਲ ਤਾਂ ਦੱਬੇ ਰਹੇ, ਪਰ ਸ਼ਾਸ਼ਤੀ ਫੌਜ ਨੇ ਚਾਰਕ ਮਹੀਨੇ ਸਿੰਘਾਂ ਦੇ ਪਿੱਛੇ ਫਿਰ ੨ ਕੇ ਡਾਢੇ ਦਰੇ ਫਰੇਬ ਨਾਲ ਸਿੰਘ ਤਾਂ ਅਨੇਕ ਮਾਰੇ, ਪਰ ਦੇਸ ਵੈਰਾਨ ਹੋਗਿਆ ਤੇ ਆਪ ਭੀ ਚੌਲਿਆਂ ਵਾਂਗੂ ਖੇਤ ਵਿਚ ਹੀ ਗਲੇ।

ਚੁਹਨੀਆਂ ਦਾ ਜੰਗ ਹੋਣਾ

1793 A.D. 1736 ਬਿ ਮੱਘਰ ਸੰਃ੧੭੯੩ ਬਿਃ ਨੂੰ ਕਸਬੇ ਚੁਹਣੀਆਂ ਪਾਸ ਬੜਾ ਡਾਢਾ ਜੰਗ ਹੋਇਆ, ਦੋਹਾਂ ਤਰਫਾਂ ਦਾ ਕਈ ਹਜ਼ਾਰ ਬੰਦਾ ਜਾਨੋਂ ਜਾਂਦਾ ਰਿਹਾ, ਸਿੰਘਾਂ ਦੇ ਜਥੇ ਮਾਰਬੁਟ ਕਰਕੇ ਝੱਲਾਂ ਝੁੰਡਾਂ ਵਿਚ ਧਸ ਜਾਂਦੇਸਨ, ਓਥੇ ਸ਼ਾਹੀ ਫੌਜ ਨਹੀਂ ਜਾ ਸਕਦੀ ਸੀ। ਚਾਰਕ ਮਹੀਨੇ ਦੀ ਕਟਾ ਵੱਢੀ ਨਾਲ ਮੁਖਲਸ ਖਾਂ ਆਦਿਕ ਬਹੁਤ ਸਰਦਾਰ ਤੇ ਸਿਪਾਹੀ ਮਾਰੇ ਗਏ, ਫੌਜ ਜ਼ਰਜ਼ਰੀ ਹੋਕੇ ਲਾਹੌਰ ਨੂੰ ਮੁੜਪਈ।

ਤਰਨੇ ਦਲ ਨੇ ਮੰਜਕੀ ਸੋਧਨੀ

ਜਦ ਏਹ ਖਬਰ ਤਰੁਣੇ ਦਲ ਨੂੰ ਪਹੁਗਨੇ ਸਰਹੰਦ ਵਿਚ ਪਹੁੰਚੀ ਤਾਂ ਛੇਤੀ ਨਾਲ ਪੰਜਾਬ ਵਿਚ ਆਗਿਆ, ਤਰੁਣੇ ਦਲ ਦੇ ਸਿੰਘਾਂ ਨੇ ਸਤਲੁਜ ਲੰਘਕੇ ਮੰਜ ਰਾਜਪੂਤਾਂ ਦਾ ਦੇਸ ਮੰਜਕੀ* ਜਿਸ ਵਿਚ ਜੰਡਿਆਲਾ, ਬੁੰਡਾਲਾ,

*ਮੰਜਕੀ ਇਕ ਦੇਸ ਦਾ ਨਾਉਂ ਹੈ ਜਿਸ ਵਿਚ ੧੯੪ ਪਿੰਡਾਂ ਦੀ ਚੌਧਰਾਹਟ ਮੰਜ ਗੋਤ ਦੇ ਰਾਜਪੂਤਾਂ ਦੀ ਸੀ, ਜ਼ਜਪਿ ਓਨਾਂ ਨੂੰ ਸਿੰਘਾਂ ਨੇ ਭੰਨ ਤੋੜ ਛਡਿਆ ਸੀ ਪਰ (ਰੱਸੀ ਜਲੀ ਵੱਟ ਨਾ ਸੜ) ਜਦ ਅਦੀਨਾਬੇਗ ਖਾਂ ਦਾ ਰਾਜ ਸਾਰੇ ਦੁਆਬੇ ਦੇਸ ਵਿਚ ਹੋ ਗਿਆ ਤਾਂ ਓਹ ਅਦੀਨਾਬੇਗ ਨੂੰ ਇਕ ਮੁਗਲ ਹਾਕਮ ਦਾ ਪਾਲਕ, ਰਾਂਈ ਦਾ ਪੁਤ੍ ਕਮੀਣੀ ਜਾਤਿ ਸਮਝਕੇ ਸਲਾਮ ਨਹੀਂ ਕਰਦੇ ਸਨ, ਇਸ ਗੱਲੋਂ ਓਸਨੇ ਖਿਝਕੇ ਵਡੇ ਪਿੰਡ ਦੇ ਪੋਤ ਗੋਤ ਵਾਲੇ ਜੱਟਾਂ ਨੂੰ ਮੰਜਕੀ ਦੀ ਚੌਧਰਾਹਟ ਦੇ ਦਿੱਤੀ, ਜਿਨਾਂ ਵਿਚੋਂ ਰਾਇ ਸਰਜਾ ਤੇ ਭਾਗਮਲ ਵਡੇ ਮਸ਼ਹੂਰ ਚੌਧਰੀ ਹੋਏ ਹਨ। ਭਾਗਮਲ ਦਾ ਪੋਤਰਾ ਸਰਦਾਰ ਗੁਲਾਬ ਸਿੰਘ ਮੰਜਕੀ ਦਾ ਹਾਕਮ ਬਣ ਗਿਆ ਸੀ, ਹੁਣ ਓਸਦੀ ਔਲਾਦ ਵਿਚੋਂ ਹਰਨਾਮ ਸਿੰਘ ਮਤਾਬ ਸਿੰਘ ਆਦਿਕ ਮਸ਼ਹੂਰ ਚੌਧਰੀ ਜੈਲਦਾਰ ਹਨ।

Sri Satguru Jagjit Singh Ji eLibrary NamdhariElibrary@gmail.com

ਤੁਲਵਣ, ਸਰੀਹ, ਸਾਕਰ, ਰੁੜਕਲਾ, ਨੰਗਲੋਵਰ, ਬਿਲਗਾ, ਨੂਰਮਹਲ, ਤਲਵੰਡੀ, ਦੁਸਾਝ, ਮੰਮਾਰੀ, ਦੱਖਣੀ ਆਦਿਕ ਵਡੇ ੨ ਧਨੀ ਪਿੰਡ ਸਨ, ਚੰਗੀ ਤਰਾਂ ਸੋਧਿਆ ਤੇ ਮੰਜ ਰਾਜਪੂਤਾਂ ਨੂੰ ਭੀ ਚੰਗੇ ਦਾਖ਼ ਦਾਣੇ ਚਖ਼ਾਏ।

ਫੇਰ ਚੱਕ ਤੇ ਦੋਨਾਂ, ਕੰਢੀ, ਸਜਾਮ ਚੁਰਾਸੀ ਆਦਿਕ ਦੁਆਰੇ ਦੇ ਪਰਗਨੇ ਨੂੰ ਖੂਬ ਸੋਧਿਆ, ਏਤਨੇ ਨੂੰ ਬੁੱਢਾ ਦਲ ਭੀ *ਚੁਣੀਆਂ ਪਾਸ ਲੜਾਈ ਕਰਕੇ, ਸਤਲੁਜ ਪਾਰ ਮਾਲਵੇ ਦੇਸ ਵਿੱਚ ਠੀਕਰੀ ਵਾਲੇ ਪਿੰਡ ਜਾ ਠੈਹਰਿਆ ॥

ਬਾਬੇ ਆਲਾ ਸਿੰਘ ਨੇ ਸਿੰਘ ਸਜਨਾਂ

ਏਸੇ ਸਮੇਂ ਪੈਹਲੇ ਪੈਹਲ ਬਾਬੇ ਆਲਾ ਸਿੰਘ ਨੇ ਆਪਣੀ ਰਾਜਧਾਨੀ ਬਰਨਾਲੇ ਵਿੱਚ ਪੰਡਤ ਨਿਕਾ ਸਿੰਘ ਨਿਰਮਲੇ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪੁਵਾਯਾ ਤੇ ਬੁਢੇ ਦਲ ਨੂੰ ਲੈਜਾ ਕਰ ਨਵਾਬ ਕਪੂਰ ਸਿੰਘ ਦੇ ਹੱਥੋਂ ਖੰਡੇਦਾ ਅੰਮ੍ਰਿਤ ਆਪ ਛੱਕਿਆ ਤੇ ਆਪਣੇ ਤਿੰਨਾਂ ਪੁਤ੍ਰਾਂ ਨੂੰ ਭੀ ਛਕਵਾਯਾ ॥ ਸਭ ਸਿੰਘਾਂ ਨੂੰ ਡਬੇ ਖੇਸ ਤੇ ਲਾਚੇ, ਲੁੰਗੀਆਂ, ਪਹਿਨਾਉਣੀਆਂ ਦਿਤੀਆਂ ਓਸੇ ਥਾਓਂ ਚੜ੍ਹ ਕੇ ਬੁਢਾ ਦਲ ਮਲੇਰ ਕੋਟਲੇ ਪਾਇਲ ਸਰਹੰਦ ਆਦਿਕ ਸ਼ਹਿਰਾਂ ਨੂੰ ਸੋਧਦਾ ਹੋਯਾ

*ਚੁਹਣੀ ਸੰਃ ੪੩੨ ਬਿਃ ਨੂੰ ਏਥੇ ਦਰਿਆ ਸਤਲੁਜ ਵਗਦਾ ਸੀ, ਏਸਦੇ ਕਿਨਾਰੇ ਇਕ ਸੰਤ ਸੀ, ਓਸਦੀ ਸੇਵਾ ਇਕ ਸਤਵੰਤੀ ਰੰਡੀ ਖੱਤ੍ਰਾਣੀ ਕਰਦੀ ਹੁੰਦੀ ਸੀ, ਓਹ ਜੱਟਾਂ ਦੀਆਂ ਕੁਪਾਹਾਂ ਚੁਣਕੇ ਚੁਣਾਈ ਪਰ ਗੁਜਾਰਾ ਕਰਦੀ, ਏਸੇ ਕੰਮ ਤੋਂ ਉਸਦਾ ਨਾਮ ਚੋਣੀ ਚੁੱਘਾ ਹੋਗਿਆ। ਸੰਤ ਨੇ ਓਸਦੀ ਇਛਿਆ ਨਾਮ ਰੈਹਣ ਦੀ ਸਮਝਕੇ ਆਪਣੇ ਪਾਸ ਓਸਨੂੰ ਪਿੰਡ ਬਸਦਾ ਦਿੱਤਾ, ਹਾਕਮ ਨੂੰ ਕੈਹਕੇ ਪਿੰਡ ਦੀ ਅਧਕਾਰੀ ਕਰਾ ਦਿੱਤੀ, ਜਿਸ ਕਰਕੇ ਓਥੇ ਬਹੁਤ ਵਸੋਂ ਹੋ ਗਈ। ਚੋਣੀ ਨਾਮ ਤੋਂ ਪਿੰਡਦਾ ਨਾਮ ਚੁਹਣੀ ਹੋਗਿਆ। ਫੇਰ ਏਥੇ ਟੋਡਰ ਮਲ ਬੜਾ ਪ੍ਰਤਾਪੀ ਹੋਇਆ ਹੈ, ਜਿਸ ਕਰਕੇ ਇਹ ਪਿੰਡ ਵੱਡਾ ਤੇ ਮਾਲਦਾਰ ਹੋਇਆ ਹੈ, ਫੇਰ ਸਿਖਾਂ ਦੀਆਂ ਲੜਾਈਆਂ ਵਿਚ ਲੁਟਿਆ ਗਿਆ, ਏਥੇ ਤਿੰਨ ਲੜਾਈਆਂ ਭਾਰੀਆਂ ਸੰਃ ੧੨੨੧ ਬਿਃ ਤੇ ੧੭੬੨ ਬਿਃ ਤੇ ੧੮੨੭ ਬਿਃ ਵਿਚ ਹੋਈਆਂ ॥

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਦੀ ਤਰਫ ਰੁਖ ਕਰ ਆਯਾ, ਜਿਸ ਕਰਕੇ ਫੇਰ ਮਾਝੇ ਦੁਆਬੇ ਵਿੱਚ ਲੁੱਟ ਮਾਰ ਦੀ ਧੂੰਮ ਮਚ ਗਈ ਤੇ ਟਿਡੀ ਦਲ ਢਾਂਗੂੰ ਸਿੰਘ ਝਾੜ ੨ ਵਿੱਚ ਫਿਰ ਨਿਕਲੇ । ਨਵਾਬ ਕਪੂਰ ਸਿੰਘ ਨੇ ਬੁਢੇ ਦਲ ਨੂੰ ਲੈਕੇ ਸੰਃ ੧੭੯੩ ਨੂੰ ਅੰਮ੍ਰਿਤਸਰ ਦੀਪਮਾਲਾ ਜਾ ਕੀਤੀ, ਫਾਸਲਕੇ ਪਿੰਡ ਪਾਸ ਉਤਾਰਾ ਰਖਿਆ । ਖਾਨ ਬਹਾਦਰ ਨੇ ਲਖਪਤ ਰਾਇ ਨੂੰ ਸੱਤ ਹਜ਼ਾਰ ਫੌਜ ਦੇਕੇ ਭੇਜਜਾ, ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਬਹੁਤ ਆਦਮੀ ਦੋਹਾਂ ਤਰਫਾਂ ਦੇ ਮਾਰੇ ਗਏ । ਓੜਕ ਸਿੱਖਾਂਨੇ ਚੂਹਲੀਆਂ ਦੀ ਤੜਫ ਕੁਚ ਕਰਦਿੱਤਾ ।*ਖੇਮ ਕਰਨ ਤਕ ਸ਼ਾਹੀ ਫੌਜ ਨੱਠਦੀ ਚਲੀ ਗਈ ॥

ਮਾਝੇ ਰਿਹਾੜਕੀ ਦਾ ਗਾਦਰ

ਜਦ ਏਹ ਖਬਰ ਤਰੁਣੇ ਦਲ ਨੂੰ ਪਹੁੰਚੀ ਤਾਂ ਝਟਾ ਝੱਟ ਬੁਢੇ ਦਲ ਦੀ ਸਹਾਇਤਾ ਨੂੰ ਚੜ੍ਹ ਆਯਾ । ਅਜੇ ਸ਼ਾਹੀ ਫੌਜ ਲਾਹੌਰ ਨਹੀਂ ਗਈ ਸੀ ਕਿ ਭੀਖੀ ਪਿੰਡ ਪਾਸ ਭਟ ਭੇੜ ਹੋ ਪਿਆ ਤੀਰ ਤੁਫੰਗ ਦਾ ਬੜਾ ਭਾਰੀ ਘਮਸਾਣ ਮਚਿਆ। ਜਦ ਸਿੰਘ ਸ਼ਮਸ਼ੇਰਾਂ ਖਿੱਚ ੨ ਸ਼ੇਰਾਂ ਵਾਂਗੂੰ ਕੁਦ ਪਏ ਤਾਂ ਦੁਨੀ ਚੰਦ ਲਖਪਤ ਦਾ ਭਤੀਜਾ ਤੇ ਜਮਾਲ ਖਾਂ ਤੱਤਾਰ ਖਾਂ ਆਦਿਕ ਅਫਸਰ ਬਹੁਤ ਸਾਰੇ ਸਿਪਾਹੀਆਂ ਸਮੇਤ ਮਾਰੇ ਗਏ । ਸ਼ਾਹੀ ਫੌਜ ਹਾਰ ਕੇ ਲਾਹੌਰ ਨੂੰ ਚਲੀ ਗਈ । ਫੇਰ ਤਾਂ ਸਿੰਘਾਂ ਨੇ ਖੂਬ ਚੰਗੀ ਤਰਾਂ ਸੋਧ ਕੀਤੀ ਪਰਗਣੇ ਗੁਰਦਾਸਪੁਰ, ਕਲਾਨੌਰ, ਪਸਰੂਰ, ਸਿਆਲਕੋਟ, ਸੋਦਰਾ,

*ਖੇਮਕਰਨ ਅਕਬਰਸ਼ਾਹ ਦੇ ਦਫਤਰੀ, ਦਲਪਤ ਰਾਇ ਦੇ ਬੇਟੇ ਖੇਮ ਕਰਨ ਨੇ ਦੋਆਬ ਮਲ ਦੀ ਸਹਾਇਤਾ ਨਾਲ ਸੰਃ ੧੬੧੨ ਵਿਃ ਵਿਚ ਕਸੂਰ ਤੋਂ ਉਠਕੇ ਆਬਾਦ ਕੀਤਾ ਸੀ,ਹੁਣ ਭੀਉਸਦੀ ਸੰਤਾਨ ਦੇ ਪਤੀਆਂ ਦੀ ਮਾਲਕ ਹੈ ॥

Sri Satguru Jagjit Singh Ji eLibrary NamdhariElibrary@gmail.com

ਵਜ਼ੀਰਾਬਾਦ, ਕੁੰਜਾਹ, ਅਲੀਗੜ੍ਹ, ਸ਼ਰਬਪੁਰ ਆਦਿਕ ਮੁਕਾਨਾਂ ਦੇ ਹਾਕਮਾਂ ਨੂੰ ਓਹ ਚਣੇ ਚਬਾਏ ਜੋ ਦੰਦ ਖੱਟੇ ਕਰ ਛਡੇ। ਮੁਸਲਮਾਨਾਂ ਨੇ ਸਿੰਘਾਂ ਦਾ ਦੇਹਬਸਤ ਕਰਨ ਲਈ ਸਾਰੇ ਉਦਮ ਕੀਤੇ, ਪਰ ਏਹ ਉਨਾਂ ਦੇ ਕਾਬੂ ਨਾ ਚੜੇ ॥

ਮੁਸਲਮਾਨਾਂ ਦੇ ਅੰਮ੍ਰਿਤਸਰ ਪਹਿਰੇ ਬੈਠਣੇ

ਹੁਣ ਸੂਬੇ ਨੇ ਦਿਨ ਬਦਿਨ ਸਿੰਘਾਂ ਦੀ ਤੇਜੀ ਹੁੰਦੀ ਦੇਖਕੇ ਕਾਜੀ ਮੌਲਵੀ ਨਜੂਮੀ ਪੁਛੇ ਤਾਂ ਓਨਾਂ ਨੇ ਉਖੜੇ ਕੁਹਾੜੇ ਏਹ ਗਲ ਘੜ ਮਾਰੀ ਕਿ ਸਿੰਘਾਂ ਦੇ ਗੁਰੂ ਨੇ ਆਬਹਯਾਤ (ਅੰਮ੍ਰਿਤ) ਦਾ ਇਕ ਤਾਲਾਬ ਅੰਮ੍ਰਿਤਸਰ ਬਨਾਯਾ ਹੈ ਏਸੇ ਵਾਸਤੇ ਸਿੰਘ ਨਹੀਂ ਮਰਦੇ ਏਥੋਂ ਅੰਮ੍ਰਿਤ ਪੀ ਜਾਂਦੇ ਹਨ। ਏਸ ਪਾਣੀ ਮਾਰੀ ਗੱਲ ਉਤੇ ਹੀ ਯਕੀਨ ਕਰਕੇ ਅਜ਼ਲਦੇ ਧਨੀ ਸੂਬੇ ਨੇ ਕਾਜੀ ਅਬਦੁਲ ਰਹਿਮਾਨ ਤੇ ਮਹੰਮਦ ਬਖਸ਼ ਨੂੰ ਦੋ ਹਜ਼ਾਰ ਫੌਜ ਦੇਕੇ ਅੰਮ੍ਰਿਤਸਰ ਦੀ ਰਖਵਾਲੀ ਨੂੰ ਭੇਜ ਦਿਤਾ। ਉਨਾਂ ਨੇ ਅੰਮ੍ਰਿਤਸਰ ਦੇ ਚੁਫੇਰੇ ਪਹਿਰੇ ਬੈਠਾਕੇ ਹੁਕਮ ਦਿਤਾ ਕਿ ਕੋਈ ਸਿਖ ਨਾਉਣੇ ਤੇ ਜਲ ਪੀਣਾ ਨਾ ਪਾਵੇ। ਕਾਜੀ ਨੇ ਸਿੰਘਾਂ ਨੂੰ ਏਹ ਭੇਜਿਆ ਜੇ ਹੁਣ ਤੁਸੀ ਅੰਮ੍ਰਿਤ ਪੀ ਜਾਓ ਤਾਂ ਅਸੀ ਤੁਹਾਨੂੰ ਸਿੰਘ ਜਾਣੀਏ, ਨਹੀਂ ਤਾਂ ਗਿਦੜ ਸਦਾਓ। ਏਹ ਗਲ ਸੁਣਕੇ ਸੁਖਾ ਸਿੰਘ ਭੁਖਾਣ ਤੇ ਥਰਾਜ ਸਿੰਘ ਜੱਫਰ ਮਨੀ ਸਿੰਘ ਦਾ ਭਤੀਜਾ, ਏਹ ਦੋਵੇਂ ਭੇਸ ਬਦਲ ਕੇ ਅੰਮ੍ਰਿਤ ਵੇਲੇ ਆਏ ਘੋੜਿਆਂ ਨੂੰ ਸੁਧਾ ਪਿਲਾਕੇ ਆਪ ਇਸ਼ਨਾਨ ਪਾਨ ਕਰ, ਅਸਵਾਰ ਹੋ, ਸਤਿ ਸ੍ਰੀ ਅਕਾਲ, ਗੁਰਬਰ ਅਕਾਲ ਉਚਾਰਦੇ ਹੋਏ ਚਲ ਪਏ। ਏਹ ਅਵਾਜ਼ ਸੁਣਕੇ ਤੁਰਕ ਹੁਮਹੁਮਾਕੇ ਉਠ ਪਏ,ਪਰ ਸਿੰਘ ਅਨੇਕਾਂ ਨੂੰ ਜ਼ਖਮੀ ਕਰਕੇ ਨਿਕਲ ਗਏ,ਉਸ ਸਮੇਂ ਏਹੋ ਜੇ ਹੀਆਂ ਅਨੇਕਾਂ

Sri Satguru Jagjit Singh Ji eLibrary NamdhariElibrary@gmail.com

ਬਹਾਦਰੀਆਂ ਸਿੰਘ ਦਿਖਾਉਂਦੇ ਰੈਂਹਦੇ ਸਨ ॥

ਤਦੋਂ ਭਾਈ ਮਨੀ ਸਿੰਘ ਜੀ ਦੇ ਨਾਲ ਦੋਹੇ ਜਹੇ ਸਿੰਘ ਅੰਮ੍ਰਤਸਰ ਰੈਂਹਦੇ ਸੀ, ਭਾਈ ਸਾਹਿਬ ਦੇ ਗੁਰਬਾਣੀ ਦੀ ਕਥਾ ਦਾ ਢੰਗ ਅਨੋਹਾ ਹੋਂਦਾ ਸੀ ਕਿ ਹਿੰਦੂ ਤੇ ਮੁਸਲਮਾਨ ਸੁਣਕੇ ਗਦ ਗਦ ਹੋਂਦੇ ਸਨ ਮੁਸਲਮਾਨ ਬ੍ਹੁਤੀ ਫਕੀਰਾਂ ਦਾ ਇਕੱਠ ਸਦਾ ਹੀ ਆਪ ਦੇ ਪਾਸ ਰੈਂਹਦਾ ਸੀ ਤੇ ਸ੍ਰੁਤੀ ਫਕੀਰ ਇਨ੍ਹਾਂ ਦੀ ਬੜੀ ਇਜ਼ਤ ਕਰਦੇ ਸਨ ॥

ਭਾਈ ਮਨੀ ਸਿੰਘ ਜੀ ਦੀ ਯੋਗਤਾ

ਜਦ ਕੋਈ ਮੁਸਲਮਾਨ ਦਰਬਾਰ ਸਾਹਿਬ ਅੰਮ੍ਰਤਸਰ ਦੀ ਖਰਾਬੀ ਕਥਨ ਵਾਸਤੇ ਆਉਂਦਾ ਤਾਂ ਭਾਈ ਸਾਹਿਬ ਓਸਨੂੰ ਹਲੀਮੀ ਤੇ ਮਿੱਠੀ ਬਾਣੀ ਦੀ ਰਸਾਈ ਨਾਲ ਫਕੀਰਾਂ ਵਾਲੀਆਂ ਬਾਤਾਂ ਬਿਨਾ ਪੱਖ ਪਾਦ ਦੇ ਸੁਣਾਕੇ ਐਸਾ ਮੋਮ ਕਰ ਲੈਂਦੇ, ਜਿਸਤੋਂ ਓਹ ਕੁਛ ਸੇਵਾ ਹੀ ਕਰ ਜਾਂਦਾ, ਤੇ ਏਨਾਂ ਦਾ ਫਕੀਰੀ ਭੇਸ, ਨੇਕ ਚਾਲ ਚਲਨ, ਚੇਹਰਾ ਮੁਹਰਾ, ਸ੍ਰੁਧਾ ਸੁਭਾਵ, ਲੰਗਰ ਚਲਦਾ ਵੇਖਕੇ ਹਰੇਕ ਆਦਮੀ ਮੋਮ ਹੋ ਜਾਂਦਾ,ਏਸੇ ਤਰਾਂ ਕਈ ਉਪਾਵਾਂ ਕਰਕੇ ਦਰਬਾਰ ਸਾਹਿਬ ਦੀ ਸੇਵਾ ਭਾਈ ਸਾਹਿਬ ਕਰਦੇ ਰਹੇ ॥

ਮੇਲਾ ਦੀਪਮਾਲਾ ਦਾ ਕਰਨਾ ਤੇ ਭਾਈਮਨੀਸਿੰਘ ਜੀ ਦੀ ਸ਼ਹੀਦੀ

ਦੀਪਮਾਲਾ ਦਾ ਮੇਲਾ ਜੋ ਕਈ ਸਾਲਤੋਂ ਮੁਸਲਮਾਨਾਂ ਨੇ ਬੰਦ ਕਰ ਛਡਿਆ ਸੀ, ਸੋ ਭਾਈ ਮਨੀ ਸਿੰਘ ਜੀ ਨੇ ਕਾਜ਼ੀ ਅਬਦੁਲ ਰਜ਼ਾਕ ਓਥੋਂ ਦੇ ਹਾਕਮ ਨਾਲ ਬਹੁਤ ਰਸਾਈ ਪੈਦਾ ਕਰਕੇ ਪੰਜ ਹਜ਼ਾਰ ਰੁਪਯਾ ਠੇਕਾ ਦੇਣਾ ਕਰਕੇ

Sri Satguru Jagjit Singh Ji eLibrary NamdhariElibrary@gmail.com

ਦੀਪਮਾਲਾ ਦਾ ਮੇਲਾ ਸੰਃ ੧੭੯੪ ਬਿਃ ਨੂੰ ਲਾਉਣ ਦੀ ਲਿਖਾ ਪੜ੍ਹੀ ਕਰਕੇ ਸਾਰੇ ਦੇਸ਼ਾਂ ਵਿੱਚ ਚਿਠੀਆਂ ਫੇਰ ਦਿੱਤੀਆਂ। ਗੁਰੂ ਕੇ ਸੇਵਕ ਤਾਂ ਪੈਹਲੇ ਹੀ ਅੰਮ੍ਰਿਤਸਰ ਦੇ ਦਰਸ਼ਨ ਤੇ ਇਸ਼ਨਾਨ ਨੂੰ ਤਰਸ ਰਹੇ ਸਨ, ਹੁਣ ਤਾਂ ਸੰਗਤਾਂ ਚਲ ਪਈਆਂ। ਜਦ ਬਹੁਤ ਖਲਕਤ ਆਉਂਦੀ ਦੇਖੀ ਤਾਂ ਏਥੋਂ ਦੇ ਹਾਕਮ ਨੇ ਮੇਲੇ ਦਾ ਬੰਦੋਬਸਤ ਕਰਨ ਵਾਸਤੇ ਲਾਹੌਰੋਂ ਹੋਰ ਫੌਜ ਮੰਗਾ ਲੀਤੀ। ਖਾਨ ਬਹਾਦਰ ਬੇਈਮਾਨ ਕਪਟੀ ਨੇ ਸੋਚਿਆ ਕਿ ਹੁਣ ਏਥੇ ਬੜੇ ੨ ਨਾਮੀ ੨ ਸਿੱਖ ਸਰਦਾਰ ਆਉਣਗੇ, ਸਭ ਏਥੋਂ ਹੀ ਫੜੇ ਜਾਣ ਤਾਂ ਚੰਗਾ ਹੈ। ਏਹੋ ਮਤਾ ਪਕਾਕੇ ਬਹੁਤ ਸਾਰੀ ਫੌਜ ਤੇ ਜ਼ਾਲਮ ਜ਼ਾਲਮ ਮਸ਼ਹੂਰ ਫੌਜਦਾਰਾਂ ਨੂੰ ਸਿੰਘਾਂ ਦੇ ਦਰਸ਼ਨ ਲਈ ਰਾਖੀ ਕਰਨ ਦੇ ਬਹਾਨੇ ਭੇਜ ਦਿੱਤਾ। ਭਲਾ ਸਿੰਘ ਛੱਤੀਆਂ ਪੱਤਣਾਂ ਦੇ ਤਾਰੂ, ਓਸਦੇ ਦਾਓ ਹੇਠ ਕਦ ਆਉਂਦੇ ਸਨ? ਸੂਬਾ ਅੱਖੀਆਂ ਟੱਡਦੇ ਦੇਖਦਾ ਹੀ ਰੈਹ ਗਿਆ, ਕੋਈ ਭੀ ਸਿੰਘ ਓਸਦੇ ਪੇਚ ਵਿੱਚ ਨਾ ਆਇਆ। ਸਿਰਫ ਮੈਂ ਪਚਾਸ ਫਕੀਰ ਉਦਾਸੀ ਨਿਰਮਲੇ ਹੀ ਬੈਠੇ ਰੈਹ ਗਏ, ਬਾਕੀ ਸਭ ਸਿੱਖ ਫੌਜ ਦੀ ਅਵਾਈ ਸੁਣਦੇ ਪੱਤਾ ਤੋੜ ਗਏ, ਸੂਬੇ ਨੇ ਏਹ ਤਾਂ ਨਾਂ ਸਮਝਿਆ ਕਿ ਮੇਲਾ ਤਾਂ ਮੇਰੇ ਹੀ ਪਾਪ ਨੇ ਨਹੀਂ ਲੱਗਣ ਦਿੱਤਾ, ਸੱਦੇ ਕਿਉਂ ਮੰਗਾਂ? ਸਭੋਂ ਦਿਨਸਾਡ ਦੀਆਂ ਅੱਖਾਂ ਮੀਟਦੇ ਭਾਈ ਮਨੀ ਸਿੰਘ ਜੀ ਤੋਂ ਪੰਜ ਹਜਾਰ ਰੁਪਯਾ ਠੇਕੇ ਦਾ ਮੰਗ ਲੀਤਾ। ਭਾਈ ਸਾਹਿਬ ਨੇ ਏਹ ਸੋਚਿਆ ਸੀ ਕਿ ਮੇਲਾ ਲੱਗੂ, ਪੂਜਾ ਬਹੁਤ ਆਊ, ਪੰਜ ਹਜ਼ਾਰ ਹਾਕਮਾਂ ਨੂੰ ਦੇਕੇ ਬਾਕੀ ਗੁਰੂ ਦੇ ਲੰਗਰ ਤੇ ਮੰਦਰ ਉੱਤੇ ਲਾ ਦੇਵਾਂਗੇ, ਸੋ ਮੇਲਾ ਨਾ ਹੋਣੇ ਕਰ ਪੂਜਾ ਕੁਛ ਭੀ ਨਾ ਆਈ, ਠੇਕੇ ਦਾ ਰੁਪਯਾ ਕਿਸਤਰਾਂ ਪੂਰਾ ਹੁੰਦਾ? ਓੜਕ ਨੂੰ ਭਾਈ ਸਾਹਿਬ ਜੀ ਨੂੰ ਛੜਕੇ

Sri Satguru Jagjit Singh Ji eLibrary NamdhariElibrary@gmail.com

ਸੂਬੇ ਲਾਹੌਰ ਦੇ ਸਾਹਮਣੇ ਭੇਜਿਆ ਗਿਆ। ਏਨਾਂ ਨੇ ਆਪਣੇ ਮਜ਼ਹਬੀ ਕਾਇਦੇ ਮੁਜਬ ਸਲਾਮ ਅਦਾਬ ਦੀ ਜਗਾ "ਵਾਹਿਗੁਰੂ ਜੀਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹ" ਏਹ ਅਵਾਜ਼ ਕੀਤੀ। ਏਹ ਸੁਣਕੇ ਸੂਬੇ ਨੂੰ ਅੱਗ ਭੁੜਕ ਉੱਠੀ, ਮਾਨੋ ਬਾਰੂਦ ਉਪਰ ਚਿੰਗਾੜੀ ਪੈ ਗਈ, ਗੁੱਸੇ ਹੋਕੇ ਬੋਲਜਾ: ਪੰਜ ਹਜ਼ਾਰ ਰੁਪਯਾ ਦਾਖਲ ਕਰ, ਯਾ ਮੁਸਲਮਾਨ ਬਣ, ਨਹੀਂ ਤਾਂ ਕਤਲ ਹੋਣਾ ਪਊ। ਮਨੀ ਸਿੰਘ ਜੀ ਨੇ ਆਖਿਆ: ਜਦ ਤੁਸੀਂ ਲਾਹੌਰੋਂ ਫੌਜ ਭੇਜਕੇ ਮੇਲਾ ਲਗਣੋਂ ਆਪੇ ਹਟਾ ਦਿੱਤਾ, ਹੁਣ ਠੇਕੇ ਦਾ ਰੁਪਯਾ ਕੇਹੜੇ ਨਿਆਉਂ ਨਾਲ ਮੰਗਦੇ ਹੋ ?ਏਹੋ ਜੇਹੇ ਹੋਰ ਭੀ ਕਈ ਸਚੇ ੨ ਉਜਰ ਕੀਤੇ, ਪਰ ਓਸ ਪਾਪੀ ਨੇ ਕੋਈ ਨਾ ਮੰਨਿਆਂ ,ਘੜੀ ੨ ਏਹੋ ਆਖੇ: ਠੇਕੇ ਦਾ ਰੁਪਯਾ ਭਰਦੇ ਯਾ ਦੀਨ ਮੰਨ, ਨਹੀਂ ਤਾਂ ਕਤਲ ਹੋ। ਓੜਕ ਜਦ ਭਾਈ ਮਨੀ ਸਿੰਘ ਜੀਨੇ ਮੁਸਲਮਾਨ ਹੋਣਾ ਨਾ ਮੰਨਜਾ ਤਾਂ ਸੂਬੇ ਨੇ ਮੁਫਤੀ (ਕਾਜ਼ੀ) ਨੂੰ ਆਖਿਆ ਏਹੋ ਜੇਹੇ ਸਿਖ ਨੂੰ ਕੇਹੜੀ ਸਜ਼ਾ ਦੇਣੀ ਚਾਹੀਏ ? ਸ਼ਰਾ ਵਿੱਚ ਕੀ ਲਿਖਿਆ ਹੈ ? ਕਾਜ਼ੀ*ਤਾਂ (ਇਕ ਬਾਂਦਰ ਦੂਜੇ ਥਿੱਚ ਲੜਜਾ) ਅਗੇ ਹੀ ਸੜਿਆ ਬਲਿਆ ਬੈਠਾ ਸੀ, ਓਸਨੇ ਹੋਰ ਸ਼ਰਾ ਕੀ ਦਸਣੀਸੀ? ਮੁਬਾਨ ਹੀ ਓਸਦੀ ਲੋਹ ਕਲਮ ਸੀ, ਆਖਣ ਲੱਗਾ: ਏਸਨੇ ਠੇਕੇ ਦਾ ਰੁਪਯਾ ਤਾਰਿਆ ਨਹੀਂ ਤੇ ਹਾਕਮ ਨੂੰ ਸਲਾਮ ਨਹੀਂ ਕੀਤਾ, ਸਭੋਂ ਕੁਫਰ ਦਾ ਕਲਮਾ ਬੋਲਜਾ ਹੈ, ਦੂਸਰੇ ਏਹ ਸਿਖਾਂ ਦਾ ਕਾਜ਼ੀ ਹੈ ਸਿੰਘਾਂ ਨੂੰ ਇਸਲਾਮ ਨਾਲ ਮੁਕਾਬਲਾ ਕਰਨ ਦਾ ਉਪਦੇਸ਼ ਕਰਦਾ ਹੈ, ਏਸ ਕਰਕੇ ਏਸਦਾ ਬੰਦ ਬੰਦ ਕਟਾਕੇ ਮਾਰਣਾ ਸ਼ਰਾ ਦਾ ਹੁਕਮ

*ਮੁਫਤੀ ਸ਼ਰਾ ਦਾ ਫਤੁਵਾ ਦੇਣ ਵਾਲੇ ਕਾਜ਼ੀ ਦਾ ਨਾਮ ਹੈ, ਜੋ ਸਿੱਖਾਂ ਵਿੱਚ ਭਨਖ਼ਾਹ ਤੇ ਹਿੰਦੂਆਂ ਵਿੱਚ ਪ੍ਰਾਸਚਿਤ ਲਾਉਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਹੈ। ਸੂਬੇ ਤੋਂ ਏਹੋ ਹੁਕਮ ਸੁਣਕੇ ਭਾਈ ਮਨੀ ਸਿੰਘ ਜੀ ਨੂੰ ਜਲਾਦ ਨਿਖਾਸ *ਚੌਂਕ ਵੰਨੀ ਲੈ ਚਲੇ, ਓਹ ਤਾਂ ਅਜੇ ਦੂਜੇ ਭੀਜੇ ਹੁਕਮ ਦੀ ਉਡੀਕ ਵਿੱਚ ਹੀ ਸਨ, ਤੇ ਲਾਹੌਰੀ ਸਿੱਖ ਝਟਾਝੱਟ ਪੰਜ ਹਜ਼ਾਰ ਰੁਪਯਾ ਕੱਠਾ ਕਰਕੇ ਨਵਾਬ ਪਾਸ ਲੈ ਆਏ। ਭਾਈ ਜੀਨੇ ਆਖਿਆ, ਮੇਰੇ ਵਾਸਤੇ ਤੁਸੀਂ ਰੁਪਯਾ ਨਾ ਦੇਓ, ਹੁਣ ਏਨਾਂ ਦੀ ਨੀਤ ਫਿਟ ਗਈ ਹੈ, ਜੇ ਤੁਸੀ ਹੁਣ ਛੁਡਾ ਲਓਗੇ ਤਾਂ ਫੇਰ ਕੋਈ ਨਾ ਕੋਈ ਬਹਾਨਾ ਬਣਾਕੇ ਮੈਨੂੰ ਮਾਰ ਦੇਣਗੇ, ਏਨਾਂ ਦੇ ਪਾਪ ਦਾ ਬੇੜਾ ਭਰਕੇ ਡੁਬਣਾ ਹੈ, ਜਿਸ ਮੇਰੀ ਦੇਹ ਨੂੰ ਏਹ ਕੱਟਣਾ ਚਾਹੁੰਦੇ ਹਨ, ਮੈਂ ਏਹ ਅੱਗੇ ਹੀ ਬਿਬੇਕ ਦੀ ਕਰਦ ਨਾਲ ਛੇਕ ਛੱਡੀ ਹੈ। ਮੇਰੇ ਪਿਆਰੇ ਭਾਈਓ! ਤੁਸੀਂ ਠੀਕ ਠੀਕ ਜਾਣ ਲਵੋ ਕਿ ਵਰਮੀ ਦੇ ਮਾਰਨ ਨਾਲ ਸੱਪ ਨਹੀਂ ਮਰਦਾ, ਮੰਦਰ ਢਾਹੁਣ ਤੋਂ ਮੰਦਰ ਵਾਲਾ ਨਹੀਂ ਢੱਹਦਾ, ਜੋ ਨਾਸ ਹੋਣ ਵਾਲੀ ਚੀਜ ਹੈ ਓਹੋ ਨਾਸ ਹੋਵੇਗੀ, ਤੇ ਜੋ ਅਬਿਨਾਸ਼ੀ ਹੈ ਓਹਦਾ ਕਦੇ ਨਾਸ ਨਹੀਂ ਹੁੰਦਾ, ਮੈਨੂੰ ਕੋਈ ਮਾਰ ਨਹੀਂ ਸਕਦਾ, ਮੈਂ ਸਤਚਿਤ ਆਨੰਦ ਰੂਪ, ਅਜਰ, ਅਮਰ ਆਤਮਾ ਪਰਮਾਤਮਾ ਰੂਪ ਹਾਂ, ਦੇਹ ਨਾਲ ਮੇਰਾ ਕੋਈ ਸੰਬੰਧ ਨਹੀਂ, ਏਹ ਕੱਟਣਗੇ, ਮੈਂ ਸਾਖੀ ਹੋਕੇ ਵੇਖਾਂਗਾ, ਫੇਰ (ਸੁਖ ਦੁਖ ਦੋਨੇ ਸਮ ਕਰ ਜਾਨੈ ਅਰੁ ਮਾਨ ਅਪਮਾਨਾ। ਜਨ ਨਾਨਕ ਇਹੁ ਖੇਲ ਕਠਿਨ ਹੈ ਕਿਨਹੁ ਗੁਰਮੁਖਿ ਜਾਨਾ) ਪੁਨਾਃ (ਇਤ ਮਾਰਗ ਪੈਰ ਧਰੀਜੈ ਸਿਰ ਦੀਜੈ ਕਾਣ ਨ ਕੀਜੈ) ਏਹ ਬਚਨ ਭੀ ਗੁਰੂ ਜੀ ਦੇ ਕਿਸੇ ਨੇ

*ਨਿਖਾਸ ਚੌਂਕ ਕਿਲੇ ਲਾਹੌਰ ਦਾ ਦਰਵਾਜਾ ਜੋਹੜਾ ਸ਼ਹਿਰ ਵਲ ਸੀ, ਓਸਦੇ ਅਗਲੇ ਚੌਂਕ ਦਾ ਨਾਮ ਹੈ, ਹੁਣ ਓਥੇ ਪੁਰਾਣੀ ਮਸੀਤ ਤੇ ਭਾਈ ਮਨੀ ਸਿੰਘ ਜੀ ਦਾ ਸ਼ਹੀਦ ਗੰਜ ਹੈ ॥

Sri Satguru Jagjit Singh Ji eLibrary NamdhariElibrary@gmail.com

ਕਮਾਉਣੇ ਹਨ, ਜੇ ਅਸੀਂ ਤੁਸੀਂ ਹੀ ਨਾ ਕਮਾਵਾਂਗੇ ਤਾਂ ਹੋਰ ਕੌਣ ਮੰਨੇਗਾ ?

ਭਾਈ ਮਨੀ ਸਿੰਘ ਜੀ ਦੇ ਏਸ ਹੌਸਲੇ ਤੇ ਰਸ ਦੇ ਭਰੇ ਹੋਏ ਬਚਨ ਸੁਣਕੇ ਤੇ ਧੀਰ ਧੁਰੰਤਰ ਦੇਖਕੇ ਸਭ ਲੋਕ ਅਸਚਰਜ ਹੋ ਰਹੇ ਸਨ । ਸਿੱਖਾਂ ਨੇ ਰੁਪਯਾ ਦੇਕਰ ਛੁਡਾ ਲੈਣ ਨੂੰ ਬਹੁਤ ਜ਼ੋਰ ਲਾਇਆ, ਪਰ ਭਾਈ ਸਾਹਿਬ ਨੇ ਏਹੋ ਸੁਣਾਇਆ, ਜਦ ਏਸ ਚੋਲੇ ਨੇ ਦਸ ਦਿਨ ਅੱਗੇ ਪਿੱਛੇ ਰਹਣਾ ਨਹੀਂ ਤਾਂ ਹੁਣੇ ਹੀ ਚਮਾਰਾਂ ਦੇ ਮੱਥੇ ਚੱਮ ਕਿਉਂ ਨਾ ਮਾਰੀਏ, ਜਦ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭੀ ਬੜੇ ੨ ਕਸ਼ਟ ਸਹਾਰਕੇ ਧਰਮ ਵਾਸਤੇ ਆਪਣਾ ਸਿਰ ਦਿੱਤਾ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਭੀ ਆਪਣਾ ਸਰਬੰਸ ਤੇ ਪਰਮ ਪਿਆਰੇ ਪੁਤ੍ਰਾਂ ਸਮੇਤ ਧਰਮ ਉੱਤੋਂ ਕੁਰਬਾਨ ਕਰ ਚੁਕੇ ਹਨ, ਤਾਂ ਮੇਰੇ ਜੈਸੇ ਤੁਛ ਪੁਰਖਾਂ ਦੀ ਕੀ ਗਿਨਤੀ ਹੈ ਜੋ ਬਚਾਉਂਦੇ ਹੋ? ਸਭੋਂ ਤੁਸੀਂ ਅਸੀਸ ਤੇ ਹੌਸਲਾ ਦਿਓ ਕਿ ਮੇਰਾ ਮਨ ਕਾਇਮ ਰਹੇ, ਦੇਹ ਪੀੜਾ ਮੈਨੂੰ ਨਾ ਘਬਰਾਏ, ਅਤੇ ਤੁਸੀਂ ਭੀ ਏਸ ਦੇਹ ਤੋਂ ਨਜ਼ਾਰੇ ਸਤਚਿਤ ਆਨੰਦ ਰੂਪ ਆਪ ਨੂੰ ਸਮਝਕੇ ਦੇਹ ਦੀ ਮਮਤਾ ਛੱਡ ਦੱਖੋ, ਏਹ ਦੇਹ ਅਧਯਾਸ ਹੀ ਸਰਬ ਦੁਖ ਤੇ ਜਨਮ ਮਰਣ ਦਾ ਕਾਰਣ ਹੈ । ਭਾਈ ਜੀ ਦੇ ਏਸ ਸੱਚੇ ਉਪਦੇਸ਼ ਨੂੰ ਸੁਣਕੇ ਡਾਢੇ ਨਿਡਰ ਸੁਭਾਵ ਨੂੰ ਦੇਖਕੇ ਹਿੰਦੂ ਮੁਸਲਮਾਨ ਸਭ ਵਾਹ ੨ ਕੈਹ ਰਹੇ ਸਨ, ਏਤਨੇ ਨੂੰ ਜਲਾਦਾਂ ਪਾਸ ਤੀਜਾ ਹੁਕਮ ਆ ਪਹੁੰਚਿਆ, ਭਾਈ ਮਨੀ ਸਿੰਘ ਜੀ ਵੱਡੀ ਖੁਸ਼ੀ ਨਾਲ ਲੋਕਾਂ ਨੂੰ ਛਤੇ ਬੁਲਾਕੇ ਆਪ ਹੀ ਜਲਾਦਾਂ ਦੇ ਅੱਡੇ ਉਤੇ ਜਾ ਬੈਠੇ । ਜਦ ਜਲਾਦਾਂ ਨੇ ਰਾਜ ਟੁਕੜੇ ਕਰਨੇ ਚਾਹੇ ਤਾਂ ਭਾਈ ਸਾਹਿਬਜੀਨੇ ਆਖਜਾ—

Sri Satguru Jagjit Singh Ji eLibrary NamdhariElibrary@gmail.com

ਤੁਹਾਨੂੰ ਹੁਕਮ ਹੈ ਕਿ ਏਹ ਬੰਦ ਬੰਦ ਕੱਟੋ, ਸੋ ਅੰਗੁਲੀਆਂ ਦੇ ਸਭ ਜੋੜ ਪੈਹਲੇ ਕੱਟੇ, ਫੇਰ ਪਹੁੰਚਾ, ਡੂਹਲੀ, ਮੋਢਾ ਵੱਢੇ, ਏਸੇ ਤਰਾਂ ਦੂਜੀ ਬਾਂਹ ਤੇ ਦੋਵੇਂ ਲੱਤਾਂ ਕੱਟੇ। ਭਾਈ ਸਾਹਿਬ ਨੇ ਆਪਣੇ ਅੰਗਾਂ ਨੂੰ ਬੜੀ ਧੀਰਜਤਾ ਨਾਲ ਜਾਣੋ ਕਿਸੇ ਲਕੜੀ ਦੇ ਮੋਛੇ ਪਵਾਉਂਦੇ ਹਨ, ਏਸਤਰਾਂ ਬੇਧੱੜਕ ਬੈਠਕੇ ਕਟਾਉਂਦੇ ਰਹੇ ਤੇ ਦੇਹ ਨੂੰ ਪੰਜ ਭੂਤਾਂ ਦੀ ਬਿਗਾਨੀ ਸਮਝਕੇ ਆਪ ਸਾਖੀ ਹੋਕੇ ਦੇਖਦੇ ਰਹੇ ਤੇ ਸੁਖਮਨੀ ਵਿੱਚੋਂ ਬ੍ਰਹਮ ਗਿਆਨੀ ਦੀ ਅਸ਼ਟਪਦੀ ਦਾ ਪਾਠ ਕਰਦੇ ਰਹੇ। ਜਲਾਦਾਂ ਨੇ ਭੀ ਭਾਈ ਜੀ ਦਾ ਬਚਨ ਮੰਨਕੇ ਪੁਰਜਾ ੨ ਕਟਿਆ ਭਾਂ ਸਹੀ, ਪਰ ਸਿਦਕ ਧੀਰਜ ਨੂੰ ਦੇਖਕੇ ਚਕ੍ਰਿਤ ਹੋ ਗਏ; ਹੋਰ ਲੋਕ ਜੋ ਇਕੱਠੇ ਹੋ ਰਹੇ ਸਨ, ਦੇਖ ਦੇਖ ਕੇ ਹੱਕੇ ਬੱਕੇ ਹੋ ਗਏ। ਕੋਈ ਵਾਹ ੨ ਕੋਈ ਧੰਨ ੨ ਕੋਈ ਹਾਇ ੨ ਤੋਬਾ ੨ ਦੀ ਆਵਾਜ਼ ਕਰ ਰਿਹਾ ਸੀ, ਅਨੇਕ ਕੋਮਲ ਚਿਤ ਗਸ਼ੀ ਖਾਕੇ ਗਿਰ ਗਏ, ਕਈਆਂ ਨੇ ਅੱਖੀਆਂ ਮੀਚ ਲਈਆਂ, ਕਈ ਝੁਲਝੁਲੀਆਂ ਖਾਕੇ ਨੱਠ ਗਏ, ਐਸਾ ਕੋਈ ਹਿੰਦੂ ਮੁਸਲਮਾਨ ਨਹੀਂ ਸੀ ਜੋ ਕੁੱਥਾਂ ਮਾਰਕੇ ਨਹੀਂ ਰੋਇਆ। ਭਾਵੇਂ ਜਲਾਦਾਂ ਨੇ ਇਤਨੀ ਬੇਰਹੀ ਕੀਤੀ, ਪਰ ਭਾਈ ਸਾਹਿਬ ਦੇ ਮੱਥੇ ਪਰ ਤਿਊੜੀ ਤ੍ਰੇਲੀ ਤਕ ਨਾ ਆਈ, ਤੇ ਨਾ ਮੁੰਹੋਂ ਸੀ ਉਚਾਰਿਆ, ਮੁੰਹ ਦੀ ਲਾਲੀ ਤੇ ਖੁਸ਼ੀ ਦੀ ਆਵਾਜ਼ ਬਰਾਬਰ ਕਾਇਮ ਰਹੀ। ਓੜਕ ਜਦ ਜਲਾਦ ਨੇ ਸਿੰਘ ਜੀ ਦੇ ਸਿਰ ਨੂੰ ਤੇਜ ਉਠਾਈ ਤਾਂ ਬੋਲ ਵਾਹਿਗੁਰੂ ਜੀ ਕੀ ਫਤਹ ਇਹ ਅਵਾਜ਼ ਆਈ, ਜਾਣੋ ਸਿਰ ਅਰੋ ਹੀ ਲੱਥਾ ਪਿਆ ਸੀ॥

ਏਸ ਕਥਾ ਨੂੰ ਲਿਖਦੀ ਹੋਈ ਮੇਰੀ ਕਲਮ ਤੇ ਛਾਤੀ ਇਸ ਵਾਸਤੇ ਅਧਕ ਤੜਫਦੀ ਹੈ ਕਿ ਏਹ ਮੇਰੇ ਬਾਪ ਦਾ

Sri Satguru Jagjit Singh Ji eLibrary NamdhariElibrary@gmail.com

ਦਾਦਾ ਸੀ, ਤੇ ਹੋਰ ਕੀ ਐਸਾ ਸਿੰਘ ਯਾ ਕੋਈ ਹੋਰ ਪੱਥਰ ਦਿਲ ਨਹੀਂ ਹੋਵੇਗਾ ਜੋ ਏਸ ਸਿੰਘ ਦੇ ਬ੍ਰਿਤਾਂਤ ਨੂੰ ਪੜ੍ਹਸੁਣਕੇ ਕੰਬ ਨਾਂ ਉਠੇਗਾ ਤੇ ਨੇਤ੍ਰਾਂ ਵਿਚੋਂ ਜਲ ਨਾ ਵਹਾਏਗਾ ॥

ਜਦ ਭਾਈ ਮਨੀ ਸਿੰਘ ਜੀ ਅਲੌਕਿਕ ਬ੍ਰਹਮ ਗਯਾਨੀ ਮੱਘਰ ਸੁਦੀ ਪੰਚਮੀ ਸੰਃ੧੭੯੫ ਵਿਃ ਨੂੰ ਸ਼ਹੀਦ,ਸਚਖੰਡ ਵਿੱਚ ਜਾ ਵਸੇ ਤਾਂ ਉਨਾਂਦੇ ਭਤੀਜੇ ਬਘੇਲਸਿੰਘ ਨੇ ਲਾਹੌਰ ਦੀ ਸੰਗਤ ਸਮੇਤ ਦਿੱਲੀ ਦਰਵਾਜੇ ਤੋਂ ਬਾਹਰ ਜਿੱਥੇ ਹੁਣ ਓਨਾਂ ਦੀ ਸਮਾਧ ਹੈ, ਦਾਹ ਕਰਕੇ ਦੁਸ਼ਮਣਾਂ ਨੂੰ ਸੋਧਣ ਦੀ ਥਾਪ ਲਈ ॥

ਜਦ ਸਿੰਘਾਂ ਦੇ ਦਲਾਂ ਨੇ ਭਾਈ ਮਨੀ ਸਿੰਘ ਜੀ ਦਾ ਹਾਲ ਸੁਣਿਆਂ ਤਾਂ ਅੱਖੀਆਂ ਵਿੱਚੋਂ ਲਹੂ ਟਪਕ ਪਿਆ, ਕਿਉਂਕਿ ਸਾਰਾ ਪੰਥ ਖਾਲਸਾ ਭਾਈ ਸਾਹਿਬ ਜੀ ਦਾ ਬੜਾ ਸਤਕਾਰ ਕਰਦਾ ਸੀ, ਓਹਨੀ ਸਿੰਘਾਂ ਨੂੰ ਕਥਾ ਵਾਰਤਾ ਧਰਮ ਦਾ ਉਪਦੇਸ਼ ਨਵੀਆਂ ੨ ਸਾਖੀਆਂ ਜੋ ਓਨਾਂ ਦੀ ਰਚਤ ਪੋਥੀ ਵਿਚ ਭਰੀਆਂ ਹੋਈਆਂ ਹਨ, ਸੁਣਾ ਕਰ ਪ੍ਰਸੰਨ ਰਖਦੇ ਸੇ ।

ਖਾਲਸੇ ਦਾ ਸੋਧ ਕਰਨ ਲਈ ਤਿਆਰ ਹੋਣਾ

ਭਲਾ ਐਡੇ ਵੱਡੇ ਜ਼ੁਲਮ ਨੂੰ ਸੁਣਕੇ ਸਿੰਘ ਕਦ ਚੁਪ ਕੀਤੇ ਬੈਠਦੇ ਸਨ ? ਓਸੇ ਵਕਤ ਹੱਲਾ ਕਰਕੇ ਪੈਹਲੇ ਤਾਂ ਅਬਦੁਲ ਰਜ਼ਾਕ ਕਾਜ਼ੀ ਦਾ ਕਜੀਆ ਮੁਕਾਯਾ, ਏਸੇ ਨੇ ਭਾਈ ਮਨੀ ਸਿੰਘ ਜੀ ਨੂੰ ਪਕੜਾਕੇ ਲਾਹੌਰ ਪਹੁੰਚਾਯਾ ਸੀ, ਸੋ ਏਸਦਾ ਕਾਲ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਦੇ ਹੱਥੋਂ ਹੋਇਆ, ਫੇਰ ਪੰਥ ਨੇ ਅਲੀਗੜ੍ਹ ਪਹੁੰਚਕੇ ਓਸਦੇ ਕੁਟੰਬ ਦਾ ਕਲੀਆ ਕਰ ਅਲੀਗੜ੍ਹ ਤੋਂ ਮੁੜ ਅਕਾਲਗੜ੍ਹ

Sri Satguru Jagjit Singh Ji eLibrary NamdhariElibrary@gmail.com

ਬਣਾਇਆ, ਫੇਰ ਓਸ ਮੁੰਡਤੀ ਨੂੰ ਜਿਸਨੇ ਫਤੂਹਾ ਦਿੱਤਾ ਸੀ, ਮੁੰਨਿਆ ਪਿੰਡ ਵਿਚ ਘੋਰੜੇ ਬਰਾਜ ਸਿੰਘ ਨੇ ਜਰਜਰੀ ਕਰਕੇ ਦੰਡ ਦਿੱਤਾ, ਬਾਕੀ ਦੇ ਸਿੰਘਾਂ ਨੇ ਓਸਦੇ ਕੁਟੇਬ ਨੂੰ ਸੋਪਿਆ, ਇਸ ਵਰਤ ਜੋ ਜੋ ਜ਼ਾਲਮ ਮੁਸਲਮਾਨ ਸਿੰਘਾਂ ਦੇ ਅੜਿੱਕੇ ਆਇਆ ਸੋ ਤੇਗ ਦੀ ਭੇਟਾ ਚੜ੍ਹਾਯਾ ।

ਸਿੰਘਾਂ ਦੇ ਬਦਲੇ ਇਨਾਮ

ਜਦ ਇਸ ਪ੍ਰਕਾਰ ਬਹੁਤ ਰੌਲਾ ਪੈ ਗਿਆ ਤਾਂ ਸੂਬੇ ਨੇ ਸਾਰੇ ਦੇਸ ਦੇ ਚੌਧਰੀ, ਪੈਂਚ ਤੱਲਕੇਦਾਰ ਬੁਲਾਕੇ ਓਨਾਂ ਤੋਂ ਇਹ ਲਿਖਤ ਕਰਾ ਲਈ ਕਿ ਜਿਸਦੇ ਪਿੰਡ ਵਿਚ ਯਾ ਪਿੰਡਦੀ ਜੂਹ ਵਿਚ ਸਿੰਘ ਸਹੀ ਹੋ ਜਾਵੇਗਾ, ਓਸ ਨੰਬਰਦਾਰ ਤੋਂ ਸੌ ਰੁਪਯਾ ਚੱਟੀ ਲੈਕੇ ਨੰਬਰਦਾਰੀ ਤੋਂ ਖਾਰਜ ਕੀਤਾ ਜਾਊ, ਤੇ ਜੋ ਕੋਈ ਸਿੰਘਾਂ ਨੂੰ ਫੜਾਵੇਗਾ ਓਸਨੂੰ ਇੱਜ਼ਤ ਤੇ ਇਨਾਮ ਮਿਲੇਗਾ । ਏਹ ਸੁਣਕੇ ਸਾਰਾ ਦੇਸ ਹੀ ਸਿੰਘਾਂ ਦਾ ਵੈਰੀ ਬਣ ਗਿਆ, ਸਿੰਘ ਭੀ ਸਮਾਂ ਵਿਚਾਰ ਮਾਲਵੇ ਦੇਸ ਵਲ ਸਰਕ ਗਏ ।

ਚਰਖੀ ਦਾਦਰੀ ਲੁਟਣੀ

ਏਸੇ ਸਮੇਂ ਰਾਜੇ ਆਲਾ ਸਿੰਘ ਦੇ ਬੇਟੇ ਲਾਲ ਸਿੰਘ ਨੇ ਆਪਣੇ ਬਾਪ ਤੋਂ ਕੁਛ ਜਾਗੀਰ ਮੰਗੀ ਤਾਂ ਆਲਾ ਸਿੰਘ ਨੇ ਆਖਿਆ ਮੈਨੂੰ ਕਿਸੇ ਨੇ ਦਿੱਤੀ ਨਹੀਂ, ਮੈਂ ਕਿਸੇ ਨੂੰ ਦੇਣੀ ਨਹੀਂ, ਜਿਸ ਤਰਾਂ ਮੈਂ ਹਿੰਮਤ ਕੀਤੀ ਹੈ ਤੂੰ ਭੀ ਉੱਦਮ ਕਰ ਲੈ, ਫੱਰ ਲਾਲ ਸਿੰਘ ਮਝੈਲਾਂ ਨੂੰ ਨਾਲ ਲੈਕੇ ਚਰਖੀ ਦੇ ਮੁਲਕ ਵਿਚ ਜਾ ਵੜਿਆ । ਦਾਦਰੀਏ ਹਾਕਮ ਇਸਮਾਈਲ ਖਾਂ ਜੋ ਨਵਾਬ ਸੱਫਦਰ ਦੇ ਮਾਤੈਹਤ ਸੀ, ਏਸੀ ਲੋਕਾਂ ਨੂੰ ਬੱਠੇ

Sri Satguru Jagjit Singh Ji eLibrary NamdhariElibrary@gmail.com

ਕਰ ਸਿੰਘਾਂ ਨਾਲ ਟੱਕਰ ਤਾਂ ਪਿਆ, ਪਰ ਪਿੱਛਾ ਛੁਡਾਉਣਾ ਔਖਾ ਹੋਇਆ, ਹਾਰਕੇ ਚਾਰ ਘੋੜੇ ਪੰਜ ਹਜ਼ਾਰ ਨਕਦ ਨਵਾਬ ਕਪੂਰ ਸਿੰਘ ਨੂੰ ਨਜ਼ਰ ਦੇਕੇ ਪਿੱਛਾ ਛੁਡਾਇਆ।

ਰਿਆਸਤ ਦੁਆਨੇ ਦਾ ਨਵਾਬ ਅਬਦੁਲ ਸਮੰਦ ਖਾਂ, ਪਟੌਦੀ ਦਾ ਨਵਾਬ ਫੈਜ਼ਤਲਬ ਖਾਂ, ਫਰੀਦਾਬਾਦ ਦਾ ਸ਼ਮਸ਼ੇਰ ਖਾਂ ਝਾਂਡੇ ਰਜਪੂਤ ਆਦਿਕ ਬਹੁਤ ਲੋਕ ਲੜੇ, ਪਰ ਅੰਤ ਨੂੰ ਹਾਰੇ। ਜਦ ਪੰਜ ਚਾਰ ਜਗਾਂ ਸਿੰਘਾਂ ਨੇ ਫਤੇ ਪਾ ਲਈ ਤਾਂ ਫੇਰ ਕਿਸੇ ਨੇ ਟੱਕ ਨਾ ਉਠਾਇਆ, ਰੋਹਾਨਾ ਰੁਹਤਕ, ਜਲੌਦਾ, ਕਾਦਮਾਂ ਆਦਿਕ ਕਸਬੇ ਫੀਰੋਜ਼ਸ਼ਾਹੀ ਨੈਹਰ ਦੇ ਕਿਨਾਰੇ (ਜੋ ਮੁੰਃ ੧੮੨੫ ਈ: ਵਿਚ ਸਾਫ ਕਰਾਕੇ ਸਰਕਾਰ ਨੇ ਦੇਸ ਵਿੱਚ ਫੇਰੀ ਹੈ) ਵਡੇ ਵਡੇ ਧਨੀ ਥੇ, ਸੋ ਸਿੰਘਾਂ ਨੇ ਭਲੀ ਭਾਂਤ ਸੋਧਿਆ। ਜਾਰਜ ਗਰ ਵਾਲੇ ਜਾਰਜ ਟਾਮਸਨ ਸਾਹਿਬ ਫਤਾਂਸੀਸ ਫਰੰਗੀਨੇ(ਜੋ ਸੇਂਧੀਆਂ ਦੀ ਤਰਫੋਂ ਏਸ ਮੁਲਕ ਦਾ ਹਾਕਮ ਸੀ) ਲੜਾਈ ਕੀਤੀ, ਸਿੰਘ ਜੱਮਕੇ ਨਾ ਲੜੇ, ਦਾਓ ਘਾਓ ਕਰਕੇ ਅੱਗੇ ਨਿਕਲ ਗਏ, ਮਟੌਲੀ, ਅਲੀਪੁਰ, ਬਲਮਗੜ੍ਹ, ਕੋਟਲਾ, ਫੀਰੋਜ਼ ਸ਼ਾਹ ਵਾਲਾ, ਫਰੀਦਾ ਬਾਦ, ਗਾਜੀਪੁਰ, ਮੋਹਣਾ, ਨੋਹ, ਟਾਵਰਾ, ਰੁੜਗਾਵਾਂ, ਬਾਦਸ਼ਾਹ ਪੁਰ, ਪਾਲੀ ਪੋਨਾਨਾ ਪਲੋਲ, ਪਟਗਾਵ ਆਦਿਕ ਬਹੁਤ ਪਿੰਡ ਤੇ ਕਸਬੇ ਸੋਧੇ, ਜਿਸ ਨੇ ਕੁਛ ਅੱਗੇ ਆ ਧਰਿਆ ਸੋਈ ਬਚਿਆ ਤੇ ਜੋਹੜਾ ਅੜਿਆ ਓਸੇ ਨੂੰ ਭੁੰਨ ਤੋੜਕੇ ਸਾਫ ਕਰ ਛਡਿਆ, ਮਥੁਰਾ, ਖੁਰਜਾ, ਫਤੁਹਾਬਾਦ ਤਕ ਸਿੰਘਾਂ ਦੇ ਜੱਥੇ ਫਿਰ ਨਿਕਲੇ। ਜਦ ਕਿਸੇ ਨਾਲ ਮੁਕਾਬਲਾ ਪੈਂਦਾ ਤਾਂ ਪਚਾਸ ੨ ਕੋਸ ਤੋਂ ਰਾਤੋਰਾਤ ਆਕੇ ਕੱਠੇ ਹੋਕਰ ਫਤੇ ਕਰਦੇ ਰਹੇ, ਓਧਰ

Sri Satguru Jagjit Singh Ji eLibrary NamdhariElibrary@gmail.com

ਏਸੇ ਸਾਲ ਆਉਂਦੇ ਹੋਏ ਮੁਲਕ ਦਾ ਪਰਗਣਾ ਭੀ ਕੌਰ ਲਾਲ ਸਿੰਘ ਨੂੰ ਫਤੇ ਕਰਾ ਆਏ, ਜੋ ਹੁਣ ਤਕ ਰਿਆਸਤ ਪਟਿਆਲੇ ਦੇ ਕਬਜੇ ਵਿਚ ਹੈ।

ਮਲਕ ਦੀ ਬੇਚੈਨੀ

ਜਦਪਿ ਮੁਸਲਮਾਨਾਂ ਦੇ ਰਾਜ ਵਿਚ ਕਦੇ ਭੀ ਅਮਨ ਨਹੀਂ ਹੋਇਆ ਸੀ, ਪਰ ਔਰੰਜ਼ੇਬ ਦੇ ਮਰੇ ਤੋਂ ਪਿੱਛੇ ਤਾਂ ਦਿਨ ਬਦਿਨ ਹੁਲੜ ਹੀ ਮਚ ਗਿਆ, ਮਹੰਮਦ ਸ਼ਾਹ ਦੇ ਸਮੇਂ ਖਿਧਰੋਂ ਮੁਹਟੇ ਦੇਸ ਨੂੰ ਦੱਬੀ ਜਾਂਦੇ ਸਨ, ਖਿਧਰੇ ਡਰ ਲੋਗ ਮੁਸਲਿਆਂ ਦੀ ਕੱਚ ਬੱਚ ਕੱਟ ਰਹੇ ਸਨ; ਕਿਤੇ, ਛੀਲ, ਕਿਤੇ ਪੰਡਾਰੇ, ਕਿਤੇ ਫਰਾਂਸੀਸ ਕਿਤੇ ਸਿਖ, ਪਰ ਸਭ ਤੋਂ ਵਧੀਕੀ ਵਿਚ ਅੰਗ੍ਰੇਜ਼ ਸਨ, ਕੋਈ ਕਿਸੇ ਨੂੰ ਨਹੀਂ ਪੁਛਦਾ ਸੀ, ਕਿ ਤੁਹਾਡੇ ਮੂੰਹ ਵਿਚ ਕਿਤਨੇ ਦੰਦ ਹਨ, ਏਹ ਕਹਾਵਤ ਵਾਂਙੂ (ਅੰਨੀ ਨੂੰ ਬੋਲਾ ਘਾੜੀਸੇ । ਨਾ ਓਹਨੂੰ ਸੁਣੀਏ ਨਾ ਓਹਨੂੰ ਦੀਸੇ) ਅੰਧਾ ਧੁੰਦ ਮਚ ਰਹੀ ਸੀ।

ਬੋਤਾ ਸਿੰਘ ਦਾ ਪ੍ਰਸੰਗ

1786
52
1739

ਜਦ ਸੰਃ ੧੭੯੬ ਵਿਃ ਵਿਚ ਸਭ ਸਿੰਘ ਪੰਜਾਬ ਛੱਡ ਕੇ ਮਾਲਵੇ ਤੇ ਹਾਂਸੀ ਹਸਾਰ ਵਲ ਦੌੜ ਧੁਪ ਕਰ ਰਹੇ ਸਨ, ਇਕ ਬੋਤਾ ਸਿੰਘ ਸੰਧੂ ਜੱਟ ਭੜਾਣੇ ਦਾ ਤੇ ਇਕ ਮਜ਼ਬੀ ਗਰਜਾ ਸਿੰਘ, ਅੰਮ੍ਰਤਸਰ ਦਿਸ਼ਨਾਨ ਰਾਤ ਬਿਤਾਤੇ ਅਤਰ ਤਰਨ ਤਾਰਨ ਦੇ ਵਿਚਦ ਜਿਹਦ ਛਿੱਛਿਆਂ ਵਿਚ ਕੁਝ ਰੋਂਹਦੇ ਤੇ ਆਸਰ, ਮੁਛੀ, ਸਾਂ, ਪਾਤ ਆ ਕੇ ਨ ਗੁ ਤਦ ਸੀ। ਇਕ ਦਿਨ ਦੋ ਜੱਟਾਂ ਨੇ ਛੋਨਾਂ ਨੂੰ ਦੇਖਿਆ ਤਾਂ ਇੱਕ ਨੇ

Sri Satguru Jagjit Singh Ji eLibrary NamdhariElibrary@gmail.com

ਆਖਿਆ ਇਹ ਸਿੰਘ ਲੁਕੇ ਹੋਏ ਹਨ, ਦੂਜੇ ਨੇ ਬੋਲੀ ਮਾਰੀ ਇਹ ਸਿੰਘ ਨਹੀਂ ਸਿੱਦਕ ਹਨ, ਜੇ ਸਿੰਘ ਹੋਣ ਤਾਂ ਲੁਕਦੇ ਕਿਉਂ ਫਿਰਨ ? ਏਹ ਬੋਲੀ ਸਿੰਘਾਂ ਨੂੰ ਖਾ ਗਈ, ਓਸੇ ਦਿਨ ਨੂਰਦੀਨ ਦੀ ਸਰਾਇ ਦੇ ਨੇੜੇ, ਦਿੱਲੀ ਲਾਹੌਰ ਦੀ ਸੜਕ ਉੱਤੇ ਸੋਟੇ ਫੜਕੇ ਤਿਆਰ ਹੋ ਬੈਠੇ, ਇੱਕ ਆਨਾਂ ਗੱਡਾ, ਪੈਸਾ ਖੋਤਾ, ਜਗਾਤ ਲਏ ਬਿਨਾ ਕਿਸੇ ਨੂੰ ਲੰਘਣ ਨਾ ਦੇਣ, ਜੇ ਕੋਈ ਨਾਹ ਨੁਕਰ ਕਰੇ ਤਾਂ ਕੁੱਠਾ ਘੋਟਣੇ ਡੰਡਿਆਂ ਨਾਲ ਸਿੱਧਾ ਕਰ ਲੈਣ, ਏਸੇ ਤਰਾਂ ਅਨੇਕ ਤੁੱਲਕੇਦਾਰ ਐਹਲਕਾਰ ਸ਼ਾਹੀ ਭੀ ਲੰਘੇ, ਪਰ ਕਿਸੇਨੇ ਏਹ ਨਾ ਪੁਛਿਆ ਕਿ ਤੁਸੀਂ ਏਥੇ ਕਿਸਦੇ ਹੁਕਮ ਨਾਲ ਜਗਾਤ ਲੈਂਦੇ ਹੋ ॥

ਓੜਕ ਬੋਤਾ ਸਿੰਘ ਨੇ ਖਾਨ ਬਹਾਦਰ ਸੂਬੇ ਨੂੰ ਚਿੱਠੀ ਲਿਖੀ (ਚਿੱਠੀ ਸੁਨਹੋ ਖਾਨੂ ਕੋਤਾ—ਆਨਾ ਗੱਡਾ ਪੈਸਾ ਖੋਤਾ। ਏਹੁ ਜਗਾਤ ਲੇਤ ਸਿੰਘ ਬੋਤਾ। ਹੱਥ ਮੈਂ ਰਾਖਤ ਸੋਟਾ ਮੋਟਾ। ਤੇਰਾ ਅਕਬਤ ਕਰ ਹੈ ਖੋਟਾ। ਮੇਰਾ ਕਹੀਂ ਸਨੇਹਾ ਜਾਇ ਭਾਬੀ ਖਾਨੋ ਨੂੰ ਸਮਝਾਇ। ਤੇਰਾ ਯਾਰ ਸਿੰਘ ਜੋ ਬੋਤਾ। ਤੈਨੂੰ ਰਿਹਾ ਉਡੀਕ ਖੜੋਤਾ। ਆਇ ਸਰਾਂਇ ਨੂਰਦੀਂ ਪਾਸ। ਤੂੰ ਜੋਤਾ ਲਗਵਾ ਲੈ ਖਾਸ) ਏਸ ਚਿੱਠੀ ਨੂੰ ਪੜ੍ਹਦੇ ਸਾਰ ਸੂਬੇ ਨੂੰ ਤਾਂ ਅੱਗ ਲੱਗ ਉੱਠੀ, ਭੱਠੀ ਵਾਂਗ ਤਪ ਗਿਆ, ਜਲਾਲ ਦੀਨ ਫੌਜਦਾਰ ਨੂੰ ੧੦੦ ਸੌ ਅਸਵਾਰ ਦੇਕੇ ਹੁਕਮ ਦਿੱਤਾ ਕਿ ਬੋਤਾ ਸਿੰਘ ਨੂੰ ਫੜਕੇ ਮੇਰੇ ਪਾਸ ਲਿਆਓ, ਮਾਰਣਾ ਨਹੀਂ, ਜਦ ਸਿੰਘਾਂ ਨੇ ਫੌਜ ਆਉਂਦੀ ਦੇਖੀ ਤਾਂ ਖੁਸ਼ੀ ਦੀ ਲਾਲੀ ਚੜ੍ਹ ਗਈ ਤੇ ਮਨ ਵਿੱਚ ਧਾਰ ਲਿਆ ਕਿ ਹੁਣ ਸ਼ਹੀਦ ਹੋਕੇ ਸੱਚਖੰਡ ਨੂੰ ਜਾਵਾਂਗੇ ਤਲਵਾਰਾਂ ਰੇਤੇ ਉੱਤੇ ਘਸਾ ਕੇ ਇੱਕ ਇੱਕ ੨ ਹੱਥ ਵਿੱਚ ਸੋਟਾ ਦੂਜੇ ਵਿੱਚ ਤਲਵਾਰਾਂ ਲੈ

Sri Satguru Jagjit Singh Ji eLibrary NamdhariElibrary@gmail.com

ਲਈਆਂ। ਏਤਨੇ ਨੂੰ ਫੌਜ ਨੇ ਆ ਘੇਰਿਆ। ਮਲਾਲ ਦੀਨ ਨੇ ਆਖਜਾ, ਮੇਰੇ ਨਾਲ ਲਾਹੌਰ ਚੱਲੋ, ਤੁਹਾਨੂੰ ਬਚਾ ਲਵਾਂਗਾ, ਸਿੰਘ ਬੋਲਜਾ,ਮੈਂ ਬਚਨ ਲਈ ਸਾਹਮਣੇ ਨਹੀਂ ਹੋਯਾ। ਤੁਹਾਡੇ ਵਿੱਚ ਜੋ ਬੜੇ ਤਲਵਾਰ ਦੇ ਲੜਾਕੇ ਹਨ ਉਨ੍ਹਾਂ ਵਿੱਚੋਂ ਚਾਰ ਮੇਰੇ ਸਾਹਮਣੇ ਕਰੋ। ਫੌਜਦਾਰ ਨੇ ਚਾਰ ਬਹਾਦਰ ਸਾਹਮਣੇ ਕੀਤੇ, ਪਰ ਓਹ ਤਾਂ ਸਿੰਘਾਂ ਦਾ ਇੱਕ ਵਾਰ ਭੀ ਨਾਂ ਝੱਲ ਸੱਕੇ ਫੌਰਨ ਹੀ ਜ਼ਿਮੀਨ ਪਰ ਸੌਂ ਗਏ। ਤਾਂ ਪੰਜ ਛੇ ਸਿਪਾਹੀ ਹੋਰ ਆਏ,ਸਿੰਘਾਂਨੇਓਹ ਭੀ ਲਿਟਾ ਦਿੱਤੇ,ਫੇਰ ਤੁਰਕਾਨੀ ਫੌਜ ਇੱਕੋ ਵਾਰੀ ਆ ਪਈ, ਸਿੰਘਾਂ ਨੇ ਆਪਸ ਵਿੱਚ ਪਿੱਠਾਂ ਜੋੜਕੇ ਘੋਰ ਜੰਗ ਕੀਤਾ, ਓੜਕ ਦਸ ਗੁਣਿਆਂ ਨੂੰ ਮਾਰਕੇ ਪੁਰਜੇ ਪੁਰਜੇ ਹੋਕਰ ਸੱਚ ਖੰਡ ਨੂੰ ਪਧਾਰ ਗਏ। ਏਹਨਾਂ ਦੀ ਹਿੰਮਤ ਤੇ ਸਿੰਘੀ ਦੀ ਗਲ ਪਿੰਡ ੨ ਚਲ ਪਈ, ਸੂਬੇ ਨੇ ਭੀ ਸੁਣਕੇ ਉਂਗਲਾਂ ਮੂੰਹ ਵਿੱਚ ਪਾਈਆਂ।

ਸਿਆਲਕੋਟ ਦੇ ਸੂਬੇ ਨੂੰ ਮਲਵਈਆਂ ਨੇ ਸੋਧਲਾ

ਏਸ ਸਮੇਂ ਤਾਹਰਅਲੀ ਸੂਬੇਦਾਰ ਸਜਾਲਕੋਟ ਦਾ ਸਰਹੰਦ ਆਪਨੇ ਘਰ ਵਿਆਹ ਵਾਸਤੇ ਚਲਿਆ ਸੀ ਤੇ ਹੈਬਤ ਖਾਂ ਰੁਹੇਲਾ ਸਰਦਾਰ ਡੇਢ ਸੌ ਅਸਵਾਰ ਨਾਲ ਰਾਖਾ ਸੀ, ਤੁਰੰਗਾਬਾਦ ਪਿੰਡ ਪਾਸ ਮਲਵਈ ਸਿੰਘਾਂ ਦਾ ਟੋਲਾ (ਜਿਨਾਂ ਵਿਚ ਰਾਮ ਸਿੰਘ, ਦਯਾ ਸਿੰਘ ਸਰਦਾਰ ਸਨ) ਅੰਮ੍ਰਿਤਸਰ ਨੂੰ ਆਂਦਾ ਹੋਇਆ ਓਨਾਂ ਨੂੰ ਟੱਕਰ ਪਿਆ। ਰੁਹੇਲੇ ਘੇਰ ਕੇ ਫੜਨ ਲੱਗੇ ਤਾਂ ਸਿੰਘਾਂ ਨੇ ਧੂਹ ਲਈਆਂ, ਜਿਸ ਆਦਮੀ ਘੋੜੇ ਨੂੰ ਵੱਜੀ ਓਸੇ ਨੇ ਜਾਨ ਤਜੀ। ਜਦ ਏਸਤਰਾਂ ਤੀਸਕ ਨਿਬੇੜੇ ਤੇ ਹੈਬਤਖਾਂ ਮਾਰਿਆ ਗਿਆ ਤਾਂ ਬਾਕੀ ਦੇ ਤਾਬੜ ਤੋੜ

Sri Satguru Jagjit Singh Ji eLibrary NamdhariElibrary@gmail.com

ਨੱਠ ਗਏ, ਆਖਰ ਹਤੇ ਦੇ ਜੋੜਾਰੇ ਛਡਦੇ ਹੋਏ ਸਿੰਘ ਆਪੋ ਆਪਣੇ ਪਿੰਡ ਮਾਲਵੇ ਜਾ ਵੜੇ।

ਕਰਤਾਰਪੁਰ ਥੰਮ੍ਹ ਸਾਹਿਬ ਤੇ ਕੁਤਬਦੀਨ ਦਾ ਸੜਨਾ

ਏਸੇ ਬਰਸ ਵਿਚ ਜਾਲੰਧਰ ਦੇ ਹਾਕਮ ਕੁਤਬ ਦੀਨ ਨੂੰ ਚੁਗਲਾਂ ਨੇ ਆਖਿਆ ਕਿ ਸੋਢੀ ਬਡਭਾਗ ਸਿੰਘ ਸਿੰਘਾਂ ਲੁਕਾ ਕੇ ਰਖਦਾ ਹੈ। ਓਸਨੇ ਏਹ ਸੁਣਕੇ ਫੌਜ ਸਮੇਤ ਜਾਕੇ ਕਰਤਾਰ ਪੁਰ ਘੇਰ ਲਿਆ। ਸੋਢੀ ਸਾਹਿਬ ਭਾਂ ਪਹਾੜਾਂ ਵਿਚ (ਜਿਥੇ ਹੁਣ ਉਨ੍ਹਾਂ ਦਾ ਵਡਾ ਪੂਜਨੀਕ ਮਕਾਨ ਹੈ) ਚਲੇ ਗਏ ਸਨ। ਕੁਤਬਦੀਨ ਬਾਦੀ ਤੁਰਕ ਨੇ ਥੰਮ ਸਾਹਿਬ ਗੁਰਦ੍ਵਾਰਾ ਜਲਾ ਦਿਤਾ, ਅਨੇਕ ਹਿੰਦੁਲੀਆਂ ਫੜਕੇ ਤੁਰਕਾਂ ਨੂੰ ਕਰਾ ਦਿਤੀਆਂ, ਗੁਰਦ੍ਵਾਰੇ ਵਿਚ ਗਊ ਬਧ ਕੀਤਾ, ਸਰਦਾਰ ਬਾਘ ਸਿੰਘ ਆਹਲੂਵਾਲੀਆਂ ਸੁਹਾਂ ਨਦੀ ਦੇ ਕਾਂਛੜਾਂ ਜੰਗਲਾਂ ਵਿਚ ਦਿਨ ਕੱਟ ਰਿਹਾ ਸੀ, ਏਹ ਗੱਲ ਸੁਣ ਕੇ ਰਹਿ ਨਾ ਸਕਿਆ। ਆਖਰ ਦੋ ਕੁ ਸੌ ਅਸਵਾਰ ਐਧਰੋਂ ਓਧਰੋਂ ਕੱਠਾ ਕਰਕੇ ਜਾਲੰਧਰ ਨੂੰ ਚੜ੍ਹ ਪਿਆ, ਅਗੇ ਕੁਤਬਦੀਨ ਸਿੰਘਾਂ ਦੇ ਫੜਨ ਵਾਸਤੇ ਫਿਰਦਾ ਹੋਯਾ ਬਜਾਸ੍ਹਾ ਨਦੀ ਦੇ ਕਿਨਾਰੇ ਕਾਟੇ ਛਿੱਲੋਂ ਪਾਸ ਸ਼ਿਕਾਰ ਖੇਲਦਾ ਸੀ, ਬਾਘ ਸਿੰਘ ਨੂੰ ਆਉਂਦਾ ਦੇਖਕੇ ਨੱਠ ਚਲਜਾ, ਭਲਾ ਬਟੇਰੇ ਨੂੰ ਬਾਜ ਕਦ ਜਾਣ ਦਿੰਦਾ ਹੈ? ਸਰਦਾਰ ਬਾਘ ਸਿੰਘ ਨੇ ਘੋੜਾ ਛੇੜਕੇ ਝਪਟ ਕਰ ਉਸਦੇ ਘੋੜੇ ਦੀ ਲੁੱਚ ਲਾਹ ਸਿਟੀ। ਡਿਗਦੇ ਨੂੰ ਹੀ ਪਕੜ ਕੇ ਮੁਸ਼ਕਾਂ ਕੱਸ ਦਿਤੀਆਂ, ਤੇ ਜੀਉਂਦੇ ਨੂੰ ਹੀ ਅੱਗ ਵਿਚ ਪਾਕੇ ਸਾੜ ਦਿਤਾ। ਥੰਮ ਸਾਹਿਬ ਦਾ ਬਦਲਾ ਹਥੋ ਹਥੀ ਨਿਕਲ

Sri Satguru Jagjit Singh Ji eLibrary NamdhariElibrary@gmail.com

ਗਿਆ (ਅਹਿਕਰ ਕਰੇ ਸੋ ਅਹਿਕਰ ਪਾਏ)॥

ਬਾਘ ਸਿੰਘ ਨੇ ਘੋੜੇ ਖੋਹੇ

ਕੁਤਬਦੀਨ ਨੂੰ ਮਾਰਕੇ ਬਾਘ ਸਿੰਘ ਨੇ ਸੁਣਿਆਂ ਕੇ ਚਾਲੀ ਪਚਾਸ ਘੋੜੇ ਦੰਗੇ ੨ ਬਾਦਸ਼ਾਹ ਦੇ ਦਿੱਲੀ ਨੂੰ ਜਾਣ ਵਾਲੇ ਵਜ਼ੀਰ ਦੇ ਪੱਤਣ ਅੱਜ ਆਉਣਗੇ। ਸਿੰਘ ਦਰਸਾ ਬਜਾਸਾ ਪਾਰ ਹੋਕੇ ਝੱਲ ਵਿਚ ਦੜ ਵੱਟ ਕੇ ਬੈਠ ਰਹੇ। ਜਦ ਓਹ ਬੇੜੀਆਂ ਉਤੇ ਚੜ੍ਹਾਉਣ ਲਗੇ ਤਾਂ ਸਿੰਘ ਤਲਵਾਰਾਂ ਧੂਹ ਕੇ ਪੈਂਦੜ ਜਾ ਪਏ, ਅਫੜਾ ਦਫੜੀ ਪਾ ਦਿੱਤੀ ਤੇ ਸਭ ਘੋੜੇ ਖੋਹ ਖਾਹ ਕੇ ਲੈ ਆਏ ਤੇ ਰਾਤੋ ਰਾਤ ਝਾੜਾਂ ਪਹਾੜਾਂ ਵਿਚ ਜਾ ਵੜੇ। ਜਦ ਤੀਂ ਬੁਧੇ ਨੇ ਦੌਧਰੀਆਂ ਨੇ ਤਲਕੇਦਾਰਾਂ ਤੋਂ ਲਿਖਤ ਕਰਾ ਲਈ ਸੀ ਤਦ ਤੋਂ ਦੌਧਰੀ ਤਲਕੇਦਾਰ ਬਹੁਤ ਉਤਮ ਤਕੜਾਈ ਰਖਦੇ ਸੇ ਕਿ ਕੋਈ ਸਿੰਘ ਸਾਡੇ ਇਲਾਕੇ ਵਿਚ ਦਿਸ ਨਾ ਪਵੇ॥

ਮੱਸੇ ਰੰਗੜ ਨੂੰ ਮਾਰਨਾ

ਮਸਾ ਰੰਗੜ ਮੰਡਜਾਲੇ ਵਾਲਾ ਜਿਸਦੀ ਤਲਕੇਦਾਰੀ ਵਿਚ ਅੰਮ੍ਰਤਸਰ ਸੀ (ਅੰਮ੍ਰਤਸਰੋਂ ਚਾਰ ਕੋਹ ਮੰਡਜਾਲਾ ਹੈ) ਓਹ ਹਮੇਸ਼ ਅੰਮ੍ਰਤਸਰ ਗਿਹਾ ਕਰਦਾ ਸੀ। ਸਿੰਘ ਤਾਂ ਓਸ ਸਮੇਂ ਕੋਈ ਪੰਜਾਬ ਵਿਚ ਦਿਸਦਾ ਨਹੀਂ ਸੀ, ਕੁਛ ਮਾਲਵੇ ਦੇਸ, ਕੋਈ ਪਹਾੜਾਂ ਵਿਚ, ਅਨੇਕ ਰਾਜਪੂਤਾਂ ਦੇ ਨੌਕਰ ਬੀਕਨੇਰ ਜੈਸਲ ਮੇਰ ਆਦਿਕ ਅਨੇਕ ਥਾਈਂ ਜਾ ਰਹੇ ਸੇ। ਇਕ ਬੁਲਾਕਾ ਸਿੰਘ ਸਿਖ ਕੰਗ ਪਹਿਲੇ ਤਾਂ ਬੋਤਾ ਸਿੰਘ ਵਾਂਗੂ ਲੁਕਿਆ ਰਿਹਾ, ਫੇਰ ਜਦ ਬਹੁਤ ਲੋਗ ਹਜ਼ਮ ਵਾਲੇ ਖਲੇ ਤਾਂ ਓਹ ਭੀ ਬੀਕਾਨੇਰ ਚਲਾ ਗਿਆ। ਅਗੇ ਓਥੇ

Sri Satguru Jagjit Singh Ji eLibrary NamdhariElibrary@gmail.com

ਬੁਢਾ ਸਿੰਘ ਦਾ ਤੇ ਸ਼ਾਮ ਸਿੰਘ ਨਾਰਨੌਲੀ ਵਾਲੇ ਦਾ ਜੱਥਾ ਰਾਜੇ ਪਾਸ ਨੌਕਰ ਸੀ। ਬੁਲਾਕਾ ਸਿੰਘ ਨੂੰ ਓਨਾਂ ਨੇ ਗੁਰਦ੍ਵਾਰੇ ਦਾ ਤੇ ਪੰਜਾਬ ਦਾ ਹਾਲ ਪੁਛਣਾ ਤਾਂ ਓਹ ਭੁਬਾਂ ਮਾਰ ੨ ਕੇ ਰੋਪਿਆ। ਜਦ ਓਸਨੂੰ ਰੋਣ ਦਾ ਕਾਰਨ ਪੁਛਣਾ ਤਾਂ ਓਸਨੇ ਆਖਣਾ, ਖਾਲਸਾ ਜੀ! ਅਸੀ ਤੁਸੀ ਜੀਉਂਦੇ ਹੀ ਮਰਗਏ, ਸਿੰਘ ਕੋਈ ਨਹੀਂ ਰਿਹਾ, ਜੇਹੜੇ ਹਠੀ, ਤਪੀ ਸਿੰਘ ਸਿਰੋਂ ਪਰੇ ਡੇਰਾ ਰਖਦੇ ਸੇ ਓਹ ਚਲੇ ਗਏ, ਹੁਣ ਤਾਂ ਕਰਣੀ ਦੇ ਗਿਦੜ ਨਾਮ ਦੇ ਸ਼ੇਰ ਹਨ। ਗੁਰਦੁਆਰੇ ਅੰਮ੍ਰਿਤਸਰ ਹਰਿਮੰਦਰ ਵਿਚ ਮੱਸਾ ਰੰਘੜ ਪਲੰਘ ਉਤੇ ਬੈਠ ਕੇ, ਜੁਤੀਆਂ ਹੁਕਿਆਂ ਸਮੇਤ ਮਜਲਸ ਲਗਾਕਰ ਕੰਜਰੀ ਦਾ ਨਾਚ ਦੇਖਦਾ ਹੈ, ਜੇਹੜੇ ਕੰਮ ਨਹੀਂ ਕਰਨੇ ਸੋ ਕਰਦਾ ਹੈ। ਮਤਾਬ ਸਿੰਘ ਭੰਗੂ ਬੋਲਿਆ, ਤੈਂ ਓਸਦਾ ਸਿਰ ਨਾ ਲਹਿਆ? ਐਡੀ ਵਡੀ ਬੇਅਦਬੀ ਦਰਬਾਰ ਦੀ ਹੁੰਦੀ ਦੇਖਕੇ ਤੂੰ ਜੀਉਂਦਾ ਕਿਉਂ ਚਲਾ ਆਯਾ? ਓਸਨੇ ਆਖਣਾ, ਜਿਸ ਤਰਾਂ ਤੁਸੀ ਚਲੇ ਆਏ ਹੋ ਓਸੇ ਤਰਾਂ ਮੈਂ ਭੀ ਤੇ ਹੋਰ ਸਿੰਘ ਭੀ ਨਠ ਗਏ। ਏਹ ਸੁਣਕੇ ਸਰਦਾਰ ਬੁਢਾ ਸਿੰਘ ਨੇ ਤਲਵਾਰ ਸਭਾ ਵਿਚ ਰਖ ਦਿਤੀ ਤੇ ਆਖਣਾ, ਕੋਈ ਸਿੰਘ ਹੈ ਜੋ ਮੱਸੇ ਦਾ ਸਿਰ ਲਜਾਵੇ? ਏਹ ਸੁਣ ਕੇ ਸੁਖਾ ਸਿੰਘ ਤਖਾਣ ਕੰਬੇ ਮਾੜੀ ਵਾਲਾ ਤੇ ਮਤਾਬ ਸਿੰਘ ਭੰਗੂ ਮੀਰਾਂ ਕੋਟੀਆ ਦੋਵੇਂ ਉਠ ਖੜੇਤੇ। ਤਲਵਾਰ ਉਠਾ, ਛਤੇ ਬੁਲ੍ਹ, ਅਰਦਾਸਾ ਸੁਧਾਇ, ਆਗਯਾ ਲੈਕੇ ਚੜ੍ਹ ਬੈਠੇ, ਕਈ ਦਿਨੀ ਪੰਜਾਬ ਵਿਚ ਪਹੁੰਚਕੇ ਰੋਲ ਰੋਲ ਠੀਕਰੀਆਂ ਨਾਲ ਦੋ ਬੇਲੀਆਂ ਭਰਤ ਲਈਆਂ ੧੨ ਜੇਠ ਸੰਃ ੧੭੬੭ ਵਿਃ ਨੂੰ ਦੋਪਹਰ ਦੇ ਵੇਲੇ ਅੰਮ੍ਰਿਤਸਰ ਪਹੁੰਚੇ। ਘੋੜਿਆਂ ਨੂੰ ਜਲ ਛਕਾ, ਆਪ ਇਸ਼ਨਾਨ ਪਾਨ

Sri Satguru Jagjit Singh Ji eLibrary NamdhariElibrary@gmail.com

ਕਰਕੇ ਘੋੜੇ ਬੇਰੀ ਦੇ ਪੇੜ ਨਾਲ ਬੰਨੇ (ਏਹ ਬੇਰੀ ਲਾਚੀ ਬੇਰ ਕਹਾਉਂਦੀ ਹੈ) ਤੇ ਆਪ ਘੱਟਾ ਪੈਣ ਦਾ ਬਹਾਨਾ ਕਰਕੇ ਮੂੰਹ ਸਿਰ ਬੰਨਕੇ ਇਕ ੨ ਥੈਲੀ ਚੁਕ ਲਈ, ਗੁਰੂ ਦਾ ਧਯਾਨ ਧਰ ਪੁਲ ਦੇ ਉਤੋਂ ਦੀ ਮੰਦਰ ਵਿਚ ਆਕੇ ਦੇਖਯਾ ਤਾਂ ਮਜਲਸ ਮੁਸਲਮਾਨਾਂ ਦੀ ਜੰਮੀ ਹੋਈ ਹੁੱਕੇ ਤੇ ਸ਼ਰਾਬਾਂ ਪੀ ਰਹੀ ਹੈ। ਮੱਸਾ ਪਲੰਘ ਉਤੇ ਬੈਠਾ ਹੈ, ਨਾਚ ਮੁਜਰੇ ਵਿਚ ਤਬਲੇ ਡੁਬਕ ਡੁਬੇ ਬੋਲਦੇ ਸੇ, ਤਾਰ ਫੌਣ ੨ ਪੁਛਦੀ ਸੀ? ਕੰਚਨੀ ਸਾਰੰਗ ਰਾਗ ਦੀ ਤਾਲ ਲੈਂਦੀ ਹੋਈ ਥਥਾਂ ਨਾਲ ਏਹ ਡੁਬੇ ੨ ਕਰ ਰਹੀ ਸੀ। ਏਹ ਹਾਲ ਦੇਖ ਕੇ ਸਿੰਘਾਂ ਦੇ ਤਨ ਮਨ ਨੂੰ ਤਾਂ ਲਗੀ, ਪਰ ਘੁਟ ਵਟ ਗਏ, ਥੈਲੀਆਂ ਮੱਸੇ ਦੇ ਮੰਜੇ ਹੇਠ ਰਖੀਆਂ, ਓਸਨੇ ਜਾਣਿਆਂ ਮੇਰੇ ਕਿਸੇ ਪਿੰਡ ਦੇ ਜੱਟ ਮਾਮਲਾ ਤਾਰਣ ਆਏ ਹਨ। ਜਦ ਥੈਲੀਆਂ ਵੰਨੀ ਛਾਡ ਪਾਈ ਤਾਂ ਅਖ ਝਮਕਨ ਨਾਂ ਦਿਤੀ, ਮਤਾਬਸਿੰਘ ਨੇ ਤੇਗ ਮਾਰਕੇ ਥਧਨੇ ਵਰਗਾ ਸਿਰ ਲੁੱਕ ਲਿਆ ਤੇ ਸੁਖਾਸਿੰਘ ਨੇ ਹੋਰ ਤਿੰਨਾਂ ਚਾਰਾਂ ਦੇ ਸਿਰ ਝਾੜ ਸਿਟੇ। ਦੋਹਾਂ ਨੇ ਘਮਸਾਨ ਘੱਤ ਦਿਤੀ, ਵਿਚੇ ਕੰਜਰੀ ਮਾਰੀ ਗਈ, ਕੋਈ ਸਾਹਮਣੇ ਨਾ ਆਯਾ, ਭਾਜੜ ਪੈ ਗਈ, ਸਿੰਘ ਭੀ ਉਨ੍ਹਾਂ ਨੂੰ ਭੇਡਾਂ ਵਾਂਗੂੰ ਅਗੇ ਲਾਕੇ ਸ਼ਪਾਸ਼ਪ ਬਾਹਰ ਆ, ਘੋੜਿਆਂ ਉਤੇ ਸਵਾਰ ਹੋ ਅੱਡੀ ਲਾ ਗਏ। ਮੱਸੇ ਦੇ ਅਸਵਾਰ ਭੀ ਪਿਛੇ ਚੜ੍ਹੇ, ਪਰ ਸਿੰਘਾਂ ਨੇ ਡਾਹ ਨਾ ਦਿਤੀ ਹਾਰ ਕੇ ਮੁੜ ਆਏ, ਸਿੰਘਾਂ ਨੇ ਮੱਸੇ ਦਾ ਸਿਰ ਪੰਥ ਅਗੇ ਜਾ ਰਖਯਾ, ਪੰਥ ਨੇ ਦੋਹਾਂ ਦਾ ਬਹੁਤ ਸਤਕਾਰ ਕੀਤਾ ਤੇ ਸਿਰ ਨੂੰ ਸਾੜ ਸਿਟਿਆ ॥

ਜੈਤਾ ਮੀਰਾਂ ਪੁਰ ਦਾ

ਏਸੇ ਛਾਂਤ ਹੋਰ ਭੀ ਬੜੇ ੨ ਬਹਾਦਰੀ ਦੇ ਕੰਮ ਓਦੇਂ

Sri Satguru Jagjit Singh Ji eLibrary NamdhariElibrary@gmail.com

ਸਿੰਘ ਕਰਦੇ ਰਹਿੰਦੇ ਸੇ। ਜਦ ਮੱਸੇ ਤੇ ਕੁਤਬ ਦੀਨ ਜੈਸੇ ਕਈ ਨਾਮੀ ੨ ਆਦਮੀ ਸਿੰਘਾਂ ਨੇ ਵੱਢ ਸਿੱਟੇ ਤਾਂ ਖਾਨ ਬਹਾਦਰ ਨੇ ਖਿਝ ਕੇ ਚੌਧਰੀਆਂ ਤੇ ਤਲਕੇਦਾਰਾਂ ਨੂੰ ਬੁਲਾ ਕੇ ਪਹਿਲੇ ਤਾਂ ਜੁਤੀਆਂ ਮਰਵਾ ੨ ਬੇਹੋਸ਼ ਕੀਤਾ, ਫੇਰ ਪੁਛਜਾ ਤੁਸੀ ਜੋ ਲਿਖ ਦਿਤਾ ਸੀ ਕਿ ਹੁਣ ਕੋਈ ਸਿੰਘ ਪੰਜਾਬ ਵਿਚ ਨਹੀਂ ਰਹਿਣ ਦਿਤਾ ਸੋ ਦਸੋ ਹੁਣ ਏਹ ਤੁਹਾਡੇ ਸੱਜਰੇ ਜਵਾਈ ਕਿਥੋਂ ਆਗਏ ਖੁਨੀਆਂ ਨੂੰ ਹਾਜਰ ਕਰੋ ਨਹੀਂ ਤਾਂ ਤੁਹਾਡੀ ਚਮੜੀ ਲਾਹੀ ਜਾਵੇਗੀ। ਤਦ ਆਪਣੇ ਬਚਾਉ ਵਾਸਤੇ ਚੁਗਲ, ਬੇਈਮਾਨ ਗਸ਼ਤੀ ਫੌਜ ਦੇ ਆਗੂ ਹੋਕੇ ਸਿੰਘਾਂ ਦੇ ਬਾਲ ਬੱਚਿਆਂ ਨੂੰ ਫੜਾਉਣ ਲਗ ਪਏ। ਹਰਿ ਭਗਤ ਜੰਡਜਾਲੇ ਵਾਲੇ ਨੇ ਠੁਰ ਦੀਨ ਫੌਜਦਾਰ ਨੂੰ ਨਾਲ ਲੈਕੇ ਮੀਰਾਂਪੁਰ ਮਤਾਬ ਸਿੰਘ ਦਾ ਘਰ ਜਾ ਘੇਰਜਾ। ਓਥੋਂ ਦਾ ਨਥਾ ਚੌਧਰੀ ਜਿਸ ਨੂੰ ਮਤਾਬ ਸਿੰਘ ਆਪਣੇ ਨਿਕੇ ਜਿਹੇ ਛੋਟੇ ਰਾਇ ਸਿੰਘ ਦੀ ਬਾਂਹ ਫੜਾ ਗਿਆ ਸੀ ਤੇ ਓਹ ਧਰਮ ਪਾਲਣ ਲਈ ਓਸ ਮੁੰਡੇ ਨੂੰ ਕੰਧੇ ਚੁਕ ਕੇ ਸੱਤ ਅੱਠ ਸੰਬੰਧੀਆਂ ਸਮੇਤ ਲੈ ਭਜਜਾ ਸੀ, ਪਰ ਥਾਣ ਕੋਸ ਉਤੇ ਜਾ ਘੇਰਯਾ। ਨਥਾ ਤੀਰੰਦਾਜ ਉੱਘਾ ਸੀ, ਜਿਸਨੂੰ ਓਸਨੇ ਕਾਨੀ ਬਾਹੀ ਪਾਣੀ ਨਾ ਮੰਗਜਾ ਸਾਥੀਆਂ ਸਮੇਤ ਮੱਠ ਕੁ ਮੁਸਲਮਾਨ ਮੈਦਾਨ ਵਿਚ ਰਖੇ, ਫੇਰ ਆਪ ਛੀ ਸਾਥੀਆਂ ਸਮੇਤ ਸ਼ਹੀਦ ਹੋਗਿਆ। ਆਪਣੇ ਜਾਣੇ ਤਾਂ ਮੁਸਲਮਾਨ ਰਾਇ ਸਿੰਘ ਟੁੰ ਭੀ ਮਾਰ ਗਏ ਸੇ, ਪਰ (ਜਿਸਨੂੰ ਰਬ ਰਖੇ ਓਹਨੂੰ ਕੌਣ ਮਾਰੇ) ਓਹ ਬਚ ਰਿਹਾ ਤੇ ਓਸਦੀ ਸੰਤਾਨ ਹੁਣ ਤਕ ਚੜੀ ਛੜੀ ਵਾਲੇ ਸਿਖ ਹਨ॥

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਤੇ ਅਤਿਅੰਤ ਬਿਪਤਾ

ਚੌਧਰੀ ਰਾਮਾ, ਰੰਧਾਵਾ ਘਣੀਏ ਵਾਲਾ, ਕਰਮਾ ਛੀਨੇ ਪਿੰਡ ਦਾ, ਮਾਨਾ ਨੁਸ਼ਹਿਰੇ ਦਾ ਧਰਮ ਦਾਸ ਜੋਧ ਨਗਰੀਆ, ਸਾਹਿਬ ਚਾਇ ਸੰਧੂ, ਦਿਲਬਾਗ ਰਾਇ ਸਰਾਉ, ਹੈਬਤ ਮਲ ਧਨੇਸ਼ਟੇ ਵਾਲਾ, ਲਾਲੂ ਥਿਰਕ ਭੀਖੀਦਾ, ਮੋਲਕਰਾਇ ਸੰਧੂ ਬੁੰਦਾਲੀਆ, ਦਜਾਲਾ ਚੌਧਰੀ ਵੜਾਇਚ ਗੁਜਰਾਂ ਵਾਲੇ ਦਾ, ਸਜਾਮੇ ਸ਼ਾਹ ਖੱਤ੍ਰੀ ਗਰਝਾਕ, ਗੁਲੀਆ ਮੱਟੂ ਪਿੰਡ ਦਾ, ਦਿਆਨਤ ਰਾਇ ਸੋਦਰੇ ਦਾ, ਉਗ੍ਰਸੈਨ ਖੱਤ੍ਰੀ ਏਮਨਾ ਬਾਦੀਆ, ਗੁਲਾਬਰਾਇ ਬੈਸ ਮਾਲਪੁਰੀਆ, ਮੱਦੋ ਚੌਧਰੀ ਮਜੀਠੇ ਦਾ, ਜੋਧ ਖੇਖਰ ਵਾਲਾ, ਮਲੇਸੀ ਗਿਲ ਨੁਸੈਹਰੇ ਦਾ, ਨੱਥਾ ਉੱਪਲ ਅਮੇ ਵਾਲਾ, ਹਸਨਾ ਸੰਧੂ ਸਿਰਾ ਵਾਲੀ ਦਾ, ਦਾਲਾ ਰੰਧਾਵਾ ਕੱਥੂ ਦਾ, ਚੈਂਚਲ ਸੰਧੂ ਚੀਚੇ ਭਗਨੇ ਦਾ, ਜਗਾ ਸੰਧੂ ਅਟਾਰੀ ਵਾਲਾ, ਕਜਲਾ ਰੰਧਾਵਾ ਬਟਾਲੇ ਦਾ, ਭਾਗੂ ਕਾਲੇ ਗੋਤ ਭਾਗੋ ਵਾਲੀਆ, ਅਤਾਲ ਬਘਾ, ਰਾਇ ਥਾਨਥਾਦਾ, ਰਾਇ ਹਰਿਚੰਦ ਚਸਮੇ ਦਾ, ਰਾਇ ਖੁਸ਼ਾਲੀ ਸੰਧੂ ਕਾਨੇਦਾ, ਭੀਮਾ ਢਿਲੋਂ ਕਸੂਰਦਾ, ਦਿਆਲਾ ਕਾਲੇ ਸੈਦ ਵਾਲੇਦਾ, ਨਿਬਾਹੁ ਸੰਧੂ ਭੂਰੇ ਪਿੰਡੇ, ਮਿਲਖਾ ਸੰਧੂ ਕਾਛੇ ਦਾ, ਹਿਆਤਖਾਂ ਠੱਠੇ ਪਿੰਡ ਦਾ, ਪੀਰਮਹੰਮਦ ਚੱਠਾ, ਬਹਿਰਾਮਖਾਂ ਮੰਚਰ, ਕਾਦਰ ਬਖਸ਼ ਨਿਹਾਲ, ਸਾਹਿਬ ਖਾਂ ਟੁਮਾਣਾ, ਇਸਮਾਈਲਖਾਂ ਸਜਾਲਕੋਟੋਂ ਮੰਡਜਾਲ, ਛਤੇ ਖਾਂ ਘੇਬ ਕੋਟ ਘੇਬਾਂਦਾ, ਮੱਲੀਆ ਘੇਬ ਪਿੰਡੀ ਘੇਬਾਂ ਤੋਂ ॥

ਏਸੇ ਭਾਂਤ ਸਾਰੀ ਨਜ਼ਾਮਤ ਦੇ ਵਡੇ ਵਡੇ ਆਦਮੀ ਚੌਧਰੀ ਰਾਇ ਖਤ੍ਰਾ ਅਪਣੇ ੨ ਪਰਗਣੇ ਦੇ ਮਾਲ ਗੁਜਾਰ

Sri Satguru Jagjit Singh Ji eLibrary NamdhariElibrary@gmail.com

ਸ਼ਾਹੀ ਸਬਨੂੰ ਲਾਹੌਰ ਬੁਲਾਕੇ ਇਨਾਮਾਂਦੇ ਉਮੈਦਵਾਰ ਕਰਕੇ ਨਾਜ਼ਮ ਨੇ ਹੁਕਮ ਦਿਤਾ ਕੋਈ ਸਿੰਘ ਰੈਹਣਾ ਨਾ ਪਾਵੇ, ਫੜ ਫੜਾਕੇ ਮੇਰੇ ਪਾਸ ਭੇਜਦੇ ਰਹੋ, ਇਨਾਮ ਜਾਗੀਰਾਂ ਲੈਂਦੇ ਰਹੋ। ਏਸੇ ਹੁਕਮ ਦੇ ਅਨੁਸਾਰ ਸਿੰਘਾਂ ਉੱਤੇ ਇਕੋਵਾਰ ਜ਼ੁਲਮ ਦਾ ਸੰਸਾਰ ਸਮੁੰਦਰ ਉਲਟ ਪਿਆ, ਬੇਈਮਾਨ ਲੋਭ ਲੋਭ ਦੇ ਵਸ ਹੋਕਰ ਤੇ ਮੁਸਲਮਾਨਾਂ ਵਲੋਂ ਖੈਰ ਖਾਹੀ ਦੇ ਇਛੂ ਬਨਕੇ ਤਾਤ ਦਿਨੇ ਏਹੋ ਕੁਕਰਮ ਕਰਨ ਪਰ ਜਦ ਲੱਕ ਓਨ੍ਹ ਖੜੋਤੇ, ਤਦੋਂ ਸਿੰਘ ਤਾਂ ਮਜੀਠੇ ਦੇ ਗਿੱਲ, ਵਟਾਲੇ ਦੇ ਭੰਡਾਰੀ ਖੱਤ੍ਰੀ ਵਗੈਰੇ ਸਭ ਮਾਝਾ ਦੁਆਬਾ ਛਡਕੇ ਮਾਲਵੇ ਰਾਜਪੂਤਾਂਨੇ ਬਾਂਗਰ ਦੇਸ਼ ਵਿਚ ਜਾ ਫਿਰੇ, ਏਧਰ ਦੁਸ਼ਟ ਨਿਰੰਜਨੀਏ ਵਗੈਰੇ ਚੁਗਲਾਂ ਨੇ ਚੁਨ ਚੁਨਕੇ ਬੇਸ਼ੁਮਾਰ ਸਿੰਘ ਮਰਵਾ ਘੱਤੇ, ਬਲਕਿ ਸੈਂਕੜੇ ਬਾਲਕ ਸਿੰਘਾਂ ਦੇ ਫੜ ੨ ਕਤਲ ਕਰਾ ਦਿਤੇ, ਸਿੰਘ ਤਾਂ ਖੇਤੀ ਕਰਨ ਵਾਲੇ ਭੀ ਦੁੰਢ ੨ ਕੇ ਮਰਵਾ ਛੱਡੇ।

ਜੇਹੜੀਆਂ ਸਿੰਘਣੀਆਂ ਰਾਤ ਬਿਰਾਤੇ ਆਪਣੇ ਪੁਤਰਾਂ ਨੂੰ ਲੈਕੇ ਮਾਲਵੇ ਦੀ ਤਰਫ ਭੱਜ ਗਈਆਂ ਯਾ ਝਾੜੀਂ, ਪਹਾੜੀਂ ਲੁਕ ਬੈਠੀਆਂ, ਸਿਵਾਏ ਓਨ੍ਹਾਂ ਦੇ ਗਰਭ ਦੇ ਹੋਰ ਕੋਈ ਛੋਕਰਾ ਮਾਝੇ ਵਿਚ ਕਿਸੇ ਸਿੰਘ ਦਾ ਨਾ ਛਡਿਆ, ਕਠੋਰ ਦਿਲ ਬੇਰਹਮ ਮੁਸਲਮਾਨਾਂ ਨੇ ਚਿਲ ਚਿਲਾਂਦੇ ਹੋਏ ਬਾਲਕ ਉਨਾਂ ਦੀਆਂ ਮਾਈਆਂ ਤੋਂ ਖੋਹ ਖੋਹਕੇ ਕਤਲ ਕਰ ਸੁਟੇ; ਅਨੇਕ ਸਿੰਘਣੀਆਂ ਨੇ ਅਪਣੇ ਪੁਤਰਾਂ ਦੀ ਜਾਨ ਬਚਾਉਣ ਲਈ ਛੜੋਲਿਆਂ, ਕੋਠੀਆਂ, ਖੇਤਾਂ ਵਿਚ ਕਈ ੨ ਦਿਨ ਲਕੋ ੨ ਰਖੇ। ਕਿਸੇ ਨੇ ਕਿਸੇ ਹਿੰਦੂ ਦੇ ਘਰ, ਕਿਸੇ ਨੇ ਸਾਂਝ ਵਾਲੇ ਮੁਸਲ਼ਮਾਨ ਦੇ ਘਰ ਲਕੋਏ, ਪਰ ਦੁਸ਼ਟ ਬੁਧੀ ਚੁਗਲਾਂ ਨੇ

Sri Satguru Jagjit Singh Ji eLibrary NamdhariElibrary@gmail.com

ਓਥੋਂ ਛੀ ਦਸ ਦਸ ਕੇ ਕਢਾਕੇ ਮਰਵਾ ਦਿਤੇ, ਏਸ ਹੱਲੇ ਵਿਚ ਅਨੇਕ ਹਿੰਦੂ ਜਿਨ੍ਹਾਂ ਨੇ ਕਦੀ ਥੋੜੀ ਜੇਹੀ ਭੀ ਕਿਸੇ ਸਿੰਘ ਦੀ ਯਾ ਸਿੰਘਣੀ ਦੀ ਸਹਾਇਤਾ ਕੀਤੀ ਓਹਨੀ ਚੁਗਲਾਂ ਨੇ ਚੁਣ ਚੁਣਕੇ ਮਰਵਾ ਘੱਤੇ, ਏਹ ਵੇਲਾ ਸਿੰਘਾਂ ਉੱਤੇ ਬੜਾ ਭਾਰੀ ਔਕੜ ਦਾ ਮਹਾਂ ਦੁਖਦਾਈ ਕੈਹਰ ਦਾ ਬੀਤ ਰਿਹਾ ਸੀ, ਸੈਂਕੜੇ ਮਾਰੇ ਉਜਾੜੇ ਗਏ, ਤਾਂ ਬੀ (ਜਬੈ ਬਾਣ ਲਾਗੇ। ਤਬੈ ਰੋਸ ਜਾਗੇ) ਓੜਕ ਏਹ ਬਦਲੇ ਭੀਲੋਵਾਲ ਦੇ ਜੁੱਧ ਵਿਚ ਸਿੰਘਾਂ ਨੇ ਤੁਰਕਾਂ ਤੋਂ ਲੀਤੇ, ਓਸ ਸਮੇਂ ਦੁਸ਼ਟ ਹਿੰਦੂਆਂ ਤੇ ਤੁਰਕਾਂ ਨੇ ਕੋਈ ਕਾਫਲਾ ਸਿੰਘਾਂ ਦਾ ਪੰਜਾਬ ਵਿੱਚ ਨਹੀਂ ਰਹਿਣ ਦਿੱਤਾ ਸੀ ॥

ਨਾਦਰ ਸ਼ਾਹ ਦੀ ਚੜ੍ਹਾਈ

ਜਦ ਦਿੱਲੀ ਵਾਲੇ ਮੁਗਲਾਂ ਦੀ ਤਰਫੋਂ ਖਾਨ ਬਹਾਦਰ ਜੇਹੇ ਹਾਕਮਾਂ ਨੇ ਜ਼ੁਲਮ ਦੇ ਦਰਿਆ ਚਲਾ ਦਿੱਤੇ, ਖਲਕਤ ਨੂੰ ਅਤੀ ਦੁਖ ਕਲੇਸ ਬਜਾਪਜਾ, ਅਨੇਕ ਸਿਖਣੀਆਂ ਬਚਿਆਂ ਨੂੰ ਕਤਲ ਹੁੰਦੇ ਦੇਖਕੇ ਨਾ ਸਹਾਰ ਸਕੀਆਂ, ਕਈ ਖੂਹਾਂ ਵਿੱਚ ਸੁਟਕੇ ਮਾਰ ਦਿਤੀਆਂ । ਸੈਂਕੜੇ ਬਚੇ ਲੈਕੇ ਪਰਦੇਸਾਂ ਵਿੱਚ ਚਲੀਆਂ ਗਈਆਂ ॥

ਜਦ ਏਹੋ ਜੇਹੇ ਘੋਰ ਮਹਾਂ ਪਾਪਾਂ ਤੇ ਜ਼ੁਲਮਾਂ ਨਾਲ ਮੁਗਲਾਂ ਦਾ ਬੇੜਾ ਭਰ ਗਿਆ, ਤਾਂ ਸਿਖਣੀਆਂ ਦੀ ਹਾਹਾ ਤੇ ਬਚਿਆਂ ਦੇ ਕੁਰਲਾਟ ਦੀ ਅਵਾਜ ਪਰਮੇਸ਼ੁਰ ਦੀ ਦਰਗਾਹ ਵਿੱਚ ਪਹੁੰਚ ਪਈ, ਓਸੇ ਵਕਤ ਖਾਲਕ ਨੇ ਈਰਾਨ ਦੇ ਬਾਦਸ਼ਾਹ ਨਾਦਰ ਸ਼ਾਹ ਨੂੰ ਪ੍ਰੇਰਕੇ ਹਿੰਦੁਸਤਾਨ ਪਰ ਚੜ੍ਹਾ ਭੇਜਿਆ, ਸੰਃ੧੭੯੬ ਵਿਃ ਨੂੰ ਕਾਬੁਲ ਦੇ ਮੁਲਕ ਨੂੰ ਜਿੱਤਦਾ

Sri Satguru Jagjit Singh Ji eLibrary NamdhariElibrary@gmail.com

ਹੋਇਆ ਸਿੱਧਾ ਲਾਹੌਰ ਨੂੰ ਆਇਆ ਤੇ ਸ਼ਾਹਦਰੇ ਆਣ ਉਤਰਿਆ (ਤੱਕੇ ਪਰ ਨੂੰ ਪਾਏ ਘਰ ਨੂੰ) ਖਾਨ ਬਹਾਦਰ ਨੂੰ ਇਹ ਸੁਣਕੇ ਪਿੱਟਣਾ ਪੈ ਗਿਆ, ਸਿੱਖਾਂ ਨੂੰ ਮਾਰਦਾ ੨ ਹੁਣ ਆਪਹੀ ਸਕੰਜੇ ਚੜ੍ਹ ਗਿਆ, ੨੧ ਲੱਖ ਰੁਪਯਾ ਨੱਕਦ ੧੧ ਕਿਸ਼ਤੀਆਂ ਜਵਾਹਰਾਤ ਦੀਆਂ ੫੦ ਪੰਜਾਹ ਹਾਥੀ ਨਜ਼ਰ ਦੇਕੇ ਪਿਛਾ ਛੁਡਾਇਆ, ਨਾਦਰ ਸਿੱਧਾ ਦਿੱਲੀ ਨੂੰ ਤੁਰ ਗਿਆ, ਮੁਹੰਮਦ ਸ਼ਾਹ* ਦਿੱਲੀ ਵਾਲਾ ਬਾਦਸ਼ਾਹ ਭੀ ਸੁਣਕੇ ਬਹੁਤ ਘਬਰਾਇਆ ॥

---

*ਮੁਹੰਮਦ ਸ਼ਾਹ ਵਡਾ ਭਾਰੀ ਵਿਭਚਾਰੀ ਤਮਾਸ਼ਬੀਨ ਪੰਜੇ ਐਬ ਸ਼ਰਈ, ਵਾਜਦ ਅਲੀ ਬਾਦਸ਼ਾਹ ਲਖਨਊ ਵਾਲੇ ਦਾ ਜੋਦੀਦਾਰ ਸੀ, ਏਨਾਂ ਦੋਹਾਂ ਬਾਦਸ਼ਾਹਾਂ ਪਾਸ ਖ਼ੂਬ, ਕੰਜਰੀਆਂ ਛੋਕਰੇ ਮੁਸਾਹਿਬ ਸਨ, ਵਾਜਦ ਅਲੀ ਦਾ ਚਾਲ ਚਲਨ ਤਾਂ ਜੋਗੀ ਜੋਗਨ ਦੇ ਮੇਲੇ ਅਤੇ ਮੁਹੰਮਦ ਸ਼ਾਹ ਦਾ ਮਹਾਦੇਵ ਦੇ ਮੇਲੇ ਤੇ (ਜਿਨਾਂ ਮੇਲਿਆਂ ਵਿੱਚ ਹੁਣ ਤੱਕ ਅਨੇਕ ਜਗਾ ਅਲਫ ਨੰਗੇ ਮਰਦ ਔਰਤਾਂ ਦੀਆਂ ਭਸਵੀਰਾਂ ਹਨ) ਸਾਬਤ ਹੁੰਦਾ ਹੈ। ਜਦ ਮੁਹੰਮਦ ਸ਼ਾਹ ਨੇ ਮੁੰਡਿਆਂ ਦੇ ਆਖੇ ਲਗਕੇ ਵਜੀਰ ਹੁਸੈਨ ਅਲੀ ਖਾਂ ਤੇ ਅਬਦੁਲਾ ਖਾਂ ਦੋਵੇਂ ਭਾਈ ਸੱਯਦ ਜਿਨ੍ਹਾਂ ਨੇ ਫਰੁਖਸੀਯਰ ਨੂੰ ਮਾਰਕੇ ਏਸ ਨੂੰ ਤਖਤ ਬੈਠਾਇਆ ਸੀ, ਮਰਵਾ ਦਿਤੇ ਤੇ ਆਸਫਜਾਹ ਹੈਦਰਾਬਾਦ ਦੱਖਣ ਦੇ ਸੂਬੇ ਨੂੰ ਵਜ਼ੀਰ ਬਣਾਯਾ, ਪਰ ਓਹ ਮੁੰਡਿਆਂ ਦੀ ਮੁਸਾਹਿਬੀ ਵਿਚੋਂ ਵਜ਼ਾਰਤ ਛੱਡਕੇ ਚਲਾ ਗਿਆ। ਜਦ ਨਾਦਰ ਸ਼ਾਹ ਬੇਧੜਕ ਦਿੱਲੀ ਵਿਚ ਪਹੁੰਚ ਗਿਆ ਤਾਂ ਮੁਹੰਮਦ ਸ਼ਾਹ ਨੇ ਆਪਣੀ ਟੁੱਟੀ ਫੁੱਟੀ ਡੇਢਲੱਖ ਫੌਜ, ਡੇਢ ਸੌ ਤੋਪ, ਪੰਜ ਸੌ ਹਾਥੀ ਲੈਕੇ ਕਰਨਾਲ ਪਾਸ ਨਾਦਰ ਦਾ ਮੁਕਾਬਲਾ ਕੀਤਾ, ਨਾਦਰ ਸ਼ਾਹ ਇਕ ਗ਼ਰੀਬ ਅਯਾਲੀ ਦਾ ਪੁਤਰ ਸੀ, ਜੋ ਕੈਪੀਅਨ ਸਾਗਰ ਦੇ ਕਿਨਾਰੇ ਵਸਦਾ ਸੀ, ਏਸਦੀ ਕਿਸਮਤ ਨੇ ਏਸਨੂੰ ਐਸਾ ਪੁਰਖਾਰਥ ਦਿਤਾ ਕਿ ਏਹ ਧਾੜਵੀਆਂ ਦਾ ਸਰਦਾਰ ਬਣ ਗਿਆ। ਜਦ ਸੰਃ ੧੧੧੩ ਹਿਜਰੀ ਮੁਤਾਬਕ ਸੰਃ ੧੭੫੭ ਬਿਃ ਨੂੰ ਪਠਾਣਾਂ ਨੇ ਈਰਾਨ ਉੱਤੇ ਧਾਵਾ ਕੀਤਾ, ਤਦੋਂ ਏਸਨੇ ਈਰਾਨ ਦੇ ਬਾਦਸ਼ਾਹ ਦੀ ਤਰਫੋਂ ਹੋਕੇ ਲੜਾਈ ਕਰਕੇ ਪਠਾਣਾਂ ਨੂੰ ਦੇਸ ਵਿਚੋਂ ਕੱਢ ਛੱਡਿਆ, ਏਸੇ ਬਦਲੇ ਬਾਦਸ਼ਾਹ ਨੇ ਖੁਸ਼ੀ ਹੋਕੇ ਏਸ ਨੂੰ ਫੌਜ ਦਾ ਬਖਸ਼ੀ ਬਣਾ ਲਿਆ, ਫੇਰ ਤਾਂ ਬਾਦਸ਼ਾਹ ਦੇ ਮਰੇ ਤੋਂ ਏਹ ਬਾਦਸ਼ਾਹੀ ਨੂੰ ਜੱਫਾ ਪਾ ਬੈਠਾ ਤੇ ਪਠਾਣਾਂ ਤੋਂ ਬਦਲਾ ਲੈਣ ਲਈ ਹਿਰਾਤ ਕੰਧਾਰ ਨੂੰ ਭੀ ਜਾ ਚੱਕ ਮਾਰਿਆ, ਓੜਕ ਮੁਹੰਮਦ ਸ਼ਾਹ ਦਾ ਚਾਲ ਚੱਲਨ ਸੁਣਕੇ ਸੁਣਿਨੇ ਦੀ ਖਾਨ ਹਿੰਦੁਸਤਾਨ ਲੈਣ ਵਾਸਤੇ ਏਸ ਮਕਰ ਨਾਲ ਚੜ੍ਹ ਆਇਆ ਕਿ ਸਾਡੇ ਵੈਰੀ ਪਠਾਣ ਮੁਗਲਾਂ ਦੀ ਬਾਦਸ਼ਾਹੀ ਵਿੱਚ ਲੁਕੇ ਹੋਏ ਹਨ, ਕਾਬਲ ਨੂੰ ਫਤੇ ਕਰਦਾ ਪੰਜਾਬ ਨੂੰ ਉਠ ਛੰਨਾ, ਪਸ਼ੌਰ ਦੇ ਸੂਬੇ ਨਾਸਰਅਲੀਖਾਨ ਤੇ ਰੁਤਾਸ ਦੇ ਹਾਕਮ ਕਲੰਦਰ ਖਾਂ ਨੇ ਸਾਹਮਣਾ ਤਾਂ ਕੀਤਾ, ਪਰ ਕੁਛ ਨਾ ਬਣਿਆਂ, ਹਾਰਕੇ ਨਸ਼ਵਾਂ ਲੈ ਮਿਲੇ ॥

Sri Satguru Jagjit Singh Ji eLibrary NamdhariElibrary@gmail.com

ਸਿੰਘ ਤਾਂ ਏਹੋ ਜੇਹਾ ਸਮਾਂ ਗਦਰ ਪੈਣ ਦਾ ਆਉਣ ਵਾਸਤੇ ਹਰ ਵੇਲੇ ਅਰਦਾਸਾਂ ਕਰਦੇ ਤੇ ਨੱਕ ਰਗੜ ੨

ਦਿੱਲੀ ਵਾਲੇ ਮੁਹੰਮਦ ਸ਼ਾਹ ਨੇ ਆਸਫਜਾਹ ਤੇ ਸਜਾਦਤ ਖਾਂ ਨੂੰ ਮੋਰਚੇ ਵੰਡ ਦਿੱਤੇ (ਸਜਾਦਤ ਖਾਂ ਦੀ ਬੇਟੀ ਦੀ ਔਲਾਦ ਲਖਨਊ ਵਾਲੇ ਨਵਾਬ ਸੇ) ਟਾਕਰਾ ਤਾਂ ਦੋਹਾਂ ਦਲਾਂ ਦਾ ਹੋਇਆ, ਪਰ ਕਿੱਥੇ ਮੰਦਾਂ ਦੇ ਕਟੂਏ ਇੰਦ੍ਰੇ ਅਰਾਮੀ ਅਧ ਕੋਸ ਵਿੱਚ ਘਰਕ ਜਾਣ ਵਾਲੇ ਦਿਲਵਾਲੀ ਬਾਂਕੇ ਕੂਚੇ ਬਜਾਰਾਂ ਦੇ ਸੈਲਾਨ, ਨਖਰਿਆਂ ਚੁਖਰਿਆਂ ਦੇ ਧਨੀ ਮਸਖਰੇ; ਡਰਾਕੁਲ ਤੇ ਕਿਥੇ ਕਜਲਬਾਸ ਸੁਰਬੀਰ ਜੰਗ ਦੇ ਧਨੀ, ਪੰਜਾਹ ੨ ਕੋਹ ਧਾਵਾ ਮਾਰਕੇ ਦਮ ਲੈਣ ਵਾਲੇ, ਸਿਕਲ ਚੜੇ ਲੜਾਕੇ ਸਿਪਾਹੀ, ਅਲਬੱਤੇ ਮਸ਼ਕਰੀਆਂ ਤੇ ਮਜਾਖਾਂ ਅਤੇ ਲਤੀੜਿਆਂ ਦੀ ਲੜਾਈ ਹੁੰਦੀ ਤਾਂ ਬਰੂਰ ਦਿਲਵਾਲੀ ਜਿੱਤਦੇ, ਪਰ ਏਥੇ ਤਾਂ ਸਿਰਾਂ ਧੜਾਂ ਦੀ ਬਾਜੀ ਸੀ, ਪੰਜ ਹੱਲੇ ਭੀ ਈਰਾਨੀਆਂ ਦੁਰਾਨੀ-ਆਂ ਦੇ ਸਹਾਰ ਨਾ ਸੱਕੇ, ਐਸੇ ਨੱਠੇ ਦਿੱਲੀ ਵਿਚ ਜਾ ਦਮ ਲਿਆ। ਮੁਹੰਮਦ ਸ਼ਾਹ ਵਿਚਾਰਾ ਪੁਕਾਰਦਾ ਤੇ ਬਿੱਲਰ ੨ ਦੇਖਦਾ ਹੀ ਰੈਹ ਗਿਆ, ਹੋਰ ਕਿਵੇਂ ਬਚਾਉ ਨਾ ਦੇਖਿਆ ਤਾਂ ਹਾਰਕੇ ਕੁਝ ਅਮੀਰਾਂ ਸਮੇਤ ਨਾਦਰਸ਼ਾਹ ਦੇ ਪੈਰ ਜਾ ਫੜੇ, ਨਾਦਰ ਨੇ ਬਹੁਤ ਸਤਕਾਰ ਕੀਤਾ, ਆਸਫਜਾਹ ਨੇ ਦੋ ਕਰੋੜ ਦੇਣਾ ਕਰਕੇ ਨਾਦਰ ਨੂੰ ਓਥੇਂ ਹੀ ਮੋੜਨਾ ਕਰ ਲਿਆ, ਪਰ ਸੱਯਦਾਂ ਦੇ ਧੜੇ ਨੇ ਓਹ ਗਲ ਕੀਤੀ ਜਿਸਤਰਾਂ ਲੱਸਵਾਲਾ ਪਿੰਡ ਜੋ ਆਕੀ ਸੀ, ਸੰਮਤ ੧੯੦੯ ਵਿਃ ਵਿਚ ਮਹਾਰਾਜਾ ਜੀਂਦ ਨੇ ਫਤੇ ਕਰਕੇ ਉਜਾੜ ਦਿਤਾ। ਚੌਧਰੀ ਫੜੇ ਆਏ ਤਾਂ ਰਾਜਾ ਨੇ ਪੁਛਜਾ, ਹੁਣ ਵਾਹੀ ਹੋ? ਓਹ ਬਾਂਗਰੂ ਜੱਟ ਬੋਲੇ ਲੇ ਛਡੀ ਗਾਮਲਾ ਉਸਨੂ ਲਾਜਾ ਤਾਂ ਕੋ ਹੋਜਾ ਹਮਾਰੇ ਛੋਹਰੇ ਛੋਹਰੀਆਂ ਨੇ ਹਾਥੀ ਤੋਪਾਂ ਦੀ ਲੜਾਈ ਤਾਂ ਦੇਖ ਲਈ। ਸੋ ਦਿੱਲੀ ਚਾਹੇ ਬਰਬਾਦ ਹੋਜਈ, ਦਿਲ ਵਾਲੀਆਂ ਨੇ ਤਾਂ ਨਾਦਰਸ਼ਾਹੀ ਦੇਖ ਲਈ।

ਦੂਸਰੇ ਦਿਨ ਬਕਰੀਦ ਸੀ, ਮੁਹੰਮਦਸ਼ਾਹ ਦੇ ਹੁਕਮ ਨਾਲ ਜੁੰਮੇ ਮਸਜਿਦ ਵਿਚ ਸਵੇਰ ਦੀ ਨਿਮਾਜ਼ ਦੇ ਵਕਤ (ਖੁਤਬਾ) ਧੰਨਵਾਦ ਨਾਦਰ ਦੇ ਨਾਮ ਦਾ ਪੜਿਆ ਗਿਆ, ਇਸਨੂੰ ਸੁਣਕੇ ਅਨੇਕਾਂ ਨੇ ਖੁਤਬੇ ਦਾ ਖਾਤਮਾ ਕਰ ਕੱਢਜਾ ਤੇ ਏਹ ਉਚਾ ਦਿਤਾ ਕਿ ਨਾਦਰ ਮਹਿਲਾਂ ਵਿਚ ਖਤਮ (ਕਤਲ) ਕੀਤਾ ਗਿਆ। ਏਹ ਗਲ ਕੂਚਾ ਲੈਕੇ ਕੂਚੇ ੨ ਵਿਚ ਨਿਕਲੀ। ਦਿਲਵਾਲੀ ਬਦਮਾਸ਼ਾਂ ਨੇ ਹੱਲਾ ਕਰਕੇ ੭੦੦ ਸਤ ਸੌ ਸਿਪਾਹੀ ਨਾਦਰ ਦਾ ਕਤਲ ਕਰ ਦਿਤਾ। ਏਸ ਖਬਰ ਨੂੰ ਸੁਣਕੇ ਨਾਦਰਸ਼ਾਹ ਰੌਸ਼ਨ ਦੌਲਾ ਦੀ ਮਸੀਤ ਵਿਚ ਜੋ ਸੁਨਹਿਰੀ ਹੈ, ਓਥੇ ਗੁੱਸੇ ਨਾਲ ਸਿਰਢਹਾਰ ਉਂਘਲ ਤਲਵਾਰ ਖਿੱਚਕੇ ਬੈਠਾ। ਫੌਜਦਾਰਾਂ ਨੇ ਆਮ ਕਤਲ ਦਾ ਇਸ਼ਾਰਾ ਸਮਝਕੇ ਧੂਹ ਲਈਆਂ, ਫੇਰ ਤਾਂ ਚਲ ਸੋ ਚਲ, ਪੱਕੀ ਕੱਚੀ ਵੱਢਕੇ ਚਾਰ ਪਹਿਰ ਵਿਚ ਇਕ ਲੱਖ ਤੇਤੀ ਹਜਾਰ ੧੩੩੦੦੦ ਮਾਰਕੇ ਸਥਾਰ ਕਰ ਦਿੱਤਾ। ਦੇਖੋ ਕੁਦਰਤ ਈਸ਼ੂਰ ਦੀ ਐਸੀ ਹੋਈ ਕਿ ਬਕਰੀਦ ਤੋਂ ਅਗਲੇ ਦਿਨ ਹੀ ਬੇਸ਼ੁਮਾਰ ਦਿਲਵਾਲੀ ਲੋਗ ਕੁਰਬਾਨ ਹੋਗਏ। ਕਤਲਆਮਾਂ ਨੇ ਬਹੁਤ ਜਗਾ ਸ਼ੈਹਰ ਵਿਚ ਅੱਗ ਲਾ ਦਿਤੀ, ਧੂੰਆ ਧਾਰ ਹੋਗਿਆ। ਸਾਡੇ ਰੱਬ ਦਾ ਕਹਿਰ, ਕਯਾਮਤ ਦਾ ਸਮਾਂ ਦਿੱਲੀ ਉਤੇ ਆ ਟੁਟਾ, ਕੂਚਜਾਂ ਵਿਚ ਲੋਥਾਂ ਦੇ ਢੇਰ ਤੇ ਲਹੂ ਦੇ ਜੜ ਵਜ ਪਏ। ਐਸੀ ਭਾਜੜ ਤੇ ਅਫੜਾ ਦਫੜੀ ਪਈ, ਮਾਂ ਨੇ ਪੁਤਰ, ਪਤੀ ਨੇ ਇਸਤ੍ਰੀ ਨੂੰ ਨਾ ਸੰਭਾਲਜਾ। ਓੜਕ ਮਹੰਮਦਸ਼ਾਹ ਅਮੀਰਾਂ ਨੂੰ ਨਾਲ

Sri Satguru Jagjit Singh Ji eLibrary NamdhariElibrary@gmail.com

ਜੋ ਕੁਛ ਮੰਗਦੇ ਸੇ, ਮਿਲ ਗਿਆ। ਏਸ ਹਾਲ ਚਾਲ ਨੂੰ ਗਨੀਮਤ ਸਮਝਕੇ ਸਿੰਘ ਫੇਰ ਪੰਜਾਬ ਵਿਚ ਆ ਗੱਜੇ, ਕਿਉਂਕਿ ਸਿੰਘ ਤਾਂ ਏਹੋ ਜੇਹੇ ਰੌਲੇ ਵਿਚ ਬਹੁਤ ਖੁਸ਼ੀ ਰਹਿੰਦੇ ਸੇ, ਜਿਸਤਰਾਂ ਜਦ ਮਕਛੀ ਆਉਂਦੀ ਹੈ ਤਾਂ ਹੋਰ ਸਭ ਲੋਗ ਔਖੇ ਹੁੰਦੇ ਹਨ, ਪਰ ਸ਼ਿਕਾਰੀਆਂ ਨੂੰ ਖੁਸ਼ੀ ਹੋ ਜਾਂਦੀ ਹੈ। ਜਿਨਾਂ ਜਿਨਾਂ ਚੁਗਲਾਂ ਤੇ ਜ਼ਾਲਮਾਂ ਨੇ ਸਿੰਘਾਂ ਦੇ ਸੰਬੰਧੀ ਸੰਤਾਏ ਸਨ, ਉਨ੍ਹਾਂ ਨੂੰ ਖੂਬ ਸੋਧਿਆ। ਨਾਦਰਸ਼ਾਹ ਦੇ

ਬਾਲਕੇ ਹੱਥ ਜੋੜੇ ਸਾਹਮਣੇ ਨਾਦਰ ਦੇ ਆ ਖੜਾ ਹੋਯਾ। ਸਭ ਹੁਕਮ ਦਿਤਾ ਤਾਂ ਬੋਲਯਾ, ਬਾਦਸ਼ਾਹ ਮੇਰੀ ਗਰਦਨ ਕੱਟਕੇ ਖਲਕਤ ਨੂੰ ਅਮਨ ਬਖਸ਼ੋ? ਨਾਦਰ ਨੇ ਅਪਣੀ ਤਲਵਾਰ ਮਯਾਨ ਵਿਚ ਕਰ ਲਈ ਤਾਂ ਅਮਨ ਦੀ ਛੌਂਛੀ ਫਿਰ ਗਈ। ਵਾਹ ਰੇ ਨਾਦਰ ਤੇਰਾ ਹੁਕਮ! ਜਿਸਨੇ ਗਰਦਨ ਪਰ ਤਲਵਾਰ ਉਭਾਰੀ ਸੀ ਓਹ ਉਥੇ ਹੀ ਰੁਕ ਗਈ।

ਫੇਰ ਨਾਦਰ ਦੇ ਲੋਕਾਂ ਨੇ ਬੜੇ ੨ ਦੁਖ ਦੇਖਕੇ ਦੌਲਤ ਕਢਾ ਲਈ ੫੯ ਦਿਨ ਲੁੱਟ ਮਚਾਈ ਰਖੀ। ਸੰਃ ੧੧੫੧ ਵਿਸਾਖੀ ਤੇ ਫੱਗਣ ਸੰਃ ੧੭੯੬ ਬਿਃ ਨੂੰ ਨਾਦਰ ਪੰਜਾਬ ਵਿਚ ਆਯਾ ਤੇ ੯੭ ਵਿਚ ਅਪਨੇ ਵਤਨ ਨੂੰ ਮੁੜ ਗਿਆ। (ਯਥਾ ਗੁਰ ਵਾਕ ਪੋਥੀਨ ਹੋਈ—"ਆਉਣ ਅਠਤ੍ਰੈ ਜਾਣ ਸਤਾਨਵੇਂ ਹੋਰ ਭੀ ਉਠਸੀ ਮਰਦ ਕਾ ਚੇਲਾ") ਏਹ ਬਚਨ ਗੁਰੂ ਨਾਨਕ ਜੀ ਨੇ ਐਮਨਾਬਾਦ ਭਾਈ ਲਾਲੋ ਦੇ ਸਵਾਲ ਕਰਨੇ ਪਰ ਸੰਃ ੧੫੬੨ ਬਿਃ ਨੂੰ ਉਚਾਰਜਾ ਸੀ, ਲਾਲੋ ਨੇ ਪੁਛਿਆ ਸੀ ਏਹ ਬਾਲਮ ਪਠਾਣ ਕਦੋਂ ਜਾਣਗੇ? ਸੋ ੧੫੭੮ ਨੂੰ ਆਨਕੇ ਬਾਬਰ ਮੁਗਲ ਨੇ ਪਠਾਣ ਖੋ ਦਿਤੇ, ੧੭੯੭ ਵਿਚ ਨਾਦਰ ਮੁਗਲਾਂ ਨੂੰ ਛੋਬਗਿਆ, ਫੇਰ ਮਰਦ ਕਾ ਚੇਲਾ ਖਾਲਸਾ ਉਠਖੜੋਤਾ, ਬਚਨ ਸਫਲਾ ਹੋਇਆ) ਦਿੱਲੀ ਵਿਚੋਂ ਖੱਤੀ ੩੨ ਕ੍ਰੋੜ ਰੁਪਯਾ ਲੈ ਗਿਆ, ਜਿਸ ਵਿਚ ਸਿਰਫ ਸਤ ਕ੍ਰੋੜ ਦਸ ਲੱਖ ਦਾ ਇਕ ਤਖਤ ਤਾਊਸੀ ਹੀ ਸੀ, ਇਕ ਜੋੜੀ ਲਾਲਾਂ ਦੀ, ਜਿਨਾਂ ਦੇ ਚਾਨਣੇ ਨਾਲ ਬਾਦਸ਼ਾਹ ਰਾਤ ਨੂੰ ਕੁਰਾਨ ਪੜ੍ਹਦਾ ਹੁੰਦਾ ਸੀ, ਦੂਸਰੇ ਇਕ ਸੋਹਨਕੂਰ ਮੱਛੀ ਜਿਸਦੇ ਗੁਣ ਤਵਾਰੀਖਾਂ ਵਿਚ ਬਹੁਤ ਲਿਖੇ ਹਨ, ਤੀਸਰੇ ਇਕ ਐਨ ਚੈਨ ਦੀ ਮਾਲਾ ਜਿਸ ਵਿਚ ਐਸੇ ਰਤਨ ਮਣਕੇ ਸੇ ਕਿ ਨੇਤ੍ਰਾਂ ਨੂੰ ਛੁਹਾਈਏ ਤਾਂ ਸਭ ਰੋਗ ਜਾਂਦੇ ਰੈਹਨ, ਚੌਥੇ ਇਕ ਗੁਲਾਬੀ ਹੀਰਾ, ਜੋ ਭਾਨੇਸ਼ਾਹ ਪਾਸੋਂ ਔਰੰਗਜ਼ੇਬ ਨੇ ਖੋਹਜਾ ਸੀ, ਏਸਦੀ ਚਮਕ ਨਾਲ ਸਾਰੇ ਮਕਾਨ ਗੁਲਾਬੀ ਹੀ ਨਜ਼ਰ ਆਵਨ, ਏਸ ਦਾ ਤੋਲ ੪੨ ਮਾਸ਼ੇ ੪ ਰਤੀ ਸੀ, ਪੰਜਵੇਂ ਦੋ ਮੋਤੀ ਅੰਡੇ ਦੇ ਅਕਾਰ ਜਿਨਾਂ ਦੇ ਬਰਾਬਰ ਹੋਰ ਕਿਤੇ ਮੋਤੀ ਕਹੀਂ, ਛੇਵਾਂ ਕੋਹਨੂਰ ਹੀਰਾ ਪਾਂਡਵਾਂ ਦੇ ਸਮੇਂ ਦਾ, ਜੋ ਜੜਾ ਓਸ ਸਾਹਸਜਾਉਲ ਕਾਬਲ ਦੇ ਬਾਦਸ਼ਾਹ ਪਾਸੋਂ ਮਹਾਰਾਜਾ ਰਣਜੀਤ ਸਿੰਘ ਪਾਸ ਆਇਆ, ਤੇ ਹੁਣ ਓਹੋ ਹੀਰਾ ਸ੍ਰੀ ਮਹਾਂਰਾਣੀ ਵਿਕਟੋਰੀਆ ਦੇ ਪਾਸ ਹੈ, ਸਤਵੇਂ ਜੋੜਾ, ਭੌਰਾ ਸੱਤ ਦਰਿਆਈ ਘੋੜੇ, ਏਹੋ ਜੇਹੇ ਚੰਗੇ ੨ ਬਹੁਤ ਤੋਹੇ ਤੇ ਬੇਗਮਾਂਦੇ ਜ਼ੇਵਰ ਨਾਦਰਨੇ ਲਏ ਤੇ ਅਨੇਕ ਪਿੰਡਾਂ ਨੂੰ ਲੁੱਟ ਮਾਰ, ਫੂਕ, ਫਾਕੇ ਉਜਾੜ ਕਰ ਗਿਆ, ਸਭ ਤੋਂ ਪੈਹਲੇ ਜ਼ਾਲਮਾਂ ਵਿੱਚ ਏਸੇ ਦਾ ਨਾਮ ਗਿਣਿਆਂ ਗਿਆ॥

Sri Satguru Jagjit Singh Ji eLibrary NamdhariElibrary@gmail.com

ਆਵਣੇ ਨੇ ਸਭ ਹਾਕਮਾਂਦੀ ਜਿੰਦ ਕੁੜੱਕੀ ਵਿੱਚ ਲੈ ਰੱਖੀ ਸੀ, ਆਪਣੇ੨ ਬਚਾਓਦੇ ਫਿਕਰ ਵਿੱਚ ਸਬਦੇ ਸਾਹ ਸੁੱਕਰ ਹੋਸਨ, ਸਿੰਘਾਂ ਦੇ ਪਿੱਛੇ ਤਾਂ ਕੀ ਲੱਗਣਾਂ ਸੀ, ਸਗੋਂ ਨਵਾਬ ਕਪੂਰ ਸਿੰਘ ਪਾਸ ਵਕੀਲਛੇਜਕੇ ਅੱਗੇਨੂੰਮਦਦ ਤੇ ਪਿਛਲੇ ਗੁਨਾਹਾਂਦੀਮਾਫੀ ਮੰਗ ਰਹੇ ਸਨ, ਤੇ ਆਖਦੇ ਸਨ, ਅਸੀਂ ਤੁਸੀਂ ਭਾਵੇਂ ਕਿਤਨੇ ਵਾਰੀ ਲੜੀਏ, ਫੇਰ ਭੀ ਦੇਸੀ ਭਾਈ ਹਾਂ, ਤਾਂਤੇ ਤੁਸੀਂ ਅਸੀਂ ਮਿਲ ਸੁਲਕੇ ਜਿਸ ਤਰਾਂ ਹੋ ਸਕੇ ਏਨ੍ਹਾਂ ਦੁਰਾਨੀਆਂ ਤੋਂ ਬਚੀਏ ॥

ਸਿੰਘਾਂ ਨੇ ਨਾਦਰ ਸ਼ਾਹ ਨੂੰ ਸੋਧਨਾ

ਫੇਰ ਜਦ ਨਾਦਰਸ਼ਾਹ ਨੇ ਪਾਣੀਪਤ ਕਰਨਾਲ ਦੇ ਵਿਚਕਾਰ ਜੰਗ ਵਿੱਚ ਮੁਗਲਾਂ ਨੂੰ ਛਤੇ ਕਰ ਪਟ ਦਿਨ ਦਿੱਲੀ ਨੂੰ ਲੁੱਟ ਕਤਲ ਕਰਕੇ ਮਥਰਾ ਤੀਕਰ ਦੇਸ਼ ਨੂੰ ਭਲੀ ਤਰਾਂ ਗਾਹਿਆ, ਤੇ ਪੰਜਾਹ ਹਜ਼ਾਰ ਮਰਦ ਔਰਤ ਗੈਦ ਕਰਕੇ ਅਤੇ ਦੌਲਤ ਬੇਸ਼ੁਮਾਰ ਲੈਕੇ ਮੋੜਾ ਘੱਤਿਆ, ਤਦ ਅਨੇਕ ਗੱਡੇ, ਊਠ, ਹਾਥੀ ਖੱਚਰਾਂ, ਗਾਧੇ, ਧਨ ਦੇ ਲੱਦੇ ਹੋਏ ਦਿੱਲੀ ਤੋਂ ਕਾਬੁਲ ਨੂੰ ਚਲੇ, ਤਾਂ ਸਿੰਘਾਂ ਦੇ ਅਨੇਕ ਜੱਥੇ ਸੜਕ ਦੇ ਦੋਹੀਂ ਪਾਸੀਂ ਵੀਹ ੨ ਕੋਹ ਜੰਗਲਾਂ ਵਿੱਚ ਆ ਬੈਠੇ। ਕੁਝ ਖੇਤ ਤੋਂ ਲੈਕੇ ਅਟਕ ਤੀਕ ਸਿੰਘਾਂ ਨੂੰ ਛੇੜ ਦੇਣ ਵਾਲੇ ਛੇੜ ਦਿੰਦੇ ਚਲੇ, ਤੇ ਸਿੰਘ ਵੇਲੇ ਕੁਵੇਲੇ ਛਾਪੇ ਮਾਰ ਮਾਰ ਦੰਦ ਖਟੇ ਕਰਦੇ ਚਲੇ, ਜੇਹੜੀ ਮਾਯਾ ਲੁਟਣ ਓਹ ਲੋਕੜੀਆਂ ਨੂੰ ਵੰਡ ਦੇਣ, ਦਿੱਲੀ ਬੈਠਾ ਨਾਦਰ ਤਾਂ ਓਥੋਂ ਦਾ ਧਨ ਸਮੇਟ ਰਿਹਾ ਸੀ, ਤੇ ਸਿੰਘ ਓਸਦਾ ਛੱਡਾ ਰਾਹ ਵਿੱਚ ਭੰਨ ਰਹੇ ਸਨ, ਜੇਹੜਾ ਸੌ ਸੌ, ਦੋ, ਛੇ ਸੌ ਦਾ ਟੋਲਾ ਗਡਿਆਂ ਊਠਾਂ ਨਾਲ ਰਖਵਾਲਾ ਹੁੰਦਾ ਸੀ, ਜੋ ਓਹ ਸਿੰਘਾਂ ਦੇ ਪਿੱਛੇ ਪੈਂਦਾ ਤਾਂ ਸਿੰਘ ਉਸਨੂੰ

Sri Satguru Jagjit Singh Ji eLibrary NamdhariElibrary@gmail.com

ਆਪਣੇ ਦੋਹੁੰ ਜੱਥਿਆਂ ਦੀ ਲੁੜੱਕੀ ਵਿਚ ਲਿਆੜੇ ਖੂਬ ਸੋਧਦੇ। ਸਿੰਘਾਂ ਵਿਚ ਕਈ ਧਾੜਵੀ ਲੋਕ ਵੀ ਰਲ ਜਾਂਦੇ ਜੋ ਚੰਗੀਤਰਾਂ ਲੁਟਮਾਰਕਰਦੇ,ਪਰਨਾਮ ਏਹੋਹੁੰਦਾਸੀਕਿ ਸਿੰਘ ਲੁਟਕੇਲੈਗਏ।

ਨਾਦਰ ਨੇ ਸੂਬੇ ਤੋਂ ਸਿੰਘਾਂ ਦਾ ਹਾਲ ਪੁੱਛਨਾ

ਜਦ ਨਾਦਰ ਨੇ ਖਜ਼ਾਨਾ ਲੁੱਟਣ ਦੀ ਸਾਰ ਪਾਈ ਤਾਂ ਫੌਜ ਕਈਵਾਰੀ ਚੜ੍ਹਾਈ, ਪਰ ਸਿੰਘਾਂ ਨੇ ਡਾਹ ਨ ਦਿਤੀ। ਆਖਰ ਬੜੇ ਗੁੱਸੇ ਵਿਚ ਆਕੇ ਲਾਹੌਰ ਦੇ ਸੂਬੇ ਨੂੰ ਪੁਛਿਆ ਕਿ ਜਿਨਾਂ ਕਜ਼ਾਕਾਂ ਨੇ ਮੇਰਾ ਡਰ ਨਹੀਂ ਮੰਨਿਆਂ ਤੇ ਮੇਰੀ ਦੌਲਤ ਲੁੱਟ ਖੜੀ ਹੈ ਉਨਾਂ ਦਾ ਦੇਸ ਮੈਨੂੰ ਦੱਸ, ਮੈਂ ਉਨਾਂ ਦਾ ਨਿਸ਼ਾਨ ਉਠਾ ਦੇਵਾਂ, ਮੇਰਾ ਨਾਉਂ ਨਾਦਰ ਜ਼ਾਲਮ ਹੈ, ਮੈਂ ਬੜੇ ਬੜੇ ਰਾਖਸ਼ ਸਿੱਧੇ ਕਰ ਛਡੇ ਹਨ, ਮੇਰੀ ਬੱਬਰ ਸ਼ੇਰ ਦੀ ਦਾੜ੍ਹ ਵਿਚੋਂ ਮਾਸ ਲੈਣ ਵਾਲੇ ਉਹ ਕੌਣ ਹਨ ? ਖਾਨ ਬਹਾਦਰ ਬੋਲਿਆ, ਜਹਾਂ ਪਨਾਹ ਏਹ ਇਕ ਅਜਬ ਢੰਗ ਦਾ ਸਿੰਘ ਨਾਮ ਖਾਲਸਾ ਪੰਥ ਹੈ, ਏਨਾਂ ਸਿੰਘਾਂ ਦਾ ਪਿੰਡ, ਦੇਸ, ਘਰ, ਘਾਟ, ਕਿਲਾ, ਕੋਟ ਕੋਈ ਨਹੀਂ ।ਬਰਸਾਤ ਦੀਆਂ ਖੁੰਬਾਂ ਵਾਂਙੂ ਆਪਣੇ ਆਪ ਕਿਧਰੋਂ ਨਿਕਲਕੇ ਪਲੇ ਪਲਾਏ ਏਸ ਮਜ਼ਹਬ ਵਿਚ ਆ ਰਲਦੇ ਹਨ, ਏਹ ਤਾਂ ਖੁਦਾਈ ਚਸ਼ਮਾਂ ਸ਼ਮਸ਼ੇ । ਗੁਲਾਬ ਦੇ ਬੂਟੇ ਦੀ ਤਰਾਂ ਜਜੋਂ ਜਜੋਂ ਕਟੀਦੇ ਹਨ, ਤਜੋਂ ੨ ਵਧਦੇ ਹਨ, ਅਸੀ ਏਨਾਂ ਨੂੰ ਮਾਰਦੇ ਮਾਰਦੇ ਹਾਰ ਗਏ ਹਾਂ, ਏਹ ਮੁਕਦੇ ਨਹੀਂ, ਜੰਗ ਵਿਚ ਸ਼ਹੀਦ ਹੋਣ ਵਾਸਤੇ ਭਖੱਕੜਾਂ ਵਾਂਙੂ ਆਕੇ ਬੇਸ਼ੁਮਾਰ ਜਾਨਾਂ ਦੇ ਦਿੰਦੇ ਹਨ, ਪਰ ਫੇਰ ਭੀ ਏਹ ਚੌਣੇ ਪਚੌਣੇ ਦੇਖੀ ਦੇ ਹਨ, ਸਾਡੇ ਲੱਖਾਂ ਬੰਦੇ ਮਰਕੇ ਪਿੰਡ ਖਾਲੀ ਹੋ ਗਏ, ਫੇਰ ਏਨਾਂ ਦੇ ਘੋੜੇ ਤੇ ਏਹ ਖਬਰ ਨਹੀਂ ਲੋਹੇ ਦੇ ਬਣੇ ਹਨ,

Sri Satguru Jagjit Singh Ji eLibrary NamdhariElibrary@gmail.com

ਜੋ ਬਿਨਾਂ ਕੁਛ ਖਾਧੇ ਪੀਤੇ ਸੌ, ਸੌ ਕੋਹ ਤਕ ਰੋਜ਼ ਧਾਵੇ ਮਾਰਦੇ ਹਨ ਤੇ ਸਾਗ ਪੱਤ੍ਰ, ਪਜਾਜ਼, ਮੂਲੀ, ਗਾਜਰ, ਵਤਾਊਂ, ਕਣਕ ਚਣੇ, ਕੱਚਾ ਮਾਸ, ਬਿਨਾਂ ਨਿਮਕ ਮਿਰਚ ਖਾਕੇ ਖਦਾ ਦਾ ਸ਼ੁਕਰ ਬਜਾ ਲਜਾਉਂਦੇ ਹਨ, ਤੇ ਘੋੜੇ ਦੀ ਪਿੱਠ ਨੀ ਪਲੰਘ ਹੈ। ਤੁਰਦੇ ਫਿਰਦੇ ਮੌਂ ਲੈਂਦੇ ਹਨ, ਸਿਰ ਉੱਤੇ ਪਗੜੀ, ਤੇਗ਼ ਜਾਂਘੀਏ (ਕੱਛਾਂ) ਕੁਰੇ, ਯਾ ਚਾਦਰ ਦੀ ਗਿਲਤੀ ਤੋਂ ਬਿਨਾ ਕਪੜਾ ਹੋਰ ਨਹੀਂ ਪੈਹਨਦੇ, ਪਰ ਹਥਿਆਰ ਜਿਤਨੇ ਮਿਲ ਜਾਨ ਉਤਨੇ ਹੀ ਥੋੜੇ ਹਨ, ਤੇ ਦੰਗਾ ਕਰਨਾ ਤਾਂ ਇਨਾਂ ਦੀ ਜਾਤ ਗੋਤ ਹੈ। ਲੜਨ, ਭਿੜਨ ਦੇ ਆਸ਼ਕ ਹਨ, ਪੰਜ ਸੌ ਨਾਲ ਪੰਜ ਮੱਥਾ ਭਾਹ ਖੜੋਂਦੇ ਹਨ, ਜਖਮ ਏਨਾਂ ਦੇ ਗੌਂਡੇ ਵਾਂਗੂੰ ਆਪੇ ਮਿਲ ਜਾਂਦੇ ਹਨ, ਗਰਮੀ ਸਰਦੀ ਦੀ ਬੀਮਾਰੀ ਕਦੇ ਕੋਈ ਏਨਾਂ ਨੂੰ ਨਹੀਂ ਬਿਆਪਦੀ; ਜਿਸਤਰਾਂ ਅਸੀ ਹਿੰਦੂਆਂਨੂੰ ਮਾਰਣਾ ਸਵਾਬ ਸਮਝਦੇਹਾਂ ਏਸੇ ਤਰਾਂ ਏਹ ਜ਼ੁਲਮ ਦਾ ਨਾਸ ਕਰਨਾ ਧਰਮ ਸਮਝਦੇ ਹਨ, ਸਿਵਾਏ ਲੁਟ ਮਾਰਦੇ ਹੋਰ ਕੋਈ ਕੰਮ ਨਹੀਂ ਕਰਦੇ, ਹਿੰਦੂ ਮੁਸਲਮਾਨ ਏਹਾਂ ਤੋਂ ਏਨਾਂ ਦਾ ਜੁਦਾ ਹੀ ਮਜ਼ਹਬ ਹੈ, ਇਕ ਰੱਬ ਤੋਂ ਸਿਵਾਇ ਹੋਰ ਕਿਸੇ ਨੂੰ ਨਹੀਂ ਮੰਨਦੇ। ਸਲਾਮ ਤੇ ਰਾਮ ਰਾਮ ਦੀ ਜਗਾ ਵਾਹਿਗੁਰੂ ਜੀ ਕੀ ਫਤੇ ਬੁਲਾਉਂਦੇ ਹਨ। ਰਾਤ ਦਿਨੇ ਆਪਣੇ ਗੁਰੂ ਦੀ ਬਾਣੀ (ਕਲਾਮ) ਪੜ੍ਹਦੇ ਹਨ, ਸ਼ਾਦੀ ਗਮੀ ਤੋਂ ਰਹਤ ਹਨ। ਹਾਣ, ਲਾਭ ਸਭ ਗੁਰੂ ਕੇ ਭਾਣੇ ਵਿੱਚ ਮੰਨਕੇ ਖੁਸ਼ੀ ਰਹਿੰਦੇ ਹਨ। ਜੋ ਕੁਛ ਮਾਲ ਬਾਹਰੋਂ ਲੁੱਟ ਪੁਟਕੇ ਲਜਾਂਦੇ ਹਨ ਸਭ ਗੁਰੂ ਕਾ ਸਮਝਕੇ ਆਪਸ ਵਿੱਚ ਬਰਾਬਰ ਵੰਡ ਲੈਂਦੇ ਹਨ, ਸਭ ਇਕੋ ਜੇਹਾ ਵੰਡਕੇ ਛਕ ਲੈਂਦੇ ਹਨ, ਜੇ ਕੋਈ ਭੁਖਾ ਨੰਗਾ ਲੋੜ ਵੰਦ ਆ ਜਾਏ ਤਾਂ ਉਸਦੀ ਲੋੜ ਪੂਰੀ ਕਰਦੇ ਹਨ,

Sri Satguru Jagjit Singh Ji eLibrary NamdhariElibrary@gmail.com

ਦੁਸ਼ਾਇਲੀ ਕਦੇ ਨਹੀਂ ਕਰਦੇ, ਬੋਲੀ ਭੀ ਏਨਾਂ ਦੀ ਸਭ ਤੋਂ ਨਰਾਲੀਹੈ। ਇਤਯਾਦਕ ਗੱਲਾਂ ਸੁਣਕੇ ਨਾਦਰਸ਼ਾਹ ਨੇ ਹੈਰਾਨ ਹੋਕੇ ਆਖਯਾ, ਜੇਕਰ ਏਹ ਕੌਮ ਠੀਕ ਐਸੀ ਹੀ ਹੈ ਜੈਸੀ ਆਖਦਾ ਹੈਂ ਤਾਂ ਅਸੀ ਤੁਸੀਂ ਏਨ੍ਹਾਂ ਦਾ ਕੀ ਖੋਹ ਸੱਕਦੇ ਹਾਂ? ਤੁਸੀ ਸੱਚ ਜਾਣੋ ਕਦੇ ਨਾ ਕਦੇ ਏਹੋ ਪੰਥ ਮੁਲਕ ਦਾ ਮਾਲਕ ਬਣ ਜਾਵੇਗਾ, ਏਨਾਂ ਨਾਲ ਤੁਸੀ ਵਿਰੋਧ ਨਾ ਕਰੋ ਏਹ ਤੁਹਾਡੇ ਸਾਡੇ ਮਾਰਣ ਦੇ ਨਹੀਂ ॥

ਖਾਨ ਬਹਾਦੁਰ ਤੇ ਸਿੰਘਾਂ ਦਾ ਸੰਬਾਦ ਬਖੇੜਾ

ਜਦਜਪਿ ਨਾਦਰਸ਼ਾਹ ਤਾਂ ਸੱਚਾ ਉਪਦੇਸ਼ ਦੇ ਕੇ ਹਾੜ ਸੰਮਤ ੧੭੯੭ ਬਿਕ੍ਰਮੀ ਨੂੰ ਆਪਣੇ ਦੇਸ ਵੰਨੇ ਮੁਹ ਫਿਆ, ਪਰ ਖਾਨ ਬਹਾਦਰ ਨੂੰ ਈਰਖਾ ਦੀ ਅੱਗ ਨੇ ਜੇਠ ਮਹੀਨੇ ਦੇ ਪਰਬਤ ਵਾਂਗੂ ਤਪਾ ਰਖਯਾ ਸੀ, ਉਹ ਨਾਦਰ ਬਾਦਰ ਦੀ ਸਿੱਖ ਮਤ ਬਰਖਾ ਨੂੰ ਪਾਕੇ ਹੋਰ ਭੀ ਠੰਢਾ ਨਾ ਹੋਯਾ, ਸਗੋਂ ਐਸੀ ਭੜਾਸ ਛੱਡੀ ਜੋ ਸਿੰਘਾਂ ਨੂੰ ਆਖ ਭੇਜਯਾ, ਕਿ ਨਾਦਰ ਦੀ ਦੌਲਤ ਜੋ ਤੁਸੀ ਲੁਟੀ ਹੈ ਸੋ ਅੱਧੀ ਮੈਨੂੰ ਦੇ ਦਿਓ ਨਹੀਂ ਤਾਂ ਮੈਂ ਤੁਹਾਡੇ ਤੇ ਜ਼ੁਲਮ ਕਰਾਂਗਾ। ਸਿੰਘਾਂ ਨੇ ਜਵਾਬ ਦਿੱਤਾ—ਸ਼ੇਰਾਂ, ਬਘਿਆੜਾਂ ਦੀਆਂ ਦਾੜ੍ਹਾ ਵਿਚੋਂ ਕਦੇ ਕਿਸੇ ਨੂੰ ਮਾਸ ਲੱਭਯਾ ਹੈ ? ਇਹ ਜੁਵਾਬ ਸੁਣਕੇ ਸੂਬੇ ਨੂੰ ਤਾਂ ਸਣੇ ਕੱਪੜੀਂ ਅੱਗ ਲੱਗ ਉਠੀ। ਤੁਰਤ ਚੌਧਰੀਆਂ ਨੂੰ ਤੱਦੀ ਕਰਕੇ ਫੌਜ ਚੜ੍ਹਾ ਦਿੱਤੀ, ਛੇਤ ਦੇਸ ਵਿਚ ਖਰੂਦ ਮਚਗਿਆ। ਪਰ ਜਾ ਵਿਚ ਤਾਂ ਪਹਿਲੇ ਹੀ ਸਾਹ ਸਤ ਨਹੀਂ ਸੀ, ਏਸ ਚਾਨਣ ਚੌੜ ਨਾਲਮ ਨੇ ਚਹਿੰਦੀ ਖੁੰਹਦੀ ਖਲਬਤ ਹੋਰ ਗੋਡਜਾਂ ਭਾਰਮਾਰੀ, ਕਜੋਂਕੇ ਜਜੋਂ ੨ ਓਹ ਸਿੰਘਾਂ ਨੂੰ ਦੁਖਦਿੰਦਾ ਤਜੋਂ

Sri Satguru Jagjit Singh Ji eLibrary NamdhariElibrary@gmail.com

ਭਜੋਂ ਛੁਮਣੇ ਮਖੀਣ ਵਾਂਗੂ ਸਿੰਘ ਓਸਦੀ ਪਰਜਾ ਨੂੰ ਸੋਧਦੇ ਸੇ, ਏਹੋ ਹਾਲ ਕਈ ਬਰਸ ਬਣਿਆਂ ਰਿਹਾ । ਜੇੜ੍ਹੇ ਸਿੰਘ ਖੇਤੀ ਬਜੋਪਾਰ ਛੱਡਕੇ ਕਦੇ ਲੁੱਟ ਮਾਰ ਵਿਚ ਨਹੀਂ ਜਾਏ ਸੇ, ਓਸ ਅੰਧਾ ਧੁੰਦ ਵਿਚ ਓਹੋ ਜੇਹੇ ਸਤੋਗੁਣੀ ਧਰਮੀ ਸਿੰਘਾਂ ਨੂੰ ਭੀ ਚੁਗਲਾਂ ਨੇ ਬੜਾ ੨ ਦਿਨਾਮ ਪਾਏ ।

ਜੰਡਿਆਲੀਏ ਨੇ ਤਾਰੂ ਸਿੰਘ ਛੜਾਨਾ

ਓਸ ਸਮੇਂ ਲੋਭ ਲਹਿਰ ਦੇ ਜਾਹਿਰੇ ਹੋਏ ਜੰਞਜਾਲੇ ਵਾਲੇ ਆਕੁਲਦਾਸ ਮਹੰਤ ਨੇ ਜੇੜ੍ਹਾ ਆਪਨੂੰ ਹਰਿ ਭਗਤ ਸਦਾਉਂਦਾ ਸੀ, ਐਸਾ ਚੰਡਾਲਾਂ ਵਾਲਾ ਕੰਮ ਕੀਤਾ ਜੋ ਭਾਰੇ ਹੱਤਜਾਰੇ ਭੀ ਨਹੀਂ ਕਰਦੇ । ਭਾਈ ਤਾਰੂ ਸਿੰਘ ਜ਼ਿਮੀਂਦਾਰ ਅੰਮ੍ਰਤਸਰ ਦੇ ਪਰਗਣੇ ਪੂਲੇ ਪਿੰਡ ਦਾ ਇਕ ਬੜਾ ਭਾਰੀ ਸਿਦਕੀ ਸਿਖ ਸੀ, ਜ਼ਿਮੀਨ ਭੀ ਏਸਦੇ ਪਾਸ ਬਹੁਤ ਸੀ, ਖੇਤੀ ਕਰਾਉਂਦਾ ਲੰਬਾਰ ਚਲਾਉਂਦਾ । ਏਸਦੀ ਮਾਈ ਤੇ ਭੈਣ ਰਾਤ ਦਿਨੇ ਪਰਸਾਦੇ ਪਕਾ ਪਕਾ ਛਕਾਉਂਦੀਆਂ ਰਹਿੰਦੀਆਂ, ਕਿਸੇ ਹਿੰਦੂ ਯਾ ਮੁਸਲਮਾਨ ਨੂੰ ਜਵਾਬ ਨਹੀਂ ਸੀ, ਕੋਈ ਆਵੇ ਛਕ ਜਾਵੇ, ਤਾਰੂ ਸਿੰਘ ਜੀ ਨੇ ਵਿਆਹ ਭੀ ਨਹੀਂ ਕਰਾਇਆ ਸੀ, ਭਜਨ ਭਗਤੀ ਵਿਚ ਭਿੰਨਾਂ ਰੰਹਦਾ, (ਦਿਲ ਯਾਰ ਵੰਨੀ । ਹਥ ਕਾਰ ਵੰਨੀ) ਏਤਨੀ ਗੱਲ ਤੋਂ ਬਿਨਾਂ ਹੋਰ ਕੁਛ ਜਾਣਦਾ ਹੀ ਨਹੀਂ ਸੀ, ਜੇਹੜੇ ਸਿੰਘ ਵੈਰੀਆਂ ਤੋਂ ਡਰਦੇ ਜੰਗਲਾਂ ਵਿਚ ਭੁਖੇ ਤਿਹਾਏ ਪਏ ਰੰਹਦੇ ਸੇ, ਓਹਨਾਂ ਨੂੰ ਭੀ ਰਾਤ ਥਿਰਾਤੇ ਏਸੇ ਦੇ ਲੰਗਰੋਂ ਰੋਟੀ ਪਹੁੰਚਦੀ, ਮੁਸਲਮਾਨ ਭਾਂ ਓਸਨੂੰ ਅੱਲਾ ਵਾਲਾ ਸੁਖੀ ਮਰਦ ਸੁਲਾਕੁਲ ਸਮਝਕੇ ਓਸਦਾ ਬੁਰਾ ਨਹੀਂ ਚਿਤਵਦੇ ਸੇ, ਪਰ ਆਕੁਲ ਦਾਸ ਨੇ ਬੈਰਖ਼ਾਹੀ

Sri Satguru Jagjit Singh Ji eLibrary NamdhariElibrary@gmail.com

ਜਿਤਾਉਣ ਤੇ ਇਨਾਮ ਪਾਉਣ ਲਈ (ਵੈਰੀ ਬਾਤ ਕਰੇ ਅਣਹੁੰਦੀ) ਝੂਠੀਆਂ ਸੱਚੀਆਂ ਤੁਹਮਤਾਂ ਸੂਬੇ ਪਾਸ ਲਾਕੇ ਭਾਈ ਤਾਰੂ ਸਿੰਘ ਨੂੰ ਫੜਾ ਦਿੱਤਾ। ਜਦ ਸਿਪਾਹੀ ਲੈਕੇ ਛੁਡਾਣੇ ਪਿੰਡ ਪਹੁੰਚੇ ਤੇ ਲੋਗਾਂ ਨੂੰ ਖਬਰ ਹੋਈ ਤਾਂ ਓਹ ਲੋਕ ਸਿਪਾਹੀਆਂ ਨੂੰ ਮਾਰਕੇ ਤਾਰੂ ਸਿੰਘ ਦੇ ਛੁਡਾਉਣ ਲਈ ਆ ਕੱਠੇ ਹੋਏ। ਤਾਰੂ ਸਿੰਘ ਨੇ ਓਨਾਂ ਨੂੰ ਵਰਜਿਆ ਤੇ ਆਖਜਾ, ਭਾਈ ਸਿਖੋ! ਤੁਹਾਡਾ ਪ੍ਰੇਮ ਪੁਰਖਾਰਥ ਸੱਚਾ ਹੈ, ਤੁਸੀ ਛੁਡਾ ਸਕਦੇ ਹੋ, ਪਰ ਇਕ ਤਾਂ ਤੁਹਾਨੂੰ ਕਲੇਸ਼ ਹੋਵੇਗਾ, ਦੂਸਰੇ ਮੈਨੂੰ ਫੇਰ ਭੀ ਫੜਕੇ ਲੈ ਜਾਣਗੇ, ਤੇ ਮੈਂ ਤਾਂ ਸੂਬੇ ਦਾ ਕੋਈ ਗੁਨਾਹ ਨਹੀਂ ਕੀਤਾ, ਮੈਨੂੰ ਬੇਗੁਨਾਹੇ ਨੂੰ ਓਹ ਦੁਖ ਕਿਉਂ ਦੇਵੇਗਾ? ਖਲੀ ਓੜਕ ਜੇ ਜਾਣ ਲੈਣੀ ਚਾਹੁ ਤਾਂ ਸਭ ਤੋਂ ਚੰਗੀ ਗੱਲ ਲੈ ਲਵੇ, ਕਿਉਂਕਿ ਜਿਸ ਧਰਮ ਦੀ ਰੱਖਜਾ ਬਦਲੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿਰ ਦਿੱਤਾ, ਫੇਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਪਨੇ ਆਪ ਨੂੰ ਕਸ਼ਟਾਂ ਵਿਚ ਪਾਇਆ, ਖੰਡਾ ਫੜਿਆ, ਜੰਗ ਕੀਤੇ, ਆਪਣੇ ਸਾਹਿਬਜ਼ਾਦੇ ਅੱਖੀਆਂ ਦੇ ਸਾਹਮਣੇ ਸ਼ਹੀਦ ਕਰਾਏ, ਪਰ ਧਰਮ ਨਾ ਛਡਿਆ, ਦੇਖੋ ਜਿਸ ਧਰਮ ਉੱਤੇ ਭਾਈ ਮਨੀ ਸਿੰਘ ਜੈਸੇ ਅਨੇਕ ਹਠੀਲੇ, ਸੂਰਬੀਰ ਸਿੰਘਾਂ ਨੇ ਜਰੀ ੨ ਅੰਗ ਕਟਾਕੇ ਸਰੀਰ ਕੁਰਬਾਨ ਕਰ ਦਿੱਤੇ ਧੰਨ ਭਾਗ ਹਨ ਜੋ ਮੇਰੀ ਦੇਹ ਓਨਾਂ ਵਾਂਗੂੰ ਧਰਮ ਅਰਥ ਲੱਗੇ, ਏਦੂੰ ਪਰੇ ਹੋਰ ਕੇਹੜਾ ਚੰਗਾ ਕੰਮ ਹੈ? ਏਹ ਦੇਹ ਤਾਂ ਇਕ ਦਿਨ ਜਾਣੀ ਹੀ ਹੈ ਫੇਰ ਹੁਣੇ ਕਿਉਂ ਨਾ ਦੇ ਦੇਈਏ? ਫੇਰ ਸਾਡਾ ਨਾਮ ਸਿੰਘ ਹੈ, ਸਿੰਘ ਨੂੰ ਪਿਛਾਹਾਂ ਮੁੜਨਾਂ ਭਾਰੀ ਕਲੰਕ ਤੇ ਬਦਨਾਮੀ ਹੈ। ਜਦ ਸਾਨੂੰ ਗੁਰੂਸਾਹਿਬ ਜੀ ਦਾ ਏਹ ਹੁਕਮ ਹੈ—

Sri Satguru Jagjit Singh Ji eLibrary NamdhariElibrary@gmail.com

(ਅਗਾਹਾਂ ਲੰਮ ਪਿਛਾ ਫੇਰਨ ਮੇਂ ਹਥੜਾ) ਤਾਂ ਏਸ ਦੁਖਾਂ ਦੀ ਪੰਡ ਨੂੰ ਅੱਗੇ ਹੋਕੇ ਕਿਉਂ ਨਾ ਸਿੱਟ ਦੇਈਏ ? ਭਾਈ ਸਿੱਖੋ ! ਸਿੱਖੀ "ਖੰਡਜੋਂ ਤਿਖੀ ਵਾਲਹੁ ਨਿਕੀ" ਗੁਰੂ ਜੀ ਨੇ ਦੱਸੀ ਹੈ, ਜੇ ਅਸੀਂ ਏਸ ਰਸਤੇ ਨਾ ਚਲਾਂਗੇ ਤਾਂ (ਇਤਕੇ ਨਾ ਉਤਕੇ, ਵੀਚ ਖਾਂਦੇ ਕੁਤਕੇ) (ਸਮ ਡੰਡਾ ਚਾਲ ਸੰਗਲ ਪੜਿਆ) ਏਹ ਹਾਲ ਹੋਊ, ਏਹੋ ਜੇਹੇ ਬਚਨ ਸੁਣਕੇ ਤੇ ਸਿਦਕ ਭਰੋਸਾ ਕਾਇਮ ਦੇਖ ਕਰ ਸਭ ਲੋਕ ਭਾਈ ਤਾਰੂ ਸਿੰਘ ਜੀ ਦੀ ਸੇਵਾ ਕਰਦੇ ਹੋਏ ਸਿਦਕੀ ਬਣ ਗਏ। ਫੇਰ ਜਦ ਭਾਈ ਤਾਰੂ ਸਿੰਘ ਜੀ ਨੇ ਲਾਹੌਰ ਸੂਬੇ ਦੇ ਰੋਬਰੋ ਕਚੈਹਰੀ ਵਿੱਚ ਪਹੁੰਚਕੇ ਵਾਹਿਗੁਰੂ ਜੀ ਕੀ ਫਤੇ ਗੱਜ ਕਰ ਬੁਲਾਈ ਤਾਂ ਖਾਨ ਬਹਾਦਰ ਏਸ ਗਲੋਂ ਜਲ ਬਲਕੇ ਮੁਫਤੀ ਤੋਂ ਫਤੁਵਾ ਲੈਕਰ ਹੁਕਮ ਸੁਣਾਇਆ ਕਿ ਦੀਨ ਮਹੰਮਦੀ ਮਨਜ਼ੂਰ ਕਰ ਨਹੀਂ ਤਾਂ ਕਤਲ ਕੀਤਾ ਜਾਵੇਂਗਾ ॥

ਤਾਰੂ ਸਿੰਘ ਤੇ ਨਵਾਬਦਾ ਸੰਵਾਦ ਅਤੇ ਸ਼ਹੀਦੀ

ਭਾਈ ਸਾਹਿਬ ਜੀ ਨੇ ਜਵਾਬ ਦਿੱਤਾ, ਮੈਂ ਚੋਰੀ, ਯਾਰੀ; ਠੱਗੀ ਆਦਿਕ ਕੋਈ ਗੁਨਾਹ ਨਹੀਂ ਕੀਤਾ, ਤੇਰਾ ਮਾਮੁਲਾ ਕੀ ਦੇ ਛੱਡਿਆ ਹੈ, ਫੇਰ ਤੂੰ ਮੈਨੂੰ ਕਿਉਂ ਬੇਗੁਨਾਹ ਮਰਵਾਉਨਾ ਹੈ ? ਜਿਸ ਰੱਬ ਨੇ ਤੈਨੂੰ ਤਖਤ ਉਪਰ ਬੈਠਾਇਆ ਹੈ ਕੀ ਉਹ ਤੈਥੋਂ ਨਿਆਉਂ ਕੁਨਿਆਉਂ ਦਾ ਜਵਾਬ ਨਹੀਂ ਲਵੇਗਾ ? ਤੂੰ ਨਿਸਚੇ ਜਾਣ ਉੱਥੇ ਕਰਮਾਂ ਦੀ ਫਰਦ ਹੀ ਵਾਚੀ ਜਾਣੀ ਹੈ; ਜੈਸੇ ਗੁਰੂ ਸਾਹਿਬ ਦਾ ਬਚਨ ਹੈ(ਤਿਲ ਪੀੜੇ ਜਿਉ ਘਾਣੀਆ) ਜੋ ਹਾਕਮ ਹੋਕੇ ਜ਼ੁਲਮ ਕਰਦੇ ਹਨ ਓਨਾਂ ਵਾਸਤੇ ਨਰਕ ਹੈ ਤੇ ਜੋਹੜੇ ਨਜਾਉਂ ਤੇ

Sri Satguru Jagjit Singh Ji eLibrary NamdhariElibrary@gmail.com

ਰੋਹਮ ਕਰਦੇ ਹਨ ਓਨਾਂ ਨੂੰ ਸੁਰਗ ਪ੍ਰਾਪਤ ਹੁੰਦਾ ਹੈ, ਸੋ ਤੈਨੂੰ ਜੋਹੜਾ ਚੰਗਾ ਲਗਦਾ ਹੈ ਸੋ ਕਰ।

ਸੁਬੇ ਨੇ ਆਖਿਆ, ਤੂੰ ਮੇਰੇ ਬਹਿਸ਼ਤ ਦੋਜ਼ਖ ਨੂੰ ਕੀ ਆਖਦਾ ਹੈਂ ਆਪਣੀ ਅੱਲ ਕਰ ਤੂੰ ਆਪੇ ਆਪਣੀ ਜਾਲ ਦਾ ਜਲਾਦ ਹੋਕਰ ਏਹ ਸੁੰਦਰ ਰੂਪ, ਜਵਾਨੀ ਖੇਹ ਵਿੱਚ ਕਿਉਂ ਮਿਲਾਉਂਦਾ ਹੈਂ? ਸਾਡਾ ਦੀਨ ਮੰਨ ਲੈ,ਅਸੀਂ ਤੈਨੂੰ ਜਾਗੀਰ ਤੇ ਇੱਕ ਜਵਾਨ ਇਸਤ੍ਰੀ ਭੀ ਦੇਵਾਂਗੇ। ਤਾਰੂ ਸਿੰਘ ਨੇ ਆਖਿਆ, ਜੇ ਮੁਸਲਮਾਨ ਹੋਏ ਤੋਂ ਮਰਣਾ ਨਹੀਂ ਤਾਂ ਮੁਹੰਮਦੀ ਹੋ ਜਾਈਏ। ਜਦ ਦੁਖ ਸੁਖ ਤੇ ਮੌਤ ਤੋਂ ਫੇਰ ਭੀ ਛੁਟਕਾਰਾ ਨਹੀਂ ਹੋਣਾ ਤਾਂ ਕਿਉਂ ਬੇਈਮਾਨ ਹੋਈਏ, ਫਿਰ ਓਸ ਮਜ਼ਹਬ ਖਾਤਰ ਜਿਸ ਵਿੱਚ ਬਿਨਾ ਗੁਨਾਹ ਕੀਤੇ ਹੀ ਗੁਨਾਹੀ ਬਣ ਜਾਈਦਾ ਹੈ? ਜੈਸੇ ਰਾਜਾ ਦੀਰਚਨਾਤੇ ਆਗਜਾ ਭੰਗ ਕਰਨ ਵਾਲੇ ਸਜ਼ਾਪਾਉਂਦੇ ਹਨ, ਤੈਸੇ ਰੱਬ ਦੇ ਰਚੇ ਹੋਏ ਲਿੰਗ,ਕੇਸ ਆਦਿਕ ਕੱਟਣ ਕਟਾਉਣ ਵਾਲੇ ਹੁਕਮ ਅਦੂਲੀ ਦੇ ਜੁਰਮ ਬਦਲੇ ਰੱਬ ਦੀ ਦਰਗਾਹ ਵਿੱਚ ਸਜ਼ਾ ਪਾਉਣਗੇ; ਯਥਾ (ਸਾਬਤ ਸੂਰਤ ਮਰਦ ਦੀ ਛੇਨੇ ਬੇਈਮਾਨ। ਸੋ ਦੋਜ਼ਖ ਵਿਚ ਸੜਨਗੇ ਜਬ ਲੌ ਏਹ ਜਹਾਨ) ਏਸੇ ਵਾਸਤੇ ਜੈਸਾ ਰੱਬਨੇ ਪੈਦਾ ਕੀਤਾ ਹੈ,ਸਾਡੇ ਗੁਰੂ ਨੇ ਆਪਣੇ ਸਿੰਘਾਂ ਨੂੰ ਓਸਾ ਹੀ ਸਾਬਤ ਰੱਖਣ ਦਾ ਹੁਕਮ ਦਿੱਤਾ ਹੈ ਤੇ ਲਖਿਆ ਹੈ। ਸੋ ਐਸੇ ਬੇ ਐਬ ਸੱਚੇ ਅਕਾਲ ਪੁਰਖ ਦੇ ਸਿੰਘੀ ਮਜ਼ਹਬ ਨੂੰ ਛੱਡ ਕੇ ਆਦਮੀ ਕ੍ਰਿਤ ਝੂਠੇ ਮਜ਼ਹਬ ਧਰਮ ਨੂੰ ਧਾਰਣਾ ਤਾਂ ਜਾਣ ਬੁੱਝਕੇ ਅਪਣੇ ਪੈਰ ਆਪੇ ਕੁਹਾੜਾ ਮਾਰਣਾ ਹੈ ਸੋ ਅਸੀਂ ਹੀਰਾ ਸੁੱਟਕੇ ਕੱਚ ਕਜੋਂ ਵਿਹਾਝੀਏ? ਏਹ ਜਵਾਬ ਸੁਣਕੇ ਨਵਾਬ ਤਾਂ ਇਕੋ ਵਾਰੀ ਭੜਕ ਉੱਠਜਾ ਤੇ ਕੜਕ ਕੇ ਆਖਣ ਲਗਾ, ਜੋਹੜੇ ਵਾਲਾਂ ਦੇ ਪੰਡ ਤੈਂ ਸਿਖੀ

Sri Satguru Jagjit Singh Ji eLibrary NamdhariElibrary@gmail.com

ਮੰਨ ਰਖੀ ਹੈ ਏਸ ਨੂੰ ਤਾਂ ਮੈਂ ਹੁਣੇ ਖੁੰਡਸਕਦਾ ਹਾਂ। ਸਿੰਘ ਜੀ ਨੇ ਆਖਿਆ,ਮੇਰੇ ਕੇਸ ਮੇਰੇ ਸਿਰ ਨਾਲ ਜਾਣਗੇ। ਫਿਰਤਾਂ ਸਿੰਘ ਦੇ ਹਥ ਪੈਰ ਬੰਨਕੇ ਪੈਹਲੇ ਨਿਕਾਸ ਚੋਂਕ ਵਿਚ ਬਿਠਾ ਦਿਤਾ, ਫਿਰ ਨਾਈ ਨੂੰ ਕੈਂਚੀ ਉਸਨੂੰ ਨਾਲ ਕੇਸ਼ ਕਟਨਦਾ ਹੁਕਮ ਦਿੱਤਾ, ਜਦ ਇਕ ਕੇਸ ਭੀ ਨਾ ਕੱਟਿਆ ਗਿਆ ਤਾਂ ਮੋਚੀ ਨੂੰ ਬੁਲਾਕੇ ਰੰਬੀ ਨਾਲ ਖੋਪਰੀ ਲਹਾਉਣ ਲੱਗੇ॥

ਡਾਰੂ ਸਿੰਘ ਦੀ ਖੋਪਰੀ ਉਤ੍ਰਨੀ

ਭਲਾ ਉਹ ਤਾਂ ਈਸ਼ੂਰ ਦੀ ਭਗਤੀ ਛਾਵ ਅੰਮ੍ਰਤ ਦੇ ਭਿੰਜੇ ਹੋਏ ਸਚੇ ਸਿਦਕੀ ਸਿਖ ਦੇ ਕੇਸ ਫੁਲਾਂ ਦੀ ਤਰਾਂ ਸੋ। ਜਦ ਹੋਰ ਕਿਵੇਂ ਨਾ ਕਟੇ ਗਏ ਤਾਂ ਨਵਾਬ ਦੇ ਹੁਕਮ ਨਾਲ ਮੋਚੀ ਨੇ ਸਿੰਘ ਦੇ ਸਿਰ ਵਿਚ ਰੰਬੀ ਧਸਾ ਦਿੱਤੀ, ਜਿਸ ਕਰਕੇ ਕੇਸਾਂ ਸਮੇਤ ਖੋਪਰੀ ਸਿਰ ਤੋਂ ਵਖਰੀ ਹੋ ਗਈ, ਪਰ ਓਸ ਬ੍ਰਹਮ ਗਜਾਨੀ ਪੁਰਖ ਨੇ ਜਰਾ ਭਰ ਵਾਇ-ਸੀ-ਨਹੀਂ ਕੀਤੀ, ਸਗੋਂ ਖੁਸ਼ੀ ਮਨਾਈ ਕਿ ਮੇਰੇ ਕੇਸ ਸੀਸ ਨਾਲ ਨਿਭੇ, ਲਹੂ ਗੰਗੌਤ੍ਰੀ ਦੀ ਧਾਰਾਂ ਵਾਂਗੂ ਵਗ ਰਿਹਾ ਸੀ। ਸਿੰਘ ਜੀ ਦਾ ਪਿੰਡਾ ਸਾਰਾ ਲਹੂਲੁਹਾਣ ਹੋ ਰਿਹਾ ਸੀ, ਦੇਖਣ ਵਾਲੀ ਖਲਕਤ ਹਾਹਾ ਕਾਰ ਪੁਕਾਰਦੀ ਹੋਈ ਸੂਬੇ ਨੂੰ ਗਾਲੀਆਂ ਤੇ ਬਦ ਅਸੀਸਾਂ ਦੇ ਰਹੀ ਸੀ॥

ਖਾਫੀਖਾਂ ਲਿਖਦਾ ਹੈ ਡਾਰੂ ਸਿੰਘ ਦੀ ਖਲ ਉਤਾਰ ਕੇ ਨੁਵਾਬ ਨੇ ਉਸਨੂੰ ਖਾਟੀ ਵਿਚ ਸਿਟਾ ਦਿਤਾ ਕਿ ਕੱਟਣ ਕੱਤੇ ਖਾ ਜਾਣਗੇ। ਸਿੰਘ ਉਥੇ ਪਿਆ ਗੁਰਬਾਣੀ ਪੜਦਾ ਰਿਹਾ। ਤੀਜੇ ਦਿਨ ਨੁਵਾਬ ਉਥੋਂ ਦੀ ਲੰਘਿਆ ਖਾਟੀ ਦੀ ਅਵਾਜ ਸੁਣਕੇ ਬੋਲਜਾ,ਓਇ ਸਿਖਾ!ਤੂੰ ਮਰਿਆ ਨਾ?ਸਿੰਘ ਨੇ

Sri Satguru Jagjit Singh Ji eLibrary NamdhariElibrary@gmail.com

ਜਵਾਬ ਦਿਤਾ ਤੈਨੂੰ ਤੇ ਤੇਰੇ ਪੁਤ੍ਰ ਨੂੰ ਅਗੇ ਲਾਕੇ ਲੈ ਜਾਣ ਵਾਸਤੇ ਨਹੀਂ ਮਰਿਆ ॥

ਸਿਖਾਂ ਨੇ ਸੇਵਾ ਕਰਨੀ

ਨੁਵਾਬ ਨੇ ਗੁਸੇ ਹੋਕੇ ਝੁਖਾਣ ਸਿਖ ਜੋ ਉਥੇ ਕੰਮ ਕਰਦੇ ਸੇ ਓਨਾਂ ਨੂੰ ਚੁਕਾ ਦਿਤਾ, ਜਿਥੇ ਹੁਣ ਲੰਡੇ ਬਜ਼ਾਰ ਵਿਚ ਤਾਰੂ ਸਿੰਘ ਦਾ ਸ਼ਹੀਦ ਗੰਜ ਹੈ ਉਥੇ ਓਦੋਂ ਧਰਮ-ਸਾਲਾ ਵਿਚ ਝੁਖਾਂਣ ਹੰਦੇ ਸੇ ਓਹ ਸੇਵਾ ਕਰਦੇ ਹੋਏ ਸਿਰ ਪਰ ਕੜਾਹ ਬੰਨਦੇ ਰਹੇ। ਅਠਵੇਂ ਦਿਨ ਨੁਵਾਬ ਦਾ ਪੁਤ ਅਹੀਏ ਖਾਂ ਸ਼ਿਕਾਰ ਗਿਆ ਤਾਂ ਘੋੜੇ ਉਤੋਂ ਡਿਗਕੇ ਪੈਰ ਰਕਾਬ ਵਿਚ ਫਸਕੇ ਘੜੀਸ ਹੁੰਦਾ ਤੋਈ ਤੋਈ ਕਰਕੇ ਤੁਮਜਾ ਗਿਆ।

ਭਾਈ ਤਾਰੂ ਸਿੰਘ ਦੇ ਏਸ ਕਹਿਰ ਦੇ ਸਾਕੇ ਨੂੰ ਦਖਕੇ ਸਾਰੇ ਸ਼ਹਿਰ ਦੇ ਲੋਕ ਤ੍ਰਾਹਿ ਤ੍ਰਾਹਿ ਕਰਦੇ ਹੋਏ ਨੇਤ੍ਰਾਂ ਤੋਂ ਜਲ ਵਹਾ ਰਹੇ ਸੇ, ਗੱਲਾਂ ਕਰ ਕਰ ਗਾਲੀਆਂ ਬਦ ਅਸੀਸਾਂ ਦੇ ਰਹੇ ਸੇ । ਪੰਦ੍ਰਾਂ ਕੁ ਦਿਨ ਗੁਜ਼ਰੇ ਤਾਂ ਨੁਵਾਬ ਨੂੰ ਬੰਨ ਪੈ ਗਿਆ, ਝਾੜਾ ਪਸ਼ਾਬ ਦੋਵੇਂ ਬੰਦ ਹੋ ਗਏ, ਲਗਾ ਤੜਫਣੇ ਬਥੇਰੇ ਉਪਾਇ ਕੀਤੇ ਕਿਸੇ ਤੋਂ ਕੁਛ ਆਰਾਮ ਨਾ ਹੋਯਾ। ਸਾਖੀ ਵਨੀਆਂ ਕਹਿ ਰਹੀ ਸੀ ਨਵਾਬ ਆਪਣੇ ਭਾਰੇ ਪਾਪ ਕਰੇ ਦਾ ਫਲ ਭੋਗ ਰਿਹਾ ਹੈ ॥

ਓੜਕ ਭਾਈ ਮਹੇਸ਼ਾ ਸਿੰਘ ਜ਼ਿਲੇ ਲਾਹੌਰ ਨੰਬਰ ਪਿੰਡ ਦੇ ਬਸਨੀਕ ਨੂੰ (ਜੋ ਇਕ ਵੱਡੇ ਆਦਮੀ ਰਾਯ ਛਾਗੇ ਦਾ ਬੇਟਾ ਬਦੀਮੀ ਗੁਰੂ ਦਾ ਸਿਖ ਸੀ, ਤੇ ਛਿਲਮ ਅਕਲ ਦੇ ਜ਼ੋਰ ਨੂੰ ਲਾਹੌਰ ਪਾਸੋਂ ਇਜਤ ਨਾਲ ਛਡਿਕੇ ਪੰਦ੍ਰਾਂ ਬੀਸ

Sri Satguru Jagjit Singh Ji eLibrary NamdhariElibrary@gmail.com

ਪਿੰਡਾਂ ਦਾ ਠੇਕਾ ਲੈ ਰਖਿਆ ਸੀ, ਜਦ ਕੋਈ ਸਿੰਘਾਂ ਦਾ ਤੇ ਸੂਬੇ ਦਾ ਬੰਮ ਹੁੰਦਾ ਸੀ ਏਹੋ ਵਿਚ ਪੈਕੇ ਨਿਬੇੜਦਾ, ਜਦ ਮੁਹੰਮਦਸ਼ਾਹ ਬਾਦਸ਼ਾਹ ਨੇ ਇਕ ਲੱਖ ਦੀ ਜਾਗੀਰ ਤੇ ਨੁਵਾਬੀ ਦਾ ਖਿਤਾਬ ਦਿਤਾ ਸੀ ਤਾਂ ਭੀ ਏਹੋ ਪੰਥ ਖਾਲਸੇ ਪਾਸ ਲੈਕੇ ਗਿਆ ਸੀ) ਭਾਈ ਤਾਰੂ ਸਿੰਘ ਜੀ ਪਾਸ ਆਜਜ਼ੀ ਕਰਕੇ ਸੂਬੇ ਨੇ ਭੇਜਜਾ ਕਿ ਕਿਵੇਂ ਮੇਰਾ ਪਿਸ਼ਾਬ ਛੁਟੇ। ਭਾਈ ਤਾਰੂ ਸਿੰਘ ਜੀ ਨੇ ਆਖਿਆ, ਮੈਥੋਂ ਤਾਂ ਛੀਰ ਛੁਟ ਗਿਆ, ਹੁਣ ਗੁਰੂ ਖਾਲਸਾ ਜੀ ਦੀ ਰਜ਼ਾ ਹੈ ਭਾਵੇਂ ਇਸਨੂੰ ਬਖਸ਼ੇ ਭਾਵੇਂ ਨ ਬਖਸ਼ੇ ॥

ਫੇਰ ਖਾਨ ਬਹਾਦਰ ਨੇ ਪੰਜ ਹਜਾਰ ਰੁਪਯਾ ਖਾਲਸੇ ਦੀ ਦੇਗ ਵਾਸਤੇ ਏਸੇ ਨੂੰ ਦੇਕੇ ਪੰਥ ਪਾਸ ਭੇਜਜਾ ਤੇ ਆਜਜ਼ ਹੋਕੇ ਏਹ ਬੇਨਤੀ ਕਰ ਘੱਲੀ। ਤਥਾ—(ਸੰਤ ਕਾ ਨਿੰਦਕੁ ਰਾਜ ਤੇ ਹੀਨੁ। ਸੰਤਕਾ ਨਿੰਦਕੁ ਦੁਖੀਆ ਅਰੁ ਦੀਨੁ ।) (ਸੰਤ ਕੀ ਨਿੰਦਾ ਦੋਖੁ ਮਹਿ ਦੋਖੁ। ਨਾਨਕ ਸੰਤ ਛਾਵੈ ਤਾ ਉਸਕਾ ਭੀ ਹੋਇ ਮੋਖੁ ।)

ਏਹ ਸਾਰੀ ਅਸ੍ਰਪਦੀ ਲਿਖਾਕੇ ਆਖਜਾ ਮੇਰੇ ਜੈਸਾ ਨਿੰਦਕ, ਪਾਪੀ ਤੇ ਸਿੰਘਾਂ ਜੈਸਾ ਸੰਤ ਕੋਈ ਨਹੀਂ, ਗੁਰੂ ਦੇ ਵਾਸਤੇ ਖਾਲਸਾ ਮੇਰੀ ਪੀੜਾ ਹਟਾਵੇ, ਜਾਨ ਚਾਹੇ ਜਾਂਦੀ ਰਹੇ, ਅੱਗੇ ਨੂੰ ਮੈਂ ਕਦੇ ਕਿਸੇ ਸਿੰਘ ਨੂੰ ਨਾ ਦੁਖਾਵਾਂਗਾ । ਸਬੇਗ ਸਿੰਘ ਨੇ ਕਲੇਰਾਂ ਦੀ ਬੀੜ ਵਿਚ ਪੰਥ ਪਾਸ ਜਾਕੇ ਸੂਬੇ ਦਾ ਸਥ ਹਾਲ ਤੇ ਬੇਨਤੀ ਪੱਤ੍ਰ ਸੁਣਾਯਾ ਅਤੇ ਏਹ ਬੀ ਆਖਿਆ ਕਿ ਸ਼ਰਨ ਆਏ ਦੀ ਲਾਜ ਪਾਲਣੀ ਖਾਲਸੇ ਦਾ ਧਰਮ ਹੈ।

ਸਬੇਗ ਸਿੰਘ ਦੇ ਕਹੇ ਖਾਲਸੇ ਨੇ ਏਹ ਅਰਦਾਸ ਕਰਾ ਦਿਤੀ ਕਿ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਸੂਬੇ ਦੇ ਸਿਰ ਮੱਤ

Sri Satguru Jagjit Singh Ji eLibrary NamdhariElibrary@gmail.com

ਵਾਰੀ ਲੱਗੇ ਝਾਂ ਪੇਸ਼ਾਬ ਛੁਟੇ, ਮੌਤ ਸਿਰ ਪਰ ਬਣੀ ਰਹੇਗੀ। ਹੁਣ ਸਦ ਏਹੋ ਹੁਕਮ ਖਾਲਸੇ ਦਾ ਸਬੇਗ ਸਿੰਘ ਨੇ ਆਕਰ ਨੁਵਾਬ ਨੂੰ ਦਸਿਆ ਤਾਂ (ਗੌਂ*ਭੁਨਾਵੇ ਜੌਂ ਭਾਵੇਂ ਗਿਲੇ ਹੀ ਹੋਣ) ਸੂਬੇ ਨੇ ਓਸੇ ਤਰਾਂ ਕੀਤੀ ਬੰਨ੍ਹ ਛੁਟ ਗਿਆ, ਪੀੜਾ ਹਟ ਗਈ। ਖੁਸ਼ੀ ਹੋਕੇ ਸੂਬਾ ਬੋਲਜਾ, ਇਕ ਵਾਰੀ ਮੇਰੇ ਬਾਪ ਨੂੰ ਕਸ਼ਮੀਰ ਵਿਚ ਅਧੇ ਸਿਰ ਦਾ ਦੁਖ ਹੋਯਾ ਸੀ ਤਦੋਂ ਭੀ ਇਕ ਹਿੰਦੂ ਫਕੀਰ ਦੀ ਜੁਤੀ ਸਿਰ ਉਤੇ ਬੰਨੀ ਤਾਂ ਰਾਜ਼ੀ ਹੋਯਾ ਸੀ। ਸੂਬੇ ਨੇ ਰਾਜ਼ੀ ਹੋਣ ਦੀ ਖੁਸ਼ੀ ਵਿਚ ਸਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਬਣਾ ਦਿਤਾ ॥

ਓਧਰ ਭਾਈ ਭਾਰੂ ਸਿੰਘ ਜੀ ਨੇ ਚੌਵੀ ਦਿਨ ਦੇਹ ਰਖੀ ਅਡੋਲ ੨ ਜਪਦੇ ਰਹੇ। ਓੜਕ ੨੩ ਅਸੂ ਸੰਃ ੧੮੦੨ ਬਿਃ ਨੂੰ ਜਦ ਭਾਈ ਜੀ ਨੂੰ ਖਬਰ ਹੋਈ ਕਿ ਖਾਨ ਬਹਾਦਰ ਮਰਕੇ ਨਰਕ ਨੂੰ ਗਿਆ ਤਾਂ ਭਾਈ ਸਾਹਿਬ ਜੀ ਭੀ ਜਪੁਜੀ ਸਾਹਿਬ ਦਾ ਭੋਗ ਪਾਕੇ ਪ੍ਰਲੋਕ ਨੂੰ ਪਧਾਰ ਗਏ। ਸਿੰਘ ਦਾ ਬਚਨ ਸਫਲਾ ਹੋਯਾ ਜੋ ਤਾਰੂ ਸਿੰਘ ਜੀ ਨੇ ਨੁਵਾਬ ਨੂੰ ਆਖਯਾ ਸੀ ਕਿ ਤੈਨੂੰ ਮਾਰਕੇ ਜੁਤੀਆਂ

*ਗੌਂ ਅਣਬਣ ਕੰਮ ਕਰਾ ਦਿੰਦਾ ਹੈ। ਇਕ ਵਾਰੀ ਅਕਬਰ ਸ਼ਾਹ ਨੇ ਬੀਰਬਰ ਨੂੰ ਆਖਯਾ ਕਿ ਦੁਨੀਆਂ ਵਿੱਚ ਸਭ ਤੋਂ ਪਯਾਰੀ ਕੀ ਚੀਜ਼ ਹੈ? ਬੀਰਬਰ ਨੇ ਆਖਿਆ, ਮੈਂ ਤਾਂ ਇਕ ਮਹੀਨੇ ਨੂੰ ਦੱਸਾਂਗਾ, ਪਰ ਤੁਸੀ ਸਭਨਾਂ ਅਮੀਰਾਂ ਪਾਸੋਂ ਪੁਛੋ। ਬਾਦਸ਼ਾਹ ਨੇ ਹੁਕਮ ਦੇ ਦਿਤਾ ਕਿ ਜੇਕਰ ਇਕ ਮਹੀਨੇ ਤਕ ਏਸਦਾ ਜਵਾਬ ਨਾ ਦਿਓਗੇ ਤਾਂ ਸਭਨਾਂ ਨੂੰ ਕਤਲ ਕੀਤਾ ਜਾਉ। ਫੇਰ ਤਾਂ ਕਾਜੀਆਂ ਪੰਡਤਾਂ ਵਜੀਰਾਂ ਨੂੰ ਐਸਾ ਫਿਕਰ ਪਿਆ, ਦਰ ਦਰ ਪਏ ਪੁੱਛਣ। ਬੀਰਬਰ ਸਾਧੂ ਬਣਕੇ ਇਕ ਮਸੀਤ ਅਗੇ ਬੈਠ ਰਿਹਾ ਸੀ, ਏਸਨੇ ਆਖਯਾ ਮੈਂ ਦਸਦਾ ਹਾਂ, ਪਰ ਮੇਰੇ ਲਈ ਬਾਦਸ਼ਾਹ ਦੀ ਪਾਲਕੀ, ਚੌਰ, ਮੁੱਠਾ ਆਵੇ ਤੇ ਬਾਦਸ਼ਾਹ ਉਠਕੇ ਪੇਸ਼ਵਾਈ ਕਰ ਤੁਸੀ ਮੈਨੂੰ ਚੁਕ ਕੇ ਲੈ ਚਲੋ ਤਾਂ ਦਸਾਂਗਾ। ਬਾਦਸ਼ਾਹ ਨੇ ਮੰਨ ਲਿਆ ਤਾਂ ਬੀਰਬਰ ਨੇ ਵਜੀਰਾਂ ਨੂੰ ਪਾਲਕੀ ਚੁਕਾਈ ਤੇ ਕੁਰਾਨ ਓਸਾਂ ਦੇ ਚਿਤੜਾਂ ਪਿਛੇ ਬੰਧਾਏ ਝਟਕਾ ਖਲਾਯ ਤੇ ਕਹਾਰਾਂ ਵਾਂਗੂੰ ਰਾਮਈ ਰਾਮ ੨ ਕਰਾਉਂਦਾ ਹੋਯਾ ਬਾਦਸ਼ਾਹ ਪਾਸ ਗਿਆ। ਜਦ ਬਾਦਸ਼ਾਹ ਉਠਕੇ ਔਣ ਲਗਾ ਤਾਂ ਝਟ ਪਟ ਬੀਰਬਰ ਨੇ ਉਤਰ ਕੇ ਆਖਯਾ ਸਭ ਤੋਂ ਪਯਾਰੀ ਗੌਂ ਹੈ ॥

Sri Satguru Jagjit Singh Ji eLibrary NamdhariElibrary@gmail.com

ਮਾਰਦੇ ਹੋਏ ਮੁਹਰੇ ਲਾਕੇ ਲੈਜਾਣ ਵਾਸਤੇ ਮੈਂ ਮਰਜਾ ਨਹੀਂ। ਏਨਾਂ ਦੀ ਸਮਾਧ ਲਾਹੌਰ ਲੰਡੇ ਬਾਜਾਰ ਦੇ ਪਾਸ ਸ਼ਹੀਦ ਗੰਜ ਕਰਕੇ ਮਸ਼ਹੂਰ ਹੈ ॥

ਮਕਤੂਲ ਸਿੰਘਾਂ ਦੇ ਨਾਮ

ਏਸ ਸਮੇਂ ਤਿੰਨ ਚਾਰ ਬਰਸਾਂ ਵਿਚ ਬੁਲਾਕਾ ਸਿੰਘ ੧ ਹਠੀਲਾ ਪਰਗਨੇ ਤਰਨਤਾਰਨ ਕੰਗ ਪਿੰਡ ਦੇ ਰੈਹਣ ਵਾਲਾ ਤੇ ਰੂਪ ਸਿੰਘ ੨ ਤਖਾਣ ਸਿੱਖ ਖੁੱਡੀਆਂ ਦਾ, ਹੀਰਾ ਸਿੰਘ ੩ ਜਿਮੀਂਦਾਰ ਰੰਘੜ ਨੰਗਲ ਦਾ, ਤੇ ਬਾਘੜ ਸਿੰਘ ੪ ਰਜਪੂਤ ਬਾਸਰਕਾ, ਸੂਰਾ ਸਿੰਘ ੫ ਕਲਾਲ, ਸਦਨ ਸਿੰਘ ੬ ਮਜ਼ਹਬੀ, ਪਹਾੜ ਸਿੰਘ ਸੈਦਪੁਰੀਆ, ਤੇਗਾ ਸਿੰਘ ੭ ਮਤਾਬ ਦੇ ਕੋਟਵਾਲਾ ਕਰਤਾ ਸਿੰਘ ੮ ਵਜ਼ੀਰ ਸਿੰਘ ਮਜੀਠੇ ਦੇ, ਬਹਾਦਰ ਸਿੰਘ, ੯ ਤਕੜਾ ਸਿੰਘ ੧੦ ਰੰਧਾਵੇ ਛਿਤਜਾਦਿਕ ਬਹੁਤ ਸਿੰਘ ਫੜੇ ਹੋਏ ਸੂਬੇ ਦੇ ਪਾਸ ਪਹੁੰਚੇ ਤੇ ਬੇਗੁਨਾਹੇ ਕਤਲ ਕਰਾਏ ਗਏ ਸੇ, ਪਰ ਧੰਨ ਜਨਮ ਹੈ ਓਨਾਂ ਸਿੰਘਾਂ ਦਾ ਜੋਹੜੇ ਖੁਸ਼ੀ ਹੋਕੇ ਸ਼ਬਦ ਗਾਉਂਦੇ ਹੋਏ ਧਰਮ ਉੱਤੇ ਜਾਨਾਂ ਕੁਰਬਾਨ ਕਰਦੇ ਰਹੇ।

ਏਸ ਸਮੇਂ ੧੦ ਪ੍ਰਕਾਰ ਦੀ ਮੌਤ ਨਾਲ ਸਿੰਘ ਮਾਰੇ ਜਾਂਦੇ ਸੇ, ਤਥਾ ਚ ਤਖੀ ੧ (ਜਿਸ ਉਪਰ ਬੰਨ੍ਹ ਕੇ ਭਵਾਉਂਦੇ ਤੇ ਆਦਮੀ ਦੀ ਹੱਡੀ ਹੱਡੀ ਤੋੜ ਮਰੋੜ ਸਿਟਦੇ) ਸੂਲੀ ੨ (ਇਕ ਪਟੜੇ ਉੱਤੇ ਲੰਬਾ ਪਾਕੇ ਸਾਰੇ ਅੰਗਾਂ ਵਿਚ ਕਿੱਲ ਠੋਕ ਦਿੰਦੇ, ਜੈਸੇ ਹਜ਼ਰਤ ਈਸਾ ਨੂੰ ਸ਼ਾਮ ਦੇਸ ਯਰੂਸਲਮ ਸ਼ੈਹਰ ਦੇ ਫਿਰਾਉਨ ਬਾਦਸ਼ਾਹ ਨੇ ਮਾਰਿਆ ਜੀ) ਸੰਗੋਸਾਰ ੩ (ਦਰਖਤ ਨਾਲ ਲਟਕਾਕੇ ਇੱਟਾਂ ਵੱਟਿਆਂ ਨਾਲ ਮਾਰਣਾ) ਤਸਮੇ ਕਸੀ ੪ (ਚੰਮ ਦੇ ਵਦਰ ਬਗਲਾਂ ਹੇਠ ਪਾਕੇ ਮਧਾਣੀ

Sri Satguru Jagjit Singh Ji eLibrary NamdhariElibrary@gmail.com

ਵਾਂਗੂ ਰਿੜਕ ੨ ਛਾਤੀ ਚੂਰ ਕਰਕੇ ਮਾਰਣਾ) ਜੰਬੂਰਾਂ ਨਾਲ ਥੋੜਾ ਥੋੜਾ ਮਾਸ ਤੋੜਕੇ ਮਾਰਣਾ ੫, ਮੁੰਗਲੀਆਂ ਨਾਲ ਕੁੱਟ ਕੁੱਟਕੇ ਮਾਰਣਾ ੬, ਧਰਤੀ ਵਿਚ ਲੱਕ ਤਾਈਂ ਗੱਡਕੇ ਥੋਥੇ ਤੀਰਾਂ ਦਾ ਨਿਸ਼ਾਨ ਕਰਕੇ ਮਾਰਣਾ ੭, ਕੁੱਤਿਆਂ ਤੋਂ ਤੁੜਵਾ ਦੇਣਾ ੮, ਗਲ ਵਿਚ ਫਾਹਾ ਦੇਣਾ ੯, ਤੱਤਾ ਤੇਲ ਪਾਕੇ ਮਾਰਣਾ ॥ ੧੦ ॥

ਭਾਈ ਸਬੇਗ ਸਿੰਘ ਦਾ ਕੁਟਵਾਲ ਬਨਨਾ ਤੇ ਕੈਦ ਹੋਨਾ ਤੇ ਸ਼ਾਹਬਾਜ਼ ਸਿੰਘ ਦਾ ਪ੍ਰਸੰਗ

ਸਬੇਗ ਸਿੰਘ ਜੀ ਨੇ ਕੋਟਵਾਲ ਬਣਦਿਆਂ ਹੀ ਏਹ ਸਖਤ ਤਕਲੀਫਾਂ ਨਾਲ ਮਾਰੇ ਜਾਣ ਦਾ ਕਾਇਦਾ ਤੋੜ ਦਿੱਤਾ, ਸਿਰਫ ਕਤਲ ਤੇ ਫਾਂਸੀ ਅਤੇ ਤੋਪ ਅਗੇ ਉਡਾ ਦੇਣਾ ਏਹ ਤਿੰਨ ਮੌਤਾਂ ਜ਼ਾਰੀ ਰੱਖੀਆਂ। ਦੂਸਰੇ ਜੋ ਸਿੰਘਾਂ ਦੇ ਬੇਅੰਤ ਸਿਰ ਕੋਟ ਉਤੇ ਖਿੰਗਰਿਆ ਵਾਂਗੂ ਚਿਣਵਾਕੇ ਰੱਖੇ ਜਾਂਦੇ ਸਨ ਤੇ ਕੁਛ ਖੂਹਾਂ ਵਿਚ ਪੈਂਦੇ ਸਨ, ਸਬ ਕਢਵਾਕੇ ਦੁਕਵਾ ਦਿਤੇ। ਤੀਸਰੇ ਜੋ ਸ਼ਹਿਰ ਵਿਚ ਉਜਾਗਰ ਗਊਬਧ ਕੀਤਾ ਜਾਂਦਾ ਸੀ, ਓਹ ਪੜਦੇ ਵਿਚ ਕਰਾ ਦਿੱਤਾ। ਚੌਥੇ ਸੰਖ ਵੱਜਣ ਦੀ ਤੇ ਪੋਥੀ ਪੁਰਾਨ ਪੜ੍ਹਨ ਦੀ ਬੰਦਸ਼ ਹਟਾ ਦਿਤੀ। ਪੰਜਵੇਂ ਜੋ ਹਿੰਦੂ ਦੀ ਬਹੂ ਬੇਟੀ ਨੂੰ ਮੁਸਲਮਾਨ ਜੋਰ ਨਾਲ ਲੈ ਜਾਕਰ ਕਈ ਕਈ ਦਿਨ ਆਪਣੇ ਘਰ ਰਖਦੇ ਸਨ, ਸੋ ਹਟਾ ਦਿੱਤਾ; ਏਹੋ ਜੇਹੀਆਂ ਹੋਰ ਅਨੇਕ ਭੈੜੀਆਂ ਰਸਮਾਂ ਬੰਦ ਕਰਕੇ ਸਭ ਨੂੰ ਰਾਜੀ ਰਖਿਆ, ਚੰਗੇ ੨ ਕੰਮ ਕਰਕੇ ਜਸ ਪਾਇਆ ॥

ਜਦ ਸੂਬਾ ਖਾਨਬਹਾਦਰ ਮਰ ਗਿਆ ਤੇ ਉਸਦਾ

Sri Satguru Jagjit Singh Ji eLibrary NamdhariElibrary@gmail.com

ਏਟਾ ਬਿਜੈਖਾਂ ਨੂੰ ੧੮੦੩ ਬਿ: ਨੂੰ ਲਾਹੌਰ ਦਾ ਸੂਬਾ ਬਣਿਆਂ ਤਾਂ ਭੀ ਇਕ ਬਰਸ ਕੋਤਵਾਲੀ ਸਬੇਗ ਸਿੰਘ ਦੇ ਪਾਸ ਰਹੀ, ਫੇਰ ਕਾਜੀਆਂ ਮੁਫਤੀਆਂ ਨੇ ਅਨੇਕ ਝੂਠੀਆਂ ਸੱਚੀਆਂ ਤੁਹਮਤਾਂ ਲਗਾਕੇ ਸਬੇਗ ਸਿੰਘ ਨੂੰ ਜੇਹਲਖਾਨੇ ਭੇਜ ਦਿੱਤਾ। ਓਹਨਾਂ ਦਿਨਾਂ ਵਿਚ ਹੀ ਓਸਦਾ ਏਟਾ ਸ਼ਾਹਬਾਜ ਸਿੰਘ ਬੀਸਕੁ ਬਰਸ ਦਾ ਬਹੁਤ ਚੰਗਾ ਫਾਰਸੀ ਪੜ੍ਹ ਚੁਕਾ ਸੀ। ਇਕ ਦਿਨ ਓਸਦੀ ਕਿਸੇ ਮੌਲਵੀ ਨਾਲ ਮਜਹਬ ਧਰਮ ਦੇ ਬਾਬਤ ਚਰਚਾ ਹੋਈ ਤਾਂ ਸ਼ਾਹਬਾਜ ਸਿੰਘ ਨੇ ਓਸਨੂੰ ਜਿੱਤ ਲਿਆ। ਮੌਲਵੀ ਨੇ ਖਿਝ ਕਰ ਬਿਜੈ ਖਾਂ ਪਾਸ ਚੁਗਲੀ ਵੱਟੀ, ਨਵਾਬ ਨੇ ਸ਼ਾਹਬਾਜ ਸਿੰਘ ਨੂੰ ਕਚੈਹਰੀ ਵਿਚ ਬੁਲਾਇਆ, ਸਿੰਘ ਦੇ ਪੁਤਰ ਨੇ ਜਾਕੇ ਫਤੇ ਬੁਲਾਈ ਤਾਂ ਮੁਸਲਮਾਨ ਸਭ ਥਲ ਗਏ। ਨਵਾਬ ਨੇ ਇਕ ਤਾਂ ਮੌਲਵੀ ਦੇ ਸਾਹਮਣੇ ਮਜਹਬ ਇਸਲਾਮ ਦੀ ਹਜੋ (ਹੱਤਕ) ਕਰਨ ਦਾ ਗੁਨਾਹ ਤੇ ਦੂਜੇ ਕਚੈਹਰੀ ਵਿਚ ਫਤੇ ਬੁਲਾਉਣੇ ਕਰ ਹਾਕਮ ਦੀ ਨਿਰਾਦਰੀ ਦਾ ਗੁਨਾਹ, ਏਹ ਦੋ ਗੁਨਾਹ ਅਪਨੇ ਆਪ ਸਿੰਘ ਦੇ ਜੁੰਮੇ ਥਾਪਕੇ ਮੁਫਤੀ ਤੋਂ ਏਹ ਫਤਵਾ ਦਿਵਾ ਦਿੱਤਾ ਕਿ ਸ਼ਾਹਬਾਜ ਸਿੰਘ ਮੁਸਲਮਾਨ ਹੋਣਾ ਮੰਨੇ ਯਾ ਕਤਲ ਹੋਵੇ। ਏਹ ਖਬਰ ਸੁਣਕੇ ਸਾਰੇ ਸ਼ਹਿਰ ਵਿਚ ਹਾਹਾਕਾਰ ਮਚ ਗਿਆ, ਸਭ ਵੱਡੇ ਵੱਡੇ ਲੋਕਾਂ ਨੇ ਨਵਾਬ ਪਾਸ ਜਾਕੇ ਸ਼ਾਹਬਾਜ ਸਿੰਘ ਦੇ ਬਚਾਉ ਵਾਸਤੇ ਅਨੇਕ ਉਪਾਇ ਕੀਤੇ, ਪਰ ਓਸ ਪਾਪੀ ਨੇ ਇਕ ਨਾ ਮੰਨੀ। ਫੇਰ ਸਭ ਨੇ ਮਿਲਕੇ ਸਿੰਘ ਦੇ ਪੁਤ੍ਰ ਨੂੰ ਆਖਜਾ, ਤੂੰ ਮੁਸਲਮਾਨ ਹੋ ਜਾਹ, ਓਸਨੇ ਏਹ ਭੀ ਨਾ ਮੰਨੀ। ਇਕੋ ਸਾਹ ਆਖਿਆ ਕਿ ਜਦ ਸਾਡੇ ਗੁਰੂਆਂ ਨੇ ਧਰਮ ਰੱਖਜਾ ਵਾਸਤੇ ਸਿਰ ਦਿੱਤੇ ਅਤੇ ਭਾਈ ਮਨੀ ਸਿੰਘ, ਤਾਰੂ ਸਿੰਘ ਆਦਿਕ ਬੇਅੰਤ ਸਿੰਘ ਧਰਮ ਰੱਖ

Sri Satguru Jagjit Singh Ji eLibrary NamdhariElibrary@gmail.com

ਕਰ ਦੇਹ ਛੱਡ ਗਏ ਹਨ, ਤਾਂ ਮੈਂ ਕਿਆ ਖੰਡੇ ਦਾ ਅੰਮ੍ਰਤ ਨਹੀਂ ਛਕਿਆ ? ਓਸ ਬਾਲਕ ਦੇ ਸਿਦਕ ਨੂੰ ਦੇਖਕੇ "ਧੰਨ ਜਨਮ ! ਧੰਨ ਜਨਮ" ਏਹੋ ਅਵਾਜ਼ ਸਭ ਦੇ ਮੂੰਹੋਂ ਨਿਕਲ ਰਹੀ ਸੀ।

ਜਦ ਸਬੇਗ ਸਿੰਘ ਨੇ ਪੁਤ੍ਰ ਦੀ ਕਹਾਣੀ ਜੇਹਲਖਾਨੇ ਵਿਚ ਸੁਣੀ ਤਾਂ ਤੁਰਤ ਸਤਿਗੁਰੂਜੀਅੱਗੇ ਅਰਦਾਸਕਰਕੇ ਸਿਦਕ ਦਾਨ ਮੰਗਜਾ। ਬਿਜੈ ਖਾਂ ਨੇ ਸਬੇਗ ਸਿੰਘ ਨੂੰ ਬੁਲਾਕੇ ਆਖਜਾ, ਤੂੰ ਆਪਣੇ ਪੁਤ੍ਰ ਨੂੰ ਸਮਝਾ,ਕਿਉਂ ਜਾਨ ਖੋਂਦਾ ਹੈ ? ਮੁਸਲਮਾਨ ਹੋ ਜਾਵੇ, ਤੁਹਾਨੂੰ ਦੋਹਾਂ ਨੂੰ ਵਡਾ ਅਹੁਦਾ ਦਿੱਤਾ ਜਾਵੇਗਾ, ਅਤੇ ਹੋਰ ਬਹੁਤੇ ਪਿੰਡਾਂ ਦਾ ਠੇਕਾ ਲੈ ਲੈਣਾ।

ਸਬੇਗ ਸਿੰਘ ਨੇ ਧੰਨ ਗੁਰੂ ਕਹ ਕਰ ਪੁਤ੍ਰ ਨੂੰ ਦ੍ਰਿੜ ਨਿਸਚਾ ਕਰਾਉਣ ਦਾ ਸਮਾਂ ਪਛਾਣਕੇ ਐਸੀ ਪਟੀ ਪੜ੍ਹਾਈ ਜਿਸਦੇ ਅਸ਼ਾਰੇ ਨਾਲ ਗੁਰੂ ਅਰਜਨ ਸਾਹਿਬ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ, ਸਾਹਿਬਜ਼ਾਦਿਆਂ ਦੇ ਭਤੀਜੇ ਅਤੇ ਭਾਈ ਮਨੀ ਸਿੰਘ,ਤਾਰੂ ਸਿੰਘ ਜੈਸੇ ਸਤਪੁਰਖਾਂ ਦਾ ਸਾਥ ਲੈਣ ਵਾਸਤੇ ਸਾਰੇ ਕਸ਼ਟ ਝੱਲਣੇ ਕਬੂਲ ਕਰ ਲੀਤੇ,ਪਰ ਮੁਸਲਮਾਨ ਹੋਣਾ ਨਾਂ ਮੰਨਜਾਂ। ਏਹੋ ਆਖਦਾ ਸੀ ਕਿ ਜਦ ਹੋਰ ਅਨੇਕ ਸਿੰਘ ਅਕਾਲ ਅਕਾਲ ਬੋਲਦੇ ਹੋਏ ਧਰਮ ਉਤੇ ਕੁਰਬਾਨ ਹੋ ਗਏ, ਜੇ ਸਾਡੇ ਸਿਰ ਭੀ ਓਸੇ ਤਰਾਂ ਧਰਮ ਉੱਤੇ ਲੱਗਣ ਤਾਂ ਵਡਾ ਲਾਭ ਹੋਊ ਤੇ ਅਸੀ ਭੀ ਓਹਨਾਂ ਸਤਪੁਰਖਾਂ ਦੇ ਟੋਲੇ ਦੇ ਟਹਿਲੂਏ ਗਿਣੇ ਜਾਵਾਂਗੇ ਤੇ ਅਮਰਪਦ ਪਾਵਾਂਗੇ, ਏਹ ਦੇਹ ਤਾਂ ਕਾਲ ਦਾ ਗ੍ਰਾਸ ਹੈ। ਯਥਾ—"ਅਜ ਕਿ ਕਲ ਕਿ ਚਹੁ ਦਿਨੀ ਓੜਕ ਦਿਨੀਂ ਦਸੀਂ। ਏਸ ਸੁਹਾਵੇ ਦੇਸ ਤੇ ਹੋਣਾ ਨਹੀਂ ਅਸੀਂ" ਫੇਰ ਜਦ ਅਸੀ ਮੁਸਾਫਰ ਹਾਂ ਤਾਂ ਘੜੀ ਅੱਗੇ ਤੁਰ ਗਏ ਤਾਂ ਕੀ ਜੇ ਪਿੱਛੇ ਤੁਰ ਗਏ ਤਾਂ ਕੀ, ਫੇਰ ਆਪਣੇ ਸਾਥ ਜਾਣ ਵਾਲਾ

Sri Satguru Jagjit Singh Ji eLibrary NamdhariElibrary@gmail.com

ਅਮੋਲਕ ਧਨ ਧਰਮ ਕਿਉਂ ਖੋਈਏ ?

ਨਵਾਬ ਪਿਛਲੇ ਸਿੰਘਾਂ ਦੇ ਸਿਦਕ ਤਾਂ ਦੇਖ ਹੀ ਚੁਕਾ ਸੀ, ਪਰ ਉਸਨੂੰ ਏਹ ਭਰੋਸਾ ਸੀ ਕਿ ਏਹ ਬਾਪ ਬੇਟਾ ਦੋਵੇਂ ਦਿਲਮ ਵਾਲੇ ਹਨ, ਲਾਭ ਹਾਣ ਸੋਚ ਕੇ ਮੇਰੀ ਗੱਲ ਮੰਨ ਲੈਣਗੇ, ਏਸੇ ਕਰਕੇ ਉਸਨੇ ਏਹ ਗੱਲ ਆਖੀ ਕਿ ਵਿਦਵਾਨ (ਆਲਮ ਫਾਜ਼ਲ) ਪੁਰਖ ਏਹ ਜਾਣਦੇ ਹਨ ਕਿ ਰਬ ਦਾ ਕੋਈ ਮਜ਼ਹਬ ਨਹੀਂ, ਏਹ ਜੋ ਅਨੇਕ ਮਜ਼ਹਬ ਧਰਮ ਦੇਖੀਦੇ ਹਨ ਏਹ ਸਭ ਆਦਮੀਆਂ ਦੇ ਥਾਪੇ ਹੋਏ ਹਨ, ਏਸੇ ਵਾਸਤੇ ਸਿਵਾਇ ਇਕ ਰਬ ਦੇ ਹੋਰ ਸਭ ਝੂਠੇ ਹਨ। ਸੋ ਏਸ ਝੂਠੇ ਧਰਮ ਬਦਲੇ ਦਾਨਾ ਵਿਦਵਾਨ ਲੋਕ ਕਿਉਂ ਅਮੋਲਕ ਜਨਮ ਖੋਂਦੇ ? ਸਚ ਪੁਛੋ ਤਾਂ ਮਜ਼ਹਬ ਦੀ ਸ਼ਰਾ ਦਾ ਬੰਧਾਨ ਤਲਵਾਰ ਦੀ ਧਾਰ ਅੱਗੇ ਯਾ (ਜਾਹਲਾਂ) ਮਹਾਂ ਮੂਰਖਾਂ ਅਨ-ਪੜ੍ਹਾਂ ਦੀ ਜਬਾਨ ਪਰ ਰਹਿੰਦਾ ਹੈ, ਉਹ ਲੋਗ ਹਠ ਕਰਕੇ ਆਪਣੀ ਸ਼ਰਾ ਰਖਣ ਵਾਸਤੇ ਵਡੇ ੨ ਕਸ਼ਟ ਸਹਾਰਦੇ ਹਨ, ਪਰ ਧਰਮ ਨਹੀਂ ਛਡਦੇ। ਬੁਧੀ ਵਾਲੇ ਵਿਦਵਾਨ ਤਾਂ ਗੁਣ ਦੇ ਗਾਹਕ ਰਹਿੰਦੇ ਹਨ, ਤਾਂਤੇ ਤੁਹਾਨੂੰ ਬੀ ਆਪਣਾ ਸੁਖ ਤੇ ਲਾਭ ਜੀਉਣੇ ਦਾ ਗੁਣ ਵੇਖਣਾ ਚਾਹੀਦਾ ਹੈ । ਹਠ ਦੇ ਬੰਧੇ ਹੋਏ ਦੁਖ ਪਾਉਣਾ, ਜਾਨ ਦੇਣੀ ਏਹ ਚੰਗਾ ਨਹੀਂ ॥

ਏਹ ਬਿਆਨ ਸੁਣਕੇ ਸਬੇਜ਼ਾ ਸਿੰਘ ਨੇ ਆਖਿਆ ਆਪ ਸਭ ਸਚ ਬੋਲਦੇ ਹੋ, ਅਸੀ ਭੀ ਏਹੋ ਬਾਤ ਸਹੀ ਸਮਝਦੇ ਹਾਂ, ਪਰ ਆਪ ਤਾਂ ਪਹਾੜ ਦੇ ਚਸ਼ਮੇ ਦੀ ਠੰਢੀ ਧਾਰ ਚਮਕਦੀ ਨੂੰ ਅੱਗ ਸਮਝਦੇ ਹੋ, ਤੇ ਆਪਣੇ ਘਰਦਾ ਛਾਂਬੜ ਨਹੀਂ ਵੇਖਦੇ । ਜੋ ਕੁਛ ਸਾਨੂੰ ਉਪਦੇਸ਼ ਕੀਤਾ ਹੈ ਜੇਕਰ ਆਪ ਥੋੜਾ ਜੇਹਾ ਹੀ ਏਸ ਪਰ ਅਮਲ ਕਰੋ ਤਾਂ ਸਾਰੀ ਦੁਨੀ-

Sri Satguru Jagjit Singh Ji eLibrary NamdhariElibrary@gmail.com

ਆਂ ਤੁਹਾਡਾ ਦੀਨ ਅਪਨੇ ਆਪ ਮੰਨ ਲਵੇ ॥

ਨਵਾਬ ਏਲਚੀ ਸਾਡੀ ਸ਼ਰਾ ਕੁਰਾਨ ਜੋ ਖੁਦਾ ਦੀ ਬਾਣੀ ਹੈ, ਉਸ ਦੇ ਅਨੁਸਾਰ ਸੱਚੀ ਤੇ ਪਵਿੱਤ੍ਰ ਹੈ, ਏਸੇ ਕਰਕੇ ਅਸੀਂ ਆਪਣੇ ਦੀਨ ਵਿਚ ਲਿਆਉਂਦੇ ਹਾਂ। ਸਿੰਘ ਜੀ ਨੇ ਨਵਾਬ ਦਿਤਾ, ਸਾਡੇ ਗੁਰੂ ਜੈਸਾ ਹੋਰ ਕੋਈ ਦੂਜਾ ਪਵਿੱਤ੍ਰ ਤੇ ਸ਼ਰਾ ਮਜ਼ਹਬ ਨਹੀਂ ਤੇ ਨਾਂ ਹੀ ਐਸੀ ਕੋਈ ਹੋਰ ਪਵਿੱਤ੍ਰ ਕਤਾਬ ਹੈ। ਤੁਹਾਡੇ ਮਜ਼ਹਬ ਵਿਚ ਭਾਰੇ ਦੋਸ਼ ਹਨ। ਲਿੰਗ ਕਟਵਾ ਕੇ ਖਾਹਮਖਾਹ ਹੁਕਮ ਅਦੂਲੀ ਦੇ ਗੁਨਾਹੀਂ ਹੋਕੇ ਦੋਜ਼ਖ ਪੈਂਦੇ ਹੋ। ਏਸ ਬਾਤ ਪਰ ਖਿਝਕੇ ਨਵਾਬ ਨੇ ਦੋਹਾਂ ਨੂੰ ਚਰਖੀ ਪਰ ਚੜ੍ਹਵਾ ਦਿਤਾ ॥

ਚਰਖੀ ਪਰ ਬੰਦ ੨ ਮਰੋੜੇ ਖਾ ਖਾ ਕਰ ਕੜ ਕੜ ਕਰਨ ਲੱਗੇ ਤੇ ਹਡੀ ੨ ਪੋਰੀ ੨ ਟੁੱਟਣ ਲਗੀ, ਨਾੜੀਆਂ ਭੜਫਨ ਲਗੀਆਂ, ਅੱਖੀਆਂ ਬਾਹਰ ਆ ਕਢੀਆਂ। ਛਾਵੇਂ ਏਹ ਹਾਲ ਸੀ, ਪਰ ਆਪਣੇ ਸਿਦਕ ਤੇ ਹਠ ਦੇ ਅਮਲ ਵਿਚ ਮਸਤ ਹੋਏ ਅਕਾਲ ੨ ਬੋਲ ਰਹੇ ਸੇ ਤੇ ਐਡਨੀ ਤਕਲੀਫ ਵਿਚ ਭੀ ਮੂੰਹੋਂ ਹਾਇ ਨਹੀਂ ਨਿਕਲੀ। ਇਕ ਘੰਟੇ ਪਿਛੋਂ ਉਤਾਰਕੇ ਫੇਰ ਆਖਾ, ਦੀਨ ਮੰਨੋ ? ਸਿੰਘ ਬੋਲੇ (ਸਿੰਘ ਸਪਰਸ਼ ਸਪੁਰਸ਼ ਬਚ ਗੇਲੇ ਹਲ ਇਕ ਵਾਰ। ਤ੍ਰਿਯਾ ਤੇਲ ਸੁਬੀਰ ਹਠ ਚਤ੍ਰਯ ਨ ਦੂਜੀ ਵਾਰ।) ਅਸੀ ਧਰਮ ਪਰ ਕੁਰਬਾਨ ਹੋ ਚੁਕੇ ਬੇਜਾਨ ਹੋ ਚੁਕੇ ਧਰਮ ਨਹੀਂ ਛੱਡਾਂਗੇ। ਏਹ ਸੁਣਕੇ ਨਵਾਬ ਨੇ ਆਖਿਆ, "ਰੱਸੀ ਸਚੀ, ਵੱਟ ਨਹੀਂ ਸਹਿਆ।" ਫੇਰ ਹੁਕਮ ਦਿਤਾ ਕਿ ਚਾਬਕਾਂ ਨਾਲ ਏਨ੍ਹਾਂ ਨੂੰ ਮਨਾਓ। ਦੋਹਾਂ ਨੂੰ ਪੁਠੇ ਲਟਕਾ ਕੇ ਜਲਾਦ ਕੋਰੜੇ ਮਾਰਨ ਲਗੇ। ਜਦ ਬੇਹੋਸ਼ ਹੋ ਗਏ ਤਾਂ ਉਤਾਰਕੇ ਪਾਣੀ ਛਿੜਕ

Sri Satguru Jagjit Singh Ji eLibrary NamdhariElibrary@gmail.com

ਕਰ ਹੋਸ਼ ਵਿਚ ਕੀਤਾ। ਫੇਰ ਨਵਾਬ ਨੇ ਸ਼ਾਹਬਾਜ ਸਿੰਘ ਨੂੰ ਪਾਸ ਬੈਠਾਕੇ, ਧੀਰਜ ਦਿਲਾਸਾ ਦੇਕਰ ਆਖਿਆ, ਤੇਰਾ ਬਾਪ ਤਾਂ ਬੁਢਾ ਹੁਣ ਮਰਣ ਕਿਨਾਰੇ ਹੈ, ਦੁਨੀਆਂ ਦੇ ਸੁਖ ਭੋਗ ਚੁਕਾ ਹੈ, ਤੂੰ ਚੜ੍ਹਦੀ ਜਵਾਨੀ ਕਿਉਂ ਓਸਦੇ ਆਖੇ ਜਾਨ ਦਿੰਦਾ ਹਾਂ ? ਸਾਡਾ ਸਾਥੀ ਬਣਕੇ ਆਨੰਦ ਲੈ, ਤੇਰਾ ਵਿਆਹ ਕਰਾਕੇ ਬਹੁਤ ਵਡਾ ਉਹਦਾ ਦੇਵਾਂਗੇ। ਏਹੋ ਜੇਹੀਆਂ ਬਹੁਤ ਭੁਲਾਉਣੀਆਂ ਦਿਤੀਆਂ, ਪਰ ਏਸਨੇ ਇਕੋ ਨਾਂਹ ਰੱਖੀ, ਫੇਰ ਸੂਬੇ ਨੇ ਪੁੱਠਾ ਲਟਕਵਾਕੇ ਕੋਰੜੇ ਲਵਾਏ। ਫੇਰ ਖਿਜ਼ੇ ਖਾਂ ਨੇ ਸਬੇਗ ਸਿੰਘ ਨੂੰ ਆਖਿਆ, ਵੇਖ ਤੇਰੇ ਪੁਤ੍ਰ ਨੇ ਸਾਡਾ ਦੀਨ ਮੰਨ ਲੀਤਾ ਹੈ ਤੂੰ ਭੀ ਮੰਨ ਜਾਹ, ਦੋਵੇਂ ਬਾਪ ਬੇਟਾ ਇੱਕ ਪਰਾਣਾ ਅਸਾਰੇ ਉੱਤੇ ਲੈਕੇ ਮੋਜ ਕਰੋ, ਰੋਜ਼ ਰੋਜ਼ ਦੇ ਕਲੇਸ਼ ਤੋਂ ਛੁਟੋ, ਛੱਪੜੀ ਵਿਚੋਂ ਨਿਕਲੋ ਦਰਿਆ ਦੇ ਮੱਛ ਬਣੋ ਜੋ। ਸਬੇਗ ਸਿੰਘ ਨੇ ਸ਼ਾਹਬਾਜ ਸਿੰਘ ਦੀ ਤਰਫ ਦੇਖਕੇ ਆਖਿਆ, ਕਿਉਂ ਬੇਟਾ ! ਤੁਰਕ ਹੋਕੇ ਮਰਣਾ ਨਹੀਂ ਯਾ ਬੀਮਾਰੀ, ਸੰਸਾ, ਦੁਖ, ਸੰਤਾਪ ਨਾ ਬਜਾਪੇਗਾ ? ਜਦ ਤੂੰ ਜਾਣਦਾ ਹੈਂ ਦੁਖ ਸੁਖ ਸਭਨੀਂ ਪਾਸੀਂ ਇਕੋ ਜੇਹਾ ਹੈ ਤਾਂ ਫੇਰ ਕਿਉਂ ਅਕਾਲਪੁਰਖ ਦਾ ਸੱਚਾ ਪੰਥ ਖਾਲਸਾ ਧਰਮ, ਖਰਾ ਲਾਲ ਸਿੱਟਕੇ ਕੱਚ ਖਰੀਦਦਾ ਹੈਂ? ਸਿਦਕ ਛਡ, ਮਰਣਾ ਇਕੋ ਵਾਰੀ ਹੈ, ਦੇਖ! ਦਸਮੇਂ ਪਾਤਸ਼ਾਹ ਦੇ ਛੋਟੇ ਛੋਟੇ ਸਾਹਿਬਜ਼ਾਦਿਆਂ ਨੇ ਕਿਸ ਤਰਾਂ ਸੂਬੇ ਵਜ਼ੀਦ ਖਾਂ ਨੂੰ ਸਰਹੰਦ ਵਿਚ ਜਵਾਬ ਦੇਕੇ ਸ਼ਹੀਦੀ ਪਾਈ? ਏਹ ਬਚਨ ਬਾਪ ਦੇ ਸੁਣਕੇ ਸ਼ਾਹਬਾਜ ਸਿੰਘ ਹੋਰ ਭੀ ਆਪਣੇ ਧਰਮ ਵਿਚ ਕਾਇਮ ਹੋ ਬੈਠਾ, ਫੇਰ ਤਾਂ ਖਿਜ਼ੇ ਖਾਂ ਨੇ ਕ੍ਰੋਧ ਕਰਕੇ ਬਾਪ ਬੇਟੇ ਦੋਹਾਂ ਨੂੰ ਕਤਲ ਕਰਾਇ ਦਿੱਤਾ,

Sri Satguru Jagjit Singh Ji eLibrary NamdhariElibrary@gmail.com

ਸਿੰਘ ਭੀ ਬੜੀ ਖੁਸ਼ੀ ਨਾਲ ਅਕਾਲ ੨ ਬੋਲਦੇ ਹੋਏ ਸ਼ਹੀਦ ਹੋ ਗਏ, ਪੰਥ ਖਾਲਸੇ ਨੇ ਸੁਣਕੇ ਉਨਾਂ ਦੇ ਨਾਮ ਪਰ ਧੰਨਜਵਾਦ ਕਰਕੇ ਜੈਕਾਰੇ ਉਚਾਰੇ ॥

ਹਕੀਕਤ ਰਾਇ ਦੀ ਕਥਾ

ਏਸੇ ਸਮੇਂ ਹਕੀਕਤ ਰਾਇ ਨੇ ਭੀ ਆਪਣਾ ਆਪ ਧਰਮ ਉੱਤੇ ਵਾਰ ਦਿੱਤਾ। ਹਕੀਕਤ ਰਾਇ ਬਾਘ ਮੱਲ ਪੁਰੀ ਖੱਤ੍ਰੀ ਦੇ ਘਰ ਮਾਈ ਗੌਰਾਂ ਦੇ ਪੇਟੋਂ ਕੱਤਕ ਵਦੀ ੧੨ ਸੰਃ ੧੭੮੧ ਬਿਃ ਨੂੰ ਸਿਆਲਕੋਟ ਵਿਚ ਪੈਦਾ ਹੋਕੇ ਫਾਰਸੀ ਅਰਬੀ ਬਹੁਤ ਚੰਗਾ ਪੜ੍ਹਿਆ। ਬਾਘ ਮੱਲ ਦਫਤਰ ਵਿਚ ਨੌਕਰੀ ਕਰਦਾ ਸੀ ॥

ਕਸਬੇ ਫਤਹਾਲੇ ਕਿਸ਼ਨ ਸਿੰਘ ਖੱਤ੍ਰੀ ਦੇ ਘਰ ਏਸਦੀ ਸ਼ਾਦੀ ਹੋਕੇ ਇਕ ਬੇਟਾ ਪੈਦਾ ਹੋਇਆ, ਉਨਾਂ ਦਿਨਾਂ ਵਿਚ ਭਾਈ ਮਨੀ ਸਿੰਘ, ਤਾਰੂ ਸਿੰਘ ਆਦਿ ਹਠੀਲੇ ਸਿੰਘਾਂ ਦੇ ਧਰਮ ਉਪਰ ਕੁਰਬਾਂਨ ਹੋਣੇ ਦੀ ਚਰਚਾ ਸਾਰੇ ਪੰਜਾਬ ਵਿਚ ਫੈਲ ਰਹੀ ਸੀ, ਜਿਸ ਨੂੰ ਸੁਣਕੇ ਹੋਰ ਭੀ ਅਨੇਕ ਸਿੰਘਾਂ ਤੇ ਹਿੰਦੂਆਂ ਦੇ ਦਿਲ ਧਰਮ ਉੱਤੇ ਕਾਇਮ ਹੋ ਰਹੇ ਸੇ, ਹਕੀਕਤ ਰਾਇ ਨੇ ਭੀ ਏਹੋ ਕਰੜੀ ਸੰਥਾ ਧਰਮ ਦੀ ਪੜ੍ਹ ਰਖੀ ਸੀ ॥

ਇਕ ਦਿਨ ਦੇਵੀ ਦੇ ਪੂਜਨ ਦਾ ਟਿਕਾ ਲਾਕੇ ਮਕਤਬ ਵਿਚ ਆਇਆ ਤਾਂ ਮੁਸਲਮਾਨ ਮੁੰਡਿਆਂ ਨੇ ਹਿੰਦੂਆਂ ਦੇ ਦੇਵੀ ਦੇਵਤਿਆਂ ਨੂੰ ਬੁਰੀਆਂ ੨ ਗਾਲੀਆਂ ਦੇਕੇ ਹਿੰਦੂ ਧਰਮ ਦੀ ਨਿੰਦਾ ਅਣਹੋਈ ਬਹੁਤ ਕੀਤੀ, ਅੱਗੋਂ ਹਕੀਕਤ ਰਾਇ ਨੇ ਐਸੇ ੨ ਲਾਇਕ ਜਵਾਬ ਦਿੱਤੇ, ਜਿਸ ਤੋਂ ਖਿਝਕੇ ਅਬਦੁਲਰਹੱਕ ਮਸ਼ਹੂਰ ਮੌਲਵੀ ਆਪਣੇ ਮੁੰਡਿਆਂ

Sri Satguru Jagjit Singh Ji eLibrary NamdhariElibrary@gmail.com

ਦੀ ਮਦਦ ਕਰਨ ਲਗ ਪਿਆ, ਹੋਰ ਭੀ ਹਿੰਦੂ ਮੁਸਲਮਾਨ ਬਹੁਤ ਇਕੱਠੇ ਹੋ ਗਏ, ਪਰ ਮੁਸਲਮਾਨਾਂ ਦੀ ਬਾਦਸ਼ਾਹੀ ਦੇ ਜ਼ੁਲਮਾਂ ਤੋਂ ਡਰਦੇ ਮਾਰੇ ਕਿਸੇ ਹਿੰਦੂ ਨੇ ਪੱਖ ਨਾ ਕੀਤਾ।

ਹਕੀਕਤ ਰਾਇ ਇਲਮ ਫਾਰਸੀ, ਅਰਥੀ ਵਿਚ ਭਾਂ ਪੈਹਲਾਂ ਹੀ ਤੇਜ਼ ਸੀ, ਪਰ ਧਰਮ ਉੱਤੇ ਜਾਨ ਤਕ ਅਰਪਣ ਕਰ ਦੇਣ ਦਾ ਹੌਸਲਾ ਸਿੱਖ ਦੀ ਬੇਟੀ ਦੇ ਸਬੰਧ ਕਰਕੇ ਹੋ ਗਿਆ ਸੀ, ਏਸੇ ਕਰਕੇ ਚਰਚਾ ਵਿਚ ਓਸਨੇ ਮੁਸਲਮਾਨਾਂ ਦੇ ਪੈਗੰਬਰਾਂ ਦੀ ਬੁਰਾਈ ਤੇ ਮਜ਼ਹਬ ਇਸਲਾਮ ਦੀ ਜਾਲ-ਸਾਜ਼ੀ ਐਸੀ ੨ ਜ਼ਾਹਰ ਕਰ ਦਿਖਾਈ, ਜਿਸਤੋਂ ਮੌਲਵੀ ਸਮੇਤ ਸਭ ਛੋਕਰਿਆਂ ਨੇ ਨਿਰੁਤ੍ਰ ਹੋਕੇ ਕਾਜ਼ੀ ਦੇ ਪਾਸ ਪੱਗ ਜਾ ਮਾਰੀ। ਕਾਜ਼ੀ ਤਾਂ ਹਮੇਸ਼ ਹਿੰਦੂਆਂ ਦੇ ਮਜ਼ਹਬ ਉੱਤੇ ਜਲੇ, ਬਲੇ ਛੁਰੀ ਚਲਾਉਂਦੇ ਰੈਂਹਦੇ ਸਨ, ਓਨਾਂ ਨੇ ਸਿਆਲਕੋਟ ਦੇ ਹਾਕਮ ਅਮੀਰ ਬੇਗ ਦੇ ਰੋਬਰੂ ਹਕੀਕਤ ਰਾਇ ਨੂੰ ਬੁਲਾਕੇ ਪੁਛਿਆ, ਓਸਨੇ ਸੱਚ ਸੱਚ ਕੈਹ ਦਿੱਤਾ ਕਿ ਪੈਹਲੇ ਪਾਠਸ਼ਾਲਾ ਦੇ ਛੋਕਰਿਆਂ ਨੇ ਮੌਲਵੀ ਸਮੇਤ ਅਸਾਡੇ ਅਵਤਾਰਾਂ ਤੇ ਗੁਰੂਆਂ ਨੂੰ ਗਾਲ੍ਹਾਂ ਦੇਕਰ ਹਿੰਦੂ ਧਰਮ ਦੀ ਨਿੰਦਾ ਕੀਤੀ, ਪਿੱਛੋਂ ਮੈਂ ਭੀ ਮਜ਼ਹਬ ਇਸਲਾਮ ਦੇ ਨੁਕਸ ਨਿਕਾਲੇ, ਏਸੇ ਤਰਾਂ ਸਭ ਗਵਾਹਾਂ ਨੇ ਆਖਿਆ। ਹਾਕਮ ਨੇ ਤਾਂ ਬਾਲਕਾਂ ਦੀ ਬੈਹਸਦਾ ਤੁਛ ਮਾਮੁਲਾ ਸਮਝਕੇ ਕੁਛ ਥੋੜ੍ਹੀ ਜੇਹੀ ਚੱਟੀ ਲਾਕਰ ਹਕੀਕਤ ਰਾਇ ਨੂੰ ਛੱਡ ਦੇਣਾ ਚਾਹਿਆ, ਪਰ ਕਾਜ਼ੀਆਂ ਨੇ ਜ਼ਿੱਦ ਕਰਕੇ ਮੁਢਤੋਂ ਹੁਤ੍ਰਾ ਦਿਵਾ ਦਿੱਤਾ ਕਿ ਹਕੀਕਤ ਰਾਇ ਮੁਸਲਮਾਨ ਹੋਵੇ ਯਾ ਕਤਲ। ਹਾਕਮ ਦੀ ਤੇ ਕਾਜ਼ੀਆਂ ਦੀ ਇਕੋ ਰਾਇ ਨਾ ਹੋਏ ਕਰਕੇ ਤਿੰਨ ਮਹੀਨੇ ਝਗੜਾ ਹੁੰਦਾ ਰਿਹਾ, ਓੜਕ ਕਾਜੀਆਂ

Sri Satguru Jagjit Singh Ji eLibrary NamdhariElibrary@gmail.com

ਨੇ ਲਾਹੌਰ ਦੇ ਸੂਬੇ ਖਾਨ ਬਹਾਦਰ ਪਾਸ ਚ ਲਾਨ ਕਰਾ ਲੀਤਾ॥

ਹਕੀਕਤ ਦੇ ਨਾਲ ਮਾਂ, ਬਾਪ, ਭਾਈ, ਭੈਣਾਂ, ਸਾਕ, ਨਾਤੇ, ਅਤੇ ਸ਼ੈਹਰ ਸਿਆਲਕੋਟ ਦੇ ਦਯਾਲੂ ਧਰਮਾਤਮਾ ਅਨੇਕ ਲੋਗ ਚਲ ਪਏ। ਹਕੀਕਤ ਰਾਇ ਦੀ ਇਸਤ੍ਰੀ ਵਿਚਾਰੀ ਸਾਰੀ ਉਮਰ ਦੇ ਰੰਡੇਪੇ ਦੀ ਅੱਗ ਦੇ ਭਾਂਬੜ ਨੂੰ ਸਾਹਮਣੇ ਦੇਖ ੨ ਘਰ ਵਿੱਚ ਤੜਫ ਰਹੀ ਸੀ; ਕਿਸੇ ਵਕਤ ਛੁੱਟ ਆਵਣ ਦੀ ਉਮੇਦ ਵਿੱਚ ਠੰਢਾ ਹਾਹੁਕਾ ਭਰਕੇ ਕੁਛ ਧੀਰਜ ਕਰਦੀ, ਪਰ ਹੋਣਹਾਰ ਕਦੋਂ ਚੈਨ ਲੈਣ ਦਿੰਦੀ ਸੀ ?

ਹਕੀਕਤ ਰਾਇ ਜਿਸ ਰਸਤੇ ਲੰਘਿਆ, ਪਿੱਛਾਂ ਵਿੱਚ ਹਾਹਾਕਾਰ ਮਚਦਾ ਗਿਆ, ਓਸ ਵਕਤ ਐਸਾ ਕੌਣ ਸੀ ਜੋ ਹੜਾ ਓਸਦੀ ਲਾਇਕੀ ਤੇ ਉਮਰ, ਸ਼ਹੁਰ ਦੀ ਤਰਫ ਦੇਖ ਸੁਣਕੇ ਹਥਕੋੜੇ ਲੈ ਲੈ ਨਹੀਂ ਰੋਇਆ ? ਮੁਸਲਮਾਨਾਂ ਦੇ ਜ਼ੁਲਮ ਉੱਤੇ ਛਾਣਤ ੨ ਤੇ ਧਰਮੀਆਂ ਦੇ ਸਿਦਕ ਉੱਤੇ ਵਾਹਵਾ ਕੈਂਹਦੇ ਹੋਏ ਸਭ ਲੋਕ ਅੱਖੀਆਂ ਤੋਂ ਹੰਝੂ ਸਿੱਟ ਰਹੇ ਸੇ।

ਜਦ ਲਾਹੌਰ ਪਹੁੰਚੇ ਤਾਂ ਲਾਹੌਰੀ ਖਲਕਤ ਹਕੀਕਤ ਰਾਇ ਦੇ ਗੋਰੇ ਰੰਗ, ਨਾਜ਼ਕ ਸੁੰਦਰ ਅੰਗ, ਉਤਰਦੀ ਦਾੜ੍ਹੀ ਸੋਹਣੀ ਸੂਰਤ, ਮੋਹਣੀ ਮੂਰਤ ਦੇ ਚੰਦ ਜੈਸੇ ਮੁਖੜੇ ਨੂੰ ਦੇਖ ਅਥਰੂ ਸਿੱਟ ਰਹੀ ਸੀ। ਚੌਧਰੀ ਦਰਗਾਹੀ ਜੋ ਸ਼ਾਹਦਰੇ ਵਾਲਾ ਬੜਾ ਮਸ਼ਹੂਰ ਆਦਮੀ ਸੀ, ਓਸਨੇ ਭੀ ਕਾਜ਼ੀਆਂ ਨੂੰ ਬਹੁਤ ਕੁਛ ਸਮਝਾਇਆ ਬੁਝਾਇਆ, ਪਰ ਓਨਾਂ ਦੁਸ਼ਟਾਂ ਨੇ ਇੱਕ ਨਾ ਮੰਨੀ, ਓੜਕ ਨਾਜ਼ਮ ਬੇਰਹਮ ਜ਼ਾਲਮ ਨੇ(ਜੋ ਸਿਕਦੀਏ ਖਾਂ ਦਾ ਪੁਤਰ ਬਿਜੈ ਖਾਂ ਕਾਜ਼ੀਆਂ ਦਾ ਪਖ ਕਾਜ਼ੀ ਸਿੱਦ ਖਾਂ ਅੱਗ ਦਾ ਪੁਤਲਾ ਸੀ)ਸਿਆਲਕੋਟ ਵਾਲੇ ਕਾਜ਼ੀਆਂ ਦਾ ਫੈਸਲਾ ਕਾਇਮ ਰੱਖਕੇ ਹਕੀਕਤ ਰਾਇ ਨੂੰ ਸੁਣਾ ਦਿੱਤਾ ਕਿ ਮੁਸਲਮਾਨ ਹੋਜਾਓ

Sri Satguru Jagjit Singh Ji eLibrary NamdhariElibrary@gmail.com

ਨਹੀਂ ਤਾਂ ਕਤਲ ਕੀਤੇ ਜਾਣ ਦੀ ਸ਼ਰਤ ਦਾ ਹੁਕਮ ਅਟੱਲ ਹੈ ॥

ਹਕੀਕਤ ਰਾਇ ਦੀ ਤਰਫ ਜੋ ਖਲਕਤ ਚਕੋਰਾਂ ਵਾਂਗੂ ਦੇਖਦੀ ਹੋਈ ਕੈਹ ਰਹੀ ਸੀ ਕਿ ਦੇਖੀਏ ਹੁਣ ਏਹ ਤੇ ਕੀ ਦਾ ਮੋਤੀ ਬਣਦਾ ਹੈ ਕਿ ਸੁੱਚਾ, ਪਰ ਸੁਚਾਹੀ ਬਣਿਆਂ ਹਾਕਮ ਦਾ ਹੁਕਮ ਟੁਟਕੇ ਕੇਡ ਦੀ ਤਰਾਂ ਕੋਂ ਕੋਂ ਨਾ ਕੀਤਾ, ਸਗੋਂ ਸ਼ੇਰ ਵਾਂਗੂ ਗੱਜ ਕੇ ਬੜੇ ਹੌਸਲੇ ਤੇ ਖੁਸ਼ੀ ਨਾਲ, ਏਮਾਨ ਧਰਮ ਖੋਣੇ ਵਾਲਿਆਂ ਪਰ ਥੁਕ ਥੁਕਦੇ ਉਠਨੇ ਤਾਂ ਕਤਲ ਹੋਣਾ ਮਨਜ਼ੂਰ ਕਰ ਲੀਤਾ, ਪਰ ਓਸਦੇ ਮਾਂ ਬਾਪ ਕੁਲ ਆਦਿਕ ਸੱਕੇ ਸੰਬੰਧੀਆਂ ਦੀ ਅੱਖੀਆਂ ਅੱਗੇ ਤਾਂ ਅੰਧਕਾਰ ਛਾ ਗਿਆ, ਤੇ ਧਾਹਾਂ ਮਾਰ ਮਾਰ ਪਛਾੜ ਖਾ ਖਾ ਕੇ ਡਿੱਗਣ ਲੱਗ ਪਏ। ਸਿਦਕ ਧਰਮ ਵਾਲੇ ਲੋਕ ਤਾਂ ਹਕੀਕਤ ਰਾਇ ਨੂੰ ਵਾਹ ਵਾਹ ਤੇ ਧੰਨ ਜਨਮ ਨੂੰ ਕੈਹ ਰਹੇ ਸੇ, ਬਾਕੀ ਹੋਰ ਜਿਨ੍ਹਾਂ ਦੇ ਮੂੰਹ ਓਤਨੀ ਭਾਸ਼ਾ। ਮਾਈ ਛੱਕਾਂ ਨੂੰ ਹੋਸ਼ ਆਈ ਤਾਂ ਦੌੜਕੇ ਆਪਣੇ ਪ੍ਰਾਣ ਪਿਆਰੇ ਪੁਤਰ ਪਾਸ ਗਈ ਤੇ ਗਲੱਕੜੀ ਵਿੱਚ ਲੈ, ਨੇਤ੍ਰਾਂ ਦੇ ਜਲ ਨਾਲ ਨੁਹਲ੍ਹਾ ਕਰ ਕੈਹਣੇ ਲੱਗੀ-ਪੁਤਰ! ਮੁਸਲਮਾਨ ਹੋ ਜਾਹ, ਮੈਂ ਤੇਰੀ ਸੂਰਤ ਨੂੰ ਦੇਖਦੀ ਤਾਂ ਰਹਾਂਗੀ, ਤੇਰੇ ਮਰੇ ਤੋਂ ਮੈਂ ਨਿੱਤ ਧੂੰਈਂ ਵਾਂਙੂੰ ਪਈ ਧੁਖਾਂਗੀ, ਤੇਰੀ ਵਹੁਟੀ ਨੂੰ ਦੇਖ ੨ ਅਧਮਰੀ ਹੋਈ ਹੋਈ ਤੜਫ ੨ ਦਿਨ ਲੱਟਾਂਗੀ; ਏਸੇ ਤਰਾਂ ਬਾਪ ਤੇ ਸਾਹੁਰੇ ਨੇ ਭੀ ਸਮਝਾਯਾ, ਭੈਣਾਂ ਨੇ ਸਾਹਮਣੇ ਪਿੱਟ ਪਿੱਟਕੇ ਸਿਰ ਦੇ ਵਾਲ ਪੁਟ ਸਿੱਟੇ, ਪਰ ਹਕੀਕਤ ਰਾਇ ਨੇ ਕਿਸੇ ਦੀ ਨਾਂ ਸੁਣੀ, ਹਠ ਕਰਕੇ ਸਭ ਨੂੰ ਏਹੋ ਜਵਾਬ ਦਿੱਤਾ, ਦੇਖੋ! ਜਿਸ ਮੇਰੇ ਸਰੀਰ ਬਦਲੇ ਤੁਸੀ ਐਡਾ ਵੱਡਾ ਦੁੱਖ ਪਾ ਰਹੇ ਹੋ, ਏਸਨੇ ਤਾਂ ਇਕ ਦਿਨ ਜਾਣਾ ਹੀ ਹੈ। ਜੇ ਪਿੱਛੇ ਮਰ ਗਿਆ ਹੁੰਦਾ ਤਾਂ ਭੀ ਸਬਰ ਕਰਦੇ ਯਾ ਅੱਗੇ ਨੂੰ ਹੋਰ ਆਦਿਕ ਕਿਸੇ ਬੀਮਾਰੀ ਨਾਲ

Sri Satguru Jagjit Singh Ji eLibrary NamdhariElibrary@gmail.com

ਮਰ ਜਾਂਗਾ, ਫੇਰ ਭੀ ਮੇਰੇ ਵਿਛੋੜੇ ਦਾ ਦੁੱਖ ਸਹਾਰੋਗੇ, ਸੋ ਹੁਣੇ ਕਜੋਂ ਨਹੀਂ ਸਹਾਰਦੇ ? ਸਗੋਂ ਤੁਸੀ ਆਪ ਨੂੰ ਵਡਭਾਗੀ ਮੰਨੋ, ਜਿਨ੍ਹਾਂ ਦਾ ਸੰਬੰਧੀ ਧਰਮ ਉੱਤੇ ਆਪਣੀ ਜਾਨ ਕੁਰਬਾਨ ਕਰਦਾ ਹੈ। ਇਕ ਹੋਰ ਤੁਸੀ ਆਪਣੀ ਵਡਿਆਈ ਸਮਝੋ ਕਿ ਸੈਂਕੜੇਲੋਗ ਰੋਜ਼ ਮਰਦੇ ਹਨ, ਪਰ ਨਾਮ ਸਭ ਦੇ ਸਾਥ ਹੀ ਮਿਟ ਜਾਂਦੇ ਹਨ। ਮੇਰਾ ਨਾਮ ਵਾਹ ਵਾਹ ਦੇ ਸਾਥ ਹਮੇਸ਼ਾਂ ਬਣਿਆਂ ਰਹੇਗਾ ॥

ਜੱਦਪਿ ਸਕੇ ਸੰਬੰਧੀਆਂ ਦੇ ਦਰਦ ਭਰੇ ਹੋਏ ਹਾਹਦੇ ਨਾਰੇ, ਹੰਝੂਆਂ ਦੇ ਪਰਵਾਹ ਤੇ ਦੀਨਤਾਈ ਦੇ ਬਚਨ ਭੀ ਧੀਰਜ ਨੂੰ ਵਹਾਈ ਜਾਂਦੇ ਸੇ, ਪਰ ਹਕੀਕਤ ਰਾਇ ਦੇ ਸਿਦਕ ਅੱਗੇ ਕਿਸੇ ਦੀ ਕੁਛ ਪੇਸ਼ ਨਾ ਗਈ। ਹਕੀਕਤ ਰਾਇ ਜਿਸਨੂੰ ਬੇਹੱਦ ਖੁਸ਼ੀ ਦਾ ਨੂਰ ਚੜ੍ਹ ਰਿਹਾ ਸੀ, ਧੀਰਜ, ਧਰਮ ਦ੍ਰਿੜ੍ਹਾਕੇ ਹਸਦੇ ੨ ਜਲਾਦਾਂ ਦੇ ਨਾਲ ਨਖਾਸਚੌਕ ਵਿਚ ਜਾਕੇ ਸੰਮ ੧੮੦੩ ਬਿਃ ਨੂੰ ਬਸੰਤ ਪੰਚਮੀ ਦੇ ਦਿਨ ਸ਼ਹੀਦੀ ਪਾਈ । ਜਦਪਿ ਜ਼ਾਹਰਦਾਰੀ ਹਕੀਕਤ ਰਾਇ ਮਰਗਿਆ, ਪਰ ਹਮੇਸ਼ ਦੇ ਵਾਸਤੇ ਅਮਰ ਹੋਗਿਆ। ਜੋਹੜਾ ਪਰਮ ਪਦ ਜੱਗਜ ਜੋਗ, ਜਪ ਤਪ, ਦਾਨ ਪੁੰਨ ਆਦਿਕ ਹੋਰ ਕਿਸੇ ਸਾਧਨ ਤੋਂ ਨਹੀਂ ਮਿਲਦਾ, ਓਹ ਮਿਲ ਗਿਆ । ਏਸਦੀ ਸਮਾਧ ਲਾਹੌਰ ਸ਼ਾਹਬਿਲਾਵਲ ਬਾਗ ਦੇ ਪਾਸ ਹੈ, ਹਰ ਸਾਲ ਬਸੰਤ ਪੰਚਮੀ ਦਾ ਮੇਲਾ ਬੜੀ ਧੂਮ ਧਾਂਮ ਨਾਲ ਹੁੰਦਾ ਹੈ ॥

ਮਤਾਬ ਸਿੰਘ ਮੀਰਾਂ ਕੋਟੀਏ ਦਾ ਪ੍ਰਸੰਗ

ਮਤਾਬ ਸਿੰਘ ਭੰਗੂ ਜ਼ਿਮੀਦਾਰ ਮੀਰਾਂ ਕੋਟੀਆ ਜਿਸਨੇ

Sri Satguru Jagjit Singh Ji eLibrary NamdhariElibrary@gmail.com

ਮਸੇ ਰੰਘੜਨੂੰ ਮਾਰਿਆਸੀ,ਜੰਡਿਆਲੇਵਾਲੇਸੁਗਲਾਂਦਾਫੜਾਯਾ ਹੋਯਾਜਦਨਾਜ਼ਮਦੇ ਰੋਬਰੋ ਆਯਾ ਤਾਂਸਿੰਘਨੇਗੱਜਕੇ ਫਤੇਬੁਲਾਈ ਜਿਸਤੇ ਹਾਕਮ ਨੇ ਬਹੁਤ ਬੁਰਾ ਮੰਨਿਆਂ ਤੇ ਖਿਨਾਂ ਪੁਛੇ ਗਿਛੇ ਸੂਲੀਪਰ ਚੜ੍ਹਾਦਿਤਾ। ਉੱਸੇਸਮੇਂ ਰਾਮੇਰੰਘਾਵੇ ਜੋਧਰੀ ਨੇ ਝਿਕ ਗਰਜਾ ਸਿੰਘ ਨਾਮੀ ਸਿੰਘ ਨੂੰ ਸੂਬੇ ਪਾਸ ਪਹੁੰਚਾਯਾ, ਸੂਬੇ ਨੇ ਬਾਹਰੋ ਬਾਹਰ ਸੂਲੀ ਚੜ੍ਹਵਾ ਦਿਤਾ। ਏਹ ਦੋਵੇਂ ਸਿੰਘ ਬਹੁਤ ਖੁਸ਼ੀ ਨਾਲ (ਜੇਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ) ਏਹ ਸ਼ਬਦ ਗਾਉਂਦੇ ਹੋਏ ਅਕਾਲ ਅਕਾਲ ਧੁਨੀ ਕਰਕੇ ਅਕਾਲ ਰੂਪ ਬਣ ਗਏ ॥

ਜਦ ਏਸ ਤਰਾਂ ਦੇ ਜ਼ੁਲਮਾਂ ਦੀ ਹਦ ਨਾ ਰਹੀ ਤੇ ਅਕਾਲ ਪੁਰਖ ਨੇ ਮੁਗਲਾਂ ਦਾ ਸੱਤਜਾਨਾਸ ਕਰਨ ਲਈ ਅਹਿਮਦ ਸ਼ਾਹ ਦੁਰਾਨੀ ਬਾਦਸ਼ਾਹ ਨੂੰ ਹਿੰਦੁਸਤਾਨ ਪਰ ਚੜ੍ਹਾਈ ਦੀ ਉਮੰਗਦੇ ਦਿਤੀ, ਕਿਉਂਕਿ ਜਦ ਨਾਦਰ ਸ਼ਾਹ ਦਿੱਲੀ ਤਕ ਆਯਾ ਸੀ ਤਦ ਏਹ ਅਹਮਦ ਸ਼ਾਹ ਓਸਦੇ ਸਾਥ ਆਕੇ ਹਿੰਦੁਸਤਾਨ ਦਾ ਭੇਤ ਪਾਗਿਆ, ਏਸ ਕਰਕੇ ਸੰਃ ੧੮੦੪ ਬਿਕ੍ਰਮੀ ਨੂੰ ਨਿਸ਼ੰਗ ਘੜਾ ਮਾਰੀ ਚਲਾ ਆਇਆ। $\frac{1804}{52}$ $\frac{52}{1752}$
ਲਾਹੌਰ ਦਾ ਸੂਬਾ ਡਰਦਾ ਹੋਇਆ ਜੇਹਲਮ ਦੇ ਕਿਨਾਰੇ ਨਜ਼ਰ ਦੇ ਕੇ ਜਾ ਮਿਲਿਆ ਤੇ ਤਾਬੇਦਾਰੀ ਲਿਖ ਦਿੱਤੀ।

ਏਧਰੋਂ ਬਹੁਤ ਸਾਰੀ ਫੌਜ ਰਾਜਾ ਅਜੀਤ ਸਿੰਘ ਜੋਧਪਰੀਏ ਤੇ ਨਵਾਬ ਕਮਰ ਦੀਨ ਵਜ਼ੀਰ ਨੂੰ ਦੇਕੇ ਸਰਹੰਦ ਭੇਜ ਦਿਤਾ ॥

ਅਹਿਮਦ ਸ਼ਾਹ ਨੇ ਲਾਹੌਰ ਪਹੁੰਚ ਕੇ ਜਦ ਕਿਲਾ ਦੇਖਿਆ ਤੇ ਓਥੇ ਇਕ ਕੋਠਾ ਕੁਹਕ ਬਾਲ ਦਾ ਭਰਿਆ ਹੋਇਆ ਦੇਖ ਓਸਦੀ ਕਰਾਮਾਤ ਸੁਣੀ ਤਾਂ ਗੱਡੇ ਲਦਵਾ

Sri Satguru Jagjit Singh Ji eLibrary NamdhariElibrary@gmail.com

ਕੇ ਨਾਲ ਲੈ ਲਏ ॥

ਅਹਿਮਦਸ਼ਾਹ ਦੁਰਾਨੀ ਦਾ ਪਹਿਲਾ ਹੱਲਾ

ਜਦ ਸਰਹੰਦ ਪਹੁੰਚੇ ਜੰਗ ਕਰਣ ਲਗਾ ਤਾਂ ਪਠਾਣਾਂ ਨੇ ਜੋ ਬਾਣ ਵਿਦਿਆ ਵਿਚ ਨਿਪੁੰਨ ਨਹੀਂ ਸੇ, ਸੁਣੀਸੁਣਾਈ ਤਰਕੀਬ ਉਤੇ ਉਨਾਂ ਬਾਣਾਂ ਨੂੰ ਮੈਦਾਨ ਵਿਚ ਰਖਕੇ ਦੁਸ਼ਮਣਾਂ ਦੇ ਮਾਰਣ ਲਈ ਅੱਗ ਲਾ ਦਿਤੀ, ਪਰ ਉਨਾਂ ਦੇ ਮੂੰਹ ਪਠਾਣਾਂ ਵੰਨੀ ਰਹ ਗਏ । (ਅਣਜਾਣ ਵਿਦਿਆ ਪ੍ਰਾਣਾਂ ਦਾ ਖਹੁ) ਓਹ ਤਾਂ ਉਲਟੇ ਏਨਾਂ ਨੂੰ ਹੀ ਪ੍ਰੇੜ ਹੋਕੇ ਚੰਮੜੇ, ਬਾਣਾਂ ਦੀ ਸ਼ਹਿ ਸ਼ਹਿ ਆਵਾਜ਼ ਨੂੰ ਸੁਣਕੇ ਦੁਰਾਨੀ ਸਮਝਨ ਕਿ ਏਹ ਪੁਛਦੇ ਹਨ ਸ਼ਾਹ ਕਿਥੇ ਹੈ? ਨਾਲੇ ਤਾਂ ਪਠਾਣ ਬਾਣਾਂ ਅਗੇ ਨਠੇ ਜਾਣ ਤੇ ਨਾਲੇ ਜਿਧਰ ਬਾਦਸ਼ਾਹ ਸੀ ਓਧਰ ਨੂੰ ਹਥ ਕਰ ਕਰ ਪੁਕਾਰਦੇ ਜਾਣ, ਸ਼ਾਹ ਔਧਰ ਹੈ । ਓੜਕ ਉਨਾਂ ਬਾਣਾਂ ਨੇ ਦੁਰਾਨੀਆਂ ਦੀ ਫੌਜ ਨੂੰ ਅਧੋ ਅਧ ਨਿਬੇੜ ਛਡਯਾ, ਦੁਰਾਨੀ ਸਤਲੁਜੋਂ ਪਾਰ ਹੋ ਗਏ ।* ਅਹਿਮਦਸ਼ਾਹ ਪੰਜਾਬ ਨੂੰ ਲੁਟਦਾ ਮਾਰਦਾ ਕਾਬਲ ਜਾ ਦਾਖਲ ਹੋਯਾ ॥

---

*ਅਹਿਮਦ ਸ਼ਾਹ ਅਬਦਾਲੀ ਪਠਾਣ ਸੀ । ਏਸਦਾ ਦਾਦਾ ਇਕ ਅਬਦਾਲ ਨਾਮੀ ਹੋਯਾ ਹੈ, ਜਿਸ ਨੂੰ ੧ ਅਣੁਮਾ ੨ ਮਹਿਮਾ, ੩ ਗਿਰਮਤਾ, ੪ ਲਘੁਮਾ, ੫ ਪ੍ਰਾਪਤ ਕਾਮ, ੬ ਬਸੀਕਰਣ, ੭ ਈਸ਼ਤਾ ਏਹ ਸੱਤ ਸਿੱਧੀਆਂ ਪ੍ਰਾਪਤ ਹੋਣ ਓਸਦਾ ਨਾਮ (ਅਬਦਾਲ) ਪੂਰਣ ਸਿੱਧ ਹੁੰਦਾ ਹੈ । ਓਸਦੀ ਸੰਤਾਨ ਅਬਦਾਲੀ ਪਠਾਣਾਂ ਨੂੰ ਦੂਸਰੀ ਜਾਤ ਦੇ ਪਠਾਣ ਗੁਰੂ ਪੀਰਾਂ ਵਾਂਙੂ ਮੰਨਦੇ ਹਨ । ਅਹਿਮਦ ਖਾਂ ਦਾ ਬਾਪ ਜਦ ਮਰਯਾ ਤਦ ਬਹੁਤ ਸਖੀਆਂ ਵਿਚ ਸੀ ਤੇ ਅਹਮਦ ਸ਼ਾਹ ਸੱਤ ਬਰਸ ਦਾ ਰਹਿ ਗਿਆ ਸੀ। ਏਸਦੀ ਮਾਂ ਨਾਦਰ ਸ਼ਾਹ ਦੇ ਲਸ਼ਕਰ ਦੇ ਘੋੜਿਆਂ ਦਾ ਦਾਣਾ ਦਲ ਕੇ ਗੁਜ਼ਾਰਾ ਕਰਦੀ ਤੇ ਏਹ ਇਕ ਸਾਬਰਸ਼ਾਹ ਫਕੀਰ ਦੀ ਟਹਲ ਕਰਦਾ ਰਹਿੰਦਾ । ਫਕੀਰ ਖੁਸ਼ੀ ਵਿਚ ਕਦੇ ੨ ਏਸਨੂੰ ਆਖਦਾ ਆਓ ਮੇਰੇ ਅਹਿਮਦਸ਼ਾਹ ! ਇਕ ਦਿਨ ਜੰਗਲ ਵਿਚ ਕਿਸੇ ਟੋਭੇ ਦੇ ਕਿਨਾਰੇ ਥੜਾ ਬਨਾਕੇ ਘਾਸ ਵਿਛਾ ਓਸ ਉਤੇ ਅਹਿਮਦ ਖਾਂ ਨੂੰ ਬੈਠਾ ਕਰ ਹੱਥ ਵਿਚ ਲੰਬੇ ਘਾਸ ਦੇ ਬੱਬੇ ਲੈਕੇ ਤੇ ਛਛਰੈ ਦੇ ਪੱਤੇ ਲੈਕੇ ਆਪ ਏਸਦੇ ਸਿਰ ਉੱਤੇ ਚੌਰ ਛੜ ਵਾਂਗੂ ਕਰ ਰਿਹਾ ਸੀ। ਏਸ ਵਕਤ ਨਾਦਰ ਸ਼ਾਹ ਸ਼ਿਕਾਰ ਖੇਲਦਾ ਓਥੇ ਆ ਪਹੁੰਚਾ, ਫਕੀਰ ਨੂੰ ਪੁਛਿਆ ਤਾਂ ਸਾਈਂ ਲੋਕ ਨੇ ਉਤਰ ਦਿੱਤਾ, ਅਸਾਂ ਏਸਨੂੰ ਬਾਦਸ਼ਾਹ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇ ਪੈਂਚਾਂ ਨੂੰ ਸੋਧਲਾ

ਜਦ ਅਹਿਮਦਸ਼ਾਹ ਦੁਰਾਨੀ ਦੇ ਆਉਣ ਜਾਨ ਦੇ ਵੇਲੇ ਪੰਜਾਬ ਵਿਚ ਛਾਤੀ ਅਡੜਾ ਦੜਫੀ ਹੋਈ ਤਾਂ ਸਿੰਘਾਂ ਦੇ ਐਸਾ ਕੰਮ ਸੂਤ ਆਯਾ; ਜਿਉਂ ਪਾਣੀ ਦੇ ਹੜ ਆਏ ਤੋਂ ਬਗਲੇ ਤੇ ਲੁਧਰਾਂ ਦਾ ਦਾਉ ਲਗਦਾ ਹੈ, ਸਿੰਘਾਂ ਨੇ ਘਣੀਆਂ ਨੁਸ਼ੈਹਰਾ, ਜੰਡਿਆਲਾ, ਮੰਜੀਠਾ, ਬਲਾਨੌਲ, ਜੋਧਨਗਰ, ਛਜਵਾੜਾ, ਤਲਬਣ, ਬਿਜਵਾੜਾ ਜਲੰਧਰ, ਸਠਿਆਲਾ, ਬੁਰਜਲਾ, ਮੰਡਿਆਲਾ, ਸ਼ੇਖੂਪੁਰਾ, ਰਸੂਲ ਨਗਰ, ਆਦਿਕ ਦੁਸ਼ਟਾਂ ਦੇ ਪਿੰਡ ਖੂਬ ਸੋਧੇ।

ਚੌਧਰੀ ਸਾਹਿਬ ਰਾਇ ਨੁਸ਼ੈਹਰੇ ਵਾਲਾ, ਰਾਮਾਰੰਧਾਵਾ

ਅਬਦਾਲੀ ਹੈ, ਆਪਣੇ ਬਾਦਸ਼ਾਹ ਪਰ ਚਵਰ ਛੱਤ੍ਰ ਝੁਲਾਂਦੇ ਹਾਂ। ਨਾਦਰ ਨੇ ਅਚਰਜ ਹੋਕੇ ਅਰਜ਼ ਕੀਤੀ, ਆਪ ਕੁਛ ਮੈਨੂੰ ਦਖਿਲ ਫੁਰਮਾਓ? ਫਕੀਰ ਬੋਲਿਆ, ਮੇਰੇ ਅਹਿਮਦ ਸ਼ਾਹ ਨੂੰ ਸਰਦਾਰੀ ਦੇ ਦੇ। ਨਾਦਰ ਨੇ ਫਕੀਰ ਦੇ ਕਹੇ ਮੋਂ ੧੦੦ ਅਸ਼ਰਫੀ ਦਾ ਸਰਦਾਰ ਅਹਿਮਦ ਖਾਂ ਨੂੰ ਬਣਾ ਦਿੱਤਾ। ਫੇਰ ਤਾਂ ਐਸੇ ਕੰਮ ਅਹਿਮਦ ਖਾਂ ਨੇ ਕੀਤੇ ਜੋ ਨਾਦਰ ਦੀ ਫੌਜ ਦਾ ਕਰਨੈਲ ਬਣ ਗਿਆ, ਨਾਦਰ ਭੀ ਏਸ ਨਾਲ ਹਿਤ ਰੱਖਣ ਲੱਗਾ। ਜਦ ਨਾਦਰਸ਼ਾਹ ਹਿੰਦ ਵਿਚ ਪਲੇ ਕਰਕੇ ਮੜ ਹਿਰਾਤ ਪਹੁੰਚਾ ਤਾਂ ਨਾਦਰ ਦੇ ਸਾਲੇ ਸਮਰ ਖਾਂ ਸ਼ਰਨੈਲ ਨੇ ਅਬਦਾਲੀ ਪਠਾਣਾਂ ਦਾ ਜ਼ੋਰ ਵਧਦਾ ਦੇਖਕੇ ਬੇਗੁਨਾਹ ਉਨਾਂ ਦੇ ਨਾਵੇਂ ਕੱਢ ਦਿਤੇ। ਅਹਮਦ ਖਾਂ ਦੇ ਚੁਕੇ ਹੋਏ ਉਨਾਂ ਨੇ ਰਾਤ ਨੂੰ ਜਰਨੈਲ ਦਾ ਤੰਬੂ ਜਾ ਘੇਰਿਆ। ਉਹ ਨੱਠ ਕੇ ਨਾਦਰ ਦੇ ਤੰਬੂ ਵਿੱਚ ਜਾ ਵੜਿਆ; ਨਾਦਰ ਸਮੇਤ ਉਨੂੰ ਮਾਰਕੇ ਅਹਿਮਦ ਸ਼ਾਹ ਨੂੰ ਬਾਦਸ਼ਾਹ ਬਣਾਯਾ। ਏਸਨੇ ਅਹਿਮਦ ਸ਼ਾਹ ਆਪਣਾ ਖਿਤਾਬ ਉੱਚਾ ਕਰ ਕੰਧਾਰ ਨੂੰ ਜੱਦਾ ਸਾ ਮਾਰਿਆ; ਫੇਰ ਬਲਖ, ਸਿੰਧ, ਕਾਬਲ, ਕਸ਼ਮੀਰ ਪਰ ਭੀ ਸੰਤੋਖ ਨਾ ਕੀਤਾ ਤੇ ਹਿੰਦ ਪਰ ਚੜਾਈ ਕਰ ਦਿਤੀ। ਏਸਨੇ ੧੧ ਹਮਲੇ ਹਿੰਦੁਸਤਾਨ ਪਰ ਕੀਤੇ ਅਤੇ ਕਈ ਕਰੋੜ ਅਸ਼ਰਫੀਆਂ ਤੇ ਚਾਰ ਲੱਖ ਦੇ ਲਗ ਪਗ ਕੁੜੀਆਂ ਮੁੰਡੇ ਨਜ਼ਰਾਨੇ ਚੜ੍ਹੇ ਆਪਣੇ ਦੇਸ਼ ਨੂੰ ਲੈ ਗਿਆ, ਤੇ ਏਸਨੇ ਪੰਜਾਬ ਦਾ ਮੁਲਕ ਭੀ ਆਪਣੇ ਪੇਟੇ ਪਾ ਲਿਆ ਸੀ, ਪਰ ਸਿੰਘਾਂ ਨੇ ਏਸਦਾ ਰਾਜ ਪੰਜਾਬ ਵਿੱਚ ਨਾ ਹੋਣ ਦਿਤਾ। ਫੇਰ ਏਸ ਦਾ ਪੋਤ੍ਰਾ ਜਮਾਨ ਸ਼ਾਹ ਭੀ ਤਿੰਨ ਵਾਰ ਛਾਤੀ ਆਯਾ, ਪਰ ਸਿੰਘਾਂ ਨੇ ਪੁੱਠੇ ਪੈਰੀਂ ਮੋੜ ਦਿਤਾ। ਓਧਰ ਅਹਿਮਦ ਸ਼ਾਹ ਦੇ ਪੋਤ੍ਰੇ ਸ਼ਾਹ ਸਜਾਦਲ ਮੁਲਕ ਨੂੰ ਓਸ ਦੇ ਵਜ਼ੀਰ ਫਤੇ ਖਾਂ ਨੇ ਕਾਬਲ ਤੋਂ ਧੱਕੇ ਮਾਰਕੇ ਕਢ ਦਿਤਾ ਤੇ ਆਪ ਬਾਦਸ਼ਾਹੀ ਸੰਭਾਲ ਲਈ ਜਿਸਦੀ ਸੰਤਾਨ ਕਾਬੁਲ ਵਿਚ ਅਮੀਰ ਅਬਦੁਲ ਰਹਮਾਨ ਤੁਲ ਬਾਦਸ਼ਾਹੀ ਕਰ ਰਿਹਾ ਹੈ।

ਓਨਾਂ ਬਾਦਸ਼ਾਹਾਂ ਦੀ ਸੰਤਾਨ ਸਰਕਾਰ ਅੰਗ੍ਰੇਜ਼ੀ ਦੇ ਆਸਰੇ ਲੁਦਿਹਾਲੇ ਦਿਨ ਪੂਰੇ ਕਰਦੀ ਹੈ। ਏਨਾਂ ਦਾ ਪੂਰਾ ਹਾਲ ਮਹਾਰਾਜੇ ਰਣਜੀਤਸਿੰਘ ਦੇ ਹਾਲ ਵਿਚ ਲਿਖਾਂਗੇ।

Sri Satguru Jagjit Singh Ji eLibrary NamdhariElibrary@gmail.com

ਘਲੀਏਵਾਲਾ, ਧਰਮ ਦਾਸ ਜੋਧ ਨੁਸ਼ਹਰੀਆ, ਆਕਲਦਾਸ ਮੰਝਜਾਲੇ ਦਾ, ਕਰਮਾਛੀਨਾ, ਸਨਮੁਖ ਬਾਦਿ ਵਟਾਲੀ, ਰਾਜ ਬਖਤਾ ਮੰਜੀਠੇ ਦਾ, ਰਾਜ ਕਸਨਾ ਮੰਝਜਾਲੇ ਦਾ, ਗੋਟਾਂ ਮਲ ਛੀਲੇਵਾਲੀਆ, ਸਠਜਾਲੇ ਬੁਡਾਲੇ ਵਾਲੇ ਰੰਘੜ, ਧਨੇਸ੍ਰੇ ਦੇ ਜਟ, ਹੈਬਤਪੁਰ ਪੱਟੀ ਦੇ ਖੱਤ੍ਰੀ, ਸੇਖੂਪੁਰੇ ਦੇ ਗੱਖੜ ਆਦਿਕ ਬਡੇ ਨਾਮੀ ਤਅੱਲਕੇਦਾਰ ਚੌਧਰੀ ਜੋਹੜੇ ਚੁਗਲੀਆਂ ਕਰ ਕਰ ਹਮੇਸ਼ ਸਿੰਘਾਂ ਨੂੰ ਦਬਾਉਂਦੇ, ਮਰਵਾਂਦੇ ਤੇ ਇਨਾਮ ਇਜ਼ਤ ਪਾਉਂਦੇ, ਤੇ ਸੂਬੇ ਨੂੰ ਆਪਣੀ ਖੈਰਖ੍ਵਾਹੀ ਜਤਾਉਂਦੇ ਰਹਿੰਦੇ ਸਨ, ਜਿਥੇ ਭਾਈਂ ਵਾਹ ਲੱਗੀ ਦੁਰਾਨੀਆਂ ਦੇ ਰੌਲੇ ਵਿਚ ਸਿੰਘਾਂ ਨੇ ਸਥਨਾਂ ਵੈਰੀਆਂ ਚੁਗਲਾਂ ਨੂੰ ਸੋਧਿਆ, ਓਸ ਵੇਲੇ ਸਿੰਘਾਂ ਦੇ ਦੋਹਾਂ ਦਲਾਂ ਵਿਚ ਸ਼ਜਾਮ ਸਿੰਘ ਨਾਰੋ ਕੇ ਵਾਲਾ ਪਰਗਨੇ ਸਜਾਲਕੋਟ ਦਾ, ਕਰੋੜਾ ਸਿੰਘ ਕਰਮ ਸਿੰਘ ਪੈਜਗੜ੍ਹੀਏ ਪਰਗਨੇ ਗੁਰਦਾਸ ਪੁਰ ਦੇ, ਦਜਾਲ ਸਿੰਘ ਗੁਰਦਜਾਲ ਸਿੰਘ ਡੱਲੇ ਵਾਲੀਏ ਪਰਗਣੇ ਕਲਾਨੌਰ ਦੇ, ਚਛ੍ਹਤ ਸਿੰਘ ਚੰਦਾ ਸਿੰਘ ਸੁਕਰ-ਚੱਕੀਏ, ਗੁਰਬਖਸ਼ ਸਿੰਘ ਧਾਲਾ ਸਿੰਘ ਕਲਸੀਏ, ਖਜਾਲਾ ਸਿੰਘ ਆਦਿਕ ਕੰਜ, ਜੱਸਾ ਸਿੰਘ ਭਾਗਾ ਸਿੰਘ ਅਲੂਵਾਲੀਏ ਹਰੀ ਸਿੰਘ ਛਜਾ ਸਿੰਘ ਪੰਜਵਡ਼ੀਏ, ਦੀਪ ਸਿੰਘ ਸੁਧਾ ਸਿੰਘ ਸ਼ਹੀਦ, ਨਵਾਬ ਕਪੂਰ ਸਿੰਘ ਸੁਖਾ ਸਿੰਘ ਤਖਾਣ, ਜਸਾ ਸਿੰਘ ਰਾਮਗੜ੍ਹੀਆ, ਭੋਮਾ ਸਿੰਘ ਜੈ ਸਿੰਘ ਹਕੀਕਤ ਸਿੰਘ ਘਨਈਏ, ਹੀਰਾ ਸਿੰਘ ਸਦਾ ਸਿੰਘ ਨਕਈ, ਕਰਮ ਸਿੰਘ ਧਰਮ ਸਿੰਘ ਖਤ੍ਰੀ ਅੰਮ੍ਰਤਸਰੀਏ, ਜਿਉਣ ਸਿੰਘ ਬਦਨ ਸਿੰਘ ਕੀਰ ਸਿੰਘ ਤਿੰਨੇ ਮਨਖੀ, ਆਦਿਕ ਬਹੁਤ ਸਿਖ ਸਰਦਾਰ ਸੇ ॥

Sri Satguru Jagjit Singh Ji eLibrary NamdhariElibrary@gmail.com

ਜਸਪਤ ਰਾਇ ਨੂੰ ਮਾਰਨਾ ਤੇ ਏਮਨਾਬਾਦ ਸੋਧਨਾ

ਅਹਿਮਦ ਸ਼ਾਹ ਅਬਦਾਲੀ ਦੇ ਰੋਲੇ ਵਿਚ ਦੀਵਾਨ ਲਖਪਤ ਰਾਇ ਦੇ ਭਾਈ ਜਸਪਤ ਰਾਇ ਨੇ ਜੋ ਏਮਨਾ ਬਾਦ ਆਪਣੀ ਜਾਗੀਰ ਵਿੱਚ ਰਹਿੰਦਾ ਹੁੰਦਾ ਸੀ, ਬਹੁਤ ਸਿੰਘ ਧੋਖੇ ਨਾਲ ਫੜ ੨ਮਰਵਾਕੇ ਸੂਬੇ ਲਾਹੌਰ ਤੋਂ ਇਨਾਮ ਲੈਂਦਾ ਰਿਹਾ ਸੀ। ਸੰਨ:੧੮੦੫ਬਿਕ੍ਰਮੀ ਨੂੰ ਏਮਨਾਬਾਦ ਗੁਰਦੁਆਰੇ ਰੋੜੀ ਸਾਹਿਬ ਵਿੱਚ ਵੈਸਾਖੀ ਦੇ ਮੇਲੇ ਪਰ ਦੋ ਤਿੰਨ ਜੱਥੇ ਸਿੰਘਾਂ ਦੇ ਉਧਰ ਫਿਰਦੇ ਹੋਏ ਚਲੇ ਆਏ।ਜਸਪਤ ਰਾਇ ਨੇ ਆਖ ਭੇਜਿਆ, ਭੁਸੀਂ ਏਥੇ ਠਹਿਰੋਜੇ ਤਾਂ ਮੈਥੋਂ ਬੁਰਾ ਕੋਈ ਨਹੀਂ। ਸਿੰਘਾਂ ਨੇ ਆਖਿਆ, ਅਜ ਦੀ ਛਾਡ ਅਸੀ ਆਪਣੇ ਗੁਰਦੁਆਰੇ ਛਕਤੀ ਛਜਨ ਕਰਾਂਗੇ, ਤੜਕੇ ਵਿਸਾਖੀ ਦਾ ਇਸ਼ਨਾਨ ਕਰਕੇ ਚਲੇ ਜਾਵਾਂਗੇ। ਉਸਨੇ ਇਕ ਘੜੀ ਛੀ ਸਿੰਘਾਂ ਦਾ ਟਿਕਣਾ ਨਾ ਚਾਹਿਆ। ਫੇਰ ਉਠਾਉਣ ਲਈ ਸਿਪਾਹੀ ਭੇਜੇ, ਪਰ ਸਿੰਘ ਨਾ ਉਠੇ। ਓਦਕ ਸੌ ਅਸਵਾਰ ਪਜਾਦਾ ਨਾਲ ਲੈਕੇ ਹਾਥੀ ਉਤੇ ਚੜ੍ਹਕੇ ਅਗਿਆ ਤੇ ਗਾਲੀਆਂ ਦੇਣ ਲਗ ਪਿਆ। ਪਹਿਲੇ ਤਾਂ ਸਿੰਘ ਚੁਪ ਕਰ ਰਹੇ, ਪਰ ਸ਼ਦ ਉਸਨੇ ਆਖਿਆ ਕਿ ਤੁਹਾਡੇ ਤੇ ਬਹੁਤ ਬੁਰਾ ਤੇ ਅਯੋਗ ਸਲੂਕ ਕੀਤਾ ਜਾਵੇਗਾ ਤਾਂ ਏਹ ਗਾਲ ਸੁਣਕੇ ਸਰਦਾਰ ਚੜ੍ਹਤ ਸਿੰਘ ਨੇ ਆਖਿਆ, ਕਿਰਾੜਾ ! ਕਿਉਂ ਤੇਰੀ ਸ਼ਾਮਤ ਆਈ ਹੈ ਮੌਤ ਨੂੰ ਅਵਾਜ਼ਾਂ ਮਾਰਦਾ ਹੈਂ?ਜੇ ਜੜੇ ਸਿੰਘ ਹਿੰਦੂ ਧਰਮ ਦੀ ਰਖਜਾ ਵਾਸਤੇ ਜਾਨਾਂ ਦੇ ਰਹੇ ਹਨ ਤੂੰ ਉਨਾਂ ਨੂੰ ਬੁਰਾ ਭਲਾ ਬੋਲਦਾ ਹੈਂ,ਕੀ ਤੈਂ ਛੀ ਦਾਖੁਵਾਲੇ ਲੈਣੇ ਹਨ?ਏਹ ਸੁਣਕੇ ਖਤ੍ਰੀ ਨੇ ਸਿਪਾਹੀਆਂ ਨੂੰ ਹੁਕਮ ਦਿਤਾ, ਜੱਟ ਨੂੰ ਫੜ ਲਓ।ਓਸਦੇ ਸਿਪਾਹੀ ਧਾਈ ਕਰਕੇ ਸਿੰਘ ਜੀ ਵਲ ਪਏ, ਤਾਂ ਸਿੰਘ ਭੀ ਕੇਹਰ ਵਾਂਗੂੰ ਭਬਕ ਉਠਜਾ

Sri Satguru Jagjit Singh Ji eLibrary NamdhariElibrary@gmail.com

ਤਲਵਾਰ ਖਿੱਚਕੇ ਓਨਾਂ ਨੂੰ ਦੂਰਣ ਨਾ ਦਿਤਾ, ਪੰਜਵੇ ਸਿਪਾਹੀ ਝਟਕ ਸੁਟੇ ਬਾਕੀ ਬੀਸਕੁ ਹੋਰਨਾਂ ਸਿੰਘਾਂ ਨੇ ਵੰਡ ਲਏ। ਮਨੀ ਸਿੰਘ ਸ਼ਹੀਦ ਦੇ ਭਤੀਜੇ ਅਘੜ ਸਿੰਘ ਨੇ ਗਾੜ੍ਹੇ ਖਤ੍ਰੀ ਨੂੰ ਦਬਾਕਾਂ ਮਾਰਕੇ ਦਬ ਕਰਦਾ ਜਮੀਨ ਪਰ ਸਿੱਟ ਘਤਿਆ। ਚਰਤਸਿੰਘ ਨੇ ਆਖਿਆ, ਖਾਲਸਾਜੀ! ਪੈਲੇ ਕੇਹੜੀ ਰੁਤੇ ਬੀਜੀ-ਦੇ ਹਨ, ਜੋ ਹੋਣਾ ਸੀ ਸੋ ਭਾਂ ਹੋ ਚੁਕਾ ਹੁਣ ਕੱਰ ਵਿਰਥਾ ਕੰਮ ਨਾ ਰਖੋ ਸਾਫ ਕਰੋ। ਫੇਰ ਭਾਂ ਜਦ ਸਿੰਘਾਂ ਨੇ ਸਤ ਸ੍ਰੀ ਅਕਾਲ ਬੋਲਿਆ ਭਾਂ ਖੱਤ੍ਰੀ ਦੇ ਸਾਥੀ ਸਭ ਪਤ੍ਰਾ ਤੋੜ ਛਡੇ ਤੇ ਸਿੰਘ ਹੱਲਾ ਕਰਕੇ ਸ਼ਹਿਰ ਵਿਚ ਜਾ ਵੜੇ, ਅਤੇ ਜਾਂਦਿਆਂ ਹੀ ਪਹਿਲਾਂ ਜਸਪਤ ਰਾਇ ਵਲ ਕੂਚ ਕੀਤਾ। ਏਸ ਸਮੇਂ ਨੂੰ ਦੇਖਕੇ ਫੇਰ ਤਾਂ ਮੇਲੇ ਦੀ ਖਲਕੜ ਹੀ ਸ਼ਹਿਰ ਨੂੰ ਲੁਟਣ ਉਠ ਪਈ। ਸਿੰਘ ਤਾਂ ਮਾਰੋਮਾਰ ਕਰਦੇ ਚੁਹੜਕਾਣੇ ਦੀ ਬਾਰ ਵਿਚ ਜਾ ਵੜੇ, ਬਾਕੀ ਹੋਰ ਲੋਕਾਂ ਨੇ ਸ਼ੈਹਰ ਬਹੁਤ ਲੁਟਿਆ। ਜਦ ਏਹ ਸੰਦੇਸਾ ਦੀਵਾਨ ਲਖਪਤ ਰਾਇ ਨੂੰ ਲਾਹੌਰ ਪਹੁੰਚਿਆ ਤਾਂ ਸਣੇ ਕਪੜੀਂ ਮਚ ਗਿਆ। ਚਾਰ ਕੁ ਘੜੀਆਂ ਮੱਚੀ ਢਾਂਗਾ ਤੁੜਵ ਕੇ ਬਿਜੈਖਾਂ ਸੂਬੇ ਪਾਸ ਜਾ ਰੋਇਆ, ਕ੍ਰੋਧ ਵਿਚ ਸਭਦੇ ਨੂੰ ਸੋਝੀ ਨਾ ਰਹੀ। ਬਿਨਾ ਸੋਚੇ ਸਮਝੇ ਸੂਬੇ ਦੇ ਅਗੇ ਪਗੜੀ ਸਿਟਕੇ ਬੋਲਿਆ--ਜੇ ਹੁਣ ਤੁਸੀ ਬਨ੍ਹਾਓਗੇ ਤਾਂ ਬੈਨ੍ਹਾਂਗਾ, ਪਰ ਸਿੰਘਾਂ ਦਾ ਖੁਰਾ ਖੋਜ ਮਿਟਾਕੇ ਬੈਨ੍ਹਾਂਗਾ। (ਅੰਨਜਾਂ ਤੈਨੂੰ ਕੀ ਚਾਹੀਦਾ ਹੈ ਦੋ ਨੈਣ) ਨਾਜ਼ਮ ਨੇ ਆਖਜਾ, ਮੈਂ ਤਾਂ ਅਗੇ ਹੀ ਏਸੇ ਕੰਮ ਦੀਆਂ ਸੁਖਣਾਂ ਸੁਖਦਾ ਹਾਂ, ਜੋ ਕੁਛ ਚਾਹੀਏ ਸੋ ਲੈ ਲੈ।

ਲਖੂ ਭਸੂ ਦੀ ਅਠੀਤੀ

ਪਹਿਲੇ ਤਾਂ ਲਖਪਤ ਨੇ ਲਾਹੌਰ ਦੇ ਵਸਨੀਕਾਂ ਸਿੰਘਾਂ ਉੱਤੇ

Sri Satguru Jagjit Singh Ji eLibrary NamdhariElibrary@gmail.com

ਹੱਥ ਉਠਾਯਾ, ਫੜ ਫੜ ਕੇ ਕਤਲ ਕਮਾਉਣ ਲਗ ਪਿਆ। ਦੂਸਰੇ ਦਿਨ ਦੀਵਾਨ ਕੌੜਾਮਲ ਨਾਇ ਸੁਰਤਸਿੰਘ,ਲਛੀਰਾਮ, ਲੰਧਰੀ ਜਵਾਹਿਰ ਮਲ,ਪੰਡਿਤ ਸੁਰਤਰਾਮ ਆਦਿਕ ਵਡੇ ਵਡੇ ਆਦਮੀ ਸ਼ਹਰੀ ਮੇਲਾ ਜਥੇ ਲਖਪਤ ਰਾਇ ਪਾਸ ਗਏ ਤੇ ਆਖਯਾ: ਜੋਹੜੀ ਭਾਫੀ ਬੀਤਣੀ ਸੀ ਸੋ ਬੀਤ ਗਈ ਓਹ ਤਾਂ ਹੱਥ ਨਹੀਂ ਆਉਂਦੀ, ਹੁਣ ਤੂੰ ਸਿੰਘਾਂ ਉਤੇ ਲੋਹੇ ਦੀ ਲਾਉਂਨਾ ਖਿੱਚ ਸਿੰਘ ਭੀ ਆਪਣੇ ਹੀ ਭਾਫੀ ਹਨ ਤੇ ਹਿੰਦੂ ਧਰਮ ਦੇ ਰਾਖੇ ਹਨ। ਜੇ ਕਦੇ ਏਹ ਹਿੰਮਤ ਨਾ ਕਰਦੇ ਤਾਂ ਅੱਜ ਨੂੰ ਤੁਸੀਂ ਅਸੀਂ ਸਭ ਸ਼ਰਫ ਦੀਨ ਕਰਮ ਦੀਨ ਥਲੇ ਹੋਏ ਬੈਠੇ ਮਸੀਤਾਂ ਦੇ ਲੱਤੇ ਹਟਾਉਂਦੇ। ਐਥੋਂ ਤੱਕ ਭੀ ਸਮਝਾਯਾ ਕਿ ਅਜ ਸੋਮਾਵੰਤੀ ਅਮਾਵਸ ਹੈ, ਏਹ ਜੋਹੜੇ ਵਡੇ ਹੋਏ ਸਿੰਘ ਤੁੰ ਜਲਾਦਾਂ ਨੂੰ ਸੌਂਪੇ ਹਨ ਅੱਜ ਕਤਲ ਨਾ ਕਰਾ। ਬਥੇਰਾ ਸਮਝਾਯਾ, ਪਰ ਉਸ ਪਾਪੀ ਜ਼ਾਲਮ ਨੇ ਇੱਕ ਨਾ ਮੰਨੀ। ਮਿਹਨਤ ਮਜੂਰੀ ਕਰਨ ਵਾਲੇ ਗਰੀਬ ਬੈਰਾਗੀਨਾਹ ਮਰਵਾ ਸਿੱਟੇ, ਐਸੀ ਮੂਰਖ ਮਤ ਕੀਤੀ,ਸਾਰੇ ਦੇਸ ਵਿੱਚੋਂ ਗੁਰੂ ਜੀ ਦੀ ਬਾਣੀਏ ਰੀਂਥ ਪੋਥੀਆਂ ਲੱਭ ਭਾਲ ਕੇ ਅੱਗ ਤੇ ਪਾਣੀ ਦੀ ਛੇਟਾ ਕਰਾ ਕਢੇ, ਅਨੇਕ ਧਰਮਸਾਲਾ ਢਾਹ ਸੁਟੀਆਂ। ਤਾਲਾਬ ਅੰਮ੍ਰਿਤ-ਸਰ ਜੀ ਮਿੱਟੀ ਨਾਲ ਪੁਲਵੇ ਖੇਤੀ ਬਿਜਵਾ ਦਿੱਤੀ ਤੇ ਦੰਢੋਰਾ ਫੇਰ ਦਿਤਾ ਕਿ ਜੋ ਕੋਈ ਗੁਰੂਵਾ ਸਿੱਖ ਸਦਾਵੇਗਾ ਸੋ ਸਜਾ ਪਾਵੇਗਾ। ਮੇਰਾ ਜਲ ਖੇਤੀਆਂ ਨੂੰ ਪਾਲਦਾ ਹੈ ਓਹੋ ਮਾਰਦਾ ਹੈ। ਖਤ੍ਰੀਆਂ ਨੇ ਇਹ ਪੰਥ ਪੈਦਾ ਕੀਤਾ ਹੈ, ਮੈਂ ਖੱਤ੍ਰੀ ਦੂਰ ਕਰਦਾ ਹਾਂ। ਹੋਕਾ ਫਿਰਾ ਦਿੱਤਾ ਕੁੜ ਨੂੰ ਕੁਝ ਕੋਈ ਨਾ ਆਖੇ ਤੋੜੀ ਆਖੇ ਤੋੜੀ ਲਿਖਨਾ ਕਹੇ,ਕਿਉਂਕਿ ਹਿੰਦੀ ਵਿੱਚ ਕੁੜ ਤੋਂ ਕੁਰ ਬਣ ਜਾਂਦਾ ਹੈ, ਓਦੋਂ ਦੇ ਹੀ ਹੁਣ ਤੱਕ ਲਾਹੌਰੀ ਲੋਕ

Sri Satguru Jagjit Singh Ji eLibrary NamdhariElibrary@gmail.com

ਗੁੜ ਨੂੰ ਰੋਕੀ ਲਿਖਦੇ ਤੇ ਬੋਲਦੇ ਹਨ ਓਸ ਦੁਸ਼ਟ ਖੱਤ੍ਰੀ ਨੇ ਐਡਾ ਖਰੂਦ ਮਚਾਯਾ ਜਿਸ ਤੋਂ ਦੇਸ ਵਿੱਚ ਰੋਲੀ ਪੈ ਗਈ ॥

ਨਸ਼ਟ ਬੁਧੀ ਨੇ ਏ ਹ ਨਾ ਸੋਚਿਆ ਸੂਰਦਾਸ ਪ੍ਰਕਾਸ਼ ਰੋਕਣ ਦੀ ਜਿਹਿਆ ਵਾਲਾ ਸੰਪਾਤੀ ਆਪਣੇ ਹੀ ਵੰਜ (ਪਰ) ਸਾੜ ਬੈਠਾ ਸੀ, ਦੀਵੇ ਨੂੰ ਬੁਝਾਉਣ ਵਾਲੇ ਪਤੰਗੇ ਆਪੇ ਸੜ ਮਰਦੇ ਹਨ ॥

ਕਾਨ੍ਹੂੰਆਲ ਦਾ ਜੰਗ

ਸਿੰਘਾਂ ਨਾਲ ਏਤਨੇ ਜ਼ੁਲਮ ਕਰਕੇ ਭੀ ਲਖਪਤ ਰਾਇ ਨੂੰ ਜਦ ਸਬਰ ਨਾ ਆਯਾ ਤਾਂ ਸਾਰੀ ਪੰਜਾਬ ਦੇ ਮੁਸਲਮਾਨ ਤੇ ਸੂਬੇ ਦੀ ਫੌਜ ਤੋਪਖਾਨਾ ਲੈਕਰ ਸਿੰਘਾਂ ਦੇ ਮਾਰਣ ਲਈ ਬੇਅੰਤ ਨਗਾਰੇ, ਢੋਲ ਬਜਵਾ ਕੇ ਚੜ੍ਹ ਬੈਠਾ। ਅੱਠਾਂ ਦਸਾਂ ਕੋਹਾਂ ਵਿੱਚ (ਮਕੜੀ) ਟਿੱਡੀ ਦਲ ਵਾਂਗੂ ਬੇਓੜਕਾ ਦਲ ਚੱਲ ਪਿਆ। ਓਸ ਸਮੇਂ ਸਬ ਸਿੰਘ ਕੁਠਮਣਾ ਕਰਕੇ ਪੰਦ੍ਰਾਂਕ ਹਜਾਰ ਕਾਨ੍ਹੂੰ-ਆਣ ਦੇ ਛੰਭ ਵਿੱਚ ਜਾ ਬੱਠੇ ਹੋਏ।

ਲਖਪਤਰਾਇ ਨੇ ਕਈ ਲਖ ਆਦਮੀ ਲੈਕੇ ਸਿੰਘਾਂ ਨੂੰ ਓਥੇ ਹੀ ਜਾ ਘੇਰਜਾ; ਦਿਨੇ ਤਾਂ ਸਿੰਘ ਚਾਰੇ ਤਰਫ ਜੰਗਲ ਦੇ ਕਿਨਾਰੇ ੨ (ਜੋ ਬੀਸਕ ਕੋਸ ਵਿੱਚ ਸੀ) ਤੀਰ ਬੰਦੂਕ ਚਲਾਉਂਦੇ ਹੋਏ ਮੱਛੀਆਂ ਮਿਰਗਾਂ ਦਾ ਸ਼ਿਕਾਰ ਕਰਕੇ ਭੁੰਨ ੨ ਛੱਕ ਲੈਂਦੇ ਤੇ ਫਿਰਦੇ ਰਹਿੰਦੇ, ਰਾਤ ਨੂੰ ਅਨੇਕ ਥਾਂਈ ਵੈਰੀਆਂ ਉੱਤੇ ਜਾ ਹੱਥ ਮਾਰਦੇ ॥

ਸਿੰਘ ਤਾਂ ਓਸ ਡਾਢੇ ਕਾਲ੍ਹੇ ਕੰਠਜਾਂ ਵਾਲੇ ਥਣ ਦੇ ਭੋਤੀ ਸੇ, ਮਿਰਗਾਂ ਵਾਂਗੂ ਫਿਰੀ ਜਾਂਦੇ, ਤੇ ਮੁਸਲਮਾਨ ਨਹੀਂ ਫੜ ਸਕਦੇ ਸੇ। ਤਿੰਨ ਮਹੀਨੇ ਏਹੋ ਹਾਲ ਰਿਹਾ। ਜਦ ਸਿੰਘਾਂ

Sri Satguru Jagjit Singh Ji eLibrary NamdhariElibrary@gmail.com

ਪਾਸ ਜੰਗੀ ਸਮਾਨ ਨਾ ਰਿਹਾ ਤਾਂ ਗੁਰਮਤਾ ਕਰਕੇ ਇਕ ਪਾਸੇ ਨੂੰ ਨਿਕਲ ਪਏ, ਬੜੀ ਭਾਰੀ ਲੜਾਈ ਹੋਈ, ਦੋਹਾਂ ਪਾਸਿਆਂ ਦੇ ਵੇਰੜਕ ਮਰੇ, ਸਜਾਣੇ ੨ ਸਿੰਘਾਂ ਨੇ ਆਖਜਾ ਲੜਾਈਦੇ ਢਾਈ ਫੱਟ ਹੁੰਦੇ ਹਨ, ਨੱਠ ਜਾਣਾ ਯਾ ਮਿਲ ਪੈਣਾ ਏਹ ਦੋਵੇਂ ਸਾਰੇ ਤੇ ਫੱਟ ਕੇ ਮਰਜਾਣਾ ਅੱਧਾ । ਕ੍ਰਿਸ਼ਨ ਸੀ ਭੀ ਕਾਲ ਯਵਨ ਨਾਲ ਨੱਠ੨ਕੇ ਲੜਦੇ ਰਹੇ ਸਨ, ਏਹੋ ਮਥਕੇ ਸਿੰਘ ਪਹਾੜਾਂ ਦੀ ਤਰਫ ਨੂੰ ਚਲ ਪਏ। ਅੱਗੇ ੨ ਸਿੰਘ ਤੇ ਪਿੱਛੇ ੨ ਸ਼ਾਹੀ ਲਸ਼ਕਰ, ਖਾਲਸੇ ਦੀ ਮਰਜ਼ੀ ਪਹਾੜਾਂ ਉਤੇ ਚੜ੍ਹ ਜਾਣਦੀ ਸੀ, ਲੜਦੇ ਭਿੜਦੇ ਜਦ ਪਠਾਣ ਕੋਟ ਦੇ ਨੇੜੇ ਗਏ ਤਾਂ ਸੂਬੇ ਲਾਹੌਰ ਦੇ ਹੁਕਮ ਨਾਲ ਪਹਾੜੀ ਰਾਜੇ ਸਭ ਆਪਣੀ ੨ ਫੌਜ ਲੈਕੇ ਨਾਕੇ ਘਾਟੇ ਰੋਕ ਖੜ੍ਹੋਤੇ । ਕੱਚੇ ਪਹਾੜੀ ਮਾਨੁੰਆਂ ਨੇ ਏਹ ਗੱਲ ਨਾ ਸੋਚੀ ਭਈ ਸਿੰਘ ਤਾਂ ਹਿੰਦੂ ਧਰਮ ਦੀ ਰੱਖਜਾ ਵਾਸਤੇ ਲੜਦੇ ਹਨ ਸੱਚ ਹੈ (ਹਿੰਦੂ ਅੰਨਾਂ ਬੁਰਕੂ ਕਾਲਾ) ਦੋ ਤਰਫ ਪਹਾੜੀ ਰਾਜੇ ਤੇ ਪਹਾੜ ਜਿਨ੍ਹਾਂ ਉਪਰ ਚੜ੍ਹਨਾ ਮੁਸ਼ਕਲ ਸੀ, ਇਕ ਪਾਸੇ ਬਜਾਸਾ ਦਰਿਆ ਚੜ੍ਹ ਰਿਹਾ ਸੀ । ਪਿਛੇ ਬੇਓੜਕੀ ਫੌਜ ਤੁਰਕਾਂ ਦੀ ਲੈਕੇ ਲਖਪਤਰਾਯ ਤੀਰ ਗੋਲੀ ਦਾ ਮੀਂਹ ਬਰਸਾ ਰਿਹਾ ਸੀ । ਬਾਕੀ ਪਜਾਸ ਤੇ ਭੁਖ, ਜੇਠ ਦੀ ਧੁੱਪ ਬਜਾਬੁਲ ਕਰ ਰਹੀ ਸੀ, ਅਨੇਕ ਸਿੰਘਾਂ ਨੇ ਦਰਿਆ ਬਜਾਸਾ ਵਿਚ ਘੋੜੇ ਸਿਟੇ, ਪਰ ਸਰਦਾਰ ਗੁਰਦਜਾਲ ਸਿੰਘ ਡੱਲੇ ਵਾਲੀਏ ਜੈਸੇ ਕਈ ਬਹਾਦਰ ਸਿੰਘ ਸਟ ਗੋਤੇ ਖਾ ਗਏ ਤਾਂ ਸਰਦਾਰ ਜੱਸਾ ਸਿੰਘ ਤੇ ਨਵਾਬ ਕਪੂਰ ਸਿੰਘ ਆਦਿਕ ਸਰਦਾਰਾਂ ਨੇ ਆਖਜਾ, ਭੁਖਕੇ ਮਰਣ ਨਾਲੋਂ ਸਾਹਮਣੇ ਮੱਥੇ ਲੜ ਕਰ ਮਰਣਾ ਚੰਗਾ, ਹੈ। ਇਹ ਸੁਣਕੇ ਸਭ ਖੜੇ ਹੋ ਗਏ, ਓਸ ਸਮੇਂ ਸਿੰਘਾਂਉਪਰ

Sri Satguru Jagjit Singh Ji eLibrary NamdhariElibrary@gmail.com

ਭਾਰੀ ਬਿਪਤਾ ਸੀ। ਓੜਕ ਸਰਦਾਰਾਂ ਦਾ ਲਲਕਾਰਾ ਸੁਣਕੇ ਸਭ ਸਿੰਘ ਭੁੱਖੇ ਤਿਹਾਏ ਚਪੇ ਚੋਰ ਵਾਂਗੂ ਦੰਦ ਪੀਹਣ ਕਸੀਸ ਵੱਟ ਵਟ ਕੇ, ਅਕਾਲ ੨ ਗਜਾਉਂਦੇ ਹੋਏ, ਤਲਵਾਰਾਂ ਸੂਤ ੨ ਸ਼ੇਰਾਂ ਵਾਂਗੂ ਝਪਟ ਪਏ । ਫੇਰ ਕੌਣ ਖੜਾ ਹੋਵੇ? ਜਸਪਤਰਾਇ ਦਾ ਬੇਟਾ ਹਰਭਜ ਰਾਇ ਤੇ ਬਿਸੇਖਾਂ ਦਾ ਬੇਟਾ ਨਾਹਰਖਾਂ, ਸੈਫ ਅਲੀਖਾਂ ਫੌਜਦਾਰ, ਕਰਮ ਬਖਸ਼ ਨਵਾਬ ਰਸੂਲ ਨਗਾਰੀਆ, ਮਿਰਜ਼ਾ ਹਿੰਮਤਬੇਗ ਆਦਿਕ ਸਰਦਾਰ ਅਪਣੀ ੨ ਫੌਜ ਲੈਕੇ ਬਥੇਰਾ ਲੜੇ, ਪਰ ਸਿੰਘ ਓਨਾਂ ਦੇ ਰੋਕੇ ਨਾ ਰੁਕੇ, ਤਿੰਨ ਚਾਰ ਕੋਹ ਵਿਚ ਜੋ ਫੌਜ ਪਈ ਸੀ, ਓਸਨੂੰ ਚੀਰਕੇ ਨਿਕਲ ਗਏ, ਜ਼ਿਮੀਂਦਾਰ ਦੇ ਜਵਾਰ ਕੱਟਣ ਵਾਂਗੂ ਵੈਰੀਆਂ ਦਾ ਸਥਾਰ ਪਾ ਦਿੱਤਾ । ਫੌਜਦਾਰ ਹਰਭਜ, ਨਾਹਰਖਾਂ, ਕਰਮ ਬਖਸ਼, ਅਖਗਰ ਖਾਂ, ਆਦਿਕ ਬਹੁਤ ਮਾਰੇ ਗਏ । ਤਿੰਨ ਪਹਿਰ ਘੋਰੇ ਆਏ ਹੋਏ ਸਿੰਘਾਂ ਉੱਤੇ ਅਤੀ ਕਹਿਰ ਦਾ ਜੰਗ ਦਾ ਸਰ ਬਰਸਜਾ । ਜਿਸ ਵਿਚ ਬਹੁਤੇ ਸੂਰਬੀਰ ਸਿੰਘ ਤਾਂ ਸ਼ਹੀਦ ਹੋਕੇ ਜਨਮ ਮਰਣ ਦੀ ਰਸੀਦ ਲੈ ਗਏ, ਏਸੇ ਕਰਕੇ ਏਸ ਲੜਾਈ ਦਾ ਨਾਮ ਛੋਟਾ ਘੱਲੂਘਾਰਾ ਹੈ ॥

ਏਸ ਹੱਲੇ ਵਿੱਚ ਸੁਖਾ ਸਿੰਘ ਭਖਾਣ ਦੀ ਲੱਤ ਸਖਤ ਜ਼ਖਮੀ ਹੋਲੀ ਲੱਗਕੇ ਹੋ ਗਈ ਸੀ, ਪਰ ਓਸਨੇ ਬੀਰ ਰਸ ਦੀ ਮਸਤੀ ਵਿਚ ਪੀੜ ਨਾ ਜਣਾਈ, ਪੱਗ ਪਾੜਕੇ ਕਾਠੀ ਦੇ ਹੰਨੇ ਨਾਲ ਟੰਗ ਦੰਨ੍ਹ ਰਖੀ ਤੇ ਘੋੜਾ ਭਜਾ ਭਜਾਕੇ ਐਧਰ ਓਧਰ ਲਸ਼ਕਰ ਲਭਾਉਂਦਾ ਫਿਰਾ ॥

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇ ਛਾਪਾ ਮਾਰਨਾ

ਓੜਕ ਦਿਨ ਛਿਪ ਗਿਆ, ਸਿੰਘ ਲੜਦੇ ਭਿੜਦੇ ਇਕ ਪਾਸੇ ਨੂੰ ਨਿਕਲੇ ਤਾਂ ਸੂਰਜ ਭਗਵਾਨ ਨੇ ਬੀ ਚਟ ਪਟ ਕਾਲੀ ਚੋਲੀ ਰਾਤ ਦੀ ਚਾਦਰ ਬ੍ਰਹਮੰਡ ਨੂੰ ਪੈਹਨਾਕੇ ਆਪ ਅਸਤਾਚਲ ਪਰਬਤਦੇ ਓਲੇ ਹੋ ਬੈਠਾ, ਓਧ ਗਾਹੜੇ ਅੰਧੇਰੇ ਨੇ ਮੁਸਲੀ ਸੈਨਾਂ ਨੂੰ ਓਸੇ ਥਾਂ ਰੋਕ ਲੀਤਾ, ਏਸ ਕਰਕੇ ਵੈਰੀ ਪਿੱਛੇ ਨਾ ਜਾ ਸਕੇ ਤੇ ਸਿੰਘ ਜੰਗਲੀਂ ਹਰਨਾਂ ਵਾਂਗੂ ਤਪਦੇ ਹੋਏ ਬਾਣੀ ਗੁਰੂ ਕੀ ਪੜ੍ਹਦੇ ਤੇ ਕਈ ਸਲਾਹਾਂ ਕਰਦੇ ਤਿੰਨ ਚਾਰ ਕੋਹਾਂ ਪਰ ਜਾ ਠੈਹਰੇ। ਮੁਸਲਮਾਨੀ ਲਸ਼ਕਰ ਤੇ ਉਨਾਂ ਦੇ ਪੈਰੂ ਸਿੰਘਾਂ ਵੰਨੀਓਂ ਬੇਖਟਕੇ ਹੋਕੇ ਸੌਂਗਏ, ਓਧਰ ਸਰਦਾਰ ਜੱਸਾ ਸਿੰਘ ਸੁਖਾ ਸਿੰਘ, ਕਪੂਰ ਸਿੰਘ, ਦਲੇਰ ਸਿੰਘ, ਭੋਮਾ ਸਿੰਘ, ਭਾਗਾ ਸਿੰਘ, ਜੈ ਸਿੰਘ ਆਦਿਕਾਂ ਨੇ ਗੁਰਮਤਾ ਕਰਕੇਆਖਿਆ ਦਿਤਾ, ਖਾਲਸਾ ਜੀ ! ਵੈਰੀਆਂ ਨੂੰ ਹੱਥ ਦਖਾਉਣ ਦਾ ਹੁਣ ਵੇਲਾ ਹੈ, ਕਿਉਂਕਿ ਕੁਛ ਤਾਂ ਓਨਾਂ ਨੂੰ ਊਂਘ ਨੇ ਦਬਿਆ ਹੋਇਆ ਹੈ, ਕੁਛ ਤੁਸੀ ਚਲ ਦੱਬੋ। ਏਹ ਗਲ ਸਾਰੇ ਖਾਲਸੇ ਨੇ ਮੰਨ ਲਈ ਤੇ ਫੜ ਵਾਗਾਂ ਲਈਆਂ ਪੰਜ ਛੀ ਘੜੀ ਰਾਤ ਰਹਿੰਦੀ ਸੀ ਧਾਵਾ ਕਰਕੇ ਦੁਸ਼ਮਣਾਂ ਉਤੇ ਜਾ ਪਏ, ਝਟਾ ਪਟ ਬੇਸ਼ੁਮਾਰਾਂ ਨੂੰ ਕਟ ਕੁਟ ਸ਼ਸਤ੍ਰ ਬਸਤ੍ਰ ਚੰਗੇ ਘੋੜੇ ਲੈਕੇ ਤੁਰਕਾਂ ਦੇ ਮਸਾਲ ਮਤਾਬੀਆਂ ਜਗਾਉਂਦਿਆਂ ਨੂੰ ਜਿਥੇਂ ਤਾਈਂ ਹੱਥ ਮਾਰਿਆ ਗਿਆ ਮਾਰਕੇ ਮੁੜਪਏ। ਸ੍ਰੀ ਹਰਿ ਗੋਬਿੰਦ ਪੁਰ ਦੇ ਪਾਸੋਂ ਦੀ ਬਜਾਸ੍ਰਾ ਦਰਿਆ ਜਾ ਲੰਘੇ, ਜਦਪਿ ਮਲਾਹਾਂ ਨੇ ਬੇੜੀਆਂ ਖਿਚ ਲਈਆਂ ਤੇ ਪਿਛੋਂ ਸੈਨਾ

Sri Satguru Jagjit Singh Ji eLibrary NamdhariElibrary@gmail.com

ਲੈਕੇ ਲਖਪਤ ਰਾਇ ਭੀ ਆ ਪਹੁੰਚਿਆ ਸੀ, ਪਰ ਗੁਰੂ ਦੇ ਭਰੋਸੇ ਸਿੰਘ ਹਾਣਤੁ ਹੋਹੁਟਦਰਿਆਡਾਂ ਅਮਨਅਮਾਨ ਲੰਘਜਾ, ਪਰ ਅਗੇ ਤਿੰਨ ਚਾਰ ਮੀਲ ਥਰੇਤੀ ਜੇਠ ਦੀ ਦੋਪਹਰ ਨਾਲ ਭੁਠੀ ਵਾਂਗੂੰ ਤਪੀ ਹੋਈ ਲੰਘਣੀ ਔਖੀ ਹੋ ਗਈ, ਏਸ ਮੁਸੀਬਤ ਪਰ ਬਿਪਤਾ ਨੇ ਬਹੁਤ ਹੈਰਾਨ ਕੀਤੇ । ਪੈਦਲ ਸਿੰਘ ਕਪੜੇ ਪਾੜ ੨ ਪੈਰਾਂ ਹੇਠ ਬੰਨ੍ਹਦੇ ਗਏ, ਕਿਉਂਕਿ ਚਾਰ ਮਹੀਨੇ ਦੇ ਜੰਞ ਵਿਚ ਜੋੜੇ ਕਪੜੇ ਟੁਟ ਫਾਟ ਗਏ ਸੇ॥

ਬਹੁਤ ਦਿਨਾਂ ਦੇ ਭੁਖੇ ਸਿੰਘਾਂ ਨੇ ਦੁਆਬੇ ਦੇ ਪਿੰਡਾਂ ਵਿਚੋਂ ਰਸਤ ਘਾਸ ਦਾਣਾ ਲੈਕਰ ਮੀਰ ਛੋਟ ਦੀ ਝਿੜੀ ਵਿਚ ਉਤਰ ਕੇ ਰਾਜਾ ਢਾਲਜਾ ਤੇ ਪ੍ਰਸ਼ਾਦੇ ਸਜਾਏ, ਅਜੇ ਸਭ ਨੇ ਛਕੇ ਨਹੀਂ ਸੇ ਕਿ ਬਿਜੈ ਖਾਂ ਦਾ ਛਾਣੀ ਦੀਜੇ ਖਾਂ ਦੁਆਬੇ ਦਾ ਹਾਕਮ (ਜੋ ਦੀਨਾਪੁਰ ਪਿੰਡ ਵਸਾ ਕਰਕੇ ਓਥੇ ਹੀ ਰਹਿੰਦਾ ਸੀ) ਅਲਾਉਲ ਪੁਰ ਆਦਿਕ ਦੇ ਮੁਸਲਮਾਨਾਂ ਨੂੰ ਨਾਲ ਲੈਕੇ ਆ ਗਿਆ ॥

ਦੁਆਬੇ ਤੇ ਮਾਲਵੇ ਵਿਚ ਜਾਣਾ

ਏਸਨੂੰ ਤਾਂ ਸਿੰਘ ਚਲੇ ਚਖਾਉਂਦੇ, ਪਰ ਏਤਨੇ ਨੂੰ ਸੁਣਿਆਂ ਕੇ ਲਖਪਤ ਰਾਇ ਭੀ ਬਿਆਸਾ ਟਪਿਆ ਹੈ। ਫੇਰ ਤਾਂ ਸਬਰ ਸੰਤੋਖ ਦਾ ਪਿਆਲਾ ਪੀਕੇ ਸਿੰਘਾਂ ਨੇ ਵਾਗਾਂ ਫੜ ਲਈਆਂ। ਏਸੀ ਫੁਰਤੀ ਨਾਲ ਲੜਦੇ ਝਿੜਦੇ ਅਲੀਵਾਲ ਦੇ ਪਰਲੇਂ ਸਤਲੁਜ ਲੰਘ ਕੇ ਮਾਲਵੇ ਨੂੰ ਸਿਧੇ ਹੋ ਲਏ।

ਦੁਆਬੀਏ ਮੁਸਲਮਾਨ ਤੇ ਲਖਪਤ ਰਾਇ ਭਾਂ ਛਤੇ ਦੇ ਛਡੇ ਪਿਟਦੇ ਹੋਏ ਮੁੜ ਆਪੋ ਆਪਣੇ ਠਿਕਾਨੇ ਗਏ ਤੇ ਬਿਜੈ ਖਾਂ ਸੁਬੇ ਨੂੰ ਜਾ ਆਖਿਆ, ਅਸੀਂ ਸਿੰਘਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਮਾਰ ਆਏ ਹਾਂ । ਏਧਰ ਸਿੰਘ ਘੱਲ ਮੋਗੇ, ਘੋਲੀਏ, ਚਵਾਰੇ, ਛੜਿੱਕ, ਖੋਸੇ, ਜ਼ੀਰੇ, ਡਰੌਲੀ, ਕੋਟ ਕਪੂਰੇ, ਇੰਦਰਜ਼, ਚੁੱਡੀ, ਜੈਤੋਂ, ਢਿੱਲਵੀ, ਰੋਡੇ, ਲੰਡੇ, ਬੱਧਣੀ ਹਿੰਮਤ ਪੁਰੇ, ਨੇਹੀਆ, ਵਿੰਝੂਰੇ, ਸੁਲੀਯਰਆਦਿਕ ਅਨੇਕ ਪਿੰਡਾਂ ਵਿਚ ਜਿਥੇ ਕਿਸੇ ਦੀ ਸਾਕ ਸ਼ਿਆਣ ਸੀ, ਯਾ ਨਹੀਂ ਸੀ ਉੱਤਰ ਪਏ । ਮਲਵਈ ਸਿੱਖਾਂ ਨੇ ਆਪਣੇ ਸਿੰਘ ਭਾਈ ਸ਼ਰਣ ਆਏ ਸਾਣਕੇ ਸੱਕੇ ਸੰਬੰਧੀਆਂ ਨਾਲੋਂ ਅਧਿਕ ਟੋਹਲ ਸੇਵਾ ਤੇ ਰਖਮਾਂ ਦੀ ਮਲ੍ਹਮ ਪੱਟੀ ਕੀਤੀ, ਕਿਉਂਕਿ ਓਸ ਸਮੇਂ ਮਾਲਵੇ ਦੇ ਲੋਕ ਬਹੁਤ ਮੁਹੱਬਤੀ ਸੁਥੇ ਸਾਦੇ ਸੁਭਾਵ, ਅਤੀ ਉਦਾਰ ਸੇ ਤੇ ਲਾਭ ਹਾਨ ਆਪਣੇ ਪਰਾਏ ਦਾ ਖਜਾਲ ਘੱਟ ਰੱਖਦੇ ਸੇ, ਭਾਝੀ ਭਾਈ ਉੱਤੇ ਜਾਨ ਦਿੰਦੇ ਸੇ ।

ਸ਼ਾਹਨਿਵਾਜ਼ ਤੇ ਅਹੀਏ ਖਾਂ ਦਾ ਵੈਰ

ਲਾਹੌਰੀ ਸੂਬੇ ਖਾਨ ਬਹਾਦਰ ਦੇ ਚਾਰ ਬੇਟੇ ਸੇ, ਬਿਜੈ ਖਾਂ, ਦੀਜੈ ਖਾਂ, ਸ਼ਾਹਨਿਵਾਜ਼ ਖਾਂ, ਅਹੀਏ ਖਾਂ। ਬਿਜੈ ਖਾਂ ਲਾਹੌਰ ਦਾ ਸੂਬਾ ਤੇ ਦਿਜੈ ਖਾਂ ਦੁਆਬੇ ਜਾਲੰਧਰ ਦਾ ਹਾਕਮ, ਸ਼ਾਹਨਿਵਾਜ਼ ਮੁਲਤਾਨ ਵਿਚ, ਅਹੀਏ ਖਾਂ ਦਿਲੀ ਦੇ ਦਰਬਾਰ ਵਿਚ ਆਪਣੇ ਚਾਚੇ ਵਜ਼ੀਰ ਕਮਰ ਦੀਨ ਪਾਸ ਰਿਹਾ ਕਰਦਾ ਸੀ। ਸੰਃ ੧੮੦੬ ਵਿਃ ਨੂੰ ਸ਼ਾਹਨਿਵਾਜ਼ ਉਤੇ ਬਿਜੈ ਖਾਂ ਨੇ ਕੁਝ ਚੱਦੀ ਕੀਤੀ, ਓਹ ਆਪਣੀ ਫੌਜ ਲੈਕੇ ਲਾਹੌਰ ਸ਼ਾਲਾਮਾਰ ਬਾਗ ਪਾਸ ਆ ਉਤਰਿਆ। ਦੋਵਾਂ ਸੂਰਤ ਸਿੰਘ ਦੀ ਮਾਰਫ਼ਤ ਆਪਣੇ ਬਾਪ ਜ਼ਿਕਰੀਏ ਖਾਂ ਦੀ ਜਾਇਦਾਦ ਵੰਡਾਉਣੀ ਚਾਹੀ ।

Sri Satguru Jagjit Singh Ji eLibrary NamdhariElibrary@gmail.com

ਈਦ ਦਾ ਤਿਉਹਾਰ ਆਗਿਆ। ਦੋਹਾਂ ਭਾਈਆਂ ਨੇ ਇਕੱਠੀ ਨਿਮਾਜ਼ ਪੜ੍ਹੀ, ਪਰ ਮੁਲਾਕਾਤ ਦੇ ਸਮੇਂ ਲਖਪਤ ਰਾਇ ਨੇ ਐਸਾ ਚੁਹਾ ਛੱਡਿਆ ਜੋ ਦੋਹਾਂ ਭਾਈਆਂ ਦੀ ਲੜਾਈ ਹੋ ਪਈ। ਸ਼ਾਹਨਿਵਾਜ, ਬਿਜੈ ਖਾਂ ਤੇ ਲਖਪਤ ਰਾਇ ਨੂੰ ਕੈਦ ਕਰਕੇ ਆਪਨੇ ਆਪ ਲਾਹੌਰ ਦਾ ਸੂਬਾ ਬਣ ਬੈਠਾ ਤੇ ਕੌੜਾ ਮਲ ਨੂੰ ਦੀਵਾਨ ਬਣਾ ਲੀਤਾ। ਇਕ ਮਹੀਨੇ ਪਿੱਛੋਂ ਕਸੂਰ ਵਾਲੇ ਪਠਾਣਾਂ ਦੀ ਮਦਦ ਨਾਲ ਬਿਜੈਖਾਂ ਕੈਦ ਵਿਚੋਂ ਛੁੱਜਕੇ ਦਿੱਲੀ ਚਲਾ ਗਿਆ। ਸ਼ਾਹ ਨਿਵਾਜ ਨੂੰ ਖਜਾਲ ਹੋਯਾ ਕਿ ਕਿਤੇ ਬਿਜੇ ਖਾਂ ਦੀ ਫਰਿਆਦ ਸੁਣਕੇ ਮੇਰੇ ਉਤੇ ਦਿੱਲੀ ਵਾਲੇ ਚੜ੍ਹਾਈ ਨਾ ਕਰ ਦੇਣ, ਤਾਂਤੇ ਪਹਿਲੇ ਹੀ ਸ਼ਾਹਦੁਰਾਨੀ ਨਾਲ ਗੱਠ ਸੱਠ ਕਰ ਲਈ। ਏਹ ਸੋਚਕੇ ਓਸਨੇ ਸ਼ਹਾ ਸ਼ਹ ਕਾਬੁਲ ਦੇ ਬਾਦਸ਼ਾਹ ਅਹਿਮਦ ਸ਼ਾਹ ਨੂੰ ਲਿਖ ਭੇਜਿਆ ਕਿ ਆਪ ਆਜਾਓ, ਮੁਲਕ ਪੰਜਾਬ ਮੈਂ ਤੁਹਾਡੇ ਸਪੁਰਦ ਕਰਦੇਵਾਂਗਾ॥

ਅਹਿਮਦਸ਼ਾਹ ਦਾ ਦੂਜੀ ਵਾਰੀ ਆਵਨਾ

ਅਹਿਮਦ ਸ਼ਾਹ ਤਾਂ ਏਹੋ ਜੇਹੇ ਸਮੇਂ ਦਾ ਆਸ਼ਕ ਹੀ ਸੀ, ਅਲਹਮਦ ਪੜ੍ਹ ਕੇ ਦਸ ਹਜ਼ਾਰ ਸਵਾਰ ਸਾਥ ਲੈਕਰ ਚਲ੍ਹ ਆਯਾ। ਦਿਲੀ ਦੇ ਬਾਦਸ਼ਾਹ ਨੇ ਏਹ ਖਬਰ ਸੁਣਕੇ ਅਪਣੇ ਵਜ਼ੀਰ ਕਮਰ ਦੀਨ ਪਾਸੋਂ ਜੋ ਸ਼ਾਹਨਿਵਾਜ ਦਾ ਚਾਚਾ ਸੀ; ਸ਼ਾਹ ਨਿਵਾਜ ਨੂੰ ਇਹ ਲਿਖਵਾ ਭੇਜਿਆ ਤੂੰ ਅਹਿਮਦ ਸ਼ਾਹ ਦੇ ਚੱਲੇ ਨੂੰ ਜੈਸੇ ਬਣੇ ਤੈਸੇ ਰੋਕ, ਅਸੀਂ ਤੈਨੂੰ ਮਦਦ ਦੇਵਾਂਗੇ ਤੇ ਸਾਡੀ ਤਰਫੋਂ ਲਾਹੌਰ ਦਾ ਸੂਬਾ ਤੂੰਹੀ ਬਣਿਆਂ ਰਹੁ। ਹੁਣ ਸ਼ਾਹ ਨਿਵਾਜ਼ ਨੂੰ ਦੋਹੀਂ ਪਾਸੀਂ ਖਰਾਬੀ ਆਈ, ਏਸੇ ਕਰਕੇ ਰਾਜਨੀਤਿ ਦਾ ਬਰਨ ਹੈ "ਜੋ ਵਿਚਾਰ ਕੇ ਕਰਤ ਹੈ

Sri Satguru Jagjit Singh Ji eLibrary NamdhariElibrary@gmail.com

ਸੁਖ ਪਾਵਤ ਹੈ ਸੋਇ । ਬਿਨ ਬਿਚਾਰ ਕੋਹਤ ਮਰਜੋ ਸਸਾ ਬਚਜੋ ਯੁਤ ਲੋਇ''।

ਆਖਰ ਸ਼ਾਹਿਨਵਾਜ਼ ਨੇ ਐਹਮਦ ਸ਼ਾਹ ਤੋਂ ਝੂਠਾ ਪੈਕੇ ਦੁਖ ਪਾਇਆ, ਸ਼ਾਹਦੁਰਾਨੀ ਨੇ ਪਸ਼ੌਰ ਤੋਂ ਆਪਣੇ ਗੁਰੂਸ਼ਾਬਰ ਸ਼ਾਹ ਦੇ ਪੁਤਰ ਆਬਦ ਸ਼ਾਹ ਨੂੰ ਵਕੀਲ ਕਰਕੇ ਸ਼ਾਹਨਿਵਾਜ਼ ਪਾਸ ਭੇਜਿਆ ਤੇ ਸਮਝਾਯਾ ਕਿ ਬਹੁਤ ਧੀਰਜ ਪਿਆਰ ਨਾਲ ਤੂੰ ਸ਼ਾਹਿ ਨਿਵਾਜ ਨੂੰ ਆਖੀਂ ਅਸੀਂ ਤੈਨੂੰ ਦਿੱਲੀ ਵਾਲੇ ਤੋਂ ਵੱਡਾ ਮਰਾਤਬਾ ਦੇਵਾਂਗੇ,ਤੂੰ ਆਪਣੇ ਸੁਖਨ ਪਰ ਕਾਇਮ ਰਹੁ, ਸ਼ਾਬਰ ਸ਼ਾਹ ਦੇ ਬੇਟੇ ਨੇ ਲਾਹੌਰ ਪਹੁੰਚ ਕੇ ਸ਼ਾਹਨਿਵਾਜ਼ ਨੂੰ ਬਹੁਤ ਸਮਝਾਇਆ ਬਾਤਾਂ ਕਰਦਿਆਂ ੨ ਵਕੀਲ ਨੇ ਐਸੀ ਕਰੜੀ ਗੱਲ ਭੜਾਵੇ ਦੀ ਕੀਤੀ, ਜਿਸਤੋਂ ਸ਼ਾਹਨਿਵਾਜ਼ ਨੇ ਗੁੱਸੇ ਹੋਕੇ ਵਕੀਲ ਨੂੰ ਕਤਲ ਕਰਾ ਦਿੱਤਾ। ਏਹ ਹਾਲ ਸੁਣ ਸ਼ਾਹ ਦੁਰਾਨੀ ਨੇ ਭਾਂ ਅੱਗਦਾ ਬੁਰਕਾ ਪੈਹਨ ਲਿਆ, ਲਾਲ ਹੋਕੇ ਵਾਗ ਫੜ ਲਈ ॥

ਜੰਗ ਸ਼ਾਹਦਰੇ ਹੋਣਾ

ਏਧਰ ਸ਼ਾਹਨਿਵਾਜ ਨੇ ਭੀ ਜੰਗ ਦੀ ਤਿਆਰੀ ਕਰ ਲਈ, ਓਧਰ ਐਹਮਦ ਸ਼ਾਹ ਭੀ ਰਾਵੀ ਟੱਪ ਆਇਆ, ਸ਼ਾਹਿਨਵਾਜ਼ਨੇ ਅਪਣੇ ਫੌਜਦਾਰ ਮਿਰਜੇ ਅਸਮਤ ਬੇਗ ਨੂੰ ਨਾਲ ਲੈਕੇ ਕਿਲੇ ਤੋਂ ਬਾਹਰ ਹੋ ਲੜਾਈ ਪਾਈ। ਵੈਰ ਦੀਆਂ ਪੱਕੀਆਂ ਰੀਹਾਂ ਪੈ ਗਈਆਂ, ਐਹਮਦ ਸ਼ਾਹ ਨਾਲ ਓਦੋਂ ਸਿਰਫ ਦਸ ਹਜਾਰ ਪਠਾਣ ਸੀ, ਤੇ ਏਧਰ ਪੰਜਾਹ ਹਜਾਰ ਮੁਗਲੀ ਫੌਜ ਸੀ, ਹਾਰ ਜਿੱਤ ਰੱਬਦੇ ਹੱਥ ਹੈ, ਥੋੜੀ ਜੇਹੀ ਲੜਾਈ ਕਰਕੇ ਸ਼ਾਹਨਿਵਾਜ਼ ਦੀ ਫੌਜ ਦੇ ਪੈਰ ਹੱਲਣੇ

Sri Satguru Jagjit Singh Ji eLibrary NamdhariElibrary@gmail.com

ਕਰ ਸ਼ਾਹ ਨਿਵਾਜ ਦੀ ਗੁਝੀ ਕੱਟ ਗਈ, ਦੁਰਾਨੀ ਹੱਲਾ ਕਰਕੇ ਸ਼ਹਿਰ ਵਿੱਚ ਆ ਵੜੇ, ਕਾਜੀਆਂ ਤੇ ਮੁਗਲਾਂ ਦੇ ਮਹੱਲੇ ਵਿਚ ਤਾਂ ਕਿਸੇ ਦੇ ਘਰ ਕੁਛ ਨਾ ਛਡਿਆ, ਓਸ ਹੱਲੇ ਗੁੱਲੇ ਵਿਚ ਹੋਰਲੀ ਅਣੇਕ ਲੁਟੇਰੇ ਲੁੱਟਣ ਉੱਠ ਪਏ, ਜਿਨ੍ਹਾਂ ਨੇ ਲੁਟ ਮਾਰਕੇ ਸ਼ਹਿਰ ਦਾ ਸਤਿਆਨਾਸ ਕਰਘੱਤਿਆ, ਸ਼ਾਹਨਿਵਾਜ਼ ਦਿੱਲੀ ਦੀ ਤਰਫ ਦੌੜ ਗਿਆ, ਅਹਮਦ ਸ਼ਾਹ ਨੇ ਸ਼ਹਿਰ ਨੂੰ ਅਮਨ ਦੇਕੇ, ਲਖਪਤ ਰਾਇ ਨੂੰ ਕੈਦ ਵਿਚੋਂ ਛੱਡਕੇ ਦੀਵਾਨ ਬਣਾਇਆ, ਤੇ ਮੋਮਨ ਖਾਂ ਨੂੰ ਨਾਇਬ ਕਾਇਮ ਕਰਕੇ ਸਤਾਂ ਦਿਨ ਠੇਰਾ ਲਾਈ ਰਖਿਆ। ਜਦ ਹੋਰ ਫੌਜ ਕਾਬਲੋਂ ਆਈ ਤਾਂ ਦਿੱਲੀ ਵਲ ਤੁਰ ਪਿਆ। ਤਿਧਰੋਂ ਸ਼ਾਹਜ਼ਾਦਾ ਅਹਮਦ ਤੇ ਵਜ਼ੀਰ ਕਮਰ ਦੀਨ ਫੌਜ ਲੈਕੇ ਲਾਹੌਰ ਦੀ ਸੂਬੇਦਾਰੀ ਪਰ ਵਜ਼ੀਰ ਦੇ ਬੇਟੇ (ਮੀਰ ਮੁਜੱਨੁਲ ਮੁਲਕ) ਮੀਰ ਮੰਨੂੰ ਨੂੰ ਕਾਇਮ ਕਰਨ ਵਾਸਤੇ ਪੈਹਲੇ ਹੀ ਦਿੱਲੀ ਤੋਂ ਤੁਰ ਆਇ ਸੋ ॥

ਜੰਗ ਸਰਹੰਦ ਤੇ ਮੁਗਲਾਂ ਤੋਂ ਪਠਾਣ ਹਾਰੇ

ਜਦ ਦੁਰਾਨੀ ਸ਼ਾਹ ਦਾ ਲਾਹੌਰ ਆਉਣਾ ਸੁਣਿਆਂ ਤਾਂ ਸਰਹੰਦ ਹੀ ਠੈਹਰ ਗਏ ਏਥਨੇ ਨੂੰ ਸ਼ਾਹ ਦੁਰਾਨੀ ਭੀ ਸਰਹੰਦ ਪਹੁੰਚ ਗਿਆ, ਦੋਹਾਂ ਦਲਾਂ ਦੀ ਲੜਾਈ ਹੋਣ ਲੱਗੀ, ਹਾਥੀ ਉੱਤੇ ਬੈਠੇ ਵਜ਼ੀਰ ਕਮਰੁ ਦੀਨ ਦੇ ਸ਼ਰੀਰ ਨੂੰ ਕਿਸੇ ਸੂਰਬੀਰ ਦਾ ਤੀਰ ਚੀਰ ਗਿਆ, ਪਰ ਮੀਰਮੰਨੂੰ ਜੋ ਓਸਦਾ ਪੁਤਰ ਬਣਾ ਕਹਾਦਰ ਓਸਦੇ ਸਾਥ ਹਾਥੀ ਪਰ ਬੈਠਾ ਸੀ, ਪਿਛੇ ਆਪ ਹੋ ਬੈਠਾ, ਏਸਨੇ ਵਜ਼ੀਰ ਦੇ ਮਰਜਣ ਦੀ ਸਰਾ ਭੀ ਧੁਖ ਨਾ ਨਿਕਲਨ ਦਿੱਤੀ, ਸਗੋਂ ਓਸਨੂੰ ਓਸੇਤਰਾਂ ਬੈਠਾ ਰੱਖਕੇ ਹਾਥੀ

Sri Satguru Jagjit Singh Ji eLibrary NamdhariElibrary@gmail.com

ਨੂੰ ਅੱਗੇ ਵਧਾ ਕਰ ਐਸੀ ਜੋਰ ਸ਼ੋਰ ਨਾਲ ਲੜਾਈ ਛੀਤੀ, ਜੋ ਦੁਰਾਨੀ ਨਠਾ ਦਿੱਤੇ ।

ਮੀਰਮੰਨੂ ਲਾਹੌਰ ਤਾਂਈ ਓਨਾਂ ਦਾ ਪਿੱਛਾ ਵੱਧੀ ਗਿਆ, ਬਹੁਤ ਦੁਰਾਨੀ ਮਾਰੇ; ਛੇਕੜ ਅਹਮਦਸ਼ਾਹ ਤਾਂ ਸਿਧਰੋਂ ਆਯਾ ਸੀ, ਓਧਰ ਹੀ ਮੁੜ ਗਿਆ ਤੇ ਮੀਰ ਮੰਨੂੰ ਨੇ ਲਾਹੌਰ ਦੀ ਸੂਬੇਦਾਰੀ ਜਾ ਰੋਕੀ। ਦੀਵਾਨ ਕੌੜਾ ਮੱਲ ਨੂੰ ਦੀਵਾਨੀ ਦਾ ਖਿਤਾਬ ਖਿਲਤ ਦੇਕੇ ਸਭ ਕੰਮ ਸੌਂਪ ਦਿਤਾ ਅਤੇ ਲਖਪਤ ਰਾਇ ਨੂੰ ਕੈਦ ਕਰਕੇ ਤੀਹ ਲਖ ਰੁਪਯਾ ਚਟੀ ਲਾਈ, ਜਿਸ ਵਿਚੋਂ ਬਾਈ ਲਖ ਤਾਂ ਓਸਦੀ ਜਾਇਦਾਦ ਜ਼ਬਤ ਕਰਕੇ ਵੱਟ ਲਿਆ ਤੇ ਬਾਕੀ ਵਿਚ ਕੌੜਾ ਮਲ ਨੇ ਓਸਨੂੰ ਇਕ ਪਖਾਨੇ ਬੁਰਜ ਵਿਚ ਕੈਦ ਰੱਖਕੇ ਸਿੰਘਾਂ ਦੇ ਹਵਾਲੇ ਕਰ ਦਿਆ। ਓਸਦੀ ਬੁਰਾਈ ਦੇ ਪੂਰੇ ਹੋਏ ਬਹੁਤ ਲੋਕ ਆਕੇ ਓਸੇ ਥਾਂ ਪਖਾਨੇ ਹੱਂਦੇਸੇ, ਓਸ ਰੌਰਵ ਨਰਕ ਦਾ ਛੀ ਮਹੀਨੇ ਕਸ਼ਟ ਭੋਗ ਕੇ ਛੇਕੜ ਦੋਜਖ ਵਿਚ ਜਾ ਪਿਆ ।

ਏਸੇ ਕਰਕੇ ਪਰਮੇਸ਼ੁਰ ਨਜਾਇਕਾਰੀ ਸਭ ਨੇ ਮੰਨਜਾਂ ਹੈ। ਜੀਵ ਨੂੰ ਕਰਮ ਕਰਨੇ ਵਿਚ ਤਾਂ ਸੁਤੰਤ੍ਰਤਾ ਹੈ, ਤੇ ਅਪਣੇ ਕਰਮਾਂ ਦਾ ਫਲ ਭੋਗਣ ਵਿਚ ਪਤੰਤ੍ਰਤਾ ਹੈ।

ਲਖੂ ਨੇ ਜੈਸੇ ਜੁਲਮ ਸਿੰਘਾਂ ਨਾਲ ਕੀਤੇ ਸੇ, ਪ੍ਰੀਸ਼ੁਰ ਨੇ ਤੈਸੇ ਦੁਖ ਓਸਨੂੰ ਭੁਗਾਏ ਹੈ। ਏਹ ਲਖਪਤ ਤੇ ਜਸਪਤ ਦੋਵੇਂ ਵੱਡੀ ਛਾਵੀ ਭਾਵੇ ਜ਼ਾਲਮ ਹੋਏ ਹਨ ਤਾਂਹੀ ਅਜ ਤਕ ਸਭ ਸਿਖ ਓਨਾਂ ਨੂੰ ਜੱਦੂ ਭੱਦੂ ਆਖਦੇ ਰਹਿੰਦੇ ਹਨ ।

ਜਦ ਸਿੰਘਾਂ ਦਾ ਦਲ ਕਸੌਲੀ ਤੇ ਪਠਾਣ ਕੋਟ ਦੇ ਇਰਦ ਗਿਰਦ ਲਖਪਤ ਦੀਵਾਨ ਨਾਲ (ਘੱਲੂਘਾਰਾ) ਭਾਰਾ ਜੰਗ ਕਰਕੇ ਮਾਲਵੇ ਦੇਸ ਵਿਚ ਜਾ ਰਿਹਾ ਤਾਂ ਚਾਰੂ

Sri Satguru Jagjit Singh Ji eLibrary NamdhariElibrary@gmail.com

ਮਹੀਨੇ ਵਿਚ ਸਬਦੇ ਜਖਮ ਰਾਜੀ ਹੋਗਏ ਤੇ ਨਾਲੇ ਜੇਹੜੇ ਸਿੰਘ ਓਸ ਬਿਪਤਾ ਦੇ ਸਮੇਂ ਪਹਾੜਾਂ ਵਿਚ ਵੜ ਗਏ ਸਨ ਓਨ੍ਹਾਂ ਵਿਚੋਂ ਅਨੇਕਤਾਂ ਪਹਾੜੀ ਰਾਜਾਂ ਨੇ ਸੂਬੇ ਦੇ ਹੁਕਮ ਅਨੁਸਾਰ ਛੜਕੇ ਮਰਵਾ ਸਿਟੇ, ਬਾਕੀ ਭੇਸ ਬਦਲ ੨ ਕੇ ਮਾਲਵੇ ਪੰਥ ਵਿਚ ਆ ਮਿਲੇ। ਏਸ ਘਲੂਘਾਰੇ ਵਿਚ ਸੱਤਕੁ ਹਜਾਰ ਸਿੰਘ ਸ਼ਹੀਦ ਹੋਯਾ, ਸੋਈ ਉਤਨੇ ਕੁ ਨਵੇਂ ਸਿੰਘ ਹੋਰ ਸਜ ਗਏ।

ਜਦ ਕਾਬਲੀ ਮਾਏ ਤੇ ਲਾਹੌਰ ਤੇ ਸਰਹੰਦ ਦੋਹਾਂ ਬਾਦਸ਼ਾਹੀ ਦਲਾਂ ਦਾ ਛੋੜ ਹੋ ਪਿਆ ਤਾਂ ਮੁਲਕ ਮਾਲਵੇ ਤੇ ਪੰਜਾਬ ਵਿਚ ਫੇਰ ਖਰੂਦ ਮਚ ਗਿਆ, ਲੁਟੇਰੇ ਲੋਗਾਂ ਨੇ ਲੁਟ ਮਾਰ ਦੀ ਧੂਮ ਧਾਮ ਕਰ ਦਿਤੀ। ਛੀ ਮਹੀਨੇ ਜਦ ਤਕ ਮੀਰ ਮੰਨੂ ਦਾ ਸਿੱਕਾ ਨਾ ਬੈਠਾ ਤਦ ਤਾਈਂ ਲੁਟੇਰੇ ਲੋਗਾਂ ਨੇ ਚੰਗੇ ਹੱਥ ਰੰਗੇ।

ਰਾਮਗੜ ਦਾ ਕਿਲਾਬਨਾਉਨਾ ਤੇਓਥੇਜੁਧਹੋਣਾ

ਓਸੇ ਸਮੇਂ ਸਿੰਘਾਂ ਨੇ ਗੁਰਮਤਾ ਕਰਕੇ ਸ੍ਰੀ ਅੰਮ੍ਰਿਤਸਰ ਵਿਚ ਰਾਮਸਰ ਤੀਰਥ ਦੇ ਕਿਨਾਰੇ ਸੰਃ ੧੮੦੭ ਬਿਃ ਵਿਚ ਇਕ ਕੱਚਾ ਕਿਲਾ ਰਾਮਗੜ ਨਾਮੀ ਉਸਾਰਿਆ, ਜਿਸਦੇ ਨਿਸ਼ਾਨ ਬੁਰਜ ਕੰਧਾਂ ਅਸਾਂ ਅਖੀ ਵੇਖੇ ਹਨ, ਹੁਣ ਓਥੇ ਗੁਰਦਵਾਰੇ ਦੇ ਪੁਜਾਰੀਆਂ ਨੇ ਆਪਣੀ ਮਰਜੀ ਦੇ ਮਕਾਨ ਬਣਾ ਲੀਤੇ, ਕੁਛ ਬੁਰਜ ਖੜੇ ਬੀ ਹਨ, ਓਸ ਕਿਲੇ ਦੇ ਚੁਫੇਰੇ ਸਿੰਘਾਂ ਨੇ ਜੇਹੜੀ ਪੈਲੀ ਬੀਜੀ ਸੀ ਓਸ ਜਮੀਨ ਦਾ ਨਾਮ ਭੀ ਰਾਮ ਰੌਣੀ ਮਸ਼ਹੁਰ ਹੋਗਿਆ ਜੋ ਹੁਣ ਛਤ ਬੋਲੀ ਜਾਂਦੀ ਹੈ। ਏਸ ਕਿਲੇ ਵਿਚ ਏਧਰੋਂ ਓਧਰੋਂ ਜੰਞੀ ਸਾਮਾਨ, ਘਾਟ, ਅੰਨ ਦਾ ਜ਼ਖੀਰਾ ਸਿੰਘਾਂ ਨੇ ਬਹੁਤ ਕਠਾ ਕਰਲਿਆ।

Sri Satguru Jagjit Singh Ji eLibrary NamdhariElibrary@gmail.com

ਮੀਰ ਮੰਨੂ ਨੇ ਸਿੰਘਾਂ ਦੇ ਖੰਦੋਬਸਤ ਵਾਸਤੇ ਗਸ਼ਤੀ ਫੌਜ ਚਲ੍ਹਾ ਦਿਤੀ ਤੇ ਪਹਾੜੀ ਰਾਜਿਆਂ ਨੂੰ ਲਿਖ ਭੇਜਿਆ ਤੁਸੀਂ ਆਪਣੇ ੨ ਦੇਸ ਵਿਚ ਕਿਸੇ ਸਿੰਘ ਨੂੰ ਵੜਨ ਨਹੀਂ ਦੇਣਾ ਜੇਹੜਾ ਮਿਲੇ ਤਾ ਬੜ੍ਹ ਤੋੜ ਛੜਕੇ ਮੇਰੇ ਪਾਸ ਲਾਹੌਰ ਭੇਜ ਦਿਓ। ਜਾਲੰਧਰ ਵਿਚ ਅਦੀਨਾ ਬੇਗ ਖਾਂ ਨੂੰ ਦੁਆਬੇ ਦਾ ਹਾਕਮ ਕੀਤਾ। ਹੋਰ ਸਿਆਲਕੋਟ ਜਿਹਲਮ, ਰੁਤਾਸ ਆਦਿਕ ਸਥਨੀ ਥਾਂਈ ਆਪਣੇ ਆਦਮੀ ਹਾਕਮ ਕਰਕੇ ਸਿਖਾਂ ਦੇ ਮਾਰਣ ਫੜਨ ਦਾ ਹੁਕਮ ਦੇ ਦਿਤਾ। ਜੇਹੜੇ ਸਿਖ ਫੜੇ ਹੋਏ ਲਾਹੌਰ ਜਾਂਦੇ ਓਹ ਸਥ ਨਿਖਾਸਚੋਕ ਵਿਚ ਕਤਲ ਕੀਤੇ ਜਾਂਦੇ, ਪਰ ਸਿੰਘ ਭੀ ਐਸੇ ਜ਼ੋਰਾਵਰ ਤੇ ਸੂਰਬੀਰ ਸੇ ਜੋ ਓਨਾਂ ਦੇ ਕਾਬੂ ਬਹੁਤ ਘੱਟ ਚੜ੍ਹਦੇ ॥

ਛੇਕੜ ਅੰਮ੍ਰਿਤਸਰ ਵੈਸਾਖੀ ਨੂੰ ਪੰਜ ਸੱਤ ਹਜ਼ਾਰ ਸਿੰਘ ਕੱਠਾ ਹੋਯਾ ਸੁਣਕੇ ਮੀਰ ਮੰਨੂ ਨੇ ਕੌੜਾਮਲ ਤੇ ਅਦੀਨਾ ਬੇਗ ਖਾਂ ਸਦੀਕ ਬੇਗ ਆਦਿਕ ਅਫਸਰਾਂ ਨੂੰ ਬਹੁਤ ਫੌਜ ਦੇਕੇ ਅੰਮ੍ਰਿਤਸਰ ਭੇਜ ਦਿੱਤਾ। ਸਿੰਘ ਭੀ ਮੋਰਚੇ ਬੰਨਕੇ ਰਾਮਗਾੜ ਦੇ ਪਾਸ ਸਾਹਮਣੇ ਹੋ ਖੜੋਤੇ। ਜਦ ਏਹ ਖਬਰ ਦੇਸ ਵਿਚ ਹੋਈ ਤਾਂ ਆਪਣੇ ੨ ਘਰਾਂ ਤੋਂ ਘੋੜੇ, ਖਚਰ, ਊਠ ਆਟੇ ਦਾਣੇ ਦੇ ਲੱਦ ਲੱਦਕੇ ਬਹੁਤ ਸਿੰਘ ਲੈ ਆਏ।ਦੋ ਮਹੀਨੇਮੋਰਚੇ ਲਗੇ ਰਹੇ, ਸ਼ਾਹੀ ਸੈਨਾਂ ਤੋਂ ਕਿਲਾ ਨ ਟੁੱਟਾ, ਪਰ ਘਾਹ ਦਾਣਾ ਮੁੱਕੇ ਤੋਂ ਜਦ ਸਿੰਘਾਂ ਨੇ ਬਾਹਰ ਹੋਕੇ ਸ਼ਹੀਦ ਹੋਣਦੀ ਮਥ ਲਈ ਓਦੋਂ ਮੀਰ ਮੰਨੂ ਦੀ ਤਰਫੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਭੀ ਲੜਨ ਆਯਾ ਹੋਯਾ ਸੀ। ਇਕ ਵਾਰੀ ਏਸ ਜੱਸਾ ਸਿੰਘ ਦੀ ਬਾਬਤ ਝੂਠੀ ਜਾਂ ਸੱਚੀ ਏਹ ਗਲ ਉਡ ਗਈ ਸੀ ਕਿ ਏਸਦੇ ਘਰ ਬੇਟੀ ਜੰਮੀ ਸੀ ਤਾਂ ਇਸ ਦੀ ਸਿੰਘਣੀ ਨੇ

Sri Satguru Jagjit Singh Ji eLibrary NamdhariElibrary@gmail.com

ਪਾਰ ਬੁਲਾਈ, ਏਸ ਗੱਲੋਂ ਭੁਨਖਾਜੀਯਾ ਕਰਕੇ ਪੰਥ ਖਾਲਸੇ ਨੇ ਛੇਮਦੀ ਕਰਤਨ ਛੱਡ ਦਿੱਤੀ ਸੀ।ਏਸ ਗਲ ਤੇ ਤੁੱਸੇ ਹੋਕੇ ਅਪਣੇ ਚੇਲਾਂ ਭਾਈਆਂ ਤੇ ਮੋ ਅਸਵਾਰ ਸਮੇਤ ਅਦੀਨਾ ਬੇਗ ਖਾਂ ਪਾਸ ਨੌਕਰ ਜਾ ਰਿਹਾ ਸੀ । ਹੁਣ ਸ਼ਾਹੀ ਹੁਕਮ ਅਨੁਸਾਰ ਸਿੰਘਾਂ ਨਾਲ ਲੜਦਾ ਭਾਂ ਸੀ, ਪਰ ਮਨੋ ਤਨੋ ਚਾਹੁੰਦਾ ਸੀ ਜੋ ਕਿਵੇਂ ਸਿੰਘਾਂ ਨਾਲ ਰਲ ਜਾਵਾਂ, ਕਿਉਂਕਿ ਮੇਰਾ ਧਰਮ ਨਹੀਂ ਜੋ ਬੁਕ ਛਾਵੀ ਉਪਰ ਛੀਰ ਰੋਲੀ ਚਲਾਵਾਂ। ਏਹੋ ਸੋਚ ੨ ਕੇ ਓਛਕ ਤੀਰ ਨਾਲ ਬੰਨਕੇ ਏਹਾਵੀ ਚਿਠੀ ਸਿੰਘਾਂ ਪਾਸ ਭੇਜ ਦਿਤੀ ਜੋ ਮੈਨੂੰ ਖਾਲਸਾ ਮੇਲ ਲਵੇ ਭਾਂ ਮੈਂ ਆ ਜਾਵਾਂ? ਪੰਥ ਖਾਲਸੇ ਨੇ ਉਸੇ ਭਰਾਂ ਤੀਰ ਨਾਲ ਜਵਾਬ ਦਿਤਾ ਕਿ ਅਸੀ ਬੜੀ ਖੁਸ਼ੀ ਨਾਲ ਤੁਹਾਨੂੰ ਮੇਲਦੇ ਹਾਂ, ਤੁਸੀ ਆ ਜਾਓ । ਏਹ ਚਿਠੀ ਪੜਕੇ ਸਰਦਾਰ ਜਸਾ ਸਿੰਘ ਆਪਣੇ ਸਾਥੀਆਂ ਸਮੇਤ, ਰਾਤ ਦੇ ਵਕਤ, ਮੁਸਲਮਾਨਾਂ ਦਾ ਮੋਰਚਾ ਲੈਕੇ ਕਿਲੇ ਵਿਚ ਚਲਾ ਆਯਾ। ਕਈ ਦਿਨ ਅੰਦਰੋਂ ਫੇਰ ਸਿੰਘ ਲੜਦੇ ਰਹੇ ਤੇ ਰਾਤ ਨੂੰ ਸ਼ਾਹੀ ਸੈਨਾਂ ਪਰ ਮਾਰੋ ਮਾਰ ਛੀ ਕਰ ਜਾਂਦੇ ਰਹੇ।

ਅਹਮਦਸ਼ਾਹ ਦਾ ਤੀਜਾ ਹੱਲਾ ਸੰਃ ੧੮੦੮ ਬਿਃ

ਅਜੇ ਕਿਸੇ ਦੀ ਜਿਤ ਹਾਰ ਨਹੀਂ ਹੋਈ ਸੀ ਕਿ ਅਹਿਮਦ ਸ਼ਾਹ ਦੁਰਾਨੀ ਦੇ ਆਉਣ ਦੀ ਅਵਾਈ ਉਡ ਪਈ ਜਿਸ ਨੂੰ ਸੁਣਦੇ ਸਾਰ ਮੀਰ ਮੰਨੂੰ ਦੇ ਛਕੇ ਛੁਟ ਗਏ, ਕਿਉਂਕਿ ਏਸਦੀ ਫੌਜ ਨੂੰ ਸਿੰਘਾਂ ਨੇ ਜਰਨਲੀ ਕਰਕੇ ਥਕਾ ਛੱਡਿਆ ਸੀ। ਦੁਰਾਨੀਆਂ ਨਾਲ ਟੱਕਰ ਖਾਣ ਜੋਗੀ ਨਾ ਦੇਖਕੇ

Sri Satguru Jagjit Singh Ji eLibrary NamdhariElibrary@gmail.com

ਦੀਵਾਨ ਕੌੜਾ ਮਲ ਦੇ ਚਾਹੀਂ ਸਿੰਘਾਂ ਨਾਲ ਚਾਲ ਮਾਲ ਕਰ ਸਹਾਇਤਾ ਚਾਹੀ, ਨਾਲੇ ਅਹਿਮਦਸ਼ਾਹ ਪਾਸ ਅਰਜ਼ੀ ਭੇਜ ਦਿਤੀ ਕਿ ਮੈਂ ਆਪਦਾ ਤਾਬੇਦਾਰ ਹਾਂ, ਜੋ ਮਰਜ਼ੀ ਚਾਹੋ ਏਨ ਮਨਾ ਲੌ । ਫੇਰ ਚਨਾਬ ਨਦੀ ਦੇ ਕਿਨਾਰੇ ਆਪ ਭੀ ਕਾਬੁਲੀ ਬਾਦਸ਼ਾਹ ਨੂੰ ਜਾ ਮਿਲਿਆ, ਪੰਦਰਾਂ ਲੱਖ ਰੁਪਯਾ ਨਕਦ ਨਜ਼ਰ ਕੀਤਾ ਅਤੇ ਜੋੜ੍ਹਾ ਮਾਮੁਲਾ ਪਰਗਣੇ ਸਜਾਲਕੋਟ ਤੇ ਗੁਜਰਾਤ ਦਾ ਨਾਦਰਸ਼ਾਹ ਨੂੰ ਸੁਬਾਖਾਨ ਬਹਾਦਰ ਤੇ ਬਿਜੇਖਾਂ ਭੇਜਦੇ ਰਹੇ ਸੋ, ਓਹੋ ਏਸਨੇ ਅੱਗੇ ਨੂੰ ਦੇਣਾ ਮੰਨਕੇ ਲਿਖਤ ਕਰ ਦਿਤੀ ਤਾਂ ਅਹਿਮਦ ਸ਼ਾਹ ਪਿਛੇ ਨੂੰ ਮੁੜਿਆ ॥

ਸੂਬੇ ਦੀ ਸਿੰਘਾਂ ਨਾਲ ਸੁਲਾ ਸਫਾਈ ਤੇ ਸਿੰਘਾਂ ਦੀ ਮਦਦ ਨਾਲ ਮੁਲਤਾਨ ਫਤੇ ਕਰਨਾ

ਜਦ ਮੀਰਮੰਨੂ ਦੀ ਏਹ ਚਾਲ ਦਿਲੀ ਦੇ ਬਾਦਸ਼ਾਹ ਨੇ ਸੁਣੀ (ਜੋ ਓਦੋਂ ਹੀ ਸਫਦਰ ਜੰਗ ਲਖਨਊ ਦੇ ਸੂਬੇ ਦੀ ਮਦਦ ਨਾਲ ਤਖਤ ਉਪਰ ਬੈਠਾ ਸੀ) ਤਾਂ ਗੁਸੇ ਦਾ ਪਰਵਾਨਾ ਲਿਖਿਆ ਤੇ ਮੀਰਮੰਨੂ ਤੋਂ ਮੁਲਤਾਨ ਛੁਡਾਕੇ ਸ਼ਾਹਨਿਵਾਜ਼ ਨੂੰ ਮੁਲਤਾਨ ਦਾ ਸੂਬਾ ਬਣਾਕਰ ਦਿਪਾਲ ਪੁਰ ਦੇ ਰਸਤੇ ਮੁਲਤਾਨ ਪਹੁੰਚਾ ਦਿਤਾ । ਮੀਰਮੰਨੂ ਨੇ ਏਸ ਗੱਲੋਂ ਗੁੱਸਾ ਖਾਕੇ ਦੀਵਾਨ ਕੌੜਾਮਲ ਨੂੰ ਹੁਕਮ ਦਿਤਾ ਕਿ ਮੁਲਤਾਨੋਂ ਸ਼ਾਹ ਨਿਵਾਜ਼ ਨੂੰ ਕੱਢਕੇ ਪਹਿਲੇ ਵਾਂਗੂੰ ਉਥੋਂ ਦੀ ਹਕੂਮਤ ਨੂੰ ਕਰ । ਕੌੜਾਮੱਲ ਨੇ ਸਿੰਘਾਂ ਦੀ ਬਹਾਦਰੀ ਤੇ ਨਿਸਕਪਟ ਭੁਲੇ ਭਾਲੇ ਸੁਭਾਵ ਦੀ ਬਹੁਤ ਸਾਰੀ ਵੱਡਆਈ ਮੀਰ ਮੰਨੂ ਪਾਸ ਕਰਕੇ ਓਸਨੂੰ ਰਿਝਾ ਲਿਆ ਤੇ ਸਿੰਘਾਂ ਨੂੰ ਆਖਣ,

Sri Satguru Jagjit Singh Ji eLibrary NamdhariElibrary@gmail.com

ਤੁਸੀ ॥) ਅਠਆਨੇ ਪਜਾਵਾ, ੨) ਰੁਪਯਾ ਅਸਵਾਰ, ੫) ਪੰਜ ਰੁਪਏ ਸਰਦਾਰ ਤੇ ਨਾਲੇ ਸੁਖੇ ਦੀ ਮਿਠੀ ਦੇਗ ਮੈਥੋਂ ਰੋਜ ਲਵੇ ਤੇ ਮੇਰੇ ਨਾਲ ਮੁਲਤਾਨ ਚੱਲਕੇ ਅਪਣੇ ਵੈਰੀ ਖਾਨਬਹਾਦਰ ਦੇ ਪੁੱਤ੍ਰ ਨੂੰ ਸੋਧੇ।

ਏਹ ਗਲ ਸੁਣਦੇ ਸਾਰ ਸਭ ਸਿੰਘ ਉਸਦਾ ਬਚਨ ਮੰਨਕੇ ਤਿਆਰ ਹੋ ਗਏ। ਖਾਨਬਹਾਦੁਰ ਦੇ ਪੁਤ੍ਰ ਨੂੰ ਸੋਧਣ ਲਈ ਬੜੇ ਉਤਸ਼ਾਹ ਨਾਲ ਹੋਰ ਭੀ ਮਝੈਲ ਮਲਵਈ ਕਠੇ ਆ ਹੋਏ। ਬਾਰਾਂ ਤੇਰਾਂ ਹਜ਼ਾਰ ਸਿੰਘ ਬੜੀ ਖੁਸ਼ੀ ਨਾਲ ਉਸਦੇ ਨਾਲ ਚੜ੍ਹ ਬੈਠਾ। ਫੇਰ ਤਾਂ ਮੀਰਮੰਨੂ ਨੇ ਭੀ ਖੁਸ਼ੀ ਹੋਕੇ ਬਹੁਤ ਮਦਦ ਕੀਤੀ, ਫੱਗਣ ਸੰਃ ੧੮੦੮ ਵਿਃ ਨੂੰ ਸ਼ਾਹਨਿਵਾਜ ਨਾਲ ਸਿੰਘਾਂ ਨੇ ਢਾਗ ਜਾ ਖੇਲਜਾ, ਓਸਨੂੰ ਮੁਲਤਾਨ ਵਿੱਚ ਜਾ ਘੇਰਜਾ, ਗੋਲੇ, ਗੋਲੀ, ਕੁਮਕੁਮੇ, ਤੀਰ, ਪਿਚਕਾਰੀਆਂ, ਗੁਲਾਲ ਦੀਆਂ ਮੁਠਾਂ, ਗੁਬਾਰੇ, ਮਾਰ ੨ ਦੀ ਆਵਾਜ਼, ਧਮਾਰ ਰਾਗ ਗਾਉਂਦੇ ਹੋਏ ਸਿੰਘਾਂ ਨੇ ਬਹੁਤ ਮਾਰੇ ਬੁਕਾਰੇ ਕਰਕਰ ਹੋਲਾ ਖੇਡਜਾ, ਛੀ ਮਹੀਨੇ ਜੰਗ ਲੱਗਾ ਰਿਹਾ। ਬੋਲ੍ਹਾਮੱਲ ਨੇ ਵੱਡਜਾਂ.੨ ਸਿੰਘਾਂ ਨੂੰ ਅੱਗੇ ਕਰ ਦਿਤਾ, ਸਿੰਘਾਂ ਨੇ ਢਾਲਾ, ਘਾਸ, ਕਿਲੇ ਵਿਚ ਜਾਣਾ ਰੋਕ ਕੇ ਸ਼ਹਿਰ ਵਿਚੋਂ ਰਸਤ ਲਿਆਉਣ ਦਾ ਬੰਦੋਬਸਤ ਕਰ ਲੀਤਾ।

ਸ਼ਾਹ ਨਿਵਾਜ ਦਾ ਮਰਨਾ

ਓਧਰ ਜਦ ਭੁੱਖ ਨੇ ਦੁੱਖ ਦਿਤਾ ਤਾਂ ਸ਼ਾਹਨਿਵਾਜ ਬਾਹਰ ਨਿਕਲ ਕੇ ਲੜਨ ਲੱਗਾ, ਭੁਲਾ ਮੈਦਾਨ ਵਿਚ ਆਏ ਸ਼ਿਕਾਰ ਨੂੰ ਸਿੰਘ ਕਦੋਂ ਛੱਡਦੇ ਸੇ ? ਹੱਲਾ ਕਰ ਦਿਤਾ, ਤਲਵਾਰਾਂ ਸੂਤ ੨ ਕਰ ਜਵਾਰ ਵਾਂਗੂ ਢਾਢੀ ਪਾ ਦਿਤੀ

Sri Satguru Jagjit Singh Ji eLibrary NamdhariElibrary@gmail.com

ਬੇਸ਼ੁਮਾਰ ਆਦਮੀ ਮਾਰ ਮੁਕਾਏ । ਭੀਮਸਿੰਘ ਬਹਾਦਰ ਨੇ ਐਡੀ ਫੁਰਤੀ ਕੀਤੀ ਕਿ ਸ਼ਾਹਨਿਵਾਜ ਦਾ ਸਿਰ ਹਾਥੀ ਉਤੋਂ ਕੱਟਕੇ ਨੇਜੇ ਪਰ ਟੰਗ ਲਿਆਇਆ ਤੇ ਕੌੜਾਮਲ ਅੱਗੇ ਆ ਰੱਖਯਾ। ਕੌੜਾਮਲ ਫਤੇ ਦੇ ਨਗਾਰੇ ਵਜਾਕੇ, ਰੱਖੜੀ ਵਾਲੇ ਦਿਨ ਕਿਲੇ ਵਿਚ ਜਾ ਵੜਿਆ ।

ਭੀਮ ਸਿੰਘ ਨੂੰ ਕੜਜਾਂ ਦੀ ਜੋੜੀ, ਸ਼ਸਤ੍ਰ ਬਸਤ੍ਰ, ਸੰਜੋਏ, ਚੰਗਾ ਘੋੜਾ ਇਨਾਮ ਦੇਕੇ ਬੜੀ ਇਜ਼ਤ ਵਧਾਈ । ਹੋਰ ਸਭ ਸਿੰਘਾਂ ਨੂੰ ਰੇਸ਼ਮੀ ਖੇਸ ਲੁੰਗੀਆਂ, ਲਾਚੇ ਸਰਦਾਰਾਂ ਸਮੇਤ, ਜਥਾਜੋਗ ਇਨਾਮ ਤੇ ਪਿਛਲੀ ਤਲਬ ਦੇਕੇ ਖੁਸ਼ੀ ਲਈ, ਸੁਖੈ ਦੀ ਮਿਠੀ ਦੇਗ ਅਤੇ ਕੜਾਹ ਪਰਸ਼ਾਦ ਛਕਾਏ ।

ਸ੍ਰੀ ਅੰਮ੍ਰਿਤਸਰ ਜੀਦਾ ਸਰੋਵਰ ਫਿਰ ਬਨਨਾ ਤੇ ਸਿੰਘਾਂ ਨੂੰ ਜਗੀਰ ਵਾਗੁਜਾਰ ਹੋਣੀ

ਏਸ ਫਤੇ ਦੀ ਖੁਸ਼ੀ ਵਿਚ ਮੀਰ ਮੰਨੂ ਨੇ ਕੌੜਾ ਮਲ ਨੂੰ ਮੁਲਤਾਨ ਦੀ ਸੂਬੇਦਾਰੀ ਤੇ ਮਹਾਰਾਜਗੀ ਦਾ ਖਿਤਾਬ,ਖਿਲਤ ਬਖਸ਼ਿਆ । ਜਦਪਿ ਦੀਵਾਨ ਕੌੜਾ ਮਲ ਤਾਂ ਪਹਿਲੇ ਹੀ ਗੁਰੂ ਕਾ ਸਿਦਕੀ ਸਿਖ ਸੀ,ਪਰ ਹੁਣ ਤਾਂ ਪਰਤੱਖ ਜਾਣਗਿਆ ਕਿ ਏਹ ਫਤੇ ਗੁਰੂ ਖਾਲਸੇ ਦੀ ਕ੍ਰਿਪਾ ਨਾਲ ਮੈਨੂੰ ਮਿਲੀ ਹੈ। ਯਾਰਾਂ ਹਜਾਰ ਰੁਪਯਾ ਨਕਦ ਸ੍ਰੀ ਗੁਰੂ ਰਾਮਦਾਸ ਜੀਦੀ ਨਜ਼ਰ ਦੇਕਰ, ਤਾਲਾਬ ਅੰਮ੍ਰਿਤਸਰ ਜੋ ਲਖਪਤ ਰਾਇ ਨੇ ਬਿਜੇ ਖਾਂ ਸੂਬੇਦੇ ਸਮੇਂ ਮਿੱਟੀ ਨਾਲ ਭਰਵਾ ਛੱਡਯਾਸੀ, ਮਿੱਟੀ ਕਢਵਾ ਕੇ ਖੂਹਾਂ ਦੇ ਪਾਣੀ ਨਾਲ ਭਰਵਾ ਦਿੱਤਾ । ਏਸ ਕੰਮ ਵਿੱਚ ਸਿੰਘਾਂ ਤੇ ਸੰਗਤਾਂ ਨੇ ਭੀ ਬੇ ਉੜਕੀ ਟਹਲ ਕੀਤੀ ਤੇ ਸੰਃ ੧੮੦੯ ਬਿਃ ਨੂੰ ਦੀਪਮਾਲਾ ਦਾ ਮੇਲਾ ਹੋਰ ਵਦੀ ਬਰਸ ਪਿੱਛੋਂ ਕੀਤਾ ।

Sri Satguru Jagjit Singh Ji eLibrary NamdhariElibrary@gmail.com

ਮਹਾਰਾਜੇ ਕੌੜਾ ਮੱਲ ਨੇ ਮੀਰ ਮੰਨੂ ਪਾਸ ਸਿੰਘਾਂ ਦੀ ਬਹੁਤ ਸਿਫ਼ਾਰਸ਼ ਤੇ ਬਹਾਦਰੀ ਸਿਤਲਾਕੇ ਸਿੰਘਾਂ ਨੂੰ ਨਿਵੱਲੇ ਰੱਖਣ ਵਾਸਤੇ, ਪਰਗਨਾ ਚੂਹਨੀ ਤੇ ਝੁਬਾਲ ਜੋ ਛਟੀ ਵਾਰੀ ਪੰਥ ਦੇ ਹਥ ਆਕੇ ਜਬਤ ਹੁੰਦਾ ਗਿਆ ਸੀ, ਵਾਪ੍ਰਸ ਕਰਾ ਦਿਤਾ।

ਅਹਿਮਦਸ਼ਾਹ ਅਬਦਾਲੀ ਦਾ ਚੌਥਾ ਹੱਲਾ

ਸੰਃ ੧੮੧੦ ਬਿਃ ਵਿਚ ਪੰਜਾਬ ਚਤੇ ਕਰਨੀ

ਮੁਲਤਾਨ ਚਤੇ ਕਰਕੇ ਮੀਰਮੰਨੂ ਨੇ ਸਰਹੰਦ ਵੀਆਪਣੇ ਕਬਜੇ ਕਰਕੇ ਉਥੇ ਆਪਣੇ ਪੁੱਤ੍ਰ ਸਦੀਕਬੇਗ ਨੂੰ ਸੂਬਾ ਕਾਯਮ ਕਰ ਦਿਤਾ। ਇਕਨਾਂ ਸਿੰਘਾਂ ਨਾਲ ਅੱਛੀ ਬਣ ਗਈ ਸੀ ਤੇ ਦੂਸਰੇ ਮੁਲਤਾਨ, ਸਰਹੰਦ, ਲਹੌਰ ਏਹ ਤਿੰਨ ਸੂਬੇਦਾਰੀਆਂ ਹੱਥ ਆਉਣੇ ਕਰ ਮੀਰ ਮੰਨੂ ਦੀਆਂ ਅੱਖਾਂ ਅੱਗੇ ਸਭੋਂ ਦੁਲ ਗਈ, ਦੋਹਾਂ ਬਾਦਸ਼ਾਹਾਂ ਨੂੰ ਠੁੱਠ ਦਿਖਾਯਾ, ਮਾਂਹ ਦੇ ਆਟੇ ਵਾਂਗੂ ਆਕੜ ਬੈਠਾ॥

ਸ਼ਾਹਦੁਰਾਨੀ ਨੇ ਆਪਣਾ ਮਾਮੁਲਾ ਲੈਣ ਵਾਸਤੇ ਦੋ ਤਿੰਨ ਵਾਰੀ ਲਿਖਜਾ, ਜਦ ਕੋਈ ਜਵਾਬ ਏਧਰੋਂ ਨਾ ਗਿਆ ਤਾਂ ਸ਼ਾਹ ਨੇ ਆਪਣੇ ਮਾਤਬਰ ਜੀਉਣ ਮੱਲ ਨੂੰ ਭੇਜਜਾ, ਪਰ ਨਵਾਬ ਮੀਰ ਮੰਨੂ ਨੇ ਫੇਰ ਵੀ ਟਾਲਾ ਵਾਲਾ ਕਰ ਛੱਡਜਾ।

ਅਹਿਮਦ ਸ਼ਾਹ ਅਬਦਾਲੀ ਨੇ ਸੋਚਿਆ ਕਿ ਮੀਰ ਮੰਨੂ ਨੇ ਤਾਂ (ਨੈਲੰਘੀ ਖ਼ਾਜਾ ਵਿਸਰਜਾ) ਏਹ ਗੱਲ ਕੀਤੀ, ਚਲੋ ਹੁਣ ਆਪ ਹੀ ਹਿੰਮਤ ਕਰੀਏ॥

ਅਹਿਮਦ ਸ਼ਾਹ ਅਬਦਾਲੀ ਸੰਮਤ ੧੮੧੦ ਬਿਃ ਦੇ ਲਗਦੇ ਹੀ ਚੌਥੀ ਵਾਰੀ ਫੇਰ ਹਿੰਦੁਸਤਾਨ ਵੱਲ ਚੜ੍ਹ ਆਯਾ। ਨਵਾਬ ਮੀਰ ਮੰਨੂ ਨੇ ਏਹ ਸੁਣਕ ਸੱਤ੍ਰ ਹਜ਼ਾਰ ਅਸਵਾਰ

Sri Satguru Jagjit Singh Ji eLibrary NamdhariElibrary@gmail.com

ਆਪਣਾ ਕੱਠਾ ਕਰ ਲਿਆ, ਤੇ ਮਹਾਰਾਜੇ ਕੌੜਾ ਮੱਲ, ਸਦੀਕ ਬੇਗ, ਅਦੀਨਾਬੇਗ; ਕਰਮ ਬਖਸ਼ ਆਦਿਕ ਆਪਣੇ ਭਾਬੇਦਾਰਾਂ ਨੂੰ ਭੀ ਬੁਲਾ ਲਿਆ, ਸਭ ਆਪਣੀ ੨ ਫੌਜ ਲੈਕੇ ਲਾਹੌਰ ਆ ਕੱਠੇ ਹੋਏ ਤੇ ਕੌੜਾ ਮੱਲ ਦੇ ਕਹਣੇ ਕਰ ਮਿੰਘਾਂ ਨੂੰ ਭੀ ਬੁਲਾ ਲੀਤਾ। ਬਦਾਮੀਬਾਗ ਦੇ ਪਾਸ ਬਹੁਤ ਪੱਕੇ ਮੋਰਚੇ ਬੰਨੇ, ਸਭ ਸਾਮਾਨ ਜੰਗੀ ਸਿਜਲ ਜਮਾਂ ਕਰ ਲਿਆ। ਏਤਨੇ ਨੂੰ ਅਹਿਮਦ ਸ਼ਾਹ ਅਬਦਾਲੀ ਵੀ ਰਾਵੀ ਟੱਪ ਆਯਾ। ਪਹਿਲੇ ਮੈਦਾਨ ਦੀ ਲੜਾਈ ਕਰਕੇ ਦੂਜੇ ਦਿਨ ਮੀਰਮੰਨੂ ਮੋਰਚਜਾਂ ਵਿੱਚ ਆ ਬੈਠਾ। ਏਹ ਬਾਹਰ ਨਾ ਨਿਕਲੇ ਤੇ ਪਠਾਣ ਭੀ ਏਨ੍ਹਾਂ ਉਤੇ ਨਾ ਪੈ ਸਕੇ। ਚਾਰ ਮਹੀਨੇ ਦੋਹਾਂ ਪਾਸਜਾਂਦੇਲਸ਼ਕਰਾਂ ਨੇ ਦੂਰ ਦੂਰ ਤੱਕ ਦੇਸ ਉਜਾੜ ਕਰ ਦਿੱਤਾ, ਦੋ ਸੇਰ ਆਟਾ ਲਾਹੌਰੀ ਤੋਲਦਾ ਵਿਕ ਗਿਆ, ਘਾਸ, ਭੋਹ, ਤੂੜੀ ਤਾਂ ਦੋ ਸੇਰ ਭੀ ਰੁਪਏ ਦਾ ਨਾ ਮਿਲਜਾ, ਛੱਪਰ ਤੋੜ ੨ ਕੇ ਘੋੜਜਾਂ ਨੂੰ ਚਰਾਇ ਦਿਤੇ, ਖਲਕਤ ਨੇ ਭਾਰੀ ਭੋਜਲ ਦੇਖਜਾ, ਓੜਕ ਮੀਰ ਮੰਨੂ ਬਾਹਰ ਨਿਕਲ ਕੇ ਲੜਨ ਲਗਾ, ਤਿੰਨ ਦਿਨ ਲੜਾਈ ਕੀਤੀ, ਦੀਵਾਨ ਕੌੜਾ ਮਲ ਜਿਧਰ ਹੱਲਾ ਕਰੇ ਦੁਰਾਨੀਆਂ ਨੂੰ ਧੱਕਕੇ ਲੈ ਜਾਵੇ ਸਭ ਨੂੰ ਏਹੋ ਖਜਾਲ ਸੀ ਕਿ ਦੁਰਾਨੀਆਂ ਦੀ ਹਾਰ ਹੋਵੇਗੀ ਤੇ ਦੁਰਾਨੀ ਭੀ ਦਹਿਲ ਖੜੋਤੇ ਸੇ, ਪਰ ਹਾਰ ਜਿਤ ਰੱਬ ਦੇ ਹੱਥ ਹੈ, ਦੀਵਾਨ ਕੌੜਾ ਮਲ ਨੇ ਹੱਲਾ ਕਰਣ ਵਾਸਤੇ ਆਪਣੇ ਹਾਥੀ ਨੂੰ ਐਨ ਗਾਹੜੇ ਜੰਗ ਵਿੱਚ ਜਦ ਤੋਰ ਕੀਤਾ ਤਦ ਅਚਾਨਕ ਇਕ ਕਬਰ ਵਿੱਚ ਹਾਥੀ ਦਾ ਪੈਰ ਧਸ ਗਿਆ ਤੇ ਹਾਥੀ ਸਮੇਤ ਡਿੱਗ ਪਿਆ ॥

ਏਸ ਵਕਤ ਅਹਿਮਦ ਸ਼ਾਹ ਅਬਦਾਲੀ ਦਾ ਸਰਦਾਰ ਜਹਾਨ ਖਾਂ ਜੋ ਨਜ਼ੀਕ ਸੀ, ਦੋ ਹਜ਼ਾਰ ਅਸਵਾਰ ਲੈਕੇ ਬਿਜਲੀ

Sri Satguru Jagjit Singh Ji eLibrary NamdhariElibrary@gmail.com

ਵਾਂਗੂ ਆ ਪਿਆ ਤੇ ਦੀਵਾਨ ਫੌੜਾ ਮਲ੍ਹ ਦਾ ਸਿਰ ਉਤਾਰਕੇ ਨੇਜੇ ਉਪਰ ਉੱਚਾ ਕਰੇ ਲੈ ਗਿਆ। ਏਹ ਜਾਂ ਪਠਾਣਾਂ ਦੀ ਚਮੂ ਮਚੀ ਤੇ ਮੁਗਲੀ ਫੌਜ ਦਾ ਦਿਲ (ਐਡੇ ਵੱਡੇ ਬਹਾਦਰ ਤੇ ਲਾਇਕ ਰਾਜੇ ਦੇ ਮਰਜਾਣੇ ਕਰ) ਟੁੱਟ ਗਿਆ, ਭਾਜ ਪੈਗਈ, ਨਵਾਬ ਮੀਰਮੰਨੂ ਜਾਂ ਓਸ ਬਹਾਦਰ ਦਾ ਮਰਣਾ ਸੁਣਕੇ (ਜਿੱਥੇ ਫੌਜ ਨੂੰ ਲੜਾ ਰਿਹਾ ਸੀ ਉਥੇ ਹੀ) ਬੇਹੋਸ਼ ਹੋਕੇ ਡਿਗ ਪਿਆ। ਹੋਸ਼ ਆਈ ਤਾਂ ਹਾਥੀ ਫੌੜਾ ਕੇ ਖਿਲੇ ਵਿੱਚ ਜਾ ਵੜਿਆ, ਫੇਰ ਜਾਂ ਸਭ ਸਰਦਾਰ ਲੜਾਈ ਛਡਕੇ ਤਿਤਰ ਬਿਤਰ ਹੋ ਗਏ, ਸਿਰਫ ਸਿੰਘਾਂ ਨੇ ਥੋੜੀ ਦੇਰ ਆਪਣਾ ਮੋਰਚਾ ਕਾਯਮ ਰੱਖਿਆ, ਪਰ ਛੇਤੀ ਹੀ ਸਰਦਾਰ ਸੁਖਾ ਸਿੰਘ ਤਰਖਾਣ ਕੰਧੋ ਮਾੜੀ ਵਾਲਾ ਜੋ ਸਭਤੋਂ ਵਧਕੇ ਸੂਰ ਬੀਰ ਦਲੇਰ ਸੀ, ਸ਼ਹੀਦ ਹੋਗਿਆ ਤਦ ਏਹ ਭੀ ਗੋਲ ਬੰਨਕੇ ਤੁਰ ਪਏ, ਤੇ ਜਿੱਥੇ ਦੇ ਮੀਲ ਵਿੱਚ ਲੋਥ ਉਤੇ ਲੋਥ ਚੜ੍ਹੀ ਪਈ ਸੀ, ਓਨ੍ਹਾਂ ਵਿੱਚੋਂ ਚੰਗੇ ੨ ਹੱਥਜਾਰ ਘੋੜੇ ਆਦਿਕ ਸਾਮਾਨ ਲੈਕੇ ਬੰਜਰੀ ਦੇ ਪੁਲ ਕੋਲ ਆਣ ਲੱਥੇ ॥

ਓਧਰ ਜਦ ਮੀਰਮੰਨੂ ਨੇ ਸ਼ਹਿਰ ਬਰਬਾਦ ਹੁੰਦਾ ਦੇਖਕੇ ਤਾਬੇਦਾਰੀ ਮੰਨ ਲਈ ਤਾਂ ਸ਼ਾਹ ਦੁਰਾਨੀ ਨੇ ਅਮਨ ਬਖਸ਼ਿਆ ਤੇ ਆਪ ਭੀ ਰਣਭੂਮੀ ਛੱਡਕੇ ਸ਼ਾਲਾਮਾਰ ਬਾਗ (ਲਾਹੌਰ) ਪਾਸ ਡੇਰਾ ਜਾ ਕੀਤਾ ॥

ਮੀਰਮੰਨੂ ਨੂੰ ਮੁਆਫੀ ਤੇ ਪੰਜਾਬ ਮੁੜ ਮਿਲਣੀ

ਦੂਸਰੇ ਦਿਨ ਜਦ ਮੀਰ ਮੰਨੂੰ ਨਜ਼ਰ ਲੈਕੇ ਬਾਦਸ਼ਾਹ ਪਾਸ ਆਯਾ ਤਾਂ ਓਸਨੇ ਬੜੇ ਆਦਰ ਨਾਲ ਪਾਸ ਬੈਠਾ ਕਰ ਪੁਛਯਾ ਤੁਲ ਦੱਸ ਤੈਂ ਨਾਲ ਕੇਡ੍ਹਾ ਸਲੂਕ ਕੀਤਾ ਜਾਵੇ ?

Sri Satguru Jagjit Singh Ji eLibrary NamdhariElibrary@gmail.com

ਮੀਰ ਮੰਨੂ ਬੋਲਜਾ, ਜੇ ਤਾਂ ਆਪ ਰਹੀਮ ਕਰੀਮ (ਕ੍ਰਿਪਾਲੂ) ਬਾਦਸ਼ਾਹ ਹੋ ਤਾਂ ਪਿਛਲਾ ਕਸੂਰ ਮਾਫ ਕਰੋ, ਤੇ ਅਗੇ ਆਪਣੀ ਦੀਨ ਮਨਾ ਲਵੋ। ਜੇ ਤੁਸੀਂ ਜ਼ਾਲਮ (ਨਿਰਦਈ) ਹੋ ਤਾਂ ਸਿਸ ਮੋਤ ਨਾਲ ਭੁਗਾੜਾ ਸੀ ਚਾਹੇ ਉਸੇ ਤਰਾਂ ਮੈਨੂੰ ਮਾਰੋ। ਜੇ ਤੁਸੀ ਦੌਲਤ ਦੇ ਭੁਖੇ ਬਜਾਪਾਤੀ ਹੋ ਤਾਂ ਦੌਲਤ ਲੈਕੇ ਘਰ ਨੂੰ ਜਾਓ। ਏਹ ਤਿੰਨੇ ਉਤਰ ਸੁਣਕੇ ਬਾਦਸ਼ਾਹ ਬੋਲਜਾ, ਜਿਵੇਂ ਹੁਣ ਤੂੰ ਮੇਰੇ ਵਸ ਪਿਆ ਹੈਂ ਤਿਵੇਂ ਜੇ ਮੈਂ ਭੀ ਤੇਰੇ ਕਾਬੂ ਚੜ੍ਹਦਾ ਤਾਂ ਤੂੰ ਮੇਰੇ ਨਾਲ ਕੀ ਸਲੂਕ ਕਰਦਾ? ਨਵਾਬ ਮੀਰ ਮੰਨੂ ਨੇ ਨਿਧੜਕ ਸੱਚ ਬੋਲ ਦਿਤਾ ਕਿ ਤੇਰਾ ਸਿਰ ਛਟਕੇ ਆਪਣੇ ਬਾਦਸ਼ਾਹ ਦਿੱਲੀ ਵਾਲੇ ਦੇ ਪੈਰਾਂ ਉੱਤੇ ਜਾ ਰੱਖਦਾ।

ਏਹ ਨਿਰਭੈਤਾ ਤੇ ਬਹਾਦਰੀ ਦੇ ਸੱਚੇ ਬਚਨ ਸੁਣ ਕਰ ਅਹਿਮਦਸ਼ਾਹ ਨੇ ਬਹੁਤ ਖੁਸ਼ੀ ਹੋਕਰ ਪਿਛਲਾ ਗੁਨਾਹ ਮਾਫ ਕਰਕੇ ਸਾਰੀ ਪੰਜਾਬ ਦੀ ਸੁਬੇਦਾਰੀ ਦਾ ਖਿਲਤ ਦੇ ਕਰ ਸੰਨਦ ਲਿਖ ਦਿੱਤੀ॥

ਬਾਦਸ਼ਾਹ ਨੇ ਨਵਾਬ ਮੰਨੂ ਪਾਸੋਂ ਪੰਜਾਹ ਲੱਖ ਰੁਪਯਾ ਨਕਦ ਤੇ ੧੧ ਘੋੜੇ ਦੋ ਹਾਥੀ ਸੋਨੇ ਚਾਂਦੀ ਦੇ ਬਾਠੀਆਂ, ਹੌਦੇ, ਜੇਵਰਾਂ ਸਮੇਤ ਨਜ਼ਰ ਲੈਕੇ ਕਾਬੁਲ ਦਾ ਰਾਹ ਲੀਤਾ।

ਅਹਿਮਦ ਸ਼ਾਹ ਦਾ ਕਸ਼ਮੀਰ ਪਰ ਦਖਲ ਕਰ ਲੈਣਾ

ਲਾਹੌਰੋਂ ਮੁੜਨ ਤੋਂ ਪਹਿਲੇ ਹੀ ਬਾਦਸ਼ਾਹ ਨੇ ਅਬਦੁਲੇ ਖਾਂ ਛੋਟੇ ਬਖਸ਼ੀ ਨੂੰ ਫੌਜ ਦੇਕਰ ਕਸ਼ਮੀਰ ਨੂੰ ਤੋਰਕੇ ਆਖਜਾ, ਓਥੋਂ ਦਿਲਵਾਲੀ ਬਾਦਸ਼ਾਹ ਦੇ ਸੂਬੇ ਨੂੰ ਕੱਢਕੇ ਆਪਣੇ

Sri Satguru Jagjit Singh Ji eLibrary NamdhariElibrary@gmail.com

ਕਬਜ਼ੇ ਕਸ਼ਮੀਰ ਕਰ ਲੈਣਾ। ਜਦ ਉਹ ਉਥੇ ਗਿਆ ਤਾਂ ਦਿਲਵਾਲੀ ਸੂਬੇਦਾਰ ਮੀਰ ਅਹਿਮਦ ਨੇ ਹੁੱਜਤ ਹੀਲੇ ਤੋਂ ਬਿਨਾਂ ਹੀ ਕਸ਼ਮੀਰ ਦੀ ਸੂਬੇਦਾਰੀ ਉਸਦੇ ਹੱਥ ਦੇ ਦਿਤੀ। ਏਸ ਖੁਸ਼ੀ ਦੀ ਖਬਰ ਸੁਣਕੇ ਬਾਦਸ਼ਾਹ ਨੇ ਜੀਵਣ ਮੱਲ ਖੱਤ੍ਰੀ ਨੂੰ ਕਸ਼ਮੀਰ ਦਾ ਸੂਬਾ ਕਰ ਦਿਤਾ ਤੇ ਅਬਦੁੱਲੇਖਾਂ ਨੂੰ ਬੁਲਾ ਲਿਆ। ਸੰਃ ੧੮੧੦ ਬਿਃ ਨੂੰ ਮੁਲਕ ਪੰਜਾਬ ਤੇ ਕਸ਼ਮੀਰ ਉੱਤੇ ਕਾਬਲ ਦੇ ਬਾਦਸ਼ਾਹ ਦਾ ਦਖਲ ਹੋਗਿਆ॥

ਸਿੰਘਾਂ ਨਾਲ ਵਿਗਾੜ ਤੇ ਕੋਟ ਬੁਢੇ ਦਾ ਜੈਗਾ

ਓਸ ਸਮੇਂ ਚਾਹੇ ਸਿੰਘਾਂ ਨੇ ਕੌੜਾ ਮਲ ਦਾ ਲਿਹਾਜ ਮੰਨਕੇ ਮਾਰੋ ਮਾਰ ਬਹੁਤ ਘੱਟ ਕੀਤੀ, ਪਰ ਭਾਂ ਭੀ ਬਾਦਸ਼ਾਹ ਦੀ ਆਵਾਜਾਈ ਤੇ ਦੋਹਾਂ ਲਸ਼ਕਰਾਂ ਦੇ ਚਾਰ ਪੰਜ ਮਹੀਨੇ ਲੜਾਈ ਘੋਲ, ਖਰਚ, ਖੇਚਲ, ਰਹਿਣੇ ਕਰ ਪੰਜਾਬ ਦਾ ਛਸ ਉਠਾ ਦਿਤਾ। ਕੌੜਾ ਮਲ ਜੋ ਸਿੰਘਾਂ ਦਾ ਪਖੀ ਸੀ, ਉਸਦੇ ਮਰੇ ਪਿਛੋਂ ਮੁਸਲਮਾਨਾਂ ਨੇ ਸਿੰਘਾਂ ਉਤੇ ਝੂਠੇ ਸੱਚੇ ਤੁਹਾਨ ਤੋਲਕੇ ਮੀਰਮੰਨੂ ਨੂੰ ਸਿੰਘਾਂ ਨਾਲ ਵਿਗਾੜ ਦਿੱਤਾ। ਉਸਨੇ ਪਹਿਲੇ ਤਾਂ ਸਿੰਘਾਂ ਦੀ ਜਾਗੀਰ ਜ਼ਬਤ ਕਰ ਲਈ ਫੇਰ ਮੁਲਕ ਦੇ ਬੰਦੋ-ਬਸਤ ਵਾਸਤੇ ਜੋਹੜੀ ਫੌਜ ਦੁਰਾਨੀਆਂ ਦੀ ਅਹਿਮਦਸ਼ਾਹ ਮੀਰਮੰਨੂ ਪਾਸ ਛੱਡ ਗਿਆ ਸੀ, ਉਹ ਫੌਜ ਤੇ ਕੁਛ ਆਪਣੀ ਮਿਲਾਕੇ ਸਿੰਘਾਂ ਪਰ ਚੜ੍ਹਾ ਦਿੱਤੀ। ਫੇਰ ਤਾਂ ਸਿੰਘਾਂ ਭੀ ਲਿਹਾਜ਼ ਛਡ ਦਿਤਾ। ਅਨੇਕ ਜਥੇ ਟਾਕਰੇ ਹੋਏ, ਪਰ ਸਿੰਘ ਦਾਉ ਦੀ ਲੜਾਈ ਲੜਦੇ ਰਹੇ। ਇਕ ਦਿਨ ਦੁਰਾਨੀਆਂ ਨੇ ਸਿੰਘਾਂ ਨੂੰ ਆਖਯਾ, ਅਸੀਂ ਤੁਹਾਨੂੰ ਬੜੇ ਸੂਰ-ਬੀਰ ਸੁਣ ਰੱਖਯਾ ਹੈ, ਜੇਕਰ ਤੁਸੀ ਸੱਚੇ ਸਿੰਘ ਹੋ ਤਾਂ ਸਾਡੇ

Sri Satguru Jagjit Singh Ji eLibrary NamdhariElibrary@gmail.com

ਨਾਲ ਦੁਲਦਾਰਾਂ ਦਾ ਜੰਗ ਕਰੋ, ਸੱਧਰ ਲਾਹ ਲਈਏ। ਜੇ ਓਸੇਤਰਾਂ ਨਹੀਂ ਲੜਨਾ ਤਾਂ ਦੋ ਸਿੰਘ ਇੱਕ ਦੁਰਾਨੀ ਨਾਲ ਲੜ ਲਓ, ਜੇ ਏਹਭੀ ਨਹੀਂ ਮੰਨਦੇ ਤਾਂ ਸਿੰਘ ਨਾਮ ਤੇ ਸ਼ਸਤ੍ਰ ਛੱਡਕੇ ਖੇਤੀ ਕਰੋ, ਜੱਟ ਸਦਾਓ। ਤਦੋਂ ਸਿੰਘਾਂ ਦਾ ਦਲ ਸੁਰਸੰਗ* ਭੇਰਹ† ਅਲਗੂਨ‡ ਏਨ੍ਹਾਂ ਪਿੰਡਾਂ ਦੇ ਗਿਰਦੇ ਸੀ। ਦੁਰਾਨੀਆਂ ਦੀ ਤਰਫ ਤੇਜ਼ ਤਾਰ ਵਾਂਗੂ ਫਿਰ ਗਈ ਕਹਿ ਭੇਜਨਾ, ਇਕਦੁਰਾਨੀ ਤੇ ਇਕ ੨ ਸਿੰਘ ਫੇਰ ਦੋ ਦੋ ਦੁਰਾਨੀ ਇਕ ਇਕ ਸਿੰਘ, ਪਿੱਛੋਂ ਪੰਜ ਪੰਜ ਦੁਰਾਨੀ ਤੇ ਇਕ ਇਕ ਲੜੇਗਾ, ਕਿਉਂਕਿ ਸਾਡੇ ਗੁਰੂ ਜੀਦਾ ਹੁਕਮ ਹੈ ਜੋ ਸਵਾ ਲੱਖ ਤੁਰਕ ਨਾਲ ਇੱਕ ਸਿੰਘ ਨੂੰ ਲੜਾਉਣਾ ਹੈ, ਪਰ ਓਹ ਵੇਲਾ ਅਜੇ ਆਯਾ ਨਹੀਂ। ਏਹ ਸੰਦੇਸਾ ਸੁਣਕੇ ਪਠਾਣ ਚੌਕੰਨੇ ਹੋਗਏ। ਖੇਮਕਰਨ, ਫਲਟੋਹੀ ਪਿੰਡੋਂ ਤੁਰਕੇ ਬੁੱਢੇ ਦੇ ਕੋਟ ਪਾਸ ਸਿੰਘਾਂ ਨੂੰ ਦਰਸ਼ਨ ਜਾ ਦਿੱਤਾ, ਬੰਦੂਕ ਤੀਰ ਮਾਰਨ ਦੀ ਤੇ ਪਖਬਾਦ ਕਰਨ ਦੀ ਅਸਮ (ਸੁਰੀਦ) ਦੇਹੀਂ ਪਾਸੀ ਕਰਕੇ ਇਕ ਗਿਲਜ਼ਾ ਚੁਣਵਾਂ ਬਹਾਦਰ ਮੁਨਾਰੇ ਜੇਡਾ ਫੌਲਾਦ ਨਾਲ ਮੜ੍ਹਯਾ ਹੋਯਾ ਮੈਦਾਨ ਵਿੱਚ ਨਿਕਲ ਕੇ ਹੁਲਥੇ ਦੇ ਪੈਂਤ੍ਰੇ ਵੱਢਣ ਲੱਗ ਪਿਆ। ਇਧਰੋਂ ਸਰਦਾਰ ਚੜ੍ਹਤ ਸਿੰਘ ਉਠਿਆ ਤਾਂ ਸਰਦਾਰ ਸ਼ਜਾਮ ਸਿੰਘ ਨੇ ਓਸ ਨੂੰ ਰੋਕ ਦਿੱਤਾ ਤੇ ਸੁਖਾ ਸਿੰਘ ਦੇ ਛਾਤੀ ਲਖਾ ਸਿੰਘ ਤਰਖਾਣ ਵੈਰੀ ਤੱਕਜਾ ਤਾਂ ਓਹ ਸ਼ੇਰ ਦੀ ਤਰਾਂ ਗੱਜ ਕੇ ਦੁਰਾਨੀ ਨਾਲ ਜਾ ਜੱਟਿਆ। ਦੋਵੇਂ

*ਰਾਜੇ ਸੁਰਸਿੰਘ ਨੇ ਸੰਃ ੧੫੩੪ ਵਿਃ ਨੂੰ ਬਸਾਯਾ ਸੀ।

†ਭੇਰਹ ਸੰਃ ੧੪੯੭ ਵਿਃਨੂੰ ਸਿਧੂ ਜਟਾਂ ਨੇ ਬਸਾਯਾ ਹੈ।

‡ਅਲਗੂਨ ਰਾਜੇ ਅਲਗਨਨ ਸੰਃ ੧੭੦੭ ਵਿਃ ਨੂੰ ਬਸਾਯਾ ਤੇ ਸੰਃ ੧੮੨੬ ਵਿਃ ਨੂੰ ਦਸੌਧਾ ਸਿੰਘ ਨੇ ਕਿਲਾ ਬਣਾਕੇ ਆਪਣੇ ਨਾਮ ਪਰ ਏਸਦਾ ਨਾਮ ਰਖਯਾ।

§ਬਘੌ ਸੰਧੂ ਨੇ ੧੫੮੬ ਵਿਃ ਨੂੰ ਬਸਾਕੇ ਇਕ ਫਲਟੋਹਾ ਕੜਾਹ ਦਾ ਛੰਡਯਾ, ਏਸੇ ਕਰਕੇ ਏਸਦਾ ਨਾਮ ਫਲਟੋਹਾ ਪੈਗਿਆ॥

Sri Satguru Jagjit Singh Ji eLibrary NamdhariElibrary@gmail.com

ਕੁਲੱਬੇ ਦੇ ਖਿਲਾਰੀ ਸੰਜੋਏ ਪਹਿਨੇ ਹੋਏ ਕਿਰਾਣਾਂ ਵਾਂਗੂੰ ਢਾਲਾਂ ਉਤੇ ਤਲਵਾਰਾਂ ਬੇਚਰੇ ਰਹੇ, ਛੇਕੜ ਤੇਗੇ ਟੁਟੇ ਤਾਂ ਜਰੂ ਸਹੀ ਹੋ ਪਏ, ਕਟਾਰਾਂ ਤੇ ਮੁਕੀਆਂ ਦੀ ਮਾਰ, ਧਕਾਧਕੀ ਦੀ ਧਮਾਰ ਚਾਰਚਫ਼ੀ ਹੋਈ, ਓੜਕ ਦੁਰਾਨੀ ਦੰਮੋਓੁਖੜੇ ਦੜ ਜਾ ਪਿਆ। ਲਖਾ ਸਿੰਘ ਨੇ ਛੇਤੀ ਨਾਲ ਸੰਜੋਇ ਲੁਹ ਕੇ ਕਟਾਰੀ ਚਿੱਡ ਵਿੱਚ ਫੇਰ ਘੱਤੀ, ਆਂਦ੍ਰਾਂ ਦਾ ਢੇਰ ਕਰ ਖਿਲਕਾਰੀ ਤੇ ਛਾਲ ਮਾਰ ਕੇ ਪੰਥ ਵਿੱਚ ਆਗਿਆ, ਪੰਤੂ ਏਸ ਵਕਤ ਦੁਰਾਨੀ ਤੱਤੇ ਨਾ ਹੋਏ ਤੇ ਦੋ ਹੋਰ ਅਖਾੜੇ ਵਿੱਚ ਆ ਗੱਜੇ, ਫੇਰ ਤਾਂ ਚੜ੍ਹਤ ਸਿੰਘ ਨਾ ਰੁਕਜਾ, ਰੁਦ੍ਰ ਰਸ ਦਾ ਰੂਪ ਹੋਕੇ ਜਾ ਭਿੜਿਆ, ਓਨ੍ਹਾਂ ਨੇ ਭੀ ਵਾਰ ਕੀਤੇ, ਪਰ ਕਾਰ ਨਾ ਆਏ, ਏਸ ਨੇ ਦੋਹਾਂ ਦੇ ਚਾਰ ਬਣਾਏ ॥

ਕੇਸਰਸਿੰਘ ਨਿਰਮਾਨੀਏ ਵਾਲਾ ਜੋ ਓਦੋਂ ਦੇਖਦਾ ਸੀ ਓਸਨੇ ਲਿਖਜਾ ਹੈ ਕਿ ਤਦ ਚੜ੍ਹਤ ਸਿੰਘਦਾ ਸਰੀਰ ਲਾਲ ਲਹੋ ਲਹਾਨ ਦਮਕਦਾ ਸੀ। ਫੇਰ ਚਾਰ ਪੰਜ ਦੁਰਾਨੀ ਸਿੰਘ ਨੂੰ ਆ ਪਏ, ਪਰ ਸ੍ਰਯਾਮ ਸਿੰਘ, ਜੱਸਾ ਸਿੰਘ, ਦੀਪ ਸਿੰਘ ਹਰੀ ਸਿੰਘ ਜਾਣੋ ਅੱਗੇ ਹੀ ਖੜੇ ਸੇ, ਅੱਖ ਨਾ ਫਰਕਣ ਦਿੱਤੀ ਤੁਰਤ ਉੱਤਰ ਲਏ। ਫੇਰ ਤਾਂ ਦੋਹਾਂ ਪਾਸਿਆਂ ਤੋਂ ਹੱਲਾ ਹੋ ਪਿਆ, ਦੋ ਘੜੀ ਵਿੱਚ ਤੇਗਾਂ ਤੇ ਛੁਰੀਆਂ ਨੇ ਆਹੂ ਲਾਹ ਸਿੱਟੇ, ਲੋਥਾਂ ਦਾ ਢੇਰ ਲਹੂ ਦਾ ਹੜ ਨਜ਼ਰ ਆਯਾ, ਏਥਨੇ ਨੂੰ ਕਪੂਰ ਸਿੰਘ ਨਵਾਬ ਦੇ ਹਜ਼ਾਰ ਅਸਵਾਰ ਨਾਲ ਲੈਕੇ *ਹੈਬਤ ਪੁਰ ਪੱਟੀ ਦੀ ਤਰਫੋਂ ਆ ਪਹੁੰਚਯਾ, ਦੁਰਾਨੀ ਨੱਠ

*ਪੱਟੀ ਹੈਬਤ ਖਾਂ ਜਾਲੰਧਰ ਜੋ ਇਬਰਾਹੀਮ ਖਾ ਲੋਦੀ ਬਾਦਸ਼ਾਹ ਦਾ ਅਫ਼ੀਦ ਮਾਤਬਰ ਸੀ ਓਸਦੀ ਮਾਰਫਤ ਬਾਦਸ਼ਾਹ ਨੇ ਆਪਣੀ ਫੌਜ ਪੱਟੀ ਨੂੰ ਏਹ ਪਿੰਡ ਸੰਃ ੧੫੦੨ ਬਿਃ ਵਿੱਚ ਬਸਾ ਦਿੱਤਾ ਸੀ, ਇਸੇ ਕਰਕੇ ਹੈਬਤ ਪੁਰ ਪੱਟੀ ਇਸ ਦਾ ਨਾਮ ਪੈ ਗਿਆ, ਏਥੇ ਸਰਦਾਰ ਖੁਸ਼ਾਲ ਸਿੰਘ ਪੁਰੀਏ ਨੇ ਕਿਲਾ ਬਣਾਯਾ ਸੀ ਜੋ ਬਾਜ਼ ਕੀਤਾਸੀ, ਫੇਰ ਰਣਜੀਤ ਸਿੰਘ ਜੀ ਮਹਾਰਾਜੇ ਨੇ ਸਭ ਕੁਛ ਖੋਹ ਲਿਆ।

Sri Satguru Jagjit Singh Ji eLibrary NamdhariElibrary@gmail.com

ਗਏ, ਸਿੰਘ ਭੀ ਸਭਰਾਵਾਂ ਦੇ ਪੱਤਣੋਂ ਪਾਰ ਹੋਗਏ। ਏਸੇ ਤਰ੍ਹਾਂ ਸਿੰਘਾਂ ਦੇ ਧਰਮ ਜੁੱਧ ਪੰਜ ਸੱਤ ਵਾਰੀ ਹੋਏ, ਪਰ ਏਥੇ ਪੋਥੀ ਵਧਣ ਦੇ ਡਰ ਤੋਂ ਨਹੀਂ ਲਿਖੇ॥

ਸਿੰਘਾਂ ਪਰ ਬਿਪਤਾ

ਜਦ ਗਸ਼ਤੀ ਫੌਜ ਦੇ ਸਿੰਘ ਕਾਬੂ ਨਾ ਆਏ ਸਗੋਂ ਫੌਜ ਦਾ ਨੁਕਸਾਨ ਹੋਯਾ, ਤਦ ਮੋਮਨ ਖਾਂ ਫੌਜਦਾਰ ਨੂੰ ਨਾਲ ਲੈਕੇ ਮੀਰਮੰਨੂ ਆਪ ਚੜ੍ਹ ਬੈਠਾ, ਫੇਰਤਾਂ ਉਸ ਜਾਮ ਨੇ ਬੁੱਢੇ ਬਾਲਕ ਭੀ ਨਾ ਛੱਡੇ, ਸੈਂਕੜੇ ਸਿੰਘ ਕਤਲ ਕਰ ਘੱਤੇ। ਜਿੱਥੇ ਕੋਈ ਸਿੰਘ ਦਾ ਇਸਤ੍ਰੀ, ਬਾਲਕ ਸੁਣਿਆਂ ਓਹੋ ਫੜ ਮੰਗਾਯਾ, ਮਾਈਆਂ ਨੂੰ ਦਿਖਾ ੨ ਓਨ੍ਹਾਂ ਦੇ ਬੱਚੇ ਤੁੜਵਾ ੨ ਕਤਲ ਕਰਾ ਸਿੱਟੇ। ਜਸੀਤ ਸਿੰਘ ਬੋਪਾਰਾ ਲਿਖਦਾ ਹੈ ਕਿ ਮੈਨੂੰ ਤੇ ਮੇਰੇ ਭਾਈ ਨੂੰ ਮੇਰੀ ਮਾਂ ਦੋ ਭੁੜੋਲੀਆਂ ਵਿੱਚ ਮੁੰਦਕੇ ਆਪ ਤਿੰਨ ਦਿਨ ਕਮਾਦ ਵਿੱਚ ਲੁਕੀ ਰਹੀ। ਫੌਜ ਨੇ ਸਾਡੇ ਘਰਦੀ ਰਿਣੀ ਚਿਣੀ ਤਾਂ ਸਭ ਢੁਗਲਈ, ਪਰ ਸਾਡੀ ਤਰਫੋਂ ਓਨ੍ਹਾਂ ਨੂੰ ਗੁਰੂ ਨੇ ਅੰਨ੍ਹੇ ਕਰ ਰੱਖਯਾ। ਚੌਥੇ ਦਿਨ ਮਾਂ ਨੇ ਆ ਕੇ ਬਾਹਰ ਕੱਢੇ ਤੇ ਕਿਸੇ ਦੇ ਘਰੋਂ ਲਜਾਕੇ ਟੁਕਰ ਖਵਾਯਾ। ਓਦੋਂ ਹੀ ਮੀਰਾਂ ਵੱਲ ਇਕ ਸਿੰਘਣੀ ਆਪਣੇ ਨਿਕੇ ੨ ਤਿੰਨ ਚਾਰ ਬਾਲਕ ਲੈਕੇ ਰਾਮ ਨੂੰ ਦੌੜੂਰਾਮ ਮਹੰਤ ਦੇ ਕਮਾਦ ਵਿਚ ਜਾ ਲੁਕੀ। ਢੁਗਲਾਂ ਨੇ ਦੌੜੂਰਾਮ ਦੇ ਚੇਲੇ ਸਾਧੂ ਰਾਮ ਨੂੰ ਕੋਰੜਾਂ ਨਾਲ ਛੁਟਵਾਯਾ, ਪਰ ਓਸ ਸਿਦਕੀ ਨੇ ਨਾ ਦੱਸਯਾ। ਤੀਜੇ ਦਿਨ ਓਸੇ ਪਿੰਡ ਦਾ ਮੱਯਟਰਮਾਦ ਵਿਚ ਰੋਂਦੇ ਹੋਏ ਬਾਲਕ ਦੀ ਆਵਾਜ਼ ਸੁਣ ਆਯਾ, ਮੋਮਨ ਖਾਂ ਨੂੰ ਲੈਆਕੇ ਫੜਾ ਦਿਤੇ, ਓਸ ਨਿਰਦਈ ਨੇ ਚਜਾਂ ਮਜਾਂ ਕਰਦੇ ਬਾਲਕਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਮਾਰ ਕੇ ਓਨਾਂ ਦੀ ਮਾਂ ਨੂੰ ਜਿਥੇ ਹੋਰ ਚਾਰ ਪੰਜ ਸੌ ਸਿੰਘਣੀ ਕੈਦ ਸੀ ਓਥੇ ਕੈਦ ਕਰ ਦਿੱਤਾ ਕੈਦਣੀਆਂ ਸਿੰਘਣੀਆਂ ਨੂੰ ਮੁਸਲਮਾਨ ਕਰਨ ਵਾਸਤੇ ਮੀਰ ਮੰਨੂ ਨੇ ਬਹੁਤ ਜ਼ੋਰ ਲਾਏ, ਡੈ ਦਿਖਾਏ। ਓਨਾਂ ਦੇ ਮੁੰਡੇ ਕੁੜੀਆਂ ਕਟ ਕਟ ਕੇ ਓਨਾਂ ਦੇ ਗਲਾਂ ਵਿਚ ਬਨ੍ਹਾਏ, ਸਦਾ ਸਦਾ ਮਨ ਪਿਹਾਇਆ, ਖਾਣ ਨੂੰ ਇਕ ੨ ਰੋਟੀ ਤੇ ਇਕ ੨ ਕਟੋਰਾ ਪਾਣੀ ਦਿੰਦਾ ਰਿਹਾ, ਕਾਜ਼ੀ ਆਕੇ ਰੋਜ਼ ਉਪਦੇਸ਼ ਕਰਦਾ ਅਪਣੇ ਦੀਨ ਦੀ ਵਡਾਈ ਹੋਰ ਸਭ ਦੀ ਬੁਰਾਈ ਦਿਖਾ ੨ ਬਹੁਤ ਜ਼ੋਰ ਮਾਰਦਾ ਰਿਹਾ, ਪਰ ਓਨਾਂ ਨੇ ਐਸਾ ਸਿਦਕ ਹਠ, ਧਰਮ ਰੱਖਿਆ ਜੋ ਇਕ ਭੀ ਮੁਸਲਮਾਨ ਨਾ ਹੋਈ; ਸਭ ਮਰਣ ਮਾਰਣ ਨੂੰ ਤਿਆਰ ਹੋਗਈਆਂ । ਏਹੋ ਜੇਹੇ ਬ੍ਰਿਤਾਂਤ ਅਨੇਕ ਜਗਾ ਹੋਏ, ਜੇ ਸਾਰੇ ਲਿਖੀਏ ਤਾਂ ਏਡੀ ਵਡੀ ਇਕ ਪੁਸਤਕ ਹੋਰ ਬਣ ਜਾਵੇ ॥

ਮੀਰ ਮੰਨੂ ਦਾ ਮਰਨਾ

ਏਸ ਜ਼ੁਲਮ ਦੀ ਖਬਰ ਜਦ ਮਾਲਵੇ ਦੇਸ ਤੇ ਝਾੜਾਂ ਪਹਾੜਾਂ ਵਿਚ ਸਿੰਘਾਂ ਨੂੰ ਪਹੁੰਚੀ ਤਾਂ ਤੁਰਤ ਫੁਰਤ ਸ਼ਹੀਦ ਹੋਲਾ ਥਾਪ ਕੇ ਮਾਝੇ ਨੂੰ ਚਲੇ ਆਏ। ਏਧਰ ਮੁਲਾਂ ਪੁਰ ਪਿੰਡ ਵਿਚ ਜਦ ਸਿੰਘਣੀਆਂ ਨੇ ਬਹੁਤ ਦੁਖੀ ਹੋਕੇ ਗੁਰੂ ਅਗੇ ਅਰਦਾਸ ਕੀਤੀ ਤਾਂ ਕੁਦਰਤ ਨਾਲ ਮੀਰਮੰਨੂ ਸ਼ਿਕਾਰ ਵਿਚ ਘੋੜੇ ਉਤੋਂ ਡਿਗ ਪਿਆ, ਪੈਰ ਰਕਾਬ ਵਿਚ ਫਸ ਕਰ ਘੜੀਸੀਦਾ ਮਰ ਗਿਆ, ਓਸ ਦੀ ਲੋਥ ਤਾਂ ਲਹੌਰ ਨੂੰ ਗਈ ਪਿਛੋਂ ਜੋੜੀ ਫੌਜ ਮੁਲਾਂਪੁਰ ਕੱਚੇ ਕਿਲੇ ਵਿਚ ਸੀ, ਓਸ ਉਤੇ ਪੰਜ ਛੇ ਹਜ਼ਾਰ ਸਿੰਘ ਖੰਡੇਨਾਲੇ ਚੜ੍ਹਦੇ ਹੋਏ ਆ ਪਏ । ਬਸ ਫੇਰ ਤਾਂ ਓਹੇ ਬਚੇ ਜੋ ਦੌੜ ਗਏ ਬਾਕੀ ਸਭ ਤੇਗ ਦੀ ਭੇਟਾ

Sri Satguru Jagjit Singh Ji eLibrary NamdhariElibrary@gmail.com

ਹੋ ਗਏ, ਕਿਉਂਕਿ ਸਿੰਘਾਂ ਨੂੰ ਆਪਣੇ ਨਾਲ ਜ਼ੁਲਮ ਹੋਣ ਦਾ ਉਤਨਾ ਦੁਖ ਨਹੀਂ ਸੀ ਜਿਤਨਾ ਦੁਧ ਪੀਣ ਵਾਲੇ ਬਚਿਆਂ ਤੇ ਇਸਤ੍ਰੀਆਂ ਦਾ ਸੀ, ਏਸ ਕਰਕੇ ਸਿੰਘਾਂ ਨੇ ਦੁਸ਼ਮਨਾਂ ਦੀ ਛੇਤੀ ਹੀ ਸੋਧ ਕੀਤੀ ਤੇ ਘੋੜੇ ਆਦਿਕ ਸਭ ਸਾਮਾਨ ਓਨਾਂ ਦਾ ਲੈਕੇ ਸਿੰਘਣੀਆਂ ਨੂੰ ਘਰੀਂ ਪਹੁੰਚਾ ਦਿਤਾ। ਓਨਾਂ ਹੀ ਬਹਾਦਰਾਂ ਸਿੰਘਾਂ ਤੇ ਸਾਦਕ ਸਿੰਘਣੀਆਂ ਦੀ ਅੰਸ ਮਹਾਰਾਜੇ ਰਣਜੀਤ ਸਿੰਘ ਦੇ ਸਮੇਂ ਬੜੇ ੨ ਸੂਰਬੀਰ ਜੋਧੇ ਹੋਏ, ਜਿਨਾਂ ਨੇ ਕਾਬਲੀਆਂ ਨੂੰ ਜਿੱਤਕੇ ਅਧੀਨ ਕਰ ਲਿਆ ਸੀ ॥

ਏਧਰ ਮੀਰ ਮੰਨੂ ਦੀ ਲੋਥ ਲਾਹੌਰ ਵਿਚ ਓਸਦੀ ਸਿਪਾਹ ਨੇ ਪੰਜ ਦਿਨ ਦੱਬਣ ਨਾ ਦਿਤੀ, ਕਿਉਂਕਿ ਉਨਾਂ ਨੂੰ ਕੋਈ ਮਹੀਨੇ ਦੀ ਤਲਬ ਨਹੀਂ ਮਿਲੀ ਸੀ। ਜਦ ਕੀੜੇ ਚਲ ਜਾਏ ਤਾਂ ਨਵਾਬ ਦੀ ਬੇਗਮ ਨੇ ਸਭ ਸਾਮਾਨ ਘਰ ਦਾ ਵੇਚ ਵੱਟ ਕੇ ਤਿੰਨ ਲੱਖ ਰੁਪਯਾ ਤਨਖਾਹ ਦੇਕਰ ਆਪਣੇ ਖਸਮ ਦੀ ਮਿੱਟੀ ਸਮੇਟੀ ॥

ਮੁਰਾਦ ਬੇਗਮ ਦੀ ਹਕੂਮਤ

ਮੀਰ ਮੰਨੂ ਦੇ ਗੁਜ਼ਾਰੇ ਬਾਦ ਓਸਦਾ ਪੁਤ੍ਰ ਚਾਰ ਬਰਸ ਦਾ ਭਾਵੇਂ ਚੋਚਕ ਦੀ ਬੀਮਾਰੀ ਨਾਲ ਮਰ ਗਿਆ, ਪਰ ਮੀਰ ਮੰਨੂ ਦੀ ਬੇਗਮ ਮੁਰਾਦ ਨਾਮੀ ਨੇ ਰੰਮ ਨਾ ਖਿਲਣ ਦਿਤਾ, ਅਤੇ ਆਪਣੀ ਦਾਨਾਈ ਤੇ ਲਾਇਕੀ ਦੇ ਜ਼ੋਰ ਕਾਬਲ ਤੇ ਦਿੱਲੀ ਤੋਂ ਆਪਣੇ ਨਾਮ ਦੀ ਸੂਬੇਦਾਰੀ ਦੀ ਸੰਨਦ ਮੰਗਵਾ ਲਈ ਤੇ ਚੰਗੀ ਤਰਾਂ ਨਿਡਰ ਹੋਕੇ ਹੁਕਮ ਕਰਦੀ ਰਹੀ। ਜਦ ਓਸਦੇ ਦਰਬਾਰੀ ਓਸ ਨਾਲ ਕੁਛ

Sri Satguru Jagjit Singh Ji eLibrary NamdhariElibrary@gmail.com

ਵੱਟ ਰੱਖਣ ਲਗੇ ਤਾਂ ਉਸਨੇ ਆਪਣੀ ਸਹਾਇਤਾ ਵਾਸਤੇ ਕੋਈ ਲਾਇਕ ਆਦਮੀ ਕਾਬਲੋਂ ਮੰਗ ਭੇਜਿਆ। ਬਾਦਸ਼ਾਹ ਨੇ ਉਸਦੀ ਦਰਖਾਸਤ ਪਰ ਆਪਣੇ ਅਮੀਰਾਂ ਵਿਚੋਂ ਜਹਾਂਦਾਰਖਾਂ ਨੂੰ ਫੌਜ ਸਮੇਤ ਬੇਗਮ ਪਾਸ ਭੇਜ ਦਿੱਤਾ, ਉਹ ਬੇਗਮ ਦਾ ਨਾਇਬ ਹੋਕੇ ਕੰਮ ਕਰਦਾ ਰਿਹਾ। ਭਿਖਾਰੀ ਖਾਂ ਜਿਸਦੀ ਸੁਨਹਿਰੀ ਮਸਜਦ ਡੱਬੀ ਬਾਜਾਰ ਲਾਹੌਰ ਵਿਚ ਹੈ; ਬੜਾ ਲਾਇਕ ਅਮੀਰ ਸੀ। ਬੇਗਮ ਤਾਂ ਉਸ ਉਤੇ ਆਸ਼ਕ ਹੋਈ, ਪਰ ਉਸ ਨੇ ਨਾਂ ਮੰਨੀ, ਇਸ ਗੁੱਸੇ ਨਾਲ ਬੇਗਮ ਨੇ ਉਸਨੂੰ ਕਿਸੇ ਬਹਾਨੇ ਆਪਣੇ ਮਹਿਲ ਵਿਚ ਬੁਲਾਕੇ ਕਤਲ ਕਰਾ ਦਿੱਤਾ, ਇਸ ਗਲੋਂ ਲਾਹੌਰੀ ਅਮੀਰ ਬੇਗਮ ਦਾ ਸਭ ਕੰਮ ਛਡ ਬੈਠੇ। ਜਹਾਂਦਾਰ ਖਾਂ ਨਵੇਂ ਹਾਕਮ ਨੂੰ ਪੰਜਾਬ ਦੀ ਨਾੜੀ ਦਾ ਥਹੁ ਨਹੀਂ ਸੀ, ਸਿੰਘਾਂ ਨੇ ਸਮੇਂ ਸਮੇਂ ਆਕੇ ਖੂਬ ਸੋਧ ਕੀਤੀ॥

ਮੀਰ ਮੋਮਨ ਖਾਂ ਦਾ ਮਰਨਾ

ਮੀਰ ਮੋਮਨ ਖਾਂ ਫੌਜਦਾਰ ਜੋਹੜਾ ਮਾਝੇ ਵਿਚ ਸਿਖਾਂ ਦੇ ਪੁੱਤਰਾਂ ਨੂੰ ਕਤਲ ਕਰਦਾ ਤੇ ਸਿੰਘਣੀਆਂ ਨੂੰ ਫੜਦਾ ਹੋਯਾ ਸਿੰਘਾਂ ਤੋਂ ਭੱਜਕੇ ਬਚਯਾ ਸੀ, ਉਸਦੀ ਜਾਨ ਲੈਣ ਵਾਸਤੇ ਕਈ ਵਾਰੀ ਭੇਖ ਬਦਲ ਕੇ ਸਿੰਘ ਲਾਹੌਰ ਵਿੱਚ ਗਏ, ਪਰ ਓਹ ਹੱਥ ਨਾ ਲੱਗਾ। ਓੜਕ ਭਾਈ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਨੇ ਉਸੇ ਦੇ ਤਬੇਲੇ ਵਿਚ ਘੁੜਵਾਹ ਦੀ ਨੌਕਰੀ ਜਾ ਕੀਤੀ। ਇਕ ਦਿਨ ਜਹਾਂਦਾਰਖਾਂ ਦੇ ਨਾਲ ਜਦ ਮੀਰ ਮੋਮਨਖਾਂ ਨੇ ਵਰਿਆ ਦਾ ਸੈਲ ਕਰਨ ਲਈ ਕਿਸ਼ਤੀ ਵਿੱਚ ਬੈਠਣ ਲੱਗੇ ਏਸਨੂੰ ਘੋੜਾ ਛਡਾਯਾ ਤਾਂ ਏਸਨੇ ਦਾਹੜੀ ਤੁਕਾਏ ਛੇਤੀ ਨਾਲ ਉਸਦੀ ਤਲਵਾਰ ਖਿੱਚਕੇ ਅੱਖ

Sri Satguru Jagjit Singh Ji eLibrary NamdhariElibrary@gmail.com

ਨਾ ਫਰਕਣ ਦਿੱਤੀ ਸਿਰ ਉਤਾਰ,ਘੋੜੇ ਦਾ ਅਸਵਾਰ ਹੋ ਚਾਬੁਕ ਲਗਾਈ। ਭਾਵੇਂ ਪਿੱਛੇ ਅਸਵਾਰ ਛੱਡੇ, ਪਰ ਡਾਹ ਨਾ ਦਿੱਤੀ ਤੇ ਬਾਰ ਵਿਚ ਕਪੁਰ ਸਿੰਘ ਨਵਾਬ ਦੇ ਅੱਗੇ ਸਿਰ ਜਾ ਰੱਖਜਾ।

ਬੇਗਮ ਨੇ ਵਜ਼ੀਰ ਨੂੰ ਹੱਥਾਂ ਹੇਠ ਕਰਨਾ

ਛੇਰ ਲਾਹੌਰ ਦੇ ਕਦੀਮੀ ਅਹਿਲਕਾਰ ਜੋ ਬੇਗਮ ਨਾਲ ਨਾਰਾਜ਼ਸੇ ਓਨਾਂ ਨੇ ਜਹਾਂਦਾਰਖਾਂ ਤੇ ਬੇਗਮ ਦੀ ਸੁਸਤੀ ਅਤੇ ਸਿੰਘਾਂ ਦੀ ਮਾਰੋ ਮਾਰ, ਦੇਸਦੀ ਬਰਬਾਦੀ ਦਾ ਹਾਲ ਲਿਖਕੇ ਦਿੱਲੀ ਦੇ ਵਜ਼ੀਰ ਗਾਜ਼ੀਉਲੁ ਦੀਨ ਪਾਸ ਭੇਜਕੇ ਓਸਨੂੰ ਬੁਲਾ ਲਿਆ। ਜਦ ਓਹ ਫੌਜ ਲੈਕੇ ਚੜ੍ਹ ਆਯਾ ਤਾਂ ਮੁਰਾਦ ਬੇਗਮਨੇ ਜੋ ਡਾਢੀ ਚਾਲਾਕ ਤੇ ਦੂਰੰਦੇਸ਼ ਸੀ, ਐਸੇ ਤ੍ਰਿਯਾ ਚਰਿਤ੍ਰ ਦੀ ਚਾਲ ਚਲੀ ਜੋ ਵਜ਼ੀਰ ਨੂੰ ਨਕਾਹ ਦਾ ਸਨੇਹਾ ਭੇਜ ਦਿੱਤਾ। ਓਹ ਸੁਣਦੇ ਸਾਰ ਹਜ਼ਾਰ ਹਜ਼ਾਰ (ਅਲਹਮਦ) ਧੰਨਜ ਬਾਦ ਪੜ੍ਹਕੇ ਕੁਰਬਾਨ ਹੋਗਿਆ।ਭਲਾ ਉਸਜੇਹੇ ਬੇਸਮਝਨੂੰ ਪੰਜਾਬ ਦੀ ਐਸੀ ਸੋਹਣੀ ਤੀਮੀਂ ਮਿਲੇ ਤਾਂ ਹੋਰ ਕੀ ਰੱਬ ਤੋਂ ਮੌਤ ਮੰਗਣੀ ਸੀ?ਓਸੇ ਸਮੇਂ ਵਜ਼ੀਰ ਨੇ ਆਪਣੇ ਮਾਤਬਰ ਭੇਜ ਦਿਤੇ, ਬੇਗਮ ਲਟਰਪਟਰ ਨਾਲ ਮਾਛੀਵਾੜੇ ਵਜ਼ੀਰ ਨੂੰ ਜਾ ਮਿਲੀ,ਸੰਃ ੧੮੧੧ਵਿਃ ਨੂੰ ਦੋ ਮਹੀਨੇ ਦਾ ਮਤਾਹ ਪੜ੍ਹਾਕੇ,ਦੋ ਮਹੀਨੇ ਓਸੇ ਥਾਂ ਮੌਜਾਂ ਮਾਣੀਆਂ। ਫੇਰ ਕਈ ਲੱਖ ਰੁਪਏ ਦਾ ਜੇਵਰ ਤੇ ਜਵਾਹਿਰਾਤ, ਅਤੇ ਆਪਣੇ ਨਾਮ ਪਰ ਸਨਦ ਸੂਬੇਦਾਰੀ ਲਾਹੌਰ ਦੀ ਵਜ਼ੀਰ ਭੇਂਦੂ ਤੋਂ ਲੈਕੇ, ਆਪ ਝਟ ਲਾਹੌਰ ਆ ਵੜੀ। ਲਾਹੌਰੀ ਅਮੀਰ ਰੁੱਕੇ ਹੀ ਲਿਖਦੇ ਰਹਿ ਗਏ। ਸਭੋਂ ਬੇਗਮ ਨੇ ਆਖਜਾ ਕਿ ਤੁਸੀ ਵਜ਼ੀਰ ਨੂੰ ਬੁਲਾਇਆ ਹੈ ਸੋ ਮੇਰਾ ਖਰਚ ਜੋ ਹੋਯਾ ਹੈ ਸੋ ਦਿਓ, ਓੜਕ ਸਤਾਰਾਂ ਲਖ

Sri Satguru Jagjit Singh Ji eLibrary NamdhariElibrary@gmail.com

ਰੁਪਯਾ ਓਨਾਂ ਦਾ ਸਿਰ ਕੱਟਕੇ ਲੈ ਹੀ ਕਿਆ ।(ਚੋਰਾਂ ਨੂੰ ਮੋਰ ਪਏ) ਜਹਾਂਦਾਰਖਾਂ ਤਾਂ ਬੇਗਮ ਦਾ ਨਕਾਹ ਸੁਣਕੇ ਪਹਿਲੇ ਹੀ ਕਾਬੁਲ ਨੂੰ ਚਲਾ ਗਿਆਸੀ, ਸੱਯਦ ਜਮੀਲ ਜੋ ਆਪਣਾ ਮਾੜਬਨ ਵਜ਼ੀਰ ਨੇ ਬੇਗਮ ਦਾ ਨਾਯਬ ਕਰਕੇ ਭੇਜਯਾ ਸੀ, ਓਸਨੇ ਪੁਰਾਣੇ ਕਾਰਦਾਰਾਂ ਦੇ ਹੱਥ ਉੱਤੇ ਥਕ੍ਕੇ ਬੇਗਮ ਨਾਲ ਵਿਗਾੜ ਲਈ । ਬੇਗਮ ਨੇ ਵਜ਼ੀਰ ਗਾਜ਼ੀ ਦੀਨ ਨੂੰ ਬਹੁਤ ਖਤ ਭੇਜੇ, ਪਰ ਜਦ ਓਸਨੇ ਭੀ ਸਰੋਂ ਸੱਯਦ ਜਮੀਲ ਦੀ ਰਈ ਕੀਤੀ ਤੇ ਬੇਗਮ ਨੇ ਆਪ ਤੋਂ ਬਰਖਿਲਾਫ ਓਨ੍ਹਾਂਦੀ ਇਕ ਮੁੱਠ ਦੇਖੀ, ਤਾਂ ਤੁਰਤ ਕਾਬੁਲ ਜਾ ਫਿਰੀ, ਜਹਾਂਦਾਰ ਖਾਂ ਦੀ ਮਾਰਫਤ ਬਾਦਸ਼ਾਹ ਪਾਸ ਹਾਜ਼ਰ ਹੋਕੇ ਓਸਨੂੰ ਅਪਣੀ ਮਦਦ ਪਰ ਚੜ੍ਹਾ ਲਯਾਈ ॥

ਅਹਿਮਦਸ਼ਾਹ ਦੁਰਾਨੀ ਦਾ ਪੰਜਵਾਂ ਹੱਲਾ

ਸੰਃ ੧੮੧੨ ਬਿਃ

ਅਹਿਮਦ ਸ਼ਾਹ ਅਬਦਾਲੀ ਅਜੇ ਜੇਹਲਮ ਭੀ ਨਹੀਂ ਟੱਪਯਾ ਸੀ ਕਿ ਸੱਯਦ ਜਮੀਲ ਨੇ ਦਿੱਲੀ ਜਾ ਦਮ ਲਿਆ । ਜਿਸ ਸਮੇਂ ਖਜ਼ਾਨਾ ਅਸਬਾਬ, ਘੋੜੇ, ਹੱਥਯਾਰ ਤਰਦਾ ੨ ਮਾਲ ਲਾਹੌਰੋਂ ਲੈ ਤੁਰਿਆ ਸੀ ਉਸ ਸਮੇਂ ਸਿੰਘਾਂ ਨੇ ਫਲੋਰਾਂ ਉਰੇ ੨ ਉਨ੍ਹਾਂ ਨੂੰ ਚੰਗੀਤਰਾਂ ਸੋਧਿਆ ਤੇ ਜੋ ਹੱਥ ਲੱਗਾ ਗ਼ਰੀਬਾਂ ਲੋੜਵੰਦਾਂ ਨੂੰ ਵੰਡ ਦਿਤਾ, ਪਰ ਓਹ ਆਪ ਹੌਲਾ ਹੁਲ੍ਕ ਹੋਕੇ ਦਿਲੀ ਜਾ ਵੜਿਆ । ਓਸੇ ਸਮੇਂ ਅਦੀਨਾ ਬੇਗ ਖਾਂ ਦੁਆਬੇ ਦਾ ਹਾਕਮ ਭੀ ਜੋ ਓਸੇ ਦਾ ਪੱਖੀ ਸੀ,ਡਰਦਾ ਮਾਰਜਾ ਆਪਣਾ ਇਲਾਕਾ ਮੁੰਢਾ ਛੱਡ ਕੇ ਕਾਂਗੜੇ ਵਲ ਦੌੜ ਗਿਆ, ਫਿਰ ਸਿੰਘਾਂ ਨੇ ਚੰਗੀਤਰਾਂ ਸੋਧ ਕੀਤੀ ।

Sri Satguru Jagjit Singh Ji eLibrary NamdhariElibrary@gmail.com

ਅਹਿਮਦ ਸ਼ਾਹ ਨੇ ਥਨੇਸਰ ਤੇ ਦਿੱਲੀ ਲੁੱਟਨੀ

ਏਧਰ ਅੱਸੂ ਸੰਃ ੧੮੧੨ ਬਿਃ ਨੂੰ ਅਹਿਮਦ ਸ਼ਾਹ ਨੇ ਬਿਨਾਂ ਪਲੀਤਾ ਕਾਲਾ ਕਰੇ ਲਾਹੌਰ ਲੈਕੇ ਆਪਣੇ ਸਰਦਾਰ ਮਨਜ਼ਮ ਖਾਂ ਨੂੰ ਬੇਗਮ ਦੀ ਸਹਾਯਤਾ ਲਈ ਲਾਹੌਰ ਵਿੱਚ ਤੇ ਨਾਸਰ ਅਲੀਖਾਂ ਨੂੰ ਜਲੰਧਰ ਦਾ ਹਾਕਮ ਕਰਕੇ, ਬੇਖਟਕੇ ਦਿਲੀ ਜਾ ਦਬਾਈ। ਦਿਲੀ ਵਿੱਚ ਤਾਂ ਉਦੋਂ ਮਹੰਮਦ ਸ਼ਾਹ ਦਾ ਪੁਤ੍ਰ ਅਹਿਮਦ ਸ਼ਾਹ ਨਾਮ ਮਾਤ੍ਰ ਦਾ ਬਾਦਸ਼ਾਹ ਸੀ, ਦੁਰਾਨੀ ਸ਼ਾਹ ਦੇ ਅੱਗੇ ਪਾਣੀ ਹੋ ਗਿਆ। ਆਪਣੀ ਭੈਣ ਦਾ ਅਹਿਮਦ ਸ਼ਾਹ ਨਾਲ ਤੇ ਆਪਣੀ ਧੀ ਦਾ ਅਹਿਮਦ ਸ਼ਾਹ ਦੇ ਬੇਟੇ ਤਹਿਮੁਰ ਸ਼ਾਹ ਨਾਲ ਇੱਕੋ ਦਿਨ ਨਕਾਹ ਪੜ੍ਹਾ ਦਿੱਤਾ।

ਦੁਰਾਨੀ ਸ਼ਾਹ ਦੇ ਡੋਲੇ ਤੇ ਬੇ ਸ਼ੁਮਾਰ ਦੌਲਤ ਦਿੱਲੀ ਤੋਂ ਲੈਕੇ ਹਰਜਾਣੇ ਦੇਸਦੇ ਵਿੱਚ ਵੀ ਲੁੱਟ ਮਾਰ ਕਰਦਾ ਥਨੇਸਰ ਆ ਉਤਰਜਾ। ਬ੍ਰਹਮਣਾਂ ਨੇ ਪਚਾਸ ਹਜਾਰ ਰੁਪਯਾ ਇੱਕਠਾ ਕਰ ਨਜ਼ਰ ਦੇਕੇ ਖਜਾਲ ਛੁਡਾਉਣਾ ਚਾਹਜਾ, ਪਰ (ਹੋਣ ਵਾਲਾ ਝੱਸ ਜਦੋਂ ਹੱਟਦਾ ਸੀ) ਉਸਨੇ ਆਪਣੀ ਫੌਜ ਨੂੰ ਥਨੇ ਕਰਨ ਵਾਸਤੇ ਕਿਸੇ ਦੀ ਨਾ ਸੁਣੀ। ਪਹੇਜਾ *ਥਨੇਸਰ ਆਦਿਕ ਥੋੜੇ ੨ ਪੰਡ ਬ੍ਰਹਮਣਾਂ ਦੇ ਲੁਟਵਾ

*ਥਨੇਸਰ ਪਹੇਜਾ ਬਹੁਤ ਪੁਰਾਣੇ ਹਨ, ਕੁਰੂ ਰਾਜਾ ਨੇ ਏਥੇ ਜਗਜ ਕੀਤੇ ਤਾਂਹੀ ਕੁਰਖੇਤ੍ਰ ਨਾਮ ਪੈ ਗਿਆ, ਰਾਜਾ ਨੇ ਬ੍ਰਾਹਮਣਾਂ ਨੂੰ ਬਹੁਤ ਦੌਲਤ ਏਥੇ ਵੰਡੀ। ਫੇਰ ਕੌਰਵਾਂ ਪਾਂਡਵਾਂ ਦਾ ਮਹਾਂ ਘੋਰ ਜੁੱਧ ਸਮੇਂ ਏਥੇ ਹੀ ਬ੍ਰਹਮਣਾਂ ਨੂੰ ਕਰੋੜਾਂ ਰੁਪਏ ਦਾ ਮਾਲ ਹੱਥ ਲੱਗਾ। ਫੇਰ ਜਿਤਨੇ ਹਿੰਦੂ ਰਾਜੇ ਹੁੰਦੇ ਰਹੇ, ਸੋ ਸਭ ਏਥੇ ਆਕੇ ਸੂਰਜ ਗ੍ਰਹਣ ਪਰ ਬੇਅੰਤ ਮਾਯਾ ਦਿੰਦੇ ਰਹੇ। ਏਸੇ ਕਰਕੇ ਏਹ ਸ਼ਹਿਰ ਬਹੁਤ ਵਧ ਗਿਆ ਤੇ ਧਨੀ ਹੋ ਗਿਆ। ਸੰਃ ੧੦੬੯ ਬਿਃ ਨੂੰ ਮਹਿਮੂਦ ਗਜ਼ਨਵੀ ਨੇ ਲੁੱਟਿਆ, ਏਸ ਸਮੇਂ ਅਨੰਗਪਾਲ ਲਾਹੌਰ ਦੇ ਰਾਜਾ ਨੇ ਏਸ ਸ਼ਹਿਰ ਨੂੰ ਬਚਾਉਣ ਵਾਸਤੇ ਇਕ ਕਰੋੜ ਰੁਪਯਾ ਦੇਣੇ ਦਾ ਇਕਰਾਰ ਕੀਤਾ, ਪਰ ਉਸ ਦੁਸ਼ਮਨੇ ਕੁਛ ਨਾ ਮੰਨਜਾਂ, ਸ਼ਹਿਰ ਨੂੰ ਜਲਾਕੇ ਖਾਕ ਸ੍ਵਾਹ ਕਰ ਦਿੱਤਾ ਤੇ ਸਭ ਮੰਦਰ ਢਹਾਇ ਮਿਟੇ। ਏਸ਼ੁਮਾਰ ਸੋਨਾ, ਚਾਂਦ ਮੂੰਗਾ, ਮੋਤੀ, ਕਰੋੜਾਂ ਰੁਪਏ ਦਾ ਮਾਲ, ਦੋ ਲੱਖ ਮਰਦ ਔਰਤ ਫੜਕੇ ਲੈ ਗਿਆ।

Sri Satguru Jagjit Singh Ji eLibrary NamdhariElibrary@gmail.com

ਦਿੱਤੇ। ਸੈਂਕੜੇ ਇਸਤ੍ਰੀ ਮਰਦ ਘਾਤ ਹੋਏ ਤੇ ਵੜੇ ਗਏ, ਦੁਰਾਨੀ ਦੀ ਫੌਜ ਹਥ ਰੰਗਾ ਨਿਕਲੀ, ਬ੍ਰਹਮਣਾਂ ਦੇ ਘਰਾਂ ਵਿੱਚ ਕੁਛ ਨਾ ਛੱਡਜਾ ਮਾਰ ਕੁਟਕੇ ਸਭ ਧਨ ਕਢਾ ਲਿਆ।

ਪਰਵਾਂਨੇ ਪਟੇ ਬਦਲਨੇ

ਅੱਠ ਦਿਨ ਤੁੱਕ ਸਰਹੰਦ ਠਹਿਰ ਕੇ ਓਥੋਂ ਦੀ ਸੁਬੇਦਾਰੀ ਭੀ ਆਪਣੇ ਅਬਜ਼ੇ ਕਰ ਲਈ। ਓਸ ਦੇਸ ਦੇ ਸਰਦਾਰ ਚੌਧਰੀ ਨਜ਼ਰਾਂ ਦੇਕੇ ਆ ਮਿਲੇ। ਸਭ ਨੂੰ ਹੁਕਮ ਦਿੱਤਾ ਕਿ ਅੱਜ ਤੋਂ ਬਾਉਨੀ ਸਰਹੰਦ ਤੇ ਪੰਜਾਬ ਬਾਦਸ਼ਾਹ ਕਾਬੁਲ ਦਾ ਸਮਝੋ, ਅੱਗੇ ਨੂੰ ਨਜਰਾਨੇ ਭਰਕੇ ਜੋ ਕੋਈ ਸਾਡੀ ਸਨਦ ਲਵੇਗਾ, ਓਸਦੀ ਚੌਧਰਾਯਤ ਸਰਦਾਰੀ ਪੱਕੀ ਸਮਝੀ ਜਾਊ। ਓਸੇ ਸਮੇਂ ਅਨੇਕਾਂ ਨੇ ਨਜ਼ਰਾਨੇ ਭਰਕੇ ਸੰਨਦਾਂ ਲਿਖਵਾ ਲਈਆਂ। ਬਾਕੀ ਦੇ ਲੋਭਾ ਏਸਦੇ ਬੇਟੇ ਤਹਿਮੂਰ ਸ਼ਾਹ ਪਾਸੋਂ ਲਾਹੌਰ ਜਾ ਕਰ ਪਰਵਾਨੇ ਪਟੇ ਲੈਂਦੇ ਰਹੇ, ਓਹੋ ਪਟੇ ਹੁਣ ਤਾਂਈ ਬਹੁਤ ਲੋਗਾਂ ਪਾਸ ਹਨ ਸੋ ਚੌਥੇ ਹਿੱਸੇ ਵਿੱਚ ਦਿਖਾਵਾਂਗੇ।

ਓਸ ਲੁਟ ਵਿੱਚ ਇਕ ਲਾਲ ਵਜਨ ਚਾਰ ਸੌ ਪਚਾਸ ਮਿਸਕਾਲ (ਰਤੀ ਤੋਂ ਵਡਾ ਸਿੱਕਾ ਹੈ) ਜਾ ਏਥੋਂ ਮਹਿਮੂਦ ਦੇ ਹੱਥ ਆਯਾ, ਸੋਈ ਛੋੜਕੇ ਗਜਨੀ ਵਿਚ ਆਪਣੀ ਮਸੀਤ ਦੇ ਦਰਵਾਜੇ ਪਰ ਜਾ ਜੜਿਆ, ਏਥੇ ਹੀ ਮਥੁਰਾ ਪੁਰੀ ਦੇ ਮੰਦਰ ਕੇਸ਼ੋਰਾਇ ਦੇ ਮੰਦਲੀ ਛਖਤੇ ਲੈ ਜਾਕੇ ਲਗਾਏ ਸੇ, ਜੋਹੜੇ ਸੰਃ ੧੯੯੮ ਬਿਃ ਨੂੰ ਅੰਗ੍ਰੇਜਾਂ ਨੇ ਓਥੋਂ ਲਜਾਕੇ ਆਗਰੇ ਵਿਚ ਰੱਖੇ, ਸ਼ਾਹ ਨੇ ਐਤਨੀ ਦੌਲਤ ਹਿੰਦ ਵਿਚੋਂ ਲੁੱਟੀ ਜੋ ਸਾਰੇ ਸਿਪਾਹੀ ਲਾਖਾਂ ਪਤੀ ਹੋਗਏ ਤੇ ਆਦਮੀ ਔਰਤਾਂ ਦੇ ਦੋ ਰੁਪਏ ਤੋਂ ਵੇਚੀਆਂ ਸੰਃ ੧੫੩੮ ਬਿਃ ਨੂੰ ਸਿਕੰਦਰ ਲੋਦੀ ਨੇ ਏਸੇ ਸ਼ਹਰ ਨੂੰ ਲੁਟਿਆ, ਪਰ ਮੁਗਲਾਂ ਦੀ ਬਾਦਸ਼ਾਹੀ ਵਿਚ ਧਨਾਂ ਭੋਗ ਆ, ਝੁਨਕੂ ਬਾਵ ਮਰਹਟੇ ਨੇ ਸੰਃ ੧੮੮੩ ਬਿਃ ਨੂੰ ਸੂਰਜ ਗ੍ਰਹਣ ਪਰ ਕ੍ਰੋੜ ਰੁਪਏ ਦਾ ਢਾਨ ਕੀਤਾ ਤੇ ਹੋਰ ਹਿੰਦੂ ਤੇ ਸਿੰਘ ਭੀ ਹਮੇਸ਼ ਏਸ ਸ਼ਹਿਰ ਨੂੰ ਛਲਦੇ ਰਹੇ। ਫੇਰ ਸੰਃ ੧੯੧੨ ਬਿਃ ਨੂੰ ਅਹਿਮਦਸ਼ਾਹ ਦੁਰਾਨੀ ਨੇ ਏਸਨੂੰ ਲੁਟਿਆ, ਫੇਰ ੧੯੨੦ ਬਿਃਸਰਦਾਰ ਭੰਗਾ ਸਿੰਘ ਨੇ ਥਨੇਸਰ ਸ਼ਹਰ ਨੂੰ ਆਪਣੀ ਰਾਜਧਾਨੀ ਥਣਾਯਾ, ਫੇਰ ਅੰਗ੍ਰੇਜੀ ਤਹਸੀਲ ਮੁਕਰਰ ਹੋਣੇ ਕਰ ਮੁੜ ਰੌਣਕ ਹੋਗਈ, ਪਰ ਫੇਰ ਜਦ ਤਹਸੀਲ ਉਠ ਗਈ ਤੇ ਰੇਲ ਭੀ ਕਿਨਾਰੇ ਰਹੀ ਤਾਂ ਬੇਰੌਨਕੀ ਹੋਈ। ਪਰ ਹੁਣ ਸੰਃ ੧੯੪੮ ਬਿਃ ਵਿੱਚ ਕਾਲਕਾ ਲਾਯਨ ਦਾ ਅਸਟੇਸ਼ਨ ਥਣਨੇ ਕਰ ਅਬਾਦ ਹੋ ਜਾਵੇਗਾ।

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਸਰਹੰਦ ਵਿੱਚ ਆਪਣੀ ਵੱਲੋਂ ਅਬਦੁੱਲੇ ਖਾਂ ਨੂੰ ਸੂਬਾ ਤੇ ਸਦੀਕ ਬੇਗ ਖਾਂ ਨੂੰ ਨਾਯਬ ਕਰਕੇ ਆਪ ਇਕ ਮਹੀਨਾ ਭਰ ਲਾਹੌਰ ਠਹਿਰਕੇ ਸਿੰਘਾਂ ਦਾ ਇੰਤਜ਼ਾਮ ਕਰਦਾ ਰਿਹਾ, ਪਰ ਸਿੰਘ ਓਸਦੇ ਕਾਬੂ ਨਾ ਆਏ, ਸਗੋਂ ਸਮੇਂ ਸਿਰ ਓਸਨੂੰ ਮਾਰੋ ਮਾਰ ਕਰਦੇ ਰਹੇ,ਹਾਰਕੇ ਬਾਦਸ਼ਾਹ ਆਪਣੇ ਪੁਤ੍ਰ ਤਹਿਮੂਰ ਸ਼ਾਹ ਨੂੰ ਲਾਹੌਰ ਦਾ ਸੂਬਾ ਤੇ ਜਹਾਂਦਾਰਖਾਂ ਨੂੰ ਨਾਯਬ ਕਰਕੇ ਕਾਬੁਲ ਦੇ ਰਾਹ ਪਿਆ।

ਨਾਸ੍ਰਅਲੀ ਨੇ ਕਰਤਾਰਪੁਰ ਮਾਰਨਾ ਤੇ ਸਿੰਘਾਂ ਦਾ ਹਰਿਆਨੇ ਜੁੱਧ ਹੋਣਾ

ਓਧਰ ਏਸੇ ਸਾਲ ਨਾਸਰ ਅਲੀ ਖਾਂ ਨੇ ਕਰਤਾਰ ਪੁਰ ਨੂੰ ਸਿੰਘਾਂ ਦਾ ਸ੍ਰੀਸ਼ਨ ਸਮਝਕੇ ਜਾ ਘੇਰਜਾ । ਸੋਢੀ ਵਡਭਾਗ ਸਿੰਘ ਓਸਦੀ ਝਾਲ ਨਾ ਝੱਲਕੇ ਪਹਾੜੀਂ ਚਲਾ ਗਿਆ, ਜੇਹੜੇ ਕੰਮ ਨਹੀਂ ਕਰਨੇ ਸੋ ਨਾਸਰ ਅਲੀ ਖਾਂ ਨੇ ਓਹ ਕਰਤਾਰ ਪੁਰ ਵਿੱਚ ਕੀਤੇ, ਜੇਹੜਾ ਸਿੱਖ ਹੱਥ ਆਯਾ ਕਤਲ ਕਰਾਯਾ ਗਿਆ। ਸਰਦਾਰ ਕਰਮਸਿੰਘ ਪੈਜਗੜੀਆ ਤੇ ਡੱਲੇ ਢਲੀਏ ਸੋ ਅਹਿਮਦ ਸ਼ਾਹ ਤੋਂ ਡਰਦੇ ਸੁਆਂ ਨਦੀ ਦੇ ਬੇਟ ਵਿੱਚ ਗਗੜੇਟ,ਅਚਿੰਤ ਪੁਰਨੀ, ਅੰਬ ਅੰਬੋਟੇ ਦੀ ਤਰਫ ਚਲੇ ਗਏ ਸੇ,ਫਦ ਓਹ ਸ਼ਾਹ ਏ ਗਏ ਪਿੱਛੋਂ ਫੇਰ ਆ ਗਏ ਤਾਂ ਸ਼ਮਸ ਖਾਂ ਬਿਜਵਾੜੀਆ*ਜ਼ਫਰਖਾਂ ਹੁਸ਼ਜਾਰ ਪੁਰੀਆ †ਸੈਦਖਾਂ ਪਠਾਣਾਂ

*ਬਿਜਵਾੜੇ ਵਿਚ ਮੁਗਲਾਂ ਦੇ ਸਮ ਦੁਆਬੇ ਦਾ ਹਾਕਮ ਰਿਹਾ ਕਰਦਾ ਸੀ, ਫਰ ੧੨ ਪਿੰਡ ਸ਼ੱਮਸਖਾਂ ਪਾਸ ਰਹੇ ਸਿੰਘਾਂ ਨੇ ਉਸਨੂੰ ਖੁਭ ਸੋਧਿਆ ਫੇਰ ਸੈਸਾਰ ਚੰਦ ਕਟੋਚੀਏ ਨੂੰ ਸੌਂਪ ਛਿਤਾ, ਹੁਣ ਸਰਕਾਰ ਦੇ ਰਾਜ ਵਿਚ ਹੈ।

†ਹੁਸ਼ਜਾਰ ਪੁਰ ਸੰਃ ੧੬੩੨ ਬਿਃ ਨੂੰ ਹੁਸ਼ਜਾਰਖਾਂ ਖੋਜੇਨੇ ਵਸਾਯਾ ਹੈ। ਏਹ ਅਕਬਰਸ਼ਾਹ ਦੇ ਮਹਿਲਾਂ ਦਾ ਦਰੋਗਾਸੀ ਫੇਰ ਸੰਃ੧੮੭੭ਬਿਃ ਨੂੰਗੁਲਾਮ ਮੁਹੱਯੁੱਲਦੀਨ ਨੇ ਮਹਾਰਾਜੇ ਰਣਜੀਤ ਸਿੰਘ ਦੀ ਭਥਹਂ ਕਾਬਦਾਰ ਹੋਕੇ ਏਹ ਸ਼ੈਹਰ ਆਪਣੀ ਰਾਜਧਾਨੀ ਬਣਾਯਾ, ਜਿਸ ਕਰਕੇ ਏਥੇ ਬਹੁਤ ਰੌਣਕ ਹੋਈ ਤੇ ਮਾਲਦਾਰ ਹੋਗਿਆ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਟਾਂਡਹਿ ਵਾਲਾ* ਤੇ ਹੋਰ ਅਨੇਕਥਾਵਾਂ ਦੇ ਮੁਸਲਮਾਨਾਂ ਨੇ ਇਕੱਠੇ ਹੋਕੇ ਹਰਿਆਨੇ ਪਾਸ ਸਿੰਘਾਂ ਨੂੰ ਆ ਘੇਰਜਾ। ਬੜੀ ਭਾਰੀ ਲੜਾਈ ਹੋਈ। ਤਾਰਾਸਿੰਘ ਗੈਬਾ, ਕਰੋੜਾ ਸਿੰਘ ਕਰਮ ਸਿੰਘ, ਸੁਜਾਨਸਿੰਘ ਆਦਿਕ ਤਲਵਾਰਾਂ ਸੂਤ ਕੇ ਜਾ ਪਏ, ਇਕ ਇਕ ਸਿੰਘ ਦਸ ੨ ਨੂੰ ਲਿਟਾ ਕੇ ਰਾਹੋਂ ਦੀ ਤਰਫ ਨਿਕਲ ਗਏ। ਜ਼ਾਫਰਖਾਂ, ਸੈਦਖਾਂ ਆਦਿਕ ਬਡੇ ੨ ਨਾਮੀ ਸਰਦਾਰ ਮਾਰੇ ਗਏ॥

ਨਾਸਰਦੀਨਖਾਂ ਦੇ ਹੁਕਮ ਨਾਲ† ਫਗਵਾੜੇ ਵਾਲਾ ਚੌਧਰੀ ਧਰਮ ਚੰਦ ਤੇ ਢਾਲੇ ਵਾਲੇ ਚੌਧਰੀ ਰਾਮਦੇਵਕੇ ਤੇ ਬਰਯਾਮ ਪੁਰੀਏ, ਖੁੱਰੇਵਾਲੇ ਜੱਟਾਂ ਤੇ ਹਾਦੀਆਬਾਦ ਵਾਲੇ ਪਠਾਣਾਂ ਮਿਲਕੇ ਸਿੰਘਾਂ ਨੂੰ ਆਣ ਰੋਕਜਾ, ਏਤਨੇ ਨੂੰ ਨਾਸਰਦੀਨ ਭੀ ਫੌਜ ਲੈਕੇ ਆ ਪੁਜਜਾ, ਵਿੱਚ ਵਿੱਚ ਭਾਰੀ ਜੰਗ ਹੋਯਾ, ਓਥੇ ਰੁਕੇ ਹੋਏ ਅਨੇਕ ਸਿੰਘ ਬਹੁਤਿਆਂ ਨੂੰ ਮਾਰ ੨ ਕੇ ਸ਼ਹੀਦ ਹੋਗਏ, ਤੇ ਬਾਕੀ ਪਹਾੜੀਂ ਜਾ ਚੜ੍ਹੇ।

---

*ਟਾਂਡੇ ਵਿੱਚ ਮੁਗਲਾਂ ਦੇ ਸਮੇਂ ਇੱਕ ਲੱਖ ਦੇ ਜਾਗੀਰਦਾਰ ਪਠਾਣ ਵਸਦੇ ਸਨ। ੧੮੫੭ ਸੈਦਖਾਂ ਦੇ ਪੁੱਤਰ ਯੂਨਸਖਾਂ ਨੂੰ ਫਤੇ ਕਰਕੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਨੇ ਸੰਃ ੧੮੪੩ ਬਿਃ ਨੂੰ ਆਪਨੇ ਕਬਜ਼ੇ ਕੀਤਾ। ੧੭੮੬

†ਫਗਵਾੜੇ ਦੇ ਬਸਰਾ ਗੋਤੇ ਜਾਹਰਮਲ ਜੱਟ ਨੂੰ ਚੌਧਰਾਯਤ ਤੇ ਮੀਆਂ ਖਿਤਾਬ ਅਕਬਰ ਦੇ ਸਮੇਂ ਮਹਿਰ ਮਿੱਠੇ ਨੇ ਦਿਵਾਯਾ ਸੀ। ਇਸਦੇ ਬੇਟੇ ਧਰਮ ਚੰਦ ਤੇ ਪੋਤੇ ਚੂਹੜ ਮੱਲ ਨੇ ਮੁਗਲਾਂ, ਪਠਾਣਾਂ ਤੇ ਸਿੱਖਾਂ ਦੇ ਰਾਜ ਰੌਲੇ ਵਿਚ ਪਹਾੜਾਂ ਦੀ ਕੰਢੀ ਤਕ ਮੁਲਕ ਦਬਾ ਕੇ ਬੇਸ਼ੁਮਾਰ ਦੌਲਤ ਤੇ ਨਾਮ ਵਰੀ ਪੈਦਾ ਕੀਤੀ, ਜਿਸ ਕਰਕੇ ਪਟਿਆਲੇ ਵਾਲੇ ਰਾਜਾ ਅਮਰਸਿੰਘ ਦੀ ਭੈਣ ਰਾਜਿੰਦਰਕੌਰ ਦਾ ਸਾਕ ਏਨ੍ਹਾਂ ਦੇ ਹੋਗਿਆ ਤੇ ਫੇਰ ਸੈਂਕੜੇ ਧਨੀ ਲੋਕ ਲੁਟ ਮਾਰਤੋਂ ਡਰਦੇ ਏਥੇ ਆ ਵਸੇ, ਕਜੋਂਕੇ ਏਨ੍ਹਾਂ ਵਲ ਕੋਈ ਭੈੜੀ ਨਿਗਾਹ ਕਰਕੇ ਦੇਖ ਨਹੀਂ ਸੱਕਦਾਸੀ। ਜਦ ਹੰਕਾਰੇ ਹੋਏ ਧਰਮ ਚੰਦ ਨੇ ਢਕਵਿਚ ਬਹੁਤਸਿੰਘਾਂ ਨੂੰ ਘੇਰਕੇ ਮਾਰਜਾ ਤੇ ਮਰਵਾਹਾ ਤਦ ਤੋਂ ਸਿੰਘ ਏਨ੍ਹਾਂ ਦੇ ਪਿਛੇ ਪੈਗਏ ਤੇ ਪੰਦ੍ਰਾਂਕੁ ਬਰਸ ਵਿਚ ਮਾਰੇਮਾਰ ਕਰਕੇ ਏਨ੍ਹਾਂ ਦੀ ਮਿਟੀ ਬਾਕ ਛਤ੍ਰੋਲਵਿਹੇ ਖੂੰਹਦੇ ਰਾਜਾ ਰਣਧੀਰ ਸਿੰਘ ਕਪੂਰਥਲ ਵਾਲੇ ਨੇ ਸੰਃ ੧੯੨੩ ਵਿਃ ਵਿਚ ਆਪਨ ਮੁਸਾਹਬ ਰਾਮ-ਦਿਤ ਖੱਤ੍ਰੀ ਦੇ ਨਹ ਲੱਗਣ ਤਬਾਹ ਕਰ ਦਿੱਤੇ।

Sri Satguru Jagjit Singh Ji eLibrary NamdhariElibrary@gmail.com

ਅਦੀਨਾਬੇਗ ਤੇ ਪੰਥ ਦਾ ਮੇਲ ਤੇ ਜਲੰਧਰ ਪਰ ਧਾਵਾ

ਖਹੇੜੀ ਪਿੰਡ ਜ਼ਿਲੇ ਹੁਸ਼ਿਆਰਪੁਰ ਜਿੱਥੇ ਸੋਢੀ ਬਖਤਾਵਰ ਸਿੰਘ ਨਾਸਰਦੀਨ ਦਾ ਛੱਡਿਆ ਹੋਯਾ ਬੈਠਾ ਸੀ, ਕੁਦਰਤ ਨਾਲ ਅਦੀਨਾ ਬੇਗ ਖਾਂ ਭੀ ਓਥੇ ਜਾ ਫਿਰਯਾ; ਰਾਮਚੰਦ੍ ਸੁਕ੍ਰੀਵ ਵਾਂਙੂ ਦੋਹਾਂ ਦੁਖੀਆਂ ਨੇ ਆਪਣੇ ੨ ਦੁਖ ਤੇ ਨਾਸਰ ਖਾਂ ਦੇ ਜ਼ੁਲਮ ਫੋਲੇ ਤਾਂ ਦਿਲ ਉਛਲ ਆਯਾ। ਦੀਨਾ ਬੇਗ ਖਾਂ ਦੀ ਸਲਾਹ ਮੰਨਕੇ ਸੋਢੀ ਸਾਹਿਬ ਨੇ ਆਪਣੇ ਆਦਮੀ ਭੇਜ ੨ ਸਿੰਘਾਂ ਨੂੰ ਇਕੱਠੇ ਕਰ ਲਿਆ, ਸਿੰਘ ਤਾਂ ਅੱਗੇ ਹੀ ਨਾਸਰ ਅਲੀ ਖਾਂ ਉਤੇ ਕੰਡ ਜਾਲੇ ਚੱਖਦੇ ਸੇ (ਬੋਟੀ ਉੱਤੇ ਚਾਰ ਵਾਲ। ਸੋਈ ਕਰਦੇ ਹਾਲ ਹਾਲ) ਏਸ ਗੱਲ ਵਾਂਙੂ ਛਾਵੇਂ ਵੈਰੀਆਂ ਨਾਲੋਂ ਸਿੰਘ ਥੋੜੇ ਸੇ, ਪਰ (ਹੱਥ ਖਾਲੀ ਬਾਦਸ਼ਾਹ, ਰੂਹ ਖਾਲੀ ਮੂੰ ਸ਼ਾਹ) ਉੱਤੇ ਚੜ੍ਹ ਬੈਠੇ॥

ਰਾਹ ਵਿਚ ਸਰਦਾਰ ਜੱਸਾ ਸਿੰਘ ਨੇ ਹੱਸਕੇ ਅਦੀਨਾ ਬੇਗ ਖਾਂ ਨੂੰ ਆਖਯਾ, ਜਦ ਮੁਠ ਭੇੜ ਹੋਈ ਤਦ ਤੁਸੀ ਮੁਸਲਮਾਨ ਤਾਂ ਇਕੋ ਜੇਹੇ ਮਾਲੂਮ ਹੋਵੇਗੇ ਐਸਾ ਨਾ ਹੋਵੇ ਕਿਤੇ ਬਿਨਾ ਪਛਾਣੇ ਸਿੰਘ ਤੁਹਾਡਾ ਹੀ ਕੁਤਰਾ ਕਰ ਕੱਢਣ। (ਜਥਾ ਕਾਲੀਆਂ ਤਥਾ ਧੌਲੀਆਂ) ਤਾਂਤੇ ਨਿਸ਼ਾਨੀ ਚਾਹੀਏ, ਦੀਨਾ ਬੇਗ ਬੋਲਯਾ ਗੱਲ ਤਾਂ ਸੱਚੀ ਹੈ, ਪਰ ਹੁਣ ਪੈਰ ਉਤੇ ਕੀ ਬਣ ਸਕਦਾ ਹੈ? ਸਰਦਾਰ ਬਹਾਦਰ ਨੇ ਹਰੀ ਹਰੀ ਕਲਕ ਦੇ ਪਠੇ ਤੋੜਕੇ ਅਦੀਨਾ ਬੇਗ ਦੇ ਸਿਰ ਉਤੇ ਟੰਗ ਦਿਤੇ ਅਤੇ ਓਸਦੀ ਫੌਜ ਨੂੰ ਕੀ ਟੰਗਾ ਦਿਤੇ। ਅਦੀਨਾਬੇਗ ਬੋਲਯਾ ਗੁਰੂ ਖਾਲਸੇ ਦੇ ਘਰੋਂ ਫਤੇ ਦਾ ਨਿਸ਼ਾਨ ਸਚ੍ਹੀ ਸਾਨੂੰ ਮਿਲੀ ਹੈ, ਹੁਣ ਜਿੱਤਣ ਵਿਚ ਕੋਈ ਸੰਸਾ ਨਹੀਂ।

Sri Satguru Jagjit Singh Ji eLibrary NamdhariElibrary@gmail.com

ਨਾਸਰਅਲੀ ਨੂੰ ਮਾਰਕੇ ਜਲੰਧਰ ਸੋਧਨਾ ਤੇ ਤੁਰਕਨੀਆਂ ਸ਼ੁੱਧ ਕਰਨੀਆਂ।

ਓਧਰ ਨਾਸਰਦੀਨ ਨੇ ਛੀ ਖਬਰ ਪਾ ਕਰ ਸਾਰੀ ਫੌਜ, ਤੁਪਖਾਨਾ ਲੈਕੇ ਸ਼ਹਿਰੋਂ ਦੋ ਕੋਹ ਅੱਗੇ ਮੋਰਚੇ ਆ ਲਾਏ। ਸੱਯਦ ਖੈਰੇਸ਼ਾਹ, ਮਿਰਜ਼ਾ ਇਸ਼ਕ ਅਲੀਬੇਗ ਤੇ ਬਲੰਦਖਾਂ ਆਦਿਕ ਸਰਦਾਰਾਂ ਨੂੰ ਮੋਰਚੇ ਵੰਡ ਦਿਤੇ, ਦੋਹਾਂ ਪਾਸਿਆਂ ਤੋਂ ਲੜਾਈ ਹੋਣ ਲਗੀ। ਜਦ ਜੱਸਾ ਸਿੰਘ ਆਦਿਕ ਸਰਦਾਰਾਂ ਨੇ ਦੇਖਿਆ ਕਿ ਤੋਪਾਂ ਅੱਗੇ ਤੀਰਾਂ ਤੇ ਬੰਦੂਕਾਂ ਦੀ ਪੇਸ਼ ਨਹੀਂ ਜਾਂਦੀ ਤਾਂ ਖਾਲਸੇ ਦਾ ਹੱਲਾ ਕਰਾ ਦਿੱਤਾ ਸਿੰਘ ਤਲਵਾਰਾਂ ਖਿਚ ਖਿਚ ਅਕਾਲ ਅਕਾਲ ਗਜਾਉਂਦੇ ਹੋਏ ਦੁਸ਼ਮਣਾਂ ਦੇ ਮੋਰਚੇ ਉਤੇ ਟੁਟਕੇ ਜਾ ਪਏ, ਘਸਾ ਘਸ ਬਰਛੇ ਤੇ ਖਪਾਖਪ ਤੇਗੇ ਧਸਾ ਦਿਤੇ। ਕੇਲੇ ਦੇ ਬਣ ਵਾਂਗੂ ਸਥਾਰ ਕਰ ਘੱਤਜਾ; ਜਿਸ ਤਰਾਂ ਏਹ ਗੱਲਾਂ ਮਸ਼ਹੂਰ ਹਨ ਕਿ ਕਟਾਰੀ ਰਾਜਪੂਤਾਂ ਦੀ ਭਾਲੇ ਮਰਹੱਟਜਾਂ ਦੇ ਬੰਦੂਕ ਪੂਰਬੀਆਂ ਦੀ, ਤੋਪ ਅੰਗ੍ਰੇਜ਼ਾਂ ਦੀ, ਜ਼ੁਲਮ ਮੁਸਲਮਾਨਾਂਦੇ, ਕਲਮ ਬੰਗਾਲੀਆਂ ਦੀ, ਬੇਇਤਫਾਕੀ ਪੰਜਾਬੀਆਂ ਦੀ, ਏਸੇ ਤਰਾਂ ਸਿੰਘਾਂ ਦੀ ਭੁੱਖ ਭੀ ਮਸ਼ਹੂਰ ਹੈ। ਫੇਰ ਤਾਂ ਵੈਰੀਆਂ ਨੂੰ ਭਾਜ ਪੈ ਗਈ, ਸਿੰਘਾਂ ਨੇ ਘੋੜੇ ਭਜਾ ੨ ਅਨੇਕਾਂ ਦੇ ਸੋਫੇ ਲਾਹੇ, ਪਰ ਮੁੜਕੇ ਕਿਸੇ ਨੇ ਪਿੱਛੇ ਨਾ ਤੱਕਜਾ। ਨਾਸਰ ਅਲੀਖਾਂ ਦੇ ਘੋੜੇ ਦੀ ਖੁੱਰ ਖਜਾਲਾ ਸਿੰਘ ਕੰਬਾ ਨੇ ਵੱਢੀ ਤਾਂ ਉਹ ਉਸੇ ਥਾਂ ਡਿਗ ਪਿਆ। ਖਜਾਨ ਸਿੰਘ ਨੇ ਉਸਨੂੰ (ਬੇਦੀਆਂ) ਪਟਿਆਂ ਤੋਂ ਫੜਕੇ ਸਰਦਾਰ ਜੱਸਾ ਸਿੰਘ ਪਾਸ ਲੈ ਆਂਦਾ, ਸਰਦਾਰ ਸਾਹਿਬ ਨੇ ਸੋਫੀ ਸਾਹਿਬ ਚੋ ਸਪੁਰਦ ਕਰ ਦਿੱਤਾ। ਜੈਸੇ

Sri Satguru Jagjit Singh Ji eLibrary NamdhariElibrary@gmail.com

ਓਸਨੇ ਬੰਮ੍ਹ ਸਾਹਿਬ ਹੁਕਮ ਸੀ ਤੈਸੇ ਸੋਢੀ ਜੀ ਨੇ ਨਾਸਰ ਅਲੀਖਾਂ ਨੂੰ ਭੀ ਅੱਗ ਵਿਚ ਸੜਦਾ ਦਿਤਾ। ਫੇਰ ਸਿੰਘਾਂ ਨੇ ਸ਼ਹਿਰ ਵਿਚ ਵੜਕੇ ਐਸੀ ਮਾਰੋ ਮਾਰ ਕੀਤੀ ਜੋ ਜਾਨਾਂ ਲੈਕੇ ਦੌੜ ਗਏ ਸੋ ਬਚ ਗਏ । ਨਾਸਰਅਲੀ ਨੇ ਹਿੰਦੂਆਂ ਨੂੰ ਫੜ ਫੜ ਧੱਕੇ ਨਾਲ ਮੁਸਲਮਾਨੀਆਂ ਕੀਤਾ ਸੀ, ਸੋਢੀ ਸਾਹਿਬ ਨੇ ਸਿੰਘਾਂ ਨੂੰ ਹੁਕਮ ਦਿਤਾ, ਜਿਸਨੂੰਜੋਰਦੀ ਇਸਤ੍ਰੀ ਮੁਸਲਮਾਨੀ ਪਸਿੰਦ ਹੋਵੇ ਅਤੇ ਅੰਮ੍ਰਤ ਛਕਣਾ ਮੰਨ ਲਏ ਉਸਨੂੰ ਅੰਮ੍ਰਤ ਛਕਾਕੇ ਨਾਲ ਰਲਾ ਲਓ। ਅਨੇਕ ਸਿੰਘਾਂ ਨੇ ਮੁਗਲਾਣੀਆਂ, ਪਠਾਣੀਆਂ ਲੈ ਆਂਦੀਆਂ। ਸੋਢੀ ਸਾਹਿਬ ਨੇ ਉਨਾਂ ਨੂੰ ਅੰਮ੍ਰਤ ਛਕਾ ੨ ਕੇ ਸਿੰਘਾਂ ਨਾਲ ਆਨੰਦ ਪੜ੍ਹਾ ਦਿਤੇ । ਅਨੂਪ ਸਿੰਘ ਬ੍ਰਹਮਣ ਚਨਾਲ ਥਲੀਆ ਇਲਾਕੇ ਪੱਟਸਾਲੇਦਾ, ਭਖਤਸਿੰਘ ਪੈਜ ਗਾੜੀਆ, ਲਾਲ ਸਿੰਘ ਰੋਸਾ, ਖੈਰਾ ਸਿੰਘ ਰੱਤੇਕਾ, ਨੰਦ ਸਿੰਘ ਬੈਰਾੜ, ਦੇਵਾ ਸਿੰਘ ਸੋਣਾ,ਕੇਹਰ ਸਿੰਘ ਰੰਧਾਵਾ, ਹਾਤਾ ਸਿੰਘ ਚੁੰਗ ਇੱਤਯਾਦਿਕ ਸਿੰਘਾਂ ਨਾਲ ਔਰਤਾਂ ਨੇ ਖੁਸ਼ੀ ਹੋਕੇ ਅਨੰਦ ਪੜਾ ਲਏ ਉਨਾਂ ਦੀ ਸੰਤਾਨ ਹੁਣ ਤਕ ਬਹੁਤ ਪਿੰਡਾਂ ਵਿਚ ਹੈ। ਏਹੋ ਰੀਤਿ ਬਹੁਤ ਚਿਰ ਖਾਲਸੇ ਪੰਥ ਵਿਚ ਰਹੀ ਤੇ ਹੁਣ ਭੀ ਅਨੇਕ ਜੱਟਾਂ ਸਿੰਘਾਂ ਦੇ ਘਰਾਂ ਵਿਚ ਮੁਸਲਮਾਨੀਆਂ ਤੋਂ ਸਿੰਘਣੀਆਂ ਬਣਕੇ ਵਸ ਰਹੀਆਂ ਹਨ। ਉਨਾਂ ਦੇ ਪੁਤ੍ਰ, ਧੀਆਂ ਜੱਟਾਂ ਦੇ ਘਰੀਂ ਵਿਆਹੇ ਹੋਏ ਅਸਾਂ ਆਪ ਦੇਖੇ ਹਨ; ਜੈਸੇ ਸਰਦਾਰ ਹਰਸਾ ਸਿੰਘ ਸੁਲਤਾਨ ਪਿੰਡ ਵਾਲੇ ਦੇ ਬੇਟੇ ਗੁਪਾਲ ਸਿੰਘ ਦੀ ਤੇ ਪੋਤ੍ਰਾਂ ਦੀ ਸ਼ਾਦੀ ਚੰਗੇ ਖਾਨਦਾਨ ਜੱਟਾਂ ਦ ਘਰ ਹੋਈ ਤੇ ਗੁਪਾਲ ਸਿੰਘ ਦੀ ਮਾਈ ਮੁਸਲਮਾਨੀ ਸਿੱਖਣੀ ਅਤੇ ਜੀਉਂਦੀ ਹੈ। ਹੋਰ

Sri Satguru Jagjit Singh Ji eLibrary NamdhariElibrary@gmail.com

ਮਾਲਵੇ ਦੇਸ ਡਾਲੇ ਪਿੰਡ ਹਰੀ ਸਿੰਘ ਜਟ ਦੇ ਘਰ ਪਠਾਣੀ ਸਿੱਖਣੀ ਦੀ ਔਲਾਦ ਹੈ। ਹੋਰ ਮਾਲਵੇ ਦੇਸ ਸਿਵੀ ਪਿੰਡ ਉੱਤਮ ਸਿੰਘ ਦੇ ਘਰ ਬਲੋਚਣੀ ਸਿੰਘਣੀ ਦੀ ਸੰਤਾਨ ਹੈ। ਹੋਰ ਬਰੇਪਿੰਡ ਪਰਗਣੇ ਮੁਕਤਸਰ ਕੌਰ ਸਿੰਘ ਜੱਟ ਦੇ ਘਰ ਰੰਘੜੀ ਸਿੱਖਣੀ ਦੇ ਪੰਜ ਪੁਤ੍ਰ, ਦੋ ਪੋਤ੍ਰੇ ਜੱਟਾਂ ਦੇ ਵਜਾਹੇ ਹੋਏ ਰੰਘੜੀ ਸਮੇਤ ਮੌਜੂਦ ਹਨ, ਇੱਤਜਾਦਿਕ ਹੋਰ ਬਹੁਤ ਜਗਾ ਹਨ।

ਤੀਮੀਂ ਦੀ ਜਾਤ ਨਹੀਂ

ਏਸਦੇ ਬਗੈਰ ਮਨੂ ਜੀ ਨੇ ਭੀ ਲਿਖਯਾ ਹੈ ਕਿ ਇਸਤ੍ਰੀ ਦੀ ਜਾਤਿਗੋਤ੍ਰ ਵਰਨ ਕੋਈ ਨਹੀਂ, ਜਿਸਦੇ ਘਰ ਵੱਸੀ ਓਹੋ ਓਸਦੀ ਜਾਤਿ ਹੋ ਗਈ। ਦੇਖੋ! ਪ੍ਰਤੱਖ ਸ਼ੀਰ੍ਹ ਦੀ ਬੇਟੀ ਜੋਜਕ ਗੰਧਾਰੀ ਰਾਜਾ ਸ਼ਾਤ੍ਰੁਲ ਦੇ ਘਰ ਆਈ ਤਾਂ ਛੱਤ੍ਰਾਣੀ ਸਦਾਈ, ਓਸੇ ਦੇ ਪੋਤ੍ਰੇ ਕੌਰਵ ਤੇ ਪਾਂਡਵ ਹੋਏ। ਪੁਨਾਃ ਧੋਬੀ ਦੀ ਬੇਟੀ ਰਜ਼ੀਆ ਨਾਮ ਬਿਜੈ ਸਿੰਘ ਰਾਜਾ ਦੀ ਰਾਣੀ ਹੋਈ ਓਸੇ ਦੀ ਸੰਤਾਨ ਬੇਅੰਤ ਛੱਤ੍ਰੀ ਰਾਜਪੂਤ ਹਨ। ਪੁਨਃ ਛੱਤਲੀ ਚੂਹੜੀ ਡੱਕ ਨਾਮੀ ਬ੍ਰਹਮਣ ਦੇ ਘਰ ਆਈ, ਜਿਸਦੀ ਔਲਾਦ ਛਬੈਤ ਬ੍ਰਹਮਣ ਬੇਅੰਤ ਹਨ। ਪੁਨਾਃ ਨੈਣਾਂ ਦੀ, ਛੀਲ੍ਹਾਂ ਦੀ ਬੇਟੀ ਅਰਜਨ ਨੇ ਵਯਾਹੀ ਜਿਸ ਦੇ ਖੇਟੇ ਬਘਰ ਬਾਹਨ ਦੀ ਸੰਤਾਨ ਖੱਤਰੀ ਬੇਅੰਤ ਹਨ, ਇਤਆਦਿਕ ਐਸੀਆਂ ੨ ਹੋਰ ਬਹੁਤ ਕਥਾ ਪੁਰਾਣਾਂ ਵਿਚ ਲਿਖੀਆਂ ਹਨ।

ਤਾਂਤ੍ਰੇ ਸਿੱਧ ਹੋ ਗਿਆ ਕਿ ਬੀਰਜਦੀ ਮੁੱਖਜਤਾ ਲੋਕ ਬੇਦ ਪ੍ਰਾਣ ਨਹੀਂ।

Sri Satguru Jagjit Singh Ji eLibrary NamdhariElibrary@gmail.com

ਚੇਤ ਸੰਃ ੧੮੧੩ ਬਿਃ ਵਿੱਚ ਜਾਲੰਧਰ ਉਤੇ ਕਬਜ਼ਾ ਕਰਾਵਣ ਦੇ ਬਦਲੇ ਪੰਜ ਹਜਾਰ ਰੁਪਯਾ ਛੜਾਹ ਪ੍ਰਸ਼ਾਦ ਵਾਸਤੇ ਤੇ ਬੀਸ ਹਜ਼ਾਰ ਖਾਲਸੇ ਨੂੰ ਪੁਸ਼ਾਕੀ ਦਾ ਵੇਕਰ ਦੀਨਾਬੇਗ ਨੇ ਵਿਦਾ ਕੀਤਾ,ਹੋਰਜੋ ਸਰਹੱਦੀ ਸਾਮਾਨ ਲੁੱਟਿਆ ਸੀ ਉਹ ਵੱਖਰਾ ਖਾਲਸੇ ਜੀਦੇ ਪਾਸ ਰਿਹਾ। ਹੋਰ ਦਾਰੂ ਸਿੱਕਾ ਅਦੀਨਾਬੇਗ ਤੋਂ ਸਿੰਘਾਂ ਨੇ ਮੰਗ ਕੇ ਲੈ ਲੀਤਾ। ਫੇਰ ਸੋਢੀ ਬਸੰਤਸਾਹ ਸਿੰਘ ਨੂੰ ਕਰਤਾਰ ਪੁਰ ਥਾਪੜੇ ਗੁਰਦ੍ਵਾਰੇ ਦੇ ਨਾਮ ਦੀਨਾਬੇਗ ਤੋਂ ਜਾਗੀਰ ਦਿਵਾਈ ਜੋ ਹੁਣ ਤਕ ਹੈ।

ਖਾਲਸੇ ਨੇ ਦੁਆਬਾ ਸੋਧਣਾ

ਲਗਦੇ ਹੱਥ ਖਾਲਸਾ ਦੁਆਬੇ ਦੇਸ ਵੜ ਗਿਆ, ਜਿਨ੍ਹਾਂ ਜਿਨ੍ਹਾਂ ਚੌਧਰੀਆਂ ਤੇ ਤਅੱਲਕੇਦਾਰਾਂ ਨੇ ਸਿੰਘ ਫੜਾ ੨ ਮਰਵਾਏ ਸਨ ਉਨ੍ਹਾਂ ਨੂੰ ਦਿਹੁੰ ਦੀਹੀਂ ਐਸੇ ਭੰਡੁਛਾਰੇ ਦਿਖਾਏ ਜੋ ਫੇਰ ਕਦੇ ਕਿਸੇ ਸਿੰਘ ਉੱਤੇ ਹੱਥ ਚੁੱਕਣ ਜੋਗੇ ਨਾ ਛੱਡੇ। ਸਿੰਘਾਂ ਪਾਸ ਜਯੋਂ ੨ ਲੁਟਦਾ ਸਾਮਾਨ ਆਂਦਾ ਸੀ ਤਯੋਂ ਤਯੋਂ ਆਪਣੀ ਫੌਜੀ ਛਾਵਨ ਵਧਾਉਂਦੇ ਜਾਂਦੇ ਸੇ। ਏਸ ਸਮੇਂ ਪੰਜਾਹ ਸੱਠ ਸਿੰਘ ਤਾਂ ਸੌ ਸੌ ਘੋੜੇਦੇ ਮਾਲਕ ਬਣ ਗਏਸੇ।

ਜੱਦਪਿ ਸ਼ਾਹਜ਼ਾਦੇ ਤਹਿਮੂਰਸ਼ਾਹ ਪਾਸ ਦੁਹਾਈਆਂ ਦੇਸੀ ਲੋਕਾਂ ਨੇ ਅਦੀਨਾਬੇਗਾਂ ਦੀ ਤੇ ਸਿੰਘਾਂ ਦੀ ਬੁਰਾਈ ਬਹੁਤ ਸੁਣਾਈ, ਪਰ ਓਸਨੇ ਸਿੰਘ ਤੇ ਅਦੀਨਾਬੇਗ ਮਿਲੇ ਹੋਏ ਜਾਣਕੇ ਚਾਰ ਮਹੀਨੇ ਕਿਸੇ ਉੱਤੇ ਕੋਈ ਤੱਦੀ ਨਾ ਕੀਤੀ,ਓਸਦੀ ਨਰਮਾਈ ਤੇ ਨੇਕਨੀਤੀ ਦੇਖਕੇ ਸਿੰਘਾਂਨੇ ਭੀ ਓਸਨੂੰ ਨਾ ਸੈਤਾਯਾ।

Sri Satguru Jagjit Singh Ji eLibrary NamdhariElibrary@gmail.com

ਦਿਲੀ ਦਾ ਆਪਸ ਵਿਚ ਬਖੇੜਾ ਤੇ ਨਾਦਰਸ਼ਾਹ ਦਾ ਪੰਜਵਾ ਹਮਲਾ

ਏਥੇ ਏਹ ਭੀ ਜਾਣ ਲੈਣਾ ਚਾਹੀਏ ਕਿ ਅਹਿਮਦ ਸ਼ਾਹ ਬਾਦਸ਼ਾਹ ਜੋ ਮੁਹੰਮਦਸ਼ਾਹ ਦਾ ਬੇਟਾ ਓਦੋਂ ਦਿੱਲੀ ਦੇ ਤਖਤ ਉਤੇ ਸੀ, ਓਸਦੇ ਵਜ਼ੀਰ ਗਾਜੀਉੱਦੀਨ ਮਸ਼ਹੂਰਗਾਜ਼ੀ ਬਨਰਾ ਨੇ ਬਾਦਸ਼ਾਹ ਨਾਲ ਬਿਗਾੜਕੇ ਪਹਿਲੇ ਤਾਂ ਬਾਦਸ਼ਾਹ ਦੇ ਅਨੇਕ ਸਹਾਇਕਾਂ ਦੀ ਕੁੰਦੀ ਕੀਤੀ ਤੇ ਫੇਰ ਬਾਦਸ਼ਾਹ ਨੂੰ ਓਸਦੀ ਮਾਂ ਸਮੇਤ ਛੜਕੇ ਗਰਮ ਸੂਏ ਫਿਰਾ ਕਰ ਅੰਨ੍ਹਾ ਕਰ ਘੱਤਜਾ; ਤੇ ਸਹਾਂਦਾਰਸ਼ਾਹ ਅੱਠਵੇਂ ਬਾਦਸ਼ਾਹ ਦੇ ਬੇਟੇ ਨੂੰ ਤਖਤ ਉੱਪਰ ਬੈਠਾਕੇ ਓਸਦੀ ਪਦਵੀ ਸਾਨੀਆਲਮਗੀਰ ਥਾਪ ਦਿਤੀ, ਪਰ ਥੋੜੇ ਹੀ ਮਹੀਨਜਾਂ ਵਿਚ ਗਾਜੀਦੀਨ ਤੋਂ ਏਹ ਭੀ ਤੋਬਾ ਕਰ ਉੱਠਜਾ। ਏਸਨੇ ਆਪਣੀ ਸਹਾਇਤਾ ਵਾਸਤੇ ਚੁਪਚਾਪ ਕਾਬਲ ਦੇ ਬਾਦਸ਼ਾਹ ਨੂੰ ਇੱਕ ਕਰੋੜ ਰੁਪਯਾ ਤੇ ਦੋ (ਡੋਲੇ) ਸਾਕ ਦੇਣੇ ਕਰਕੇ ਬੁਲਾ ਲਿਆ। ਓਸੇ ਸਮੇਂ ਸੱਯਦਜਮੀਲ ਆਦਿਕ ਲਾਹੌਰੀ ਅਮੀਰਾਂ ਦੀ ਸੇਤਾਈ ਹੋਈ ਮੁਰਾਦ ਏਨਾਮ ਲਾਹੌਰ ਦੀ ਸੂਬੇਦਾਰ ਆਪ ਦੁਰਾਨੀ ਬਾਦਸ਼ਾਹ ਨੂੰ ਚੜ੍ਹਾ ਲਜਾਈਸੀ। ਸਦ ਏਨ੍ਹਾਂ ਦੋਹਾਂ ਕੰਮਾਂ ਵਾਸਤੇ ਪੰਜਵੀਂ ਵਾਰੀ ਅਹਿਮਦ ਸ਼ਾਹ ਦੁਰਾਨੀ ਨੇ ਹਿੰਦ ਵਿੱਚ ਆ ਕਰ ਪੰਜਾਬ ਦਾ ਬੰਦੋਬਸਤ ਕੀਤਾ ਤੇ ਦਿੱਲੀ ਪਹੁੰਚਕਰ ਬਾਦਸ਼ਾਹ ਨੂੰ ਗਾਜ਼ੀਦੀਨ ਜ਼ਾਲਮ ਵਜ਼ੀਰ ਦੇ ਪੰਜੇ ਵਿੱਚੋਂ ਛੁਡਾਕੇ ਨਜੀਬਖਾਂ ਰੁਹੇਲੇ ਨੂੰ ਨਜ਼ਮੁਦੌਲਾ ਦਾ ਖਿਤਾਬ ਦੇਕਰ ਵਜ਼ੀਰ ਬਣਾ ਦਿੱਤਾ ਤੇ ਗਾਜ਼ੀਦੀਨ ਆਦਿਕ ਅਮੀਰਾਂ ਤੋਂ ਬੜੀ ਸਖਤੀ ਨਾਲ ਇੱਕ ਕਰੋੜ ਰੁਪਯਾ ਜੁਰਮਾਨਾ ਤੇ ਬਾਦਸ਼ਾਹ ਦੀ ਸਰੀ ਭੈਣ ਦਾ ਡੋਲਾ ਆਪਨੂੰ ਅਤੇ

Sri Satguru Jagjit Singh Ji eLibrary NamdhariElibrary@gmail.com

ਓਸਦੀ ਬੇਟੀ ਦਾ ਡੋਲਾ ਅਪਣੇ ਬੇਟੇ ਤਹਿਮੂਰ ਸ਼ਾਹ ਵਾਸਤੇ ਲੈਕੇ ਕਾਬੁਲ ਨੂੰ ਚਲਾ ਗਿਆ ॥

ਮ੍ਰਹੱਟਜਾਂ ਨੇ ਗਾਜ਼ੀਦੀਨ ਦੀ ਸਹਾਇਤਾ ਕਰਨੀ

ਤਦੋਂ ਗਾਜ਼ੀਦੀਨ ਨੇ ਵਜ਼ੀਰੀ ਖੁੱਸ ਜਾਣ ਦੇ ਕਾਰਣ ਆਪਣਾ ਅਤੀ ਨਿਰਾਦਰ ਹੋਯਾ ਮੰਨਕੇ, ਆਪਣੀ ਸਹਾਯਤਾ ਤੇ ਦੁਸ਼ਮਣਾਂ ਤੋਂ ਬਦਲਾ ਲੈਣ ਵਾਸਤੇ ਮਰਹੱਟਜਾਂ ਨੂੰ ਬੁਲਾ ਲਿਆ । ਓਦੋਂ ਬਾਜੀਰਾਉ ਤੀਸਰਾ ਪੇਸ਼ਵਾ ਪੂਨੇ ਦੀ ਗੱਦੀ ਪਰ ਸੀ, ਓਸਨੇ ਆਪਣੇ ਬੇਟੇ ਰਘੁਨਾਥਰਾਉ ਨੂੰ ਗਾਜ਼ੀਦੀਨ ਦੀ ਮਦਦ ਵਾਸਤੇ ਤੋਰਕੇ ਆਪਣੇ ਤਾਬੇਦਾਰਾਂ ਸਰਦਾਰਾਂ ਨੂੰ ਏਸ ਦੇ ਨਾਲ ਹੋਣ ਵਾਸਤੇ ਲਿਖ ਭੇਜਜਾ । ਸੋ ਸ਼ੰਭਾ ਜੀ ਕੋਲ੍ਹਾਪੁਰ ਦਾ ਸੂਬੇਦਾਰ ੧, ਰਾਘੋ ਜੀ ਭੋਸਲਾ ਨਾਗਪੁਰ ਦਾ ੨, ਖਾਂਡੇਰਾਇ ਸੇਂਧੀਆ ਗਵਾਲੀਯਰ ਦਾ ੩, ਮਲ੍ਹਾਰ ਰਾਉ ਹੁਲਕਰ ਇੰਦੌਰ ਵਾਲਾ ੪, ਏਹ ਪੇਸ਼ਵਾ ਦੇ ਸੂਬੇ ਬਡੇ੨ ਮੁਲਕ ਤੇ ਲਸ਼ਕਰ ਦੇ ਮਾਲਕ ਸਨ । ਏਨ੍ਹਾਂ ਨੂੰ ਅਪਣੀ ੨ ਫੌਜ ਆਪਣੇ ੨ ਲਾਇਕ ਸਰਦਾਰਾਂ ਦੇ ਨਾਲ ਦੇਕਰ ਰਘੁਨਾਥ ਰਾਉ ਦੇ ਲਸ਼ਕਰ ਨਾਲ ਮਿਲਾਇ ਦਿੱਤਾ । ਏਨ੍ਹਾਂ ਨੇ ਦਿੱਲੀ ਨੂੰ ਜਾ ਘੇਰਿਆ ॥

ਤਦ ਅੰਦਰੋਂ ਨਵਾਬ ਸਆਉਦੌਲਾ, ਨਵਾਬ ਦੁੰਦੇਖਾਂ ਨਵਾਬ ਅਹਿਮਦਖਾਂ ਫਰੁੱਖਾ ਬਾਦੀਏ, ਹਾਫਜ਼ਾ ਰਹਿਮਤ ਖਾਂ ਵਜ਼ੀਰ ਨਜੀਬਖਾਂ ਦੋ ਮਹੀਨ ਲੜਦੇ ਰਹੇ । ਹਾਰਕੇ ਨਜੀਬ ਖਾਂ ਭੱਜ ਪਿਆ, ਮਰਹੱਟਜਾਂ ਨੇ ਦਿੱਲੀ ਫਤੇ ਕਰਕੇ ਗਾਜ਼ੀਦੀਨ ਨੂੰ ਫੇਰ ਵਜ਼ੀਰ ਬਣਾਇ ਦਿੱਤਾ ॥

ਮੁਲਕ ਚੰਬਲ ਨਦੀ ਤਕ ਓਧਰ ਤੇ ਹਾਂਸੀ, ਹਸਾਰ,

Sri Satguru Jagjit Singh Ji eLibrary NamdhariElibrary@gmail.com

ਝੁੱਜਰ, ਹਿਸਾਰ ਦੇਸ, ਹਰਿਦ੍ਵਾਰ, ਸਹਾਰਨਪੁਰ ਤਕ ਏਧਰ, ਏਹਤਾਂ ਪਹਿਲੇ ਹੀ ਮਰਹਟੇਦਬਾ ਚੁੱਕੇ ਸੇ, ਹੁਣ ਰਹਿੰਦਾ ਖੂੰਹਦਾ ਭੀ ਆਪਣੇ ਹੱਥ ਵਿੱਚ ਲੈ ਕੇ ਹੱਥ ਚੁਕਾਵਾਂ ਮਾਮੁਲਾ ਦੇਣਾ ਤੇ ਨਾਮ ਮਾਤ੍ਰ ਦਿੱਲੀ ਦੀ ਵਜ਼ੀਰੀ ਤੇ ਬਾਦਸ਼ਾਹੀ ਬਣਾ ਰੱਖੀ ॥

ਦੀਨਾ ਬੇਗ ਨੇ ਮ੍ਰਹੱਟੇ ਸੱਦਣੇ

ਅਹਿਮਦਸ਼ਾਹ ਅਬਦਾਲੀ, ਨਜੀਬ ਖਾਂ ਨੂੰ ਵਜ਼ੀਰ ਬਣਾ ਕੇ ਜਾਂਦਾ ਹੋਯਾ ਆਪਣੇ ਬੇਟੇਤਹਿਮੂਰ ਸ਼ਾਹ ਨੂੰ ਪੰਜਾਬ ਦਾ ਸੂਬਾ ਬਣਾਕੇ ਲਾਹੌਰ ਛੱਡਗਿਆ ਸੀ। ਏਸਨੇ ਸਤਲੁਜ ਬਜਾਸਾ ਦੇ ਵਿਚਕਾਰ ਦੇਸ ਦੇ ਕਦੀਮੀ ਹਾਕਮ ਅਦੀਨਾਬੇਗ ਖਾਂ ਨੂੰ ਸਦ ਬਹੁਤ ਸੰਭਾਯਾ ਤਾਂ ਓਸਨੇ ਮਰਹੱਟਜਾਂ ਨੂੰ ਬੁਲਾ ਭੇਜਜਾ, ਕਿਉਂਕਿ ਓਸ ਸਮੇਂ ਹਿੰਦੁਸਤਾਨ ਉਤੇ ਏਨਾਂ ਦਾ ਹੀ ਹੁਕਮ ਚਲਦਾ ਸੀ, ਭਾਂਹੀ ਸਭ ਨਵਾਬ ਰਾਜੇ ਏਨਾਂ ਦੀ ਖੁਸ਼ਾਮਦ ਕਰਦੇ ਸਨ ਤੇ ਜਦ ਕਿਸੇ ਨੂੰ ਬਿਪਤਾ ਪੈਂਦੀ ਸੀ ਤਾਂ ਏਨਾਂ ਤੋਂ ਹੀ ਮਦਦ ਲੈਕੇ ਛੁਟਦਾ ਸੀ।ਏਸੇ ਕਰਕੇ ਅਦੀਨਾਬੇਗ ਨੇ ਦੁਰਾਨੀਆਂ ਦੇ ਸੰਤਾਏ ਹੋਏ ਮਰਹੱਟਯਾਂ ਨੂੰ ਲਿਖ ਭੇਜਜਾ ਕਿ ਜਦ ਭੁਸੀ ਸਤਲੁਜ ਉਛਰੋਗੇ, ਲਾਹੌਰ ਜਾਂਦਿਆਂ ਤਕ ਹੀ ਪਛਾਉ ਦਿਕ ਲੱਖ ਰੁਪਯਾ ਖਰਚ ਤੇ ਲਾਹੌਰ ਪਤ ਕਬਜ਼ਾ ਕਰਾਉਣ ਦੀ ਮਦਦ ਮੈਂ ਦੇਵਾਂਗਾ, ਪਰ ਏਹ ਸ਼ਰਤ ਰਹੀ ਕਿ ਮੇਰੇ ਇਲਾਕੇ ਪਰ ਮੇਰੀ ਹਕੂਮਤ ਸੁਤੰਤ੍ਰ ਬਣੀ ਰਹੇ ॥

ਮ੍ਰਹਟਿਆਂ ਦਾ ਸ੍ਰਹੰਦ ਪਰ ਜੰਗ ਤੇ ਸਿੰਘਾਂ ਨੇ ਸਰਹੰਦ ਫਤੇ ਕਰਕੇ ਸੋਧਨੀ

ਮਰਹੱਟੇ ਤਾਂ ਚਾਹੁੰਦੇ ਹੀ ਸੇ ਕਿ ਕਿਵੇਂ ਪੰਜਾਬ ਸਾਂਭੇ ਹਥ ਆਵੇ, ਓਸੇ ਵਕਤ ਰਘੁਨਾਥ ਰਾਉ ਨੇ ਪੰਜਾਬ ਦੀ ਤਰਫ ਕੂਚ

Sri Satguru Jagjit Singh Ji eLibrary NamdhariElibrary@gmail.com

ਕਰ ਦਿਤਾ। ਭਾਦ੍ਰੋਂ ਸੰਃ ੧੮੧੩ ਵਿਃ ਨੂੰ ਜਦ ਸਰਹੰਦ ਪਹੁੰਚੇ ਤਾਂ ਓਥੋਂ ਦੇ ਸੂਬੇਦਾਰ ਅਬਦੁਲੇਖਾਂ ਦੁਰਾਨੀ ਨੇ ਬਡੀ ਭੀਮਡਾਮ ਨਾਲ ਟਾਕਰਾ ਲੀਤਾ, ਪੰਜ ਦਿਨ ਸਰਹੰਦ ਨਾ ਟੁਟੀ, ਅੰਦਰੋਂ ਤੋਪਾਂ ਨੇ ਮਰਹੱਟਜਾਂ ਨੂੰ ਨੇੜੇ ਨਾ ਆਵਣ ਦਿਤਾ। ਅਦੀਨਾਬੇਗ ਖਾਂ ਭੀ ਸਰਦਾਰ ਜੱਸਾ ਸਿੰਘ ਆਦਿਕ ਪੰਜ ਸਤ ਜਥੇਦਾਰਾਂ ਨੂੰ ਨਾਲ ਲੈਕੇ ਓਸੇ ਥਾਂ ਮਰਹੱਟਜਾਂ ਨੂੰ ਜਾ ਮਿਲਿਆ। ਬਾਕੀ ਦੇ ਸਿੰਘ ਭੀ ਸਰਹੰਦ ਨੂੰ ਫਤੇ ਕਰਨ ਦੀ ਮਨਸ਼ਾ ਧਾਰਕੇ(ਜੋ ਦਸ੍ਹ ਪੰਦ੍ਰਾਂ ੨ ਕੋਹ ਦੇ ਇਰਦ ਗਿਰਦ ਫਿਰ ਰਹੇ ਸੇ) ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਸਰਹੰਦ ਪਹੁੰਚਣਾ ਸੁਣਕੇ ਛਪਾ ਛਪ ਓਸਦੇ ਨਾਲ ਆ ਮਿਲੇ। ਸਿੰਘਾਂ ਨੇ ਇਸਨੂੰ ਸੋਧਣ ਦਾ ਹੁਕਮ ਲੈਕੇ ਸਰਹੰਦ ਪਰ ਹੱਲਾ ਕਰ ਦਿੱਤਾ। ਪਹਿਲੇ ਤਾਂ ਬੁਰਜਾਂ ਦੇ ਬਲਤੇ ਤੇ ਛੋਟੇ ਕਛਿਹਰੇ, ਸੂਥਣਾੜੇ, ਪਗੜੇ ਢਿਲੜ, ਮੱਦ ਜੇਹੇ ਦੇਖ ਦੇਖ ਮਰਹੱਟੇ ਠੱਠੇ ਕਰਦੇ ਸੇ, ਪਰ ਜਦ ਸੱਤ ਸ੍ਰੀ ਅਕਾਲ ਗਜਾਕੇ ਹੱਲਾ ਕੀਤਾ, ਫੇਰ ਤਾਂ ਲਾਲ ਮੂੰਹ ਤੇ ਨੇਤ੍ਰ ਚੜ੍ਹੇ ਮੁਛਹਿਰੇ ਖੜੇ ਹੋਕਰ ਬੀਰਰਸ ਤੇ ਰੌਦਰ ਰਸਦਾ ਰੂਪ ਧਾਰਨ ਦੀ ਤਰਾਂ ਕੁਛ ਹੋਰਦੇ ਹੋਰ ਹੀ ਭਜਾਨਕ ਥਲਕੇ ਚਿੜ੍ਹਜਾਂ ਵਾਂਗੂ ਛਾਲਾਂ ਮਾਰਦੇ ਹੋਏ ਸਾਰਦੀ ਬਰਖਾ ਪੈਂਦੀ ਦੇ ਸਾਹਮਣੇ ਚਲੇ ਗਏ, ਚਟਾਪੱਟ ਨਟਾਂ ਵਾਂਗੂ ਟੁਣਕੇ ਕੋਟ ਉਤੇ ਚੜ ਗਏ, ਵੈਰੀ ਕੱਟਣੇ ਹੇਠਾਂ ਮਾਰੇ ਤੇ ਤੋਪਾਂ ਦੇ ਖਿਲ ਠੋਕ ਠੋਕ ਦਰਵਾਜਾ ਖੋਲ ਦਿਤਾ, ਫੇਰ ਤਾਂ ਮਰਹਟੇ ਭੀ ਹੱਲਾ ਕਰਕੇ ਅੰਦਰ ਵੜ ਗਏ। ਓੜਕ ਅਬਦੁੱਲਾ ਖਾਂ ਨੇ ਭਾਂ ਬਾਬਲਦਾ ਚਸਤਾ ਲਿਆ ਤੇ ਸਦੀਕ ਬੇਗ ਨੇ ਅਦੀਨਾਬੇਗ ਦੀ ਮਾਰਫਤ ਰਘੁਨਾਥਰਾਉ ਦੇ ਚਰਨ ਆ ਫੜੇ, ਸ਼ਹਿਰ ਤੇ ਕਿਲਾ, ਮਾਲ ਮਤਾਹ ਸਭ ਕੁਛ ਉਸਦੇ ਹਵਾਲੇ ਕਰਦਿੱਤਾ। ਮਰਹੱਟੇ ਤਾਂ ਬੰਦੋਬਸਤ ਵਿੱਚ ਲੱਗੇ ਰਹੇ

Sri Satguru Jagjit Singh Ji eLibrary NamdhariElibrary@gmail.com

ਤੇ ਸਿੰਘਾਂ ਨੇ ਜਿਤ੍ਹਾਂ ਦੀ ਧਾਂਕ ਅਗੇ ਹੀ ਸਾਰੇ ਪਈ ਹੋਈ ਸੀ, ਖੂਬ ਸੋਧਿਆ ਜਿਸ ਵਿਚ ਸ਼ਸਤ੍ਰ ਆਦ ਸ਼ਾਮਨ ਚੰਗਾ ਹਥ ਲਗਾ। ਮਰਹਟੇ ਸਿੰਘਾਂ ਦੀ ਏਸ ਰਾਜਨੀਤਕ ਚਾਲ ਪਰ ਖਿਝ ਗਏ ਤੇ ਖੋਹਣ ਆ ਪਏ, ਭਲਾ ਸ਼ੇਰ ਦੀ ਦਾੜ੍ਹ ਵਿੱਚੋਂ ਭੀ ਕਿਸੇ ਨੇ ਮਾਸ ਲੀਤਾ ਹੈ। ਅਸਥੇ ਖੰਨੇ ਪਾਸ ਟਾਕਰਾ ਹੋਯਾ ਤਾਂ ਸਿੰਘ ਅੱਗੋਂ ਤਲਵਾਰਾਂ ਸੂਤ ਖੜੋਤੇ, ਮਰਹੱਟੇ ਸਰਦਾਰਾਂ ਨੇ ਸਿੰਘਾਂ ਨਾਲ ਖਿਗੜਨਾ ਚੰਗਾ ਨਾ ਸਮਝ ਕੇ ਵਾਧਾ ਨਾ ਕੀਤਾ, ਉਪ੍ਰੰਤ ਸਿੰਘ ਅੰਮ੍ਰਿਤਸਰ ਜਾ ਠਹਿਰੇ ॥

ਮਰਹਟਿਆਂ ਦਾ ਅਟਕ ਤਕ ਜਾਣਾ ਤੇ ਉਡੀਸਾ ਲੈਣਾ

ਰਘੁਨਾਥ ਰਾਉ ਨੇ ਸਰਹੰਦ ਫਤੇ ਕਰਕੇ ਆਪਣੇ ਸਰਦਾਰਾਂ ਵਿੱਚੋਂ ਨਾਰੋਸ਼ੰਕਰਾਉ ਨੂੰ ਸਰਹੰਦ ਦਾ ਸੂਬਾ ਤੇ ਅਦੀਨਾ ਬੇਗ ਦੇ ਕਹੇ ਸਦੀਕ ਬੇਗ ਖਾਂ ਨੂੰ ਨਾਯਬ ਥਾਪ ਕਰ ਸਤਲੁਜੋਂ ਪਾਰ ਲਸ਼ਕਰ ਉਤਾਰ ਦਿੱਤਾ। ਮਰਹੱਟਜਾਂ ਤੋਂ ਡਰਦੇ ਮਾਰੇ ਜ਼ਹਿਮੂਰ ਸ਼ਾਹ ਆਦਿਕ ਦੁਰਾਨੀ ਤਾਂ ਆਪਣੇ ਆਪ ਕਾਬੁਲ ਨੂੰ ਚਲੇ ਗਏ ਤੇ ਰਘੁਨਾਥ ਰਾਉ ਅਟਕ ਤੱਕ ਸਾਰੀ ਪੰਜਾਬ ਉਤੇ ਬਿਨਾਂ ਲੜਾਈ ਕਬਜਾ ਕਰ ਬੈਠਾ ਤੇ ਆਪਣੇ ਸਰਦਾਰਾਂ ਵਿੱਚੋਂ ਸਾਹਿਬ ਰਾਉ ਨੂੰ ਦਸ ਹਜਾਰ ਫੌਜ ਨਾਲ ਜਿਲੇ ਅਟਕ ਵਿੱਚ, ਤੇ ਸੁਲਤਾਨਰਾਉ, ਮਾਧੋਰਾਉ ਨੂੰ ਲਾਹੌਰ ਵਿੱਚ, ਅਤੇ ਸਜਾਮ ਸੀ, ਰਾਮਜੀ, ਦੋ ਸਰਦਾਰਾਂ ਨੂੰ ਮੁਲਤਾਨ ਸੌਂਪਕੇ ਆਪ ਫੇਰ ਦੱਖਣ ਨੂੰ ਮੁੜ ਗਿਆ।

ਪੰਜਾਬ ਲੈਣ ਤੋਂ ਸਤ ਬਤਸ ਪਹਿਲੇ ਨਾਗਪੁਰ ਵਾਲੇ ਸੂਬੇ ਨੇ ਅੱਧਾ ਬੰਗਾਲਾ, ਸਾਰਾ ਉਡੀਸਾ ਦੇਸ ਜਿੱਤਕੇ ਜਗਨ-

Sri Satguru Jagjit Singh Ji eLibrary NamdhariElibrary@gmail.com

ਨਾਥ ਦਾ ਮੰਦਰ ਤੇ ਕਾਂਸ਼ੀ ਤੱਕ ਦੇਸ ਛਤੇ ਕਰਕੇ ਕਾਂਸ਼ੀ ਵਿਚ ਬਿਸ਼੍ਵਨਾਥ ਦਾ ਮੰਦਰ ਬਨਾਯਾ। ਜਦ ਪੰਜਾਬ ਭੀ ਏਨਾਂ ਦੇ ਕਬਜ਼ੇ ਆ ਗਿਆ ਫੇਰ ਤਾਂ ਮਾਨੋ ਸਾਰੇ ਮੁਲਕ ਪਰ ਏਨਾਂ ਦਾ ਹੀ ਡੰਕਾ ਵੱਜ ਗਿਆ।

ਇਕ ਦਿਨ ਲਾਹੌਰੀ ਮੁਸਲਮਾਨਾਂ ਨੇ ਗਊਆਂ ਮਾਰ ਕੇ ਤਿਹਾਰ ਮਨਾਯਾ। ਮਾਧੋਰਾਉ ਨੇ ਸਾਹਿਬ ਰਾਉ ਅਟਕ ਵਾਲੇ ਦੇ ਹੁਕਮ ਨਾਲ ਦੌਹਾਂ, ਪੰਦ੍ਰਾਂ ਬੁਚੜ ਮਰਵਾ ਸਿਟੇ, ਜਿਸ ਕਰਕੇ ਪੰਜਾਬ ਦੇ ਸਭ ਮੁਸਲਮਾਨ ਮਰਹੱਟਜਾਂ ਨੂੰ ਕੋਝੀਆਂ ਅੱਖਾਂ ਨਾਲ ਤੱਕਣ ਲੱਗ ਪਏ।

ਸਿੰਘਾਂ ਨਾਲ ਭੀ ਮਰਹੱਟਜਾਂ ਦਾ ਘੋਲ ਮਘੋਲ ਤਾਂ ਰਹਿੰਦਾ ਹੀ ਸੀ, ਪਰ ਮਰਹੱਟੇ ਹਿੰਦੂ ਧਰਮ ਦੇ ਅਤੀ ਪਜਾਰੇ, ਤੇ ਮੁਸਲਮਾਨ ਦੇ ਵੈਰੀ ਸਨ, ਏਸ ਤੋਂ ਸਿੰਘਾਂ ਦੇ ਸਿਰ ਨਹੀਂ ਆਉਂਦੇ ਸੇ ਅਤੇ ਸਿੰਘਾਂ ਨੇ ਭੀ ਉਨ੍ਹਾਂ ਨੂੰ ਕੋਈ ਦਿਨ ਦੇ ਪਰਾਹੁਣੇ ਸਮਝ ਕੇ ਕੁਛ ਨਾ ਆਖਣਾ।

ਮਰਹੱਟਜਾਂ ਨੇ ਸਿੰਘਾਂ ਨੂੰ ਇਕ ਬੜੀ ਸੂਰਬੀਰ ਕੌਮ ਸਮਝ ਕੇ ਆਪਣੇ ਸਾਥੀ ਕਰ ਲੈਣ ਦੇ ਜਤਨ ਕੀਤੇ, ਪਰ ਸਿੰਘ ਤਾਂ ਕਿਸੇ ਦੀ ਆਨ ਨਹੀਂ ਮੰਨਦੇ ਸੇ ਤੇ ਹਰ ਸਮੇਂ ਸੁਤੰਤ੍ਰ ਹੀ ਰਹਣਾ ਪਸੰਦ ਕਰਦੇ ਸਨ, ਇਸ ਲਈ ਉਨ੍ਹਾਂ ਨਾਲ ਮੇਲ ਨਾ ਹੋਇਆ।

ਸਿੰਘਾਂ ਨੇ ਮੁੜ ਦੁਆਬੇ ਜਾਣਾ

ਅਦੀਨਾ ਬੇਗ ਖਾਂ ਹਰ ਸਾਲ ਸਿੰਘਾਂ ਨੂੰ ਦਾਰੂ ਸਿੱਕਾ ਤੇ ਕੁਛ ਨਕਦੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਮਾਰਫਤ ਦਿੰਦਾ ਰਹਿੰਦਾ ਸੀ, ਇਸ ਸਾਲ ਮਰਹੱਟਜਾਂ ਦੇ ਗੁਮਾਨ ਵਿੱਚ ਆਕੜ ਬੈਠਾ। ਸਿੰਘਾਂ ਨੇ ਅਨੰਦ ਪੁਰ ਦੇ ਹੋਲੇ ਨੂੰ

Sri Satguru Jagjit Singh Ji eLibrary NamdhariElibrary@gmail.com

ਜਾਣਦਾ ਬਹਾਨਾ ਕਰਕੇ ਉਸਦੇ ਇਲਾਕੇ ਦੁਆਬੇ ਵਿੱਚ ਦੀਂ ਵਹੀਰ ਪਾ ਦਿੱਤਾ। ਜਦ ਥੋੜ੍ਹਾ ਹੀ ਆਪਣੇ ਸੁਭਾਵ ਦਾ ਹੱਥ ਦਿਖਾਯਾ ਤਾਂ ਦਸ ਹਜਾਰ ਰੁਪਯਾ ਨਕਦ ਨਜ਼ਰ ਵੇਖਕ ਪੈਰੀਂ ਹੱਥ ਲਾਕੇ ਆਪਣੇ ਇਲਾਕੇ ਵਿੱਚੋਂ ਪੰਥ ਨੂੰ ਵਿਦਾ ਕੀਤਾ। ਸੋ ਅੱਧਰੁ ਸਿੰਘ ਤਾਂ ਦਵਾਬੇ ਵਿੱਚ ਦੀ ਸਿੱਧੇ ਆਨੰਦ ਪੁਰ ਜਾ ਉਤਰੇ, ਅਤੇ ਚਾਰਕ ਜੱਥੇ ਮਾਛੀਵਾੜੇ ਦੇ ਪੱਤਣ ਲੰਘਕੇ ਮਾਛੀਵਾੜੀਏ ਨਜੀਬ ਖਾਂ, ਤੇ ਬਹਿਲੋਲ ਪੁਰੀਏ ਬਗ਼ਾਵਰਖਾਂ, ਸੱਮੇ ਖਾਂ ਆਦਿਕ ਖਿੜੀ ਤੇ ਕੋਟਲੇਵਾਲੇ ਪਠਾਣਾਂ ਤੋਂ ਨਜ਼ਰਾਂ ਤੇ ਰਸਤਾਂ ਲੈਂਦੇ ਹੋਏ ਸਰਹੰਦ ਦੀ ਤਰਫ ਤੁਰ ਪਏ ॥

ਸਿੰਘਾਂ ਦੇ ਜੰਗ ਸੰਘੋਲ ਸਜਾਲਣੇ ਤੇ ਹੋਲਾ ਅਨੰਦ ਪੁਰ ਕਰਨਾ

ਤਦ ਸਦੀਕਵੇਗ ਖਾਂ ਸਰਹੰਦੀ ਸੂਬੇ ਨੇ ਫੌਜ ਭੇਜ ਦਿੱਤੀ ਕਈ ਮੁਕਾਬਲੇ ਹੋਏ, ਓੜਕ ਸਦੀਕਬੇਗ ਘੁੜਨੈਲ ਤੋਪਾਂ ਤੇ ਦੇਸਦੇ ਜਾਗੀਰਦਾਰਾਂ ਨੂੰ ਲੈਕੇ ਆਪ ਚੜ੍ਹ ਆਯਾ। ਸੰਘੋਲ ਪਿੰਡ ਪਾਸ ਭਾਰੀ ਜੰਗ ਹੋਯਾ, ਅੱਗੇ ੨ ਸਿੰਘ ਪਿਛੇ ੨ ਤੁਰਕ ਹੋਗਏ, ਚਿਥੇ ਸਿੰਘਾਂ ਦਾ ਥੀ ਨੁਕਸਾਨ ਹੋਯਾ, ਪਹਾੜਾਂ ਦੀ ਕੰਢੀ ਸੱਜਾਲਥੇ ਪਿੰਡ ਪਾਸ ਚੁੜੇ ਤਾਂ ਅਨੰਦਪੁਰੀਏ ਸਿੰਘ ਏਹ ਖਬਰ ਸੁਣਕੇ ਆਚਨਚ ਆ ਬਾਹੁੜੇ ਦੋਹਾਂ ਪਾਸਿਆਂ ਤੋਂ ਖੂਬ ਰਹਿਰ ਦੀ ਰੋਲਾ ਚੱਲੀ, ਪਰ ਸਿੰਘਾਂ ਨੇ ਲੱਲ੍ਹੀ ਛੱਲੀ ਸਬ ਅਰੋਪਰ ਲਈ।ਸਦੀਕਬੇਗ ਨੇ ਸਰਹੰਦੋਂ ਉਹੇ ਸਾਹ ਨਾ ਲਿਆ। ਜਦ ਸਿੰਘ ਉਸਦੇ ਦੇਸਦੀ ਵੱਛ ਕਰਣ ਲੱਗ ਪਏ ਤਾਂ ਹਾਰਕੇ ਦਸਹਜ਼ਾਰ ਰੁਪਯਾਨਜ਼ਰ ਦੇਕੇ ਖਜਾਲ ਛੁਡਾਯਾ। ਓਪੜਦੇ

Sri Satguru Jagjit Singh Ji eLibrary NamdhariElibrary@gmail.com

ਪਠਾਣਾਂ, ਤੇ ਨਾਲ੍ਹਾਗੜੀਏ ਰਾਜਾ ਤੋਂ ਨਜ਼ਰਾਨਾ ਲੈਕੇ ਸਿੰਘਾਂਨੇ ਸੰਮਤ ੧੮੧੩ ਬਿਃ ਨੂੰ ਆਨੰਦਪੁਰ ਦੇ ਹੋਲੇ ਮੇਲੇ ਵਿੱਚ ਗੁਲਾਲ ਤੇ ਕੁਣਕੇ ਜਾ ਉਡਾਏ ॥

ਨਾਦਰ ਸ਼ਾਹ ਦਾ ਛੀਵਾਂ ਹਮਲਾ ਮਰਹੱਟੇ ਤੇ ਦੁਰਾਨੀਆਂ ਦਾ ਜੁਧ

ਉਧਰ ਗਾਜ਼ੀਦੀਨ ਵਜ਼ੀਰ ਨੇ ਨਜੀਬ ਖਾਂ ਨੂੰ ਨਜੀਬਗੜ ਵਿੱਚ ਜਾ ਘੇਰਜਾ ਅਤੇ ਭਾਰੀ ਤਰਜ਼ ਕੀਤਾ। ਹਾਰ ਕੇ ਨਜੀਬਖਾਂ ਨੇ ਤਿੰਨ ਕਰੋੜ ਰੁਪਯਾ ਤਮਰੋਜੀ(ਸਿੱਕਾ ਜੋ ਓਸ ਸਮੇਂ ਚਲਦਾ ਸੀ) ਦੇਣਾ ਕਰਕੇ ਅਹਿਮਦ ਸ਼ਾਹ ਅਬਦਾਲੀ ਨੂੰ ਆਪਣੀ ਕੁਮਕ ਪਰ ਬੁਲਾ ਲਿਆ ॥

ਅਹਿਮਦ ਸ਼ਾਹ ਤਾਂ ਮਰਹੱਟਨਾਂ ਨੂੰ ਪੰਜਾਬੋਂ ਕੱਢਣ ਵਾਸਤੇ ਪਹਿਲੇਹੀ ਤੱਯਾਰ ਹੋ ਚਿਹਾਸੀ, ਪਰ ਨਜੀਬਖਾਂ ਦੀ ਅਰਜੀ (ਜਿਸ ਪਰ ਸਾਨੀ ਆਲਮਗੀਰ ਦੇ ਭੀ ਦਸਤਖਤ ਸੇ)ਜਿਸ ਵਕਤ ਪਹੁੰਚੀ, ਓਸੇ ਵੇਲੇ ਤਿੰਨ ਕਰੋੜ ਦੇ ਲਾਲਚ ਦੀ ਖੁਸ਼ੀ ਚੜ੍ਹ ਗਈ, ਫੇਰ ਤਾਂ ਡੇਢ ਲੱਖ ਅਸਵਾਰ ਪਯਾਦੇ ਨਾਲ ਵਾਗ ਫੜ ਲਈ। ਅਜੇ ਜਲਾਲਾਬਾਦ ਹੀ ਪਹੁੰਚਯਾ ਸੀ ਜੋ ਮਰਹੱਟਨਾਂ ਨੂੰ ਅੱਗੇ ਹੀ ਅਫੜਾ ਦਫੜੀ ਪੈਗਈ। ਪੰਜਾਬ ਦੇ ਮੁਸਲਮਾਨ ਤਾਂ ਪਹਿਲੇ ਹੀ ਮਰਹੱਟਨਾਂ ਦੇ ਲਹੂ ਦੇ ਤਿਹਾਏ ਸਨ, ਓਹ ਕੁਛ ਮਦਦ ਦੇਣ ਜੋਗੇ ਨਾ ਵੇਖੇ, ਸਿੰਘਾਂ ਨਾਲ ਖੁੜਥਾ ਖੁੜ ਗੀ ਹੋ ਰਹੀ ਸੀ, ਏਸ ਕਰਕੇ ਛਰਦੇ ਮਾਰੇ ਮਰਹੱਟੇ ਹੜ ਬੜਾ ਉੱਠੇ ॥

ਅਟਕ ਦੇ ਕਿਲੇਦਾਰ ਸਾਹਿਬ ਰਾਉਨੇ ਤਾਂ ਓਥੇ ਪਾਣੀ ਛੀਨਾ ਪੀਤਾ, ਬਿਨਾ ਪਲੀਤਾ ਦਾਗੇ ਦੁਰਾਨੀਆਂ ਦੇ ਅੱਗੇ ਲੱਗ

Sri Satguru Jagjit Singh Ji eLibrary NamdhariElibrary@gmail.com

ਤੁਰਿਆ, ਰੁਤਾਸਪਾਸ ਆਕੇ ਰੁਕੇ ਹੋਏ ਨੇ ਥੋੜੀ ਜੇਹੀ ਲੜਾਈ ਕੀਤੀ, ਪਰ ਕੁਛ ਨਾ ਸਰਿਆ, ਸਗੋਂ ਦੁਰਾਨੀਆਂ ਨੂੰ ਆਪਣਾ ਪੋਲ ਜਾਹਰ ਕਰ ਦਿਖਾਯਾ, ਜਿਸਤੋਂ ਓਹ ਮਛਰ ਬੜੇ ਸਿਰੇ ਚੜ੍ਹ ਗਏ, ਪਰ ਅਹਿਮਦ ਸ਼ਾਹ ਨੇ ਜੋ ਏਵੇਂ ਜੇਹੇ ਕੰਮਾਂ ਦਾ ਭਾਰੀ ਭੇਤੀਸੀ (ਮਾਰੀ ਨਾਲੋ ਪਿਟਵਾਈ ਚੰਗੀ ਸਮਝ ਕੇ) ਮਰਹਟਨਾਂ ਨੂੰ ਦੂਰੋਂ ਹੁਮ ਭਰਾਵਾ ਰੱਖਨਾ, ਹੱਥ ਨਾ ਪਾਯਾ। ਏਸਵੇਲੇ ਮਰਹਟੇ ਤਾਂ ਪੰਜਾਬ ਖਾਲੀ ਕਰਕੇ ਜਿਥੋਂ ਨਿਕਲੇ ਸੇ ਓਥੇ ਹੀ ਚਲੇ ਗਏ ਤੇ ਦੁਰਾਨੀ ਸ਼ਾਹ ਨੇ ਚੜ੍ਹਦੇ ਵੈਸਾਖ ਸੰਃ ੧੮੧੪ ਬਿਃ ਨੂੰ ਲਾਹੌਰ ਪਹੁੰਚਕੇ, ਆਪਣੇ ਸਰਦਾਰ ਕਰਮਦਾਦ ਖਾਂ ਨੂੰ ਲਾਹੌਰ ਦਾ ਹਾਕਮ ਥਾਪ ਕਰ ਅਬਦੁਲ ਖਾਂ ਨੂੰ ਜੋ ਸਰਹੰਦੋਂ ਭੱਜਆਸੀ, ਸੱਤ ਹਜ਼ਾਰ ਅਸਵਾਰ ਦੇਕੇ ਸਿੱਖਾਂ ਨੂੰ ਸਿਖਜਾ ਦੇਣ ਲਈ ਛੱਡਜਾ, ਆਪ ਜਮਨਾਪਾਰ ਹੋਕੇ ਸਹਾਰਨਪੁਰ ਆ ਉੱਤਰਜਾ। ਓਧਰ ਗਾਜ਼ੀਦੀਨ ਵਜ਼ੀਰ ਨੇ ਸਾਨੀਆਲਮਗੀਰ ਨੂੰ ਭੀ ਦੁਸ਼ਮਣਾਂ ਦਾ ਸਾਥੀ ਸਮਝਕੇ ਛੁਰੀਆਂ ਨਾਲ ਮਰਵਾਕੇ, ਜਮਨਾ ਦੀ ਰੇਤੀ ਵਿੱਚ ਸਿਟਵਾ ਦਿੱਤਾ। ਬਦਮਾਸ਼ਾਂ ਨੇ ਓਸਦੇ ਕਪੜੇ ਉਤਾਰਕੇ ਅਲਫ ਨੰਗਾ ਕਰ ਛੱਡਜਾ, ਗਾਜ਼ੀਦੀਨ ਭੱਜ ਕੇ ਮਲਾਰ ਰਾਉ ਇੰਦੌਰ ਵਾਲੇ ਦੀ ਅਮਲਦਾਰੀ ਵਿੱਚ ਚਲਾ ਗਿਆ॥

ਨਵਾਬ ਸਜਾਉਲਦੌਲਾ ਨੇ ਆਲਮਗੀਰ ਸਾਨੀ ਦੇ ਬੇਟੇ ਨੂੰ ਬੰਗਾਲੇ ਵਿਚੋਂ ਬੁਲਾ ਕੇ ਤਖਤ ਉੱਤੇ ਬੈਠਾ ਦਿਤਾ ਤੇ ਸ਼ਾਹ ਆਲਮ ਏਸਦਾ ਖਤਾਬ ਰੱਖਨਾ।

ਸ਼ਾਹ ਦੁਰਾਨੀ ਨੇ ਮੁਲਕ ਲੁਟਨਾ
ਅਹਿਮਦ ਸ਼ਾਹ ਦੁਰਾਨੀ ਵੀ ਦਿੱਲੀ ਜਾ ਵੜਿਆ।

Sri Satguru Jagjit Singh Ji eLibrary NamdhariElibrary@gmail.com

ਗਾਜ਼ੀਦੀਨ ਦੀ ਸਭ ਜਾਇਦਾਦ ਨੀਲਾਮ ਕਰਕੇ ਬਹੁੱਤ ਲੱਖ ਰੁਪਯਾ ਵੱਟ ਲਿਆ ਤੇ ਓਸਦੇ ਪੱਖਵਾਲੇ ਆਦਮੀ ਨਜੀਬਖਾਂ ਰੁਹੇਲੇ ਨੇ ਚੁਣ ਚੁਣ ਕੇ ਕਤਲ ਕਰਵਾ ਸਿਟੇ । ਬਾਦਸ਼ਾਹ ਨੇ ਤਿੰਨ ਕਰੋੜ ਰੁਪਯਾ ਤਾਂ ਹੋਲੀ ਦੇਕੇ ਨਜੀਬਖਾਂ ਤੋਂ ਛਟੋਕ ਲਿਆ ਤੇ ਬਾਕੀ ਹੋਰ ਅਮੀਰਾਂ ਨੂੰ ਦੁਖ ਦੇਕੇ ਇਕ ਕਰੋੜ ਰੁਪਯਾ ਕਢਵਾ ਲਿਆ ਤੇ ਨਜੀਬਖਾਂ ਨੂੰ ਵਜੀਰ ਬਣਾਕੇ ਆਪ ਕੋਇਲ ਦੀ ਤਰਫ ਨੂੰ ਮੂੰਹ ਚੁਕ ਲਿਆ । ਬੱਲਮਗੜ੍ਹੀਏ ਰਾਜਾ ਨੂੰ ਲੁਟ ਪੁਟ ਕਰ ਅਲੀਗੜ੍ਹ ਜਾ ਵੜਿਆ, ਓਥੋਂ ਮਰਹੱਟੇ ਤਾਂ ਥੋੜੀ ਜੇਹੀ ਲੜਾਈ ਕਰਕੇ ਢੀਘਵੰਨੀ ਦੌੜ ਗਏ ਤੇ ਸ਼ਹਿਰ ਨੂੰ ਦੁਰਾਨੀਆਂ ਨੇ ਚੰਗੀ ਤਰਾਂ ਨਿਸ਼ੰਗ ਹੋਕੇ ਐਸਾ ਕਹਿਰ ਦਾ ਮਾਂਜਾ ਮਾਰਜਾ ਜੋ ਕਿਸੇ ਹਿੰਦੂ ਦੇ ਘਰ ਕੁਛ ਨਾ ਛੱਡਜਾ । ਏਥੋਂ ਚੜ੍ਹਕੇ ਛੇਰ ਮਥੁਰਾ ਜਾ ਲੁਟੀ । ਜਿਨਾਂ ਮੰਦਰਾਂ ਵਿਚ ਦਸ ਦਸ ਲੱਖ ਰੁਪਏ ਦਾ ਸੋਨਾ, ਚਾਂਦੀ, ਹੀਰਾ, ਮੋਤੀ, ਜੜਾਉ ਛੱਤਾਂ ਤੇ ਮੂਰਤਾਂ ਬਰਤਨ ਆਦਿਕ ਸਾਮਾਨ ਸੇ ਓਹ ਮੰਦਰ ਗਿਰਵਾ ੨ ਮੂਰਤਾਂ ਤੁੜਵਾ ੨ ਸੱਤਜਾਨਾਸ ਕਰਛੱਡਜਾ, ਏਸੇਤਰਾਂ ਤਿੰਨ ਮਹੀਨੇ ਦੇਸ ਲੁਟ ਪੁਟਕੇ ਵੈਰਾਨ ਕਰ ਛੱਡਜਾ, ਕਰੋੜਾਂ ਰੁਪਏ ਦਾ ਮਾਲ ਲੈਕਰ ਮੁੜ ਸਰਹੰਦ ਜਾ ਉਤਰਜਾ। ਮਲੇਰ ਕੋਟਲੇ ਵਾਲੇ ਪਠਾਣਾਂ ਨੇ ਤੇ ਰਾਇਕੋਟੀਏ ਰਜਪੂਤਾਂ ਨੇ ਬਾਦਸ਼ਾਹ ਦੇ ਚਰਨਾਂ ਵਿਚ ਹਾਜ਼ਰ ਹੋਕੇ ਰਾਜਾ ਆਲਾਸਿੰਘ ਦੀ ਬੁਰਾਈ, ਚੁਗਲੀ ਕਰਕੇ ਬਾਦਸ਼ਾਹ ਨੂੰ ਭੜਕਾ ਦਿਤਾ। ਓਸ ਲਾਈ ਲਗ ਨੇ ਤੁਰਤ ਫੌਜ ਭੇਜ ਦਿੱਤੀ, ਜਿਸਨੇ ਕਸਬੇ ਬਰਨਾਲੇ ਸਮੇਤ ਓਸਦੇ ਇਲਾਕੇ ਵਿਚ ਭਾਰੀ ਖਰੂਦ ਮਚਾਯਾ। ਓਦੋਂ ਰਾਜਾ ਆਲਾ ਸਿੰਘ ਸਨਾਮ ਸ਼ਹਿਰ ਵੰਨੀ ਦੌਰੇ ਪਰ ਗਿਆ ਹੋਯਾ ਸੀ, ਏਹ ਹਾਲ ਸੁਣਕੇ ਬਾਦਸ਼ਾਹ ਦੇ

Sri Satguru Jagjit Singh Ji eLibrary NamdhariElibrary@gmail.com

ਪਾਸ ਜਾ ਹਾਜ਼ਰ ਹੋਯਾ, ਓਸਨੇ ਏਸਦਾ ਕੋਈ ਉਜ਼ਰ ਨਾ ਸੁਣਿਆਂ, ਸਗੋਂ ਕੈਦ ਕਰ ਲਿਆ।

ਆਲਾਸਿੰਘਨੂੰਸੰਃ੧੮੧੪ਵਿੱਚ ਰਾਜਗੀਖਿਤਾਬ

ਰਾਜਾ ਆਲਾਸਿੰਘ ਦੀ ਰਾਣੀ ਫਤੂ ਤੇ ਬੀਬੀ ਪ੍ਰਧਾਨ ਨੇ ਜੋ ਨਿਹਾਯਤ ਦੂਰੰਦੇਸੀ ਤੇ ਦਾਨਾਈ ਦਾ ਕੋਟ ਸਨ, ਬਹੁਤ ਸ਼ੀਘਰ ਸਰਹੰਦ ਨਾਲੇ ਬਾਦਸ਼ਾਹ ਦੇ ਵਜ਼ੀਰ ਵਲੀਸ਼ਾਹ ਦੀ ਮਾਰਫਤ ਤਿੰਨ ਲੱਖ ਰੁਪਯਾ ਸਾਲਾਨਾ (ਖਿਰਾਜ) ਮਾਮੁਲਾ ਬਾਦਸ਼ਾਹ ਨੂੰ ਦੇਣਾ ਕਰਕੇ ਰਾਜਾ ਸਾਹਿਬ ਨੂੰ ਛੁਡਾ ਲਿਆ। ਵਜ਼ੀਰ ਨੇ ਕੁਛ ਲਾਲਚ ਲੈਕੇ ਖਿਲਤ ਤੇ ਖਿਤਾਬ ਰਾਜਗੀ ਦਾ ਰਾਜਾ ਆਲਾ ਸਿੰਘ ਨੂੰ ਦਿਵਾਇ ਦਿਤਾ; ਸੱਚ ਹੈ—"ਨੇਕੀ ਨੇਕਾਂ ਬਦੀ ਬਖੀਲਾਂ।" ਸਗੋਂ ਚੁਗਲਾਂ ਦੇ ਮੂੰਹ ਸ਼ਰਮਿੰਦਗੀ ਦੀ ਸ਼ੱਕਰ ਪਈ ਤੇ ਕਲੰਕੀ ਹੋਏ, ਅਗੇ ਨੂੰ ਮੂੰਹ ਚਿੱਤ ਲੱਗਣੇ ਗਏ॥

ਸਿੰਘਾਂ ਨੇ ਦੁਰਾਨੀ ਸੋਚਣੇ ਤੇ ਹਾਥੂ ਸਿੰਘ ਦਾ ਹਾਥੀ ਨਾਲ ਜੁਧ

ਅਹਿਮਦਸ਼ਾਹ ਸਰਹੰਦ ਵਿੱਚ ਆਪਣੀ ਤਰਫੋਂ ਜੈਨ ਖਾਂਨੂੰ ਸੂਬਾ ਕਰਕੇ ਜਦ ਲਾਹੌਰ ਨੂੰ ਚੱਲਿਆ ਤਾਂ ਇੱਥ ਤਾਂ ਸਾਵਣ ਵਿੱਚ ਬਹੁਤ ਬਰਖਾ ਹੋਣੇ ਕਰ ਨਦੀਆਂ ਨਾਲੇ ਚੜ੍ਹ ਜਾਣੇ, ਰੱਤੇ ਉਠ ਚੱਲ ਨਾ ਸੱਕਣ, ਫੌਜ ਬਹੁਤ ਦੁਖੀ ਹੋਈ। ਦੂਸਰੇ ਸਿੰਘ ਮੰਝਜਾਲਾ ਢਾਂਗੂ ਗਿਰਦੇ ਆਣ ਹੋਏ। ਜਿਸ ਵੇਲੇ ਦੁਰਾਨੀ ਮਥਰਾ, ਕੋਇਲ ਢਲ ਗਿਆ ਤਾਂ ਉਸਨੇ ਬੜੇ ਬੜੇ ਜ਼ੁਲਮ ਕੀਤੇ ਵਾਪਸ ਹੁੰਦੇ ਹੋਏ ਨੂੰ ਸਿੰਘਾਂ ਦਾ ਟਾਕਰਾ ਹੋ ਪਿਆ, ਜਿਸ ਤੇ ਸਿੰਘਾਂ ਨੇ ਕੀਤੇ ਕੁਕਰਮਾਂ ਦਾ ਫਲ ਉਨਾਂ ਨੂੰ ਚੰਗੀ ਤਰਾਂ ਦਿਤਾ। ਬਾਦਸ਼ਾਹ ਨੇ ਲਾਹੌਰ

Sri Satguru Jagjit Singh Ji eLibrary NamdhariElibrary@gmail.com

ਪਹੁੰਚਕੇ ਬਖਸ਼ੀ ਬੁਲੰਦਖਾਂ ਨੂੰ ਫੌਜ ਦੇਕਰ ਸਿੰਘਾਂ ਉੱਤੇ ਚੜ੍ਹਾ ਦਿੱਤਾ। ਭਾਵੇਂ ਕਈ ਫਾਰੀ ਜੰਗਲਾਂ ਵਿੱਚੋਂ ਨਿਕਲ ੨ ਕੇ ਸਿੰਘ ਦੁਰਾਨੀਆਂ ਨਾਲ ਟੱਕਰੇ, ਪਰ ਮੱਥੇ ਹਾਰਕੇ ਨਾ ਲੜੇ। ਵੇਲੇ ਕੁਵੇਲੇ ਮਾਰੋਮਾਰ ਕਰਕੇ ਫੇਰ ਜੰਗਲਾਂ ਵਿਚ ਲੁਕ ਛਪ ਜਾਂਦੇ ਰਹੇ। ਸਿੰਘ ਤਾਂ ਓਨ੍ਹਾਂ ਜੰਗਲਾਂ ਦੇ ਸੂਹੇ ਮ੍ਰਿਗ ਬਣ ਰਹੇ ਸੇ ਤੇ ਦੁਰਾਨੀਆਂ ਨੂੰ ਓਹ ਜੰਗਲ ਮੌਤ ਸੀ, ਏਸੇ ਕਰਕੇ ਦੁਸ਼ਮਣਾਂ ਦੇ ਸਾਰੇ ਉੱਦਮ ਬ੍ਰਿਥੇ ਜਾਂਦੇ। ਹਾਰਕੇ ਬੁਲੰਦ ਖਾਂ ਜੁਗਲਾਂ ਦੇ ਥੱਥੀਂ ਪਚੀਸ, ਤੀਸ ਸਿੰਘ ਤੇ ਸੌ, ਪਰਾਸ ਸਿੰਘਣੀ, ਲੜਕੇ (ਭੁਜੰਗੀ) ਲੈਕੇ ਬਾਦਸ਼ਾਹ ਪਾ ਆਗਿਆ। ਓਨ੍ਹਾਂ ਵਿਚ ਹਾਠੂ ਸਿੰਘ, ਕੇਹਰ ਸਿੰਘ, ਬਾਘੜ ਸਿੰਘ, ਹਰੀ ਸਿੰਘ, ਰਾਵਨ ਸਿੰਘ ਆਦਿਕ ਜੋ ਸਿੰਘ ਸੇ ਉਨਾਂ ਕੈਦੀਆਂ ਨੇ ਜਦ ਅਹਿਮਦ ਸ਼ਾਹ ਦੇ ਸਾਹਮਣੇ ਜਾਕੇ ਹਤੇ ਬੁਲਾਈ ਤਾਂ ਅਹਿਮਦ ਸ਼ਾਹ ਨੇ ਪੁਛਜਾ (ਪ੍ਰਸ਼ਨ) ਤੁਸੀ ਕੌਣ ਹੋ? (ਉਤ੍ਰ) ਅਸੀ ਸਿੰਘ ਹਾਂ (ਪ੍ਰਸ਼ਨ) ਝੂਠੇ ਕੇ ਸਚੇ? (ਉਤ੍ਰ) ਸੱਚੇ। ਸ਼ਾਹ ਨੇ ਆਖਜਾ, ਜੇ ਸਚੇ ਹੋ ਤਾਂ ਹਾਥੀ ਨਾਲ ਲੜੋ। ਸਿੰਘ ਨੇ ਤਲਵਾਰ ਮੰਗੀ ਤਾਂ ਬਾਦਸ਼ਾਹ ਨੇ ਤਮਾਸ਼ਾ ਦੇਖਣ ਲਈ ਹਾਠੂ ਸਿੰਘ ਨੂੰ ਕੈਦ ਵਿਚੋਂ ਛੁਡਾਕੇ, ਜੋਹੜੀ ਤਲਵਾਰ ਓਸਨੇ ਪਸੰਦ ਕੀਤੀ ਓਹੋ ਫੜਾ ਦਿਤੀ, ਅਤੇ ਕਿਲੇ ਲਾਹੌਰ ਦੇ ਅੱਗੇ ਮੈਦਾਨ ਵਿਚ ਖੂੰਨੀ ਹਾਥੀ ਨੂੰ ਸ਼ਰਾਬ ਪਿਲਾਕੇ ਸਿੰਘ ਉੱਤੇ ਛੁਡਵਾ ਦਿੱਤਾ, ਸਾਰਾ ਸ਼ਹਿਰ ਤੇ ਫੌਜ ਖੜੇ ਦੇਖ ਰਹੇ ਸਨ। ਹਾਥੀ ਨੇ ਸਿੰਘ ਉੱਪਰ ਹੱਲਾ ਕੀਤਾ, ਸਿੰਘ ਨੇ ਖੁੰਝਾਈ ਮਾਰੀ ਤੇ ਪਿੱਛੋਂ ਦੀ ਹੋਕੇ ਲੰਙਾ ਕਰ ਕੱਢਯਾ। ਫੇਰ ਹਾਥੀ ਉਲਟ ਕੇ ਪਿਆ ਤਾਂ ਸਿੰਘ ਨੇ ਸੁੰਡ ਉਡਾ ਸਿੱਟੀ, ਲਹੂ ਦੇ ਬੰਬੇ ਛੁਟ ਪਏ। ਲੋਕਾਂ ਨੂੰ ਤਮਾਸ਼ਾ ਦੇਖਾਉਣ ਲਈ ਕਈ ਫਾਰੀ ਹਾਥੀ

Sri Satguru Jagjit Singh Ji eLibrary NamdhariElibrary@gmail.com

ਦੇ ਅੱਗੇ ਪਿੱਛੇ ਫਿਰਿਆ, ਉੱਡਕ ਤੁਕਾਬੇ ਐਸੀ ਚਲਾਈ ਜੋ ਹਾਥੀ ਦੀ ਖੁਰ ਲਾਹ ਧਰੀ, ਹਾਥੀ ਤਾਂ ਪਹਾੜ ਦੀ ਤਰਾਂ ਘੜੱਮ ਕਰਦਾ ਡਿੱਗ ਪਿਆ ਤੇ ਸਿੰਘ ਨੇ ਬਾਦਸ਼ਾਹ ਨੂੰ ਛਤੇ ਜਾ ਬੁਲਾਈ ॥

ਹਾਠ ਸਿੰਘ ਤੇ ਬਾਘੜ ਸਿੰਘ ਲੜੇ

ਬਾਦਸ਼ਾਹ ਨੇ ਮੁਸ਼ਕੀ ਟੋਕਰ ਸਬ ਨੂੰ ਛੁਡਾ ਕਰ ਆਖਆ, ਹਾਥੀ ਤਾਂ ਹੈਵਾਨ ਸੀ, ਕਿਸੇ ਇਨਸਾਨ ਨਾਲ ਲੜੇ, ਏਹ ਸੁਣਦਾ ਹੀ ਬਾਘੜ ਸਿੰਘ, ਉਛਲਕੇ ਸਾਹਮਣੇ ਆ ਖੜਾ ਹੋਯਾ, ਫੇਰ ਤਾਂ ਦੁਰਾਨੀਆਂ ਨੂੰ ਭੀ ਲੜਨਾ ਪਿਆ, ਪੰਜਾਂ ਸਿੰਘਾਂ ਨਾਲ ਇੱਕੇ ਵਾਰੀ ਪੰਜ ਦੁਰਾਨੀ ਗਿਣਤੀ ਦੇ ਲੜਾਏ, ਚਾਰ ਦੁਰਾਨੀ, ਇਕ ਸਿੰਘ ਸ਼ਹੀਦ ਹੋਏ। ਫੇਰ ਤਿੰਨ ਦੁਰਾਨੀ ਹੋਰ ਨਿਕਲੇ ਜੋ ਬਾਘੜ ਸਿੰਘ ਇਕੱਲੇ ਨੇ ਹੀ ਛਾਂਗ ਸਿਟੇ। ਪਰ ਆਪ ਭੀ ਥੋੜੀ ਦੇਰ ਬਾਦ ਜ਼ਖਮਾਂ ਦੇ ਅਕੜਾਉਣ ਨਾਲ ਦੇਹ ਛਡ ਗਿਆ। ਸਿੰਘਾਂ ਦੀ ਬਹਾਦਰੀ ਤੇ ਤਾਕਤ ਸ਼ਸਤ੍ਰਰ ਵਿਦਯਾ ਦੇਖਕੇ ਬਾਦਸ਼ਾਹ ਨੇ ਅਸਚਰਜ ਹੋਕਰ ਆਖਯਾ, ਏਹੋ ਜੇਹੇ ਸੂਰਬੀਰਾਂ ਨੂੰ ਫੜਕੇ ਮਰਵਾ ਦੇਣਾ ਭਾਰੀ ਬੇਇਨਸਾਫੀ ਹੈ, ਏਹ ਤਾਂ ਦੀਨ ਵਿੱਚ ਲੈ ਆਵਣੇ ਜੋਗ ਹਨ। ਪਾਸੋਂ ਕਾਜ਼ੀ ਨੇ ਅਰਜ ਕੀਤੀ, ਏਨ੍ਹਾਂ ਕਾਫਰਾਂ ਦਾ ਕੋਈ ਦੀਨ ਇਮਾਨ ਨਹੀਂ, ਸੈਂਕੜੇ ਮੁਸਲਮਾਨ ਕੀਤੇ ਹੋਏ ਫੇਰ ਸਿੰਘ ਜਾ ਬਣੇ ਹਨ, ਹੁਣ ਹਾਰਕੇ ਅਸੀਂ ਏਨ੍ਹਾਂ ਨੂੰ ਮੁਸਲਮਾਨ ਕਰਨੋ ਹਟ ਗਏ ਹਾਂ। ਬਾਦਸ਼ਾਹ ਸਿਰ ਫੇਰ ਕੇ ਬੋਲਿਆ, ਜੇਕਰ ਸਿੰਘਾਂ ਦਾ ਮਜ਼ਬ ਠੀਕ ਐਸਾ ਹੀ ਹੈ ਤਾਂ ਮੁਸਲਮਾਨ ਪੰਜਾਬ ਉੱਤੇ ਹੁਕਮ ਕਰ ਚੁੱਕੇ ॥

Sri Satguru Jagjit Singh Ji eLibrary NamdhariElibrary@gmail.com

ਦੂਜੇ ਦਿਨ ਬਾਦਸ਼ਾਹ ਤਾਂ ਕਾਬੁਲ ਨੂੰ ਚਲਾ ਗਿਆ ਪਿੱਛੋਂ ਦੁਰਾਨੀ ਹਾਕਮਾਂ ਨੇ ਸਿੰਘਾਂ ਦੀ ਭਾਲ ਵਿੱਚ ਠਿਕਾਣੇ ੨ ਫੌਜ ਉਤਾਰ ਦਿੱਤੀ, ਸਿੰਘਾਂ ਨੇ ਆਪਣੇ ਵੈਰੀ ਭਾਈਆਂ ਨੂੰ ਕਲੇਸ਼ ਹੁੰਦਾ ਦੇਖਕੇ ਪਰਦੇਸ ਨੂੰ ਦੌੜਾ ਕੀਤਾ ॥

ਪੰਥ ਨੇ ਬੀਕਾਨੇਰੀਏ ਦੀ ਮਦਦ ਪਰ ਜਾਨਾ ਤੇ ਛਤੇ ਦਵਾਉਨੀ

ਓਸ ਸਮੇਂ ਰਾਜਾ ਬੀਕਾਨੇਰੀ ਨੇ ਜੈਸਲਮੇਰ ਵਾਲੇ ਤੋਂ ਭਾਜ ਖਾਕੇ ਇੱਕ ਲਖ ਰੁਪਯਾ ਨਕਦ ਤੇ ਰਸਤ ਦੇਣੀ ਕਰਕੇ ਆਪਣੀ ਮਦਦ ਵਿੱਚ ਖਾਲਸੇ ਨੂੰ ਬੁਲਾ ਲਿਆ । ਤਦ ਵੀਹ ਬਾਈ ਹਜ਼ਾਰ ਸਿੰਘ ਹੜਦੇ ਪਾਣੀ ਵਾਂਗੂ ਦੇਸ ਨੂੰ ਮਾਰੋਮਾਰ ਕਰਦਾ ਚੱਲ ਪਿਆ ॥

ਬੀਘੜਾ, ਬਹਿਕਾ, ਭੱਟੀਆਂ ਸਰਸਾ, ਰਾਣੀਆਂ ਨੂੰ ਰੰਗੀ ਤਰਹ ਟੋਹਿਆ । ਭੱਟ ਪਿਰਾਣੀਆਂ ਵਾਲੇ ਮਹੰਮਦ ਹਸਨ ਖਾਂ, ਫਤੇ ਖਾਂ ਸਜਾਦ ਖਾਂ, ਆਦਿਕ ਰਾਜਪੂਤਾਂ ਨੇ (ਜੋ ਸ਼ਮਸ ਦੀਨ ਗੌਰੀ ਦੇ ਸਮੇਂ ਮੁਸਲਮਾਨ ਹੋਏਸਨ)ਸਿੰਘਾਂ ਨਾਲ ਟੱਕਰ ਲਾਈ, ਪਰ ਹਾਰਕੇ ਨਜ਼ਰਾਨਾ ਦੇਕਰ ਖਜਾਲ ਛੁਡਾਯਾ । ਜਦ ਬੀਕਾਨੇਰ ਦੀ ਫੌਜ ਨਾਲ ਰਲਕੇ ਸਿੰਘਾਂ ਨੇ ਜੈਸਲ ਮੇਰ ਦੇ ਦੇਸ਼ ਵਿੱਚ ਹਾਲ ਚਾਲ ਪਾਈ ਤਾਂ ਲੜਾਈ ਕਰਨੀ ਤਾਂ ਕਿਤੇ ਰਹੀ, ਸਬਦੇ ਸਾਹ ਸੁੱਕ ਗਏ । ਜੇਹੜਾ ਇਲਾਕਾ ਬੀਕਾਨੇਰੀ ਦਾ ਜੈਸਲਮੇਰੀ ਨੇ ਦਬਾ ਲਿਆ ਸੀ, ਓਹ ਪੈਦਾ ਵਾਰੀ ਤੇ ਖਰਚ ਸਮੇਤ ਮਿੰਨਤਾਂ ਕਰ ਕਰ ਮੋੜ ਦਿੱਤਾ,ਪਰ ਬੀਕਾਨੇਰੀਏ ਨੇ (ਆਪਣਾ ਭੈਅ ਕੀਤਾ, ਕਿਧਰੇ ਜਾਓ ਜੀਤਾ) ਨਾ ਕੁਛ ਲੀਤਾ ਨਾ ਦੀਤਾ, ਸਿੰਘਾਂ ਨੂੰ ਆਖ

Sri Satguru Jagjit Singh Ji eLibrary NamdhariElibrary@gmail.com

ਭੇਜਣਾ ਜੇ ਲੜਾਈ ਹੁੰਦੀ ਤਾਂ ਮੈਂ ਕੁਛ ਦਿੰਦਾ ਹੁਣ ਤਾਂ ਸਰੋਂ ਤੁਸੀਂ ਫਿਰ ਲੱਖ ਦੇ ਥਾਉਂ ਦੇਸ ਨੂੰ ਲੁੱਟ ਕੇ ਕਈ ਲੱਖ ਲੱਚ ਲਿਆ ਹੈ। ਏਹ ਸੁਣਕੇ ਸਿੰਘਾਂ ਨੂੰ ਐਸੀ ਚਿਪ ਚੜ੍ਹੀ ਜੋ ਉਸ ਬੇਸੁਖਨੇ ਦੇ ਦੇਸ ਉੱਤੇ ਧਾਵਾ ਕਰ ਦਿੱਤਾ। ਫੇਰ ਤਾਂ ਬੀਕਾਨੇਰੀਆ ਚਾਚਾ ਆਖ ਕੇ ਨਵਾਬ ਕਪੂਰ ਸਿੰਘਦੇ ਪੈਰੀਂ ਆਪਿਆ, ਅੱਧਾ ਲੱਖ ਨਕਦ ਤੇ ਦਾਰੂ ਸਿੱਕਾ ਮਨ ਭਾਯਾ ਲੈਕੇ ਖਾਲਸੇ ਨੇ ਅੱਗੇ ਨੂੰ ਵਾਹ ਉਠਾਈ।

ਭਵਾਨੀ ਸ਼ਹਰ ਨੂੰ ਸੋਧਣਾ

ਜੈਸਲਮੇਰ ਦੇ ਰਾਜ ਵਿੱਚ ਦੀ ਹੁੰਦੇ ਹੋਏ ਭਵਾਨੀ ਸ਼ਹਰ ਨੂੰ ਜਾ ਢੁੱਕੇ(ਏਹ ਸ਼ਹਿਰ ਬੜਾ ਪੈਂਠ ਦਾਰ ਦੇਸ਼ਾਂਤ੍ਰਾਂ ਵਿੱਚ ਉਘਾ, ਤੇ ਬੀਕਾਨੇਰ, ਜੈਸਲਮੇਰ, ਜੈਪੁਰ ਦਾ ਦਰਵਾਜ਼ਾ ਸੀ) ਇਸ ਜਗਾ ਬੜੇ ਬੜੇ ਚਾਲਬਾਜ਼ ਤੇ ਚੁਗਲ ਖੋਰ ਜਿਨ੍ਹਾਂ ਨੇ ਸਿੰਘਾਂ ਨੂੰ ਵੜਾ ਤੰਗ ਕਰ ਰਖਿਆ ਸੀ, ਜਹਿੰਦੇ ਸਨ ਸੋ ਉਨ੍ਹਾਂਨੂੰ ਖੂਬ ਸੋਧਿਆ। ਇਸ ਵੇਲੇ ਲੁਟੇਰੇ ਲੋਕ ਜੋ ਆ ਵੜੇ ਸਨ ਉਨਾਂ ਨੂੰ ਚੰਗਾ ਮਾਲ ਹਥ ਆ ਲਗਾ।

ਕਸਾਈ ਮਾਰਨੇ ਜਿਸਾਰਪੁਰ ਸੋਧਨਾ ਤੇ ਟਾਮਸਨ ਨਾਲ ਜੁਧ

ਜੱਦਪਿ ਰਾਜਪੂਤ ਰਾਜਜਾਂ ਨੇ ਸਿੰਘਾਂ ਪਰ ਛੋਸ਼ਾਂ ਚੜ੍ਹਾਈਆਂ, ਪਰ ਏਸ ਅਤੀ ਬਹਾਦਰ ਕੌਮ ਦੇ ਟੇਢੇ ਛੱਟ ਛੁੱਕ ਮੱਕੇ ? ਸਿੰਘ ਤਾਂ ਮਹਾਂਜੀ ਸੰਧੀਏ ਸਾਹਾਲੀਯਨ ਦੇ ਮੁਲਕ ਵਿੱਚ ਜਾ ਫਿਰੇ ਤੇ ਰਾਜਪੂਤ ਆਪਣੇ ੨ ਠਿਕਾਣੀਂ ਮੁੜ ਗਏ। ਸੰਧੀਆ ਤਾਂ ਸਿੰਘਾਂ ਦੇ ਸੁਭਾਉ ਨੂੰ ਜਾਣਦਾ ਸੀ ਏਸੇ ਕਰਕੇ ਚੁਪ ਕਰ ਗਿਆ, ਪਰੰਤੂ ਜਾਰਜ ਟਾਮਸਨ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਫਰਾਂਸੀਸ ਫਰੰਗੀ ਨੇ (ਜਿਸਨੂੰ ਸੋਂਧੀਏ ਨੇ ਏਸੇ ਸਾਲ ਹਾਂਸੀ ਹੰਸਾਰ ਦੇ ਸਿਲੇ ਦਾ ਹਾਕਮ ਕੀਤਾ ਸੀ) ਬਦੋ ਬਦੀ ਟੱਕਰ ਲਾਕੇ ਆਪਣਾ ਸਿਰ ਤੁੜਾ ਬੈਠਾ । ਹਿਸਾਰ ਸ਼ਹਿਰ ਘੀਰੋਜ਼ਸ਼ਾਹੀ ਨਹਰ ਦੇ ਕਿਨਾਰੇ, ਓਸ ਸਮੇਂ ਬੜੇ ਰੰਗ ਵਿਚ ਸੀ। ਜਾਰਜ ਸਾਹਿਬ ਦੇ ਨਾਲ ਓਸ ਗਿਰਦ ਨਿਵਾਹੀ ਦੇ ਸਬ ਮੁਸਲਮਾਨ ਛੱਠੇ ਹੋਗਏ "ਜਾਂਦੀਏ ਬਲਾ ਦੁਪਹਿਰਾ ਕਟ ਜਾਹ।' ਏਹੋ ਗੱਲ ਉਨਾਂ ਨੇ ਕੀਤੀ, ਇਕ ਇਕ ਜੱਥਾ ਸਿੰਘਾਂ ਦਾ ਬਰਦਾਲ ਪਿੰਡ ਵੰਨੀ ਗਿਆ ਤਾਂ ਓਥੇ ਗਊ ਬਧ ਹੁੰਦਾ ਦੇਖਕੇ ਸਿੰਘ ਸਹ ਨਾ ਸਕੇ, ਕਸਾਈਆਂ ਨੂੰ ਮਾਰ ਕੇ ਗਾਈਆਂ ਤਾਂ ਬਚਾਈਆਂ, ਪਰ ਪੰਜਕ ਸੌ ਸਿਪਾਹੀ ਫਰਾਂਸੀਸ ਤੇ ਮੁਸਲਮਾਨ ਜੋ ਓਥੇ ਉਤਰੇ ਹੋਏ ਸੇ,ਆ ਪਏ। ਹੋਰ ਸਿੰਘ ਤਾਂ ਅੰਗੂਠਾ ਚੁੰਘਾ ਗਏ,ਪਰ ਤੀਸ ਸਿੰਘਾਂ ਪਰ ਜੋ ਉਨ੍ਹਾਂ ਫੜ ਲਏਸ,ਬੜਾ ਜ਼ੁਲਮ ਕੀਤਾ। ਜੇਹੜੇ ਨੱਠ ਗਏ ਸੋ ਉਨਾਂ ਦੇ ਮਾਰਨ ਵਾਸਤੇ ਨਹਿਰ ਹਸਾਰ ਦੇ ਪੁਲ ਅਗੇ ਖਾਈ ਪੁਟਵਾ ਕੇ ਬਾਰੂਦ ਦਬਵਾ ਦਿਤਾ। ਛਾਵੇਂ ਰੱਸ ਖਾਈ ਵਿਚ ਨਹਿਰਦਾ ਪਾਣੀ(ਜੋ ਨਾਲਹੀ ਲਗਦਾਸੀ) ਪੈਗਿਆ, ਪਰ ਏਸ ਦਲੇ ਤੇਂ ਸਿੰਘਾਂ ਨੂੰ ਐਸਾ ਗੱਚ ਚੜਜਾ, ਜੋ ਹਸਾਰ ਵਿੱਚ ਹੱਲਾ ਕਰਕੇ ਜਾ ਵੜੇ। ਜੇਹੜੇ ਬੇਸ਼ੁਮਾਰ ਲੋਗ ਲੜਾਉਣ ਲਈ ਜਾਰਜ ਨੇ ਕੱਠੇ ਕਰ ਰਖੇ ਸੇ ਓਨਾਂ ਨੇ ਇਕ ਹੱਲਾ ਭੀ ਖਾਲਸੇ ਦਾ ਨਾ ਝੱਲਜਾ, ਪੁਰਾਣੇ ਪਤ੍ਰਾਂ ਵਾਂਗੂ ਉਡ ਗਏ ਤੇ ਬੜੇ ੨ ਮੋਲਵੀ ਫਰਾਂਸੀਸ, ਫੜ ਫੜ ਸਰਦਾਰ ਜੱਸਾ ਸਿੰਘ ਨੇ ਇਕ ਕੋਠੇ ਵਿਚ ਬੰਦ ਕਰ ਦਿਤ। ਕੈਦੀ ਆਪ ਰਖੀ, ਸਿੰਘਾਂ ਨੇ ਹਸਾਰ ਨੂੰ ਖੂਬ ਸੋਧਿਆ, ਜਿਸਨੇ ਹੱਥ ਉਠਾਯਾ ਸੋਟੀ ਤੇਗ ਨੂੰ ਚਖਾਯਾ, ਏਥੇ ਹੀ ਬਰਦਾਲੇ ਵਾਲੇ ਕੈਦੀ ਸਿੰਘ ਜਾਰਜ ਸਾਹਿਬ ਨੇ

Sri Satguru Jagjit Singh Ji eLibrary NamdhariElibrary@gmail.com

ਮੰਗਵਾਕੇ ਸਰਦਾਰ ਸਾਹਿਬ ਦੇ ਹਵਾਲੇ ਕੀਤੇ। ਫੇਰ ਤਾਂ ਸਿੰਘ ਐਸੇ ਚਿਹਚੜੇ ਜੋ ਲਸ਼ਤੇ ਵਿਚ ਮਾਰੋ ਮਾਰ ਕਰਦੇ ਹੋਏ,* ਹਾਂਸੀ ਨੂੰ ਜਾ ਮੋਹਜਾ, ਸਤਾਂ ਦਿਨ ਸਿੰਘਾਂ ਨੇ ਓਥੇ ਡੇਰਾ ਰਖਕੇ ਵੀਹ ੨ ਕੋਹ ਚੁਫੇਰੇ ਦੇ ਦੇਸ ਦੀ ਚੰਗੀ ਚੋਣ ਕੀਤੀ। ਜਾਰਜ ਸਾਹਿਬ ਨੂੰ ਸਾਹਿਬੀ ਦਾ ਚੇਗਾ ਟਿੰਗ ਦਿਤਾ। ਓਸਦੀ ਫੌਜ ਐਸੀ ਜਰਜਰੀ ਹੋਈ ਜੋ ਸਿੰਘਾਂ ਦਾ ਨਾਉਂ ਸੁਣਕੇ ਚੌਂਕ ੨ ਉਠੇ ਓਡਰ ਜਾਰਜ ਗੜ੍ਹ ਵਿਚ ਜਾ ਠਹਿਰੀ॥

ਜਦ ਮਹਾਂਜੀ ਸੇਧੀਂਏ ਨੇ ਪਰਗਣੇ ਹਾਂਸੀ ਦਾ ਬੁਰਾ ਹਾਲ ਸੁਣਕੇ ਜਾਰਜ ਦੀ ਮਦਦ ਵਾਸਤੇ ਫੌਜ ਭੇਜੀ ਤਾਂ ਸਿੰਘ ਓਥੋਂ ਕੂਚ ਕਰਕੇ ਜੈ ਪੁਰ ਦੇ ਇਲਾਕੇ ਵਿਚ ਜਾ ਵੜੇ॥

---

*ਹਾਂਸੀ ਬੜਾ ਪੁਰਾਣਾ ਸ਼ਹਿਰ ਤੇ ਦੌਲਤ ਮੰਦ ਸੀ, ਸਿੰਘਾਂ ਨੇ ਦੋ ਤਿੰਨਵਾਰੀ ਚੰਗੀ ਤਰਾਂ ਸੋਧਿਆ। ਏਥੋਂ ਚਿਹਲ ਹਾਫਜ਼, ਸ਼ਾਹਜਨੈਤ, ਹੰਸਾਰੀ, ਜੁਮਾ ਮਸਜਦ, ਲਾਟਫੀਰੋਜ਼ਸ਼ਾਹੀ, ਗੋਜਰੀਮਹਿਲ, ਮਕਬਰਾ ਮੁਹੰਮਦ ਇਸਮਾਈਲ ਆਦਿਕ ਬੜੇ ੨ ਨਾਮੀ ਮਕਾਨ ਤੋੜ ਛਾੜ ਸਿੰਘਾਂ ਨੇ ਸਭ ਨਿਕੰਮੇ ਕਰਧੱਤੇ, ਹਾਂਸੀ ਦੇ ਹਕੀਮ ਪੀਰਬਖਸ਼ ਸਾਦਕ ਮਹੰਮਦਖਾਂ ਨੂੰ ਫੜਕੇ, ਇਕ ਲੱਖ ਰੁਪਯਾ ਲੈਕੇ ਓਦੋਂ ਤਾਂ ਛੱਡਜਾ, ਪਰ ਸੰਮਤ ੧੯੩੨ ਬਿਃ ਵਿਚ ਮਹਾਰਾਜ ਅਮਰ ਸਿੰਘ ਪਟਿਆਲੇ ਵਾਲੇ ਨ ਓਸਨੂੰ ਓਥੋਂ ਕਢਕੇ ਹਾਂਸੀ ਆਪਣੇ ਕਬਜ਼ੇ ਕੀਤੀ, ਫਰ ਟਾਮਸਨ ਜਾਰਜ ਨੇ ਖੁਭਾ ਲਈ, ਪਰ ਦੋ ਤੋਪਾਂ ਓਦੋਂ ਦੀਆਂ ਹੁਣ ਤਕ ਪਟਿਆਲੇ ਵਿਚ ਹੀ ਹਨ। ਸਿੰਘਾਂ ਦਾ ਮਾਰੋਮਾਰ ਦਾ ਉਜਾੜਿਆ ਹੋਯਾ ੨੬ ਬਰਸ ਏਹ ਇਲਾਕਾ ਵੈਰਾਨ ਰਿਹਾ, ਫਿਰ ਸੰਮਤ ੧੯੫੩ ਬਿਃ ਨੂੰ ਜਾਰਜ ਟਾਮਸਨ ਨੇ ਅਬਾਦ ਕੀਤਾ। ਭੌਹਾਨੀ, ਬਰਦਾਲਾ, ਫਤਹਾਬਾਦ ਆਦਿਕ ਬਸੀਲਾਂ ਓਸ ਇਲਾਕੇ ਵਿਚ ਹਨ। ਇਸ ਹਾਂਸੀ ਹਸਾਰ ਦੀ ਨਜ਼ਾਮਤ ਪਰ ਪਾਂਡੇ ਰਾਉ ਨੇ ਸੰਮਤ ੧੯੧੩ ਬਿਃ ਨੂੰ ਪਹਿਲੇ ਜਾਰਜ ਸਾਹਿਬ ਫਰਾਂਸੀਸ ਨੂੰ ਕਾਇਮ ਕੀਤਾ, ਏਸਨੇ ਆਪਣੇ ਨਾਮ ਪਰ ਜਾਰਜ ਗੜ੍ਹਕਿਲਾ ਸੰਮਤ ੧੯੨੭ ਵਿਚ ਬਸਾਯਾ ਤੇ ਖਾਂਡੇ ਰਾਉ ਦੇ ਮਰਨੇ ਬਾਦ ਏਹੋ ਖੁਦ ਮੁਖਤਾਰ ਬਣ ਗਿਆ, ਪਰ ਜਦ ਇਹ ਸਿੰਘਾਂ ਦੇ ਹੱਲੇ ਨਾ ਝੱਲ ਸੱਕਿਆ ਤਾਂ ਮਹਾਰਾਜਾ ਨੇ ਏਹ ਨਜ਼ਾਮਤ ਮਿਰਜ਼ਾ ਅੱਲਜਾਸ ਨੂੰ ਸੌਂਪੀ, ਪਰ ਜਦ ਓਹਭੀ ਜੰਗ ਵਿਚ ਮਾਰਿਆ ਗਿਆ ਤਾਂ ਨਵਾਬ ਭੀਖੂਖਾਂ ਨਾਜ਼ਮ ਹੋਯਾ, ਪਰ ਸਿੰਘਾਂਤੋਂ ਡਰਦਾ ਓਹ ਭੀ ਜਦ ਛੱਡ ਗਿਆ ਤਾਂ ਅਬਦੁਲ ਸਮੰਦਖਾਂ ਜੁਨਾਲੇ ਵਾਲੇ ਨੂੰ ਸੌਂਪਣਾ ਹੋਈ, ਪਰ ਸਿੰਘ ਓਸਨੂੰ ਭੀ ਦਿਨ ਦਿਹਾੜੇ ਭੇਖੂਤਾਰੇ ਦਿਖਾਉਂਦੇ ਰਹੇ, ਛੇਕੜ ਸੰਃ ੧੯੭੧ ਬਿਃ ਨੂੰ ਜਨਰਲ ਲਾਰਡ ਲੇਕ ਸਾਹਿਬ ਨੇ ਬੜੇ ਤਰੱਦਦ ਨਾਲ ਏਸ ਇਲਾਕੇ ਦਾ ਬੰਦੋਬਸਤ ਕਰਕੇ ਅਮਨ ਥਾਪਿਆ, ਤਦ ਤੋਂ ਛੇਰ ਇਹ ਇਲਾਕਾ ਹੋਸ਼ ਵਿਚ ਆਯਾ ਹੈ॥

Sri Satguru Jagjit Singh Ji eLibrary NamdhariElibrary@gmail.com

ਜੈ ਪੁਰ ਤੋਂ ਨਜ਼ਰ ਲਈ

ਰਾਜਾ ਜੈ ਸਿੰਘ ਜੈ ਪੁਰੀਏ ਨੇ ਪੰਜੀ ਹਜ਼ਾਰ ਰੁਪਯਾ ਨਕਦ ਪੰਜ ਘੋੜੇ ਨਜ਼ਰ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬਜੀ ਦੀ ਬਖਸ਼ੀ ਹੋਈ ਪੋਥੀ ਹਾਥੀ ਉੱਪਰ ਬੜੇ ਅਦਬ ਨਾਲ ਭੇਜਕੇ ਆਖਿਆ, ਅਸੀ ਤਾਂ ਗੁਰੂ ਕਾ ਬਖਸ਼ਜਾ ਹੋਯਾ ਰਾਜ ਕਰਦੇ ਹਾਂ ॥

ਏਹ ਗੱਲ ਸੁਣਕੇ ਸਰਦਾਰ ਜੱਸਾ ਸਿੰਘ ਨੇ ਯਾਰਾਂ ਸੌ ਰੁਪਯਾ ਪੋਥੀ ਦੀ ਨਜ਼ਰ ਕੀਤਾ ਤੇ ਓਸਦੇ ਇਲਾਕੇ ਨੂੰ ਛੱਡ ਤੁਰੇ ॥

ਝੱਜਰ ਵਾਲੇ ਨਾਲ ਮੁਕਾਬਲਾ

ਫਿਰ ਨਵਾਬ ਗਾਜ਼ੀਖਾਂ ਝੱਜਰ ਵਾਲੇ ਦੇ ਇਲਾਕੇ ਵਲ ਮੁੜ ਆਏ । ਸਿੰਘ ਤਾਂ ਚਲੇ ਹੀ ਜਾਂਦੇ ਸੇ, ਪਰ ਓਸਨੇ "ਆਉ ਬੈਲ ਮੁਝੇ ਮਾਰ" ਏਹ ਗਲ ਕੀਤੀ । ਰਾਹ ਜਾਂਦਾ ਹੁਮਣਾ ਮਖੀਰ ਛੇੜ ਲਿਆ, ਆਪਣੇ ਫੌਜਦਾਰ ਨਜ਼ਾਬਤਖਾਂ ਤੇ ਬਹਾਦਰ ਖਾਂ ਨੂੰ ਫੌਜ ਦੇਕੇ ਸਿੰਘਾਂ ਨੂੰ ਮਾਰਣ ਵਾਸਤੇ ਭੇਜ ਦਿੱਤਾ । ਭਲਾ ਜੇ ਪੱਥਰ ਹਦਵਾਣਿਆਂ ਵਤਗੇ ਕੁਲੇ ਹੋਣ ਤਾਂ ਗਿਦੜ ਹੀ ਕਦੋਂ ਛੱਡਣ ? ਨੰਗੀ ਤੁਪੀ ਜਲਦੇ ਮੱਛ ਸਿੰਘ ਕਿਸੇ ਨੂੰ ਕਜੋਂ ਫੜਾਈ ਦਿੰਦੇ ਸਨ? ਦੋ ਇਕ ਹੱਲੇ ਹੀ ਸਿੰਘਾਂ ਦੇ ਨਾ ਝੱਲੇ; ਨਵਾਬੀ ਛੈਲ ਬਾਂਕੇ ਤਾਂ ਮੁੜਕੇ ਨਾ ਝਾਕੇ, ਸਿੰਘ ਭੁਜੰਗੀ ਤਾਂ ਜੋੜੇ ਬਿਨਾਂ ਛੇੜੇ ਹੁੰਦੂ ਕਰਦੇ ਸੇ ਛੇੜੇ ਹੋਏ ਕਦ ਅਮਨ ਨਾਲ ਬੈਠਣ ਦਿੰਦੇ ਸੇ? ਲਟਰੀ ਖੋਲ੍ਹ ਦਿੱਤੀ । ਤੇ ਪਾਲੀ, ਪਪੋਲ, ਬਾਦਸ਼ਾਹ ਪੁਰ ਪਟਗਾਂਵਾਂ, ਖਨਪੁਰ, ਕਨੌਦਾ, ਨਾਰਨੌਲ, ਕਾਂਟੀ ਬਾਬਲ, ਆਦਿਕ ਅਨੇਕ ਕਸਬਜਾਂ ਨੂੰ ਸੋਧਦੇ ਹੋਏ, ਜਦ ਦੁਜਾਣੇ ਦੇ

Sri Satguru Jagjit Singh Ji eLibrary NamdhariElibrary@gmail.com

ਇਲਾਕੇ ਵੱਲ ਝੁਕੇ ਤਾਂ ਨਵਾਬ ਅਬਦੁਲ ਸਮੰਦ ਖਾਂ ਦੁਜਾਣੇ ਵਾਲਾ, ਨਵਾਬ ਇਸਮਾਈਲ ਖਾਂ ਬਹਾਦਰ ਗੜ੍ਹੀਆ ਤੇ ਮਰੇਲੀ, ਅਲੀਪੁਰ; ਕੋਟਲਾ ਫੀਰੋਜ ਸ਼ਾਹੀ ਅਤੇ ਫਰੀਦਾਬਾਦ ਇੱਤਯਾਦਿਕ ਮਕਾਨਾਂ ਦੇ ਜਗੀਰਦਾਰਾਂ ਨੇ ਇਕੱਠੇ ਹੋਕੇ ਸਿੰਘਾਂ ਨਾਲ ਮਥੇ ਆ ਡਾਹੇ। ਝੱਜਰ ਵਾਲੇ ਨਵਾਬ ਨੇ ਭੀ ਕੁਮਕ ਪਰ ਫੌਜ ਭੇਜ ਦਿਤੀ, ਪਰ ਸਿੰਘ ਹੋਜਦੇ ਖਿਲਾਰੀਸੇ ਦਾਉਦੀ ਲੜਦੇ ਹੋਏ ਹਰਜਾਣੇ ਵੇਸ ਵਿਚ ਫਿਰ ਨਿਕਲੇ। ਰੁਹਤਕ, ਗੋਹਾਨਾ, ਜਰੌਦਾ, ਅਜੀਬਾ ਬਾਦ ਆਦਿਕ ਮਸ਼ਹੂਰ ਕਸਬੇ ਜੋ ਸ਼ਾਹਨੈਹਰ ਤੇ ਜਮਨਾ ਦੇ ਵਿਚਕਾਰ ਸੇ, ਸਥਨੂੰ ਚੰਗੀਤਰਾਂ ਸੋਧਿਆ ਅਤੇ ਫੱਰਖ ਨਗਾਰਵੰਨੀ ਨਿਕਲ ਗਏ ॥

ਸਰਧਨੇ ਲਹਾਰੂ ਦਾ ਜੰਞ

ਦਲੇਲਖਾਂ ਖਲੋਚ ਦੀ ਨਸਲ ਵਿਚੋਂ ਕਾਮਨ ਗਾਰਖਾਂ ਨਵਾਬ ਓਥੇ ਸੀ, *ਮੁਸੇਖਾਂ ਆਦਿਕ ਓਸਦੇ ਭਾਈ ਭਤੀਜੇ ਸਿੰਘਾਂ ਨਾਲ ਬਥੇਰਾ ਲੜੇ, ਪਰ ਸਿੰਘ ਆਪਣੀ ਅਰਦਾਸ ਲਏ ਬਿਨਾਂ ਓਨਾਂ ਦੇ ਦੇਸ ਵਿਚੋਂ ਨਾ ਨਿਕਲੇ।

ਜਦ †ਸਰਧਨੇ ਦੇ ਇਲਾਕੇ ਵਿਚ ਵੜੇ ਤਾਂ ਸਿਮਰੂ

*ਮੁਸੇਖਾਂ ਦੇ ਪੋਤ੍ਰੇ ਨਵਾਬ ਈਸੇ ਖਾਂ ਤੇ ਨਵਾਬਅਹਿਮਦ ਅਲੀ ਖਾਂ ਨੇ ਸੰਃ ੧੯੧੪ ਬਿਃ ਵਿਚ ਸਰਕਾਰ ਅੰਗ੍ਰੇਜ਼ੀ ਦੇ ਦੁਸ਼ਮਣ ਪੁਰਬੀਆਂ ਨੂੰ ਮਦਦ ਦੇਣ ਦੇ ਕਾਰਣ ਫਾਂਸੀ ਖਾਈ ਤੇ ਰਜਾਸਤ ਭੀ ਜ਼ਬਤ ਕਰਾਈ।

†ਸਰਧਨੇ ਵਾਲਾ ਸਿਮਰੂ ਸਾਹਿਬ ਫਰਾਂਸੀਸੀ ਪਹਿਲੇ ਭਰਤਪੁਰ ਨੌਕਰ ਸੀ। ਜਦ ਦਖਫਰਜ਼ ਵਾਲੇ ਦਖਫਖਾਂ ਨੂੰ ਫਤੇ ਕਰਕੇ ਓਸਦੇ ਇਲਾਕੇ ਪਰ ਕਬਜ਼ਾ ਪਾਯਾ ਤਾਂ ਓਸ ਪਰਗਣੇ ਵਿਚੋਂ ਸਰਧਨਾ ਡੀਂਗ ਝਾੜਸਾ ਆਦਿਕ ਚਸ ਹਜ਼ਾਰਦੇ ਪਿੰਡ ਸਿਮਰੂ ਨੂੰ ਜਾਗੀਰ ਮਿਲੀ, ਫੇਰ ਏਸਨੇ ਇਕ ਕਸ਼ਮੀਰਨ ਜੇਬੁਨਿਸਾਂ ਨਾਲ ਸ਼ਾਦੀ ਕੀਤੀ। ਸਿਮਰੂ ਦੇ ਮਰੇਬਾਦ ਜੇਬੁਨਿਸਾਂ ਨੇ ਆਪਣੀ ਦਾਨਾਈ ਨਾਲ ਦਿੱਲੀ ਦੇ ਦਰਬਾਰ ਵਿਚ ਐਸੀ ਰਸਾਈ ਪੈਦਾ, ਕੀਤੀ ਜਿਸ ਕਰਕੇ ਸਿਮਰੂ ਦੀ ਬੇਗਮ ਦਾ ਖਿਤਾਬ ਤੇ ਜ਼ਿਦਿਆਨਾ, ਬਰਨਾ, ਛਾਸੂ, ਬਰੌਤਕ, ਕੁਤਆਨਾ ਆਦਿਕ ਪਰਗਣੇ ਤਿੰਨ ਲੱਖ ਦੇ ਹਾਸਲ ਕਰ ਲਏ। ਬਹੁਤ ਚੰਗਾ ਰਾਜ ਕਰਦੀ ਰਹੀ, ਦੋ ਪਲਟਣਾਂ ਕੁਵਾਇਦ ਸਿਖੀਆਂ ਹੋਈਆਂ ਰੱਖੀਆਂ, ਓਸਦੇ ਮਰੇ ਬਾਦ ਰਸਾਸਤ ਖੁਰਦ ਬੁਰਦ ਹੋ ਗਈ।

Sri Satguru Jagjit Singh Ji eLibrary NamdhariElibrary@gmail.com

ਸਾਹਿਬ ਫਰਾਂਸੀਸ ਦੀ ਮੇਮ ਜਿਸ ਨੂੰ ਸਿਮਰੂ ਦੀ ਬੇਗਮ ਆਖਦੇ ਸਨ, ਤਾਹੀ ਦਾਨਾ ਤੇ ਦੂਰੰਦੇਸ਼ ਸੀ, ਉਸਨੇ ਦੀਨਤਾ ਨਾਲ ਨਜ਼ਰਾਨਾ ਦੇਕੇ ਜਦ ਏਹ ਗਲ ਆਖੀ ਕਿ ਮੇਰੀ ਰੰਡੀ ਤੀਮੀਂ ਦੀ ਰਿਜ਼ਕਮਾਰ ਨ ਕਰੋ, ਤਦ ਜਿਸ ਸਿੰਘ ਨੇ ਜੋ ਚੀਜ ਓਸਦੇ ਰਾਜ ਵਿਚੋਂ ਲਈ ਸੀ ਸੋ ਤੁਰਤ ਮੋੜ ਦਿਤੀ, ਫੇਰ ਪਰਗਣੇ *ਲੁਹਾਰੂ ਨੂੰ ਸੋਧਦੇ ਹੋਏ ਨਜ਼ੀਬਖਾਂ ਵਜ਼ੀਰ ਦੇ ਇਲਾਕੇ ਵਿਚ ਜਾ ਗੱਜੇ।

ਸਿੰਘਾਂ ਨੇ ਜੈਤਾ ਕਰਨਾ ਤੇ ਲਾਹੌਰ ਜਾਂਦੇ ਸਿੰਘਾਂ ਦੇ ਸੀਸ ਸਿੰਘਾਂ ਨੇ ਖੋਹਕੇ ਸਸਕਾਰਨੇ

ਨਜ਼ੀਬ ਖਾਂ ਨੇ ਓਸੇ ਘੜੀ ਆਪਣੇ ਬੇਟੇ ਗੁਲਾਮ ਕਾਦਰ ਖਾਂ ਨੂੰ ਬਹੁਤ ਸਾਰੀ ਫੌਜ ਰੁਹੇਲਿਆਂ ਦੀ ਦੇਕੇ ਦਿਲੀ ਤੋਂ ਚੜ੍ਹਾ ਦਿਤਾ, ਨਾਲੇ ਆਪਣੇ ਦੋਸਤ ਕਰਮ ਦਾਦ ਖਾਂ ਸੂਬੇ ਲਾਹੌਰ ਤੋਂ ਦੁਰਾਨੀਆਂ ਦੀ ਫੌਜ ਸਦਵਾ ਲਈ। ਬਾਕੀ ਨਵਾਬ ਝਜਰ, ਸ਼ਰਧਨਾ, ਫੱਰੁਖ ਨਗਰ, ਬਲਮ ਗੜ੍ਹੀਏ, ਦਾਦਰੀ ਆਦਿਕ ਮਕਾਨਾਂ ਦੇ ਜਗੀਰਦਾਰਾਂ ਨੂੰ ਲਿਖ ਭੇਜਜਾ, ਸਿੰਘਾਂ ਨੂੰ ਖਬਰ ਨਾ ਹੋਣ ਦਿੱਤੀ, ਚੁਫੇਰਿਓਂ ਦੁਸ਼ਮਣ ਚੜ੍ਹ ਆਏ ਤਾਂ ਸਿੰਘ ਭੀ ਖਬਰ ਪਾਕੇ ਚੱਲ ਪਏ। ਅੱਗੇ ਘਟਾਂ ਵਾਂਗੂੰ ਦੁਸ਼ਮਣਾਂ ਦੀ ਫੌਜ ਚਾਰੋਂ ਤਰਫ ਆਘਿਰੀ, ਫੱਗਣ ਸੰਃ੧੮੧੫ ਵਿਃਨੂੰ ਲੜਾਈ ਹੋਣ ਲਗੀ, ਅਧੇ ਸਿੰਘ ਤਾਂ

*ਲੁਹਾਰੂ ਵਾਲਾ ਨਵਾਬ ਅਹਿਮਦ ਬਖਸ਼ ਬਾਦਸ਼ਾਹੀ ਫੌਜ ਦਾ ਅਫਸਰ ਸੀ, ਚੰਗੇ ਕੰਮ ਕਰਨ ਤੋਂ ਬਾਦਸ਼ਾਹ ਔਰੰਗਜੇਬ ਨੇ ਲੁਹਾਰੂ ਦਾ ਪਰਗਨਾ ਤੇ ਫੁਲਗਾਵਾਂ ਆਦਿਕ ਇਕ ਲੱਖ ਰੁਪਏ ਦੀ ਜਗੀਰ ਏਸਨੂੰ ਦਿੱਤੀ। ਓਸਦਾ ਬੇਟਾ ਨਵਾਬ ਸ਼ੱਮਸਦੀਨ ਫੀਰੋਜ਼ਸ਼ਾਹ ਵਿਚ ਸਿੰਘਾਂ ਨਾਲ ਦੋ ਵਾਰੀ ਲੜਜਾ। ਸੰਃ ੧੯੧੪ ਵਿਃ ਨੂੰ ਏਥੋਂ ਦਾ ਨਵਾਬ ਅੰਗਰੇਜਾਂ ਦੇ ਬਰਖਿਲਾਫ ਹੋ ਗਿਆ, ਏਸ ਕਰਕੇ ਇਲਾਕਾ ਜਬਤ ਹੋਕੇ ਪਠਾਨ ਰਹ ਗਈ ॥

Sri Satguru Jagjit Singh Ji eLibrary NamdhariElibrary@gmail.com

ਪਿੱਛੇ ਰਹੇ ਤੇ ਅਧੇ ਸਾਹਮਣੇ ਹੋ ਲੜਾਈ ਨੂੰ ਟੁਟੇ। ਜਦ ਹਾਤ ਹੋ ਗਈ ਤਾਂ ਗੁਰਬਖਸ਼ ਸਿੰਘ ਨੇ ਜ਼ਖਮੀ ਸਿੰਘਾਂ ਨੂੰ ਗੱਡੀਆਂ ਉਪਰ ਲਦ ਲਿਆ ਤੇ ਬਾਕੀਦੇ ਸਿੰਘ ਤੋੜੇ ਲਾਕਰ ਬੰਦੂਕਾਂ ਕਸ ਕਸ ਫਹੀਰ ਦੇ ਰੁਖੇਰੇ ਹੋ ਤੁਰੇ, ਪਰ ਗੱਡੀਆਂ ਨਾਲ ਬਹੁਤ ਥੋੜਾ ਤੁਰਿਆਜਾਂਦਾ। ਦਿਨ ਚੜ੍ਹੇ ਤੁਰਕਾਂਨੇ ਫੇਰ ਰੁਖੇਰਤੋਂ ਆਘੇਰੇ, ਹੁਣ ਤਾਂ ਦੋਹਾਂ ਪਾਸਿਆਂ ਤੋਂ ਬੜਾ ਭਾਰੀ ਜੰਗ ਮਚਿਆ ਸਰਦਾਰ ਮਿੱਤ ਸਿੰਘ, ਅਘੜ ਸਿੰਘ, ਕਰਮ ਸਿੰਘ, ਕਰੋੜਾ ਸਿੰਘ, ਸ਼ਜਾਮ ਸਿੰਘ ਤਾਹਰ ਸਿੰਘ, ਗੁਰਬਖਸ਼ ਸਿੰਘ, ਭੋਮਾ ਸਿੰਘ ਆਦਿਕ ਸਰਦਾਰਾਂ ਨੇ ਦਸਕ ਹਜ਼ਾਰ ਸਿੰਘ ਸਮੇਤ ਖੜੇ ਹੋਕਰ ਮੁਸਲਮਾਨਾਂ ਨੂੰ ਰੋਕਜਾ ਤੇ ਫਹੀਰ ਨੂੰ ਮਾਲਵੇ ਵੱਲ ਚਲਾਇਆ। ਦੁਸ਼ਮਣਾਂ ਦੀ ਅੱਖ ਵਿੱਚ ਸਿੰਘ ਹਰ ਵੇਲੇ ਰੜਕਦੇ ਸੇ, ਏਸੇ ਕਰਕੇ ਜਿੱਥੇ ਵੀ ਮਿਲਦੇ ਬਿਨਾਂ ਲੜਾਈ ਤੋਂ ਛੁਟਕਾਰਾ ਨਹੀਂ ਸੀ ਹੁੰਦਾ। ਏਤਨੇ ਚਿਰ ਨੂੰ ਏਹ ਖਬਰ ਪਾਕੇ ਰਾਜਾ ਆਲਾ ਸਿੰਘ ਮਲਵਈ ਸਿੰਘਾਂ ਨੂੰ ਲੈਕੇ ਜਾ ਪਹੁੰਚਜਾ। ਇਸ ਜੰਗ ਵਿਚ ਚਾਰਕੁ ਹਜ਼ਾਰ ਸਿੰਘ ਸ਼ਹੀਦ ਹੋ ਗਏ।

ਓਧਰ ਬੁਲੰਦ ਖਾਂ ਤੇ ਅਬਦੁਲਾ ਖਾਂ ਦੁਰਾਨੀ ਸਰਦਾਰ ਜੰਗ ਵਿੱਚ ਮਰੇ ਹੋਏ ਸਿੰਘਾਂ ਦੇ ਸਿਰ ਕਟਵਾ ਕੇ ਲਾਹੌਰ ਦੇ ਸੂਬੇ ਨੂੰ ਵਿਖਾਉਣ ਲਈ ਗੱਡਿਆਂ ਵਿੱਚ ਲਦਵਾਕੇ ਲੈ ਤੁਰੇ। ਜਦ ਏਹ ਖਬਰ ਮਾਲਵੇ ਵਿੱਚ ਸਰਦਾਰ ਭੰਗਾ ਸਿੰਘ ਛਾਜਲ ਸਿੰਘ ਮਿਤ ਸਿੰਘ ਦੇ ਭਤੀਜੇ ਤੇ ਸਰਦਾਰ ਕਰਮ ਸਿੰਘ ਤਾਹਰ ਸਿੰਘ ਆਦਿਕਾਂ ਦੇ ਸੰਬੰਧੀਆਂ ਨੂੰ ਹੋਈ ਤਾਂ ਰਹਿ ਨਾ ਸੱਕੇ ਤੇ ਅੰਬਾਲੇ ਤੋਂ ਪੰਜ ਕੋਹ ਘੱਗਰ ਨਦੀ ਦੇ ਕਿਨਾਰੇ ਮੁਗਲ ਦੀ ਸਰਾਇ ਪਾਸ ਪਹੁੰਚ ਕੇ ਹੱਲਾ ਕਰਕੇ ਜਾ ਪਏ,

Sri Satguru Jagjit Singh Ji eLibrary NamdhariElibrary@gmail.com

ਗੱਭਰੂਆਂ ਦੇ ਰਖਵਾਲੇ ਭੁੱਜ ਗਏ ਹੋ। ਸਿੰਘਾਂ ਨੇ ਗੱਭਰੂਆਂ ਨੂੰ ਕੱਠੇ ਕਰ ਸਿਰਾਂ ਸਮੇਤ ਅੱਗੇ ਲਾ ਲਿਤੀ। ਏਸ ਥਾਂ ਹੁਣ ਸ਼ਹੀਦ ਗੰਜ ਬਣਿਆ ਹੋਯਾ ਹੈ।

ਸਰਹੰਦ ਸੋਧਣੀ

ਜਦ ਏਸ ਥਾਉਂ ਮਾਰੋਮਾਰ ਕਰਦੇ ਇਲਾਕੇ ਸਰਹੰਦ ਥਾਣੀ ਪਹਾੜ ਦੀ ਕੰਢੀ ਵੰਨੀ ਚੱਲੇ ਤਾਂ ਸਰਹੰਦ ਦੇ ਸੂਬੇ ਨੇ ਪਿੱਛਾ ਕੀਤਾ। ਜਦ ਸਢੌਰੇ ਤੋਂ ਅੱਗੇ ਲੰਘੇ ਤਾਂ ਜੋਹੜੇ ਹੋਰ ਜੱਥੇ ਸਿੰਘਾਂ ਦੇ ਮਾਲਵੇ, ਭਿਹਾੜੇ, ਪੁਆਧ ਵਿੱਚ ਫਿਰ ਰਹੇ ਸੇ ਓਹ ਸੱਥੇ ਵੀਹ ੨ ਕੋਹ ਤੋਂ ਧਾਵਾ ਕਰਕੇ ਬੇਖਬਰ ਪੋਹ ਸੰਃ੧੮੧੫ ਵਿਃ ਨੂੰ ਸਰਹੰਦ ਵਿੱਚ ਜਾ ਵੜੇ, ਮਾਰੋ ਮਾਰ ਦਾ ਛੰਮ ਗਰਮ ਕੀਤਾ, ਚਾਰ ਪਹਿਰ ਵਿੱਚ ਸੈਂਕੜੇ ਸ਼ੱਤਰੂ ਲਿਟਾ ਦਿੱਤੇ ਅਤੇ ਬੇਸ਼ੁਮਾਰ ਮੰਗੀ ਸਾਮਾਨ ਲੈਕੇ ਬੈਰਾੜਾਂ ਦੇ ਦੇਸ ਵਿੱਚ ਜਾ ਵੜੇ, ਦੋ ਮਹੀਨੇ ਪਿਛੋਂ ਜੈਨ ਖਾਂ ਫੌਜ ਲੈਕੇ ਆਯਾ, ਪਰ ਕੁਛ ਨਾ ਬਣਾ ਸੱਕਯਾ।

ਓਧਰ ਪੰਜਾਬ ਵਿੱਚ ਭੀ ਏਹੋ ਹਾਲ ਗੁਜਰਦਾ ਸੀ, ਕਈ ਵਾਰੀ ਸਿੰਘਾਂ ਨੇ ਲਾਹੌਰ ਵਿਚ ਮਾਰੋਮਾਰ ਕੀਤੀ, ਸੂਬੇ ਨੇ ਸ਼ਹਰ ਦੇ ਕੋਟ ਉੱਤੇ ਤੋਪਾਂ ਚੜ੍ਹਾ ਛੱਡੀਆਂ, ਅਟਕ ਤੋਂ ਲੈਕੇ ਸਮਨਾਂ ਤਕ ਸਿਵਾਇ ਇਲਾਕੇ ਅਦੀਨਾਬੇਗ ਦੇ ਹੋਰ ਕਿਤੇ ਅਮਨ ਨਹੀਂ ਸੀ।

ਸਿੰਘਾਂ ਨੇ ਮੁਲਕ ਮਲਨਾ

ਜਦ ਫੱਗਣ ਸੰਃ ੧੯੧੫ ਵਿਃ ਨੂੰ ਅਦੀਨਾਬੇਗ ਖਾਂ ਨੇ ਏਸ ਦੁਨੀਆਂ ਤੋਂ ਕੂਚ ਕੀਤਾ ਤੇ ਉਸ ਦੇ ਦੀਵਾਨ ਖਿਮੰਡਤ ਮੱਲ ਨੇ ਪੰਜ ਸੌ ਸਿੰਘ ਫੜਕੇ ਲਾਹੌਰ ਜ਼ਰਮ ਦਾਦ ਖਾਂ ਪਾਸ

Sri Satguru Jagjit Singh Ji eLibrary NamdhariElibrary@gmail.com

ਭੇਜ ਦਿਤੇ, ਤਾਂ ਸਿੰਘਾਂ ਨੂੰ ਭਾਰੀ ਚਿਪ ਚੜ੍ਹੀ। ਓਸਦੇ ਪਰਵਾਣੇ ਵਿਚ ਮਾਰੋ ਮਾਰ ਮਚਾ ਦਿਤੀ। ਬਿਸ਼ੰਭਰ ਮੱਲ ਨੇ ਸਿੰਘਾਂ ਨੂੰ ਧਮਕੀ ਦੇ ਭੇਜੀ ਕਿ ਤੁਸੀਂ ਆਪਣੀ ਸਿੱਖੀ ਰੱਖੀ ਚਾਹੁੰਦੇ ਹੋ ਤਾਂ ਮੇਰਾ ਇਲਾਕਾ ਛਡ ਜਾਓ, ਨਹੀਂ ਤਾਂ ਲਖਪਤ ਰਾਇ ਵਾਂਗੂ ਓਹ ਕਰਾਂਗਾ ਜੋਹੜੀ ਖਾਧੀ ਨਾ ਨਿਖੁਟੇ, ਬੜਾ ਬੁਰਾ ਪੇਸ਼ ਆਵਾਂਗਾ।

ਏਹ ਗੱਲ ਓਸਦੀ ਸਿੰਘਾਂ ਨੂੰ ਸਾਬਣ ਦੀ ਤਾਰ ਵਾਂਗੂੰ ਖਾ ਗਈ ਸਭੋਂ ਅਗੇ ਨਾਲੋਂ ਦਸਗੁਣੀ ਮਾਰੋ ਮਾਰ ਮਚਾ ਦਿਤੀ; ਛੇਕੜ ਉਤਮਲਟਾਂਡੇ ਪਾਸ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਕਰੋੜਾ ਸਿੰਘ ਦੇ ਹੱਥੋਂ ਬਿਸ਼ੰਭਰ ਮੱਲ ਮਾਰਿਆ ਗਿਆ, ਬਾਕੀ ਫੌਜ ਤਿਤ੍ਰ ਬਿਤ੍ਰ ਹੋਗਈ। ਏਸ ਦੇ ਮਰਦੇ ਹੀ ਸਿੰਘਾਂ ਨੇ ਮਾਝੇ ਦੁਆਬੇ ਉਤੇ ਕਬਜ਼ਾ ਕਰ ਲਿਆ, ਏਹੋ ਪਹਿਲਾ ਦਿਨ ਸਚੈਲ ਸਿੰਘਾਂ ਦੇ ਮੁਲਕ ਮੱਲਣ ਦਾ ਹੋਯਾ। ਬਜਾਸ਼ਾ ਦੇ ਉਰਾਰ ਪਾਰ ਪਰਗਣੇ ਸ੍ਰੀ ਹਰਿ ਗੋਬਿੰਦ ਪੁਰ, ਬਟਾਲਾ, ਪੁਰੋਵੀਆਂ ਏਹ ਪਰਗਣੇ ਰਾਮਗੜ੍ਹੀਆਂ ਨੇ। ਅੱਜਨਾਲਾ ਸੋਹੀਆਂ, ਨਾਰ, ਗੁਰਦਾਸ ਪੁਰ, ਡੇਹਰਾ ਬਾਬਾ ਨਾਨਕ, ਕਲਾ ਨੌਰ, ਪਠਾਨ ਕੋਟ, ਸੁਜਾਨ ਪੁਰ ਏਹ ਘਨੱਯਾਂ ਨੇ ਅਤੇ ਅੰਮ੍ਰਿਤਸਰ ਤਰਨ ਤਾਰਨ ਗੁਜਰਾਤ ਫ਼ਜ਼ੀਰਾਬਾਦ ਸਜਾਲਕੋਟ, ਚਨੀਓਟ, ਭੰਗੀਆਂ ਨੇ। ਨੂਰਮਹਿਲ, ਤਲਵੰਡੀ ਫਗਵਾੜਾ, ਕਾਲੇ ਢਿੱਲੋਂ, ਨਿਸ਼ਾਨਾ, ਸਰਦਾਰ ਜੱਸਾ ਸਿੰਘ ਆਲੂਵਾਲੀਏ ਨੇ। ਚੁਹਣੀਆਂ, ਬਹਿੜਵਾਲ, ਖੇਮ ਕਰਨ, ਖੁਡੀਆਂ ਆਦਿਕ ਨਕਈ ਸਰਦਾਰਾਂ ਨੇ। ਜਲੰਧਰ, ਹੈਬਤਪੁਰ ਪੱਟੀ ਆਦਿਕ ਸਿੰਘ ਪੁਰੀਆਂ ਨੇ। ਨਕੋਦਰ, ਤਲਬਨ, ਬੁਡਾਲਾ ਰਾਹੋਂ, ਫਲੌਰ ਆਦਿਕ ਡੱਲੇ ਵਾਲੀਆਂ ਨੇ। ਨਵਾਂ ਸ਼ਹਿਰ,

Sri Satguru Jagjit Singh Ji eLibrary NamdhariElibrary@gmail.com

ਰੁੜਕਾ, ਬਸੀਆਂ, ਪੰਡੋਰੀਆਂ, ਹੁਸ਼ਿਆਰਪੁਰ, ਭੁੰਗਾ ਕਾਠਗੜ, ਕਰੋੜੀਆਂ ਨੇ। ਗੁਜਰਾਂ ਵਾਲਾ, ਕੰਜਾਹ ਆਦਿਕ ਸੁਕ ਚੱਕੀਆਂ ਨੇ। ਇਤਆਦਿਕ ਪਰਗਣੇ ਸੰਃ ੧੮੧੬ ਬਿਃ ਦੇ ਚੜ੍ਹਦੇ ਸਾਰ ਏਹ ਫਗੁਵਾ ਖਾਲਸੇ ਨੂੰ ਮਿਲ ਗਿਆ।

ਅਹਿਮਦ ਸ਼ਾਹ ਅਬਦਾਲੀ ਦਾ ਸੱਤਵਾਂ ਹੱਲਾ ਸੰਃ ੧੮੧੬ ਬਿਃ ਵਿਚ

ਜਿਸ ਵਕਤ ਸ਼ਾਹ ਅਬਦਾਲੀ ਨੂੰ ਕਾਬਲ ਵਿਚ ਇਹ ਖਬਰ ਪਹੁੰਚੀ ਕਿ ਸਿੰਘਾਂ ਨੇ ਮੁਲਤਾਨ ਵੰਡ ਲਿਆ ਹੈ ਤੇ ਮਰਹਟਾ ਬਾਜੀਰਾਉ ਜੀ ਪੇਸ਼ਵਾ ਦੇ ਛੋਟੇ ਭਾਈ ਰਘੁਨਾਥ ਰਾਇ ਨੇ ਦਿਲੀ ਦੇ ਤਖਤ ਪਰ ਆਪਣੇ ਬੇਟੇ ਬਿਸਵਾਸ ਰਾਇ ਨੂੰ ਬੈਠਾਉਣ ਲਈ ਇਕ ਬੜਾ ਭਾਰੀ ਲਸ਼ਕਰ ਤਿਆਰ ਕੀਤਾ ਹੈ, ਤਾਂ ਸੁਣਕੇ ਅੱਗ ਦਾ ਭਬੂਕਾ ਹੋਗਿਆ ਤੇ ਡੇਢ ਲੱਖ ਅਸਵਾਰ ਲੈਕੇ ਮਾਰੋ ਮਾਰ ਕਰਦਾ ਸੰਃ ੧੮੧੬ ਬਿਃ ਨੂੰ ਚਿੰਦ ਪਰ ਚੜ੍ਹ ਆਯਾ। ਸਿੰਘ ਤਾਂ ਉਸਦਾ ਆਉਣਾ ਸੁਣ ਜੰਗਲਾਂ ਵਿਚ ਜਾ ਬੈਠੇ, ਪਰ ਮਹਰਟੇ ਤਿਆਰੀਆਂ ਵਿਚ ਹੀ ਰਹੇ।

ਅਹਿਮਦ ਸ਼ਾਹ ਤਿੰਨ ਦਿਨ ਲਾਹੌਰ ਠਹਿਰ ਕੇ ਸਿਧਾ ਦਿਲੀ ਨੂੰ ਜਾ ਵੜਿਆ, ਫੇਰ ਤਾਂ ਪੇਸ਼ਵਾ ਨੂੰ ਹੀਣਤ ਆਉਂਦੀ ਸੀ, ਏਸ ਕਰਕੇ ਚੜ੍ਹਾਈ ਕਰਨੀ ਪਈ, ਪਰ ਓਹ ਆਪ ਤਾਂ ਹੈਦਰਾਬਾਦੀ ਨਾਜ਼ਿਮ ਦੇ ਦੇਸ਼ ਦਬਾਉਣ ਵਿੱਚ ਤਤਪਰ ਸੀ, ਏਸ ਕਰਕੇ ਆਪਣੇ ਪੁੱਤਰ ਬਿਸਵਾਸ ਰਾਇ ਤੇ ਚਚੇਰੇ ਭਾਈ ਸਦਾ ਸਿਵਰਾਇ ਭਾਉ ਜੀ ਨੂੰ ਬੜਾ ਭਾਰੀ ਧੂਮ ਧਾਮ ਦਾ ਲਸ਼ਕਰ ਦੇਕੇ ਅਫਗਾਨਾਂ ਦੇ ਮੁਕਾਬਲੇ ਨੂੰ ਭੇਜ ਦਿਤਾ।

Sri Satguru Jagjit Singh Ji eLibrary NamdhariElibrary@gmail.com

ਰਾਘੋ ਜੀ ਭੋਸਲਾ ਨਾਗਪੁਰਵਾਲਾ, ਮਹਾਂਜੀ ਸੇਧੀਆਂ ਗਵਾਲੀਅਰਵਾਲਾ, ਮਲਹਾਰਰਾਉ ਹੁਲਕਰ ਇੰਦੌਰੀਆ, ਪੇਸ਼ਵਾ ਦੇ ਹੁਕਮ ਅਨੁਸਾਰ ਆਪਣੀ ੨ ਫੌਜ ਲੈਕੇ ਆ ਮਿਲੇ। ਰਸਤੇ ਵਿਚੋਂ ਹੋਰ ਬਹੁਤ ਸਾਰੀ ਰਾਜਪੂਤਾਂ ਦੀ ਫੌਜ ਮਿਲ ਗਈ, ਤੇ ਚੂੜਾਮਨੀ ਦਾ ਬੇਟਾ ਸੂਰਜਮਲ ਭਰਤਪੁਰੀਆ ਜੱਟ ਭੀ ਤੀਸਰ ਹਜ਼ਾਰ ਜੱਟ ਨਾਲ ਲੈਕੇ ਆਗਿਆ।

ਤਿੰਨ ਲਖ ਅਸਵਾਰ ਪਿਆਦਾ ਜੰਗੀ ਤੇ ਦੋ ਸੌ ਤੋਪਾਂ ਅਤੇ ਹੋਰ ਬੇਸ਼ੁਮਾਰ ਖਲਕੜੁੜੇਨੌਕਰ ਮਾਨੋ ਇਕ ਜਹਾਨਚੜ੍ਹਆਯਾ।

ਦੁਰਾਨੀ ਤੇ ਮਰਹੱਟਿਆਂ ਦਾ ਜੁੱਧ

ਏਧਰ ਅਹਿਮਦਸ਼ਾਹ ਨੇ ਥੋੜ੍ਹੀ ਜੇਹੀ ਫੌਜ ਦਿੱਲੀ ਛਡਕੇ ਅਨੂਪ ਸ਼ਹਿਰ ਗੰਗਾ ਕਿਨਾਰੇ ਜਾ ਡੇਰਾ ਲਾਯਾ। ਦਿੱਲੀ ਵਾਲੇ ਲੋਗ ਮਰਹੱਟਜਾਂ ਦੀ ਝਾਲ ਨਾ ਝੱਲਕੇ ਦਿੱਲੀ ਖਾਲੀ ਕਰ ਗਏ, ਭਾਊ ਜੀ ਨੇ ਦਿੱਲੀ ਵਿਚ ਵੜਕੇ ਬਹੁਤ ਲੁਟਮਾਰ ਕੀਤੀ। ਖ਼ੀਵਾਨਖਾਨੇ ਵਿਚੋਂ ਚਾਂਦੀ ਦੀ ਛੱਤ ਉਖਾੜ ਲਈ, ਮਸੀਤਾਂ ਮਕਬਰੇ ਮਹਿਲਾਂ ਵਿਚ ਜਿਥੇ ੨ ਸੋਨਾ ਚਾਂਦੀ, ਹੀਰਾ, ਮੋਤੀ ਸੀ, ਸਭ ਲਾਹ ਲਿਆ ਤੇ ਪਾਣੀ ਪੜ ਪਾਸ ਮੋਰਚੇ ਕਾਯਮ ਕੀਤੇ। ਦਿਲੀ ਦੇ ਅਮੀਰ ਨਜ਼ੀਬੁਦੌਲਾ, ਸਜਾਉਦੌਲਾ, ਦੁੰਦੇਖਾਂ, ਰਹਿਮਤਖਾਂ ਸਦਾਦਤਖਾਂ ਆਦਿਕ ਸਭ ਅਹਿਮਦਸ਼ਾਹ ਨੂੰ ਲੈਕੇ ਪਾਨੀਪਤ ਆਗਏ। ਸ਼ਾਹ ਨੇ ਇੱਕੋ ਵਾਰੀ ਜੋਰ ਨਾ ਦਿੱਤਾ, ਨਿਕੀਆਂ ੨ ਲੜਾਈਆਂ ਕਰਦਾ ਰਿਹਾ। ਤਿੰਨ ਮਹੀਨੇ ਬਰਾਬਰ ਜੰਗ ਹੁੰਦਾ ਰਿਹਾ। ਤਿੰਨ ਲੱਖ ਆਦਮੀ ਤੇ ਡੇਢ ਲੱਖ ਹਾਥੀ ਘੋੜੇ ਤੋਂ ਘਟ ਭਾਊ ਦੇ ਮੋਰਚੇ ਵਿਚ ਨਹੀਂ ਸੇ। ਤੇ ਦੋ ਲਖ ਤੋਂ ਘਟ ਅਬਦਾਲੀ ਦੇ ਮੋਰਚੇ ਵਿਚ ਨਹੀਂ ਸੇ, ਛੇਕ

Sri Satguru Jagjit Singh Ji eLibrary NamdhariElibrary@gmail.com

ਛਾੜ ਤਾਂ ਦੋਹਾਂ ਪਾਸ਼ਜਾਂ ਤੋਂ ਬਣੀ ਰਹੀ, ਪਰ ਧਾਵਾ ਕਰਨ ਦਾ ਜਿਗਰਾ ਕਿਸੇ ਤੋਂ ਨਾ ਹੋਯਾ। ਹਿੰਦੁਸਤਾਨੀ ਅਮੀਰਾਂ ਨੇ ਅਹਿਮਦ ਸ਼ਾਹ ਨੂੰ ਕਈ ਵਾਰੀ ਸੁਲਾ ਕਰਨ ਦੀ ਸਲਾਹ ਦਿਤੀ, ਪਰ ਓਹ ਏਹੋ ਜਵਾਬ ਦਿੰਦਾ ਰਿਹਾ ਕਿ ਏਹ ਮਾਮਲਾ ਲੜਾਈ ਦਾ ਹੈ, ਤੁਸੀਂ ਏਸ ਚਾਲਾਂ ਦੇ ਭੇਤੀ ਨਹੀਂ, ਸੱਚ ਹੈ—ਗਾਵਣ ਬਜਾਵਣ,ਐਸ਼; ਅਸ਼ਰਤ ਦੇ ਮਾਮਲੇ ਵਿੱਚ ਏਸ਼ਕ ਹਿੰਦੁਸਤਾਨੀ, ਅਮੀਰ, ਰਾਜੇ, ਮਹਾਰਾਜੇ ਕੁਛ ਕਰਦੇ, ਪਰ (ਜੱਟ ਕੀ ਜਾਣੇ ਲੌਂਗਾਂ ਦਾ ਛਾ) ਜੰਗ ਦੀ ਬਾਤ ਘਾਤ ਨੂੰ ਕੀ ਜਾਣਨ ?

ਦੁਰਾਨੀ ਸ਼ਾਹ ਨੇ ਇਕ ਲਾਲ ਰੰਗ ਦਾ ਤੰਬੂ ਆਪਣੇ ਮੋਰਚੇ ਅੱਗੇ ਲਾ ਰੱਖਯਾ ਸੀ, ਓਸ ਵਿੱਚ ਸਵੇਰੇ ਨਿਮਾਜ ਪੜਨੇ, ਤੇ ਸੰਝ ਨੂੰ ਖਾਣਾ ਖਾਣੇ ਆਉਂਦਾ, ਬਾਕੀ ਸਾਰਾ ਦਿਨ ਫੌਜ ਵਿੱਚ ਫਿਰਦਾ ਰਹਿੰਦਾ, ਘੋੜੇ ਦੀ ਪਿੱਠ ਪਲੰਘ, ਤੇ ਝੋਲਾ ਬਵਰਚੀ ਖਾਨਾ ਬਣਾ ਰੱਖਯਾ ਸੀ, ਏਸਦਾ ਹੁਕਮ ਕੋਈ ਮੋੜ ਨਹੀਂ ਸਕਦਾ ਸੀ।

ਰਸਦ ਦੀ ਤੰਗੀ ਦੋਹੀਂ ਪਾਸੀਂ ਆ ਗਈ। ਭਾਊ ਜੀ ਤੇ ਵਿਸ਼ਵਾਸ ਰਾਵ ਜੀ ਨੂੰ (ਜੋ ਮਰਹੱਟਜਾਂ ਦੇ ਬੜੇ ਸਰਦਾਰ ਸੇ) ਜਦ ਫੌਜੀ ਅਫਸਰਾਂ ਨੇ ਕਈ ਵਾਰੀ ਆਕਰ ਆਖਯਾ ਕਿ ਭੁੱਖੇ ਮਰਨ ਨਾਲੋਂ ਲੜ ਕਰ ਮਰਨਾ ਚੰਗਾ ਹੈ ਤਾਂ ਭਾਊ ਨੇ ਪਰਸੋਂ ਨੂੰ ਲੜਨ ਦਾ ਵਾਇਦਾ ਕਰਕੇ ਮਲਹਰ ਦੇ ਨਵਾਬ ਸਮਾਊਦੱਲਾ ਨੂੰ (ਜੋ ਸੁਲਾ ਕਰਾਉਣ ਵਿੱਚ ਸੀ) ਆਖ ਭੇਜਯਾ, ਹੁਣ ਪਿਆਲਾਪੁਰ ਹੈ, ਇਸ ਵੇਲੇ ਦੀ ਸਮਾਈ ਨਹੀਂ, ਜੋ ਕਰਨਾ ਹੈ ਸੋ ਕਲ। ਓਸਨੇ ਸ਼ਾਹ ਨੂੰ ਪੁੱਛਯਾ। ਸ਼ਾਹ ਨੇ ਜਵਾਬ ਦਿੱਤਾ, ਮੈਂ ਹਿੰਦੁਸਤਾਨੀ ਰਈਸਾਂ ਦੀ ਕੁਮਕ ਪਰ ਆਯਾ ਹਾਂ, ਮੇਰਾ ਕੰਮ ਤਾਂ ਲੜਨਾ ਹੈ, ਸੁਲਾਹ

Sri Satguru Jagjit Singh Ji eLibrary NamdhariElibrary@gmail.com

ਕਰਨੀ ਤੁਹਾਡਾ ਇਖਤਿਆਰ ਹੈ। ਸੁਜਾਉਦੌਲਾ ਨੇ ਸ਼ਾਹਦੀ ਮਰਜ਼ੀ ਸੁਲਾਹ ਪਰ ਨਾ ਦੇਖਕੇ ਆਖ ਭੇਜਾ, ਸੁਲਾਹ ਨਹੀਂ ਹੁੰਦੀ। ਫੇਰ ਤਾਂ ਭਾਊ ਛੋਂਦੂ ਨੂੰ ਫਿਕਰ ਨੇ ਆ ਘੇਰਾ। ਕੁਦਰਤ ਨਾਲ ਦੋ ਹਜ਼ਾਰ ਉਠ ਲੱਦਯਾ ਹੋਯਾ, ਮਰਹੱਟਾ ਦੀ ਰਸਤ ਦਾ ਆਉਂਦਾ ਸੀ,ਦੁਰਾਨੀ ਦੇ ਬਖਸੀ ਬੁਲੰਦ ਖਾਂ ਨੇ ਖਬਰ ਪਾਕੇ ਪੰਦਰਾਂ ਕੋਹ ਪਰ ਜਾ ਢਾਹਾ। ਏਸ ਗਲੋਂ ਮਰਹੱਟਿਆਂ ਦਾ ਸਾਰਾ ਕਟਕ ਮਰਨ ਮਾਰਨ ਕਰ ਅੰਮ੍ਰਤ ਵੇਲੇ ਅਬਦਾਲੀ ਦੇ ਦਲ ਉੱਤੇ ਹੁੰਮ ਹੁੰਮਾ ਕੇ ਚੜ ਬੈਠਾ। ਜਦ ਅਹਿਮਦਸ਼ਾਹ ਨੇ ਦੇਖਾ ਕਿ ਤੋਪਖਾਨਾਂ ਅੱਗੇ ਕੀਤਾ ਹੋਯਾ, ਝੰਡੇ ਉਡਾਉਂਦੇ, ਦੁਹਿਤੀ ਚੋਬ ਲਾਉਂਦੇ, ਹਰਿ ਹਰਿ ਗਾਉਂਦੇ ਹੋਏ ਸਬ ਮਰਹੱਟੇ ਜੰਮੇ ਕਦਮ, ਸਮੁੰਦਰ ਦੀ ਤਰਾਂ ਉਮਡੇ ਆਉਂਦੇ ਹਨ, ਪਰੰਤੂ ਤੋਪਾਂ ਦੇ ਗੋਲੇ ਪਠਾਣਾਂ ਦੇ ਉਤੋਂ ਦੀ ਜਾਂਦੇ ਦੇਖੇ ਦੇਖਕੇ ਖੁਸ਼ੀ ਹੋਯਾ ਏਸਦਾ ਕਾਰਨ ਏਹ ਸੀ ਕਿ ਤੋਪਾਂ ਦੇ ਜ਼ਮਾਂਦਾਰ ਮੁਸਲਮਾਨਾਂ ਨਿਮਕ ਹਰਾਮਾਂ ਨੇ ਨਜੀਬਖਾਂ ਤੋਂ ਵੱਢੀ ਖਾ ਰੱਖੀ ਸੀ, ਏਸ ਗਲੋਂ ਬਾਦਸ਼ਾਹ ਨੂੰ ਫਤੇ ਦੀ ਉਮੈਦ ਹੋ ਗਈ ॥

ਇਬਰਾਹੀਮਖਾਂ ਗਾਰਦੀ ਭਾਊਦਾ ਜਰਨੈਲ ਦਸ ਹਜ਼ਾਰ ਪਜ਼ਾਦਾ ਫੌਜ ਲੈਕੇ ਨਜੀਬਖਾਂ ਦੀ ਰੁਹੇਲੀ ਫੌਜ ਉਤੇ ਜਾ ਪਿਆ, ਛਪਾ ਛਪ ਦਸਥਾਰਾਂ ਹਜ਼ਾਰ ਰੁਹੇਲਾ ਨਿਸਲ ਸੁਲਾ ਦਿੱਤਾ। ਨਜੀਬਖਾਂ ਤਾਂ ਭੱਜ ਗਿਆ, ਪਰ ਦੁਰਾਨੀ ਦਾ ਵਜ਼ੀਰ ਸ਼ਾਹ ਵਲੀਖਾਂ ਵੀਹ ਹਜ਼ਾਰ ਦੁਰਾਨੀ ਲੈਕੇ ਅੱਗੇ ਆ ਅੜਿਆ, ਭਾਊਲੀ ਤੇ ਬਿਸ੍ਵਾਸਰਾਉ ਭੀ ਓਧਰੇ ਝੁਕੇ,ਵਜ਼ੀਰ ਦੇ (ਮਸੀਰ) ਨਜ਼ਦੀਕੀ ਸਰਦਾਰ ਅਤੁਾਈਖਾਂ ਜੇਹੇ ਮਾਨੀ ਬਹਾਦਰ ਬਹੁਤ ਮਾਰੇ ਗਏ। ਵਜ਼ੀਰ ਭੀ ਮਾਰਜਾ ਜਾਂਦਾ, ਪਰ ਅਹਿਮਦ ਸ਼ਾਹ

Sri Satguru Jagjit Singh Ji eLibrary NamdhariElibrary@gmail.com

ਭਾਰੀ ਸਿਪਾਹ ਲੈਕੇ ਆ ਗਿਆ ਤੁਾਂ ਲੜਾਈ ਠਹਿਰ ਗਈ। ਸਰਹੱਟਜਾਂ ਦਾ ਜ਼ੋਰ ਦੇਖ ਕਰ ਸ਼ਾਹ ਨੇ ਆਪਣੀ ਸੈਨਾਂ ਨੂੰ ਅੱਗੇ ਵਧਣ ਦਾ ਹੁਕਮ ਦੇਕੇ ਆਖਜਾ, ਜਿਸ ਨੂੰ ਪਿਛੇ ਹਟਦਾ ਦੇਖੋ ਓਸਦਾ ਸਿਰ ਤੁਰਤ ਕੱਟ ਲੋ। ਫੇਰ ਤਾਂ ਇਕ ਪਾਸੇ ਹਰਿ ਹਰਿਮਹਾਂ ਦੇਵ ਤੇ ਦੂਜੀ ਵੱਲ ਅੱਲਾਹੁ ਅਕਬਰ ਦੀ ਬੱਦਲ ਵਾਂਗੂ ਗਰਜ ਹੋ ਰਹੀ ਸੀ, ਲਹੂ ਦਾ ਚਿੱਕੜ ਤੇ ਲੋਥਾਂ ਦਾ ਸਥਾਰ ਐਡਾ ਹੋਯਾ ਜੋ ਖਾਲੀ ਥਾਉਂ ਪੈਰ ਧਰਨ ਨੂੰ ਥਿਤੇ ਨਾ ਰਿਹਾ। ਜਦ ਦੁਰਾਨੀ ਸ਼ਾਹ ਨੇ ਆਪਣੀ ਫੌਜਦੇ ਮੂੰਹ ਚਿੱਟੇ ਹੋਏ ਦੇਖੇ ਤਾਂ ਏਹ ਪੇਚ ਖੇਡਜਾ, ਪੰਜਾਹ ਹਜ਼ਾਰ ਅਸਵਾਰ ਜੋ ਖੱਬੇ ਪਾਸੇ ਦੂਰ ਖੜਾ ਸੀ ਓਨਨੂੰ ਮੋੜਕਰ ਸੱਜੇ ਪਾਸੇ ਕਰਕੇ ਸਰਹੱਟਜਾਂ ਪਰ ਜਾ ਪਾਯਾ। ਝਾਂਕੀ ਕਿਤੇ ਦਿਤੀ ਤੇ ਮਾਰ ਕਿਤੇ ਜਾ ਕੀਤੀ, ਏਹ ਸ਼ਤਰੰਜ ਦਲੇ ਦੀ ਚਾਲ ਕਾਰ ਕਰ ਗਈ। ਭਾਊ ਜੀ ਤੇ ਬਿਸ੍ਵਾਸਰਾਉ ਤਾਂ ਅੱਗੇਹੀ ਲੜਦੇ ਰਹੇ ਤੇ ਫੌਜ ਸਾਰੀ ਪਿੱਛੇ ਹੀ ਸੁਪਨਾ ਹੋਗਈ ਮੁਲਵੇ ਪਰ ਮੁਰਦਾ ਚੜ੍ਹ ਗਿਆ। ਅਫਗਾਨੀ ਰੋਜ਼ਦੇ ਲੜਾਕੇ ਤੇ ਸਰਹੱਟਜਾਂ ਨਾਲੋਂ ਤਿਗੁ ਪੁਰੁ ਸੇ, ਏਸ ਲਈ ਜਿੱਤ ਵਿੱਚ ਰਹੇ। ਦਿਨ ਦੇ ਤਿੰਨ ਵਜੇ ਆਪਣੀ ਫੌਜ ਦੀ ਦੁਰਦਸ਼ਾ ਦੇਖਕੇ ਬਿਸ੍ਵਾਸਰਾਉ ਆਪਣੇ ਸਾਥੀਆਂ ਸਮੇਤ ਖੇਤ ਵਿਚ ਕੁਦ ਪਿਆ ਤੇ ਆਪਤੋਂ ਦਸਗੁਣੇ ਖੇਤ ਦੇ ਰੇਤ ਵਿੱਚ ਰੁਲਾਕੇ ਸੁਰਗ ਨੂੰ ਚੱਲਦਾ ਹੋਯਾ। ਬਿਸ੍ਵਾਸਰਾਉ ਨੂੰ ਮਰੇ ਦੇਖ ਕੇ ਭਾਊਜੀ ਨੇ ਹਾਥੀ ਪੇਲ ਦਿੱਤਾ ਤੇ ਸਭ ਤੋਂ ਅੱਗੇ ਵਧਕੇ ਘੋੜੇ ਪਰ ਸਵਾਰ ਹੋਕਰ ਹੱਲਾ ਕਰਾਯਾ ਤੇ ਇੱਕ ਵਾਰੀ ਤਾਂ ਸਮੁੰਦ੍ਰ ਵਿੱਚ ਗੰਗਾ ਦੀ ਧਾਰ ਵਾਂਗੂ ਵੈਰੀ ਦੇ ਦਲ ਨੂੰ ਚੀਰਦਾ ਚਲਾ ਗਿਆ, ਪਰ ਫੇਰ ਪਤਾ ਨਾ ਲੱਗਾ ਜੋ ਕੀ ਹੋਯਾ। ਏਸਨ ਪੰਝੀ ਲੱਖ ਰੁਪਏ ਦਾ ਹੀਰਾ, ਮੋਤੀ ਪਹਨਜਾ ਹੋਯਾ ਸੀ,

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਨੇ ਬਹੁਤ ਟੋਲ ਭਾਲ ਕਰਾਈ, ਪਰ ਏਸਦੀ ਦੇਹ ਨਾ ਲੱਭੀ ॥

ਬਸ ਏਨ੍ਹਾਂ ਦਾ ਮਰਣਾ ਹੀ ਸੀ ਕਿ ਮਰਹੱਟਜਾਂ ਨੂੰ ਭਾਜ ਪੈ ਗਈ । ਦਸ ਕੋਹ ਤਕ ਦੁਰਾਨੀ ਪਿੱਛਾ ਦਬਾਈ ਗਏ, ਫੇਰ ਤਾਂ ਰਾਹ ਵਿਚ ਖਲਕਤ ਭੀ ਮਾਰਨ ਉੱਠ ਪਈ । ਜੋਹੜੇ ਫੜੇ ਗਏ ਓਹ ਦੂਜੇ ਦਿਨ ਬੁਰੀ ਬੇਤਰਸੀ ਨਾਲ ਮਾਰੇ ਗਏ । ਏਸ ਘੋਰ ਜੁੱਧ ਵਿੱਚ ਦੋ ਲੱਖ ਦੇ ਲੱਗਭਗ ਮਰਹੱਟਾ ਆਦਮੀ ਤੇ ਅੱਸੀ ਹਜ਼ਾਰ ਉੱਠ ਘੋੜਾ, ਬੈਲ, ਹਾਥੀ ਬਿਸ਼੍ਰਾਮਰਾਵ ਤੇ ਭਾਊ ਜੀਦੇ ਨਾਲ ਹੀ ਖੇਤ ਵਿਚ ਰਹੇ ॥

ਮਹਾਂਜੀ ਸਿੰਧੀਆ ਜਿਸ ਨੇ ਗ੍ਵਾਲੀਅਰ ਦੀ ਰਜਾਸਤ ਬਣਾਈ ਹੈ ਜਖਮੀ ਹੋ ਕੇ ਉਮਰ ਭਰ ਲੰਗੜਾ ਰਿਹਾ ॥

ਮਲਹਾਰ ਰਾਉ ਹੁਲਕਰ ਏ ਜੰਗ ਏ ਅਰੰਭ ਵਿਚ ਹੀ ਦੌੜ ਗਿਆ ਸੀ ਤਾਂਹੀ ਨਿਮਕ ਹਰਾਮੀ ਸਦਾਯਾ ॥

ਰਾਘੋਜੀ ਭੋਸਲੇ ਨੇ ਜ਼ਖਮੀਆਂ ਦਾ ਇਲਾਜ ਨਾਗ ਪੁਰ ਜਾ ਕੀਤਾ ॥

ਏਸ ਹਾਰ ਦੀ ਖਬਰ ਸੁਣਕੇ ਬਾਲਾਰਾਇ ਜੀ ਪੇਸ਼ਵਾ ਤਾਂ ਹਾਰੇ ਦੇ ਸੂਏ ਨਾਲ ਹੀ ਮ੍ਰਿਤਕ ਜਾ ਪਹੁੰਚਾ । ਏਸ ਹਾਰ ਤੋਂ ਮਰਹੱਟਜਾਂ ਦੀ ਐਸੀ ਕਮਰ ਟੁੱਟੀ ਜੋ ਫੇਰ ਰੰਚੀ ਨਾ ਗਈ ॥

ਸ਼ਾਹ ਅਬਦਾਲੀ ਭੀ ਆਪਣੀ ਫੌਜ ਬਹੁਤ ਮਰੀ ਤੇ ਬਾਕੀ ਥੱਕੀ ਮਾਂਦੀ ਦੇਖ ਕੇ ਤੁਰਤ ਕਾਬਲ ਨੂੰ ਮੁੜ ਗਿਆ ।

ਮ੍ਰਹੱਟਿਆਂ ਦਾ ਸਾਮਾਨ ਲੁੱਟਿਆ ਜਾਣਾ

ਰਲਭੂਮੀ ਵਿਚੋਂ ਪਚਾਸ ਲੱਖ ਰੁਪਯਾ ਨਕਦ ਤੇ

Sri Satguru Jagjit Singh Ji eLibrary NamdhariElibrary@gmail.com

ਸੌ ਕੜੇ ਘੋੜੇ ਉੱਠ ਹਾਥੀ ਹੱਥਜਾਤ ਤੇ ਬੀਸ ਲੱਖ ਰੁਪਏ ਦੇ ਬਿਸਵਾਸ ਤਾਉ ਦੀ ਪੂਜਾ ਤੇ ਲੰਗਰ ਦੇ ਬਰਤਨ ਅਤੇ ਹੋਰ ਬਸਤ੍ਰ ਸ਼ਸਤ੍ਰ ਜ਼ੇਵਰ, ਪਲੰਘ ਦੀ ਤਜਾਰੀ ਆਦਿਕ ਬੇਗਣਤ ਸਾਮਾਨ ਲੈ ਗਿਆ। ਜਿਸ ਵਿਚੋਂ ਇਕ ਛਟੀ ਦੀ ਕੀਮਤ ਜਵਾਹਰੀਆਂ ਨੇ ਪਝੱਤਰ ਹਜ਼ਾਰ ਪਾਈ ਤੇ ਇਕ ਹੁਕਾ ਇਕ ਲੱਖ ਚਾਲੀ ਹਜ਼ਾਰ ਦਾ ਹੋਯਾ। ਏਹੋ ਜੇਹਾ ਸਾਮਾਨ ਤੇ ਬਾਈ ਹਜ਼ਾਰ ਆਦਮੀ ਤੀਵੀਂ ਟਹਿਲੂਏ, ਟਹਿਲਣਾ, ਬਣਾਉਣ ਵਾਸਤੇ ਹਿੰਦ ਵਿਚੋਂ ਲੈ ਗਿਆ॥

ਮੁਸਲਮਾਨ ਤਵਾਰੀਖਾਂ ਵਾਲੇ ਏਤਨੀ ਮਾਯਾ ਦੱਸ ਕਰ ਭੀ ਆਖਦੇ ਹਨ ਕਿ ਏਸ ਸਮੇਂ ਅਹਿਮਦ ਸ਼ਾਹ ਨੇ ਸਿਵਾਇ ਛਤੇ ਜੰਗਾਦੇ ਹੋਰ ਕੋਈ ਫਾਯਦਾ ਨਹੀਂ ਚੁੱਕਯਾ। ਮੈਂ ਪਾਠਕੋ! ਐਤਨਾ ਧਨ ਲੈਕੇ ਭੀ ਜੇ ਅਹਿਮਦ ਸ਼ਾਹ ਖਾਲੀ ਗਿਆ ਤਾਂ ਹੋਰ ਸਰਹੰਦ ਦੇ ਖੋਲੇ ਲੈਜਾਣੇ ਬਾਕੀ ਰਹ ਗਏ ਸਨ?

ਸੂਬੇ ਦੁਰਾਨੀ ਦੇ ਜੰਗ ਵਿਚ ਰੁੱਝਨ ਕਰਕੇ ਸਿੰਘਾਂ ਨੇ ਲਾਹੌਰ ਆਦਿਕ ਸੋਧਨਾ

ਪਾਣੀ ਪਤਿ ਦੇ ਜੰਗ ਵਿਚ ਕਰਮਦਾਦ ਖਾਂ ਸੂਬੇ ਦਾਰ ਲਾਹੌਰੀ ਆਦਿਕ ਸਭ ਹਾਕਮ ਅਹਿਮਦ ਸ਼ਾਹ ਦੇ ਪਾਸ ਸੇ। ਓਥੋਂ ਬਾਦਸ਼ਾਹ ਨੇ ਸਰਬਲੰਦ ਖਾਂ ਹਾਕਮ ਨੂੰ ਲਾਹੌਰ ਭੇਜਨਾ, ਪਰ ਓਹ ਗੁਰਬਤ ਸਿੰਘ ਨੂੰ ਸਪੁਰਦ ਕਰਕੇ ਜੰਗ ਨਾਲ ਚਲ ਗਿਆ। ਸੁਰਤ ਸਿੰਘ ਨੇ ਜੋ ਥੁੜ ਹਵਾਲ ਥੱਲੇ ਸੀ, ਸਿੰਘਾਂ ਦਾ ਜ਼ਿਆਦਾ ਜ਼ੋਰ ਦੇਖਕੇ ਸੂਬੇ ਦਾਰੀ ਛੱਡ ਦਿਤੀ। ਬਾਦਸ਼ਾਹ ਨੇ ਮੀਰ ਮੁਹੱਮਦ ਖਾਂ ਨੂੰ ਪੰਜ ਸੌ ਅਸਵਾਰ ਦੇਕੇ ਲਾਹੌਰ ਭੇਜ ਦਿਤਾ; ਏਸ ਨੇ ਜਾਂਦੇ ਹੀ ਆਪਣਾ ਦਬਦਬਾ

Sri Satguru Jagjit Singh Ji eLibrary NamdhariElibrary@gmail.com

ਬੈਠਾਉਣ ਲਈ ਪਿੰਡਾਂ ਵਿਚੋਂ ਪੰਦ੍ਰਾਂ ਵੀਹ ਸਿੰਘ ਬੇਰੁਜ਼ਗਾਰ ਫੜਕੇ ਕਤਲ ਕਰਾ ਸਿੱਟੇ।

ਏਸ ਗੱਲੋਂ ਸਿੰਘਾਂ ਨੂੰ ਐਸੀ ਚਿਪ ਚੜ੍ਹੀ ਕਿ ਲਾਹੌਰ ਉੱਪਰ ਹੱਲਾ ਕਰ ਦਿੱਤਾ। ਏਦ ਤੋਂ ਬਾਹਰ ਵੀਆਂ ਬਸਤੀਆਂ ਨੂੰ ਮਾਰੋ ਮਾਰ ਕਰਕੇ ਸੈਂਕੜੇ ਮੁਸਲਮਾਨ ਕਤਲ ਕਰ ਵੱਢੇ।

ਮੀਰ ਮਹੰਮਦ ਖਾਂ ਨੇ ਸ਼ਹਰ ਦੇ ਦਰਵਾਜ਼ੇ ਬੰਦ ਕਰਾਕੇ ਕੋਟ ਉੱਤੇ ਤੋਪਾਂ ਚੜ੍ਹਾ ਰਖੀਆਂ, ਸਿੰਘਾਂ ਨੇ ਬਾਹਰ ਮਾਰੋਮਾਰ ਮਚਾਰੱਖੀ,ਅੰਦਰ ਸ਼ਹਿਰ ਦੇ ਵਾਈ ਚੀਜ਼ ਨਾ ਜਾਣ ਦੇਣ, ਸ਼ਹਰੀ ਲੋਗਤੜਫ ਉੱਠੇ, ਮੀਰਮੁਹੰਮਦ ਨੇ ਸ਼ਹਿਰ ਦੇ ਚੌਧਰੀਆਂ ਦੀ ਮਾਰਫਤ ਸਿੰਘਾਂ ਨੂੰ ਪੰਜ ਹਜਾਰ ਰੁਪਯਾ ਮਿਠੇ ਸੁਖੇ ਵਾਸਤੇ ਨਜ਼ਰ ਦੇਕਰ ਆਪਣੇ ਬੁਹੇ ਅੱਗੋਂ ਤੋਰਿਆ ੨ ਕਰਕੇ ਉਠਾਯਾ।

ਸਿੰਘਾਂ ਨੇ ਬੰਦੀ ਛੁਡਾਏ

ਜਦ ਅਹਿਮਦ ਸ਼ਾਹ ਦੁਰਾਨੀ ਮਥੱਟਜਾਂ ਉੱਤੇ ਕਤੇ ਪਾਕੇ ਮੁੜ ਲਾਹੌਰ ਆਯਾ ਤਾਂ ਓਸਨੇ ਸਿੰਘਾਂ ਨੂੰ ਰੁਪਯਾ ਦੇਣ ਦੇ ਕਸੂਰ ਵਿੱਚ ਮੀਰ ਮਹੰਮਦ ਖਾਂ ਨੂੰ ਕੈਦ ਕਰ ਦਿੱਤਾ, ਪਰ ਸ਼ਹਿਰ ਦੇ ਚੌਧਰੀਆਂ ਨੇ ਸਾਰਾ ਹਾਲ ਸੁਣਾ ਕੇ ਓਸਨੂੰ ਤਾਂ ਛੁਡਾ ਲੀਤਾ, ਪਰ ਉਨ੍ਹਾਂ ਵਿਚੋਂ ਕੁਝ ਸਿੰਘਾਂ ਦੀ ਬਾਦਸ਼ਾਹ ਨੇ ਕੋਈਨਾਸੁਣੀ।ਜਿਸਸੇਂ ਵੀਹ ਬਾਈ ਹਜ਼ਾਰ ਹਿੰਦੂ ਔਰਤ ਮਰਦ ਛਿਆਣੇ ਸਿਆਣੇ ਕੁੜੀਆਂ ਮੁੰਡੇ ਰੋਂਦੇ ਕੁਰਲਾਂਦੇ ਫੜੇ ਹੋਏ ਗੱਡੀਆਂ ਵਿੱਚ ਪਾਏ ਹੋਏ ਦੁਰਾਨੀ ਦੇਨੂੰ ਲਈ ਜਾਂਦੇ ਸਨ। ਜਦ ਬਾਦਸ਼ਾਹ ਲਾਹੌਰ ਪਹੁੰਚ ਗਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਸਭ ਸਿੱਖਾਂ ਸਰਦਾਰਾਂ ਨੂੰ ਨਾਲ

Sri Satguru Jagjit Singh Ji eLibrary NamdhariElibrary@gmail.com

ਲੈਕੇ ਗੋਇੰਦਵਾਲ ਬਜਾਸਾ ਟੱਪਦੇ ਹੋਏ ਅੱਬਾਚੇਤ ਦੁਰਾਨੀ ਜਾ ਦਬਾਏ। ਓਨਾਂ ਨੂੰ ਹੋਸ਼ ਨਾ ਲੈਣ ਦਿੱਤੀ, ਕੈਦੀਆਂ ਦੇ ਬੰਧਨ ਕੱਟਕੇ ਘਰੋ ਘਰ ਭੇਜ ਦਿੱਤਾ। ਏਹ ਅਤੀ ਪਰੋਪਕਾਰੀ ਨੇਕ ਨਾਮੀ ਸਰਦਾਰ ਜੱਸਾ ਸਿੰਘ ਨੂੰ ਆਈ।

ਬਾਦਸ਼ਾਹ ਖ਼ਾਨੇ ਹਮੀਦ ਨੂੰ ਲਾਹੌਰ, ਤੇ ਜੈਨ ਖਾਂ ਨੂੰ ਸਰਹੰਦ, ਸਰਬੁਲੰਦ ਖਾਂ ਨੂੰ ਮੁਲਤਾਨ ਦਾ ਸੂਬੇਦਾਰ ਬਣਾਕੇ ਆਪ ਕਾਬਲ ਵਿੱਚ ਜਾ ਵੜਿਆ॥

ਛਾਵੇਂ ਸਿੰਘਾਂ ਨੇ ਜੋਹਲਮ ਤੱਕ ਬਾਦਸ਼ਾਹ ਦੇ ਲਸ਼ਕਰ ਉੱਤੇ ਛੀ ਵੇਲੇ ਛੁਵੇਲੇ ਛਾਪੇ ਮਾਰ ੨ ਬਹੁਤ ਨੁਕਸਾਨ ਕੀਤਾ, ਪਰ ਬਾਦਸ਼ਾਹ ਕੰਨ ਲਪੇਟ ਕੇ ਚਲਾ ਹੀ ਗਿਆ, ਕਿਉਂਕਿ ਇਕ ਤਾਂ ਦੁਖਾਰੇ ਦੇ ਬਾਦਸ਼ਾਹ ਨੇ ਬਲਖ ਆ ਮਾਰਜਾ ਸੀ, ਦੂਜੇ ਉਸਦੀ ਫੌਜ ਜਖਮੀ ਤੇ ਬੀਮਾਰ ਸੀ, ਏਸ ਕਰਕੇ ਲਹੂ ਦਾ ਘੁਟ ਭਰਦਾ ਚਲਾ ਗਿਆ ਏਸਨੇ ਗੱਲ ਕਾਬਲ ਜਾਕੇ ਏਸ ਤਰਾਂ ਕੱਢਣਾ ਕਿ ਨੂਰਦੀਨ ਤੇ ਜ਼ਾਲਮ ਖਾਂ ਦੋ ਸਰਦਾਰਾਂ ਨੂੰ ਸੱਤ ਹਜ਼ਾਰ ਅਸਵਾਰ ਦੇਕੇ ਪੰਜਾਬ ਨੂੰ ਭੇਜ ਕਰ ਖਾਨੇ ਹਮੀਦ ਜਾਲਮ ਨੂੰ ਲਿਖ ਭੇਜਣਾ ਕਿ ਸਿੰਘਾਂ ਦਾ ਨਾਮ ਨਿਸ਼ਾਨ ਮੇਟ ਦਿਓ॥

ਜੱਸਾ ਗੁਜਰਾਤ ਤੇ ਸਿਆਲਕੋਟ ਤੇ ਨੂਰਦੀਨ ਦੀ ਹਾਰ

ਜਦ ਬਾਦਸ਼ਾਹ ਦੇ ਹੁਕਮ ਦੀ ਖਬਰ ਖਾਲਸੇ ਨੂੰ ਪਹੁੰਚੀ ਤਾਂ ਗੁਰਮਤਾ ਕਰਕੇ ਸਭ ਸਰਦਾਰ ਵੱਖੋ ਵੱਖ ਆਪਣੇ ੨ ਜੱਥੇ ਲੈਕੇ ਗੁਜਰਾਤ ਕੱਠੇ ਹੋਣ ਦਾ ਟੀਚਾ ਬੰਨ੍ਹ ਤੁਰੇ, ਪਰ ਏਸ ਵੇਲੇ ਵਿੱਚ ਸਭਨਾਂ ਦਾ ਮੁਖੀਆ ਸਰਦਾਰ ਜੱਸਾ ਸਿੰਘ ਹੋਯਾ। ਭੰਗੀ

Sri Satguru Jagjit Singh Ji eLibrary NamdhariElibrary@gmail.com

ਤੇ ਘਨੱਈਏ ਸਰਦਾਰਾਂ ਨੇ ਵਟਾਲੇ ਵੱਲੋਂ ਜਾਕੇ ਕਲਾ ਨੌਰਦੇ ਹਾਕਮ ਸੱਯਦ ਹਸਨ ਅਲੀ ਖਾਂ ਨੂੰ(ਜਿਸਨੇ ਬਹੁਤ ਸਾਰੇ ਹਿੰਦੂ, ਮੁਸਲਮਾਨ ਕਰ ਘੱਤੇ ਸੇ ਤੇ ਨਿੱਤ ਸਿੰਘਾਂ ਨਾਲ ਝਗੜਾ ਕੱਢਦਾ ਸੀ) ਤਲਵਾਰ ਦੀ ਧਾਰ ਥਾਨੀ ਸੰਸਾਰ ਥੀਂ ਪਾਰ ਉਤਾਰ ਕੇ ਸੱਯਦਾਣੀਆਂ ਨਾਲ ਮਜ਼ਬੀ ਸਿੰਘਾਂ ਦੇ ਅਨੰਦ ਪੜ੍ਹਾ ਦਿਤੇ, ਤੇ ਇਕ ਇਸਤ੍ਰੀ ਨੂੰ ਹਕੀਕਤ ਸਿੰਘ ਦੇ ਚਚੇਰੇ ਭਾਈ ਦਲ ਸਿੰਘ ਨੇ ਖਾਲਸੇ ਦੀ ਆਗਯਾ ਨਾਲ ਅੰਮ੍ਰਿਤ ਛਕਾਕੇ ਸਿੰਘਣੀ ਸਜਾ ਲਿਆ। ਕਲਾ ਨੌਰ ਵਿੱਚ ਹਕੀਕਤ ਸਿੰਘ ਦਾ ਠਾਣਾ ਬੈਠਾ ਕੇ ਸਜਾਲਕੋਟ ਦੇ ਹਾਕਮ ਨੂੰ ਪੱਕਾ ਲਾਲ ਟਕਾ ਦਿੰਦੇ ਹੋਏ ਗੁਜਰਾਤ ਦੇ ਨੇੜੇ ਜਾ ਡਿਤੇ। ਓਧਰੋਂ ਸਰਦਾਰ ਚੜਤ ਸਿੰਘ ਭੀ ਮਜ਼ਬ ਦੇ ਵੈਰੀਆਂ ਨੂੰ ਦਾਖੜਾਣੇ ਦਿੰਦਾ ਹੋਯਾ ਨੇੜੇ ਢੁਕ ਪਿਆ। ਜਦ ਦੁਰਾਨੀਆਂ ਦੀ ਸੈਨਾ ਚਨਾਬ ਉਤਰੀ ਤਾਂ ਸਿੰਘਾਂ ਨੇ ਫਤੇ ਜਾ ਗਜਾਈ, ਜੱਦਪਿ ਖ਼ਾਜੇ ਹਮੀਦ ਨੇ ਨੂਰਦੀਨ ਨੂੰ ਸਿੰਘਾਂ ਦੀ ਵੁਰਤੀ ਦਾ ਸਨੇਹਾ ਭੇਜਯਾ ਸੀ, ਪਰ ਓਸਨੇ ਆਪਣੀ ਫੌਜ ਦੇ ਘਮੰਡ ਵਿਚ ਸਿੰਘਾਂ ਨੂੰ ਕੁਛ ਨ ਚਵਿਆ, ਅੱਖਾਂ ਮੀਟੀ ਚਲਾ ਆਯਾ। ਜਿਉ ਸੱਟ ਪਈ ਤਾਂ ਅਖਾਂ ਖੁਲ੍ਹੀਆਂ। ਗੁਜਰਾਤ ਪਾਸੇਂ ਜਜੇਂ ਲੜਾਈ ਹੋਣ ਲਗੀ, ਕਈ ਜਗਾ ਚੀਲ੍ਹਾਂ, ਕਾਗਾਂ, ਗਿਦੜਾਂ ਤੇ ਕੁਤਜਾਂ ਨੂੰ ਅਤੁਟ ਭੋਜਨ ਮਿਲਿਆ। ਏਸ ਜੰਗ ਵਿਚ ਜ਼ਾਲਮਖਾਂ ਜੈਸੇ ਹਾਈਕੁ ਸਰਦਾਰ ਤਾਂ ਜਮਲੋਕ ਜਾ ਪੁਜੇ, ਬਾਕੀ ਟੁਟ ਦੀਨ ਸਜਾਲਕੋਟ ਦੇ ਕਿਲੇ ਵਿਚ ਜਾ ਘੁਸਿਆ, ਓਥੇ ਭੀ ਖਾਲਸੇ ਨੇ ਚੰਗਾ ਕੰਮ ਕੀਤਾ, ਦੋਵੀ ਦਿਨ ਘੇਰੀ ਰੱਖਯਾ, ਛੇਵੜ ਖਾਣੇ ਵਾਲੇ ਤੋਂ ਤੰਗ ਹੋਕੇ ਹਾਰ ਨੂੰ ਦੇਂਦੇ ਸੰਮੂਹਾਲੇ ਜਾ ਰਲਯਾ ਰਣਜੀਤ ਦੇਓ ਦੀ ਸ਼ਰਣਿ ਜਾ ਪਿਆ। ਜੱਦਪਿ ਏਸ ਜੰਗ ਵਿਚ ਬਹੁਤ ਸਿਖ

Sri Satguru Jagjit Singh Ji eLibrary NamdhariElibrary@gmail.com

ਸਰਦਾਰ ਸੀ, ਪਰ ਏਹ ਛਤੇ ਸਰਦਾਰ ਚੜਤ ਸਿੰਘ ਦੇ ਨਾਮ ਪੁਰ ਹੀ ਹੋਈ ਸੀ॥

ਖ਼ਃ ਚੜਤ ਸਿੰਘ ਨੇ ਗੁਜਰਾਂਵਾਲੇ ਵਿਚ ਇਕ ਲੱਚਾ ਜਿਲਾ ਅਰਿਛ ਲੱਖਜਾ ਸੀ, ਖਾਲਸੇ ਨੇ ਏਸੇ ਖੁਸ਼ੀ ਵਿਚ ਸੰਃ ੧੮੧੭ ਬਿਃ ਨੂੰ ਆਪ ਬੜੇ ਪ੍ਰੇਮ ਨਾਲ ਸੇਵਾ ਕਰਕੇ ਤਜਾਰ ਕਰ ਦਿਤਾ।

ਖ਼ਾਨੇ ਹਮੀਦਖਾਂ ਲਾਹੌਰ ਦੇ ਸੂਬੇ ਨੇ ਜਦ ਨੂਰ ਦੀਨ ਦੀ ਹਾਰ ਤੇ ਸਰਦਾਰ ਚੜਤ ਸਿੰਘ ਦੀ ਜਿਤ ਸੁਣੀ ਤਾਂ ਫੌਜ ਲੈਕੇ ਗੁਜਰਾਂਵਾਲੇ ਉੱਤੇ ਚੜ੍ਹ ਆਯਾ। ਤੇਰਾਂ ਦਿਨ ਸਰਦਾਰ ਅੰਦਰੋਂ ਲੜਦਾ ਰਿਹਾ, ਏਤਨੇ ਨੂੰ ਸਭ ਮਿਸਲਾਂ ਵਾਲੇ ਸਰਦਾਰ ਜਾ ਪਹੁੰਚੇ। ਫੇਰ ਤਾਂ ਹਮੀਦਖਾਂ ਛੜੀ ਜਾਨ ਲੈਕੇ ਮਸਾਂ ੨ ਲਾਹੌਰ ਪਹੁੰਚਾ, ਬਾਕੀ ਚਾਰ ਤੋਪਾਂ, ਅਣੇਕ ਘੋੜੇ, ਊਠ, ਤੰਬੂ ਆਦਿਕ ਅਸਬਾਬ ਚੜ੍ਹਤ ਸਿੰਘ ਨੂੰ ਹੀ ਦੇ ਆਯਾ।

ਅੰਮ੍ਰਿਤਸਰ ਦੀ ਬਿਅਦਬੀ

ਜਦ ਅਹਿਮਦ ਸ਼ਾਹ ਨੇ ਨੂਰਦੀਨ ਤੇ ਖ਼ਾਨੇ ਹਮੀਦ ਦੀ ਦੁਰਦਸ਼ਾ ਹੋਣ ਦਾ ਹਾਲ ਸੁਣਿਆਂ ਤਾਂ ਇਕ ਦਸਤਾ ਫੌਜ ਦੇਕੇ, ਬਖਸ਼ੀ ਜਹਾਨਖਾਂ ਨੂੰ (ਜੋ ਸਾਰੀ ਬਾਦਸ਼ਾਹੀ ਵਿਚ ਸੂਰਬੀਰ ਤੇ ਜ਼ਾਲਮ ਸੀ) ਸਿੰਘਾਂ ਉੱਤੇ ਚੜ੍ਹਾ ਭੇਜਯਾ॥

ਤਦੋਂ ਨੂਰ ਦੀਨ ਬੀ ਜੰਮੂ ਦੇ ਪਹਾੜਾਂ ਵਿਚੋਂ ਮਿਰ ਕੱਛ ਆਯਾ ਤੇ ਹੋਰ ਦੁਰਾਨੀ ਹਾਕਮ ਬੀ ਜੋ ਅਧਮਰੇ ਜੇਹੇ ਸੇ, ਸਭ ਟਹਿਕ ਪਏ॥

ਦੁਰਾਨੀਆਂ ਦਾ ਬਹੁਤ ਜ਼ੋਰ ਸ਼ਰਾਬਾ ਦੇਖਕੇ ਸਿੰਘ ਕੁਛ

Sri Satguru Jagjit Singh Ji eLibrary NamdhariElibrary@gmail.com

ਤਾਂ ਆਲਦੇ ਵੱਲ ਚਲੇਗਏ ਬਾਕੀ *ਸਾਂਦਲ ਬਾਰ ਦੇ ਜੰਗਲਾਂ ਵਿੱਚ ਜਾ ਵੜੇ। ਏਧਰ ਜਹਾਨਖਾਂ ਪੰਜਾਬੀ ਫ਼ਾਜ਼ੀ ਅੰਮ੍ਰਿਤਸਰ ਛੇੜਾ ਲਾਕਰ ਹਰਿਮੰਦਰ ਦੀ ਬੇਅਦਬੀ ਕਰਨ ਤੇ ਤਾਲਾਬ ਅੰਮ੍ਰਿਤਸਰ ਵਿੱਚ ਮਿੱਟੀ ਗੰਦਗ ਲਗਾ ਪਿਆ। ਏਹ ਹਾਲ ਸੁਣ ਆਲਦੇ ਦੇਸ ਖਾਲਸੇਨੇਸੁਣਿਆਂ ਤਾਂ ਬਾਬਾ ਦੀਪਸਿੰਘ ਜੀਸ਼ਹੀਦ ਦਮਦਮੇ ਸਾਹਿਬ ਤੋਂ ਪੰਜ ਸੌ ਅਸਵਾਰ ਸਮੇਤ ਸੁਰਤ ਅੰਮ੍ਰਿਤਸਰ ਵਲ ਚਲ ਪਏ ਹੋਰ ਸ਼ਹੀਦ ਨਥਾ ਸਿੰਘ, ਹੀਰਾਸਿੰਘ, ਪ੍ਰੇਮਸਿੰਘ ਸੁਧਾ ਸਿੰਘ, ਬਸੰਤਸਿੰਘ ਆਦਿਕ ਭੀ ਉਨਾਂ ਦੇ ਨਾਲ ਹੋ ਗਏ। ਨੇਹੀਆਂਵਾਲੇਪਿੰਡ,ਰਾਮਰੌਤਰੇ,ਗੁਰਚੌਤਰੇ ਲੱਖੀ ਜੰਗਲ,ਬਿਝੂਕੇ ਫੇਰਾੜਾਂ ਦੇ ਪਿੰਡਾਂ ਵਿੱਚ ਜਿੱਥੇ ੨ ਸਿੰਘ ਉਤਰੇ ਹੋਏ ਸਨ, ਸਭ ਬਾਬਾ ਦੀਪ ਸਿੰਘ ਜੀ ਦੇ ਨਾਲ ਹੁੰਦੇ ਗਏ ॥

ਧਰਮ ਜੁੱਧ

ਮਾਘ ਸੰਃ੧੮੧੭ ਵਿਃ ਨੂੰ ਬਾਬਾ ਦੀਪਸਿੰਘ ਜੀ ਸ਼ਹੀਦ ਨੇ ਸਭ ਨੂੰ ਏਹ ਸੁਣਾ ਦਿੱਤਾ ਕਿ ਜਿਸਨੇ ਗੁਰੂ ਜੀ ਦੇ ਨਮਿਤ ਸਿਰ ਦੇਣਾ ਹੋਵੇ ਸੋ ਸਾਡੇ ਨਾਲ ਚਲੇ, ਤਾਂ ਪੰਜ ਹਜ਼ਾਰ ਸਿੰਘ ਉਨ੍ਹਾਂਦਾ ਸਾਥੀ ਹੋਗਇਆ ਖਬਰ ਸੁਣਦੇ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਪੰਜ ਸੌ ਅਸਵਾਰ ਲੈਕੇ ਆਨੰਦ ਪੁਰੋਂ ਆ ਪਹੁੰਚੇ।

ਜਹਾਨ ਖਾਂ ਅਠਤੁ ਹਜ਼ਾਰ ਦੁਰਾਨੀ ਨੂੰ ਨਾਲ ਲੈਕੇ ਗੋਹਲਵਾੜ ਪਿੰਡ ਪਾਸ ਪੰਜ ਕੋਹ ਅੱਗੇ ਆ ਲਸ਼ਕਰ। ਜੱਦਪਿ ਦੀਨ ਮਜ਼ਬ ਦੀ ਲੜਾਈ ਦੇ ਕਾਰਣ ਦੋਹਾਂ ਤਰਫਾਂ ਦੇ

---

*ਸਾਂਦਲਬਾਰ ਇਕ ਵੱਡਾ ਚੌੜਾ ਜੰਗਲ ਬਾਰੀ ਤੇ ਚਨਾਬ ਦੇ ਵਿਚਕਾਰ ਹੈ, ਬੇਅੰਤ ਸ਼ੇਰ ਬਘਿਆੜ ਆਦਿਕ ਜਾਨਵਰ ਏਸ ਵਿਚ ਰਹਿੰਦੇ ਸੇ। ਦੁਲਾ ਭੱਟੀ ਰਾਜਪੂਤ ਬੜਾ ਮਸ਼ਹੂਰ ਧਾੜਵੀ ਏਸੇ ਥਾਂ ਅਕਬਰਸ਼ਾਹ ਦੇ ਵਕਤ ਹੋਯਾ ਹੈ ਜਿਸਦੇ ਗੀਤ ਗਾਂਦੀਦੇ ਹਨ। ਬਾਰ ਜੰਗਲ ਦਾ ਨਾਮ ਹੈ। ਪਾਂਡਵਾਂ ਦੇ ਸਮੇਂ ਏਥੇ ਸਾਂਗਲ ਰਿਖੀ ਰਹਿਆ ਕਰਦਾ ਸੀ, ਜਿਸਦੇ ਨਾਮ ਪਰ ਇਸਦਾ ਨਾਮ ਸਾਂਗਲ ਤੋਂ ਸਾਂਦਲ ਪੈ ਗਿਆ।

Sri Satguru Jagjit Singh Ji eLibrary NamdhariElibrary@gmail.com

ਪੂਰ ਬੀਰ ਵਧ ੨ ਕੇ ਲੜੇ, ਪਰ ਸਿੰਘਾਂ ਨੇ ਤਾਂ ਪਿੱਛੇ ਮੁੜਨ ਦੀ ਸੌਂਹ ਖਾ ਰਖੀ ਸੀ, ਤਾਂਹੀ ਦੁਰਾਨੀਆਂ ਨੂੰ ਦਬਾਉਂਦੇ ਰਲੇ ਆਏ, ਪੈਰਾਂ ਕੋਹਾਂ ਵਿੱਚ ਲੋਥੂ ਦਾ ਛਿੜਕਾਉ ਤੇ ਲੋਥਾਂ ਦੇ ਕੁੰਦੜੇ ਲਾ ਦਿੱਤੇ। ਲਿਖਿਆ ਹੈ ਦੀਪ ਸਿੰਘ ਦਾ ਸੀਸ ਵੱਥੇ ਪਿੰਡ ਪਾਸ ਜਦ ਕਟ ਗਿਆ ਤਾਂ ਇਕ ਸਿੰਘ ਬੋਲਿਆ, ਵਾਹ ਸਿੰਘ ਜੀ ! ਤੁਸੀਂ ਤਾਂ ਆਖਦੇ ਸੇ ਅੰਮ੍ਰਿਤਸਰ ਜਾਕੇ ਸ਼ਹੀਦ ਹੋਵਾਂਗੇ, ਹੁਣ ਏਥੇ ਹੀ ਡੇਰਾ ਲਾ ਦਿੱਤਾ ? ਏਹ ਬਾਤ ਸੁਣਕੇ ਸੀਸ ਚੁਕਲਿਆ। ਧੜ ਲੜਦਾ ਹੋਯਾ ਰਾਮਸਰ ਪਾਸ ਆਯਾ ਤਾਂ ਏਥੇ ਬੈਠ ਗਏ, ਜਿੱਥੇ ਹੁਣ ਉਨਾਂ ਦਾ ਸ਼ਹੀਦ ਗੰਜ ਹੈ। ਗੁਲਾਮ ਸਰਵਰ ਨੇ ਤੇ ਘੱਨਯਾ ਲਾਲ ਨੇ ਐਉਂ ਲਿਖਿਆ ਹੈ ਕਿ ਤਾਲਾਬ ਰਾਮਸਰ ਵੇ ਪਾਸ ਆਕੇ ਸਰਦਾਰ ਦੀਪਸਿੰਘ ਜੀ ਤਾਂ ਸੱਚ ਮੁਚ ਸ਼ਹੀਦ ਹੋ ਗਏ, ਤੇ ਹੀਰਾ ਸਿੰਘ ਨਾਹਰ ਸਿੰਘ, ਸੰਤ ਸਿੰਘ ਨਿਹਾਲ ਸਿੰਘ ਏਹ ਗੁਰੂ ਕੇ ਬਾਗ ਵਿੱਚ ਪਹੁੰਚ ਕੇ ਜੂਝ ਪਏ ॥

ਗੁਰਬਖਸ਼ ਸਿੰਘ, ਬਸੰਤ ਸਿੰਘ ਆਦਿਕਾਂ ਨੇ ਅਕਾਲ ਬੁੰਗੇ ਦੇ ਪਾਸ ਸ਼ਹੀਦੀ ਪਾਈ। ਜਿੱਥੇ ੨ ਏਹ ਸ਼ਹੀਦ ਹੋਏ ਹਨ, ਓਥੇ ਓਥੇ ਓਨਾਂ ਦੀ ਯਾਦਗਾਰ ਵਿੱਚ ਪੂਜਨੀਕ ਮਕਾਨ ਬਣੇ ਹੋਏ ਹਨ ॥

ਜੱਦਪਿ ਏਹ ਬੜੇ ਬੜੇ ਨਾਮੀ ਸਰਦਾਰ ਸ਼ਹੀਦ ਹੋ ਗਏ ਸੇ, ਪਰ ਸਿੰਘਾਂ ਦੇ ਹੌਸਲੇ ਛੇ ਮਿਦਕ ਨੇ ਦੁਰਾਨੀਆਂ ਨੂੰ ਅੰਮ੍ਰਿਤਸਰੋਂ ਕੱਢ ਛੱਡਿਆ, ਸਿੰਘਾਂ ਨੇ ਦੁਰਾਨੀਆਂ ਨੂੰ ਕੱਢਕੇ ਜੰਗ ਵਿੱਚ ਜੂਝੇ ਹੋਏ ਸਿੰਘਾਂ ਦਾ ਦਾਹ ਕੀਤਾ ॥

ਅੰਮ੍ਰਿਤਸਰ ਜੀ ਦਾ ਤਾਲਾਬ ਬਨਾਣਾ

ਪੰਦ੍ਰਾਂਹ ਦਿਨਾਂ ਪਿੱਛੋਂ ਲਾਹੌਰੀ ਸੂਬੇ ਦੀ ਸਹਾਇਤਾ

Sri Satguru Jagjit Singh Ji eLibrary NamdhariElibrary@gmail.com

ਨਾਲ ਜਹਾਨਖਾਂ ਦੁਰਾਨੀ ਨੇ ਫੇਰ ਅੰਮ੍ਰਿਤਸਰ ਉਤੇ ਹਮਲਾ ਕੀਤਾ, ਪਰ ਉਸ ਸਮੇਂ ਸਿੰਘ ਬਹੁਤ ਸਨ, ਏਸ ਕਰਕੇ ਦੁਰਾਨੀਆਂ ਦੀ ਐਸੀ ਪਿੱਠ ਲੱਗੀ ਜੋ ਲਾਹੌਰ ਤਾਈਂ ਸਿੰਘਾਂ ਦੇ ਅੱਗੇ ਨੱਠ ਗਏ, ਏਨਾਂ ਦੋਹਾਂ ਲੜਾਈਆਂ ਨੇ ਦੁਰਾਨੀਆਂ ਦੇ ਛਕੇ ਛੁੜਾ ਦਿੱਤੇ ॥

ਸਿੰਘਾਂ ਨੇ ਅੰਮ੍ਰਿਤਸਰ ਡੇਰਾ ਰੱਖਕੇ ਇਕ ਤਾਂ ਤਾਲਾਬ ਅੰਮ੍ਰਿਤਸਰ ਵਿੱਚੋਂ ਦੀ ਮਿਟੀ ਕੱਢੀ ਜੋ ਮੁਸਲਮਾਨਾਂ ਨੇ ਭਰਾ ਦਿੱਤਾ ਤੇ ਦੂਸਰਾ ਕਿਲੇ ਰਾਮਗੜ੍ਹ ਨੂੰ ਮੁਰੰਮਤ ਕੀਤਾ, ਤੀਜੇ ਹਰਿ ਮੰਦਰ ਸਾਹਿਬ ਤੇ ਅਕਾਲ ਤਖਤ ਹਮੇਸ਼ ਦੀਵਾਨ ਲਗਾ ਕਰ ਗੁਰਦੁਆਰੇ ਦੀ ਰੌਣਕ ਵਧਾਈ, ਸਿਖੀ ਧਰਮ ਨੂੰ ਦ੍ਰਿੜ ਕੀਤਾ, ਤੇ ਹਿੰਦਵਾਣਿ ਰੱਖ ਦਿਖਾਈ ।

ਏਥੇ ਏਹ ਗਲ ਵੀ ਜ਼ਰੂਰ ਸਮਝਣੋ ਯੋਗ ਹੈ ਕਿ ਸਿੰਘਾਂ ਦਾ ਮੁਸਲਮਾਨਾਂ ਨਾਲ ਲੜਨਾ ਭਿੜਨਾ ਕਿਸੇ ਜ਼ਰ, ਜ਼ੋਰੂ ਜ਼ਮੀਨ ਬਦਲੇ ਨਹੀਂ ਹੋਯਾ, ਕੇਵਲ ਧਰਮ ਰੱਖਣਾ ਵਾਸਤੇ ਪਹਾੜੇ ਪੈਂਦੇ ਰਹੇ। ਪੰਥ ਪਰਕਾਸ਼ ਪੋਥੀ ਵਿੱਚੋਂ ਐਨ ਸਹੀ ਹੁੰਦਾ ਹੈ ਕਿ ਸਿੰਘ ਫੈਦਰ ਧਰਮ ਦੇ ਸੱਚੇ ਰਖਵਾਲੇ ਹੋਏ ਹਨ। ਵੀਨ ਮਜ਼ਹਬ ਦੇ ਜੁੱਧ ਵਿੱਚ ਭਵੱਖੜਾਂ ਵਾਂਗੂੰ ਸੋ ਸੋ ਕੋਹ ਤੋਂ ਉਡਕੇ ਆਂਵਦੇ ਤੇ ਖੁਸ਼ ਹੋਕੇ ਕੁਰਬਾਨ ਹੁੰਦੇ। ਇਹ ਗੱਲ ਯਥਾਰਥ ਹੈ, ਜੇਕਰ ਸਿੰਘ ਏਤਨੇ ਕੁਰਬਾਨੀ ਦੇ ਪੁੰਜ ਨਾ ਹੁੰਦੇ ਤਾਂ ਪੱਕ ਜਾਣੋ ਐਸੇ ਪਾਰਸ ਵਿਚ ਕੋਈ ਪਾਰਸੀ, ਅਫਗਾਨਿਸਤਾਨ ਵਿਚ ਕੋਈ ਆਰਯ, ਚੀਨ ਵਿਚ ਕੋਈ ਬਰਟਾਸ਼ਰਮ ਨਹੀਂ ਰਿਹਾ ਤੈਸੇ ਭਾਰਤ ਵਰਸ਼ ਵਿਚ ਹਿੰਦੂਵਾਯਣ ਭੀ ਨਾ ਰਹਿੰਦੀ ॥

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਦੇ ਹਿੰਦੂਆਂ ਪਰ ਉਪਕਾਰ

ਅੱਜ ਕੱਲ ਆਰਯਸਮਾਜ, ਧਰਮ ਸਮਾਜ, ਬ੍ਰਹਮਸਮਾਜ, ਅਰੋੜਸਭਾ, ਸ਼ਰੀਣ ਸਭਾ ਆਦਿਕ ਨਾਮ ਧਰ ਕਰ ਧਰਮ ਰੱਖਯਾ ਦਾ ਨਾਉਂ ਲੈਲੈ ਭਾਵੇਂ ਲੋਕ ਪਏ ਉਪਦੇਸ਼ ਕਰਦੇ ਹਨ, ਪਰ ਏਹ ਤਾਂ ਠੰਢੇ ਦੁੱਧ ਨੂੰ ਫੂਕਾਂ ਮਾਰਨੀਆਂ ਹਨ, ਕਜੋਂਕੇ ਇਸ ਅਸਤਅਸਤ ਦੇ ਸਮੇਂ ਵਿੱਚ ਧਰਮ ਦੇ ਰਾਖੇਬਣ ਬੈਠਣਾ ਕੋਈ ਬੜੀ ਦਾਤ ਨਹੀਂ। ਸਾਡੀ ਸਰਕਾਰ ਅੰਗਰੇਜ਼ੀ ਦੀ ਅਮਲਦਾਰੀ ਵਿਚ ਜੋ ਕਿਸੇਦਾ ਜੀ ਚਾਹੇ ਸੋਈ ਗੀਤਗਾਵੇ, ਕੋਈ ਨਹੀਂ ਆਖਦਾ ਜੋ ਤੂੰ ਬੇਤਾਲਾ ਹੈਂ ਯਾ ਬੇਸੁਰਾ ॥

ਪਰੰਤੂ ਧਰਮ ਦੇ ਰੱਖਣ ਦਾ ਸ੍ਵਾਦ ਤਾਂ ਓਦੋਂ ਹੀ ਸੀ ਜਦ ਹਿੰਦੂ ਧਰਮ ਦਾ ਨਾਮ ਲੈਣ ਤੋਂ ਕਤਲ ਦਾ ਹੁਕਮ ਹੁੰਦਾ ਸੀ, ਤੇ ਇਕ ਦੇ ਨਾਲ ਦੂਸਰੇ ਨੂੰ ਗਲ ਨਹੀਂ ਕਰਨੀ ਮਿਲਦੀ ਸੀ।

ਔਰੰਗਜ਼ੇਬ ਨੇ ਸੰਖ ਵੱਜਣ ਤੇ ਹਿੰਦੂਆਂ ਦੇ ਧਰਮ ਕਰਮ ਬੰਦ ਕਰਕੇ ਤਮਾਮ ਹਿੰਦੂਆਂ ਵਾਸਤੇ ਕਤਈ (ਯਕ) ਹੁਕਮ ਦੇ ਰੱਖਯਾ ਸੀ ਕਿ ਮੁਸਲਮਾਨ ਬਣੋ ਯਾ ਕਤਲ ਹੋਣਾ ਮੰਨੋ। ਓਸ ਸਮੇਂ ਸ਼ਤਗੁਰੂ ਜੀ ਦੇ ਸਿੱਖਾਂ ਦਾ ਹੀ ਕੰਮ ਸੀ ਜੋ ਧਰਮ ਰੱਖਯਾ ਕਰ ਦਿਖਾਈ ॥

ਜੋਹੜੇ ਪਰਗਨਿਆਂ ਦੇ ਪਰਜਾਨੇ ਮੁਸਲਮਾਨ ਹੋਏ ਦੇਖੀਦੇ ਹਨ, ਏਹ ਸਭ ਓਸੇ ਹੁਲਮ ਦੀ ਪੈਣ ਦਾ ਝੋਲਾ ਵੱਗਜਾ ਹੋਯਾ ਹੈ ॥

ਜਦ ਮੁਸਲਮਾਨਾਂ ਦੇ ਜ਼ੋਰ ਅੱਗੇ ਦੁਨੀਆਂ ਥਰ ਥਰ ਪਈ ਕੰਬਦੀ ਸੀ, ਓਹੋ ਜੇਹੇ ਸਖਤ ਵਕਤ ਵਿਚ ਅਕਾਲ ਪੁਰਖ ਨੇ

Sri Satguru Jagjit Singh Ji eLibrary NamdhariElibrary@gmail.com

ਖਾਲਸੇ ਨੂੰ ਹੀ ਹੌਸਲਾ ਤੇ ਇਤਫਾਕ ਬਖਸ਼ਿਆ, ਜਿਸ ਦੇ ਜ਼ੋਰ ਨਾਲ ਸਿੰਘਾਂ ਨੇ ਢੋਲ ਬਜਾਕੇ ਦਿੱਲੀ ਤੇ ਕਾਬਲ ਦੇ ਬਾਦਸ਼ਾਹੀਆਂ ਨੂੰ ਨਕ ਚਣੇ ਚਬਾ ਕੇ ਕੌਡੀਓਂ ਖੋਟੇ ਕਰਕੇ ਜਮਨਾਂ ਤੇ ਅਟਕ ਦੇ ਅੰਦਰ ਆਪਣਾ ਡੰਕਾ ਬਜਾ ਕੇ ਸਾਰੀ ਦੁਨੀਆਂ ਨੂੰ ਦੰਗ ਕਰਾ ਦਿੱਤਾ ।

ਦੋ ਸ਼ੇਰਾਂ ਦੇ ਦੰਦ ਭੰਨਕੇ ਮੂੰਹ ਵਿੱਚ ਆਈ ਹੋਈ ਹਿੰਦੁਵਾਣਿ ਛੁਡਾਕੇ ਨਿਰਭੈ ਕਰ ਦਿਖਾਈ, ਬਲਕੇ ਕਈ ਵਾਰੀ ਵੀਹ ੨ ਤੀਹ ੨ ਹਜਾਰ ਦੁਰਾਨੀਆਂ ਦੀ ਕੈਦ (ਗੁਲਾਮੀ) ਵਿਚੋਂ ਛੁਡਾਕੇ ਪ੍ਰਾਨਦਾਨ ਦਿੱਤੇ । ਜਿਤਨੇ ਬਡੇ ੨ ਰਾਜੇ ਮਹਾਰਾਜੇ ਰਾਮ, ਕ੍ਰਿਸ਼ਨ ਆਦਿਕ ਅਵਤਾਰ ਬਜਾਸ, ਸ਼ੰਕਰ ਆਦੀ ਅਚਾਰਯ, ਰਿਖੀ, ਮੁਨੀ, ਸੰਨਜਾਸੀ, ਵੈਰਾਗੀ ਜੋਗੀ ਆਦਿਕਾਂ ਦੇ ਪੰਥ ਹੋਏ ਹਨ, ਸਭ ਆਪਣੀ ੨ ਪ੍ਰਭੁਤਾ ਕਰਾਉਣ ਵਿਚ, ਯਾ ਆਪਣੇ ੨ ਸਬੰਧੀਆਂ ਦੀ ਰੱਖਜਾ ਵਿਚ ਤਤਪਰ ਰਹੇ । ਜੈਸਾ ਉਪਕਾਰ ਪੰਥ ਖਾਲਸੇ ਤੋਂ ਹਿੰਦੁਵਾਜਣ ਪਰ ਹੋਯਾ ਹੈ, ਐਸਾ ਹੋਰ ਕਿਸੇ ਤੋਂ ਕਦੇ ਨਹੀਂ ਹੋਯਾ ॥

ਜੇ ਕਦੇ ਓਦੋਂ ਸਿੰਘ ਏਹੋ ਜਿਹੇ ਡਾਢੇ ਕਸ਼ਟ ਸਹਾਰਕੇ ਏਸ ਪਰੋਪਕਾਰ ਵਾਸਤੇ ਸ਼ਮਸ਼ੇਰ ਨਾ ਫੜਦੇ ਤੇ ਪਤੰਜਾਂ ਵਾਂਗੂ ਆਪਣੇ ਸ਼ਰੀਰ ਧਰਮ ਜੰਗ ਦੇ ਅਰਪਣ ਨਾ ਕਰਦੇ ਤਾਂ ਏਹ ਗੱਲ ਪੱਕ ਜਾਣ ਲੈ ਜਮਨਾਂ ਤੇ ਅਟਕ ਦੇ ਅੰਦਰ ਤਾਂ ਈਰਾਨ ਵਾਂਗੂੰ ਅੱਜ ਇਕ ਭੀ ਹਿੰਦੂ ਨਾ ਦਿਸਦਾ । ਜੈਸੇ ਸਾਂਈ ਬੁਲਾਸ਼ਾਹ ਦਾ ਬੋਲ ਹੈ "ਨਹੀਂ ਜਾਂਣਦਾ ਪਿਛਲੀ ਅਗਲੀ ਸੱਚ ਕਹਤਹੂੰ ਅਬਕੀ । ਜੇ ਗੁਰਿੰਦ ਸਿੰਘ ਸਿੰਘ ਨਰਚਦਾ ਤਾਂ ਸੁੰਨਤ ਹੋਤੀ ਸਭਕੀ"

Sri Satguru Jagjit Singh Ji eLibrary NamdhariElibrary@gmail.com

ਹੁਣ ਜਦ ੧੮੧੮ ਬਿਃ ਵਿਚ ਸਿੰਘ ਚੰਗਾ ਜ਼ੋਰ ਫੜ ਗਏ ਤਦ ਜਿੱਥੇ ਕਿਤੇ ਪਿਛਲੇ ਰਿਵਾਜ ਮੁਤਬ ਕੋਈ ਮੁਸਲਮਾਨ ਸਰਦਾਰ ਹਿੰਦੂਆਂ ਉੱਤੇ ਜ਼ੁਲਮ ਜਬਰੀ ਕਰਦਾ ਤਾਂ ਹਿੰਦੂ ਲੋਗ ਸਿੰਘਾਂ ਨੂੰ ਜਾ ਲੈ ਜਾਂਦੇ, ਸਿੰਘ ਓਨਾਂ ਨੂੰ ਸੁਧਾਰਕੇ ਚਲੇ ਆਉਂਦੇ, ਏਸ ਕਰਕੇ ਥੋੜੀ ੨ ਜਾਗੀਰ ਯਾ ਤਅੱਲਕੇ-ਦਾਰੀ ਵਾਲੇ ਮੁਸਲਮਾਨ ਤਾਂ ਜ਼ੁਲਮ ਕਰਨੋਂ ਹਟ ਗਏ ਸੇ, ਪਰ ਮਾਝੇ ਦੇਸ ਵਿੱਚ ਸਭ ਤੋਂ ਵੱਡੇ ਜੋਰਾਵਰ ੪ ਲੱਖ ਰੁਪਏ ਦੇ ਮੁਲਕ ਵਾਲੇ ਕਸੂਰੀਏ ਪਠਾਣ ਜੋ ਸੇ, ਓਹ ਪਿਛਲੇ ਸਭਾਉ ਮੁਜਬ ਓਸੇ ਤਰਾਂ ਉਜਦ ਬਾਜ਼ਾਰ ਗਉ ਬਧ, ਤੇ ਹਿੰਦੂਆਂ ਦੀ ਬਹੂ ਬੇਟੀ ਉੱਤੇ ਜਬਰਨ ਹੱਥ ਪਾਉਣਾਂ ਕਰੀ ਜਾਂਦੇ ਸੇ। ਸਿੰਘਾਂ ਨੇ ਭੀ ਓਨ੍ਹਾਂਨੂੰ ਜ਼ੋਰ ਵਿੱਚ ਸਮਝਕੇ ਅਜਤਕ ਕੁਛ ਨਹੀਂ ਆਖਜਾ ਸੀ। ਪਹਿਲੇ ਤਾਂ ਵਿਚਾਰੇ ਹਿੰਦੂਆਂ ਦੀ ਕੋਈ ਸੁਣਨ ਵਾਲਾ ਨਹੀਂ ਸੀ, ਏਸੇ ਕਰਕੇ ਮੁਸਲਮਾਨਾਂ ਦੇ ਸਾਰੇ ਜ਼ੋਰ ਜ਼ੁਲਮ ਸਹਾਰੀ ਜਾਂਦੇ ਸਨ, ਪਰ ਜਿਸ ਤਰਾਂ ਕੀਲੇਦੇ ਜੋਰ ਲੱਟਾ ਤਾਂਘੜਦਾ ਹੈ ਤਿਵੇਂ ਸਿੰਘਾਂ ਦੇ ਜੋਰ ਨਾਲ ਹਿੰਦੂ ਭੀ ਚੀਂ ਪੀਂ ਕਰਨ ਲੱਗ ਪਏ ॥

ਕਸੂਰ ਦੇ ਬ੍ਰਹਮਨਾਂ ਦਾ ਵਿਰਲਾਪ
ਤੇ ਸਿੰਘਾਂ ਨੇ ਕਸੂਰ ਸੋਧਨਾ

ਏਸੇ ਸਾਲ ਵਿੱਚ ਹੁਸੈਨਖਾਂ, ਜਮਾਲ ਖਾਂ ਆਦਿਕ ਕਸੂਰਦੇ ਸਰਦਾਰ ਪਠਾਣਾਂ ਨੇ ਗਈਕ ਬ੍ਰਾਹਮਣਾਂ, ਖਤ੍ਰੀਆਂ ਦੀਆਂ ਬਹੁ ਬੇਟੀਆਂ ਧਿੰਗੋ ਧਿੰਗੀ ਫੜਕੇ ਆਪਣੇ ਘਰ ਰੱਖ ਲਈਆਂ ਸਨ। ਜਦ ਉਨ੍ਹਾਂਨੇ ਕਿਸੇ ਹੀਲੇ ਵੀ ਨਾ ਛੱਡੀਆਂ, ਤਾਂ ਖੱਤ੍ਰੀਆਂ ਨੇ ਬ੍ਰਾਹਮਣਾਂ ਨੂੰ ਸਿਖਾਕੇ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਪਾਸ ਅੰਮ੍ਰਿਤਸਰ ਫਰਿਆਦੀ ਭੇਜ ਦਿੱਤਾ ॥

ਏਧਰ ਸਿੰਘਾਂ ਦਾ ਏਹ ਵਿਹਾਰ ਸੀ ਕਿ ਸਨੱਧਬੱਧ ਅਕਾਲ ਤਖਤ ਅੱਗੇ ਬੈਠਕੇ ਨਿੱਤ ਕਥਾ ਕੀਰਤਨ, ਢਾਢੀਆਂ ਤੋਂ ਸੂਰਮਜਾਂ ਦੇ ਸਾਕੇ ਸੁਣਨਾਂ ਕਰਦੇ ਤੇ ਨਸ਼ੇ ਦੇ ਚੜ੍ਹਾਉ ਵਿੱਚ ਮੁੱਛਾਂ ਨੂੰ ਤਾਉ ਦੇਕੇ ਬੀਚ ਰਸਦੀ ਮਸਤੀ ਵਿੱਚ ਹਾਥੀਆਂ ਵਾਂਗ ਝੂਲਣਾ ਕਰਦੇ, ਓਸ ਹਾਲ ਵਿੱਚ ਸਿਵਾਇ ਤੁਰਕਾਂ ਨੂੰ ਮਾਰਣ ਦੇ ਹੋਰ ਕੁਛ ਨਾ ਸੁਝਦਾ ॥

ਏਸੇ ਸਮੇਂ ਕਸੂਰ ਦੇ ਬ੍ਰਹਮਣਾਂ ਨੇ ਆਕਰ ਗੁਰੂ ਜੀ ਦੀ ਦੁਹਾਈ ਦੇਕੇ ਫਰਿਆਦ ੨ ਪੁਕਾਰੀ। ਸਰਦਾਰ ਹਰੀ ਸਿੰਘ ਕੁੰਜੀ ਬਹਾਦਰ ਦੇ ਪੁੱਛੇ ਤੋਂ ਓਨਾਂ ਵਿਚੋਂ ਇਕ ਬ੍ਰਾਹਮਣ ਨੇ ਅਰਜ਼ ਕੀਤੀ, ਖਾਲਸਾ ਜੀ! ਆਪ ਨੂੰ ਓਸ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚੌਦਹ ਲੋਕਦੇ ਨਾਥ ਨੇ ਛੱਤ੍ਰੀ ਪਦ ਬਖਸ਼ਜਾ ਹੈ, ਜਿਸ ਨੂੰ ਅਕਾਲ ਪੁਰਖ ਨੇ ਆਪਣਾ ਪੁਤ੍ਰ ਥਾਪ ਕੇ ਸਾਧ ਗਊ ਦੀ ਰੱਖਜਾ ਵਾਸਤੇ ਅਤੇ ਦੁਸ਼ਟ ਦਾ ਨਾਸ਼ ਕਰਨ ਲਈ ਭੇਜਜਾ ਸੀ, ਸੋ ਓਹ ਤਾਂ ਦਸ ੨ ਲੱਖ ਨਾਮ ਚਾਲੀ ੨ ਸਿੰਘਾਂ ਨੂੰ ਲੜਾ ੨ ਸੱਚਖੰਡ ਵਿਚ ਜਾ ਬਿਰਾਜੇ, ਤੇ ਪਿਛੇ ਸਾਧਾਂ, ਬ੍ਰਹਮਣਾਂ ਦੀ ਬਾਂਹ ਤੁਹਾਡੇ ਹੱਥ ਫੜਾ ਗਏ ਹਨ, ਹੁਣ ਓਸ ਬੁਰਾ ਫੜੀ ਦੀ ਤੇ ਸਰਨਾਗਤ ਦੀ ਲਾਜ ਪਾਲਣੀ ਪੰਥ ਖਾਲਸੇ ਦਾ ਧਰਮ ਹੈ। ਤੁਹਾਡੇ ਜੈਸੇ ਧਰਮਾਤਮਾ, ਪਰੋਪਕਾਰੀ ਤੇ ਸਮਰੱਥ ਪੁਰਸ਼ਾਂ ਦੇ ਹੁੰਦਜਾਂ ਏਹ ਜੇਹੇ ਡਾਢੇ ਅਧਰਮ ਤੇ ਅਨਰਥ ਹੋਣ ਜੈਸੇ ਅੱਜ ਕੱਲ ਕਸੂਰ ਦੇ ਪਠਾਣ ਕਰ ਰਹੇ ਹਨ, ਤਾਂ ਸੂਰਜ ਦੇ ਸਾਹਮਣੇ ਅੰਧੇਰਾ ਟਿਣ ਵਾਂਗੂੰ ਬੜੇ ਅਸਚਰਜ ਦੀ ਬਾਤ ਹੈ। ਓਹ ਦੁਸ਼ਟ ਕਿਸੇ ਹਿੰਦੂ ਦੀ ਬਹੂ ਬੇਟੀ ਨਹੀਂ ਛਡਦੇ ਤੇ ਗਊ

Sri Satguru Jagjit Singh Ji eLibrary NamdhariElibrary@gmail.com

ਥਹ ਗਾਲੀਆਂ ਬਜ਼ਾਰਾਂ ਵਿੱਚ, ਹਿੰਦੂਆਂ ਨੂੰ ਤੜਫਾਉਣ ਵਾਸਤੇ ਪਏ ਕਰਦੇ ਹਨ। ਜਿਸ ਕਿਸੇ ਹਿੰਦੂ ਦੇ ਘਰ ਜਾਂ ਬੈਲ ਬੀਮਾਰ ਹੁੰਦਾ ਹੈ ਤਾਂ ਓਥੇ ਕਾਜ਼ੀ ਤੇ ਕਸਾਈ ਦੋਵੇਂ ਆਕੇ, ਹਲਾਲ ਕਰਕੇ ਵੱਢ ਟੁੱਕਕੇ ਲੈ ਜਾਂਦੇ ਹਨ ॥

ਜੇ ਕਦੇ ਕੋਈ ਨਾ ਦੱਸੇ ਤਾਂ ਓਸ ਹਿੰਦੂ ਨੂੰ ਕਾਜ਼ੀ ਸਜ਼ਾ ਦਿੰਦੇ ਹਨ ਕਿ ਏਹ ਪਸੂ ਹਰਾਮ ਮਾਰਕੇ ਦੋਜ਼ਖ ਨੂੰ ਕਜੋਂ ਜਾਣਦਿੱਤਾ?ਏਹੋ ਜੇਹੇ ਅਨੇਕ ਕਲੇਸ਼ਤਾਂ ਅਸੀ ਔਖੇ ਸੌਖੇ ਝੱਲ ਖਛੋਤੇ ਸਾਂ, ਪਰ ਹੁਣ ਸਾਡੀਆਂ ਇਸਤ੍ਰੀਆਂ ਧੱਕੇ ਨਾਲ ਛੀਨ ਲਈਆਂ ਹਨ ਕੋਈ ਮੁਸਲਮਾਨ ਹਾਕਮ ਸਾਡੀ ਫਰਯਾਦ ਨਹੀਂ ਸੁਣਦਾ, ਹੁਣ ਹਾਰਕੇ ਤੁਹਾਡੇ (ਗੁਰੂ ਖਾਲਸੇ ਦੀ)ਸਰਣ ਆਏ ਹਾਂ, ਜੇ ਏਥੇਂ ਭੀ ਸਾਡਾ ਆਸ਼ਾ ਪੂਰਾ ਨਾ ਹੋਯਾ ਤਾਂ ਅਸੀਂ ਗੁਰੂ ਦੇ ਦੁਆਰੇ ਅੱਗੇ ਏਥੇ ਹੀ ਮਰ ਰਹਾਂਗੇ।ਏਹ ਹਾਲ ਸੁਣ ਕੇ ਸਿੰਘਾਂ ਏ ਰੋਸ ਖੜੇ ਹੋਗਏ। ਗੁਰੂਕੀਆਂ ਏ ਕਸੂਰ ਉਤੇ ਕੋਪ ਧਾਰ ਕੇ ਸਰਦਾਰ ਹਰੀ ਸਿੰਘ ਭੰਗੀ ਤਾਂ ਓਸੇ ਘੜੀ ਤਿੰਨ ਹਜ਼ਾਰ ਅਸਵਾਰ ਨਾਲ ਚੜ੍ਹ ਬੈਠਾ ਤੇ ਗੁਰੂ ਕੀ ਵਡਾਲੀ ਜਾ ਉਤਰਯਾ, ਅਗਲੇ ਦਿਨ ਹੋਰ ਸਭ ਸਰਦਾਰ ਆਪਣੀ ੨ ਫੌਜ ਲੈਕੇ ਆ ਮਿਲੇ। ਫੇਰ ਏਹੇ ਚੜ੍ਹੇ ਹੋਏ ਜੱਥੇ ਭੀ ਬੁਲਾ ਲਏ ॥

ਜੇਠ ਸੰਮਤ ੧੮੧੮ ਬਿਃ ਨੂੰ ਐਨ ਦੋਪਹਿਰ ਦੇ ਸਮੇਂ ਧਾਵਾ ਕਰਕੇ ਅਚਾਨਚੇਤ ਦਸ ਬਾਰਾਂ ਹਜ਼ਾਰ ਸਿੰਘ ਕਸੂਰ ਵਿੱਚ ਜਾ ਵੜਯਾ। ਕਿਸੇ ਅਮੀਰ ਪਠਾਣ ਨੂੰ ਖਬਰ ਨਾ ਹੋਈ। ਕੋਈ ਸ਼ਤਰੰਜ, ਰੰਜਡਾ, ਚੌਪੜ ਖੇਲ ਰਹੇ ਸਨ, ਕਿਤੇ ਚੋਲਕ ਤੰਬੂਰੇ ਦੇ ਤਾਂਨ ਮਿਰਾਸੀ ਤੋੜ ਰਹੇ ਸਨ, ਕਈ ਕੰਚਨੀ ਦੇ ਮੁਜਰੇ ਵਿੱਚ ਮਸਤ ਸੇ, ਕਈ ਸ਼ਰਾਬ ਵਿੱਚ ਬਦਮਸਤ ਸੇ, ਕਈ ਨੀਂਦ ਨਾਲ ਘੂਟੇ ਹੋਏ ਸੇ,ਕਈ ਜਨਾਨ ਖਾਨੇ ਵਿੱਚ ਕਲੋਲ ਕਰ ਰਹੇ

1814
57
1761

Sri Satguru Jagjit Singh Ji eLibrary NamdhariElibrary@gmail.com

ਸਨ, ਕੋਈ ਪੋਸਤ ਭੰਗ ਦੇ ਗਿਰਦੇ ਹੋ ਰਹੇ ਸਨ, ਏਸੇ ਤਰਾਂ ਕੋਈ ਕਿਤੇ ਕੋਈ ਕਿਤੇ ਆਨੰਦ ਲੈ ਰਹੇ ਸਨ, ਸਿੰਘਾਂ ਨੇ ਅਚਾਨਕ ਖੁਲੇ ਦਰਵਾਜੇ*ਕਸੂਰ ਵਿੱਚ ਵੜਕੇ ਜਿੱਥੇ ਕਿੱਥੇ ਕਤਲਾਮ ਸ਼ੁਰੂ ਕਰ ਦਿਤੀ, ਪਠਾਣ ਘਬਰਾਕੇ ਭਜ ਨਿਕਲੇ, ਉਨਾਂ ਵਿੱਚੋਂ ਭੀ ਤੱਤੇ ਰੇਤੇ ਵਿੱਚ ਮਾਰੇ ਧੁਪ ਦੇ ਕਈ ਤੜਫ ਤੜਫ ਕੇ ਮਰ ਗਏ।

ਸਿੰਘਾਂ ਨੇ ਝਟਾਪਟ ੧੨ ਗੜੀਆਂ ਵਿਚੋਂ ਸਤਗੜੀਆਂ ਤਾਂ ਫਤੇ ਕਰ ਲਈਆਂ ਅਤੇ ਸ਼ਹਿਰ ਦੀ ਗਲੀ ਗਲੀ ਫਿਰ ਨਿਕਲੇ। ਓਦੋਂ ਹੋਰ ਸਭ ਸ਼ਹਿਰ ਦੁਰਾਨੀਆਂ ਤੇ ਸਿੰਘਾਂ ਨੇ ਮਾਰੋ ਮਾਰ ਕਰਕੇ ਥੋੜੇ ਕਰ ਘੱਤੇ ਸਨ।ਏਹੋ ਇਕ ਪਠਾਣਾਂ ਦੇ ਜੋਰ ਕਰਕੇ ਬਚਣਾ ਹੋਯਾ ਸੀ, ਏਸੇ ਕਰਕੇ ਬੜੇ ੨ ਧਨੀ ਲੋਗ ਲਾਹੌਰ ਆਦਿਕ ਸ਼ਹਿਰਾਂ ਦੇ ਰਹਣਵਾਲੇ, ਲੁਟੇ ਜਾਣ ਤੋਂ ਡਰਦੇ ਏਸੇ ਥਾਂ ਆ ਵਸੇ ਸਨ, ਜਿਸ ਵੇਲੇ ਸਿੰਘਾਂ

---

*ਕਸੂਰ ਰਾਮ ਚੰਦ੍ ਦੇ ਪੁਤ੍ਰ ਕੁਸ਼ੂ ਨੇ ਵਸਾਯਾ ਸੀ, ਬਹਲੋਲਸ਼ਾਹ ਲੋਦੀ ਨੇ ਕਸੂਰ ਦਿਪਾਲਪੁਰ ਚੁਹਣੀਆਂ ਚਾਰ ਲੱਖ ਦੇ ਏਹ ਪਰਗਨੇ ਪਠਾਣਾ ਨੂੰ ਜਾਗੀਰ ਦੇਕੇ ਏਥੇ ਬਸਾਯਾ,ਤਦ ਤੋਂ ਏਹ ਰਜਾਸਤ ਪਠਾਣਾਂ ਦੀ ਹੋਗਈ, ਮੁਗਲਾਂ ਦੀ ਬਾਦਸ਼ਾਹੀ ਵਿਚ ਬੜੇ ੨ ਕੰਮ ਏਨ੍ਹਾਂ ਪਠਾਣਾਂ ਦੇ ਰਹੇ। ਸ਼ਾਹਜਹਾਂ ਨੇ ਮੁਹੰਮਦਖਾਂ ਦੇ ਬੇਟੇ ਕੁਤਬਦੀਨ ਨੂੰ ਨਵਾਬੀ ਦਾ ਪਦ ਬਖਸ਼ਯਾ, ਏਸਨੇ ਸੈਂਕੜੇ ਪਿੰਡ ਬਦੋ ਬਦੀ ਮੁਸਲਮਾਨ ਕਰ ਕੱਢੇ, ਬੇਸ਼ੁਮਾਰ ਹਿੰਦੂ ਕਤਲ ਕੀਤੇ, ਕਰੋੜਾਂ ਰੁਪਏ ਲਏ। ਓਨਾਂ ਜੁਲਮਾਂ ਦਾ ਬਦਲਾ ਪਰਮੇਸ਼ੁਰ ਨੇ ਏਸਨੂੰ ਸਿੰਘਾਂ ਪਾਸੋਂ ਦਿਵਾਯਾ। ਕਈ ਵਾਰੀ ਏਸ ਸ਼ਹਿਰ ਦੀ ਲੁਟ ਕਤਲ ਹੋਈ ਓਦੋਂ ਦਾ ਹੀ ਹੁਣ ਤਕ ਬੇਹ ਹੋਯਾ ਪਿਆ ਹੈ। ਜੇਹੜਾ ਹੁਣ ਸ਼ਹਿਰ ਕਸੂਰ ਹੈ ਏਹ ਓਸ ਸ਼ਹਿਰ ਦੇ ਪਾਸ ਇਕ ਨਿਕੀ ਜੇਹੀ ਵਸਤੀ ਸੀ। ਏਹ ਪਠਾਣ ਆਪਣੇ ੧੨ ਕਿਲੇ ਬਣਾਕੇ ਹਕੂਮਤ ਕਰਦੇ ਰਹੇ। ਏਸ ਸ਼ਹਿਰ ਦੇ ੧੨ ਕਿਲੇ ਏਹ ਸਨ:- ਕਿਲਾ ਪੁਰਾਣਾ੧, ਕੋਟ ਗੁਲਾਮ ਮੁਹੱਯੁਦੀਨ ਦਾ ੨, ਮੁਰਾਦਖਾਂ ਦਾ ੩, ਕਤਲਗੜ੍ਹੀ ੪ ਏਸ ਗੜ੍ਹੀ ਵਿਚ ਹੁਸੈਨਖਾਂ ਨਵਾਬ ਨੂੰ ਤਿੰਨ ਹਜ਼ਾਰ ਪਠਾਣ ਸਮੇਤ ਸਿੰਘਾਂ ਨੇ ਕਤਲ ਕਰਕੇ ਹਿੰਦੂਆਂ ਦੀਆਂ ਔਰਤਾਂ ਓਨਾਂ ਦੇ ਵਾਰਸਾਂ ਨੂੰ ਦਿਵਾਈਆਂ ਸਨ, ਤਾਂਹੀ ਏਸਦਾ ਨਾਮ ਕਤਲਗੜ੍ਹੀ ਹੋਯਾ। ਕੋਟ ਅਜੀਮਖਾਂ ੫, ਬਦਰਦੀਨਖਾਂ ਦਾ ੬, ਓਸਮਾਨ ਖਾਂ ਦਾ ੭, ਰੁਕਨਦੀਨਖਾਂ ੮, ਫਤੇਖਾਂ ਦਾ ੯, ਹਲੀਮਖਾਂ ਅਜੀਮਖਾਂ ੧੦, ਪੀਰਾਂ ਵਾਲਾ ੧੧, ਹਸਨਖਾਂ ਦਾ ੧੨ ਏਹ ਬਾਰਾਂ ਕੋਟ ਆਸ ਪਾਸ ਦੇ ਮਜ਼ਬੂਤ ਹਨ॥

Sri Satguru Jagjit Singh Ji eLibrary NamdhariElibrary@gmail.com

ਨੇ ਮਾਰੋ ਮਾਰ ਕੀਤੀ ਤੁਾਂ ਜਿਵਦ ਨਿਵਾਹੀ ਦੇ ਲੁਟੇਰੇ ਲੋਕ ਪੀੜ੍ਹੀਆਂ ਦੀਆਂ ਰੋਟੀਆਂ ਲੈ ਗਏ।

ਨੂਰਜਹਾਂ ਜੋ ਜਹਾਂਗੀਰ ਦੇ ਸਮੇਂ ਕੁਲ ਬਾਦਸ਼ਾਹੀ ਦੀ ਮਾਲਕ ਸੀ, ਜਦ ਓਹ ਮਰਗਈ ਤਾਂ ਓਸਦਾ ਕਰੋੜਾਂ ਰੁਪਏ ਦਾ ਹੀਰਾ, ਮੋਤੀ, ਜੇਵਰ, ਸੋਨਾ, ਚਾਂਦੀ ਦਿਲੇਰਾਮ ਦੀਵਾਨ ਦੇ ਪਾਸ ਰਿਹਾ, ਕਿਉਂਕਿ ਏਹ ਓਸਦਾ ਮਾਤਬਰ ਸੀ ਇਸ ਮਾਰੋ ਮਾਰ ਵਿਚ ਸਰਦਾਰ ਜੱਸਾ ਸਿੰਘ ਦੇ ਹਥ ਸਭ ਕੁਛ ਆ ਗਿਆ। ਇਸੇ ਦਾ ਪੜਪੋਤ੍ਰਾ ਹਿਰਦਾ ਰਾਮ, ਲਾਹੌਰ ਵਿਚ ਰੋਜ਼ ਲੁਟ ਮਾਰ ਰਹਿੰਦੀ ਦੇਖ ਕਰ ਮਾਲ ਅਸਬਾਬ ਲੈਕੇ ਕਸੂਰ ਵਿਚ ਆ ਵੱਸਜਾ ਸੀ (ਮੂਸਾ ਕੁੱਜਾ ਮੌਤ ਥੀਂ ਅੱਗੇ ਮੌਤ ਖੜੀ) ਸੋ ਹਿਰਦਾ ਰਾਮ ਨਾਲ ਓਹੋ ਹੋਈ।

ਸਿੰਘਾਂ ਨੇ ਦੁਸ਼ਮਨਾਂ ਨੂੰ ਸਣੇ ਸਹਾਇਕਾਂ ਦੇ ਕਤਲ ਕਰਕੇ ਸਭ ਔਰਤਾਂ (ਜੋ ਵੈਰੀਆਂ ਓਸਨੇ ਧੱਕੇ ਨਾਲ ਹਿੰਦੂਆਂ ਤੋਂ ਖੋਹ ਰੱਖੀਆਂ ਸਨ) ਓਨਾਂ ਦੇ ਵਾਰਸਾਂ ਨੂੰ ਦੇ ਦਿਤੀਆਂ ਤੇ ਆਪ ਸ਼ਹਰ ਨੂੰ ਚੰਗੀ ਤਰਾਂ ਸੋਧਦੇ ਹੋਏ ਅੰਮ੍ਰਿਤਸਰ ਆ ਵੜੇ। ਹਤੇਹੀ ਖੁਸ਼ੀ ਵਿਚ ਦਰਬਾਰ ਸਾਹਿਬ ਖਾਲਸੇ ਨੇ ਬਹੁਤ ਭੋਟਾ ਚੜਾਈ, ਕੜਾਹ ਪਰਸ਼ਾਦ ਦੇ ਦੇਗ ਵਰਤਾਈ ਤੇ ਅਨੰਦ ਮੇਲੇ ਹੁੰਦੇ ਰਹੇ।

ਜ਼ਾਫਰ ਬੇਗ ਨੂੰ ਮਾਰਕੇ ਮੁਲਕ ਮੱਲਣਾ

ਕਸੂਰ ਵਿਚ ਚੰਗੇ ਹੱਥ ਦਿਖਾ ਕਰ ਸਿੰਘਾਂ ਦੀ ਤਾਕਤ ਬਹੁਤ ਵਧ ਗਈ। ਜਿਹੜੇ ਪਰਗਨੇ ਸੰ: ੧੮੧੬ ਵਿ: ਨੂੰ ਅਦੀਨਾਬੇਗ ਦੇ ਮਰੇ ਤੋਂ ਸਿੰਘਾਂ ਨੇ ਰੱਖੇ ਸੇ, ਤੇ ਓਹ ਦੁਰਾਨੀ ਅਹਿਮਦਸ਼ਾਹ ਆਏ ਤੋਂ ਫੇਰ ਅਦੀਨਾਬੇਗ ਦੇ ਬੰਦੇ ਜ਼ਾਫਰਬੇਗ ਦੇ ਕਬਜ਼ੇ ਵਿਚ ਚਲੇ ਗਏ ਸਨ, ਓਹ ਮੁੜ ਖਾਲਸੇ

Sri Satguru Jagjit Singh Ji eLibrary NamdhariElibrary@gmail.com

ਨੇ ਲੈਣੇ ਚਾਹੇ। ਤਦ ਜ਼ਾਫਰਬੇਗ ਆਪਣੇ ਦੀਵਾਨ ਬਿਸ੍ਵੰਭਰ ਮਲ ਦੇ ਬੇਟੇ ਸ਼ਿਵ ਦਯਾਲ ਨੂੰ ਨਾਲ ਲੈਕੇ ਵਟਾਲੇ ਪਾਸ ਸਾਉਣ ਸੰਃ ੧੮੧੮ ਬਿਃ ਨੂੰ ਜਾ ਲੜਿਆ, ਪਰ ਸਿੰਘਾਂ ਨੇ ਸ਼ਿਵਦਯਾਲ ਨੂੰ ਮਾਰਕੇ ਆਪੋ ਆਪਣੇ ਪਰਗਨੇ ਉਪਰ, ਜਿਸ ਤਰਾਂ ਪਹਿਲੇ ਮਲ ਲਏ ਸਨ, ਉਸੇਤਰਾਂ ਵਢਾਬੇ, ਮੀਹਣੇ, ਨੀਹਲ, ਰਜਾੜਕੀ ਆਦਿਕ ਦੇਸਾਂ ਵਿਚ ਦਖਲ ਕਰ ਲਿਆ॥

ਜੱਸਾ ਸਿੰਘ ਨੇ ਲਾਹੌਰ ਲੈਣਾ

ਦੂਏ ਦੇਸ ਨੂੰ ਹੱਥ ਹੇਠ ਕਰਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਲਾਹੌਰ ਦੇ ਗਿਰਦੇ ਜਾ ਹੋਯਾ ਤੇ ਬੜੇ ੨ ਜੰਗ ਜੁਧ ਨਾਲ ਸ਼ਹਰ ਤੋਂ ਬਾਹਰ ਦੀਆਂ ਬਸਤੀਆਂ ਉੱਤੇ ਕਬਜ਼ਾ ਕਰਕੇ, ਲਾਹੌਰੀ ਲੋਗਾਂ ਨਾਲ ਘੀ ਸ਼ੱਕਰ ਬਣਗਿਆ। ਓੜਕ ਤੀਜੇ ਨਵਰਾਤ੍ਰੇ ਅਸੂ ਸੰਃ ੧੮੧੮ ਬਿਃ ਨੂੰ ਲਾਹੌਰ ਵਿਚ ਜਾ ਵੜਿਆ। ਤਦ ਖ੍ਵਾਜਾ ਹਮੀਦ ਕਿਲੇ ਦੇ ਅੰਦਰ ਅਤੇ ਸਰਦਾਰ ਸਾਰੇ ਸ਼ਹਿਰ ਉੱਤੇ ਮਾਲਕ ਕਈ ਮਹੀਨੇ ਬਣੇ ਰਹੇ॥

ਏਹ ਖਬਰ ਸੁਣਕੇ ਮੁਸਲਮਾਨ ਹਾਕਮ ਭਾਂ ਮੁਰਝਾ ਗਏ ਤੇ ਸਤਲਜੋਂ ਪਾਰ ਜੋ ਸਿੰਘ ਸੇ, ਓਨਾਂ ਨੇ ਖੁਸ਼ੀ ਹੋਕੇ ਸਰਹੰਦ ਨੂੰ ਜਾ ਘੇਰਾ। ਓਥੋਂਦੇ ਸੂਬੇ ਜੈਨਖਾਂ ਨੇ ਨਵਾਬ ਭੀਖਨ ਖਾਂ ਮਲੇਰ ਕੋਟੀਏ ਤੇ ਰਾਇਕੋਟੀਏ, ਮੋਰਿੰਡੇ ਵਾਲੇ ਆਦਿਕ ਆਪਣੇ ਤਾਬੇਦਾਰ ਕਈ ਰਈਸ ਬੁਲਾ ਲਏ, ਓਨਾਂ ਦੀ ਮਦਦ ਨਾਲ ਸ਼ਹਰ ਤਾਂ ਬਚਾਯਾ, ਪਰ ਬਾਹਰ ਦੀਆਂ ਅਨੇਕ ਬਸਤੀਆਂ ਉੱਪਰ ਸਿੰਘਾਂ ਨੇ ਆਪਣਾ ਦਖਲ

Sri Satguru Jagjit Singh Ji eLibrary NamdhariElibrary@gmail.com

ਕਰ ਲਿਆ, ਬਲਕੇ ਸੂਬੇ ਨੂੰ ਮਦਦ ਦੇਣ ਬਦਲੇ ਮਲੇਰੀ ਤੇ ਰਾਇ ਕੋਟੀਏ ਦੇ ਇਲਾਕੇ ਵਿਚ ਭੀ ਚੰਗੀ ਸੋਧ ਕੀਤੀ

ਜੰਡਿਆਲੀਆਂ ਦੀ ਬੇਈਮਾਨੀ

ਏਸੇ ਸਮੇਂ ਸਿੰਘਾਂ ਨੇ ਜੰਡਿਆਲੇ ਨੂੰ (ਜੋ ਅੰਮ੍ਰਿਤਸਰ ਤੋਂ ੭ ਸਤ ਕੋਹ ਹੈ) ਮੋਰਚੇ ਜਾ ਲਾਏ । ਜੱਦਪਿ ਏਹ ਜੰਡਿਆਲੇ ਵਾਲੇ ਹਿੰਦਾਲੀਏ ਵੀ ਗੁਰੂ ਜੀ ਦੇ ਪੰਥ ਦੀ ਸ਼ਾਖ ਹੈ, ਪਰ ਏਸ ਗੱਦੀ ਦੇ ਮਹੰਤ ਬਿਧੀ ਚੰਦ ਨੇ ਡੂਮਣੀ ਜਾਤਿ ਦੀ ਬੇਸ੍ਵਾ ਘਰ ਪਾ ਲਈ ਸੀ, ਜੰਡਿਆਲੇ ਵਾਲੇ ਗੁਰੂ ਓਸੇ ਦੀ ਸੰਤਾਨ ਹਨ । ਜਦ ਬਿਧੀ ਚੰਦ ਨਾਲ ਸਿੱਖਾਂ ਨੇ ਵਰਤਣਾ ਛੱਡ ਦਿੱਤਾ ਤਾਂ ਓਸਨੇ ਆਪਣਾ ਕਲੰਕ ਢੱਕਣ ਵਾਸਤੇ ਜਨਮਸਾਖੀ ਵਿਚ ਲਿਖ ਦਿੱਤਾ ਕਿ ਗੁਰੂ ਨਾਨਕ ਜੀ ਨੇ ਮੰਜੋਤ ਨਾਮ ਰੰਘੜੀ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਕਾਜ਼ੀ ਦੀ ਬੇਟੀ ਕੌਲਾਂ ਆਪਣੇ ਘਰ ਵਸਾ ਲਈ ਸੀ, ਤਾਂਤੇ ਗੁਰੂ ਕੇ ਘਰ ਮੈਂ ਮੁਸਲਮਾਨੀ ਇਸਤ੍ਰੀ ਰੱਖਣੀ ਦੋਸ਼ ਨਹੀਂ, ਨਾਲੇ ਧਰਮ ਸ਼ਾਸਤ੍ਰ ਵਿਚ ਔਰਤ ਦੀ ਜਾਤਿ ਕੋਈ ਨਹੀਂ ਲਿਖੀ ॥

ਏਹੋ ਜੇਹੀਆਂ ਝੂਠ ਸਚ ਗੱਪਾਂ ਸੁਣਕੇ ਹੋਰ ਲੋਕ ਤਾਂ ਓਸਦੀ ਠੱਗੀ ਵਿਚ ਆਕੇ ਓਸ ਨਾਲ ਵਰਤਣ ਲਗ ਪਏ ਤੇ ਗੁਰੂ ਕੇ ਸਿੱਖਾਂ ਨੇ ਸਭੋਂ ਅਧਿਕ ਬੁਰਾ ਮੰਨਜਾਂ, ਕਿਉਂ ਜੋ ਓਸਨੇ ਗੁਰੂਆਂ ਦੇ ਨਾਮ ਪਰ ਧੱਬਾ ਲਾਯਾ ਤੇ ਝੂਠ ਬੋਲਿਆ, ਏਸ ਗੱਲੋਂ ਐਡਾ ਵਿਰੋਧ ਵਧਿਆ ਕਿ ਸੈਂਕੜੇ ਸਿਖ ਓਸਨੇ ਖਾਨ ਬਹਾਦਰ ਆਦਿਕ ਮੁਸਲਮਾਨ ਹਾਕਮਾਂ ਨੂੰ ਫੜਾ ੨ ਮਰਵਾਏ ਤੇ ਇਨਾਮ ਪਾਏ। ਫੇਰ ਤਾਂ ਦੋ ਲੱਖ ਰੁਪਏ ਆਮਦਨੀ

Sri Satguru Jagjit Singh Ji eLibrary NamdhariElibrary@gmail.com

ਦਾ ਪਰਗਨਾ ਜੰਡਿਆਲਾ, ਦੇਵੀਦਾਸਪੁਰ, ਚੋਟਲੀ ਆਦਿਕ ਲੈਕੇ ਪੰਜ ਸੌ ਅਸਵਾਰ ਨੌਕਰ ਰੱਖ ਲਿਆ, ਫੇਰ ਤਾਂ ਸਿੱਖਾਂ ਦੇ ਵਿਰੋਧੀ ਬਣਕੇ ਅਹਿਮਦ ਸ਼ਾਹ ਦੁਰਾਨੀ ਦੇ ਮਿੱਤ੍ਰ ਬਣੇ ਰਹੇ। ਏਸੇ ਕਾਰਣ ਸਿੰਘਾਂ ਨੇ ਜੰਡਿਆਲੇ ਨੂੰ ਜਾ ਘੇਰਿਆ, ਦੋ ਮਹੀਨੇ ਲੜਾਈ ਲੱਗੀ ਰਹੀ। ਮਹੰਤ ਸਰਣਦਾਸ ਨੇ ਕਸੂਰ, ਲਾਹੌਰ, ਸਰਹੰਦ ਦੀ ਦੁਰਦਸ਼ਾ ਤੇ ਸਿੰਘਾਂ ਦਾ ਸ਼ੋਰ ਸ਼ਰਾਬਾ ਲਿਖਕੇ ਸਾਨ੍ਹਣੀ ਸਵਾਰ ਦੇ ਹੱਥ ਕਾਬਲ ਨੂੰ ਭੇਜ ਦਿੱਤਾ ਕਿ ਅਸੀਂ ਤੇਰੇ ਬਣੇ ਹਾਂ ਤਾਂਹੀ ਮਾਰੀਦੇ ਹਾਂ, ਹੁਣ ਤੈਨੂੰ ਹੀ ਲਾਜ ਹੈ॥

ਅਹਿਮਦ ਸ਼ਾਹ ਦਾ ਅੱਠਵਾਂ ਹਮਲਾ
ਸੰਃ ੧੮੧੯ ਬਿਃ ਵਿਚ

ਅਹਿਮਦਸ਼ਾਹ ਤਾਂ ਪਹਿਲੇ ਹੀ ਪੰਜਾਬੀ ਹਾਕਮਾਂ ਦੇ ਲਿਖੇ ਤੋਂ ਸਿੰਘਾਂ ਦੇ ਬਲ ਦਾ ਹਾਲ ਸੁਣਕੇ ਲੋਹਾ ਲਾਖਾ ਹੋ ਰਿਹਾ ਸੀ, ਜੰਡਿਆਲੀਆਂ ਦੀ ਅਰਜ਼ੀ ਨੇ ਐਸਾ ਭੜਕਾਯਾ ਕਿ ਇੱਕ ਲੱਖ ਅਸਵਾਰ ਨਾਲ ਲੈਕੇ ਅੱਗਾ ਦੌੜ ਪਿਛਾ ਚੌੜ ਵਰੋਲਾ ਬਣਦੇ ਚੜ੍ਹ ਆਯਾ॥

ਵਡਾ ਘਲੂ ਘਾਰਾ ਤੇ ਕੁਤਬਾ ਬਾਮਨੀ ਦਾ ਜੰਗ

ਸਿੰਘ ਤਾਂ ਓਸਦੀ ਅਵਾਈ ਸੁਣਕੇ ਹਵਾਈ ਹੋਗਏ। ਸਤਲੁਜੋਂ ਪਾਰ ਓਨ੍ਹਾਂ ਲੱਖਿਆਂ ਨਾਲ ਜਾ ਰਲੇ, ਜੇੜ੍ਹੇ ਰਾਇਕੋਟ ਜਗਰਾਵਾਂ, ਪਾਇਲ, ਮਲੇਰਕੋਟਲੇ ਤੇ ਸਰਹੰਦ ਦੇ ਇਲਾਕੇ ਵਿਚ ਮਾਰੋ ਮਾਰ ਦਾ ਖੁਭਾਰਾ ਕਢਦੇ ਹੋਏ ਸੂਬੇਦਾਰ ਜੈਨਖਾਂਨ ਨਾਲ ਲੜਨ ਹੀ ਸਨ। ਬਾਦਸ਼ਾਹ ਦਾ ਆਵਣਾਂ ਸੁਣਕੇ ਨਵਾਬ ਭੀਖਨਖਾਂ ਮਲੇਰੀਏ ਹੈਬਤਪੁਰ ਪੱਟੀ ਦੇ ਮੁਕਾਮ,

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਪਾਸ ਪਹੁੰਚਕੇ ਸਿੰਘਾਂ ਉੱਤ ਐਸੇ ਝੂਠੇ ਸੱਚੇ ਤੁਫਾਨ ਤੋਲੇ, ਜਿਨ੍ਹਾਂ ਤੋਂ ਬਾਦਸ਼ਾਹ ਨੂੰ ਜ਼ੁਲਮ ਦੀ ਅੱਗ ਦਾ ਚੋਲਾ ਪਹਿਰਨਾ ਪਿਆ। ਇਕ ਦਸਤਾ ਕਜ਼ਲਬਾਸ਼ਾਂ ਦਾ ਭੀਖਨਖਾਂ ਦੇ ਨਾਲ ਤੋਰਕੇ ਹੁਕਮ ਦਿੱਤਾ, ਤੁਸੀਂ ਸਿੰਘਾਂ ਨੂੰ ਮੇਰੇ ਆਉਂਦੇ ਭਕ ਘੇਰੀ ਰੱਖੋ, ਉਨ੍ਹਾਂ ਨੇ ਏਹੋ ਕੰਮ ਕੀਤਾ। ਤਾਇਪੁਰ, ਗੁਜਰ ਵਾਲ ਦੇ ਗਿਰਦੇ ਛੇੜ ਛੜ ਕਰਕੇ ਦੋ ਦਿਨ ਸਿੰਘਾਂ ਨੂੰ ਓਸੇ ਥਾਂ ਰੋਕ ਰੱਖਜਾ। ਤੀਜੇ ਦਿਨ ਸੂਰਜ ਚੜ੍ਹਨ ਤੋਂ ਪਹਿਲੋਂ ਦੁਰਾਨੀਸ਼ਾਹ ਜਾ ਢੁੱਕਯਾ। ਦੁਰਾਨੀਆਂ ਦੀ ਲਾਲ ਬਰਦੀ ਦੂਰੋਂ ਦੇਖਕੇ ਸਿੰਘਾਂ ਨੇ ਜਾਣਿਆਂ ਕਿ ਵੈਸਾਖ ਮਹੀਨੇ ਦੇ ਕੇਸੂ ਤੇ ਕਰੀਰ ਫੁਲੇ ਹੋਏ ਦਿੱਸਦੇ ਹਨ। ਫੇਰ ਤਾਂ ਓਹੋ ਕਰੀਰ ਕੇਹੜ ਬਣ ਗਏ, ਦੁਰਾਨੀ ਦੁਸ਼ਮਣ ਭੱਤੇਹਾਰ ਆ ਪਹੁੰਚੇ, ਸਿੰਘਾਂ ਨੇ ਤਾਂ ਅਜੇ ਸ਼ਸਤ੍ਰ ਬੱਸਤ੍ਰ ਥੀ ਨਹੀਂ ਸਾਜੇ ਸੇ ਝਾਂਹੀ ਖਬਰ ਹੋਈ ਓਧਰੋਂ ਤੀਰਾਂ ਬੁਛੰਗਾਂ ਦੇ ਤਾਬੇ ਛੁਟਣ ਲਗ ਪਏ। ਫੇਰ ਤਾਂ ਛੇਤੀ ੨ ਤਯਾਰ ਹੋਕੇ ਸਰਦਾਰ ਆਪੋ ਆਪਣੇ ਜੱਥੇ ਲੈਕੇ ਛਿਛੁਰਜਾਂ ਦੀ ਆੜ ਤੋਂ ਅਗੇ ਜਾ ਖੜੇ ਹੋਏ, ਆਪ ਤਾਂ ਜੰਗ ਕਰਨ ਲੱਗੇ ਅਤੇ ਭਾਰ ਬਰਦਾਰੀ ਸਮੇਤ ਕਰੀਰ ਨੂੰ ਮਾਲਵੇ ਦੀ ਤਰਫ ਤੋਰਿਆ, ਦੂਰੋਂ ਦੂਰੋਂ ਦੇਹੀਂ ਪਾਸੀ ਤਾਮਜੰਗੇ ਦਲ ਰਹੇ ਸੇ, ਕੋਈ ਕਿਸੇ ਉੱਤੇ ਹਲਾ ਨਾ ਕਰ ਸਕੇ। ਸਿੰਘ ਕਦਮ ਕਦਮ ਆਪਣੇ ਕਰੀਰ ਦੀ ਰੱਖਜਾ ਵਾਸਤੇ ਓਧਰੇ ਵਧ ਰਹੇ ਸੇ। ਏਤਨੇ ਚਿਰ ਤਰਹੋਂ ਸਰਹੰਦ ਦਾ ਸੂਬਾ ਜੈਨਖਾਂ, ਦੂਜੇ ਪਾਸਿਓਂ ਮਲੇਰ ਕੋਟਲੇ ਵਾਲੇ ਨਵਾਬ ਤੇ ਰਾਇਕੋਟੀਆ ਦੀਵਾਨ ਲੱਛਮੀ ਸਹਾਇ ਆਪਣੀ ੨ ਫੌਜ ਤੇ ਬੇਸ਼ੁਮਾਰ ਦੇਸੀ ਮੁਸਲਮਾਨਾਂ ਨੂੰ ਲੈਕੇ ਆ ਢੁਕ, ਚੁਫੇਰਿਓਂ ਤੀਰ ਗੋਲੀ ਦੀ ਵਰਖਾ ਸਿੰਘਾਂ

Sri Satguru Jagjit Singh Ji eLibrary NamdhariElibrary@gmail.com

ਉੱਪਰ ਹੋਣ ਲਗੀ। ਸਿੰਘਾਂ ਨੇ ਕੁੜੱਕੀ ਵਿਚ ਜਾਨ ਆਈ ਸਮਝਕੇ ਸ਼ਹੀਦ ਹੋਣਾ ਥਾਪ ਲਿਆ, ਜਦਪਿ ਭਾਵੇਂ ਸਿੰਘ ਤੀਹ ਹਜ਼ਾਰ ਤੇ ਮੁਸਲਮਾਨ ਦੋ ਲੱਖ ਦੇ ਲਗ ਭਗ ਸੀ, ਪਰ ਤਲਵਾਰਾਂ ਖਿਚ ਕਰ ਤੇ ਅਕਾਲ ੨ ਗਜਾਕਰ ਜਿਧਰ ਪੈਣ ਓਧਰੇ ਛੀੜ ਕਰ ਕੱਢਣ ॥

ਸਰਦਾਰ ਜੱਸਾ ਸਿੰਘ, ਦੋਵੇਂ ਬਘੇਲ ਸਿੰਘ, ਕਰੋੜਾ ਸਿੰਘ, ਨਵਾਬ ਕਪੂਰ ਸਿੰਘ, ਖੁਸ਼ਹਾਲ ਸਿੰਘ, ਸ਼ਹੀਦ ਨੱਥਾ ਸਿੰਘ, ਪ੍ਰੇਮ ਸਿੰਘ, ਕਰਮ ਸਿੰਘ, ਸੁਧਾ ਸਿੰਘ, ਸਰਦਾਰ ਨਛੱਤੀ, ਘਨੱਈਏ, ਸ਼ੁਕ੍ਰਚੱਕੀਏ, ਡੱਲੇਵਾਲੀਏ, ਨਿਸ਼ਾਨਾਂ ਵਾਲੀਏ ਆਪਣੇ ਆਪਣੇ ਜੱਥਨਾਂ ਨੂੰ ਹਲਾਸ਼ੇਰੀ, ਸ਼ਾਬਾਸ਼ ਦਿੰਦੇ ਹੋਏ ਏਧਰ ਓਧਰ ਘੋੜੇ ਦੌੜਾ ੨ ਕਰ ਥਕੇ ਹੌਸਲੇ ਨਾਲ ਛਕਾਉਂਦੇ ਰਹੇ। ਇਸੇਤਰਾਂ ਜਦ ਕੁਤਬਾ ਥਾਮਣੀ ਪਿੱਛੇ ਲੰਘ ਚੱਲੇ ਤਾਂ ਅਹਿਮਦਸ਼ਾਹ ਨੂੰ ਛਲ ਕਰਨ ਦਾ ਝੋਣ ਵਾਲਾ ਝੱਸ ਆ ਪਿਆ। ਧੋਖਾ ਦੇਕੇ ਸਿੰਘਾਂ ਦੇ ਵਹੀਰ ਉਤੇ ਜਾ ਟੁੱਟਾ, ਬੇਸ਼ੁਮਾਰ ਸਿੰਘ ਕਤਲ ਕਰ ਕੱਢੇ, ਸਰਦਾਰਾਂ ਨੂੰ ਖਬਰ ਹੋਈ ਤਾਂ ਤਲਵਾਰਾਂ ਖਿਚਕੇ, ਘੋੜੇ ਦੌੜਾ ਕਰ ਦੁਰਾਨੀਆਂ ਵਿਚ ਜਾ ਵੜੇ, ਬੜੀ ਭਾਰੀ ਕਟਾ ਵੱਢ ਕੀਤੀ। ਸਰਦਾਰ ਜੱਸਾ ਸਿੰਘ ਆਲੂਵਾਲੀਏ ਤੇ ਸਰਦਾਰ ਚੜਤ ਸਿੰਘ ਨੇ ਚਾਰ ਹਜ਼ਾਰ ਸੂਰਬੀਰ ਨੂੰ ਲੈਕੇ ਤਿੰਨ ਵਾਰੀ ਖਾਸ ਅਹਿਮਦਸ਼ਾਹ ਨਾਲ ਜੂਝਣ ਲਈ ਦੁਰਾਨੀਆਂ ਦੀ ਸੈਨਾ ਗਾਹੀ, ਦੋ ਵਾਰੀ ਤਾਂ ਸ਼ਾਹ ਤੱਕ ਨਾ ਪਹੁੰਚੇ, ਤੀਜੀ ਵਾਰੀ ਸ਼ਾਹ ਦੇ ਨਜ਼ਦੀਕ ਜਾਕੇ ਸਰਦਾਰ ਜੱਸਾ ਸਿੰਘ ਗੱਜਕੇ ਬੋਲਜਾ ਕਿ ਅਹਿਮਦ ਸ਼ਾਹ! ਜੇ ਤੂੰ ਮਰਦ ਹੈਂ ਤਾਂ ਜਿਸਤਰਾਂ ਲੜਨਾ ਚਾਹੇਂ ਲੜ, ਮੇਰਾ ਤੇਰਾ ਦੇਹਾਂ ਦਾ ਜੰਗ ਹੋਵੇ ਤੇ

Sri Satguru Jagjit Singh Ji eLibrary NamdhariElibrary@gmail.com

ਖਲਬਲ ਦੇਖੇ। ਸਿੰਘ ਨੇ ਬਥੇਰਾ ਵੰਗਾਰਜਾ, ਪਰ ਅਬਦਾਲੀ ਨੂੰ ਹੌਸਲਾ ਨਾ ਹੋਯਾ, ਟਲ ਹੀ ਗਿਆ।

ਏਹ ਬਹਾਦਰੀ ਤੇ ਹੌਸਲਾ ਦੇਖਕੇ ਬਾਦਸ਼ਾਹ ਨੇ ਸਿੰਘਾਂ ਦੀ ਬਹੁਤ ਤਾਰੀਫ ਕੀਤੀ।ਓੜਕ ਸਿੰਘ ਆਪਣੇ ਵਹੀਰ ਨੂੰ ਵਿਚਕਾਰਲੈਕੇ ਕਿਲਾ ਬੰਨ੍ਹ ਤੁਰੇ, ਨਾਲੇ ਲੜਦੇ ਗਏ। ਜਿਧਰ ਵੈਰੀ ਜ਼ੋਰ ਪਾਉਂਦੇ ਓਧਰ ਸਰਦਾਰ ਘੋੜੇ ਦੌੜਾ ਕਰ ਜਾ ਅੜਦੇ। ਬੜੇ ਧਰਮ ਤੇ ਹੌਸਲੇ ਦੀਆਂ ਬਾਤਾਂ ਸਿੰਘਾਂ ਨੂੰ ਸੁਣਾਇ ੨ ਲੜਾਉਂਦੇ ਹੋਏ ਜਦ ਹਠੂਰ ਪਿੰਡ ਦੇ ਨੇੜੇ ਢੁਕੇ, ਤੇ ਦੋਪਹਿਰ ਢਲੀ ਨੂੰ ਜਦ ਪਾਣੀ ਦੀ ਝਾਹੀ ਲੋੜ ਪਈ ਤਾਂ ਮਲਵਈ ਸਿੰਘ ਆਪੁਜੇ, ਓਹ ਸੁੰਦਰ ਜਲ ਦੀ ਭਰੀ ਹੋਈ ਢਾਬ ਉੱਤੇ ਲੈ ਗਏ, ਪਠਾਣਾਂ ਨੇ ਸਿੰਘਾਂ ਤੋਂ ਪਾਣੀ ਲੈਣ ਵਾਸਤੇ ਬਹੁਤ ਹੱਲੇ ਕੀਤੇ, ਪਰ ਸਿੰਘ ਜਲ ਛੱਕ ਛੱਕ ਕੇ ਐਸੇ ਤਕੜੇ ਹੋਏ ਜੋ ਓਨ੍ਹਾਂ ਨੂੰ ਜਲ ਤੱਕ ਨਾ ਆਵਣ ਦਿੱਤਾ॥

ਇੱਕ ਤਾਂ ਜੰਗ ਦੇ ਫਿਕਰ ਵਿੱਚ ਦੌੜਾ ਦੌੜ, ਦੂਜੇ ਗਰਦ ਤੇ ਤੀਜੇ ਵੈਸਾਖ ਦੀ ਧੁੱਪ ਗਰਮੀ ਦੇ ਮਾਰੇ ਪਠਾਣ ਤੇ ਓਨ੍ਹਾਂਦੇ ਘੋੜੇ ਪਾਣੀ ਤੋਂ ਬਿਨਾ ਜਦ ਮੌਤ ਦਾ ਗ੍ਰਾਸ ਹੋਣ ਲੱਗੇ, ਤਦ ਬਾਦਸ਼ਾਹਨੇ ਫੌਜ ਪਿੱਛੇ ਹਟਾਲਈ। ਏਧਰ ਸਿੰਘ ਭਦੌੜ, ਢੁਡਾਛੀ,ਦਰਾਜ,ਤੱਪਾ ਫੂਲ,ਮਰਾਝ ਆਦਿਕ ਪਿੰਡਾਂ ਦੀ ਤਰਫ ਨੂੰ ਨਿਕਲ ਗਏ, ਮਲਵਈ ਸਿੱਖਾਂ ਨੇ ਬਹੁਤ ਖਾਤਰ ਟਹਿਲ ਕੀਤੀ। ਏਧਰ ਅੱਠ ਦੱਸ ਕੋਹ ਵਿੱਚ ਜੋ ਲੋਥਾਂ ਦੇ ਸਥਾਰ ਪਏ ਸੀ, ਬਾਦਸ਼ਾਹ ਨੇ ਓਨਾਂ ਵਿੱਚੋਂ ਸਬਨਾਂ ਸਿੰਘਾਂ ਦੇ ਸਿਰ ਕਟਵਾਕੇ ਲਾਹੌਰ ਲੈਜਾਨ ਲਈ ਗੱਡੇ ਭਰ ਲਏ ਤੇ ਲਾਹੌਰ ਦਿੱਲੀ ਦਰਵਾਜੇ ਤੋਂ ਬਾਹਰ ਓਨ੍ਹਾਂ ਸਿਰਾਂ ਦਾ ਇਕ ਮੁਨਾਰਾ ਚਿਣ ਦਿੱਤਾ, ਏਸ ਜੰਗ ਵਿੱਚ ਤੇਰਾਂ ਹਜਾਰ ਸਿੰਘ ਤੇ ਕੁਛ

Sri Satguru Jagjit Singh Ji eLibrary NamdhariElibrary@gmail.com

ਹਿੰਦੂ ਬਾਕੀ ਮੁਸਲਮਾਨ ਸਭ ਤੀਸ ਹਜ਼ਾਰ ਆਦਮੀ ਸ਼ਹੀਦ ਹੋਯਾ, ਤਾਂਹੀ ਏਸ ਜੰਗ ਦਾ ਨਾਮ ਵੱਡਾ ਘੱਲੂਘਾਰਾ ਹੈ ॥

ਦਰਬਾਰ ਸਾਹਿਬ ਨੂੰ ਬਾਰੂਦ ਧਰਕੇ ਉਡਾਨਾ

ਏਥੋਂ ਮੁੜਕੇ ਛਾਦਸ਼ਾਹ ਅੰਮ੍ਰਤਸਰ ਪਹੁੰਚਿਆ। ਜੇਠ ਸੰਃ੧੮੧੯ ਬਿਃ ਵਿੱਚ ਦਰਬਾਰ ਸਾਹਿਬ ਨੂੰ ਬਾਰੂਦ ਧਰਕੇ ਉਡਵਾ ਦਿੱਤਾ। ਤੇਸੀ ਨਾਲ ਇੱਟਾਂ ਉਡਕੇ ਚਾਰ ੨ ਕੋਹ ਤੱਕ ਗਈਆਂ। ਬਾਦਸ਼ਾਹ ਦਾ ਲਸ਼ਕਰ ਜੋ ਚਾਰੋਂ ਤਰਫ ਕੋਹਾਂ ਵਿੱਚ ਉਤਰਯਾ ਹੋਯਾ ਸੀ, ਓਸ ਵਿੱਚੋਂ ਸੈਂਕੜੇ ਲੋਕ ਇਟਾਂ ਨਾਲ ਜਖਮੀ ਹੋਏ ਤੇ ਇੱਕ ਇੱਟ ਖਾਸ ਅਹਿਮਦ ਸ਼ਾਹ ਦੇ ਨੱਕ ਉਤੇ ਜਾ ਵੱਜੀ, ਜਿਸਦੀ ਸੱਟ ਨਾਲ ਸ਼ਾਹ ਨੂੰ ਨਾਸੂਰ ਦੀ ਬੀਮਾਰੀ ਹੋਗਈ ਤੇ ਐਸੀ ਚੱਮੜੀ ਜੋ ਜਾਨ ਹੀ ਲੈ ਗਈ॥ ਏਸ ਰੱਲੋਂ ਬਾਦਸ਼ਾਹ ਗੱਜ ਖਾੜੇ ਤਾਲਾਬ ਅੰਮ੍ਰਤਸਰ ਨੂੰ ਮਿੱਟੀ ਨਾਲ ਭਰਵਾ ਕਰ ਖੇਤੀ ਬੀਜਣ ਦਾ ਹੁਕਮ ਦੇ ਗਿਆ; ਸੋ ਜਹਾਨਖਾਂ ਨੇ ਓਥੇ ਉਤਰਕੇ ਗਿਰਦਨਿਵਾਹੀ ਦੇ ਪਿੰਡਾਂ ਤੋਂ ਦੋ ਮਹੀਨੇ ਵਿੱਚ ਸਭ ਕੰਮ ਕਰਵਾ ਕੱਢਯਾ ॥

ਕਸ਼ਮੀਰ ਦੁਰਾਂਨੀ ਨੇ ਲੈਣਾ

ਬਾਦਸ਼ਾਹ ਨੇ ਲਾਹੌਰ ਆਣ ਸਾਰ ਮਾਲੂਮ ਕੀਤਾ ਕਿ ਕਸ਼ਮੀਰ ਦਾ ਹਾਕਮ ਜੀਵਣ ਮੱਲ ਆਕੀ ਹੈ। ਸੋ ਤੁਰਤ ਨੂਰ ਦੀਨ ਅਮੀਰ ਨੂੰ ਫੌਜ ਦੇਕੇ ਚੜ੍ਹਾ ਦਿੱਤਾ। ਓਸਨੇ ਰਾਜਾ ਰਣਜੀਤ ਦੇਉ ਜੋ ਜੀਉਣ ਮੱਲ ਦਾ ਸਾਥੀ ਸੀ, ਸ਼ਾਹ ਕਾਬੁਲ ਦੀ ਤਾਬੇਦਾਰੀ ਮਨਾ ਕੇ ਕਸ਼ਮੀਰ ਵਿੱਚ ਜੀਉਣ ਮੱਲ ਨੂੰ ਜਾ ਘੇਰਯਾ। ਪਹਿਲੀ ਲੜਾਈ ਵਿੱਚ ਹੀ ਓਸਦੀ ਮੁਸਲਮਾਨੀ ਫੌਜ ਨੇ ਨੂਰਦੀਨ ਨਾਲ ਮਿਲਕੇ ਜੀਉਣ ਮਲ

Sri Satguru Jagjit Singh Ji eLibrary NamdhariElibrary@gmail.com

ਨੂੰ ਛੜਾ ਦਿੱਤਾ, ਓਹ ਕੈਦ ਹੋਕੇ ਬਾਦਸ਼ਾਹ ਪਾਸ ਆਯਾ ਤਾਂ ਕਤਲ ਕੀਤਾ ਗਿਆ । ਸ਼ਾਹ ਨੇ ਸਰਬੁਲੰਦ ਖਾਂ ਨੂੰ ਸੂਬਾ ਕਸ਼ਮੀਰ ਬਣਾਕਰ ਨੂਰਦੀਨ ਨੂੰ ਬੁਲਾ ਲਿਆ ।

ਏਧਰ ਲਾਹੌਰ ਵਿੱਚ ਦਸ ਹਜ਼ਾਰ ਫੌਜ ਸਮੇਤ ਕਾਬਲੀ ਮਲ ਦੀਵਾਨ ਤੇ ਖ੍ਵਾਜੇ ਹਮੀਦ ਨੂੰ ਛੱਡ ਕੇ ਆਪ ਕਾਬਲ ਨੂੰ ਚਲਾ ਗਿਆ ॥

ਸ਼ਾਹ ਗਏ ਪਿੱਛੇ ਹਿੰਦੂਆਂ ਪਰ ਜ਼ੁਲਮ

ਜਦ ਸਿੰਘਾਂ ਦਾ (ਘੱਲੂ ਘਾਰਾ)ਏਹ ਹਾਲ ਕਰਕੇ ਬਾਦਸ਼ਾਹ ਲਾਹੌਰ ਨੂੰ ਮੁੜਿਆ ਸੀ ਤਾਂ ਦੇਸੀ ਮੁਸਲਮਾਨ ਐਸੇ ਭੂਹੇ ਹੋਏ ਜੋ ਹਿੰਦੂਆਂ ਨੂੰ ਮਲੋ ਮੱਲੀ ਮੁਸਲਮਾਨ ਕਰਨ ਲੱਗ ਪਏ ॥

ਸ਼ੇਖ ਫਤੇ ਮਹੰਮਦ ਖਾਂ ਤੇ ਮਹੈਮ ਸ਼ਾਹ ਕੋਟ ਕਛੂਏ ਦੇ ਨਵਾਬਾਂ ਨੇ ਨਾਮੀ ੨ ਤਿੰਨ ਸੌ ਹਿੰਦੂ ਆਪਣੀ ਰਜਾਸਤ ਵਿੱਚੋਂ ਫੜ ਮੰਗਾਏ । ਦੋ ਸੌ ਨੂੰ ਤਾਂ ਪਿੰਜੀ ਪਿੰਜੀ ਮੁਸਲਮਾਨ ਬਣਾ ਲਿਆ ਤੇ ਇੱਕ ਸੌ ਜਿਨਹੇ ਧਰਮ ਨਾ ਛੱਡਣਾ ਸੋ ਕਤਲ ਕਰ ਛੱਡਣਾ ॥

ਸਿੰਘਾਂ ਨੇ ਨਵਾਬਾਂ ਤੋਂ ਬਦਲੇ ਲੈਣੇ

ਓਧਰ ਜਦ ਖਾਲਸੇ ਨੇ ਜਥਾਂ ਤੋਂ ਜਾਣੀ ਹੋਕੇ ਇਸ਼ਨਾਨ ਕੀਤੇ ਅਤੇ ਆਪੋ ਆਪਣੇ ਸਰਦਾਰਾਂ ਜੱਥੇਦਾਰਾਂ ਪਾਸ ਕੱਠੇ ਹੋਕੇ ਅੰਮ੍ਰਿਤਸਰਦੀ ਬਿਅਦਬੀਦਾ ਹਾਲ ਤੇ ਹਿੰਦੂਆਂ ਪਰ ਜ਼ੁਲਮ ਦਾ ਵਰਤਾਉ ਸੁਣਿਆਂ, ਤਾਂ ਧਰਮ ਬਦਲੇ ਸ਼ਹੀਦ ਹੋਣਾ ਥਾਪ ਕੇ ਸ਼ਮਸ਼ੇਰਾਂ ਖਿੱਚਕੇ, ਪਹਿਲੇ ਤਾਂ ਭੀਖਨ ਖਾਂ ਮਲੇਰ ਕੋਟਲੇ ਵਾਲੇ ਦਾ ਛੇਰ ਕੱਢੀ ਤੇ ਓਸਤੋਂ ਨਜ਼ਰਾਨਾ ਲੈਕੇ ਨੱਕ ਨਾਲ ਲਕੀਰਾਂ ਕਢਾਈਆਂ ਫੇਰ ਦੀਵਾਨ ਲੱਛਮੀ ਸਹਾਇ ਨੂੰ

Sri Satguru Jagjit Singh Ji eLibrary NamdhariElibrary@gmail.com

ਤੇ ਰਾਇ ਅਲਿਯਾਸ ਦੇ ਮੁਸਾਹਿਬ ਮੌਲਵੀ ਰਹਿਮ ਤੁੱਲਾ ਆਦਿਕ ਨੂੰ(ਜਿਨਾਂ ਨੇਸਿੰਘਾਂਤੇਹਿੰਦੂਆਂ ਪਰ ਕਧੀਰੀਆਂਕੀਤੀਆਂ ਸਨ)ਗਰਾਫ਼ਾਂਵਿੱਚਜਾ ਘੇਰਜਾਜੱਦਪਿ ਸ਼ਹਰਦੇ ਵਡੇਰੇਚੌਧਰੀਆਂ ਦੀ ਭੀ ਸੋਧ ਕੀਤੀ, ਪਰ ਉਨਾਂ ਦੀ ਤਾਂ ਬੁਰੀ ਦਸ਼ਾ ਕਰਕੇ ਜਾਨ ਕੱਢੀ। ਏਸੇ ਤਰਾਂ ਜਿਨਾਂ ਮੁਸਲਮਾਨਾਂ ਨੇ ਬੁਰਾਈਆਂ ਕੀਤੀਆਂ ਸਨ, ਉਨਾਂ ਨੂੰ ਉਨਾਂ ਦੇ ਕਰਮਾਂ ਦਾ ਫਲ ਦਿੰਦੇ ਹੋਏ ਛੋਟ ਕਛੂਏ, ਪਰਗਨੇ ਅੰਬਾਲੇ ਵਿੱਚ ਜਾ ਪਹੁੰਚੇ।ਨਵਾਬ ਫਤੇ ਮੁਹੰਮਦ ਖਾਂ ਤੇ ਮੁਹੰਮਦ ਸ਼ਾਹ ਦੀ ਤਾਂ ਬੋਟੀ ੨ ਚੀਲਾਂ ਕਾਵਾਂ ਨੂੰ ਵੰਡ ਛੱਡੀ, ਉਨਾਂ ਦੇ ਸਾਥੀਆਂ ਨੂੰ ਭੀ ਤੇਗ ਦੀ ਭੇਟਾ ਕੀਤਾ ॥

ਇਨਾਂ ਦੇ ਵਲੋ ਨਵਾਬ ਸਾਦਕ ਸ਼ਾਹ ਨੂੰ ਬੰਦੇ ਬਹਾਦਰ ਨੇ ਓਸਦੇ ਜ਼ੁਲਮ ਦਾ ਫਲ ਸੰਃ੧੭੭੨ ਵਿਃ ਵਿੱਚ ਏਸ ਤਰਹ ਚਖਾਯਾ ਸੀ, ਕਿ ਓਸਨੂੰ ਸਾਥੀਆਂ ਸਮੇਤ ਰੂਸ ਵਿੱਚ ਲਪੇਟ ਕੇ ਤੇਲ ਨਾਲ ਤਰ ਕੀਤਾ, ਤੇ ਅੱਗ ਲਗਾ ਕਰ ਮੈਦਾਨ ਵਿੱਚ ਛੱਡ ਦਿਤਾ ਸੀ। ਓਹ ਸਾਰੇ ਹੀ ਬਥੇਰਾ ਟੱਪੇ ਨਸੇ, ਪਰ ਓੜਕ ਰੰਡੀ ਦਾ ਗਰਾਸ ਹੋਏ। ਫੇਰ ਬੋਹ,ਬੁਬਯਾਲ,ਨਾਰੁਟੀ, ਧੀਣ, ਮੁਲਾਣੇ, ਸਢੌਰੇ, ਬੁੜੀਏ ਆਦਿਕ ਦੇ ਮੁਸਲਮਾਨਾਂ ਦੀ ਦੁਰ-ਦਸ਼ਾ ਕਰਕੇ, ਮਾਰੋ ਮਾਰ ਕਰਦੇ ਹੋਏ ਸਹਾਰਨ ਪੁਰ ਜਾ ਚੜ੍ਹੇ। ਓਥੋਂ ਦੇ ਨਵਾਬ ਜ਼ਿਮਮਰਦਖਾਂ ਆਦਿਕਾਂ ਨੂੰ ਮਾਰ ਦੇ ਚਲੇ ਚਖਾ ਕੇ; ਸ਼ਹਿਰ ਨੂੰ ਖੂਬ ਲੋਟਿਆ ਤੇ ਬੀਗਾ ਸੀ ਨੂੰ ਸੋਧ ਪਰ ਛਏ। ਚਮਤੇ ਦੇ ਨਗਰਾਂ ਨੂੰ ਸੋਧਦੇ ਹੋਏ ਜਦ ਅੰਬਲੀ ਗਏ ਤਾਂ ਏਥੋਂ ਦੇ ਜ਼ਮਾਂਦੀ ਫਕੀਰਾਂ ਨੇ ਬਾਦਸ਼ਾਹੀ ਠਾਠ ਬਣਾਕੇ ਬੀਗਾ ਦੇ ਯਾਤਰੀਆਂ ਵਾਸਤੇ ਡਲ੍ਹਾ ਲਾ ਰੱਖਣਾ ਸੀ ਤੇ ਸਵਾ ਰੁਪਯਾ ੧।) ਮੁਡਕਾ ਲਏ ਬਿਨਾ ਕਿਸੇ ਨੂੰ ਅੱਗੇ

Sri Satguru Jagjit Singh Ji eLibrary NamdhariElibrary@gmail.com

ਨਹੀਂ ਜਾਣ ਦਿੰਦੇ ਸੇ। ਸਿੰਘਾਂ ਪਾਸੋਂ ਭੀ ਮੁੰਡਕਾ ਮੰਗਿਆ, ਪਰ ਸਿੰਘਾਂ ਨੇ ਐਸਾ ਮੁੰਡਨ ਦਿੱਤਾ ਕਿ ਚੰਗੀ ਤਰਾਂ ਯਾਦ ਪਏ ਕਰਨ ਤੇ ਉਨ੍ਹਾਂ ਨੂੰ ਮਾਰ ਲੁਟ ਕੇ ਆਪ ਗੰਗਾ ਪਰ ਜਾ ਪਹੁੰਚੇ॥

ਜਾਲਾਪੁਰ ਮੋਰਿੰਡਾ ਸੋਧਣਾ

ਸੰਃ ੧੯੨੦ ਬਿਃ ਨੂੰ ਵਿਸਾਖੀ ਦਾ ਇਸ਼ਨਾਨ ਗੰਗਾ ਪਰ ਕਰਕੇ ਜਾਲਾਪੁਰ ਦੇ ਮੁਸਲਮਾਨਾਂ ਪਰ (ਜਿਨਾਂ ਨੇ ਆਪਣੇ ਇਲਾਕੇ ਦੇ ਬ੍ਰਾਹਮਣਾਂ ਖੱਤ੍ਰੀਆਂ ਦੀਆਂ ਇਸਤ੍ਰੀਆਂ ਖੋਹ ਰਖੀਆਂ ਸਨ) ਹੱਲਾ ਕਰ ਦਿੱਤਾ। ਮੁਸਲਮਾਨਾਂ ਨੂੰ ਮਾਰ ਲੁਟਕੇ, ਪੰਡਜਾਂ ਦੀਆਂ ਔਰਤਾਂ ਪੰਡਜਾਂ ਨੂੰ ਦਿਵਾਈਆਂ। ਫੇਰ ਮੈਣਦਾਬ ਦੇਸ ਦੇ ਵਿਚ ਦੀ ਮਾਰੋਮਾਰ ਕਰਦੇ ਮੋਰਿੰਡੇ(ਬਾਲਾਂ ਵਾਲੇ) ਆ ਪਹੁੰਚੇ। ਏਥੋਂ ਦੇ ਜਾਨੀਖਾਂ, ਮਾਨੀਖਾਂ, ਗੁਲਸ਼ੇਰਖਾਂ, ਪਠਾਣਾਂ ਨੂੰ (ਜਿਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦੇ ਸਰਹੰਦ ਵਿਚ ਲੈਜਾਕੇ ਕਤਲ ਕਰਾਏ ਸੇ) ਓਨਾਂ ਦੇ ਭੈੜੇ ਕਰਮ ਦਾ ਫਲ ਭੁਗਾਯਾ, ਮੋਰਿੰਡਾ ਲੁਟ ਮਾਰ ਕੇ ਬਰਬਾਦ ਕਰ ਦਿਤਾ।

ਏਸ ਦੌਰੇ ਦੇ ਸਾਮਾਨ ਨਾਲ ਸਿੰਘਾਂ ਨੇ ਆਪਣੀ ਫੌਜੀ ਤਾਕਤ ਬਹੁਤ ਵਧਾ ਲਈ। ਜਿਤਨੇ ਸਿੰਘ ਘਲੂਘਾਰੇ ਵਿਚ ਸ਼ਹੀਦ ਹੋਏ, ਉਸ ਤੋਂ ਦੂਣੇ ਹੋਰ ਸਜ ਗਏ। ਏਸੇ ਸਮੇਂ ਜਦ ਖਾਲਸੇ ਦਾ ਦਲ ਹਰਿਦ੍ਵਾਰ ਵੰਨੀਓਂ ਮੁੜਕੇ ਆਯਾ ਤਾਂ ਰਾਜਾ ਆਲਾ ਸਿੰਘ ਨੇ ਪਟਨਾਲੇ ਦੀ ਚੱਠ ਦਾ ਬੜਾ ਭਾਰੀ ਜੱਗ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਯਾ, ਸਰਬ ਖਾਲਸੇ ਨੂੰ ਬੜੀ ਆਓ ਭਗਤ ਨਾਲ ਪਟਨਾਲੇ ਲੈ ਜਾਕਰ ਸੁਖੇ ਦੀ ਮਿਠੀ ਦੇਗ ਕਰਾਈ ਤੇ ਕੜਾਹ ਪਰਸ਼ਾਦ ਦੇ ਖੁਲ੍ਹੇ

Sri Satguru Jagjit Singh Ji eLibrary NamdhariElibrary@gmail.com

ਗੱਦੇ ਛਡਾਏ, ਅਤੇ ਆਪਣੇ ਪੋਤਰੇ ਅਮਰ ਸਿੰਘ ਨੂੰ ਸਰਦਾਰ ਜੱਸਾ ਸਿੰਘ ਆਲੂਵਾਲੀਏ ਪਾਸੋਂ ਅੰਮ੍ਰਿਤ ਛਕਾਯਾ, ਜਿਸਦੇ ਬਦਲੇ ਬੀਸਵੂ ਦਾ ਪਰਚਾ ਦਿਤਾ ਗਿਆ ॥

ਸਰਹੰਦ ਤੇ ਮੋਰਿੰਡਾ

ਖਾਲਸੇ ਨੇ ਕੁਰਮਤਾ ਕਰਕੇ ਸਰਹੰਦ ਉਪਰ ਧਾਵਾ ਕਰਨ ਲਈ ਸਭ ਮਝੈਲ ਤੇ ਮਲਵਈ ਸਿੰਘ ਬੁਲਾ ਭੇਜੇ ਸਰਹੰਦ ਪਰ ਧਾਵਾ ਸੁਣਦੇਹੀ ਸਿੰਘਾਂ ਨੂੰ ਤਾਂ ਰੋਹ ਚੜ੍ਹ ਗਿਆ, ਸਰਹੰਦ ਦੇ ਸੂਏ ਨੂੰ ਖਬਰ ਭੀ ਨਾ ਹੋਣ ਦਿਤੀ ਤੇ ਆਸ ਪਾਸ ਢੋਏ ਨਦੀ ਦੇ ਕਿਨਾਰੇ ਜੰਗਲ ਵਿਚ ਪੰਜਾਹ ਹਜ਼ਾਰ ਅਸਵਾਰ ਪਜਾਦਾ ਇਕੱਠਾ ਹੋਗਿਆ। ਚਾਰਕੁ ਹਜ਼ਾਰ ਸਿੰਘ ਜੋ ਮੋਰਿੰਡੇ ਵੰਨੀ ਪਹਿਲੇ ਹੀ ਫਿਰ ਰਿਹਾ ਸੀ, ਜਦ ਓਹ ਮੋਰਿੰਡੇ ਨੂੰ ਸੋਧਦੇ ਹੋਏ ਸਰਹੰਦ ਦੀਆਂ ਕੰਧਾਂ ਤਕ ਆ ਫਿਰੇ, ਤਾਂ ਜੋਨਖਾਂ ਸੂਬਾ ਫੌਜ ਲੈਕੇ ਉਨਾਂ ਦੇ ਪਿਛੇ ਲੱਗ ਪਿਆ ਤਾਂ ਖਾਲਸੇ ਨੇ ਚੰਗਾ ਮੌਕਾ ਵੇਖਕੇ ਅਚਾਨਕ ਸੋਧ ਕੇ ਪੰਦਰਾਂ ਕੋਹਾਂ ਤੋਂ ਹੱਲਾ ਕਰਾ ਦਿਤਾ। ੧੩ ਜੇਠ ਸੰਮਤ ਚੌਥਵਾਲੇ ਦਿਨ ਸੰਃ ੧੮੨੦ ਵਿਃ ਨੂੰ ਖੁਲੇ ਦਰਵਾਜ਼ੀਂ ਅੱਚਾਚੇਤ ਠੱਠ ਦੇ ਪਹਿਰ ਦੇ ਸਮੇਂ ਸਰਹੰਦ ਵਿਚ ਜਾ ਵੜੇ। ਬਿਨਾ ਪੁਛੇ ਕਤਲਆਮ ਸ਼ੁਰੂ ਕਰ ਦਿੱਤੀ, ਜਿਨ੍ਹਾਂ ਜਿਨ੍ਹਾਂ ਜ਼ਾਲਮਾਂ ਨੇ ਜ਼ੁਲਮ ਕੀਤੇ ਸਨ ਉਨ੍ਹਾਂ ਨੂੰ ਚੜ ਚੜ ਖੁਬ ਸੋਧਿਆ।

ਜੋਨਖਾਂ ਸੂਬੇ ਸਰਹੰਦ ਪਰ ਚੜੇ

ਏਹ ਖਬਰ ਸੁਣਦੇ ਸੂਬੇਦਾਰ ਜੋਨ ਖਾਂ ਫੌਜ ਸਮੇਤ ਸਰ ਸਰਹੰਦ ਦੀ ਤਰਫ ਮੁੜਦੇ 'ਆਜਾ ਤਾਂ ਸਿੰਘਾਂ ਨੇ ਚਾਰ ਕੋਹ ਅਗੇ ਵਧਕੇ ਬੁਲਾੜੇ ਪਿੰਡ ਪਾਸ ਜਾ ਹੋਕਰਾ, ਬੜਾ ਭਾਰੀ

Sri Satguru Jagjit Singh Ji eLibrary NamdhariElibrary@gmail.com

ਜੰਗ ਹੋਯਾ, ਦੋਹਾਂ ਪਾਸਿਆਂ ਦੇ ਬਹੁਤ ਆਦਮੀ ਮਾਰੇ ਗਏ, ਓਹਦਾ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦੁਗਾੜੇ ਨੇ ਜੈਨ ਖਾਂ ਨੂੰ ਜੈ ਕੀਤਾ। ਜਦ ਘੋੜੇ ਉੱਤੋਂ ਡਿਗਾ ਤਾਂ ਸਰਦਾਰ ਬਹਾਦਰ ਦੇ ਸੁਖਈ ਬਰਾੜ ਸਿੰਘ ਨੇ ਜੈਨਖਾਂ ਦਾ ਸਿਰ ਕੱਟਕੇ ਨਵਾਬ ਕਪੂਰ ਸਿੰਘ ਅਗੇ ਜਾ ਰੱਖਯਾ। ਸਰਹੰਦ ਤੋਂ ਤਿੰਨ ਕੋਹ ਪਰ ਜੈਨੇ ਪੀਰ ਦੀ ਖਾਨਕਾਹ (ਸਮਾਧ) ਹੈ ਓਥੇ ਜਦ ਜੈਨਖਾਂ ਮਾਰਿਆ ਗਿਆ, ਤਾਂ ਓਸਦੀ ਫੌਜ ਸਭ ਤਿੱਤ ਬਿਤ ਹੋ ਗਈ। ਫੇਰ ਤਾਂ ਸਿੰਘਾਂ ਨੇ ਨਿਸੰਗ ਹੋਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਪੂਰਾ ਕੀਤਾ, ਕਈ ਦਿਨ ਤੱਕ ਓਥੇ ਡੇਰਾ ਰੱਖਕੇ ਚੰਗੀ ਤਰਾਂ ਸ਼ਹਿਰ ਨੂੰ ਸੋਧਿਆ ਤੇ ਵੱਡੇ ੨ ਮੰਦਰ ਬਾਰੂਦਨਾਲ ਜੜਾਂ ਤੋਂ ਉਖੇੜ ਸਿਟੇ। ਗਿਰਦ ਨਿਵਾਹੀ ਦੀ ਬੇਸ਼ੁਮਾਰ ਖਲਕਤ ਤੇ ਧਾੜਵੀ ਲੋਗ ਪੀੜੀਆਂ ਦੇ ਪਰਸ਼ਾਦੇ ਲੈ ਗਏ। ਓਥੋਂ ਦੇ ਸ਼ਾਹੂਕਾਰ ਤੇ ਹਰਤਰਾਂ ਦੇ ਹੁਨਰ ਵਾਲੇ ਲੋਗ ਉਜੜ ਕੇ ਲੁਦੇਹਾਣੇ, ਅੰਮ੍ਰਿਤਸਰ, ਲਾਹੌਰ, ਦਿਲੀ, ਪਟਯਾਲੇ ਆਦਿਕ ਨਗਰਾਂ ਵਿਚ ਬਹੁਤ ਜਾ ਵਸੇ ਜੋ ਹੁਣ ਤਕ ਓਨੀ ਥਾਈਂ ਸਰਹੰਦੀ ਨਾਮ ਕਰਕੇ ਮਸ਼ਹੂਰ ਹਨ॥

ਮਹਾਰਾਜੇ ਆਲਾ ਸਿੰਘ ਨੇ ਸਰਹੰਦ ਮਲਨੀ

ਜਦ ਸ਼ਹਿਰ ਵਿਚ ਕੁਛ ਨਾ ਰਿਹਾ ਤਾਂ ਪੰਜੀ ਹਜ਼ਾਰ ਰੁਪਯਾ ਨਕਦ ਰਾਜਾ ਆਲਾ ਸਿੰਘ ਤੇਂ ਖਾਲਸੇ ਨੇ ਲੈਕੇ ਕਿਲੇ ਸਮੇਤ ਸ਼ਹਰ ਰਾਜੇ ਦੇ ਹਵਾਲੇ ਕਰ ਦਿਤਾ, ਜਿਥੋਂ ਬੇਸ਼ੁਮਾਰ ਜੱਥਯਾਰ ਤੋਪਾਂ ਆਦਿਕ ਜੋ ਹੁਣ ਤਾਂਈ ਪਟਯਾਲੇ ਵਿਚ ਹਨ, ਰਾਜਾ ਦੇ ਹੱਥ ਆਏ। ਹੋਰ ਮੁਲਕ ਦਰਿਆ

Sri Satguru Jagjit Singh Ji eLibrary NamdhariElibrary@gmail.com

ਸਤਲੁਜ ਤੇ ਜਮਨਾਂ ਦੇ ਅੰਦਰ ੨ ਸਭ ਖਾਲਸੇ ਨੇ ਮੱਲ ਲਿਆ ਜੋੜ ਪਰਗਣਾ ਜਿਸ ਸਰਦਾਰ ਨੇ ਤੇ ਜੋੜ੍ਹਾ ਪਿੰਡ ਜਿਸ ਅਸਵਾਰ ਨੇ ਰੋਕ ਲਿਆ, ਉਸ ਨੂੰ ਫੇਰ ਦੂਸਰੇ ਸਿੰਘ ਨੇ ਟੋਕ ਨਹੀਂ ਕੀਤੀ, ਓਹ ਉਸਦਾ ਮਾਲਕ ਬਣਜਾਂ ਜਿਹਾ।

ਪਰਗਣਾ ਸਰਹੰਦ, ਬਾੜਾ, ਰਾਜਪੁਰਾ, ਥਾਨੂੰਡ, ਚਨਾਲਥਲ, ਆਦਿਕ ਰਾਜਾ ਆਲਾ ਸਿੰਘ ਨੇ ਅਮਲੋਹ, ਭਾਦਸੋ ਆਦਿਕ ਚੌਧਰੀ ਹਮੀਰ ਸਿੰਘ ਨੇ, ਹਠੂਰ ਆਦਿਕ ਚੌਧਰੀ ਬਿਧਾ ਸਿੰਘ ਨੇ, ਮਲੌਦ ਆਦਿਕ ਸਰਦਾਰ ਮਾਨ ਸਿੰਘ ਨੇ, ਪਟੋਧਾ, ਮਗਰ ਬਹੂਨਾ, ਕੈਂਥਲ, ਖੜਦਾਲ, ਕੁਲਾਰ ਆਦਿਕ ਭਾਈ ਦੇਸੂ ਸਿੰਘ ਨੇ। ਏਸੇ ਤਰਾਂ ਮਝੈਲ ਛੈਲਬੀ ਸਭ ਦੇਸ਼ ਆਪਣੇ ਕਾਬੂ ਕਰ ਬੈਠੇ। ਏਨ੍ਹਾਂ ਦਾ ਪੂਰਾ ਹਾਲ ਤੀਜੇ, ਚੌਥੇ ਹਿਸੇ ਵਿਚ ਹੈ। ਏਹ ਸਵਾ ਲੱਖ ਰੁਪਏ ਦਾ ਮੁਲਕ ਥਾਉਂਨੀ ਸਰਹੰਦ ਖਾਲਸੇ ਦੇ ਹੱਥ ਆਉਣੇ ਕਰ ਤੇਜ ਪ੍ਰਤਾਪ ਬਹੁਤ ਵਧ ਗਿਆ॥

ਸਰਹੰਦ ਦੀਆਂ ਜੜਾਂ ਪੁੱਟਨੀਆਂ

ਏਸ ਸਰਹੰਦ ਪੁਤ ਹਮੇਸ਼ ਸਿੰਘ ਦੰਦ ਪੀਹਾ ਕਰਦੇ ਸੇ, ਕਿਉਂਕਿ ਔਰੰਗਜ਼ੇਬ ਦੇ ਸਮੇਂ ਸੰਃ ੧੭੬੧ ਬਿਃ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸ਼ਾਹਜ਼ਾਦੇ ਛੋਟੇ ੨ ਬਚੇ ਬੇਗੁਨਾਹ ਸੂਬੇ ਬਜੀਦਖਾਂ ਨੇ ਏਥੇ ਕਤਲ ਕਰਾ ਕੱਢੇ ਸੇ, ਏਸ ਕਰਕੇ ਗੁਰੂ ਮਹਾਰਾਜ ਦਾ ਹੁਕਮ ਸੀ ਕਿ ਮੇਰੇ ਸਿੰਘ ਏਸ ਦੀਆਂ ਜੜਾਂ ਪੁੱਟਕੇ ਸਤਲੁਜ ਵਿਚ ਸਿੱਟਣਗੇ, ਤਾਂਹੀ ਸਿੰਘ ਏਸ ਨੂੰ ਉਜਾੜਕੇ ਠੰਢੇ ਹੋਏ, ਪੰਜ ਪੰਜ ਇਟਾਂ ਹਰ ਇਕ ਸਿੱਖ ਨੇ ਸਤਲੁਜ ਵਿਚ ਪਾਈਆਂ, ਤੇ ਪਾਉਂਦੇ ਰਹੇ, ਬਾਕੀ ਸੰਃ ੧੯੨੮ ਤੇ ੨੯ ਬਿਃ

Sri Satguru Jagjit Singh Ji eLibrary NamdhariElibrary@gmail.com

ਵਿਚ ਮਹਾਰਾਜੇਮਹਿੰਦਰਸਿੰਘਪਟਯਾਲੇ ਵਾਲੇ ਨੇ ਰੇਲਵਾਈਆ ਤੋਂ ਓਹੋ ਖੋਲੇ ਪੁਟਵਾਕੇ ਦੂਰ ਦੂਰ ਤਕ ਰੇਲ ਦੀ ਸੜਕ ਵਿਚ ਪਵਾਏ । ਏਧਰ ਸਿੰਘਾਂ ਨੇ ਸਰਹੰਦ ਦੇ ਮੁਲਕ ਪਰ ਆਪਣੀ ਮਾਲਜ਼ੀ ਕਰ ਲਈ ਤੇ ਓਧਰ ਮਾਝਾ ਦਬਾਯਾ, ਦਰਪ ਆਦਿਕ ਏਸ ਸੁਕ੍ਰ ਚੱਕੀਆਂ ਘਨੱਯਾਂ, ਨਕੱਯਾਂ, ਰਾਮ ਗੜ੍ਹੀਆਂ ਭੰਗੀ ਸਰਦਾਰਾਂ ਨੇ ਰੋਕ ਲਏ । ਏਸ ਸਮੇਂ ਸੂਬੇ ਲਾਹੌਰ ਦੇ ਹਾਕਮ ਦਾ ਹੁਕਮ ਸਿਰਫ ਸ਼ਹਿਰ ਦੇ ਅੰਦਰ ਅੰਦਰ ਹੀ ਸੀ, ਬਾਹਰ ਨਹੀਂ ਜਾ ਸਕਦਾ ਸੀ । ਜਾਲੰਧਰ ਦੇ ਹਾਕਮ ਸ਼ਾਹਵਲੀ ਖਾਂ ਨੇ ਸਰਦਾਰ ਬਾਘਾ ਸਿੰਘ ਰੋਘੇਨਾਲ ਕੁਛ ਪੈਸਾ ਛਿਕਾ ਕੀਤਾ, ਪਰ ਜਦ ਜਾਣਿਆਂ ਕਿ ਸਿੰਘ ਮੈਨੂੰ ਨਹੀਂ ਛੱਡਣਗੇ ਤਾਂ ਦਰ ਵੱਟ ਗਿਆ ਤੇ ਏਹੋ ਸੋਚਕੇ ਕਾਬਲ ਮੱਲ ਨੇ ਭੀ ਸਿੰਘਾਂ ਨਾਲ ਨਾ ਛਿੜਾੜੀ ॥

ਅਮਾਈਆਂ ਦੇ ਨਕ ਵੱਢਣੇ

ਏਸੇ ਸਮੇਂ ਬਕਰੀਦ ਪਰ ਜਦ ਮੁਸਲਮਾਨਾਂ ਨੇ ਲਾਹੌਰ ਵਿੱਚ ਤੀਹ ਗਊਆਂ ਦਾ ਖੂਨ ਕੀਤਾ, ਤਦ ਸਿੰਘਾਂ ਨੇ ਕਾਬਲੀ ਮੱਲ ਨੂੰ ਕਹਿ ਭੇਜਾ ਤਾਂ ਓਸ ਨੇ ਅਮਾਈਆਂ ਦੇ ਹੱਥ ਨੱਕ ਕਟਵਾ ਕੇ ਸਜ਼ਾ ਦਿਤੀ। ਏਸੇ ਸਮੇਂ ਸਿੰਘਾਂ ਦਾ ਜਸ ਸੁਣਕੇ ਜਲਾਲਾਬਾਦ ਲੁਹਾਰੀ ਦੇ ਨਵਾਬਾਂ ਤੋਂ ਦੁਖੀ ਹੋਕੇ ਬ੍ਰਾਹਮਣ ਆਦਿਕ ਅਨੇਕ ਲੋਕ (ਜਿਨ੍ਹਾਂ ਦੀਆਂ ਔਰਤਾਂ ਬੇਟੀਆਂ ਨਵਾਬਾਂ ਨੇ ਛੀਨ ਲਈਆਂ ਸਨ) ਸਿੰਘਾਂ ਪਾਸ ਫਰਿਆਦੀ ਆਏ ਤੇ ਗਸੂਰ ਵਾਲੇ ਬ੍ਰਾਹਮਣਾਂ ਵਾਂਗੂ ਏਨ੍ਹਾਂ ਨੇ ਭੀ ਬਹੁਤ ਸਾਰੀਆਂ ਬਾਤਾਂ, ਤੇ ਖਾਲਸੇ ਦੀ ਉਸਤਤਿ, ਅਤੇ ਆਪਣੇ ਦੁਖ ਸੁਣਾਕੇ ਖਾਲਸੇ ਨੂੰ ਅਪਣੀ ਸਹਾਇਤਾ ਪਰ

Sri Satguru Jagjit Singh Ji eLibrary NamdhariElibrary@gmail.com

ਖੜਾ ਕਰ ਲਿਆ। ਖਾਲਸੇ ਨੇ ਭੀ ਸ੍ਰੀ ਅੰਮ੍ਰਿਤਸਰ ਤਾਲਾਬ ਹਰਿਮੰਦਰ ਸਾਹਿਬ ਦੇ ਨਵਾਂ ਬਨਾਉਣ ਦਾ ਗੁਰਮਤਾ ਸਾਜ ਕੇ ਪੁਰਬ ਵੱਲ ਤਯਾਰੀ ਕਰ ਦਿਤੀ ਅਤੇ ਅਰਦਾਸ ਕੀਤੀ ਕਿ ਆਪਣੇ ਦਸਵੰਧ ਵਿਚੋਂ ਗੁਰ ਮੰਦਰ ਦੇ ਨਮਿਤ ਸਭ ਨੇ ਦੇਣਾ ॥

ਅਹਿਮਦ ਸ਼ਾਹ ਦਾ ਨੌਵਾਂ ਹੱਲਾ

ਸੰਃ ੧੮੨੧ ਵਿਚ

1824
57
1764

ਉਧਰ ਸ਼ਾਹ ਵਲੀ ਖਾਂ ਹਾਕਮ ਜਾਲੰਧਰ, ਤੇ ਜੈਨ ਖਾਂ ਸਰਹੰਦ ਵਾਲੇ ਦਾ ਮਾਰੇ ਜਾਣਾ ਸੁਣਕੇ ਅਤੇ ਸਿੰਘਾਂ ਦੀ ਦੇਸ ਵਿਚ ਗਰਦੀ, ਲਾਹੌਰੀ ਮੁਸਲਮਾਨਾਂ ਦੀ ਅਰਜ਼ੀ ਤੇ ਕਸਾਈਆਂ ਦੇ ਨੱਕ ਹੱਥ ਕੱਟੇ ਜਾਣ ਦੀ ਖਬਰ ਪਾਕੇ ਅਹਿਮਦ ਸ਼ਾਹ ਨੌਮੀ ਵਾਰੀ ਪੰਜਾਹ ਹਜ਼ਾਰ ਅਸਵਾਰ ਲੈਕੇ ਪੰਜਾਬ ਪਰ ਸੰਃ੧੮੨੧ ਬਿਃ ਨੂੰ ਚੜ੍ਹ ਆਯਾ। ਸਿੰਘ ਤਾਂ ਅੱਗੇ ਹੀ ਤੱਯਾਰ ਸੇ, ਬਾਦਸ਼ਾਹ ਦਾ ਆਉਣਾ ਸੁਣਕੇ ਪੂਰਬ ਵੈਨੀ ਵਹੀਰ ਪਾਵਿਤ॥।

ਬਾਦਸ਼ਾਹ ਨੇ ਲਾਹੌਰ ਪਹੁੰਚਕੇ, ਕਸਾਈਆਂ ਦੇ ਨੱਕ ਹੱਥ ਕੱਟਣ ਬਦਲੇ ਕਾਬਲੀਮੱਲ ਦੀ ਸੂਬੇਦਾਰੀ ਤੋੜਕੇ ਨਾਯਬ ਸੂਬਾ ਬਣਾਯਾ ਤੇ ਏਸਦੀ ਜਗਾ ਦਾਦਨ ਖਾਂ ਨੂੰ ਪੂਰਾ ਸੂਬਾ ਬਣਾਕੇ, ਜਹਾਨਖਾਂ ਨੂੰ ਦਸ ਹਜ਼ਾਰ ਕਜ਼ਲਬਾਸ ਪਠਾਣਾਂ ਦੀ ਫੌਜ ਦੇਕੇ ਸਿੰਘਾਂ ਦੇ ਸੋਧਣ ਵਾਸਤੇ ਪੰਜਾਬ ਵਿਚ ਛੱਡਕੇ ਆਪ ਓਥੋਂ ਹੀ ਕਾਬਲ ਨੂੰ ਮੁੜ ਗਿਆ ॥

ਖਾਲਸਾ ਨੇ ਪੂਰਬ ਸੋਧਣਾ

ਉਧਰ ਸਿੰਘਾਂ ਨੇ *ਕੁੰਜਪੁਰਾ, ਤ੍ਰਿਵਾੜੀ ਨੂੰ ਸੋਧਦੇ

*ਕੁੰਜਪੁਰੇ ਵਿੱਚ ਨਵਾਬ ਨਜਾਬਤ ਅਲੀਖਾਂ ਦੀ ਔਲਾਦ ਵੀਰ ਹਸਨ ਦੀ ਜਾਗੀਰਦਾਰ ਹੈ।

Sri Satguru Jagjit Singh Ji eLibrary NamdhariElibrary@gmail.com

ਹੋਏ ਜਮਨਾ ਪਾਰ ਹੋਕੇ ਮੀਰਪੁਰ, ਦੇਬਨ, ਮੁਜੱਫਰਨਗਰ ਆਦਿਕ ਕਸਬਜਾਂ ਦੀ ਸੋਧਨਾ ਕਰਕੇ ਲੰਢੋਰੇ ਦੇ ਰਾਇਮੱਲ ਗੁੱਜਰ ਰਾਜੇ ਨੂੰ ਜਾ ਘੇਰਜਾ।ਓਸ਼ਕ ਏਸਤੋਂ ਵੀਹ ਹਜ਼ਾਰ ਰੁਪਯਾ ਨਜ਼ਰਾਨਾ ਲੈਕੇ ਅੰਬਲੀ ਦੇ ਲੁਸਾਞੀਆਂ ਤੋਂ ਪਚਾਸ ਹਜ਼ਾਰ ਰੁਪਯਾ ਨਜ਼ਰਾਨਾ ਜਾ ਲਿਆ। ਫੇਰ ਹਰਿਦ੍ਵਾਰ ਦੇ ਮਠਧਾਰੀ ਲੁਸਾਈਆਂ ਨੂੰ ਜਾ ਸੋਧਜਾ, ਓਸ ਸਮੇਂ ਏਹੋ ਲੋਗ ਦੇਸ ਵਿੱਚ ਮਾਲਧਾਰੀ ਲੱਖਾਂ ਪਤੀ ਹੋਣ ਦੀ ਖੁਮਾਰੀ ਵਿਚ ਬੜੇ ਜ਼ੁਲਮ ਕਰਦੇ ਸੇ, ਕਿਉਂਕਿ ਸਬ ਰਾਜੇ ਸਰਦਾਰ ਏਨਾਂ ਦੇ ਕਰਜ਼ਾਈ ਰਹਿੰਦੇ ਸੇ,ਫੇਰ ਗੰਗਾ ਪਾਰ ਹੋਕੇ ਨਜ਼ੀਬਾਬਾਦ,ਨਗੀਨਾ,ਅਨੂਪ ਸ਼ਹਿਰ, ਗੜ ਮੁਕਤੇਸ਼ਰ ਆਦਿਕ ਬਡੇ ੨ ਪਿੰਡ ਕਸਬੇ ਸੋਧੇ, ਫੇਰ ਜਲਾਲਾ ਬਾਦ ਲੁਹਾਰੀ ਦੇ ਨਵਾਬਾਂ ਨੂੰ ਜਾ ਘੇਰਿਆ।

ਜਲਾਲਾਬਾਦ ਲੁਹਾਰੀ ਮਾਰਨਾ

ਨਵਾਬ ਹਸਨਖਾਂ, ਸੱਯਦ ਸੈਦਮੁਹੱਮਦਖਾਂ, ਜਲਾਲਦੀਨ ਤੇ ਸ਼ਰਫਦੀਨ ਆਦਿਕਾਂ ਨੇ ਸਿੰਘਾਂ ਦੇ ਰੋਕਣ ਵਾਸਤੇ ਹੈਦਰੀ ਝੰਡਾ ਖੜਾ ਕਰਕੇ ਬੇਸ਼ੁਮਾਰ ਮੁਸਲਮਾਨ ਕਠੇ ਕਰ ਲਏ। ਸੈਂਕੜੇ ਢੋਲ ਨਗਾਰੇ ਬਜਾਉਂਦੇ, ਹੁਲ ਹਾਲ ਮਚਾਉਂਦੇ, ਤਿਨ ਕੋਹ ਅੱਗੇ ਆ ਲੜੇ। ਭਲਾ ਕਿੱਥੇ ਮਾਂਗਵੀਂ ਧਾੜ ਬਣ ਬਣ ਦੀ ਲਕੜੀ, ਬਾਂਕੇ ਟੇਢੇ ਮੁਸਲਮਾਨ, ਜਿਨਾਂ ਨੇ ਕਦੇ ਜੰਗ ਤੇ ਸਿੰਘ ਦੇਖੇ ਭੀ ਨਹੀਂ ਸੇ, ਜਿਥੇ ਜੰਗ ਜਦਲ ਸਮੁੰਦਰ ਦੇ ਮਛ, ਇਕੋ ਸਾਂਚੇ ਢਲੇ ਹੋਏ, ਪੂਰਬੀਨ ਜੋ ਹਮੇਸ਼ਾਂ ਲੜਾਈਆਂ ਹੀ ਕਰਦੇ ਸੇ। ਮੁਸਲਮਾਨ ਤਾਂ ਦੇਖਦੇ ਹੀ ਚਾਹੰਕ ਪੜਨ ਲਗ ਪਏ, ਪਹਿਲੇ ਹੱਲੇ ਹੀ ਅੱਲਾ ਅੱਲਾ ਪੁਕਾਰ ਉਠੇ। ਸਿੰਘਾਂ ਦੀ

Sri Satguru Jagjit Singh Ji eLibrary NamdhariElibrary@gmail.com

ਤੇਗਾ ਨੇ ਐਸਾ ਹੱਲ ਪਾਯਾ ਸਬਦੇ ਡੰਬਜਾਂ ਵਿਚ ਬੋਲ ਰਹਿ ਗਏ, ਸਭ ਦੌੜਕੇ ਕਿਲੇ ਵਿੱਚ ਆਕੀ ਹੋ ਬੈਠੇ । ਸਿੰਘਾਂ ਨੇ ਕਸਬੇ ਜਲਾਲਾਬਾਦ ਸਮੇਤ ਓਨਾਂ ਦੇ ਪਜਵਾਟੇ ਦੀ ਜਦ ਚੰਗੀ ਤਰਸੀਲ ਕਰ ਲਈ ਤਾਂ ਫੇਰ ਕਿਲੇ ਨੂੰ ਹੱਥ ਜਾ ਪਾਯਾ, ਤੇ ਚਾਰ ਘੜੀ ਵਿੱਚ ਪਾਰ ਬੁਲਾਯਾ, ਇੱਟ ਇੱਟ ਵੱਢੇ ਆਈ, ਕੰਧ ਤੋੜਕੇ ਅੰਦਰ ਵੜ ਗਏ । ਸੱਯਦ ਹਸਨ ਖਾਂ ਜਲਾਲਦੀਨ ਆਦਿਕ ਤੇਗੇ ਨੂੰ ਛਡਾ ਛੱਡੇ । ਓਨਾਂ ਬ੍ਰਹਮਣਾਂ ਦੀ ਇਛਜਾ ਅਨੁਸਾਰ ਓਨਾਂ ਦੀਆਂ ਔਰਤਾਂ ਜੋ ਨਵਾਬਾਂ ਨੇ ਖੋਹ ਲੱਖੀਆਂ ਸਨ, ਓਨਾਂ ਦੇ ਹਵਾਲੇ ਕਰ ਦਿਤੀਆਂ, ਤੇ ਓਨਾਂ ਦੇ ਹੱਥੋਂ ਰਸੋਈ ਬਣਵਾਕੇ ਬ੍ਰਹਮਣਾਂ ਨੂੰ ਛਕਾ ਕਰ ਭਾਈਚਾਰੇ ਵਿੱਚ ਰਲਾ ਦਿਤੀਆਂ। ਓਥੋਂ ਚੜਕੇ, ਦਾਰਾਗੰਜ, ਸੰਭਲ, ਮੁਰਾਦਾਬਾਦ, ਚੰਦੌਸੀ, ਫਾਸ਼ਰੀਨ, ਕੋਠੀਆਰੀਨ, ਬਰੇਲੀ, ਅਲੀਗੜ, ਖੁਰਜਾ ਆਦਿਕ ਓਸ ਦੇਸ ਦੇ ਸ਼ਹਿਰ ਕਸਬੇ ਸੋਧਦੇ ਹੋਏ, ਚੌਥੇ ਮਹੀਨੇ ਪੰਜਾਬ ਨੂੰ ਮੁੜ ਆਏ ॥

ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ

ਸਮਵਾਂ ਹਿੱਸਾ ਸਭ ਨੇ ਦਰਬਾਰ ਸਾਹਿਬ ਦੇ ਨਮਿਤ ਅਰਦਾਸਾ ਕਰਾ ਦਿਤਾ ਜੋ ਤਿਨ ਲੱਖ ਤੋਂ ਉਪਰ ਹੋਗਿਆ। ਏਹ ਸਭ ਰੁਪਯਾ ਮੋਹਣ ਮੱਲ, ਭਾਗਮਲ, ਲੰਬਰੇਜਾਮ ਛਾਬੜਾ, ਕਲਜਾਣਾ ਪਾਸੀ ਏਨਾਂ ਸ਼ਾਹੂਕਾਰਾਂ ਪਾਸ ਜਮਾਂ ਕਰਕੇ ਭਾਈ ਦੇਸਰਾਜ ਨੂੰ (ਜੋ ਸੁਰਸਿੰਘ ਪਿੰਡ ਦਾ ਖਤ੍ਰੀ ਸੀ ਤੇ ਮਸ਼ਹੂਰ ਸਤਪੁਰਸ਼ਸੀ) ਤਾਲਾਬ ਅੰਮ੍ਰਤਸਰਤੇ ਨਵਿਮੰਦਰ ਬਨਾਉਣਵਾਸਤੇ ਸੌਂਪ ਦਿੱਤਾਏਹ ਆਵੇਚੜ੍ਹਾਕੇਮਸਾਲਾ ਜਮਾਂਕਰਨ ਲੱਗ ਪਿਆ।

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇ ਰਾਜ ਮੱਲਣਾ

ਏਧਰ ਜ਼ਾਕਰ ਖਾਂ ਨੂੰ ਲਾਹੌਰ ਦਾ ਸੂਬਾ ਤੇ ਜਹਾਨਖਾਂ ਨੂੰ ਦਸ ਹਜ਼ਾਰ ਅਸਵਾਰ ਕਜ਼ਲਬਾਸ਼ ਦੇਕੇ ਸਿੰਘਾਂ ਦੇ ਮਾਰਨ ਲਈ ਅਹਿਮਦਸ਼ਾਹ ਛਡ ਗਿਆ ਸੀ। ਉਨਾਂ ਨੇ ਸਿੰਘਾਂ ਦੇ ਪੂਰਬਵੰਨੀ ਜਾਏ ਪਿਛੋਂ ਏਨਾਂ ਦੇ ਪਰਗਨੇ ਦਬਾਕੇ ਸਿੰਘਾਂ ਦੇ ਸੰਬੰਧੀਆਂ ਨੂੰ ਬਹੁਤ ਕਲੇਸ਼ ਦਿਤੇ। ਜਦ ਚਾਰ ਪੰਜ ਮਹੀਨੇ ਪਿਛੋਂ ਸਿੰਘ ਪੰਜਾਬ ਵਿਚ ਆਏ ਤਾਂ ਦੀਵਾਨ ਕਾਬਲੀ ਮੱਲ ਨੇ ਸਿੰਘਾਂ ਨਾਲ ਮਿਲਕੇ ਦਾਵਰਖਾਂ ਨੂੰ ਕੈਦ ਕਰ ਲਿਆ ਤੇ ਸਿੰਘਾਂ ਨੂੰ ਜਹਾਨਖਾਂ ਦੇ ਮਗਰ ਪਾ ਦਿਤਾ। ਖਾਲਸੇ ਨੇ ਸੰਃ ੧੮੨੨ ਬਿਃ ਨੂੰ ਸਜਾਲ ਕੋਟ ਵਿਚ ਜਹਾਨਖਾਂ ਨੂੰ ਜਾ ਘੇਰਜਾ। ਪੰਦਰਾਂ ਦਿਨ ਤਕ ਜਹਾਨਖਾਂ ਅੰਦਰ ਰਿਹਾ ਓਡਕ ਰੁਤਾਸ ਵਲ ਤੁਰ ਪਿਆ। ਰੁਤਾਸ ਦੇ ਕਿਲੇ ਤਕ ਜਾਂਦਜਾਂ ੨ ਕਈ ਵਾਰੀ ਲੜੇ ਦੋਹਾਂ ਤਰਫਾਂ ਦੇ ਆਦਮੀ ਭੀ ਮਰੇ, ਪਰ ਜਹਾਨ ਖਾਂ ਨੂੰ ਸਿੰਘਾਂ ਨੇ ਦੇਸ ਵਿਚੋਂ ਕੱਢ ਛਡਜਾ ਤੇ ਖਾਲੇ ਦੀ ਸਰਾਇ ਤਕ ਸਰਦਾਰ ਗੁਜਰ ਸਿੰਘ ਭੰਗੀ ਨੇ ਦੇਸ ਪਰ ਕਬਜਾ ਕਰਕੇ ਗੁਜਰਾਤ ਨੂੰ ਆਪਣੀ ਰਾਜਧਾਨੀ ਬਣਾਇਆ। ਕਿਲੇ ਰੁਤਾਸ, ਧਨੀ, ਪੋਠੋਹਾਰ, ਦੇਸ ਉਪਰ ਸਰਦਾਰ ਚੜਤ ਸਿੰਘ ਨੇ ਮਾਲਕ ਹੋਕੇ ਗੁਜਰਾਂ ਵਾਲਾ ਆਪਣੀ ਰਾਜਧਾਨੀ ਬਣਾਈ, ਚਨੀਓਟ ਦਾ ਪਰਗਨਾ ਸਰਦਾਰ ਹਰੀ ਸਿੰਘ ਭੰਗੀ ਨੇ ਕਬਜੇ ਕੀਤਾ ॥

1765 A.D.

ਅਹਿਮਦ ਸ਼ਾਹ ਦਾ ੧੮ਵਾਂ ਹੱਲਾ ਸੰਃ ੧੮੨੨ ਵਿਚ

ਜਦ ਜਹਾਨ ਖਾਂ ਨੇ ਕਾਬੁਲ ਜਾਕੇ ਬਾਦਸ਼ਾਹ ਨੂੰ 'ਆਪਣਾ ਭੈੜਾ ਹਾਲ ਸੁਣਾਇਆ ਤਾਂ ਬਾਦਸ਼ਾਹ ਨੂੰ ਮਲੇਰਕੋਟਲੀ

Sri Satguru Jagjit Singh Ji eLibrary NamdhariElibrary@gmail.com

ਲੱਗਾ ਉਠੀ, ਤੜਪਦੇ ਨੇ ਰਾਤ ਕੱਟੀ; ਸਵੇਰੇ ਹੀ ੮੦ ਅੱਸੀ ਹਜ਼ਾਰ ਅਸਵਾਰ ਲੈਕੇ ਕੂਚ ਕੀਤਾ । ਲਾਹੌਰ ਪਹੁੰਚ ਕਰ ਕਾਬਲੀ ਮਲ ਨੂੰ ਕੈਦ ਕਰ, ਦਾਵਰਖਾਂ ਨੂੰ ਫੇਰ ਸੂਬਾ ਬਣਾਯਾ । ਜਦ ਸਾਰੇ ਸ਼ਹਿਰ ਤੇ ਦੇਸ ਦੇ ਚੌਧਰੀਆਂ ਨੇ ਕਾਬਲੀਮਲ ਦੀ ਬਹੁਤ ਸਿਫਾਰਸ਼ ਕੀਤੀ ਤਾਂ ਫੇਰ ਉਸੇ ਨੂੰ ਲਾਹੌਰ ਦਾ ਸੂਬਾ ਬਣਾ ਦਿਤਾ। ਸਿੰਘਾਂ ਦੇ ਫੜਨ ਵਾਸਤੇ ਪਿੰਡ ੨ ਕਸਬੇ ੨ ਆਪਣੀ ਫੌਜ ਫੇਰ ਦਿਤੀ, ਪਰ ਸਿੰਘਾਂ ਦਾ ਪੜਾ ਕਿਤੇ ਨਾ ਪਾਯਾ, ਕਿਉਂਕਿ ਸਿੰਘ ਤਾਂ ਓਸਦੀ ਅਵਾਈ ਸੁਣਦੇ ਸਾਰ ਝਾੜੀਂ, ਪਹਾੜੀਂ, ਝੀਲ ਕਾਨ੍ਹੂਆਣ, ਸਾਂਦਲ, ਨਨਕਾਣੇ, ਚੂੜਕਾਣੇ, ਸਾਹੀਵਾਲ ਆਦਿਕ ਬਾਰਾਂ ਦੇ ਮੰਗਲਾਂ ਵਿਚ (ਜਿਥੇ ਦੁਰਾਨੀਆਂ ਨੂੰ ਜਾਣਾ ਮੌਤ ਸੀ) ਮੰਗਲ ਮਨਾ ਰਹੇ ਸਨ ॥

ਏਸੇ ਸਮੇਂ ਸ਼ਾਹਜ਼ਾਦਾ ਤਹਮੂਰ ਸ਼ਾਹ ਬਾਦਸ਼ਾਹ ਤੋਂ ਬਿਗੜਕੇ ਇਕ ਦਸਤਾ ਫੌਜ ਦਾ ਆਪਣੇ ਨਾਲ ਲੈਕਰ ਲਾਹੌਰੋਂ ਪਿਛੇ ਨੂੰ ਮੁੜ ਗਿਆ । ਬਾਦਸ਼ਾਹ ਨੇ ਏਸੇ ਗੁੱਸੇ ਵਿਚ ਮੁਲਤਾਨ ਪਹੁੰਚ ਕਰ ਸ਼ਾਹਜ਼ਾਦੇ ਦੇ ਆਦਮੀ ਅਲੀ ਮੁਹੰਮਦ ਖਾਂ ਮੁਲਤਾਨ ਦੇ ਸੂਬੇ ਨੂੰ ਕੈਦ ਕਰਕੇ ਪੇਟ ਚਾਕ ਕਰਾ ਦਿੱਤਾ ਤੇ ਓਸਦੀ ਥਾਂ ਸ਼ੁਜਾ ਖਾਂ ਅਮੀਰ ਨੂੰ ਸੂਬਾ ਕਰਕੇ ਲਾਹੌਰ ਆਕਰ ਜੰਮੂ, ਕਸ਼ਮੀਰ ਦੇ ਰਸਤੇ ਕਾਬੁਲ ਨੂੰ ਚਲਾ ਗਿਆ ।

ਸਿੰਘਾਂ ਨੇ ਫੇਰ ਮੁਲਕ ਰੋਕਨਾ ਤੇ ਲਾਹੌਰ ਲੈਣਾ

ਕਾਬਲੀਮੱਲ ਲਾਹੌਰ ਦਾ ਸੂਬਾ ਭੀ ਕਸ਼ਮੀਰ ਤਕ ਬਾਦਸ਼ਾਹ ਦੇ ਨਾਲ ਗਿਆ ਸੀ, ਏਸਦੇ ਆਂਵਦੇ ਨੂੰ ਸਿੰਘਾਂ ਨੇ

Sri Satguru Jagjit Singh Ji eLibrary NamdhariElibrary@gmail.com

ਫੇਰ ਝਟਾਪਟ ਜੰਗਲਾਂ ਵਿਚੋਂ ਬੱਦਲਾਂ ਵਾਂਗੂ ਨਿਕਲ ਨਿਕਲ ਆਪੋ ਆਪਣੇ ਇਲਾਕੇ ਮੱਲ ਲਏ ਤੇ ਲਗਦੇ ਹੱਥ ਸਰਦਾਰ ਗੁੱਜਰ ਸਿੰਘ, ਲੈਹਣਾਸਿੰਘ ਤੇ ਸੋਭਾ ਸਿੰਘ ਏਹ ਤਿੰਨੇ ਲਾਹੌਰ ਵਿਚ ਜਾ ਵੜੇ। ਸ਼ਹਰ ਨੂੰ ਤਿੰਨੀ ਥਾਈਂ ਵੰਡਕੇ ਆਪਣੇ ੨ ਹਿਸੇ ਦੇ ਮਾਲਕ ਬਣ ਬੈਠੇ ਅਤੇ ਬਾਘਲੀ ਮਲ ਦਾ ਭੀ ਸਭ ਸਾਮਾਨ ਕਬਜੇ ਵਿਚ ਕਰ ਲਿਆ ਤੇ ਓਸਦੇ ਕਬੀਲੇ ਨੂੰ ਕੈਦ ਕਰ ਲਿਆ। ਏਹ ਖਬਰ ਸੁਣਕੇ ਕਾਬਲੀਮਲ ਤਾਂ ਡਰਦਾ ਜੰਮੂ ਹੀ ਠਹਿਰ ਗਿਆ ਤੇ ਪੰਜੀ ਹਜਾਰ ਰੁਪਯਾ ਦੇਕੇ ਆਪਣੇ ਕਬੀਲੇ ਨੂੰ ਛੁਡਾਕੇ ਜੰਮੂ ਮੰਗਾ ਲਿਆ, ਅਤੇ ਏਸ ਹਾਲ ਦੀ ਅਰਜੀ ਲਿਖਕੇ ਬਾਦਸ਼ਾਹ ਪਾਸ ਭੇਜੀ।

ਰਾਜੇ ਛਰਤ ਪੁਰੀਏ ਨੇ ਸਿੰਘਾਂ ਨੂੰ ਬੁਲਾਇਆ

ਓਧਰ ਸੰਮਤ ੧੮੧੭ ਬਿਃ ਨੂੰ ਜਦ ਰਾਜਾ ਛਰਤ ਪੁਰੀਆ ਸੁਰਜ ਮਲ ਆਗਰੇ ਦੇ ਕਿਲੇ ਨੂੰ ਜਿੱਤਕੇ ੧੫ ਪੰਦਰਾਂ ਕਰੋੜ ਰੁਪਯਾ ਅਕਬਰ ਦਾ ਦੱਬਯਾ ਹੋਯਾ ਕੱਢ ਕਰ ਲੈ ਚੱਲਯਾ ਸੀ, ਤੇ ਨਜੀਬ ਖਾਂ ਨੇ ਰੁਹੇਲਯਾਂ ਦੀ ਫੌਜ ਬਹੁਤ ਸਾਰੀ ਲੈ ਜਾਕਰ ਬਾਜੇ ਸੂਰਜ ਮਲ ਨੂੰ ਕਤਲ ਕਰ ਘੱਤਯਾ ਸੀ, ਸੋ ਹੁਣ ਬਾਜੇ ਨਾਹਰ ਮੱਲ ਨੇ ਆਪਣੇ ਬਾਪ ਦਾ ਵੈਰ ਲੈਣ ਵਾਸਤੇ ਨਜੀਬ ਖਾਂ ਦਿਲੀ ਦੇ ਵਜੀਰ ਨੂੰ ਸੰਃ ੧੮੨੨ ਬਿ: ਵਿਚ ਦਿੱਲੀ ਆਣ ਘੇਰਯਾ। ਮਹੀਨਾ ਦਿਨ ਜੰਗ ਲੱਗਾ ਰਿਹਾ, ਜਦ ਰਾਜੇ ਨੇ ਫਤੇ ਹੁੰਦੀ ਨਾ ਦੇਖੀ ਤਾਂ ਸਿੰਘਾਂ ਦੇ ਦਲ ਨੂੰ ਜਿਨਾਂ ਦੇ ਜ਼ੋਰ ਤੇ ਬਹਾਦਰੀ ਦੀ ਚਰਚਾ ਸਾਰੇ ਦੇਸ ਵਿੱਚ ਫੈਲ ਰਹੀ ਸੀ, ਤਿਨ ਲੱਖ ਰੁਪਯਾ ਨਕਦ ਤੇ ਦਾਰੂ ਸਿਕਾ ਦੇਣਾ ਕਬਜੇ ਆਪਣੀ ਕੁੰਮਕ ਉਤੇ

Sri Satguru Jagjit Singh Ji eLibrary NamdhariElibrary@gmail.com

ਬੁਲਾ ਲਿਆ । ਸਿੰਘ ਤਾਂ ਏਹੋ ਜੇਹੇ ਵੇਲੇ ਨੂੰ ਉਡੀਕਦੇ ਹੀ ਸੇ ਫੁਰਤ ਤਯਾਰੀ ਕਰ ਲਈ । ਸਰਦਾਰ ਜੱਸਾ ਸਿੰਘ ਆਲੂਵਾਲੀਆ ਬਘੇਲ ਸਿੰਘ, ਫੁਰਬਖਸ਼ ਸਿੰਘ, ਕਰਮ ਸਿੰਘ, ਖੁਸ਼ਹਾਲ ਸਿੰਘ, ਤਾਰਾ ਸਿੰਘ, ਸੰਗਤ ਸਿੰਘ, ਸੁਧਾ ਸਿੰਘ ਆਦਿਕ ਆਪਣੀ ੨ ਮਿਸਲ ਦੇ ਸਿੱਖਾਂ ਸਰਦਾਰਾਂ ਨੂੰ ਨਾਲ ਲੈਕੇ ਚੜ੍ਹ ਪਏ । ਸਾਰਾ ਤੀਹਰ ਹਜ਼ਾਰ ਸਿੰਘ ਜੁੜ ਗਿਆ । ਰਸਤੇ ਦੇ ਹਰਿਆਣੇ ਵਰਗੇ ਦੇਸਾਂ ਤੇ ਰੋਹਤਕ *ਸ਼ਾਮਲੀਫਤੇਪੁਰ ਪਾਣੀਪਤ ਆਦਿਕ ਸ਼ਹਿਰਾਂਨੂੰਲੁਟ ਪੁਟਕੇ ਦਿਲੀ ਜਾ ਵੜੇ । ਰਾਜਾ ਜ਼ਾਹਿਰ ਮਲਨੇ ਬੜੀ ਖੁਸ਼ੀ ਮਨਾਈ, ਦਾਰੂ ਸਿੱਕੇ ਦੇ ਗੱਡੇ ਲੱਦਕੇ ਘੱਲ ਦਿੱਤੇ । ਲੜਾਈ ਦੇ ਫਨ ਸਿੰਘਾਂ ਦੀ ਬਹਾਦਰ ਫੌਜ ਨੇ ਆਪਣਾ ਮੋਰਚਾ ਅੱਗੇ ਵਧਾ ਲਿਆ, ਤੇ ਦਿਲੀ ਦਾ ਚੁਫੇਰਾ ਵੀਹ ੨ ਕੋਸ ਤਾਂਈ ਤਾਂ ਅੱਗੇ ਹੀ ਸੁਰਮਾਂਜ ਕਰ ਛਡਯਾ ਸੀ, ਹੋਰ ਥੀ ਸਫਾਈ ਕਰ ਕਢੀ ॥

ਨਜੀਬ ਖਾਂ ਨੇ ਅਹਿਮਦ ਸ਼ਾਹ ਨੂੰ ਫੌਜ ਦਾ ਖਰਚ ਦੇਣਾ ਕਰਕੇ ਬੁਲਾ ਭੇਜਯਾ ਸੀ, ਪਰ ਓਹ ਵਕਤ ਪਰ ਨਾ ਆਯਾ, ਏਸ ਕਰਕੇ ਨਜੀਬ ਖਾਂ ਨੇ ਹਾਰ ਹੁੰਦੀ ਦੇਖਕਰ ਰਾਜਾ ਜ਼ਾਹਰ ਮਲ ਨੂੰ ਮਲਹਾਰ ਰਾਓ ਰਾਹਾ ਆਪਣੀ ਕਿਤਮ ਬੇਟੀ ਦਾ ਡੋਲਾ (ਜੋਕੜਾ ਓਹ ਆਪਣੇ ਬਾਪਦੇ ਖੂਨ ਬਦਲੇ ਚਾਹੁੰਦਾ ਸੀ) ਦੇਕਰ ਸੁਲਾ ਕਰ ਲਈ, ਏਸਦੇ ਵਹੇਜ ਵਿੱਚ ਦੋ ਕਰੋੜ ਰੁਪਏ ਦਾ ਮਾਲ ਰਾਜਾ ਨੂੰ ਦਿੱਤਾ ॥

ਰਾਜਾ ਨੇ ਆਪਣੇ ਇਕਰਾਰ ਮੁਜਬ ਸਿੰਘਾਂ ਨੂੰ ਤਿੰਨ ਲੱਖ

*ਸ਼ਾਮਲੀ ਬਹੁਤ ਦੌਲਤ ਵਾਲਾ ਸ਼ਹਿਰ ਤਿਹਾ ਹੈ, ਏਥੇ ਹੀ ਝੱਝਰ ਵਾਲੇ ਨਵਾਬ ਦੀ ਫੌਜ ਨੇ ਸਿੰਘਾਂ ਪਾਸੋਂ ਹਾਰ ਖਾਧੀ ਸੀ ॥

Sri Satguru Jagjit Singh Ji eLibrary NamdhariElibrary@gmail.com

ਰੁਪਯਾ ਦੇਕੇ ਵਿਦਾ ਕੀਤਾ, ਪਰ ਸਿੰਘ ਆਪਣਾ ਸੁਭਾਵ ਕਦੇ ਥਿਰ ਕਦ ਮੁੜਦੇ ਸੇ ? ਪੂਰਬ ਨੂੰ ਸਿੱਧੇ ਹੋ ਗਏ ॥

ਓਸ ਸਮੇਂ ਜਦ ਦਿਲੀ ਦੇ ਵਜ਼ੀਰਾਂ ਅਮੀਰਾਂ ਵਿੱਚ ਖਾਲਸੇ ਨੂੰ ਰੋਕਣ ਦੀ ਤਾਕਤ ਨਹੀਂ ਸੀ ਤਦੋਂ ਭਲਾ ਹੋਰ ਕੌਣ ਰੋਕੇ ? ਸੋ ਸਿੰਘ ਤਾਂ ਰਾਜਾ ਬਲਮ ਗੜ੍ਹੀਏ ਤੇ ਦਰੁਖਾ ਵਾਦੀਏ ਆਦਿਕ ਨਵਾਬਾਂ ਤੋਂ ਮਨ ਭਾਏ ਨਜ਼ਰਾਨੇ ਦੇ ਖਾਨ ਉਡਾ ਰਹੇ ਸੋ ਓਧਰ ਜਦ ਪਹਿਲੇ ਖਾਬਰੀ ਮਲ ਦੀ ਅਰਜ਼ੀ ਕਾਬਲ ਵਿੱਚ ਪਹੁੰਚੀ ਤੇ ਫੇਰ ਨਜ਼ੀਬਖਾਂ ਦਾ ਭੁਲਾਵਾ ਜਾ ਫਿਰਿਆ, ਤਦ ਬਾਦਸ਼ਾਹ ਨੇ ਇੱਕ ਪੰਥ ਦੋ ਕਾਜ ਸੋਚਕੇ ਇਕ ਲੱਖ ਅਸਵਾਰ ਨਾਲ ਵਾਗ ਫੜ ਲਈ।

ਅਹਿਮਦ ਸ਼ਾਹ ਦਾ ਯਾਰਵਾਂ ਹੱਲਾ

ਸੰਃ ੧੮੨੩ ਬਿਃ ਵਿਚ

ਸਿੰਘ ਤਾਂ ਦੇਰੇ ਚੜ੍ਹੇ ਹੀ ਹੋਏ ਸੇ, ਜੋ ਕੋਈ ਬਾਕੀ ਪੰਜਾਬ ਵਿੱਚ ਹੋਰ ਡਿੱਗਾ ਢੱਠਾ ਸਿੰਘ ਸੀ, ਓਹ ਭੀ ਜੰਗਲਾਂ ਵਿੱਚ ਜਾ ਰਿਹਾ । ਛਾਵਰੋਂ ਸੰਃ ੧੮੨੩ ਬਿਃ ਨੂੰ ਸ਼ਾਹ ਨੇ ਲਾਹੌਰ ਪਹੁੰਚ ਕੇ ਥਥੇਰੇ ਹੋਠ ਚੱਬੇ, ਜਤਨ ਕੀਤੇ, ਪਰ ਕੋਈ ਸਿੰਘ ਹੱਥ ਨਾ ਆਯਾ, ਓੜਕ ਲਾਹੌਰ ਦੇ ਰਹਿਣ ਵਾਲੇ ਅਬਦੁਲੇ ਖਾਂ ਨੂੰ ਲਾਹੌਰ ਦਾ ਹਾਕਮ ਕਾਯਮ ਕਰਕੇ ਦਿਲੀ ਨੂੰ ਤੁਰਗਿਆ । ਸ਼ਾਹ ਦੀ ਫੌਜ ਨੂੰ ਹੈਜ਼ੇ ਦੀ ਬੀਮਾਰੀ ਨੇ ਆ ਘਰਜਾ, ਮੈਂਕੜੇ ਆਦਮੀ ਰੋਜ ਮਰਨ ਲਗੇ । ਸ਼ਾਹ ਨੇ ਅੰਬਾਲੇ ਤੋਂ ਚਾਰ ਕੋਹ ਉਘਲਾ ਨਦੀ ਦੇ ਕਿਨਾਰੇ ਸਤਾਰਾਂ ਦਿਨ ਡੇਰਾ ਲੱਖਜਾ । ਨਜੀਬ ਖਾਂ ਨੇ ਜਿਸ ਕੰਮ ਵਾਸਤੇ ਸ਼ਾਹ ਨੂੰ ਬੁਲਾਯਾ ਸੀ ਓਹ ਹੋ ਹੀ ਚੁਕਾ ਸੀ। ਸ਼ਾਹ ਨੂੰ ਦਿਲੀ ਲੈ ਜਾਣਾ

Sri Satguru Jagjit Singh Ji eLibrary NamdhariElibrary@gmail.com

ਚੰਙਾ ਨਾ ਸਮਝਕੇ ਨਜੀਬ ਖਾਂ ਨੇ ਖੁਦ ਹੀ ਸ਼ਾਹ ਪਾਸ ਹਾਜਰ ਹੋਕਰ ਇਕ ਕਰੋੜ ਰੁਪਯਾ ਦੇਕੇ ਪੰਜਾਬ ਦੀ ਤਰਫ ਮੋੜ ਦਿਤਾ । ਜਦ ਮੁੜਕੇ ਸਰਹੰਦ ਉਜੜਯਾ ਤੇ ਸ਼ਹਿਰ ਦਾ ਬੁਰਾ ਹਾਲ ਦੇਖਿਆ ਤਾਂ ਸਿੰਘਾਂ ਉੱਤੇ ਬਥੇਰੇ ਦੰਦ ਪੀਹੇ । ਮਨ ਮਾਰਕੇ ਕ੍ਰੋਧ ਕੀਤਾ, ਪਰ ਵੱਸ ਕੀ ਚੱਲਦਾ ਸੀ ? ਆਪੇ ਚੁਪ ਕਰ ਰਿਹਾ ॥

ਪਟਿਆਲੇ ਦੇ ਰਾਜਾ ਨੂੰ ਮਹਾਰਾਜਾ ਦਾ ਖਿਤਾਬ ਮਿਲਨਾ

ਬਾਦਸ਼ਾਹ ਨੇ ਮਲੇਰਕੋਟ ਦੇ ਪਠਾਣਾਂ ਨੂੰ ਤੇ ਰਾਇ ਕੋਟ ਵਾਲੇ ਰਾਇ ਅੱਲਯਾਸ ਨੂੰ ਨਜਰਾਨੇ ਪਰ ਸਰਹੰਦ ਦਾ ਇਲਾਕਾ ਲਿਖ ਦੇਣਾ ਚਾਹਜਾ, ਪਰ ਉਨ੍ਹਾਂ ਨੇ ਸਿੰਘਾਂ ਤੋਂ ਡਰਦੇ ਨਾ ਲਿਆ । ਰਾਜਾ ਆਲਾ ਸਿੰਘ ਦੇ ਪੋਤ੍ਰੇ ਰਾਜਾ ਅਮਰਸਿੰਘ ਨੇ ਤਿੰਨ ਲੱਖ ਰੁਪਜਾ ਸਾਲਾਨਾ ਪਿਛਲੀ ਲਿਖਤ ਅਨੁਸਾਰ ਤੇ ਦੋ ਲੱਖ ਨਜ਼ਰਾਨਾ ਹੋਰ ਦੇਕੇ ਬਾਦਸ਼ਾਹ ਪਾਸੋਂ ਇਲਾਕੇ ਸਰਹੰਦ ਦੀ ਸੰਨਦ ਅਤੇ ਮਹਾਰਾਜਗੀ ਦਾ ਖਿਲਤ ਖਿਤਾਬ ਸਿੱਕਾ ਚਲਾਉਣ ਦੀ ਆਗਜਾ ਲੈ ਲਈ । ਤੇ ਪੰਦਰਾਂ ਵੀਹ ਹਜ਼ਾਰ ਹਿੰਦੂ ਮਰਦ ਔਰਤਾਂ ਨੂੰ ਜੋ ਦੁਰਾਨੀਆਪਣੀ ਟਹਿਲ ਵਾਸਤੇ ਫੜਕੇ ਲੈ ਚੱਲੇ ਸਨ, ਉਹ ਭੀ ਰਾਜਾ ਸਾਹਿਬ ਨੇ ਸਫਾਰਸ਼ ਕਰਕੇ ਛੁਡਾ ਦਿੱਤੇ, ਅਤੇ ਆਪਣੇ ਪੱਲਯੋਂ ਖਰਚ ਦੇਕੇ ਉਨ੍ਹਾਂ ਨੂੰ ਘਰੋ ਘਰੀ ਤੋਰਯਾ ॥

ਏਸ ਗੱਲੋਂ ਰਾਜਾ ਦਾ ਬਹੁਤ ਜਸ ਹੋਯਾ, ਬਾਦਸ਼ਾਹ ਨੇ ਰਾਜੇ ਨੂੰ ਆਖਿਆ ਤੁਸੀਂ ਸਿੰਘਾਂ ਨੂੰ ਸਮਝਾ ਕਰ ਜਾਗੀਰਾਂ ਦਿਵਾ ਦਿਓ । ਮੁਲਕ ਵਿਚ ਗਰਦੀ ਨਾ ਪਾਉਂਣ । ਰਾਜਾ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਨੇ ਆਪਣੇ ਮਾਤਬਰ ਚੈਨ ਸਿੰਘ ਨੂੰ ਏਸ ਕੰਮ ਵਾਸਤੇ ਪੰਥ ਖਾਲਸੇ ਪਾਸ (ਜੋ ਪੁਰਬਵੰਨੀਓਂ ਮੁੜ ਸ਼ਾਹਾਬਾਦ,ਲਾਡੂਏ ਵੇ ਨੇੜੇ ਆ ਗਿਆਸੀ) ਭੇਜਿਆ। ਸਿੰਘਾਂ ਨੇ ਜਵਾਬ ਦਿੱਤਾ, ਅਸੀਂ ਤੁਰਕਣੀ ਦਿੱਤੀ ਹੋਈ ਜਾਗੀਰ ਤਾਂ ਕੀ ਲੈਣੀ ਹੈ, ਬਾਦਸ਼ਾਹੀ ਭੀ ਨਹੀਂ ਲੈਣੀ। ਅਸਾਂ ਲੋਕਾਂ ਵੇ ਹੁਕਮ ਨਾਲ ਤੇਗ ਵੇ ਜ਼ੋਰ ਬਾਦਸ਼ਾਹੀ ਲੈਣੀ ਹੈ । ਰਾਜਾ ਪਟਿਆਲਾ ਖੁਦ ਤਨਖਾਹੀਆ ਹੋ ਚੁਕਾ ਹੈ, ਜਿਸਨੇ ਤੁਰਕ ਅਗੇ ਸਿਰ ਝੁਕਾਯਾ ਹੈ॥

ਦੁਰਾਨੀ ਤੇ ਸਿੰਘਾਂ ਦੀ ਮਾਝੇ ਵਿਚ ਲੜਾਈ

ਜਦ ਬਾਦਸ਼ਾਹ ਨੇ ਸਰਹੰਦੋਂ ਮੁੜ ਕੀਤਾ ਤਾਂ ਖਾਲਸੇ ਨੇ ਆਖਿਆ, ਪੌਲੇ ਕੋਹੜੀ ਰੁੜੀ ਬੀਜੀ ਵੇ ਹਨ, ਅਰਦਾਸੇ ਸੋਧਕੇ ਗਿਰਦੇ ਜਾ ਹੋਏ। ਦੁਰਾਨੀਆਂ ਨੂੰ ਲੈਣ ਵੇ ਵੇਲੇ ਆ ਗਏ। ਅੱਗੇ ਹੀ ਓਹ ਬੀਮਾਰ ਤੇ ਥੱਕੇ ਮਾਂਦੇ ਸੇ, ਸਿੰਘਾਂ ਨੇ ਮਾਰਕੇ ਹੈਰਾਨ ਕਰ ਸਿੱਟੇ । ਚਾਰੋਂ ਤਰਫਾਂ ਤੋਂ ਹਾਲ ਹੁਲ ਮਚੀ ਰਹੀ । ਗਿਰਦ ਨਿਛਾਹੀ ਹੋਰ ਲੁਟੇਰੇ ਬੇਸ਼ੁਮਾਰ ਉੱਠ ਪਏ।ਅਹਿਮਦਸ਼ਾਹ ਵੀਆਂ ਮੱਕੇ ਚੌਕੜੀਆਂਕੁਲਾਵਿਤੀਆਂ। ਨੂਰ ਮਹਿਲ, ਸੁਲਤਾਨ ਪੁਰ, ਪਾਸ਼ ਭੀ ਲੜਾਈ ਹੋਈ, ਗੋਇੰਦਵਾਲ ਵੇ ਪੱਤਣ ਉੱਤੇ ਅੱਠ ਦਿਨ ਦੁਰਦਸ਼ਾ ਹੋਈ,ਓੜਕ ਲਾਹੌਰੋਂ ਫੌਜ ਆ ਗਈ ਤੇ ਕੁਛ ਮਹੰਤ ਸਰਣਦਾਸ ਸੰਭਜਾਲੇ ਵਾਲੇ ਨੇ ਲਿਆਂਦੀ । ਬਾਦਸ਼ਾਹ ਨੇ ਸੰਭਜਾਲੇ ਪਾਸ ਲੜਾਈ ਤਾਂ ਬਹੁਤ ਕੀਤੀ,ਪਰ ਅੰਬਰਪਾਟੇ ਨੂੰ ਬਿਜਲੀ ਕੌਣ ਲਾਵੇ?ਸਾਰਾ ਮਾਝਾ ਏਸ ਦੁਰਾਨੀਆਂ ਨੂੰ ਉੱਠ ਪਿਆ । ਪੰਜਾਬੀ ਮੁਸਲਮਾਨ ਕਸੂਰੀ, ਸਠਜਾਲੀਏ, ਸੰਭਜਾਲੀਏ ਆਦਿਕ ਏਸ ਗੱਲੋਂ

Sri Satguru Jagjit Singh Ji eLibrary NamdhariElibrary@gmail.com

ਡਰਦੇ ਸਹਾਇਕ ਨਾ ਹੋਏ ਕਿ ਬਾਦਸ਼ਾਹ ਦੇ ਗਏ ਪਿਛੋਂ ਸਿੰਘ ਸਾਡਾ ਦਲੀਆ ਕਢਛੱਟਣਗੇ। ਰਹੀਮ ਖਾਂ ਬਖਸ਼ੀ ਜਦ ਦੋ ਹਜ਼ਾਰ ਦੁਰਾਨੀ ਸਮੇਤ ਖੇਤ ਵਿਚ ਸੌਂ ਗਿਆ ਤਾਂ ਬਾਦਸ਼ਾਹ ਨੇ ਵਟਾਲੇ ਪਾਸ ਜਾ ਡੇਰਾ ਲਾਯਾ। ਏਥੇ ਭੀ ਇਕ ਲੜਾਈ ਹੋਈ, ਪਰ ਤਦੋਂ ਨੂੰ ਸ਼ਾਹ ਦਾ ਚਾਚਾ ਸਰਬੁਲੰਦਖਾਂ ਅਠਾਰਾਂ ਹਜ਼ਾਰ ਅਸਵਾਰ ਲੈਕੇ ਆ ਪਹੁੰਚਾ॥

ਬਾਦਸ਼ਾਹ ਨੇ ਸਿੰਘਾਂ ਉਤੇ ਫਤੇ ਪਾਉਣੀ ਤੇ ਮੁਲਕ ਦਾ ਏਂਦੋਬਸਤ ਕਰਨਾ ਔਖਾ ਸਮਝਕੇ ਇਕ ਪ੍ਰਕਾਰ ਨਾਲ ਕੂਚ ਤਾਂ ਕੀਤਾ, ਪਰ ਸਿੰਘਾਂ ਨੂੰ ਤਾਂ ਘਲੂਘਾਰੇ ਦਾ ਬਦਲਾ ਗੱਚ ਸੀ, ਸੁਕਾ ਕਦ ਜਾਣ ਦੇਂਦੇ? ਸਾਰਾ ਮਾਝਾ ਦੇਸ ਹੱਥ ਧੋਕੇ ਦੁਰਾਨੀਆਂ ਦੇ ਪਿਛੇ ਲਗ ਗਿਆ। ਡੱਲੇ ਪਿੰਡ ਪਾਸੋਂ ਰਾਵੀ ਦਰਿਆ ਲੰਘਦੇ ਦੁਰਾਨੀ ਜਾ ਘੇਰੇ, ਬੜਾ ਘੋਰ ਜੁਧ ਹੋਯਾ, ਫੌਜਦੇ ਬਚਾਉ ਵਾਸਤੇ ਬਾਦਸ਼ਾਹ ਤਿੰਨ ਵਾਰੀ ਪਾਰਉਤਾਰ ਹੋਯਾ, ਪਰ ਕੁਛ ਪੇਸ਼ ਨਾ ਗਈ। ਸਿੰਘਾਂ ਨੇ ਜਹਾਨਖਾਂ, ਨੂਰਦੀਨ, ਇਸਮਾਈਲਖਾਂ ਆਦਿਕ ਵਡੇ ੨ ਸਰਦਾਰਾਂ ਸਮੇਤ ਅੱਠ ਹਜਾਰ ਦੁਰਾਨੀ ਨੂੰ ਦਰਿਆ ਦੀ ਭੁਟਾ ਕੀਤਾ ਤੇ ਸ਼ਾਹ ਦੇ ਚਾਚੇ ਸਰਬੁਲੰਦਖਾਂ ਜੇਹੇ ਅਨੇਕਾਂ ਨੂੰ ਜ਼ਖਮੀ ਕਰਕੇ ਘੱਲੂਘਾਰੇ ਦਾ ਗੁੱਸਾ ਕੱਢਯਾ। ਭਰੋਸਾ ਸੀ ਕਿ ਬਾਦਸ਼ਾਹ ਨੂੰ ਭੀ ਫੜਕੇ, ਇਸਦੀ ਚਟਨੀ ਕਰਨਗੇ, ਪਰ ਸ਼ਾਹਜ਼ਾਦਾ ਤਹਿਮੂਰ ਸ਼ਾਹ ਤੇ ਅਬਦੁੱਲਾਖਾਂ, ਕਸ਼ਮੀਰ ਵੱਲੋਂ ਬਾਰਾਂ ਹਜ਼ਾਰ ਪਠਾਣ ਈਸਵਜ਼ਈ ਕੌਮ ਦਾ ਲੈਕੇ ਆ ਫਿਰੇ॥

ਏਸ ਕੁੰਮਕ ਨੇ ਦੁਰਾਨੀਆਂ ਦੇ ਦਿਲ ਵੁਟੇ ਕਰ ਦਿੱਤੇ, ਬਾਦਸ਼ਾਹ ਨੇ ਦੂਜੇ ਦਿਨ ਐਸੇ ਢੰਗ ਨਾਲ ਸਿੰਘਾਂ ਉੱਤੇ ਹੱਲਾ ਕੀਤਾ ਕਿ ਸੈਂਕੜੇ ਸ਼ਹੀਦ ਕਰ ਕੱਢੇ, ਹੁਣ ਇਥੋਂ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇ ਰਾਜਨੀਤਕ ਚਾਲ ਕੀਤੀ ਤੇ ਦੀਨਾ ਨਗਰ, ਪਠਾਣਕੋਟ ਦੇ ਗਿਰਦੇ ਡੇਰੇ ਜਾ ਲਾਏ। ਦੁਰਾਨੀ ਸ਼ਾਹ ਨੇ ਪੰਜ ਦਿਨ ਵਿਚ ਚਰਖੀ ਤੇ ਦਰਪ ਦੇਸ, ਸਿਆਲਕੋਟ ਦੇ ਗਿਰਦੇ ਤੋਂ ਬੀਸਤ ਹਜ਼ਾਰ ਹਿੰਦੂ ਫੜ ਲੀਤਾ ਤੇ ਆਪਣੀ ਫੌਜ ਨੂੰ ਲੁਟ ਦਾ ਹੁਕਮ ਦੇ ਕੇ ਧਨੀ ਖਟਾਯਾ।ਸਿੰਘਾਂ ਨੇ ਐਸਾ ਦੜ ਵਟਿਆ ਕਿਦੁਰਾਨੀਆਂਨੂੰ ਪਤਾ ਨਾਹੀ ਲੱਗਾ। ਹੁਣ ਜਦ ਇਕ ਮਹੀਨਾਂ ਦੁਰਾਨੀਆਂ ਨੂੰ ਸਿੰਘ ਨਾ ਲਭੇ ਤਾਂ ਬਾਦਸ਼ਾਹ ਨੇ ਕਾਬਲ ਵੰਨੀ ਰੁਖ ਕਰ ਲੀਤਾ। ਏਹ ਖਬਰ ਸੁਣਕੇ ਸਿੰਘ ਫੇਰ ਝਾੜਾਂ ਪਹਾੜਾਂ ਵਿਚੋਂ ਖੁੰਬਾਂ ਵਾਂਗੂ ਨਿਕਲ ਪਏ। ਅਨੇਕ ਜਥੇ ਆ ਕਠੇ ਹੋਏ,ਅਤੇ ਅਚਾਨਕ ਹੀ ਫੜੇ ਜਾ ਬੁਲਾਈ।

ਜਦ ਬਾਦਸ਼ਾਹੀ ਫੌਜ ਦਰੀਯਾ ਜੇਹਲਮ ਤੋਂ ਪਾਰ ਹੋ ਰਹੀ ਸੀ ਤਾਂ ਕਿਨਾਂ ਖਬਰ ਬਿਜਲੀ ਵਾਂਗੂ ਇਕਦਮ ਦੁਰਾਨੀਆਂ ਉਪਰ ਜਾ ਪਏ।ਸੁਰਮਜਾਂ ਨੇ ਮੱਧਰ ਲਾਹ ਲਈ, ਐਸੀ ਕਟਾ ਵੱਢ ਹੋਈ ਕਿ ਬਾਦਸ਼ਾਹ ਨੇ ਪਾਰ ਦਾ ਲਸ਼ਕਰ ਫੇਰ ਉਰਾਰ ਲਜਾਕੇ ਜਾਨ ਮਾਲ ਬਚਾਯਾ, ਤਾਂ ਭੀ ਤੋਪਖਾਨਾ ਤੇ ਹੋਰ ਬਹੁਤ ਸਾਮਾਨ ਛੇਤੀ ਕਰਨੇਕਰ ਦਰਜਾ ਵਿੱਚ ਗਰਕ ਹੋਗਿਆ। ਸਿੰਘਾਂ ਨੇ ਜ਼ੋਰ ਦੇਕੇ ਆਪਣੇ ਦੇਸੀ ਭਾਈ ਛੁਡਾ ਕੇ ਘਰਾਂ ਨੂੰ ਭੇਜ ਦਿਤੇ। ਦੁਰਾਨੀ ਤਾਂ ਬੇੜਜਾਂ ਉਤੇ ਲੰਘਦੇ ਹੀ ਰਹੇ ਤੇ ਸਿੰਘ ਲਾਮ ਛਾਮ ਗਾਹਣ ਲੰਘਦੇ ਪਹਿਲੇ ਹੀ ਪਾਰ ਹੋਕੇ ਕਟਾ ਵਢ ਕਰਨ ਲਗ ਪਏ॥

ਬਾਦਸ਼ਾਹ ਨੇ ਅਨੇਕ ਉਪਾਇ ਛਲ ਵਲ ਕੀਤੇ, ਪਰ ਖਾਲਸੇ ਅੱਗੇ ਕੋਈ ਪੇਸ਼ ਨਾ ਗਈ। ਹਾਰਕੇ ਆਪਣੇ ਚਾਚੇ ਸਰਬੁਲੰਦਖਾਂ ਨੂੰ ਦਸ ਹਜ਼ਾਰ ਫੌਜ ਸਮੇਤ ਕਿਲੇ ਰੁਹਤਾਸ

Sri Satguru Jagjit Singh Ji eLibrary NamdhariElibrary@gmail.com

ਵਿੱਚ ਹਿਰਾਕੇ ਆਪ ਕਾਬੁਲ ਨੂੰ ਚਲਾ ਗਿਆ। ਏਸ ਵਾਰੀ ਸ਼ਾਹ ਸ਼ੈਸ਼ਾ ਦੁਖੀ ਹੋਕੇ ਗਿਆ ਕਿ ਫਿਰ ਕਦੀ ਪੰਜਾਬ ਵੱਲ ਮੂੰਹ ਨਾ ਕੀਤਾ॥

ਸਿੰਘਾਂ ਨੇ ਲਾਹੌਰ ਮੱਲਣਾ

ਸਰਦਾਰ ਗੁੱਜਰ ਸਿੰਘ, ਲੈਣਾ ਸਿੰਘ, ਨੋਭਾ ਸਿੰਘ ਨੇ ੧੭ਮਾਘ ਸੰਃ ੧੮੨੩ ਵਿਃ ਨੂੰ ਫੇਰ ਲਾਹੌਰ ਉੱਤੇ ਜਥਾ ਕਰ ਲਿਆ, ਕਿਉਂਕਿ ਏਹ ਤਿੰਨੇ ਸਰਦਾਰ ਭੰਗੀ ਮਿਸਲ ਵਿਚੋਂ ਸੇ, ਓਦੋਂ ਏਹ ਮਿਸਲ ਸਭਤੋਂ ਜ਼ੋਰਾਵਰ ਸੀ। ਏਨ੍ਹਾਂ ਸਰਦਾਰਾਂ ਨੇ ਅਬਦੁਲਾਖਾਂ ਨੂੰ ਤਾਂ ਆਪਨਾ ਦੇਸੀ ਸਮਝਕੇ ਕੁਛ ਨਾ ਆਖਜਾ, ਪਰ ਦਾਵਰਖਾਂ ਨੂੰ ਕਿਲੇ ਅੰਦਰ ਕੈਦ ਕਰ ਰੱਖਜਾ। ਓਸ ਦਿਨ ਤੋਂ ਆਪਣੇ ੨ ਇਲਾਕੇ ਵਿਚ ਸਭ ਸਿਖ ਸਰਦਾਰ ਖੁਦ ਮੁਖਤਾਰ ਹਾਕਮ ਬਣ ਬੈਠੇ ਸੇ॥

ਸਰਬੁਲੰਦਖਾਂ ਨੂੰ ਕੈਦ ਕਰਕੇ ਛੱਡਣਾ

ਚੜਤ ਸਿੰਘ ਤੇ ਗੁੱਜਰ ਸਿੰਘ ਜੋ ਦੋਵੇਂ ਵੱਡੇ ਸਰਦਾਰ ਰੁਹਤਾਸ ਦੇ ਗਿਰਦੇ ਬਹੁਤ ਦੇਸ ਦਬਾ ਬੈਠੇ ਸੇ, ਓਨ੍ਹਾਂ ਨੇ ਹੋਰ ਆਪਣੇ ਮੇਲੀ ਸਰਦਾਰਾਂ ਨੂੰ ਵੱਠੇ ਕਰਕੇ ਸਰਬੁਲੰਦਖਾਂ ਨੂੰ ਰੁਹਤਾਸ ਵਿੱਚੋਂ ਕੱਢਣ ਵਾਸਤੇ ਏਹ ਉਦਮ ਕੀਤਾ ਕਿ ਪਹਿਲੇ ਬਾਵੇ ਖਜੋਟ ਸਿੰਘ ਸੋਢੀ ਨੂੰ ਜੋ ਏਸ ਵੇਲਦੇ ਹਿੰਦੂ ਮੁਸਲਮਾਨਾਂ ਦਾ ਗੁਰੂ ਪੀਰ ਮੰਨਜਾਂ ਪਭੁ ਮੰਨਜਾਂ ਹੋਜਾ ਬੜਾ ਪ੍ਰਤਾਪੀ ਸੀ ਆਪਣੇ ਨਾਲ ਮਿਲਾਕੇ ਓਸ ਵੇਲੇ ਚੌਧਰੀ ਅਲੀ ਮੁਹੰਮਦ ਖਾਂ ਗੁੱਜਰ ਚੌਧਰੀ ਫਤੇ ਚੰਦ ਚੱਢਾ ਖੱਤ੍ਰੀ, ਸੁਲਤਾਨ ਖਾਂ ਗੱਖੜ ਆਦਿਕ ਵੱਡੇ ੨ ਪੁਰਾਨੇ ਵਾਲੇ ਲੋਕਾਂ ਨੂੰ ਇੱਜ਼ਤ ਇਨਾਮ ਦੇਣਾ ਕਰਕੇ ਆਪਣੇ ਵਲ ਲਿਆ। ਓਨ੍ਹਾਂ ਨੇ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਦੀ ਫੌਜ ਅਨੇਕ ਭਤੀਜਾਂ ਨਾਲ ਥੋੜੀ ੨ ਰੁਹਤਾਸ ਦੇ ਨੇੜੇ ਜਾ ਖੜੀ ਕੀਤੀ ਤੇ ਆਖਜਾ, ਜਦ ਕਿਲੇ ਵਿੱਚ ਬੰਦੂਕ ਚੱਲੇ ਤਦ ਤੁਸਾਂ ਹੱਲਾ ਕਰ ਦੇਣਾ ॥

ਥੋੜ੍ਹੀ ਜੇਹੀ ਫੌਜ ਲੈਜਾਕੇ ਆਲ੍ਹੇ ਪਿੰਡ ਵੈਨੀਓਂ ਦੁਰਾਨੀਆਂ ਨੂੰ ਝਾੜੀ ਦਿਵਾਈ ਤਾਂ ਓਸ ਪਿੱਛੇ ਪੰਜ ਛੀ ਹਜ਼ਾਰ ਦੁਰਾਨੀ ਪੈਦਲ ਲੱਗ ਪਿਆ, ਕਿਉਂਕਿ ਟਿੱਬੀਆਂ ਦੇ ਰਸਤੇ ਘੋੜੇ ਨਹੀਂ ਜਾ ਸਕਦੇ ਸੇ। ਜਦ ਓਹ ਛੀ ਸੱਤ ਕੋਹ ਲੰਘੇ ਤਾਂ ਟਿਲੇ ਵਾਲ ਗੁਰਦਾਈ ਦੀ ਤਰਫੋਂ ਦੂਸਰੇ ਜੱਥੇ ਦੀ ਝਾਕੀ ਦਿਵਾ ਕੇ ਦੋ ਹਜ਼ਾਰ ਦੁਰਾਨੀ ਉਨ੍ਹਾਂ ਪਿੱਛੇ ਲਗਵਾ ਦਿੱਤਾ। ਪਿੱਛੋਂ ਸੁਲਤਾਨ ਖਾਂ ਤੇ ਫਤੇ ਚੰਦ ਨੇ ਚੋਟੇ ਵੈਨੀ ਦਾ ਦਰਵਾਜਾ ਖੋਲ੍ਹ ਕੇ ਦੋਹਾਂ ਸਰਦਾਰਾਂ ਨੂੰ ਪੰਜਕ ਹਜ਼ਾਰ ਸਿੰਘਾਂ ਨਾਲ ਕਿਲੇ ਵਿੱਚ ਵਾਛੜੇ ਬੰਦੂਕ ਚਲਵਾ ਦਿਤੀ। ਸਭ ਸਿੰਘ ਹੱਲਾ ਕਰਕੇ ਆ ਵੜੇ ਕਤਲਾਮ ਹੋਣ ਲੱਗੀ, ਸਭ ਮੁਸਲੀ ਫੌਜ ਨੱਠ ਗਈ। ਸਰਬੁਲੰਦ ਖਾਂ ਨੂੰ ਸਰਦਾਰ ਚੜਤ ਸਿੰਘ ਨੇ ਵਛੜੇ ਕਿਲੇ ਉੱਤੇ ਆਪਣਾ ਕਬਜਾ ਕਰ ਲਿਆ। ਦੁਰਾਨੀਆਂ ਦੇ ਘੋੜੇ ਸਭਾਣਿ ਵਿੱਚੋਂ ਬੰਨ੍ਹੇ ਬਨ੍ਹਾਏ ਸਿੰਘਾਂ ਲੈ ਲਏ, ਉਨ੍ਹਾਂ ਘੋੜਾਂ ਦੇ ਮਾਲਕ ਏਹ ਖਬਰ ਸੁਣਦੇ ਹੀ ਪਹਾੜਾਂ ਵਿੱਚ ਦੀ ਕਾਬਲ ਨੂੰ ਚਲੇ ਗਏ। ਫੇਰ ਸਰਦਾਰ ਬਹਾਦਰ ਨੇ ਸਰਬੁਲੰਦ ਖਾਂ ਨੂੰ ਬੀ ਖਿਲਤ ਖਰਚ ਦੇਕੇ ਕਾਬੁਲ ਪਹੁੰਚਾ ਦਿੱਤਾ। ਸਰਦਾਰ ਚੜਤ ਸਿੰਘ ਤੇ ਸਰਦਾਰ ਗੁਜਰ ਸਿੰਘ ਨੇ ਅਟਕ ਦੇ ਕਿਨਾਰੇ ਤੱਕ ਸਾਰੇ ਦੇਸ ਉੱਤੇ ਕਬਜ਼ਾ ਕਰਕੇ ਅੱਧੇ ਅੱਧੀ ਵੰਡ ਪਾਲਈ। ਗੁਜਰ ਸਿੰਘ ਨੇ ਝਾਂ ਕੰਛੀ ਤੇ ਪੋਠੋਹਾਰ ਦੇਸ ਦਬਾਕੇ ਕਾਲ੍ਹੇ ਦੀ ਸਰਾਂਹ ਵਿੱਚ ਆਪਣੀ ਫੌਜ ਤੇ ਸਰਦਾਰ ਮਿਲਖਾ ਸਿੰਘ ਨੂੰ ਠਾਣੇ

Sri Satguru Jagjit Singh Ji eLibrary NamdhariElibrary@gmail.com

ਦਾਰ ਮੁਕੱਰਰ ਕਰਕੇ ਗੁਜਰਾਤ ਨੂੰ ਆਪਣੀ ਰਾਜਧਾਨੀ ਬਣਾ ਲਿਆ, ਤੇ ਸਰਦਾਰ ਚੜ੍ਹਤ ਸਿੰਘ ਨੇ ਧੰਨੀ, ਘੇਬ, ਜੰਡਾਲੀ ਖਾਟੜ ਅਮਾਨਕ ਆਦਿਕ ਪਰਗਣੇ ਦਬਾ ਲੈ, ਆਪਣੇ ਸਾਲੇ ਖੁਸ਼ਾਲ ਸਿੰਘ ਨੂੰ (ਜਿਸਦਾ ਬਣਵਾਸਾ ਹੋਯਾ ਸਿਲਾ ਖੁਸ਼ਾਲ ਗੜ੍ਹ ਰੋਲਦੇ ਅਸ੍ਰੇਸ਼ਨ ਪਾਸ ਹੁਣ ਤੱਕ ਹੈ) ਫੌਜ ਸਮੇਤ ਗੁਜਰਾਂ ਵਾਲੇ ਦੀ ਰਜਾਮਤ ਥਾਪੀ ॥

ਓਧਰ ਸਰਦਾਰ ਝੰਡਾ ਸਿੰਘ ਭੰਗੀ ਨੇ ਪਰਗਣੇ ਚਨੀਓਟ ਆਦਿਕ ਤਾਂ ਪਹਿਲੇ ਹੀ ਦਬਾ ਰੱਖੇ ਸੇ, ਫੇਰ ਮੁਲਤਾਨ ਛੀ ਜਾ ਘੇਰਜਾ। ਨਵਾਬ ਸੁਜਾਵਲ ਖਾਂ ਓਥੋਂ ਦਾ ਸੂਬਾ ਦੌੜ ਗਿਆ, ਸਰਦਾਰ ਨੇ ਮੁਲਤਾਨ ਉੱਤੇ ਕਬਜਾ ਕਰਕੇ, ਡੇਰਾਗਾਜੀ ਖਾਂ ਦੀ ਤਰਫ ਨੂੰ ਫੌਜ ਉਠਾਈ। ਏਸੇ ਤਰਾਂ ਹੋਰ ਸਭ ਸਿੱਖ ਸਰਦਾਰ ਆਪਣੇ ਆਪਣੇ ਥਾਂਛਤ ਪਰਗਣੇ ਦਬਾ ਕੇ ਹਾਕਮ ਬਣ ਬੈਠੇ ॥

ਤਹਿਮੂਰ ਸ਼ਾਹ ਦਾ ਪਹਿਲਾ ਹੱਲਾ

ਜਦ ਸਿੰਘਾਂ ਨੇ ਕਾਬਲ ਵਾਲੇ ਬਾਦਸ਼ਾਹ ਦੇ ਹਾਕਮਾਂ ਨੂੰ ਦੇਸ ਤੋਂ ਕੱਢਕੇ ਤਲਵਾਰ ਦੇ ਜੋਰ ਨਾਲ ਅਟਕ ਦਰਿਆ ਤੇ ਜਮਨਾਂ ਦੇ ਅੰਦਰ ਸਾਰੇ ਮੁਲਕ ਉਪਰ ਆਪਣਾ ਕਬਜਾ ਕਰ ਲੀਤਾ ਤਾਂ ਅਹਿਮਦ ਸ਼ਾਹ ਦੁਰਾਨੀ ਨੇ (ਜਿਸ ਯਾਰਾਂ ਵਾਰੀ ਪੰਜਾਬ ਉਤੇ ਚੜ੍ਹਕੇ ਆਯਾ ਸੀ ਤੇ ਹੁਣ ਹਾਰ ਚੁੱਕਾ ਸੀ) ਅਮੀਰਾਂ ਤੇ ਫੌਜਦਾਰਾਂ ਦੀ ਕਚਿਹਰੀ ਵਿਚ ਤੇਗ ਰੱਖ ਕਰ ਹੁਕਮ ਦਿੱਤਾ ਕਿ ਕੋਈ ਬਹਾਦਰ ਹੈ ਜੋ ਸਿੰਘਾਂ ਪਰ ਬੀੜਾ ਉਠਾਵੇ। ਅਮੀਰ ਵਜੀਰ ਤਾਂ ਸਿੰਘਾਂ ਦੇ ਹੱਥ ਦੇਖ ਚੁਕੇ ਸੇ, ਏਸ ਵਾਸਤੇ ਜਦ ਕਿਸੇ ਨੇ ਬੀੜਾ ਨਾ ਉਠਾਯਾ ਤਾਂ

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਦਾ ਬੜਾ ਬੇਟਾ ਸ਼ਾਹਜ਼ਾਦਾ ਤਹਿਮੂਰ ਸ਼ਾਹ ਬੀੜਾ ਚੁਕ ਕੇ ਇਕ ਲੱਖ ਅਸਵਾਰ ਨਾਲ ਸੰਃ ੧੮੨੬ ਬਿਃ ਨੂੰ ਪੰਜਾਬ ਉੱਤੇ ਚੜ ਆਯਾ । ਪਸ਼ਾਵਰ ਪਹੁੰਚਕੇ ਹਾਜੀ ਅਲੀ ਮਹੰਮਦ ਖਾਂ ਵਕੀਲ ਨੂੰ ਸਿੰਘਾਂ ਪਾਸ ਭੇਜਿਆ । ਓਸਨੇ ਗੁੱਜਰ ਸਿੰਘ ਆਦਿਕ ਸਰਦਾਰਾਂ ਪਾਸ ਲਾਹੌਰ ਪਹੁੰਚਕੇ ਬਾਦਸ਼ਾਹ ਦੀ ਤਰਫੋਂ ਸੁਣਾਯਾ ਕਿ ਜੇਕਰ ਤੁਸੀ ਪੰਜਾਬ ਦੇ ਮੁਲਕ ਉਪਰ ਕਾਇਮ ਰਹਿਣਾ ਚਾਹੁੰਦੇ ਹੋ ਤਾਂ ਅਸਾਡੇ ਤਾਬੇਦਾਰ ਹੋਕੇ ਰਹੋ । ਸਿਖ ਨੇ ਜਵਾਬ ਦਿਤਾ, ਸਾਨੂੰ ਵਾਹਿਗੁਰੂ ਨੇ ਮੁਲਕ ਬਖਸ਼ਜਾ ਹੈ, ਤੁਰਕ ਦੀ ਤਾਬੇਦਾਰੀ ਨਹੀਂ ਕਰਾਂਗੇ। ਵਕੀਲ ਬੋਲਜਾ, ਜੇ ਬਾਦਸ਼ਾਹ ਦੀ ਤਾਬੇਦਾਰੀ ਨਾ ਮੰਨੋਗੇ ਤਾਂ ਤੁਹਾਡਾ ਮਜਬ ਤੇ ਜੀਉਣਾ ਭੀ ਨਾ ਹੋਵੇਗਾ। ਇਹ ਸੁਣਦੇ ਹੀ ਝਿੜ ਸਿੰਘ ਨੇ ਵਕੀਲ ਦਾ ਸਿਰ ਉਡਾ ਦਿਤਾ । ਓਸਨੂੰ ਸਰਦਾਰਾਂ ਨੇ ਝਿੜਕਯਾ ਕਿ ਤੈਂ ਅਨੀਤੀ ਕੀਤੀ, ਵਕੀਲ ਨਹੀਂ ਮਾਰਨਾ ਸੀ। ਓਧਰ ਜਦ ਵਕੀਲ ਦਾ ਮਾਰੇ ਜਾਣਾ ਤਹਿਮੂਰ ਸ਼ਾਹ ਨੇ ਸੁਣਿਆਂ ਤਾਂ ਅੱਗਦਾ ਭਾਂਬੜ ਹੋਕੇ ਚੜ੍ਹ ਬੈਠਾ ਤੇ ਜੰਗੀ ਖਾਂ ਤੁਰਾਨੀ ਨੂੰ ਪੰਜਾਹ ਹਜ਼ਾਰ ਅਸਵਾਰ ਨਾਲ ਹਰਾਵਲ ਕਰਕੇ ਅੱਗੇ ਭੇਜ ਦਿਤਾ । ਫੇਰ ਤਾਂ ਸਭ ਸਿੰਘ ਅੰਮ੍ਰਤਸਰ ਦੀ ਤਰਫ ਨੂੰ ਚਲੇ ਆਏ । ਜੱਦਪਿ ਸਰਦਾਰ ਗੁਜਰ ਸਿੰਘ, ਚੜਤ ਸਿੰਘ ਨੇ ਤੀਸਕ ਹਜਾਰ ਸਿੰਘ ਕੱਠਾ ਕਰਕੇ ਰੁਹਤਾਸ ਦੇ ਪਾਸ ਮੁਠਭੇੜ ਕੀਤੀ,ਪਰ ਕੁਛ ਨਾ ਬਣਿਆਂ।ਹੁਣ ਫੇਰ ਸਮਾਂ ਵਿਚਾਰ ਕੇ ਸਿੰਘ ਜੰਗਲਾਂ ਵਿਚ ਚਲੇ ਗਏ । ਬਾਰਿਸ਼ ਅਧਿਕ ਹੋਣੇ ਕਰ ਜੰਗੀ ਖਾਨ ਤਾਂ ਲਾਹੌਰ ਵਿਚ ਠਹਿਰ ਗਿਆ ਤੇ ਤਹਿਮੂਰ ਸ਼ਾਹ ਆਪਣੇ ਮਾਮੇ ਬੁਲੰਦ ਖਾਂ ਨੂੰ ਛੀ ਹਜਾਰ ਅਸਵਾਰ ਨਾਲ

Sri Satguru Jagjit Singh Ji eLibrary NamdhariElibrary@gmail.com

ਰੁਹਤਾਸ ਛਡਕੇ ਆਪ ਮੁਲਤਾਨ ਨੂੰ ਚਲਾ ਗਿਆ। ਮੁਲਤਾਨ ਦਾ ਹਾਕਮ ਸਰਦਾਰ ਸਾਵਣ ਸਿੰਘ ਤੇ ਗੁਰਬਖਸ਼ ਸਿੰਘ ਆਪਣੀ ਰਾਜਧਾਨੀ ਦੀ ਕੁਛ ਪਰਵਾਹ ਨਾ ਕਰਦੇ ਹੋਏ ਸਿੰਘਾਂ ਦੇ ਜਥਿਆਂ ਵਿਚ ਚਲੇ ਗਏ। ਤਹਿਮੁਰ ਸ਼ਾਹ ਨੇ ਮੁਜਫਰ ਖਾਂ ਨੂੰ ਮੁਲਤਾਨ ਦਾ ਸੂਬਾ ਕਾਇਮ ਕਰਕੇ ਲਾਹੌਰ ਦੀ ਤਰਫ ਵਾਗ ਚੁਕਾ ਲੀਤੀ, ਰਾਹ ਵਿਚ ਸੁਣਿਆਂ ਕੇ ਸ਼ੇਖੂ ਪੁਰ ਦੇ ਪਰਗਣੇ ਵਿਚ ਸਿੰਘ ਲੜਾਈ ਵਾਸਤੇ ਬਹੁਤ ਕਠੇ ਹੋ ਰਹੇ ਹਨ। ਸੋ ਏਹ ਹੱਲਾ ਕਰਕੇ ਜਾ ਪਿਆ, ਥੋੜੀ ਜੇਹੀ ਲੜਾਈ ਹੋਈ ਓਂਥੇ ਭੀ ਫੇਰ ਸਿੰਘਾਂ ਨੇ ਆਪਣੀ ਚਾਲ ਚਲੀ, ਸਰਦਾਰ ਚੜਤ ਸਿੰਘ ਗੁਜਰ ਸਿੰਘ ਆਦਿਕ ਦਾਤਾਰ ਪੁਰ ਦੇ ਗਿਲਦੇ ਜਾ ਰਹੇ। ਤਹਿਮੁਰ ਸ਼ਾਹ ਨੇ ਫਤੇ ਖਾਂ ਜਾਫਰ ਜੰਗ ਨੂੰ ਪੰਦਰਾਂ ਹਜ਼ਾਰ ਅਸਵਾਰ ਦੇਕੇ ਸਿੱਖਾਂ ਨੂੰ ਸਤਲੁਜੋਂ ਪਾਰ ਕਰਨ ਵਾਸਤੇ ਭੇਜ ਦਿਤਾ। ਅਨੇਕ ਜਗਾਂ ਸਿੰਘ ਲੜੇ, ਜਿੱਤ ਕਿਸੇ ਦੀ ਨਾ ਹੋਈ, ਅਠ ਮਹੀਨੇ ਏਹੋ ਹਾਲ ਰਿਹਾ, ਦੋਨੋਂ ਪਾਸਿਆਂ ਦੇ ਬਹੁਤ ਨੁਕਸਾਨ ਹੁੰਦੇ ਰਹੇ, ਕਿਉਂਕਿ ਓਸ ਸਮੇਂ ਬਹੁਤ ਸਿੰਘ ਆਪਣੇ ਆਪਣੇ ਇਲਾਕੇ ਦੀ ਰਖਵਾਲੀ ਵਿਚ ਫਸੇ ਹੋਏ ਸਨ, ਕੇਵਲ ਸੁਕਰ ਚਕੀਏ, ਭੰਗੀ ਘਰੱਜੇ, ਰਾਮਗੜੀਏ ਏਹੋ ਸਰਦਾਰ ਲੜਦੇ ਭਿੜਦੇ ਰਹੇ। ਜਦ ਸੰਮਤ ੧੮੨੬ ਬਿਃ ਨੂੰ ਅਨੰਦਪੁਰ ਹੋਲੇ ਪਰ ਬਹੁਤ ਪੰਥ ਕੱਠਾ ਹੋਯਾ ਤਾਂ ਗੁਰਮਤਾ ਕਰਕੇ ਸਬ ਸਿੰਘ ਦੁਰਾਨੀਆਂ ਉਪਰ ਕਸਬੇ ਨਕੋਦਰ ਪਾਸ ਤਲਵਾਰਾਂ ਖਿਚਕੇ ਜਾ ਪਏ, ਫੇਰ ਤਾਂ ਖੂਬ ਕਟਾ ਵੱਢ ਹੋਈ ਅਤੇ ਲਾਹੌਰ ਤਕ ਪਿਛਾ ਦਬਾਈ ਚਲੇ ਗਏ ॥

ਤਹਿਮੁਰ ਸ਼ਾਹ ਨੇ ਅੱਠਾਂ ਮਹੀਨਿਆਂ ਵਿਚ ੨੦ ਕਿਲੇ

Sri Satguru Jagjit Singh Ji eLibrary NamdhariElibrary@gmail.com

ਕਾਇਮ ਕੀਤੇ ਸੇ,ਜਿਨਾਂ ਦਾ ਵੇਰਵਾ ਇੰਉ ਹੈ:-ਸੁਲਤਾਨ ਪੁਰ ਗੱਖੜਾਂ ਦਾ ੧, ਏਸ ਏਸ ਦੇ ਜ਼ਿਮੀਂਦਾਰ ਮਾਲਕ ਸੇ ਏਥੋਂ ਹੀ ਮੰਡਲਾ ਵੇਢੀ ਦੇ ਲੋਣ ਪਾਸੋਂ, ਪਹਾੜਾਂ ਵਿੱਚੋਂ ਸਿਹਲਮ ਦਰਿਯਾ ਨਿਕਲਦਾ ਹੈ। ਦੂਸਰਾ ਤੁਹਤਾਸਰ, ਪੱਧ ਜੀ ਜਦੂਏ ਰਜਪੂਤਾਂ ਦੀ ੨, ਠਿਲ ਜਹੌਰੇ ਦੀ ਗੜੀ ਜੋ ਦੇ ਕਿਲਜਾਂ ਦੇ ਵਿਚਕਾਰ ਹੈ ੪, ਬਾਗ ਪਿੰਡ ੫, ਗੜਮਖਜਾਲਾ ਯਾ ਤਖਤ ਸਲੇਦੀ ਜੋ ਬਣਾਕੇ ਐਬਲ ਰਾਜਾ ਦੇ ਸਪੁਰਦ ਕੀਤਾ ਸੀ ਤੇ ਹੁਣ ਜਦੂਏ ਰਾਜਪੂਤਾਂ ਦੇ ਟਿਕੇ ਦੀ ਰਜਾਸਤ ਹੈ੬,*ਕੁਸ਼ਕ੭, ਖੜੱਪੇ ਦੇ ਦਰੇ ਉਤੇ ਗੜੀ ਵਟੱਲੀ ਤੇ ਛੁੰਮਣ ਕਿਲੇ ਸੈਦਪੁਰ ਦੇ ਪਾਸ ੮, ਜਹਣ ਸੈਦਨ ਸ਼ਾਹ ਦੇ ਚੋਏ ਉੱਤੇ ੯, ਏਹ ਕਿਲਾ ਭੀ ਸੁਲਤਾਨ ਕਹੂੰਣ ਵਾਲੇ ਦੇ ਹਵਾਲੇ ਹੋਯਾ ॥

ਪਲਖੀ ਦੀ ਘਾਟੀ ਉੱਤੇ†ਕਹੂੰਣ ਦੇ ਪਰਗਣੇ ਵਿੱਚ ੧੦, ਮਛਿਆਛ ਨਰ ਸਿੰਘ ਫੁਹਾਰ ਦੇ ਸਿਰੇ ਉਤੇ, ਜਿੱਥੇ ਨਰ ਸਿੰਘ ਜੀ ਨੇ ਹੱਥ ਪੈਰ ਧੋਤੇ ਸੇ ੧੧, ਜਬੀ ਦੇ ਪਹਾੜ ਉੱਤੇ

*ਕੁਸ਼ਕ ਉੱਪਰ ਕੌਸਤਜਾਨੀ ਦੇਵੀ ਦੀ ਮੂਰਤਿ ਤੇ ਮੰਦਰ ਟਕਰੀ ਉੱਤੇ ਹੁਣ ਬੀ ਹੈ ਏਹ ਬਿਸ਼ਵਾਮਿਤ੍ਰ ਦੀ ਪਰਗਟ ਕੀਤੀ ਹੋਈ ਹੈ ਅਤੇ ਪੁਸਤਕਾਂ ਵਿੱਚ ਲਿਖਯਾ ਹੈ ਕਿ ਪਾਂਡਵ ਭੀ ਏਸੇ ਦੇਵੀ ਤੋਂ ਵਰ ਲੈਕੇ ਦਸੂਹੇ ਵਿੱਚ ਜਾਕੇ ਬੈਰਾਟ ਰਾਜਾ ਦੇ ਘਰ ਇਕ ਬਰਸ ਗੁਪਤ ਰਹੇ ਸੇ, ਏਹ ਕਿਲਾ ਰਚਕੇ ਪਾਂਡਵਾਂ ਨੇ ਜੱਗਜ ਕੀਤਾ ਸੀ। ਤਹਿਮੁਰ ਸ਼ਾਹ ਨੇ ਵਲਖੀ ਵਾਲੇ ਸੁਲਤਾਨ ਰਾਜਾ ਨੂੰ ਸਪੁਰਦ ਕੀਤਾ।

†ਕਹੂੰਣ ਵਿੱਚ ਸੰਃ ੧੯੭੯ ਬਿਃ ਨੂੰ ਭਿੰਨ ਹਜਾਰ ਸਿੰਘ ਨੂੰ ਸੁਲਤਾਨ ਕਹੂੰਣੀਏ ਆਦਿਕ ਤੁਰਕਾਂ ਨੇ ਪਾਰਦੇ ਮੁਲਕ ਵਲ ਛੰਘਾਉਣ ਲਗਜਾਂ ਇਕ ਐਸੀ ਖੱਡ ਵਿੱਚ ਫਾਸਜਾ ਜਿੱਥੇ ਇਕ ਬੀ ਸਿੰਘ ਨਾ ਬੱਚ ਸਕਦਾ ਤੇ ਓਨਾਂ ਪਹਾੜਾਂ ਉਪਰ ਜੋ ਪੰਜ ਪੰਜ ਕੋਹ ਉਚੇ ਸੇ, ਬੇਸ਼ੁਮਾਰ ਤੁਰਕ ਸਿੰਘਾਂ ਨੂੰ ਇਕ ਕੈਦਜਾ ਮਿਲ ਗਈ ਜਿਸ ਵਿੱਚ ਲੁਕ ਕੇ ਬੈਠੇ ਰਹੇ, ਪੰਜਵੇਂ ਦਿਨ ਮਹਾਰਾਜਾ ਰਣਜੀਤ ਸਿੰਘ ਨੂੰ ਸੁਪਨ ਹੋਯਾ ਤਾਂ ਓਸੇ ਸਮੇਂ ਫੌਜ ਲੈਕੇ ਖੁਦ ਹੀ ਚੜ੍ਹ ਪਏ, ਤੇ ਪਲਖੀ ਦੀ ਘਾਟੀ ਪਰ ਜਿੱਥੇ ਆਦਮੀ ਮੁਸ਼ਕਲ ਨਾਲ ਚੜ੍ਹਦਾ ਸੀ,ਮਹਾਰਾਜੇ ਨੇ ਓਥੋਂ ਦੀ ੨੨ ਤੋਪਾਂ ਤੇ ਗੱਡੀਆਂ ਲੰਘਾਈਆਂ ਇਸ ਸ਼ਕਤੀ ਨੂੰ ਦੇਖਕੇ ਕਹੂੰਣੀਏ ਆਦਿਕ ਪਰਲੇ ਦੇਸ ਦੇ ਸਭ ਰਾਜੇ ਤੇ ਖਾਨ,ਮਹਾਰਾਜਾ ਸਾਹਿਬ ਦੇ ਪੈਰੀਂ ਆ ਡਿਗੇ।ਮਹਾਰਾਜੇ ਨੇ ਓਨਾਂ ਸਿੰਘਾਂ ਨੂੰ ਅਮਨ ਅਮਾਨ ਨਾਲ ਲੈਆਂਦਾ ਤੇ ਨਾਲੇ ਹੋਰ ਬਹੁਤ ਕੁਛ ਰੁਪਯਾ ਛੇ ਨਵਾਬਾਂ ਤੋਂ ਲੀਤਾ ॥

Sri Satguru Jagjit Singh Ji eLibrary NamdhariElibrary@gmail.com

ਮੁਲਕ ਅਫ਼ਾਣਕਾਰ ਵਿੱਚ੧੨,ਲਾਵੇਦਾ ੧੩,ਲੰਮਣ ਦਾ ਢਰੇ ਦੇ ਦੋਹੀਂ ਪਾਸੀਂ੧੪,ਮਸਾਣ ਦੇ ਮੈਦਾਨ ਵਿੱਚ ਜੋ ਕਾਲੇਬਾਗਾਂ ਨੂੰ ਰਸਤਾ ਜਾਂਦਾ ਹੈ ੧੫, ਭਾਨੇ ਮਾੜੀ ਦੇ ਦਰੇ ਪਰ ਜਿੱਥੇ ਅਰਜਨ ਨਾਂਗੇ ਦੇ ਝੂਠੇ ਹੀ ਰਯਾਂਦਾ ਪਹਾੜ ਹੈ,ਰਾਤਨੂੰ ਚਮਕਦੇ ਹਨ ਤੇ ਦਿਨੇ ਸੂਰਜ ਦੀ ਕਿਰਣ ਨਾਲ ਕਿਰਣ ਮਿਲ ਜਾਂਦੀ ਹੈ। ਆਖਦੇ ਹਨ ਏਥੇ ਅਰਜਨ ਨਾਂਗਾ ਤੇ ਗੋਰਖ ਜਿਦੇ ਸੇ,ਨਾਗੇਨੇ ਹੀਰਜਾਂ ਦਾ ਪਹਾੜ ਤੇ ਗੋਰਖ ਨੇ ਮਿਸਰੀਦਾ ਪਰਬਤ, ਦੁਧ ਦਾ ਅਟਕ ਦਰਜਾ ਕਰ ਦਿਖਾਯਾ ਸੀ ੧੬, ਕੱਛੀ੧੭, ਦਾਊਦਖੇਲ ੧੮, ਰੋਖੜੀ ੧੯, ਮੁਲਤਾਨ ੨੦, ਤਹਿਮੂਰ ਸ਼ਾਹ ਨੇ ਏਹ ਬੀਸ ਖਿਲੇ ਤੇ ਹੋਰ ਕਈ ਘਾਟੀਆਂ ਮੰਗਲਾ ਦੇਵੀ ਦੇ ਪਹਾੜ ਤੋਂ ਲੈਕੇ ਮੁਲਤਾਨ ਤਕ ਪੰਜ ੨ ਦਸ ੨ ਕੋਹ ਉਤੇ ਏਸ ਤਰੀਕੇ ਨਾਲ ਕਜਮ ਕਰਕੇ ਆਪਣੇ ਮੁਲਕ ਦੀ ਤੇ ਪੰਜਾਬ ਦੇ ਮੁਲਕ ਦੀ ਹੱਦ ਬੰਨ੍ਹ ਲਈ। ਓਸ ਵਕਤ ਤਾਂ ਸਿੰਘਾਂ ਨੇ ਬੀ ਏਸੇ ਹੱਦ ਬੰਦੀ ਉੱਤੇ ਰਾਜੀ ਨਾਮਾ ਲਿਖ ਦਿੱਤਾ,ਪਰ ਸਿੰਘ ਕਲਮਹੋਠ ਕਦੋਂਆਉਂਦੇਸਨ? ਜਦ ਤਹਿਮੂਰ ਸ਼ਾਹਨੇਲਾਹੌਰੋਂ ਕਾਬਲ ਵੰਨੀ ਕੂਚ ਕੀਤਾ, ਤਦ ਜੋਹੜਾ ਪੰਥ ਅੰਮ੍ਰਤਸਰ ਸੀ ਓਨ੍ਹਾਂ ਵਿਚੋਂ ਕੁਛ ਸਿੰਘ ਰੋਜ਼ ਦਿੱਲੀ, ਆਗਰਾ, ਕਾਂਸ਼ੀ, ਕਲਕੱਤਾ,ਕਾਬੁਲ, ਕੰਧਾਰ,ਗਜ਼ਨੀ, ਖਲਖਬੁਖਾਰਾ, ਨੂਮ ਸ਼ਾਮ ਮਾਰਣ ਦੀਆਂ ਸਲਾਹਾਂ ਕਰਦੇ ਰਹਿੰਦੇ ਸਨ, ਓਹ ਬਿਨਾਂ ਸਰਦਾਰਾਂ ਦੇ ਪੁਛੇ ਦੁਰਾਨੀਆਂ ਦੇ ਪਿਛੇ ਲਗ ਤੁਰੇ ।ਓਨਾਂ ਨੂੰ ਦੇਖਦੇ ਹੋਰ ਖਾਲਸੇ ਨੇ ਬੀ ਵਾਗ ਉਠਾ ਲੀਤੀ। ਜਦ ਏਹ ਵਹੀਰ ਪੈਂਡਿਆ ਤਾਂ ਫੇਰ ਕੌਣ ਅਟਕੇ? ਛੇਕਝ ਸਰਦਾਰਾਂ ਨੂੰ ਭੀ ਬਹੁਤਿਆਂ ਦੇ ਸਾਥੀ ਹੋਣਾ ਪਿਆ। ਝਨਾਉ ਟੱਪਦੇ ਤਹਿਮੂਰ ਨੂੰ ਜਾ ਘੇਰਜਾ, ਨਾਂ ਤਾਂ ਓਸਨੂੰ ਤੁਰਨ

Sri Satguru Jagjit Singh Ji eLibrary NamdhariElibrary@gmail.com

ਹੀ ਦੇਣ ਤੇ ਨਾਂ ਹੀ ਖੜੇ ਹੋਕੇ ਲੜਨ, ਚੁਫੇਰਜੋਂ ਹੱਲੇ ਉਤੇ ਹੱਲਾ ਕਰ ਕਰ ਦੁਕਾਨੀਆਂ ਨੂੰ ਭੌਦਲਾ ਦਿੱਤਾ। ਜਦ ਅਨੇਕ ਮਾਰੇ ਤੇ ਜਖਮੀ ਕੀਤੇ ਤਾਂ ਦਹਲ ਕਰ ਬਹੁਤੇ ਰਾਤਬਿਰਾਤੇ ਕਾਬਲ ਵੰਨੀ ਨੱਸ ਗਏ, ਜਿਸ ਕਰਕੇ ਸੈਂਕੜੇ ਤੰਬੂ, ਘੋੜੇ ਏ ਤੁਪਾਂ ਸਮੇਤ ਭਾਜੀ ੨ ਅਫਗਾਨ ਖਾਲਸੇ ਨੂੰ ਵੇਖੇ ਤਹਿਮੂਰਸ਼ਾਹ ਨੂੰ ਮਸਾਂ ੨ ਜੇਲ੍ਹਮ ਤੋਂ ਪਾਰ ਹੋਯਾ। ਇਥੇ ਉਸਦੀ ਫੌਜ ਪਤ ਦਸ ਹਜ਼ਾਰ ਅਸਵਾਰ ਨਾਲ ਜੰਗੀਖਾਂ ਜੋ ਜੰਮੂ ਆਦਿਕ ਪਹਾੜੀ ਰਾਜਜਾਂ ਤੋਂ ਨਜਰਾਨੇ ਉਗਰਾਹੁਣ ਗਿਆ ਸੀ ਤੇ ਅੱਠ ਸੁ ਹਜ਼ਾਰ ਨਾਲ ਰੁਹਤਾਸ ਵਾਲਾ ਬੁਲੰਦਖਾਂ,ਤੇ ਤਹਿਮੂਰਸ਼ਾਹ ਦਾ ਮਾਮਾ ਆ ਪਹੁੰਚਜਾ,ਏਸ ਕਰਕੇ ਤਹਿਮੂਰਦਾ ਥਰਾਉਹੋਗਿਆ। ਓੜਕ ਤਹਿਮੂਰ [illegible] ਤਾਂ ਪਸ਼ਾਵਰ ਜਾ ਠਹਿਰਜਾ ਤੇ ਸਿੰਘ ਪਿਛਲੀ ਰੀਤੀ ਅਨੁਸਾਰ ਮੁੜ ਆਪਣੇ ਪਰਗਨੇ ਉਤੇ ਕਾਇਮ ਆ ਹੋਏ ॥

ਸਿੰਘਾਂ ਨੇ ਫਿਰ ਸਾਰੇ ਰਾਜ ਕਾਇਮ ਕਰਨਾ

ਤਹਿਮੂਰਸ਼ਾਹ ਦੇ ਜਾਏ ਪਿੱਛੋਂ ਸਰਦਾਰ ਝੰਡਾ ਸਿੰਘ ਭੰਗੀ ਨੇ ਫੇਰ ਮੁਲਤਾਨ ਜਾ ਮਾਰੀ। ਮੁਜੱਫਰਖਾਂ ਸੂਬੇ ਨੂੰ ਉਥੋਂ ਕੱਢਕੇ ਦੌਰਾ ਕੀਤਾ ॥

ਕੋਟਕਮਾਲੀਆ,ਅਹਿਮਦਾ ਬਾਦ,*ਝੰਗ ਆਦਿਕ ਮਕਾਨਾਂ

*ਝੰਗ ਪਿੰਡ ਰਾਏ ਸਰਜੇ ਸਜਾਲ ਨੇ ਸੰਃ ੯੮੩ ਵਿਃ ਨੂੰ ਵਸਾਯਾਸੀ। ਏਥੇ ਝੰਗ ਅਰਬਾਤ ਸੰਘਣੇ ਬਿਛਸੇ,ਏਸ ਕਰਕੇ ਝੰਗ ਸਜਾਲਨਾਮ ਪੈ ਗਿਆ, ਏਹ ਚਨਾਬ ਦਰਿਆ ਦੇ ਕਿਨਾਰੇ ਪਰ ਹੈ। ਏਥੇ ਜਯਾਲ, ਚੱਢਰ, ਟਵਾਨੇ, ਘੱਕ, ਖੋਰੇ, ਪਚਾਧੇ, ਭੱਟੀ ਏਨ੍ਹਾਂ ਗੋਤਾਂ ਦੇ ਜਟ ਬਹੁਤ ਵਸਦੇ ਹਨ, ਏਹ ਸਭ ਲੋਗ ਪਹਿਲੇ ਹਿੰਦੂ ਸੇ ਔਰੰਗਜੇਬ ਨੇ ਸਭ ਮੁਸਲਮਾਨ ਕਰ ਦਿਤੇ। ਹੀਰ ਤੇ ਰਾਂਝਾ ਏਥੇ ਹੀ ਹੋਏ ਹਨ, ਹੀਰ ਦਾ ਮਕਬਰਾ ਝੰਗ ਤੇ ਬੁਘਜਾਣੇ ਦੇ ਵਿਚਕਾਰ ਹੈ, ਮਕਬਰੇ ਪਰ ਦੁਧ, ਝੁਰਮੇ ਬਹੁਤ ਚੜ੍ਹਦੇ ਹਨ, ਮਜਾਵਰ ਘੁਲਦੇ ਰਹੇ ਦੇ ਹਨ ॥

Sri Satguru Jagjit Singh Ji eLibrary NamdhariElibrary@gmail.com

ਦੇ ਰਈਸਾਂ ਤੋਂ ਨਜ਼ਰਾਨੇ ਲਏ, ਤਾਬੇਦਾਰੀ ਮਨਾਈ, ਓਦੋਂਹੀ ਸਰਦਾਰ ਚੜਤਸਿੰਘ ਤੇ ਗੁਜਰਸਿੰਘ ਨੇ ਧਨੀ ਦੇਸਦੇ ਚੌਧਰੀ ਜਵਾਹਿਰਖਾਂ ਗੁਜਰਾਂਵਾਲੇ ਤੁਰਟ ਰਜਪੂਤ ਚੌਧਰੀ ਰਾਮੇ ਚੱਠੇ ਖਤ੍ਰੀ, ਕਾਲ੍ਹੇ, ਗੁਜਰਾਂਦੇ, ਚੌਧਰੀ ਅਲੀ ਮੁਹੰਮਦਖਾਂ ਗੁਜਰ, ਸੁਲਤਾਨ ਅਮਰੇ, ਗਖੜ ਆਦਿਕਾਂ ਨੂੰ ਨਾਲ ਮਿਲਾ ਕੇ ਤਹਿਮੂਰਸ਼ਾਹ ਦੇ ਮਾਮੇ ਸਰਬੁਲੰਦਖਾਂ ਨਾਲ ਅਹਿਦਪੈਮਾਨ ਬੰਨ੍ਹਣ ਲਈ ਏਧਰ ਮੁਲਾਕਾਤਦਾ ਦਿਨ ਠਹਿਰਾਯਾ, ਤੇ ਓਧਰ ਚੌਧਰੀਆਂ ਨੇ ਫੌਜ ਲੈਕੇ ਟਿੱਬੀਆਂ ਵਿਚ ਛਪਾਇ ਛੱਡੀ। ਪੰਜ ਸੌ ਸਿੰਘ ਨਾਲ ਸਰਦਾਰ ਕਿਲੇ ਰੁਹਤਾਸ ਵਿੱਚ ਗਏ, ਬਾਕੀ ਦੇ ਸਿੰਘ ਖੱਡੇ ਖੱਡ ਚੋਰੀ ੨ ਚੋਏ ਵਾਲੇ ਦਰਵਾਜੇ ਨੂੰ ਆਏ। ਅੰਦਰਦੇ ਸਿੰਘਾਂ ਨੇ ਚੋਏਦੇ ਦਰਸ਼ਨ ਦਾ ਬਹਾਨਾ ਧਰਕੇ ਓਧਰ ਆਵਾ ਜਾਈ ਰੱਖੀ ਤਾਂ ਦਰਵਾਜ਼ਾ ਖੁੱਲਾ ਰਿਹਾ। ਕਚਹਿਰੀ ਵਿੱਚ ਬੈਠੇ ਮੁਲਾਕਾਤ ਹੋਈ, ਗੱਲਾਂ ਹੋਣ ਲੱਗੀਆਂ। ਜਦ ਦੋ ਚਾਰਵਾਰੀ ਹੁੱਕੇ ਦੇ ਧੂੰਏ ਦਾ ਬੰਬਾ ਬੁਲੰਦਖਾਂ ਨੇ ਛੱਡਿਆ ਤਾਂ ਸੁਜਾਨ ਸਿੰਘ ਸੁੱਕ ਚੱਕੀ ਨੇ ਓਸ ਉਤੇ ਬੰਦੂਕ ਸਰ ਕਰ ਦਿਤੀ। ਏਹੋ ਲੜਾਈਦਾ ਨਿਸ਼ਾਨ ਸਮਝਕੇ ਬਾਹਰਲੇ ਸਿੰਘ ਅੰਦਰ ਆ ਵੜੇ, ਕਟਾ ਵੱਢ ਹੋ ਪਈ। ਦੋ ਇਕ ਸੌ ਦੁਰਾਨੀ ਪਚਾਸਕ ਸਿੰਘ ਮਾਰੇ ਗਏ। ਬਾਕੀ ਦੁਰਾਨੀ ਭੱਜ ਨਿਕਲੇ, ਅਟਕ ਤਕ ਓਨ੍ਹਾਂ ਦੀ ਪਿਠ ਦਬਾਈ, ਸੰਃ ੧੮੨੮ ਬਿਃ ਨੂੰ ਫੇਰ ਸਭ ਦੇਸ ਸਿੰਘਾਂ ਨੇ ਸੰਭਾਲਕੇ ਸਭਾ ਜਮਾ ਆਪਣੇ ਠਾਣੇ ਬੈਠਾ ਦਿੱਤੇ॥

ਸੁਲਤਾਨ ਮਹਰਬ ਖਾਂ ਗੱਖੜ, ਦਾਨਗਾਮੀ ਤਮਾਸਤ ਦਾ ਦਿੱਸਾ, ਤੇ ਸੁਲਤਾਨ ਸ਼ੀਹੇਖਾਂ (ਜਿਸਦਾ ਪੋਤ੍ਰਾ ਸੁਲਤਾਨ

Sri Satguru Jagjit Singh Ji eLibrary NamdhariElibrary@gmail.com

ਮਹਿਦੀ ਸੰਃ ੧੮੭੧ ਵਿਃ ਵਿੱਚ ਬਾਬੇ ਸਾਹਿਬ ਸਿੰਘ ਬੇਦੀ ਨਾਲ ਲੜਿਆ ਸੀ) ਗੜ੍ਹਮਖਿਆਲੇ ਵਾਲਾ ਨਾਲ ਆਪਣੇ ਭਾਈ ਚਾਚੇ ਨੂੰ ਲੈਕੇ ਕੁਝ ਦਿਨ ਤਾਂ ਸਿੰਘਾਂ ਨਾਲ ਅੱਛੇ ਰਹੇ ਉੜਕ ਸਿੰਘਾਂ ਨੇ ਸਭ ਦੀ ਆਕੜ ਭੰਨ ਛੱਡੀ। ਖਤ੍ਰੀਣ ਸਿੰਘ ਸੋਢੀ ਮਸ਼ਹੂਰ ਚਿੱਟਾ ਪੀਰ ਜਿਸ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਸੰਃ ੧੮੧੫ ਬਿਃ ਵਿੱਚ ਨਾੜੇ ਦਾ ਪਰਗਣਾ ਬਾਈ ਸੌ ਦੀ ਜਾਗੀਰ ਅਟਕ ਦੇ ਕੰਢੇ ਤੇ ਦੇ ਰੱਖੀ ਸੀ,ਓਸੇ ਦੀਮਦਖਨਾਲਦੇ ਵਾਰੀ ਰੁਹਤਾਸ ਛਤੇ ਹੋਈ, ਏਸ ਕਰਕੇ ਓਸਨੂੰ ਸਾਂਗਰੀ, ਫਕਾਲਾ, ਜੁਝਯਾਲਾ ਆਦਿਕ ਪਿੰਡ ਵਜ਼ਹਜਾਰ ਦੀ ਜਾਗੀਰ ਦੋਹਾਂ ਸਰਦਾਰਾਂ ਨੇ ਦਿੱਤੀ ॥

ਤਹਿਮੂਰ ਸ਼ਾਹ ਦਾ ਦੂਜਾ ਹੱਲਾ

ਜਦ ਸਿੰਘਾਂ ਨੇ ਪੰਜਾਬ ਤੇ ਮੁਲਤਾਨ ਉੱਤੇ ਕਬਜ਼ਾ ਕਲਕੇ ਦੁਰਾਨੀ ਸ਼ਾਹ ਦੇ ਹਾਕਮ ਕੱਢ ਦਿੱਤੇ ਤੇ ਨਵਾਬ ਬਹਾਵਲ ਪੁਰੀਆ ਬੀ ਸ਼ਾਹ ਕਾਬਲਨੂੰ ਦਕੇ ਦੇਣੋਂ ਜਵਾਬ ਦੇ ਬੈਠਾ ਤਾਂ ਚੇਤ ਸੰਃ ੧੮੨੭ ਬਿਃਨੂੰਤਹਿਮੂਰ ਸ਼ਾਹ ਨੇ ਦਰੇਬੁਲਾਨ ਦੇ ਰਸਤੇ, ਸਿੰਧ ਦੇ ਅਮੀਰਾਂ ਨੂੰ ਜਿੱਤਕੇ ਬਹਾਵਲ ਪੁਰੀਏ ਨਵਾਬ ਨੂੰ ਤਾਬੇਦਾਰੀ ਆ ਮਨਾਈ । ਸਿੰਘਾਂ ਤੋਂ ਮੁਲਤਾਨ ਛੁਡਾਕੇ ਮੁਜੱਫਰ ਖਾਂ ਨੂੰ ਫੇਰ ਓਥੋਂ ਦਾ ਸੂਬਾ ਕਰ ਦਿੱਤਾ । ਮਰਜੀ ਤਾਂ ਲਾਹੌਰ ਪਹੁੰਚਣ ਦੀ ਸੀ, ਪਰ ਬੀਮਾਰੀ ਨੇ ਅੱਗੇ ਨਾ ਵਧਣ ਦਿਤਾ, ਤੇ ਸੰਃ ੧੮੨੮ ਬਿਃ ਨੂੰ ਕਾਬਲ ਜਾਕੇ ਗੁਜਰ ਗਿਆ ॥

ਜਮਾਨ ਸ਼ਾਹ ਦੀ ਚੜ੍ਹਾਈ

ਤਖਤ ਬੈਠਣ ਬਦਲੇ ਓਸਦੇ ਗਯਾਰਾਂ ਸ਼ਾਹਜ਼ਾਦਜਾਂ

Sri Satguru Jagjit Singh Ji eLibrary NamdhariElibrary@gmail.com

ਵਿਚ ਐਸਾ ਝਗੜਾ ਹੋਯਾ ਜੋ ਓਸਦੀ ਲੇਖ ਅਠ ਦਿਨ ਟੁਲਦੀ ਰਹੀ, ਦੱਬੀ ਨਾ ਗਈ। ਓੜਕ ਜ਼ਮਾਨ ਸ਼ਾਹ ਨੇ ਆਪਣੇ ਸਭਨਾਂ ਭਾਈਆਂ ਨੂੰ ਧੋਖੇ ਨਾਲ ਸੁਲਾਹ ਕਰਨ ਵਾਸਤੇ ਇਕ ਮੰਦਰ ਅੰਦਰ ਬੁਲਾਕੇ ਚਾਹਦੀ ਚਾਟੇ ਲਾਯਾ, ਆਪ ਪੇਸ਼ਾਬਦੇ ਬਹਾਨੇ ਬਾਹਰ ਹੋਯਾ ਤਾਂ ਓਸ ਦੇ ਆਦਮੀਆਂ ਨੇ ਚੱਟ ਬੂਹਾ ਬੰਦ ਕਰਕੇ ਸਭ ਨੂੰ ਕੈਦ ਕਰ ਲੀਤਾ, ਜਮਾਨ ਸ਼ਾਹ ਤਖਤ ਉੱਤੇ ਹੋ ਬੈਠਾ। ਫੇਰ ਕਾਬਲ ਵਿਚ ਪੈਰ ਜਮਾਕੇ ਕੰਧਾਰ ਦੇ ਮਾਲਕ ਸ਼ਾਹਜ਼ਾਦੇ ਹਿੰਮਾਊ ਨੂੰ ਛਤੇ ਜਾ ਕੀਤਾ, ਹਿੰਮਾਊਦੇ ਨੇਤ੍ਰਾਂ ਵਿਚ ਤਪੀ ਹੋਈ ਸੁਲਾਈ ਫਿਰਾ ਕੇ ਬੰਦੀਖਾਨੇ ਭੇਜ ਦਿਤਾ, ਦੋ ਬਰਸ ਵਿਚ ਏਸ ਦੇਸ ਦਾ ਬੰਦੋਬਸਤ ਕਰਕੇ ਚੇਤ ਸੰਃ ੧੮੩੧ ਵਿਃ ਨੂੰ ਪੰਜਾਬ ਉਤੇ ਚੜ੍ਹ ਆਯਾ, ਪਰ ਆਪ ਤਾਂ ਪਸ਼ਾਵਰ ਹੀ ਰਿਹਾ ਤੇ ਅੱਸੀ ਹਜ਼ਾਰ ਅਸਵਾਰ ਮੀਰ ਅਹਿਮਦ (ਸ਼ਾਹਜ਼ੀ) ਤੋਪ ਖਾਨੇ ਦੇ ਦਰੋਗੇ ਨੂੰ ਦੇਕੇ ਭੇਜਿਆ, ਓਸਨੇ ਅਟਕੋਂ ਉਤਰਦੇ ਹੀ ਕਤਲਾਮ ਤੇ ਪਿੰਡਾਂ ਨੂੰ ਫੂਕਣਾ ਸ਼ੁਰੂ ਕਰ ਦਿਤਾ, ਜਿਸ ਤੋਂ ਡਰਕੇ ਖਲਕਤ ਨੂੰ ਦੂਰ ੨ ਤਕ ਭਾਜੜਾਂ ਪੈ ਗਈਆਂ। ਸਿੰਘ ਸਰਦਾਰ ਤਾਂ ਓਦੋਂ ਸਾਰੇ ਹੀ ਮਾਝੇ ਵੰਨੀਆ ਗਏ ਹੋਏ ਸਨ। ਹਿੰਦੂਆਂ ਦੇ ਕੁੜੀਆਂ ਮੁੰਡੇ ਬਹੁਤ ਫੜੇ। ਇਕ ਹਰਨਪੁਰ ਦੀ ਬ੍ਰਾਹਮਣੀ (ਜਿਸਦੀ ਸਮਾਧ ਹਰਨਪੁਰ ਵਿਚ ਹੁਣ ਤਾਂਈ ਪੂਜੀ ਦੀ ਹੈ) ਸਾਹਜ਼ੀ ਨੇ ਆਪ ਸਾਂਭੀ। ਹੋਰ ਐਸੀ ਹਾਲਚਾਲ ਪਾਈ ਸਾਰੇ ਦੇਸ ਵਿਚ ਗਦਰ ਮਚ ਗਿਆ, ਬੇਸ਼ੁਮਾਰ ਬ੍ਰਾਹਮਣ ਖਤ੍ਰੀ ਅੰਮ੍ਰਿਤਸਰ ਸਿੰਘਾਂ ਪਾਸ ਜਾ ਪੁਕਾਰੇ। ਹਰਨਪੁਰੀਏ ਬ੍ਰਾਹਮਣਾਂ ਦਾ ਵਿਰਲਾਪ ਤੇ ਸਾਹਜ਼ੀ ਦੇ ਜ਼ੁਲਮ ਸੁਣਕੇ ਸਿੰਘ ਰਹਿ ਨਾ ਸਕੇ,

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਗੁਜਰਾਤ ਪਾਸ ਜਾ ਟੱਕਰੇ । ਪੰਜਾਹਕੁ ਹਜਾਰ ਸਿੰਘ ਸੀ ਤੇ ਲੱਖ ਦੇ ਲਗ ਭਗ ਮੁਸਲਮਾਨ ਸੇ, ਭਾਰੀ ਭਟਕੇੜ ਹੋਇਆ। ਭਾਵੇਂ ਸਭ ਸਿੰਘ ਜਾਨਾ ਤੋੜਕੇ ਲੜਦੇ ਸੇ, ਪਰੰਤੂ ਬੇਦੀ ਰਾਮ ਸਿੰਘ ਸਾਹਿਬ ਕੋਟਲੀ ਵਾਲਾ ਤੇ ਨਥਾ ਸਿੰਘ ਦਜਾਲ ਸਿੰਘ ਸ਼ਹੀਦ, ਸਦਾਮ ਸਿੰਘ ਨਿਹੰਗ ਸੁਲਤਾਨਪਿੰਡੀਆ (ਜਿਸਦਾ ਮੁਲਕ ਪਰਤਾਨਾ ਚਪਰਾੜ ਆਦਿਕ ਲੱਖ ਰੁਪਏ ਦਾ ਸੀ) ਏਹ ਸਭ ਤੋਂ ਵਧਕੇ ਲੜੇ ।

ਏਹ ਜੰਗ ਭੀ ਦੂਜਾ ਭਾਰਥ ਹੋਯਾ,ਆਖਦੇ ਹਨ ਰਾਮਸਿੰਘ ਬੇਦੀ ਜਹੇ ਬਹਾਦਰਾਂ ਦੇ ਕਬੰਧ ਲੜੇ ਸੇ। ਏਸ ਜੰਗ ਵਿਚ ੩੦ ਹਜਾਰ ਆਦਮੀ ਸ਼ਹੀਦ ਹੋਯਾ, ਗੁਜਰਾਤੋਂ ਜਿਹਲਮ ਦੇ ਕੰਢੇ ਤਕ ਖੇਤ ਪਿਆ । ਲੋਥਾਂ ਪਰ ਲੋਥ ਚੜ ਗਈ, ਛੇਕੜ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਹੱਲਾ ਕਰਕੇ ਐਸਾ ਤਕ ਕੇ ਤੀਰ ਮਾਰਿਆ ਸਾਹਚੀ ਦੇ ਸਰੀਰ ਨੂੰ ਚੀਰਕੇ ਘੋੜੇ ਉਤੋਂ ਦੜ ਜਮੀਨ ਉਤੇ ਸਿਰ ਘੱਤਜਾ । ਸਿਰ ਕਟਕੇ ਨੇਜੇ ਉਤੇ ਉਡਿਆ ਲੀਤਾ, ਸਾਹਚੀ ਦੇ ਭਿਗਣ ਸਾਰ ਗਿਲਜੇ ਭਜ ਤੁਰੇ, ਸੰਃ ੧੮੩੨ ਬਿਃ ਨੂੰ ਹਾੜ ਮਹੀਨੇ ਸਿੰਘਾਂ ਨੇ ਫਤੇ ਪਾਈ । ਫੇਰ ਤਾਂ ਖਾਲਸਾ ਤਲਵਾਰਾਂ ਸੂਤਕੇ ਵੈਰੀਆਂ ਦੇ ਮੋਢੀਂ ਚੜ੍ਹ ਗਿਆ । ਗਿਲਜਜਾਂ ਦੇ ਫੜੇ ਹੋਏ ਸਭ ਹਿੰਦੂ ਛੁੜਾ ਲਏ ਗਿਲਜਿਆ ਨੂੰ ਅਟਕੋਂ ਪਾਰ ਕਰਕੇ ਸਿੰਘ ਫੇਰ ਆਪਣੇ ੨ ਇਲਾਕੇ ਮਲ ਬੈਠੇ ॥

ਜਦ ਜਮਾਨਸ਼ਾਹ ਨੇ ਗਿਰਾਤ ਵਲੋਂ ਵੇਹਲ ਪਾਈ ਤਾਂ ਸੰਃ ੧੮੩੬ ਬਿਃ ਵਿਚ ਫੇਰ ਪੰਜਾਬ ਵੱਲ ਮੂੰਹ ਚੁਕਿਆ। ਏਸ ਵਾਰੀ ਜੱਦਪਿ ਲਾਹੌਰ ਤਾਂਈ ਪਹੁੰਚਕੇ ਸ਼ੇਖੂ ਪੁਰ ਦੇ ਪਾਸ ਮੱਘਰ ਦੇ ਮਹੀਨੇ ਸਿੰਘਾਂ ਨੂੰ ਇਕ ਸ਼ਕਿਸਤ ਦਿਤੀ

Sri Satguru Jagjit Singh Ji eLibrary NamdhariElibrary@gmail.com

ਤੇ ਚਾਰ ਮਹੀਨੇ ਤਕ ਪੰਜਾਬ ਵਿਚ ਰਿਹਾ, ਪਰੰਤੂ ਜਦ ਖਾਲਸੇ ਨੇ ਵੇਲੇ ਕੁਵੇਲੇ ਛਾਪੇ ਮਾਰ ਮਾਰ ਨਕਚਣੇ ਚਬਾਏ ਤਾਂ ਲਾਹੌਰੋਂ ਨਿਕਲ ਤੁਰਿਆ। ਫੇਰ ਭਾਂ ਮੈਦਾਨ ਵਿਚ ਨਿਕਲੇ ਸ਼ਿਕਾਰ ਨੂੰ ਖਾਲਸਾ ਕਦ ਛੱਡਦਾ ਸੀ ? ਸੈਂਕੜੇ ਘੋੜੇ ਤੇ ਆਦਮੀ ਢਾਹ ਲਏ, ਤੋਬਾ ਤੋਬਾ ਕਰਕੇ ਜਮਾਨਸ਼ਾਹ ਅਟਕੋਂ ਪਾਰ ਹੋਯਾ।

ਏਸੇਤਰਾਂ ਸੰਃ ੧੮੪੫ ਬਿਃ ਤਕ ਕਈ ਵਾਰੀ ਹਲੇਕਰ ਕਰ ਪੰਜਾਬ ਉੱਤੇ ਆਯਾ, ਪਰ ਖਾਲਸੇ ਨੇ ਉਸਦੇ ਪੈਰ ਨਾ ਲੱਗਣ ਦਿਤੇ। ਫੇਰ ਜਦ ਸੰਃ ੧੮੫੪ ਬਿਃ ਨੂੰ ਮਹਾਰਾਜੇ ਰਣਜੀਤ ਸਿੰਘ ਦੇ ਸਮੇਂ ਸਭਾਧਾਂ ਵਿਚ ਲਾਹੌਰ ਆਕੇ ਰੋਜ਼ੇ ਰਖੇ ਤਾਂ ਇਕ ਦਿਨ ਏਸ *ਸੁਪਨੇ ਦਾ ਰੰਗ ਦੇਖਕੇ ਤੁਰਗਿਆ, ਮੁੜ ਨਾ ਆਯਾ।

ਓਸੇ ਸਾਲ ਜਾਂਦਾ ਹੋਯਾ ਜਮਾਨਸ਼ਾਹ ਗੁਜਰਾਂਵਾਲੇ ਉਤਰ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਉਪਰ ਕਬਜਾ ਕਰ ਲੈਣ ਲਈ ਲਿਖਕੇ ਦੇਗਿਆ।

---

*ਸੁਪਨੇ ਵਿਚ ਪੈਗੰਬਰ ਦੇ ਦੰਬਰੂ ਗਿਆ ਓਥੇ ਗੁਰੂ ਨਾਨਕ ਜੀ ਨ ਏਸਦਾ ਤਾਜ ਉਤਾਰਕੇ ਇਕ ਅੱਖੋਂ ਕਾਣੇ ਛੋਕਰੇ ਨੂੰ ਦੇ ਦਿਤਾ। ਏਸਨੇ ਪੈਗੰਬਰ ਅੱਗੇ ਫਰਿਆਦ ਕੀਤੀ। ਪੈਗੰਬਰ ਨੇ ਜਵਾਬ ਦਿਤਾ, ਗੁਰ ਨਾਨਕ ਅੱਗੇ ਮੇਰਾ ਜੋਰ ਨਹੀਂ ਚਲਦਾ। ਸ਼ਾਹਜਮਾਨ ਰੋ ਪਿਆ, ਵਜੀਰ ਨੇ ਸਾਵਧਾਨ ਕਰਕੇ ਪੁੱਛਜਾ ਤਾਂ ਏਹ ਸੁਪਨਾ ਸੁਣਾਕੇ ਕੂਚ ਕਰ ਦਿਤਾ। ਏਹੋ ਸੁਪਨੇ ਦੀ ਬਾਤ ਸੰਃ ੧੯੯੬ ਬਿਃ ਨੂੰ ਜਮਾਨਸ਼ਾਹ ਨੇ ਬਾਬੇ ਫਰੀਦਚੰਦ ਬੇਦੀ ਨੂੰ ਸੁਣਾਈ ਸੀ, ਜਦ ਓਹ ਕੁਦਿਹਾਣੇ ਅੰਗਰੇਜ਼ਾਂ ਪਾਸ ਸੀ।

॥ ਦੂਸਰਾ ਹਿੱਸਾ ਸਮਾਪਤ ॥

Sri Satguru Jagjit Singh Ji eLibrary NamdhariElibrary@gmail.com

ਦੂਸਰੇ ਹਿੱਸੇ ਅਰਥਾਤ ਸ਼ਮਸ਼ੇਰ ਖਾਲਸਾ ਦੀ ਸਮਾਪਤੀ ਲਿਖਜਤੇ ॥

ਹੁਣ ਬਾਰਾਂ ਮਿਸਲਾਂ ਦੇ ਸਰਦਾਰ ਜਮਨਾਂ ਤੇ ਅਟਕ ਦੇ ਵਿਚਕਾਰ ਭੁਲੀ ਪਰਕਾਰ ਆਪਣੀ ੨ ਰਜਾਸਤ ਵਿਚ ਖੁਦ ਮੁਖਤਾਰ ਬਣਕੇ ਰਾਜ ਕਰਨ ਲੱਗ ਪਏ।

ਓਦੋਂ ਜੋਹੜਾ ਕੋਈ ਸਿੰਘ ਇਕ ਪਿੰਡ ਦਾ ਭੀ ਮਾਲਕ ਹੋਗਿਆ, ਓਸਨੇ ਭੀ ਪੰਜਾਹ ਬਰਸ ਸੁਤੰਤ੍ਰ ਬਾਦਸ਼ਾਹੀ ਕੀਤੀ। ਏਸ ਸੂਰਬੀਰ ਬਹਾਦਰ ਪੰਥ ਵਿਚ ਬੜੇ ਬੜੇ ਵਾਧੇ ਹਨ, ਪਰ ਆਪਣੇ ਧਰਮ ਪਿੱਛੇ ਲੜ ਮਰਨਾ ਯਾ ਅਨਾਥਾਂ ਦੀ ਰਖਜਾ ਕਰਨੀ ਤੇ ਸ਼ਰਨ ਆਇਆ ਨੂੰ ਕੰਠ ਲਾਵਣਾ ਇਹ ਇਹ ਇਕ ਬੜਾ ਵਧਾ ਹੈ, ਜੋ ਸਦਾ ਲਈ ਕਾਇਮ ਰਿਹਾ ਹੈ, ਇਹੋ ਕਾਰਨ ਹੈ ਕਿ ਥੋੜੀ ਜੇਹੀ ਗਿਨਤੀ ਹੋਣ ਤੇ ਭੀ ਸਾਰੀ ਦੁਨੀਆਂ ਵਿਚ ਪ੍ਰਸਿੱਧ ਹੈ।

ਹੁਣ ਮੈਂ ਏਸ ਤੋਂ ਅੱਗੇ ਤੀਜੇ ਹਿੱਸੇ ਰਾਜ ਖਾਲਸਾ ਨਾਮੀ ਵਿਚ ਮਿਸਲਾਂ, ਤੇ ਫੂਲਬੰਸੀ ਰਾਜਜਾਂ ਦੇ ਰਾਜ ਭਾਗ ਦੀ ਉੱਨਤੀ ਦਾ ਵਿਰਤਾਂਤ ਕਥਨ ਕਰਨ ਲਈ ਏਸ ਹਿੱਸੇ ਨੂੰ ਸਮਾਪਤ ਕਰਦਾ ਹੋਯਾ ਆਪਣੇ ਕ੍ਰਿਪਾਲੂ ਸਾਰਗ੍ਰਹੀ ਭਾਈਆਂ ਅੱਗੇ ਬੇਨਤੀ ਕਰਦਾ ਹਾਂ ਕਿ ਇਕ ਵਾਰੀ ਏਸ ਸਾਰੀ ਪੋਥੀ ਨੂੰ ਪੜ੍ਹ ਸੁਣਕੇ, ਮੇਰੇ ਪਰੀਸ਼੍ਰਮ ਨ ਸਫਲਾ ਕਰਨ ਅਤੇ ਜੇ ਕੋਈ ਭੁਲ ਹੋਵੇ ਤਾਂ ਚਿੱਠੀ ਦ੍ਵਾਰਾ ਭੇਜਕੇ ਕ੍ਰਿਤਾਰਥ ਕਰਨ, ਤਾਂਕਿ ਓਹ ਭੁੱਲ ਵਿਚ ਛਾਪਣ ਵੇਲੇ ਦਰੁਸਤ ਕੀਤਾ ਜਾਵੇ।

ਇਤਿ ਸ੍ਰੀ ਗੁਰੂ ਤਵਾਰੀਖ ਖਾਲਸੇ ਦਾ ਦੂਸਰਾ ਭਾਗ ਸ਼ਮਸ਼ੇਰ ਖਾਲਸਾ ਗਜਾਨ ਸਿੰਘ ਗਜਾਨੀ ਵਿਰਚਿਤੇ ਸਮਾਪਤ। ਸੰਮਤ ੧੯੪੯ ਬਿਕ੍ਰਮੀ ਮਹੀਨਾ ਜੈਲਾਈ ਸੰਃ ੧੮੯੨ ਈਸਵੀ ਬ੍ਰਹਸਪਤ ਵਾਰ।

[ਦੋਹਿਰਾ]

ਸ੍ਰੀ ਗੁਰੂ ਖਾਲਸ ਦੇਵ ਕਾ ਧਰ ਉਰ ਮੈ ਦ੍ਰਿੜ ਧਯਾਨ। ਕਰਜ ਸਮਾਪਤਿ ਦੂਸਰਾ ਹਿਸਾ ਇਹੁ ਥਰਿਗਯਾਨ ॥ ੧॥ ਹਸਤ ਚਾਬਤਾ ਰਜਿਸਟ੍ਰੀ ਕਰਾਈ ਗਈ ਹੈ ਥਰੌਰ ਇਜਾਜ਼ਤ ਕੋਈ ਸਾਹਿਬ ਛਾਪਣੇ ਦਾ ਇਰਾਦਾ ਨਾ ਕਰੇ।

॥ ਇਤਿ ॥

Sri Satguru Jagjit Singh Ji eLibrary NamdhariElibrary@gmail.com

ਖਾਲਸਾ ਨੈਸ਼ਨਲ ਏਜੰਸੀ ਵਾਲੇ ਸੁੰਦਰ ਗੁਟਕੇ ਤੇ ਪੁਸਤਕਾਂ

ਨੰ: ੧—ਸੁੰਦਰ ਗੁਟਕਾ ਵੇਲਦਾਰ

ਇਸ ਵਿਚ ਜਪੁ, ਜਾਪ, ਸੈਹਜੇ, ਅਨੰਦ ਸਾਹਿਬ, ਆਸਾ ਦੀ ਵਾਰ, ਸੁਖਮਨੀ, ਬਾਰਾਂਮਾਹ, ੩੨ ਸੈਹਜੇ, ਰਹਿਰਾਸ, ਕੀਰਤਨ ਸੋਹਿਲਾ, ਆਦਿਕ ੧੮ ਬਾਣੀਆਂ ਹਨ। ਹਰੇਕ ਪੰਨੇ ਤੇ ਸੁਰਖ ਰੰਗ ਦੀ ਵੇਲ, ਕਾਗਤ ਵਧੀਆ ਗਲੇਜ਼ਡ ਤੇ ਛਪਾਈ ਬੜੀ ਸੁੰਦਰ ਸੁਧ ਹੈ ਭੇਟਾ ੧।) ੧।।।) ਵਧੀਆ ੨) ੨।) ੧੫ ਬਾਣੀਆਂ ੧) ੧।।)

ਨੰ: ੨—ਗੁਟਕਾ ਗੁਰ ਦੀਖਜਾ

ਇਸ ਵਿਚ ਮੰਗਲਾ ਚਰਣ, ਜਨਮ, ਅੰਮ੍ਰਤ, ਕੁੜਮਾਈ ਵਿਆਹ ਤੇ ਚਲਾਣੇ ਦੇ ਸ਼ਬਦ (ਮੌਕੇ ਮੌਕੇ ਸਿਰ ਪੜ੍ਹਨ ਵਾਲੇ) ਬੇਨਤੀ, ਉਪਦੇਸ਼,ਵੈਰਾਗ,ਨਾਮ ਦੀ ਵਡਿਆਈ ਆਦਿ ਦੇ ੫੫੦ ਸ਼ਬਦ ਹਨ । ਭੇਟਾ ਕਪੜੇ ਦੀ ਸਾਦੀ ਜਿਲਦ ।।=) ਵਧੀਆ ੧।।)

ਨੰ: ੩—ਸਭ ਤੋਂ ਵਡਾ ਖਾਲਸਾ ਨੈਸ਼ਨਲ ਏਜੰਸੀ ਵਾਲਾ ਸੁੰਦਰ ਗੁਟਕਾ

ਛੋਟੀ ਅੈਡੀਸ਼ਨ ੭੨ ਬਾਣੀਆਂ ਵਾਲਾ ਭੇਟਾ ਕੇਵਲ ੧) ਵਧੀਆ ੧।।) ਤੇ ੨) ਸਿਧਾ ਸਾਥੋਂ ਮੰਗ ਓ ਜਾਂ ਹੋਰਥੋਂ ਖ੍ਰੀਦਣ ਵੇਲੇ ਸਾਡਾ ਪਤਾ ਉਤੇ ਪੜ੍ਹ ਲਵੋ ਤੇ ਧੋਖੇ ਥਾਜਾਂ ਤੋਂ ਬਚੋ ।। ਵੇਰਵਾ:—ਇਸ ਵਿਚ ਨਿਤਨੇਮ ਦੀ ਬਾਣੀ, ਪੰਜਗ੍ਰੰਥੀ ਦੀ ਸਾਰੀ ਬਾਣੀ, ਦਸ ਗ੍ਰੰਥੀ,ਜਨਮ ਤੋਂ ਚਲਾਣੇ ਤਕ ਦੇ ਸ਼ਬਦ ਤੇ ਹੋਰ ਕਈ ਬਾਣੀਆਂ ਹਨ।

ਨੰ: ੪--ਗੁਟਕਾ ਗੁਰਮਤ ਸੰਸਕਾਰ ਵਿਧੀ ਸਣੇ ਸ਼ਬਦ ੩੦੦

ਇਹ ਗੁਟਕਾ ਹੁਣੇ ਅਸਾਂ ਨਵਾਂ ਛਾਪਿਆ ਹੈ ਏਸ ਗੁਟਕੇ ਵਿਚ ਜਨਮ ਤੋਂ ਚਲਾਣੇ ਤਕ ਹਰੇਕ ਸੰਸਕਾਰ ਦੀ ਪੂਰੀ ਪੂਰੀ ਵਿਧੀ ਤੇ ਜੋਟੀਆਂ ਅਥਵਾ ਕੀਰਤਨ ਕਰਨ ਲਈ ੩੦੦ ਸ਼ਬਦ ਵੀ ਹਨ।

ਵੇਰਵਾ—(੧) ਸ਼ਬਦ ਮੰਗਲ ਚਰਨ (੨) ਸ਼ਬਦ ਪਾਠ ਗਰਭਵਤੀ ਦੇ (੩) ਜਨਮ ਤੇ ਨਾਮ ਸੰਸਕਾਰ (੪) ਅੰਮ੍ਰਤ ਸੰਸਕਾਰ (੫) ਪਤਿਤਾਂ ਦੀ ਸ਼ੁੱਧੀ (੬) ਕੁੜਮਾਈ ਧੀਤੇ ਘਰ (੭) ਕੁੜਮਾਈ ਪੁਤ੍ਰੈਤੇ ਘਰ (੮) ਵਿਵਾਹ ਦਾ ਅੰਭ (੯) ਜੰਞ ਦਾ ਚੜਾਉ (੧੦) ਜੰਞ ਦਾ ਢੁਕਾਉ (੧੧) ਅਨੰਦ ਸਮੇਂ ਪ੍ਰਥਮ ਅਰਦਾਸਾ (੧੨ ਸ਼ਬਦ ਲਾਵਾਂ ਤੋਂ ਪਹਿਲੇ (੧੩) ਸਾਂਝੀ ਸਿਖਜਾ ਵਰ ਤੇ ਕੰਨਜਾਂ ਨੂੰ (੧੪) ਵਰ ਸਿਖਜਾ (੧੫) ਇਸਤ੍ਰੀ ਸਿਖਜਾ (੧੬)ਲਾਵਾਂ ਦਾ ਪਾਠ (੧੭) ਲਾਵਾਂ ਮਗਰੋਂ ਸ਼ਬਦ (੧੮) ਪੰਨਰ ਅਨੰਦ (੧੯) ਨਵੇਂ ਮਕਾਨ ਵਿਚ ਪ੍ਰਵੇਸ਼ (੨੦) ਮ੍ਰਤਕ ਸੰਸਕਾਰ (੨੧) ਸਰੀਰ ਨੂੰ ਅਤਮਾ ਤਿਆਗਣ ਤੇ (੨੨) ਇਸ਼ਨਾਨ ਤ ਸ਼ਮਸ਼ਾਨਾਂ ਨੂੰ (੨੩) ਸ਼ਬਦ ਸ਼ਮਸ਼ਾਨ ਨੂੰ ਜਾਂਦੇ ਹੋਏ (੨੪) ਅਧ ਮਾਰਗ ਸੂਚਨਾ (੨੫) ਸ਼ਬਦ ਦੂਸੈਹਰੇ ਦੇ ਦਿਨਾਂ ਵਿੱਚ (੨੬) ਪੁੱਤਰ ਆਦਿ ਨੂੰ ਸਿਰੋ ਪਾਉ (੨੭) ਨੋਟ (੨੮) ਅੰਤਮ ਸੂਚਨਾ (੨੯) ਫੁਟਕਲ (੩੦) ਜੋਟੀਆਂ ਤੇ ਕੀਰਤਨ ਦੇ ਸ਼ਬਦ (੩੧)ਸ੍ਰੀ ਰਾਗ ਪੈਹਰੇ ਮਹਲਾ ੧ (੩੨)ਸਿਰੀ ਰਾਗ ਪੈਹਰੇ ਮਹਲਾ ੨ (੩੩) ਸ੍ਰੀ ਰਾਗ ਪਹਿਰੇ ਮਹਲਾਪ (੩੪)ਸਲੋਕ ਮਹਲ ੯ (੩੫)ਤਤਕਰਾ,ਭੇਟਾ ।।=)

Sri Satguru Jagjit Singh Ji eLibrary NamdhariElibrary@gmail.com

ਨੰ: ੫–ਸੁੰਦਰ ਗੁਟਕਾ ਨਿਤਨੇਮ ਸਣੇ ਗੁਰਮਤ ਸੰਸਕਾਰ ਵਿਧੀ ਤੇ ੨੦੦ ਸ਼ਬਦ

੫੩ ਬਾਣੀਆਂ ਵਾਲਾ,ਹਰ ਇਕ ਸਿਖ ਨੂੰ ਰੱਖਣਾ ਜਰੂਰੀ ਹੈ,ਭੇਟਾ ੧) ਵਧੀਆ ੧॥)

ਵੇਰਵਾ:–੧. ਜਪਜੀ ਸਾਹਿਬ, ੨. ਸ਼ਬਦ ਹਜ਼ਾਰੇ, ੩. ਸਾਪ ਜੀ, ੪. ਸਵੱਯੇ੧੦ ਸਰਾਵਗ, ੫. ਅਨੰਦ ਸਾਹਿਬ, ੬. ੩੩ ਸਵੈਯੇ ੭. ਆਸਾ ਦੀ ਵਾਰ, ੮. ਛਕੇ ਛੰਦ ੯. ਚੌਪਈ, ਪ੍ਰਣਵੇ, ੧੦. ਸ਼ਬਦ ਪਾਤਃ ੧੦, ੧੧. ਸਵੈਯੇ ੧੦ ਦੀਠਲ, ੧੨. ਸੁਖਮਨੀ ਸਾਹਿਬ, ੧੩- ਬਾਰਾਂਮਾਹ ਮਾਝ, ੧੪. ਪਟੀ (ਆਸਾ ਮਹਲਾ ੧) ੧੫. ਗੁਰੂ ਨਾਨਕ ਆਗਮ ੧੬. ਰਹਿਰਾਸ ੧੭. ਅਰਦਾਸ ੧੮. ਕੀਰਤਨ ਸੋਹਿਲਾ ਸਲੋਕ ਮ: ੯ (੧੯ ਤੋਂ ੫੩ ਇਸਤੋਂ ਅੱਗੇ ਗੁਟਕਾ ਨੰ: ੪ ਸਾਰਾ ਇਸ ਵਿਚ ਆ ਜਾਂਦਾ ਹੈ।

ਨੰ: ੭--ਸੁੰਦਰ ਗੁਟਕਾ ਨਿੱਤ ਨੇਮ

[੧੪ ਬਾਣੀਆਂ ਵਾਲਾ-ਮੋਟੇ ਟੈਪ ਵਿੱਚ] ਏਸ ਵਿੱਚ ਨਿੱਤ ਨੇਮ ਦੀ ਬਾਣੀ ਅਨੰਦ ਸਾਹਿਬ ਵੱਡਾ, ਆਸਾ ਦੀ ਵਾਰ, ਛੱਕੇ ਛੰਦ ਤੇ ਸ਼ਬਦ ਭੀ ਹਨ, ਭੇਟਾ ॥) ਵਧੀਆ ੧)–੧੨ ਬਾਣੀਆਂ ਵਾਲਾ ॥) ੧।)

ਨੰ:੯–ਵੱਡਾ ਗੁਟਕਾ ਪੰਜ ਗ੍ਰੰਥੀ

ਮੋਟੇ ਟੈਪ ਵਿਚ ੨੨ ਬਾਣੀਆਂ ਵਾਲਾ ਇਸ ਵਿੱਚ ਪੰਜ ਗ੍ਰੰਥੀ ਦੀ ਪੂਰੀ ਬਾਣੀ ਤੋਂ ਇਲਾਵਾ ਨਿਤਨੇਮ ਬਾਣੀ ਤੇ ਹੋਰ ਜੈਤਸਰੀ ਦੀ ਵਾਰ ਆਦਿਕ ਕੁਲ ੨੨ ਬਾਣੀਆਂ ਹਨ। ਭੇਟਾ ੧), ਵਧੀਆ ੧॥) ੨) ੨।)

ਨੰ: ੧੧–ਵੱਡਾ ਕੀਰਤਨ ਪ੍ਰਕਾਸ਼

ਅਰਥਾਤ ਪੰਜ ਸ਼ਬਦੀ ਗੁਟਕਾ ਕੀਰਤਨੀ ਆਸਾ ਦੀ ਵਾਰ, ਇਸ ਵਿੱਚ ਹਰੇਕ ਪਉੜੀ ਤੇ ਛਕੇ ਨਾਲ ਪੰਜ ਪੰਜ ਸ਼ਬਦ ਹਰ ਭਾਵ ਦੇ ਹਨ, ਭੇਟਾ ਕੇਵਲ ।=) ਵਧੀਆ ॥।)

ਨੰ: ੧੪ –ਸੁੰਦਰ ਗੁਟਕਾ ਬਾਣੀਵਾਰਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਰੇਕ ਰਾਗ ਦੇ ਅਖੀਰ ਤੇ ਵਾਰ ਆਉਂਦੀ ਹੈ; ਜਿਹਾਕਿ ਆਸਾ ਦੀ ਵਾਰ, ਸਿਰੀ ਰਾਗ ਦੀ ਵਾਰ, ਗਉੜੀ ਕੀ ਵਾਰ, ਇਤ ਆਦਿਕ ੨੨ ਵਾਰਾਂ ਦਾ ਗੁਟਕਾ ਹੈ, ਭੇਟਾ ।॥=) ਵਧੀਆ ੧॥)

ਨੰ: ੧੬–ਸੁੰਦਰ ਗੁਟਕਾ ਵਾਰਾਂ ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਦੀ ਬਾਣੀ ਸਿਰੀ ਗੁਰੂ ਗਰੰਥ ਸਾਹਿਬ ਜੀ ਦੀ ਕੁੰਜੀ ਤੇ ਸਿਖ ਧਰਮ ਦੇ ਅਸੂਲਾਂ ਦੀ ਖਾਣ ਹੈ। ਹਰਇਕ ਸਿਖ ਲਈ ਇਸਦਾ ਪੜ੍ਹਨਾ ਜਰੂਰੀ ਧਰਮ ਹੈ,ਔਖੇ ਪਦਾਂ ਦੇ ਅਰਥ ਵੀ ਦਿਤੇ ਹਨ, ਬਾਣੀ ਪਦ ਛੰਦ ਤੇ ਇਕ ਲੈਣ ਵਿਚ ਤੁਕ ਤੁਕ ਕਰਕੇ ਛਾਪੀ ਹੈ, ਤਾਂਕਿ ਪਾਠ ਸੁਖੈਨ ਤੇ ਸੁੱਧ ਹੋਸਕੇ, ਗੱਲ ਕੀ ਬੜਾ ਸੁੰਦਰ ਗੁਟਕਾ ਛਾਪਿਆ ਹੈ ਭੇਟਾ ੧), ੧।), ੧॥)

ਨੰ: ੧੭ ਅਕਾਲੀ ਖਾਲਸਾ ਨਿੱਤਨੇਮ

ਮੋਟਾ ਟੈਪ ਚੰਗਾ ਕਾਗਜ ਭੇਟਾ ਕੇਵਲ ।–) ਵਧੀਆ ।॥)

ਨੋਟ -ਇਕੱਠੇ ੧੦ ਗੁਟਕੇ ਮੰਗਾਣ ਵਾਲਿਆਂ ਨੂੰ ਇਕ ਗੁਟਕਾ ਮੁਫਤ ਦਿੱਤਾ ਜਾਂਦਾ ਹੈ।

ਪਤਾ–ਕੁ: ਤਾਰਾ ਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਸਿੱਖ ਧਰਮਦੇਅਸੂਲਾਂ ਦੀਖਾਣ-ਅਥ ਵਾ-ਸ੍ਰੀਗੁਰੂਗ੍ਰੰਥ ਸਾਹਿਬ ਜੀ ਦੀਕੁੰਜੀ

ਅਰਥਾਤ

[ਮਹਾਨ ਪਵਿੱਤ੍ਰ ਆਤਮਾ ਸ੍ਰੀ ਮਾਨ ਭਾਈ ਗੁਰਦਾਸ ਜੀ ਦੇ]

ਕਬਿਤ ਸਵੱਯੇ--ਸਟੀਕ

[ਟੀਕਾ ਕਾਰ ਪ੍ਰਸਿੱਧ ਸੇਵਕ ਗਿਆਨੀ ਵਿਸ਼ਨ ਸਿੰਘ ਅਧਜਾਪਕ ਖਾਲਸਾ ਕਾਲਜ]

ਇਹ ਟੀਕਾ ਗਿਆਨੀ ਜੀ ਨੇ ਬੜੇ ਬੜੇ ਪ੍ਰਸਿੱਧ ਵਿਦਵਾਨਾਂ—ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ; ਗਿਆਨੀ ਸੰਤ ਸਿੰਘ ਜੀ, ਬਾਬਾ ਸੰਤ ਸੁਮੇਰ ਸਿੰਘ ਜੀ ਆਦਿਕਾਂ ਦੀ ਮਦਦ ਤੇ ਬੜੇ ਖੋਜ ਨਾਲ ਕਈ ਪ੍ਰਸਿਧ ਪੁਸਤਕਾਂ ਦੇ ਹਵਾਲੇ ਦੇਕੇ ਕੀਤਾ ਹੈ । ਕਬਿੱਤ ਸਵੱਯਾਂ ਦੀ ਬੋਲੀ ਕਠਨ ਭਾਸ਼ਾ ਵਿਚ ਹੈ, ਇਸਦੇ ਅਰਥ ਬੜੇ ਸੁਖੈਨ ਸਪਸ਼ਟ ਤੇ ਠੇਠ ਪੰਜਾਬੀ ਵਿਚ ਕੀਤੇ ਗਏ ਹਨ। ਸਾਰੀ ਪੁਸਤਕ ਦਾ ਇਕ ਭਾਵ ਤਤਕਰਾ ਵੀ ੩੦ ਸਫਿਆਂ ਦਾ ਐਸਾ ਬਣਾ ਦਿਤਾ ਗਿਆ ਹੈ, ਜਿਸ ਵਿਚੋਂ ਹਰ ਭਾਵ ਦਾ ਕਵਿੱਤ ਝੱਟ ਪੱਟ ਪਤਾ ਲੱਗ ਜਾਂਦਾ ਹੈ । ਤਤਕਰੇ ਤੋਂ ਇਲਾਵਾ ੬੫੬ ਪੰਨੇ ਹਨ। ਮੋਖ ਜਿਲਦ ਸਣੇ ੩॥) ਵਧੀਆ ੪॥) ਡੇ ੫)

ਸਿੱਖੀ ਕੀ ਹੈ ?

[ਰਚਿਤ ਸ੍ਰੀ ਮਾਨ ਭਾਈ ਜੋਧ ਸਿੰਘ ਜੀ ਐਮ. ਏ] ਇਸ ਪੋਥੀ ਵਿੱਚ ਭਾਈ ਗੁਰਦਾਸ ਜੀ ਦੀਆਂ ੴ ਵਾਰਾਂ ਤੇ ਪਉੜੀਆਂ ਭਾਵ—ਅਰਥਾਂ ਸਹਿਤ ਹਨ, ਜਿਨ੍ਹਾਂ ਵਿਚ ਸਿੱਖੀ ਦੀ ਰੈਹਤ ਅਥਵਾ ਸਿੱਖੀਏ ਪੂਰਨੇ ਦੱਸੇ ਗਏ ਹਨ, ਜੋ ਹਰ ਇੱਕ ਸਿਖ ਲਈ ਜਰੂਰੀ ਥਨ। ਸਤਿਗੁਰਾਂ ਨੇ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਜੀ ਦੀ ਕੁੰਜੀ ਦਾ ਵਰ ਦਿਤਾ ਹੈ, ਮੋਟੇ ੨ ਪ੍ਰਕਾਰ ਇਸ ਪੁਸਤਕ ਵਿਚ ਇਹ ਹਨ:—

ਬੇਨਤੀ, ਗੁਰੂ ਨਾਨਕ ਆਗਮ, ਆਤਮਾ ਇਕ ਹੈ, ਅੱਤ ਅੱਤ ਮਤਾਂ ਦੇ ਰੌਲੇ, ਗੁਰਸਿੱਖੀ ਨੇ ਕੀ ਕੀਤਾ, ਗੁਰ ਸਿੱਖੀ ਕੀ ਹੈ, ਗਰੀਬੀ, ਪਰਉਪਕਾਰ, ਪਰੇਮ, ਗੁਰਸਿੱਖੀ ਦੀ ਰੈਹਤ, ਗੁਰੂ, ਬੇਮੁਖ ਤੇ ਉਨ੍ਹਾਂ ਦਾ ਹਾਲ, ਗੁਰਨਿੰਦਕ, ਗੁਰਮੁਖ, ਸਾਧ ਸੰਗਤ, ਮੂਰਖ ਕੌਣ ਹਨ, ਕੂੜੇ ਗੁਰੂ, ਕੂੜ ਤ ਸੱਚ ਦਾ ਫਰਕ, ਸੋਦਰ, ਭਲਾ ਬੁਰਾ ਤੇ ਉਨ੍ਹਾਂ ਦੀ ਸੰਗਤ ਦਾ ਭੇਦ, ਪੂਜਾ ਦਾ ਥਾਨ, ਮਾਤਾ ਪਿਤਾ ਤੇ ਸੰਤਾਨ ਦਾ ਧਰਮ, ਅੰਤ ਅਰਦਾਸ, ਜਿਲਦ ਸਣੇ ੧।)

ਗੁਰੂ ਸਾਹਿਬ ਤੇ ਵੇਦ—

(ਰਚਿਤ ਸ੍ਰੀ ਮਾਨ ਭਾਈ ਜੋਧ ਸਿੰਘ ਜੀ ਐਮ. ਏ.-) ਇਕ ਕਿਤਾਬੜੀ ਲਿਖਨ ਵਾਲੇ ਨੇ ਇਹ ਸਿਧ ਕਰਨ ਦਾ ਨਿਸਫਲ ਜਤਨ ਕੀਤਾ ਹੈ ਕਿ 'ਗੁਰੂ ਸਾਹਿਬ ਵੇਦ ਭਗਤ ਥੇ' ਭੋਲੇ ਭਾਲੇ ਆਦਮੀ ਇਹੋ ਜੇਹਾਂ ਪੁਸਤਕਾਂ ਨੂੰ ਪੜ੍ਹਕ ਧੋਖਾ ਖਾ ਜਾਂਦੇ ਹਨ, ਇਸ ਲਈ ਸ੍ਰੀ ਮਾਨ ਭਾਈ ਜੋਧ ਸਿੰਘ ਜੀ ਐਮ. ਏ. ਨੇ ਇਸ ਕਿਤਾਬੜੀ ਦਾ ਯੋਗ ਉੱਤਰ ਗੁਰੂ ਸਾਹਿਬ ਤੇ ਵੇਦ' ਨਾਮ ਪੁਸਤਕ ਵਿਚ ਦਿੱਤਾ ਹੈ। ਪੁਸਤਕ ਦੀ ਭੂਮਕਾ ਹੀ ੪੦ ਸਫੇ ਦੀ ਐਸੀ ਹੈ ਜੋ ਸਭ ਸੰਸੇ ਨਿਰਿਤ ਕਰ ਦੰਦੀ ਹੈ ਹਰਕ ਸਿੱਖ ਨੂੰ ਇਹ ਪੁਸਤਕ ਮੰਗਾਕੇ ਪੜ੍ਹਨੀ ਚਾਹੀਏ, ਮੁਲਿਃ ।।।)

ਸਾਨੂੰ ਚਿੱਠੀ ਲਿਖਣ ਵੇਲੇ ਹੇਠ ਲਿਖਣਾ ਪੂਰਾ ਪਤਾ ਲਿਖੋ:—

ਭਾਈ ਤਾਰਾ ਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ
ਸ੍ਰੀ ਅੰਮ੍ਰਿਤਸਰ ਜੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



Sri Satguru Jagjit Singh Ji eLibrary NamdhariElibrary@gmail.com